Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

# ਦਰਬਾਰੀ ਰਤਨ

ਪਿਆਰਾ ਸਿੰਘ ਪਦਮ

1976


Rs. 30-00

Digitized by Panjab Digital Library | www.panjabdigilib.org

**ਇਸੇ ਕਲਮ ਤੋਂ—**

ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰਜਾਬੀ ਬੋਲੀ ਦਾ ਇਤਿਹਾਸ, ਰਹਿਤਨਾਮੇ, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਨਾਨਕ ਸਾਇਰੁ ਏਵ ਕਹਤੁ ਹੈ, ਗੁਰੂ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਤੇਗ ਬਹਾਦਰ ਸਿਮਰੀਐ, ਗੋਬਿੰਦ ਸਾਗਰ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਸੰਖੇਪ ਸਿਖ ਇਤਿਹਾਸ, ਸਾਡੇ ਗੁਰਦੇਵ, ਗੁਰਬਾਣੀ, ਕੋਸ਼, ਪ੍ਰਸਿਧ ਪੰਜਾਬੀ, ਪੰਜਾਬੀ ਮਹਾਰਾਜਾ, ਮਹਾਂਕਵੀ ਸੰਤੋਖ ਸਿੰਘ, ਕਲਮ ਦੇ ਧਨੀ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਡਾਇਰੈਕਟਰੀ, ਪੰਜਾਬੀ ਬਾਰਾਂਮਾਂਹੇ, ਪੰਜਾਬੀ ਮਾਝਾਂ, ਪੰਜਾਬੀ ਝਗੜੇ, ਪੰਜਾਬੀ ਜੰਞਾਂ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਈਂ ਬੁਲ੍ਹੇ ਸ਼ਾਹ, ਮਹਾਂ ਕਵੀ ਸੰਤਰੇਣ, ਸਾਧੂ ਈਸ਼ਰਦਾਸ, ਦਰਸ਼ਨ ਭਗਤ, ਬਾਬਾ ਵਜੀਦ, ਮਿਰਜ਼ੇ ਦੀਆਂ ਸੱਦਾਂ, ਪੰਜਾਬੀ ਕਵੀ; ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਲਾ, ਬਚਨ ਸਾਈਂ ਲੋਕਾਂ ਕੇ, ਪੁਸ਼ਪਾਂਜਲੀ, ਮਾਲੀ, ਪੰਛੀ, ਆਜ਼ਾਦੀ ਆਦਿ ।

**ਡਾ; ਹਰਿੰਦਰ ਕੌਰ**— ਪੰਜਾਬੀ ਕਾਵਿ ਵਿਚ ਨਾਰੀ, ਪੂਰਨ ਕਲਾਕਾਰ



1976 ਪਹਿਲੀ ਵਾਰ ਤੀਹ ਰੁਪਏ

ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਿਰ, ਲੋਇਰ ਮਾਲ, ਪਟਿਆਲਾ ।

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ

ਦੇ

# ਦਰਬਾਰੀ ਰਤਨ

---

ਸੁਰਗਵਾਸੀ ਜੀਵਨਸਾਥਣ

**ਸ੍ਰੀਮਤੀ ਜਸਵੰਤ ਕੌਰ ਦੇ ਨਾਂ**

ਜਿਨ੍ਹਾਂ ਦੇ ਆਸਰੇ

ਇਹ ਕਲਮ, ਸਾਹਿੱਤਕ ਸੇਵਾ ਲਈ

ਉਮਰ ਭਰ ਚਲਦੀ ਰਹੀ

Digitized by Panjab Digital Library | www.panjabdigilib.org

## ਤਤਕਰਾ


ਪ੍ਰਵੇਸ਼, ਪ੍ਰਾਰੰਭ ਤੇ ਪਰਿਚਯ 7-11

ਪ੍ਰਸਤਾਵਨਾ

(ੳ) ਗੁਰੂ ਸਾਹਿਬਾਨ ਦੀ ਸਾਹਿਤ-ਸੇਵਾ 17

(ਅ) ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤਕ ਸਰਪ੍ਰਸਤੀ 25

(ੲ) ਅਨੰਦਪੁਰ ਦਰਬਾਰ ਤੇ ਹੋਰ ਰਾਜ-ਦਰਬਾਰ. 33

(ਸ) ਦਰਬਾਰੀ ਕਵੀਆਂ ਦੀ ਨਾਮਾਵਲੀ 44

(ਹ) ਮਹਾਂ ਗ੍ਰੰਥ—'ਵਿਦਿਆਸਾਗਰ' 56

ਪਹਿਲਾ ਭਾਗ—

ਅਨੰਦਪੁਰ ਦਰਬਾਰ 62

1 ਭਾਈ ਮਨੀ ਸਿੰਘ ਦੀਵਾਨ 63

2 ਭਾਈ ਨੰਦ ਲਾਲ ਗੋਯਾ 68

3 ਭਾਈ ਚਉਪਾ ਸਿੰਘ 75

4 ਭਾਈ ਦਇਆ ਸਿੰਘ 77

5 ਪੰ. ਕ੍ਰਿਪਾ ਰਾਮ 79

6 ਨਨੂਆ ਵੈਰਾਗੀ 81

7 ਭਾ. ਰਾਮਕੁਇਰ 86

8 ਦੇਵੀਦਾਸ 88

9 ਲੱਖਣ ਰਾਇ 92

10 ਭੋਜਰਾਜ 96

11 ਤਨਸੁਖ ਲਾਹੌਰੀ 96

12 ਚੰਦ੍ਰਸੇਨ ਸੈਨਾਪਤਿ 101

13 ਕਾਂਸ਼ੀ ਰਾਮ 108

14 ਪ੍ਰਹਿਲਾਦ ਰਾਇ 115

15 ਅੰਮ੍ਰਿਤ ਰਾਇ ਲਾਹੌਰੀ 122

16 ਮੰਗਲ ਰਾਇ 129

17 ਹੰਸਰਾਮ ਬਾਜਪੇਈ 134

18 ਕੁੰਵਰੇਸ਼ 138

19 ਟਹਿਕਨ ਦਾਸ 144

20 ਚੰਦ 148

21 ਅਣੀਰਾਇ 156

22 ਸੁਖਦੇਵ 161

23 ਬ੍ਰਿੰਦ 166

24 ਗਿਰਧਰ ਲਾਲ 170

25 ਆਲਮਸ਼ਾਹ 173

26 ਨੰਦਰਾਮ 176

27 ਹਰਿਦਾਸ 179

28 ਗੋਪਾਲ 184

29 ਧਰਮ ਸਿੰਘ 187

30 ਗੁਰਦਾਸ ਸਿੰਘ 189

31 ਗੁਰਦਾਸ ਗੁਣੀ 191

32 ਭਾਈ ਫੇਰੂ 195

33 ਬ੍ਰਹਮ ਭੱਟ 197

34 ਹੀਰ ਭੱਟ 199

35 ਸੁੰਦਰ 203

36 ਸ਼ਾਰਦਾ 204

37 ਸੁਦਾਮਾ 205

38 ਹੁਸੈਨਅਲੀ 205

39 ਚੰਦਨ 206

40 ਧੰਨਾ ਸਿੰਘ 207




Digitized by Panjab Digital Library | www.panjabdigilib.org

| | | | |
|---|---|---|---|
| 41 ਰਾਮਦਾਸ | 208 | 70 ਪੰ. ਮਿੱਠੂ | 225 |
| 42 ਬ੍ਰਿਜਲਾਲ | 209 | 71 ਮਦਨ ਸਿੰਘ | 226 |
| 43 ਮੀਰ ਛਬੀਲਾ | 210 | 72 ਧਿਆਨ ਸਿੰਘ | 226 |
| 44 ਮੀਰ ਮੁਸ਼ਕੀ | 211 | 73 ਮਾਲਾ ਸਿੰਘ | 226 |
| 45 ਕੇਸੋ ਭੱਟ* | 212 | 74 ਬਿਧੀਚੰਦ | 226 |
| 46 ਦੇਸਾ ਸਿੰਘ ਭੱਟ | 214 | 75 ਖਾਨਚੰਦ | 226 |
| 47 ਨਰਬਦ ਸਿੰਘ ਭੱਟ | 215 | 76 ਬ੍ਰਿਖਾ | 227 |
| 48 ਕੀਰਤ ਸਿੰਘ | 216 | 77 ਰਾਵਲ | 227 |
| 49 ਨਿਹਚਲ ਫਕੀਰ | 217 | 78 ਸ਼ੇਖ | 227 |
| 50 ਪਿੰਡੀ ਲਾਲ | 217 | 79 ਸਾਹਿਬਚੰਦ | 227 |
| 51 ਨੰਦ ਲਾਲ | 217 | 80 ਧਰਮਚੰਦ | 228 |
| 52 ਮੱਲੂ | 218 | 81 ਆਲਮ ਸਿੰਘ | 228 |
| 53 ਕੱਲੂਆ | 218 | 82 ਨਾਨੂਰਾਇ | 228 |
| 54 ਬੱਲੂ | 219 | 83 ਨੰਦ ਚੰਦ | 229 |
| 55 ਬੱਲਭ | 219 | 84 ਦਯਾ ਰਾਮ ਪਰੋਹਤ | 229 |
| 56 ਅੱਲੂ | 219 | 85 [ਪੰਜ ਨਿਰਮਲੇ ਵਿਦਵਾਨ | 229 |
| 57 ਮਧੂ | 220 | ਤੋਂ [ਪੰਜ ਪਿਆਰੇ | 230 |
| 58 ਉਦੈਰਾਇ | 220 | 98 [ ਪੰਜ ਮੁਕਤੇ | 230 |
| 59 ਠਾਕੁਰ | 220 | | |
| 60 ਮਾਨਦਾਸ ਵੈਰਾਗੀ | 221 | ਦੂਜਾ ਭਾਗ | |
| 61 ਈਸ਼ਰਦਾਸ | 221 | ਲੱਖੀ ਜੰਗਲ ਦਾ ਕਵੀ ਦਰਬਾਰ | 231 |
| 62 ਮਥਰਾਦਾਸ | 221 | | |
| 63 ਰਾਮਚੰਦ੍ਰ | 222 | 99 ਬਿਹਾਰੀ | 232 |
| 64 ਮਦਨ ਗਿਰਿ | 222 | 100 ਲਾਲ ਦਾਸ ਖਿਆਲੀ | 237 |
| 65 ਰਾਇ ਸਿੰਘ | 222 | 101 ਆਦਾ | 240 |
| 66 ਸੁੱਖਾ ਸਿੰਘ | 223 | 102 ਜਾਦੋ ਰਾਇ | 242 |
| 67 ਮਹਾਂ ਸਿੰਘ | 224 | 103 ਫੱਤ ਮੱਲ | 243 |
| 68 ਹਰਿਜਸ ਰਾਇ ਹਜ਼ੂਰੀ | 224 | 104 ਕੇਸੋ ਗੁਣੀ | 245 |
| 69 ਪੰ. ਰਘੂਨਾਥ | 225 | 105 ਭਗਤੂ | 246 |




Digitized by Panjab Digital Library | www.panjabdigilib.org

## ਤੀਜਾ ਭਾਗ

ਮੁਨਸ਼ੀ ਮੁਸੱਦੀ ਤੇ ਲਿਖਾਰੀ 247

106 ਆਸਾ ਸਿੰਘ ਮੁਤੱਦੀ 249
107 ਸੈਣਾ ਸਿੰਘ 250
108 ਮਨੀ ਸਿੰਘ ਮੁਸੱਦੀ 251
109 ਬਾਲਗੋਬਿਦ 253
110 ਫਤਿਹ ਚੰਦ 253
111 ਨਿਹਾਲਾ 253
112 ਬਲਾ 253
113 ਦਰਬਾਰੀ ਸਿੰਘ ਛੋਟਾ 254
114 ਘਰਬਾਰੀ ਸਿੰਘ 254
115 ਦਰਬਾਰੀ ਸਿੰਘ 254
116 ਹਰਿਦਾਸ 254
117 ਰਾਮ ਰਾਇ 254
118 ਸੀਤਲ ਸਿੰਘ ਬਹੁਰੂਪੀਆ 255
119 ਰੌਸ਼ਨ ਸਿੰਘ 255
120 ਪਾਖਰ ਮੱਲ 255
121 ਸ਼ੀਹਾਂ ਸਿੰਘ 256
122 ਰਾਮ ਸਿੰਘ 256
123 ਛਉਨਾ ਸਿੰਘ 256
124 ਬੁਲਾਕਾ ਸਿੰਘ 256
125 ਸਾਹਿਬ ਸਿੰਘ 256

## ਚੌਥਾ ਭਾਗ

ਅਗਿਆਤ ਕਵੀਆਂ ਦੇ ਫੁਟਕਲ ਛੰਦ 257
ਸਹਾਇਕ ਪੁਸਤਕ-ਸੂਚੀ 263
ਅੰਤਿਕਾ— ਕੁਰਸੀਨਾਮੇ 265

---

* 'ਚਿਤ ਚਰਣ ਕੰਵਲ ਕਾ ਆਸਰਾ' ਇਹ ਸ਼ਹੀਦੀ ਗੀਤ, ਕੇਸੋ ਭੱਟ ਦੀ ਰਚਨਾ ਹੈ। (ਪੰਨਾ 212)



Digitized by Panjab Digital Library | www.panjabdigilib.org

ਪ੍ਰਵੇਸ਼— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਵਿਚ ਜੋ ਬੌਧਿਕ ਜੋਤਿ ਜਗਾਈ, ਉਹ ਭਾਰਤੀ ਇਤਿਹਾਸ ਵਿਚ ਬੇਮਿਸਾਲ ਹੈ। ਉਨ੍ਹਾਂ ਖੁਦ ਧਾਰਮਿਕ ਤੇ ਸੈਨਿਕ ਨੇਤਾ ਹੋਣ ਦੇ ਬਾਵਜੂਦ ਸਾਹਿਤਕ ਖੇਤਰ ਵਿਚ ਉਹ ਪੂਰਨੇ ਪਾਏ, ਜੋ ਕਮਾਲ ਦੇ ਹਨ। ਇਸਤੋਂ ਇਲਾਵਾ ਜਿਸ ਤਰ੍ਹਾਂ ਉਨ੍ਹਾਂ ਆਪਣੇ ਸਮੇਂ ਦੇ ਸਹਿੱਤਕਾਰਾਂ ਦੀ ਸਰਪ੍ਰਸਤੀ ਕੀਤੀ, ਉਹ ਵੀ ਇਕ ਅਦੁਤੀ ਕਾਰਨਾਮਾ ਹੈ। ਸਾਡੇ ਪੁਰਾਣੇ ਇਤਿਹਾਸ ਵਿਚ ਇਤਨਾ ਸੰਕੇਤ ਤਾਂ ਮਿਲਦਾ ਹੈ ਕਿ ਗੁਰੂ ਸਾਹਿਬ ਨੇ ੫੨ ਕਵੀ ਤੇ ੩੬ ਖੁਸ਼ਨਵੀਸ ਲਿਖਾਰੀ ਰੱਖੇ ਹੋਏ ਸਨ, ਪਰ ਇਨ੍ਹਾਂ ਸਬੰਧੀ ਪੂਰੀ ਜਾਣਕਾਰੀ ਨਹੀਂ ਮਿਲਦੀ। ਸਿਖ ਗ੍ਰੰਥਾਂ ਤੇ ਹੋਰ ਗੁਰਮੁਖੀ ਹੱਥ-ਲਿਖਤਾਂ ਵਿਚ ਜੋ ਖਿੰਡੀ-ਪੁੰਡੀ ਸਮੱਗਰੀ ਮਿਲਦੀ ਹੈ, ਉਸਨੂੰ ਇਕੱਤਰ ਕਰਨ ਦੀ ਲੋੜ ਹੈ ਤੇ ਨਾਲ ਹੀ ਹਿੰਦੀ ਸਾਹਿਤ ਦੇ ਇਤਿਹਾਸਾਂ ਵਿਚੋਂ ਵੀ ਇਸ ਬਾਰੇ ਹਵਾਲੇ ਲੱਭਣੇ ਜ਼ਰੂਰੀ ਹਨ। ਕਿਉਂਕਿ ਹਿੰਦੀ, ਉਸ ਸਮੇਂ ਉੱਤਰੀ ਹਿੰਦ ਦੀ ਸਾਹਿਤਕ ਭਾਸ਼ਾ ਸੀ ਤੇ ਗੁਰੂ ਜੀ ਵੀ ਸਾਰੇ ਹਿੰਦ ਨੂੰ ਹਲੂਣਾ ਦੇਣ ਲਈ ਇਸੇ ਵਿਚ ਬਹੁਤੀ ਰਚਨਾ ਕਰ ਕਰਾ ਰਹੇ ਸਨ। ਅਸਾਂ ਜਤਨ ਕੀਤਾ ਹੈ ਕਿ ਉਪਰੋਕਤ ਸਮੱਗਰੀ ਨੂੰ ਪੁਣਛਾਣ ਕੇ ਕੁਝ ਨ ਕੁਝ ਮਸਾਲਾ ਲੱਭਿਆ ਜਾਵੇ ਤੇ ਇਸ ਧੁੰਦਲੇ ਚਿਤ੍ਰ ਨੂੰ ਉਘਾੜਿਆ ਜਾਵੇ। ਇਹ ਵੀ ਅਸੀਂ ਜਾਣਦੇ ਹਾਂ ਕਿ ਗੁਰੂ ਜੀ ਦੇ ਦਰਬਾਰ ਵਿਚ ਸਾਰੇ ਕਵੀ ਹੀ ਨਹੀਂ ਸਨ, ਕਈ ਗੱਦਕਾਰ ਸਨ, ਕਈ ਵਿਆਖਿਆਕਾਰ ਵਕਤਾ ਸਨ ਜਾਂ ਵੈਸੇ ਵਿਚਾਰਵਾਨ ਵਿਦਵਾਨ, ਇਸ ਕਰਕੇ ਸਭ ਨੂੰ 'ਦਰਬਾਰੀ ਰਤਨ' ਕਹਿਣਾ ਵਧੇਰੇ ਉਚਿਤ ਸਮਝਿਆ ਗਿਆ ਹੈ, ਭਾਵੇਂ ਪਰਧਾਨਤਾ ਕਵੀਆਂ ਦੀ ਹੀ ਹੈ।

ਪੰਜ ਸਾਲ ਦੀ ਮਿਹਨਤ ਬਾਦ ਮੈਂ ਇਹ ਖੋਜ-ਗ੍ਰੰਥ 1966 ਈ. ਵਿਚ ਦਸਮ ਗੁਰੂ ਦੀ ਤ੍ਰੈ ਸੌ-ਸਾਲਾ ਜਯੰਤੀ ਸਮੇਂ, ਤਿਆਰ ਕੀਤਾ ਤਾਂ ਕਿ ਇਸਨੂੰ ਕੋਈ ਸੰਸਥਾ ਛਾਪ ਸਕੇ। ਲੇਕਿਨ ਸਾਹਿਤ-ਸ਼ਤਰੂ ਤੇ ਭਾਸ਼ਾ-ਭਸਮੀ ਭਦ੍ਰ ਪੁਰਸ਼ ਇਸਦੇ ਗੌਰਵ ਨੂੰ ਅਨੁਭਵ ਨਾ ਕਰ ਸਕੇ ਹਾਲਾਂਕਿ ਇਹ ਅਗਿਆਨੀ, ਸਾਹਿਤਕ ਸੰਸਥਾਵਾਂ ਤੇ ਭਾਸ਼ਾ ਵਿਭਾਗਾਂ ਦੇ ਭਾਗ-ਵਿਧਾਤਾ ਵੀ ਬਣੇ ਬੈਠੇ ਸਨ। ਦਸ ਸਾਲ ਇਹ ਖਰੜਾ ਮੇਰੇ ਪਾਸ ਪਏ ਰਹਿਣ ਦਾ ਲਾਭ ਹੀ ਹੋਇਆ ਕਿ ਇਸਦੀ ਨੁਹਾਰ ਹੋਰ ਸੰਵਰਦੀ ਗਈ। ਅਜੇ ਵੀ ਇਹ ਮਸਾਲਾ ਸ਼ਾਇਦ ਪਾਠਕਾਂ ਤਕ ਨ ਪਹੁੰਚ ਸਕਦਾ ਜੇ ਮੇਰੇ ਪੁਰਾਣੇ ਮਿਤ੍ਰ ਗਿ.ਜ਼ੈਲ ਸਿੰਘ ਮੁੱਖਮੰਤ੍ਰੀ ਪੰਜਾਬ, ਹਾਮੀ ਨ ਭਰਦੇ ਤੇ ਮੇਰੀ ਸਪੁੱਤਰੀ ਡਾ.ਹਰਿੰਦਰ ਕੌਰ ਤੇ ਪ੍ਰੋ.ਰਵਿੰਦਰ ਕੌਰ ਇਸ ਕੰਮ ਲਈ ਮੈਨੂੰ ਨਿਸਚਿੰਤ ਨ ਕਰਦੇ। ਅੰਤ ਵਿਚ ਮੈਂ ਸਮੂਹ ਲਾਇਬ੍ਰੇਰੀਅਨ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਮਿਲਵਰਤਣ ਨਾਲ ਹੱਥ-ਲਿਖਤਾਂ ਦੇਖਣ ਦਾ ਮੌਕਾ ਮਿਲਦਾ ਰਿਹਾ ਤੇ ਇਹੋ ਖਰੜੇ ਹੀ ਇਸ ਖੋਜ-ਗ੍ਰੰਥ ਦਾ ਮੂਲ ਆਧਾਰ ਹਨ। ਮੈਂ ਆਸ ਕਰਦਾ ਹਾਂ ਕਿ ਤੇਗ ਦੇ ਧਨੀ ਖਾਲਸੇ,ਆਪਣੀ ਰਵਾਇਤ ਅਨੁਸਾਰ ਕਲਮ ਦੇ ਧਨੀਆਂ ਨੂੰ ਵੀ ਸਤਿਕਾਰ ਦੀ ਦ੍ਰਿਸ਼ਟੀ ਨਾਲ ਤੱਕਣਗੇ।

ਕਲਮ ਮੰਦਿਰ )<br>ਪਟਿਆਲਾ, 1976 )

ਪਿਆਰਾ ਸਿੰਘ ਪਦਮ



Digitized by Panjab Digital Library | www.panjabdigilib.org

# ਪ੍ਰਾਰੰਭ

(ਡਾ. ਬਲਬੀਰ ਸਿੰਘ, ਪੰਚ ਵਟੀ ਡੇਹਰਾਦੂਨ)

ਗੁਰੂ ਗੋਬਿੰਦ ਸਿੰਘ ਇਕ ਵਿਲੱਖਣ ਹਸਤੀ ਸੀ। ਉਹ ਯੋਧਾ ਸੀ, ਸੂਰਬੀਰ ਸੀ, ਕਰਮ-ਜੋਗੀ ਸੀ, ਦੁਸ਼ਟ ਦਮਨ ਸੀ। ਏਸ ਕਰਮ-ਕੁਸ਼ਲਤਾ ਦੇ ਹੁੰਦਿਆਂ ਹੋਇਆਂ ਉਨ੍ਹਾਂ ਵਿਚ ਅਨੇਕਾਂ ਹੋਰ ਗੁਣ ਸਨ। ਉਹ ਸਿਰਮੌਰ ਕਵੀ ਸਨ। ਆਪ ਦੀ ਵਿਦਿਆ ਵਿਚ ਪੂਰੀ ਗੰਮਤਾ ਸੀ ਤੇ ਸਾਹਿਤ ਦਾ ਇਤਨਾ ਸ਼ੌਕ ਸੀ ਕਿ ਨਾ ਨਿਰਾ ਆਪ ਨੇ ਹੀ ਇਕ ਭਾਰੀ ਸਾਹਿਤ ਪੈਦਾ ਕੀਤਾ ਸਗੋਂ ਗੁਣੀਆਂ ਪਾਸੋਂ ਭੀ ਸਾਹਿਤ ਤਿਆਰ ਕਰਵਾਇਆ। ਮਹਾਂ ਭਾਰਤ ਦੇ ਇਕ ਇਕ ਪਰਬ ਦੇ ਅਨੁਵਾਦ ਲਈ ਸੱਠ ਸੱਠ ਹਜ਼ਾਰ ਉਲਥਾਕਾਰਾਂ ਨੂੰ ਦਿਤਾ। ਆਪ ਦੀ ਇਹ ਗੁਣੀਆਂ ਦੀ ਕਦਰ ਦੀ ਅਵਾਈ, ਦੇਸ ਪਰਦੇਸ ਵਿਚ ਐਸੀ ਫੈਲ ਗਈ ਸੀ ਕਿ ਦੂਰ ਦੂਰ ਤੋਂ ਜ਼ੁਲਮ ਤੋਂ ਪੀੜਤ ਹੋਏ ਗੁਣੀ, ਚਾਹੇ ਉਹ ਕਿਸੇ ਮਤ ਦੇ ਸਨ, ਆ ਕੇ ਆਪ ਦੀ ਸ਼ਰਨ ਵਿਚ ਹੋ ਕੇ ਸੁਖੀ ਹੋਏ ਤੇ ਉਨ੍ਹਾਂ ਦੀ ਸ਼ਾਰਦਾ ਨੇ ਆਪਣੇ ਜੋਬਨ ਦਿਖਾਏ। ਇਨ੍ਹਾਂ ਗੁਣੀਆਂ ਦੀ ਗਿਣਤੀ ਆਮ ਤੌਰ ਤੇ ੫੨ ਪ੍ਰਸਿੱਧ ਹੈ। ਇਨ੍ਹਾਂ ਨੂੰ ਹਜ਼ੂਰੀ ਕਵੀ ਕਿਹਾ ਜਾਂਦਾ ਹੈ।

ਜਿਤਨੀ ਸਾਹਿੱਤ-ਰਚਨਾ ਇਨ੍ਹਾਂ ਗੁਣੀਆਂ ਦੁਆਰਾ ਹੋਈ, ਉਸ ਬਾਬਤ ਕਵੀ ਸੰਤੋਖ ਸਿੰਘ ਜੀ ਨੇ ਇਉਂ ਲਿਖਿਆ ਹੈ:

ਤਿਨ ਕਵਿਯਨ ਬਾਣੀ ਰਚੀ, ਲਿਖ ਕਾਗਦ ਤੁਲਵਾਇ।
ਨੌਂ ਮਣ ਹੋਏ ਤੋਲ ਮਹਿ, ਸੂਖਮ ਲਿਖਤ ਲਿਖਾਇ।
'ਵਿਦਯਾ ਸਰ' ਤਿਸ ਗ੍ਰੰਥ ਕੋ, ਨਾਮ ਧਰਯੋ ਕਰਿ ਪ੍ਰੀਤਿ।
ਨਾਨਾ ਵਿਧਿ ਕਵਿਤਾ ਰਚੀ, ਰਖ ਰਖ ਨੌਂ ਰਸ ਰੀਤਿ।

(ਸੂਰਜ ਪ੍ਰਕਾਸ਼ ਰੁਤ 5, ਅੰਸੂ 52)



Digitized by Panjab Digital Library | www.panjabdigilib.org

ਜੰਗਾਂ ਜੁੱਧਾਂ ਵਿਚ 'ਵਿਦਯਾ ਸਰ' ਗ੍ਰੰਥ ਖਿੰਡ ਪੁੰਡ ਗਿਆ ਸੀ। ਇਸ ਦੇ ਕੁਝ ਭਿੰਨ ਭਿੰਨ ਹਿਸੇ ਵਖੋ ਵੱਖਰੀਆਂ ਥਾਵਾਂ ਤੇ ਪਏ ਹੋਏ ਹਨ। ਕੌਮ ਦੇ ਵਿਦਵਾਨਾਂ ਨੇ ਏਸ ਪਾਸੇ ਕੁਝ ਧਿਆਨ ਦਿਤਾ ਹੈ ਤੇ ਉਨ੍ਹਾਂ ਦੀ ਮਿਹਨਤ ਦੇ ਫਲਸਰੂਪ ਕਵੀਆਂ ਦੀ ਨਾਮਾਵਲੀ ਪਰਸਪਰ ਨਾਮਾਂਤ੍ਰ ਭੇਦ ਹੁੰਦਿਆਂ ਹੋਇਆਂ ਵੀ ਉਪਲਬਧ ਰਹੀ ਹੈ। ਕੁਛ ਦਰਬਾਰੀ ਕਵੀਆਂ ਦੀ ਰਚਨਾ ਦੇ ਨਮੂਨੇ ਅਤੇ ਥੋੜ੍ਹੇ ਬਹੁਤ ਜ਼ਾਤੀ ਪਹਿਚਾਨ ਦੇ ਹਾਲਚਾਲ ਵੀ ਪਬਲਿਕ ਦੇ ਸਾਮ੍ਹਣੇ ਆਉਂਦੇ ਰਹੇ ਹਨ। ਪਰ ਅਜੇ ਬੜੀ ਜ਼ਰੂਰਤ ਹੈ ਕਿ ਏਸ ਪਾਸੇ ਵਿਸ਼ੇਸ਼ ਧਿਆਨ ਦਿਤਾ ਜਾਏ ਤਾਂ ਕਿ ਵਧ ਤੋਂ ਵਧ ਸਾਮੱਗ੍ਰੀ ਪ੍ਰਾਪਤ ਹੋ ਸਕੇ। ਇਸ ਕਰਕੇ ਬੜੀ ਭਾਰੀ ਖੋਜ ਦੀ ਲੋੜ ਹੈ। ਏਸੇ ਘਾਟ ਨੂੰ ਪੂਰਾ ਕਰਨ ਲਈ ਪ੍ਰੋ. ਪਿਆਰਾ ਸਿੰਘ ਪਦਮ ਪਟਿਆਲਾ ਨੇ ਉੱਦਮ ਕੀਤਾ ਜੋ ਕਿ ਅਤਿਅੰਤ ਸ਼ਲਾਘਾ ਯੋਗ ਹੈ। ਵਿਦਵਾਨ ਲੇਖਕ ਨੇ ਬਹੁਤ ਮੇਹਨਤ ਕੀਤੀ ਹੈ ਤੇ ਸਾਡੀ ਜਾਣਕਾਰੀ ਨੂੰ ਸਚਮੁਚ ਅੱਗੇ ਵਧਾਇਆ ਹੈ। ਏਸ ਯਤਨ ਵਿਚ ਪਦਮ ਜੀ ਨੂੰ ਬਹੁਤ ਸਾਰੀਆਂ ਹਸਤ-ਲਿਖਤਾਂ ਦੀ ਫੋਲਾ-ਫਾਲੀ ਕਰਨੀ ਪਈ ਹੈ। ਇਸ ਦਾ ਨਤੀਜਾ ਇਹ ਹੈ ਕਿ ਏਸ ਗ੍ਰੰਥ ਵਿਚ ਹਜ਼ੂਰੀ ਲੇਖਕਾਂ ਦੀਆਂ ਜੀਵਨੀਆਂ ਤੇ ਕਾਵਿ-ਵੰਨਗੀਆਂ ਜਿਤਨੀਆਂ ਦਿਤੀਆਂ ਗਈਆਂ ਹਨ, ਉਹ ਇਕ ਥਾਂ ਉਤੇ ਇਕਤ੍ਰਿਤ ਹੋਣ ਕਰਕੇ ਏਸ ਗ੍ਰੰਥ ਨੂੰ ਬਹੁਤ ਉਪਯੋਗੀ ਬਣਾਉਂਦੀਆਂ ਤੇ ਹੋਰ ਖੋਜੀਆਂ ਨੂੰ ਏਸ ਪਾਸੇ ਹੋਰ ਕੰਮ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ।

ਪਦਮ ਜੀ ਨੇ ਜੋ ਸਿਟੇ ਕੱਢੇ ਹਨ, ਉਨ੍ਹਾਂ ਵਿਚੋਂ ਕੁਝ ਐਸੇ ਹਨ ਜੋ ਸਾਮੱਗ੍ਰੀ ਦੀ ਅਪ੍ਰਾਪਤੀ ਕਰਕੇ ਕਿਆਸ ਉਤੇ ਆਧਾਰਿਤ ਹਨ; ਪਰ ਫੇਰ ਵੀ ਉਨ੍ਹਾਂ ਇਤਿਹਾਸਕ ਮਸਾਲੇ ਨੂੰ ਭਲੀ ਭਾਂਤ ਵਰਤ ਕੇ ਆਪਣੀ ਲਿਖਤ ਨੂੰ ਪ੍ਰਮਾਣਿਕ ਬਣਾਉਣ ਦਾ ਯਤਨ ਕੀਤਾ ਹੈ। ਗ੍ਰੰਥ ਦੀ ਪ੍ਰਸਤਾਵਨਾ ਜੋ ਪਦਮ ਜੀ ਦੀ ਆਪਣੀ ਲਿਖੀ ਹੋਈ ਹੈ, ਇਕ ਸੁਚੱਜੀ ਸਾਹਿਤਕ ਸ਼ੈਲੀ ਵਿਚ ਹੈ ਤੇ ਕਈ ਪਹਲੂਆਂ ਉਪਰ ਨਵੀਂ ਰੌਸ਼ਨੀ ਪਾਉਂਦੀ ਹੈ। ਇਹ ਖੋਜ-ਗ੍ਰੰਥ ਉਸ ਚਿਤ੍ਰ ਨੂੰ, ਜੋ ਸਾਡੀ ਅਣਗਹਲੀ ਕਾਰਨ ਲੋਪ ਹੋ ਰਿਹਾ ਸੀ, ਮੁੜ ਸੱਜਰੀ ਰੰਗਸਜ਼ੀ ਨਾਲ ਮੂਰਤੀਮਾਨ ਕਰਦਾ ਹੈ,ਜੋ ਸਿਖ ਸੰਸਕ੍ਰਿਤੀ ਦੇ ਗੌਰਵ ਨੂੰ ਪ੍ਰਗਟਾਉਂਦਾ ਹੈ।

ਮੈਂ ਆਸ ਕਰਦਾ ਹਾਂ ਕਿ ਵਿਦਵਾਨ ਲੇਖਕ ਦਾ ਇਹ ਵਿਸ਼ੇਸ ਖੋਜ-ਕਾਰਜ, ਵਿਸ਼ੇਸ ਸਤਿਕਾਰ ਦਾ ਅਧਿਕਾਰੀ ਬਣੇਗਾ।

23-5-1969



Digitized by Panjab Digital Library | www.panjabdigilib.org

# ਪਰਿਚਯ

(ਪ੍ਰੋ. ਗੁਰਬਚਨ ਸਿੰਘ ਤਾਲਿਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ)

ਸ. ਪਿਆਰਾ ਸਿੰਘ ਪਦਮ, ਸਾਹਿੱਤ ਅਤੇ ਧਰਮ ਦੀ ਖੋਜ ਦੇ ਮਹਾਂਰਥੀਆਂ ਵਿਚੋਂ ਹਨ । ਇਨ੍ਹਾਂ ਦੀ ਪਰਖ ਪੜਚੋਲ ਦੁਆਰਾ, ਅਨੇਕਾਂ ਗੁੱਝੇ ਕੋਨੇ ਪ੍ਰਕਾਸ਼ਮਾਨ ਹੋਏ ਹਨ । ਲਗਨ ਤੇ ਮਿਹਨਤ ਰਾਹੀਂ ਹਰ ਸਥਾਨ ਤੋਂ ਸਮੱਗਰੀ ਪ੍ਰਾਪਤ ਕਰਨਾ ਤੇ ਵਿਦਵਤਾ ਨਾਲ ਛਾਣਬੀਣ ਕਰਕੇ ਪੇਸ਼ ਕਰਨਾ, ਇਹ ਕਰਤੱਵ ਇਨ੍ਹਾਂ ਤੋਂ ਵਧ, ਘਟ ਹੀ ਕਿਸੇ ਦੇ ਵਿਰਸੇ ਵਿਚ ਆਇਆ ਹੈ । ਭਾਵੇਂ ਗੁਣ ਅਤੇ ਵਿੱਦਵਤਾ ਦਾ ਸਹੀ ਮੁੱਲ ਪੈਣਾ ਤਾਂ ਉਨ੍ਹਾਂ ਲੋਕਾਂ ਦੇ ਹੱਥ ਹੈ, ਜੋ ਵਿਦਵਾਨਾਂ ਦੇ ਕਰਮ-ਵਿਧਾਤਾ ਹਨ ਪਰ ਜਨਤਾ ਅਤੇ ਪਾਠਕਾਂ ਦਿਆਂ ਹਿਰਦਿਆਂ ਵਿਚ ਇਨ੍ਹਾਂ ਦਾ ਜੋ ਮਾਣ ਸਤਿਕਾਰ ਪਰਿਪੱਕ ਹੋਇਆ ਹੋਇਆ ਹੈ, ਉਹ ਕਿਸੇ ਪਰਮਾਣ ਦਾ ਮੁਥਾਜ ਨਹੀਂ ।

ਸਾਹਿਤ ਦੇ ਦੋ ਪਰਸਪਰ ਨਿਰਭਰ ਪੱਖ ਹਨ—ਖੋਜ ਤੇ ਵਿਆਖਿਆ ਅਤੇ ਮੁੱਲਾਂਕਣ । ਕਈ ਸਾਹਿੱਤਾਚਾਰੀਆ ਦੋਹਾਂ ਪੱਖਾਂ ਵਿਚ ਨਿਪੁੰਨ ਹੁੰਦੇ ਹਨ, ਕਈਆਂ ਦੀ ਪ੍ਰਤਿਭਾ ਇਕੋ ਪੱਖ ਦੀ ਵਿਸ਼ੇਸੱਗਤਾ ਪ੍ਰਾਪਤ ਕਰਦੀ ਹੈ ਪਰ ਇਹ ਦੋਵੇਂ ਪੱਖ ਇਕ ਸਮਾਨ ਮਹੱਤਾ ਦੇ ਧਾਰਨੀ ਹਨ । ਨ ਖੋਜ ਬਿਨਾ ਵਿਆਖਿਆ ਸੰਪੂਰਣਤਾ ਨੂੰ ਪੁਜ ਸਕਦੀ ਹੈ ਅਤੇ ਨ ਵਿਆਖਿਆ ਬਿਨਾ ਖੋਜ ਦੀ ਕੋਈ ਬੌਧਿਕ ਤੇ ਸਮਾਜਕ ਸ੍ਵੀਕ੍ਰਿਤੀ ਹੁੰਦੀ ਹੈ । ਜੋ ਕਾਰਜ ਹੁਣ ਤੋਂ ਕਈ ਦਹਾਕੇ ਪਹਿਲਾਂ, ਪਦਮ ਜੀ ਨੇ ਛੋਹਿਆ ਸੀ ਅਤੇ ਜਿਸ ਵਿਚ ਉਹ ਬਹੁਅੰਗੀ ਸਫਲਤਾ ਪ੍ਰਾਪਤ ਕਰ ਚੁਕੇ ਹਨ, ਉਸ ਨੂੰ ਸਾਹਿਤ ਦੀ ਸ਼ਾਹਰਾਹ ਉਪਰ, ਮੰਜ਼ਲ ਵਲ ਵਧਦਾ ਵੱਡਾ ਪੜਾਉ ਹੀ ਕਹਿਣਾ ਉਚਿਤ ਹੈ ।

ਇਸ ਪੁਸਤਕ ਦੀ ਖੋਜ ਦਾ ਵਿਸ਼ਾ ਸ੍ਰੀ ਦਸਮੇਸ਼ ਜੀ ਦੇ ਦਰਬਾਰੀ ਕਵੀ-ਰਤਨ ਹੈ । ਵਿਦਵਾਨ ਲੇਖਕ ਨੇ 40-50 ਸਫੇ ਦੀ ਲੰਮੀ ਪ੍ਰਸਤਾਵਨਾ ਵਿਚ ਇਸਦਾ ਬਹੁਤ ਗੰਭੀਰ



Digitized by Panjab Digital Library | www.panjabdigilib.org

ਤੇ ਸੁੰਦਰ ਵਿਸਲੇਸ਼ਨ ਕੀਤਾ ਹੈ ਤੇ ਕਈ ਪੱਖਾਂ ਤੋਂ ਸਾਨੂੰ ਬਿਲਕੁਲ ਨਵੀਂ ਜਾਣਕਾਰੀ ਦਿਤੀ ਹੈ। ਆਮ ਪਾਠਕ ਕਵੀਆਂ ਦੀ ਨਾਮ-ਸੂਚੀ ਤੋਂ ਤਾਂ ਪਰਿਚਤ ਹਨ ਪਰ ਨ ਤਾਂ ਪ੍ਰਮਾਣਿਕ ਜੀਵਨੀਆਂ ਪ੍ਰਾਪਤ ਹਨ ਤੇ ਨਾ ਹੀ ਇਨ੍ਹਾਂ ਦੀਆਂ ਰਚਨਾਵਾਂ ਦੀ ਵੰਨਗੀ। ਇਸ ਆਪਣੀ ਕਿਸਮ ਦੀ ਪਹਿਲੀ ਖੋਜ-ਪੁਸਤਕ ਨੇ, ਇਹ ਘਾਟ ਬਹੁਤ ਹੱਦ ਤਕ ਪੂਰੀ ਕਰ ਦਿਤੀ ਹੈ। ਸ੍ਰੀ ਦਸਮੇਸ਼ ਜੀ ਦਾ ਦਰਬਾਰ, ਜਿਥੇ ਧਾਰਮਿਕ ਭਾਵਾਂ ਅਤੇ ਸਰਬ-ਹਿਤ ਦੀ ਭਾਰੀ ਲਹਿਰ ਦਾ ਕੇਂਦਰ ਸੀ, ਉਥੇ ਉਸਦਾ ਮਹੱਤ੍ਵ-ਪੂਰਣ ਪੱਖ ਅਧਿਆਤਮਵਾਦੀ ਤੇ ਧਰਮ-ਯੁੱਧ ਦੇ ਚਾਉ ਵਾਲੇ ਸਾਹਿੱਤ ਦੀ ਸਿਰਜਣਾ ਸੀ। ਭਾਵੇਂ ਉਹ ਜੁਗ 'ਰੀਤੀ ਕਾਲ' ਕਹਾਉਂਦਾ ਹੈ ਅਤੇ ਕਵੀ ਜਨ ਆਪਣੀ ਪ੍ਰਤਿਭਾ, ਅਲੰਕਾਰਾਂ ਤੇ ਸ਼ਾਬਦਿਕ ਚਮਤਕਾਰਾਂ ਦੁਆਰਾ ਵਿਖਾਉਣ ਨੂੰ ਹੀ ਕਲਾ ਦੀ ਸਿਖਰ ਸਮਝਦੇ ਸਨ ਪਰ ਦਸਮੇਸ਼ ਜੀ ਦੀ ਸਰਪ੍ਰਸਤੀ ਵਿਚ ਉਪਜੇ ਸਾਹਿਤ ਵਿਚ ਕਲਾ ਦਾ ਦਿਖਾਵਾ ਘੱਟ, ਰਚਨਾ ਵਾਸਤਵੀ ਹੈ, ਅਧਿਆਤ-ਮਕ ਭਾਵਾਂ, ਆਦਰਸ਼ਾਂ ਤੇ ਭਗਤੀ ਅਤੇ ਬੀਰਤਾ ਦੇ ਵਿਸ਼ੈ ਪਰਧਾਨ ਹਨ, ਇਹ ਉਸ ਜੁਗ ਦੇ ਭਾਰਤ ਵਿਚ ਨਿਵੇਕਲੀ ਅਤੇ ਨਵੀਨ ਸਥਿਤੀ ਦੇ ਸੂਚਕ ਸਨ।

ਸੋ ਇਹ ਕਵੀ-ਬ੍ਰਿੰਦ ਬਾਰੇ ਖੋਜ, ਪੰਜਾਬੀ ਤੇ ਹਿੰਦੀ ਸਾਹਿੱਤ ਅਤੇ ਸਿਖ-ਸੰਸਕ੍ਰਿਤੀ ਦੀ ਅਤਿਅੰਤ ਮਹੱਭਵ-ਪੂਰਣ ਸੇਵਾ ਹੈ, ਜਿਸ ਤੋਂ ਭਾਰਤੀ ਜਾਗ੍ਰਤੀ ਦੇ ਅਨੇਕਾਂ ਪੱਖ ਵੀ ਉਜਾਗਰ ਹੁੰਦੇ ਹਨ। ਪਦਮ ਜੀ ਇਸ ਪੜਾਉ ਉਪਰ ਕਿਸੇ ਪਰਿਚਯ ਅਤੇ ਪ੍ਰਸ਼ੰਸਾ ਦੇ ਮੁਥਾਜ ਨਹੀਂ ਪਰ ਉੱਚ ਪੱਧਰ ਦੀ ਵਿਦਵਤਾ-ਪੂਰਣ ਘਾਲਣਾ ਪ੍ਰਤੀ, ਸਨਮਾਨ ਤੇ ਸਨੇਹ ਭਰੀ ਸਦਭਾਵਨਾ ਭੇਟ ਕਰਨਾ, ਹਰ ਸਾਹਿਤ ਪ੍ਰੇਮੀ ਦਾ ਫਰਜ਼ ਹੈ, ਜਿਸ ਨੂੰ ਮੈਂ ਇਨ੍ਹਾਂ ਥੋੜੇ ਜੇਹੇ ਸ਼ਬਦਾਂ ਦੁਆਰਾ ਨਿਭਾਇਆ ਹੈ।



Digitized by Panjab Digital Library | www.panjabdigilib.org

## ਅਨੰਦਪੁਰ ਦੀ ਕਲਮ—

1,2 ਸ੍ਰੀ ਦਸਮੇਸ਼ ਜੀ ਦੇ ਦੋ ਪ੍ਰਾਚੀਨ ਚਿਤ੍ਰ

3 ਹਰਿਦਾਸ ਦੀ ਕਲਮ—ਆਦਿ ਗੁਰੂ ਗ੍ਰੰਥ

4 " —ਪ੍ਰਾਚੀਨ ਦਸਮ ਗ੍ਰੰਥ

5 ਦਰਬਾਰੀ ਦੀ ਕਲਮ—ਵਾਰ ਦੁਰਗਾ ਕੀ

6 ਨਿਹਾਲੇ ਦੀ ਕਲਮ—ਚਰਿਤ੍ਰੋਪਖਯਾਨ

7 ਗੁਰੂ ਜੀ ਦੀ ਕਲਮ ਦਾ ਕੀਤਾ ਵਾਧਾ—

'ਸਤ੍ਰਹ ਸੈ ਚਵਤਾਲ ਮੈਂ, ਸਾਵਨ ਸੁਦਿ ਬੁਧਵਾਰ

ਨਗਰ ਪਾਂਵਟਾ ਮੋ ਤੁਮੋ, ਰਚਿਓ ਗਿਰੰਥ ਸੁਧਾਰ ।

ਖੜਗਪਾਣਿ ਕੀ ਕ੍ਰਿਪਾ ਤੇ, ਪੋਥੀ ਰਚੀ ਬਿਚਾਰ

ਭੂਲ ਹੋਇ ਜਹ ਤਹ ਸੁਕਵਿ, ਪੜੀਅਹੁ ਸਭੈ ਸੁਧਾਰ । ੩੮੫੯ ।

8 ਫਤੇ ਚੰਦ ਤੇ ਬਾਲ ਗੁਬਿੰਦ ਦੀ ਕਲਮ—ਵਿਦਿਆਸਾਗਰ ਗ੍ਰੰਥ ਦਾ ਭਾਗ

(ਸੰਮਤ ੧੭੫੩ ਬਿ.)

[ਸਿਖ ਰੇਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ

(ਵਿਸਥਾਰ ਲਈ ਦੇਖੋ ਪੰਨਾ 144)





Digitized by Panjab Digital Library | www.panjabdigilib.org




ਸ੍ਰੀ ਦਸਮੇਸ਼ ਜੀ ਦੇ ਦੋ ਪ੍ਰਾਚੀਨ ਚਿਤ੍ਰ


Digitized by Panjab Digital Library | www.panjabdigilib.org






Digitized by Panjab Digital Library | www.panjabdigilib.org






Digitized by Panjab Digital Library | www.panjabdigilib.org

੭



੮



Digitized by Panjab Digital Library | www.panjabdigilib.org

# ਪ੍ਰਸਤਾਵਨਾ

## (ੳ) ਗੁਰੂ ਸਾਹਿਬਾਨ ਦੀ ਸਾਹਿਤ-ਸੇਵਾ

ਮਨੁੱਖੀ ਸਭਿਅਤਾ ਤੇ ਭਾਰਤੀ ਜੀਵਨ ਦੇ ਵਿਕਾਸ ਲਈ ਜਿਸ ਤਰ੍ਹਾਂ ਸਿਖ ਗੁਰੂ ਸਾਹਿਬਾਨ ਨੇ ਗਿਆਨ ਅਤੇ ਕਰਮਯੋਗ ਦਾ ਸੰਗਮ ਕੀਤਾ, ਉਹ ਬੜੀ ਵਚਿੱਤਰ ਘਟਨਾ ਹੈ । ਆਮ ਤੌਰ ਤੇ ਇਹ ਦੋਵੇਂ ਮਾਰਗ ਵੱਖ ਵੱਖ ਹੀ ਚਲਦੇ ਰਹੇ ਹਨ । ਗਿਆਨ ਮਾਰਗੀ ਦਾਰਸ਼ਨਿਕ ਪੁਰਸ਼ ਕਰਮਯੋਗੀ ਘਟ ਹੁੰਦੇ ਹਨ ਤੇ ਸੰਸਾਰ ਦੇ ਵਿਕਾਸ ਵਿਚ ਘਟ ਹੀ ਹਿਸਾ ਲੈਂਦੇ ਹਨ । ਦੂਜੇ ਪਾਸੇ ਦੁਨੀਆਂਦਾਰੀ ਦੇ ਕਰਮ-ਖੇਤਰ ਵਿਚ ਰੁਝੇ ਲੋਕਾਂ ਨੂੰ ਉਚਾ ਸੁੱਚਾ ਉਤਮ ਗਿਆਨ ਵੀ ਘਟ ਹੀ ਭਾਉਂਦਾ ਹੈ । ਪਰੰਤੂ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ (1469--1539 ਈ:) ਨੇ ਮੁਢ ਵਿਚ ਹੀ ਇਹ ਅਨੁਭਵ ਕਰ ਲਿਆ ਸੀ ਕਿ ਇਹ ਅਜੋੜ ਮਨੁਖਤਾ ਨੂੰ ਬਲਹੀਣ ਕਰਦਾ ਹੈ, ਇਸ ਲਈ ਗਿਆਨ ਸ਼ਕਤੀ ਤੇ ਕਰਮ ਸ਼ਕਤੀ ਦੋਹਾਂ ਦਾ ਸੁਮੇਲ ਜ਼ਰੂਰੀ ਹੈ । ਗਿਆਨ ਬਿਨਾ ਕਰਮ ਅੰਨ੍ਹਾ ਤੇ ਕਰਮ ਬਿਨਾ ਗਿਆਨ ਪਿੰਗਲਾ ਬਣਕੇ ਰਹਿ ਜਾਂਦਾ ਹੈ । ਇਹੋ ਗੱਲ ਅਧਿਆਤਮਕ ਗਿਆਨ ਦੀ ਹੈ, ਜਿਤਨਾ ਚਿਰ ਕਰਮਯੋਗੀ ਮਹਾਂ ਪੁਰਸ਼ ਉਸ ਦਾ ਪ੍ਰਚਾਰ ਪ੍ਰਸਾਰ ਨਹੀਂ ਕਰਦੇ ਉਤਨਾ ਚਿਰ ਉਸ ਦਾ ਪ੍ਰਬਲ ਪ੍ਰਕਾਸ਼ ਵੀ ਸਕਾਰਥਾ ਨਹੀਂ ਹੁੰਦਾ । ਇਸੇ ਲਈ ਸਤਿਗੁਰਾਂ, ਲੋਕਾਂ ਦੇ ਕਰਮਯੋਗ ਨੂੰ 'ਸੰਗਤ' ਰੂਪ ਵਿਚ ਤੇ ਗਿਆਨ ਯੋਗ ਨੂੰ 'ਬਾਣੀ' ਰੂਪ ਵਿਚ ਸੰਗਠਿਤ ਕਰਕੇ ਮਾਨਵ ਧਰਮ ਦਾ ਅਧਾਰ ਬਣਾਇਆ । ਸਿੱਧਾਂ ਨੂੰ ਜਵਾਬ ਦਿੰਦਿਆਂ ਉਨ੍ਹਾਂ ਇਨ੍ਹਾਂ ਦੋਹਾਂ ਸ਼ਕਤੀਆਂ ਵਲ ਇਸ਼ਾਰਾ ਕੀਤਾ ਸੀ :—

ਗੁਰ ਸੰਗਤਿ, ਬਾਣੀ ਬਿਨਾ, ਦੂਜੀ ਓਟ ਨਹੀਂ ਹੈ । ਵਾਰ ੧ ?

[ਭਾਈ ਗੁਰਦਾਸ

ਗੁਰੂ ਨਾਨਕ ਸਾਹਿਬ ਨੇ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ' ਕਹਿਕੇ ਸਮਾਜ ਦੀ ਅਗਿਆਨੀ ਅਵਸਥਾ ਦੀ ਤਸਵੀਰ ਉਲੀਕੀ ਹੈ ਤੇ ਭਾਈ ਗੁਰਦਾਸ ਨੇ ਵੀ 'ਪਰਜਾ ਅੰਧੀ ਗਿਆਨ ਬਿਨ' ਆਖ ਕੇ ਇਸੇ ਕਮਜ਼ੋਰੀ ਵਲ ਇਸ਼ਾਰਾ ਕੀਤਾ ਹੈ ।



Digitized by Panjab Digital Library | www.panjabdigilib.org

ਇਸ ਹਾਲਤ ਵਿਚ ਮਨੁਖੀ ਸਮਾਜ ਦੇ ਵਿਕਾਸ ਲਈ ਪਹਿਲੇ ਸੂਝ ਬੂਝ ਦਾ ਵਿਕਾਸ ਜ਼ਰੂਰੀ ਸੀ ਇਸ ਤੋਂ ਬਿਨਾ ਅਗੇ ਨਹੀਂ ਸੀ ਵਧਿਆ ਜਾ ਸਕਦਾ। ਇਸ ਲਈ ਉਨ੍ਹਾਂ ਖੁਦ ਗਿਆਨ-ਮਈ ਬਾਣੀ ਉਚਾਰਣ ਕੀਤੀ ਤੇ ਥਾਂ ਥਾਂ ਫਿਰ ਕੇ ਆਪਣੇ ਪਰਚਾਰ-ਦੌਰਿਆਂ (ਉਦਾਸੀਆਂ) ਸਮੇਂ ਹਿੰਦ ਭਰ ਦੇ ਪਹੁੰਚੇ ਹੋਏ ਅਨੁਭਵੀ ਮਹਾਂਪੁਰਸ਼ਾਂ ਦੇ ਬਚਨ ਸੰਚਿਤ ਕੀਤੇ। ਮੰਤਵ ਸਾਫ ਸੀ ਕਿ ਇਸ ਅਗਿਆਨ ਨੂੰ ਮਿਟਾਕੇ ਗਿਆਨ ਦਾ ਚਾਨਣ ਪਸਾਰਿਆ ਜਾਵੇ।

ਬਾਣੀ ਉਚਰਹਿ ਸਾਧੂ ਜਨ, ਹੁਇ ਰੁਸ਼ਨਾਈ ਮਿਟਹਿ ਅੰਧਾਰਾ
ਗਜਾਨ ਗੋਸ਼ਟਿ ਚਰਚਾ ਸਦਾ, ਅਨਹਦ ਸ਼ਬਦ ਉਠੇ ਧੁਨਕਾਰਾ। ੩੮। [ਵਾਰ ੧
[ਭਾ. ਗੁਰਦਾਸ

ਸਮੇਂ ਦੇ ਸਾਹਿਤਕਾਰ ਵੀ ਆਪਣੇ ਰਸਤੇ ਤੋਂ ਉਖੜੇ ਹੋਦੇ ਸਨ, ਤੇ ਰੂਢੀਵਾਦੀ ਹੋਏ ਪੁਰਾਤਨ ਵੇਦਿਕ ਮਾਨਤਾ ਤੋਂ ਉਤਾਂਹ ਨਹੀਂ ਸੀ ਉਠ ਸਕੇ। ਚੇਤਨ ਕਲਾਕਾਰ ਕੀ ਤੇ ਰੂਢੀਵਾਦੀ ਵਿਚਾਰ ਕੀ —

ਨਾਮ ਵਿਸਾਰਹਿ ਬੇਦੁ ਸਮਾਲਹਿ, ਬਿਖੁ ਭੂਲੇ ਲੇਖਾਰੀ। [ਮਾਰੂ ੧ |

ਇਸ ਹਾਲਤ ਵਿਚ ਕੰਮ ਇਥੇ ਹੀ ਨਹੀਂ ਮੁਕਾ ਸਗੋਂ ਗੁਰੂ ਸਾਹਿਬ ਨੇ ਆਪਣੇ ਗੱਦੀ ਨਸ਼ੀਨਾਂ ਨੂੰ ਇਹ ਹਦਾਇਤ ਕੀਤੀ ਕਿ ਉਹ ਇਸ ਰੂਹਾਨੀ ਸਾਹਿਤ ਅਥਵਾ ਬਾਣੀ ਦਾ ਥਾਂ ਥਾਂ ਪਰਚਾਰ ਕਰਨ ਤੇ ਜਿਥੇ ਕਿਤੇ ਹੋਰ ਸੰਤਾਂ ਫਕੀਰਾਂ ਦੀ ਬਾਣੀ ਮਿਲੇ, ਉਸ ਦੀ ਵੀ ਸੰਭਾਲ ਕਰਨ। ਚੁਨਾਂਚਿ ਗੁਰੂ ਅੰਗਦ ਸਾਹਿਬ ਨੂੰ ਜੋ ਬਾਣੀ ਦੀ ਸੰਚੀ ਮਿਲੀ, ਉਸ ਨੂੰ ਆਪ ਨੇ ਲਿਖ ਲਿਖਾਕੇ ਥਾਂ ਥਾਂ ਸਿਖਾਂ ਵਿਚ ਪਰਚਾਰਿਆਂ ਤੇ ਗੁਰੂ ਬਾਬੇ ਦੇ ਸਫਰਾਂ ਦੀ ਸਾਖੀ ਤਿਆਰ ਕਰਵਾਕੇ ਉਤਮ ਵਾਰਤਕ ਦੀ ਵੀ ਬੁਨਿਆਦ ਰੱਖੀ ਜਿਸ ਨੂੰ ਗੁਰੂ ਅਰਜਨ ਸਾਹਿਬ ਦੇ ਭਤੀਜੇ ਬਾਬਾ ਮਿਹਰਵਾਨ ਨੇ 'ਗੋਸਟਿ ਗੁਰੂ ਬਾਬੇ ਨਾਨਕ ਜੀ ਕੀ' ਜੇਹਾ ਵਿਸ਼ਾਲ ਗ੍ਰੰਥ ਲਿਖ ਕੇ ਸਿਖਰ ਤੇ ਪਹੁੰਚਾਇਆ। ਗੁਰੂ ਅਮਰਦਾਸ ਜੀ (1509-1574) ਨੇ ਆਪਣਾ ਸਾਰਾ ਪਰਿਵਾਰ ਹੀ ਇਸ ਸਾਹਿਤਕ ਕਾਰਜ ਵਲ ਲਾ ਦਿਤਾ। ਪੁੱਤ੍ਰ ਮੋਹਨ ਤੇ ਪੋਤਰੇ ਸਹੰਸ੍ਰ ਰਾਮ ਨੇ ਇਸ ਯੱਗ ਵਿਚ ਢੇਰ ਹਿਸਾ ਪਾਇਆ। ਸਤਿਗੁਰੂ ਇਸ ਗੱਲ ਲਈ ਵੀ ਸਾਵਧਾਨ ਸਨ ਕਿ ਸੱਚੇ ਅਧਿਆਤਮਕ ਸਾਹਿਤ ਦਾ ਮਾਣ ਆਦਰ ਦੇਖ ਕੇ ਕਾਫੀ ਲੋਕ 'ਕੱਚੀ' ਜਾਂ ਨਕਲੀ ਰਚਨਾ ਕਰਨ ਲਗ ਪਏ ਸਨ। ਇਸ ਕਰਕੇ ਉਨ੍ਹਾਂ ਆਪਣੇ ਸਿਖਾਂ ਨੂੰ ਵਰਜਿਆ ਕਿ ਇਸ ਨਕਲੀ ਸੋਨੇ ਤੋਂ ਖਬਰਦਾਰ ਰਹਿਣ।* ਗੁਰੂ ਰਾਮਦਾਸ ਪ੍ਰੇਮ-ਤਰੰਗਾਂ ਦੇ ਕਵੀ ਸਨ ਤੇ ਉਹ ਖੁਦ ਵੀ ਹੱਥੀਂ ਬਾਣੀ ਲਿਖਦੇ ਲਿਖਾਂਦੇ ਰਹਿੰਦੇ ਸਨ। ਜਦੋਂ

* ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ
ਬਾਣੀ ਤ ਕਚੀ ਸਤਿਗੁਰੂ ਬਾਝਹੁ, ਹੋਰ ਕੱਚੀ ਬਾਣੀ। [ਅਨੰਦ, ਰਾਮਕਲੀ ਮ. ੩



Digitized by Panjab Digital Library | www.panjabdigilib.org

ਪੰਚਮ ਗੁਰੂ ਨੇ ਆਦਿ ਗ੍ਰੰਥ ਦੀ ਬੀੜ ਬੰਨ੍ਹੀ ਤਾਂ ਜਪੁ ਦਾ ਉਤਾਰਾ ਉਸੇ ਖਰੜੇ ਤੋਂ ਕੀਤਾ ਗਿਆ ਸੀ ਜੋ ਪਿਤਾ ਗੁਰੂ ਨੇ ਲਿਖਿਆ ਹੋਇਆ ਸੀ। ਇਹ ਵੀ ਸਤਿਗੁਰਾਂ ਦਾ ਹੀ ਉਚੇਚਾ ਉਦਮ ਸੀ ਕਿ ਉਨ੍ਹਾਂ ਆਪਣੇ ਛੋਟੇ ਪੁੱਤਰ ਸ੍ਰੀ ਅਰਜਨ ਨੂੰ ਹਰ ਤਰ੍ਹਾਂ ਸਾਹਿਤ ਕਲਾ ਵਿਚ ਨਿਪੁੰਨ ਕੀਤਾ। ਇਸ ਨਿਪੁੰਨਤਾ ਨੂੰ ਵੇਖਕੇ ਹੀ ਤਾਂ ਨਾਨਾ ਗੁਰੂ ਅਮਰਦਾਸ ਜੀ ਨੇ ਇਹ ਕਿਹਾ ਸੀ ਕਿ 'ਮੇਰਾ ਦੋਹਤ੍ਰਾ ਬਾਣੀ ਕਾ ਬੋਹਿਥਾ' ਹੋਵੇਗਾ। ਮਹਾਂ ਪੁਰਸ਼ਾਂ ਦਾ ਅਨੁਮਾਨ ਬਿਲਕੁਲ ਦਰੁਸਤ ਸੀ।

ਗੁਰੂ ਅਰਜਨ ਦੇਵ ਜੀ ਨੇ ਲਗਭਗ ੧੦--੧੨ ਵਰ੍ਹੇ ਲਾ ਕੇ ਭਾਰਤ ਭਰ ਦੇ ਸੰਤਾਂ ਫਕੀਰਾਂ ਦੀ ਬ ਣੀ ਨੂੰ ਆਦਿ ਗ੍ਰੰਥ ਦੇ ਰੂਪ ਵਿਚ ਸੁਚੱਜੀ ਭਾਂਤ ਸੰਪਾਦਿਤ ਕੀਤਾ। ਉਹ ਚਾਹੁੰਦੇ ਤਾਂ ਕੇਵਲ ਗੁਰੂ ਨਾਨਕ ਅਤੇ ਉਸ ਦੇ ਜਾਨਸ਼ੀਨ ਂ ਤਕ ਹੀ ਇਸ ਨੂੰ ਮਹਿਦੂਦ ਰਖ ਸਕਦੇ ਸਨ ਪਰ ਇਰਾਦਾ ਇਹ ਸੀ ਕਿ ਨਵੇਂ ਜ਼ਮਾਨੇ ਦੇ ਨਵੇਂ ਮਨੁਖ ਲਈ ਅਜੇਹੀ ਨਵੀਂ ਧਰਮ ਪੋਥੀ ਤਿਆਰ ਕੀਤੀ ਜਾਵੇ ਜੋ ਸਰਬ-ਸਾਂਝੀਵਾਲਤਾ ਤੇ ਸੁਵਿਗਿਆਨਕਤਾ (unisvesal and rational) ਦੋਹਾਂ ਕਸਵੱਟੀਆਂ ਤੇ ਪੂਰੀ ਉਤਰ ਸਕੇ। ਹਿੰਦੁਸਤਾਨ ਵਿਚ ਇਸ ਸਮੇਂ ਦੋ ਧਰਮ-ਗ੍ਰੰਥ ਵਧੇਰੇ ਪਰਧਾਨ ਸਨ—ਵੇਦ ਤੇ ਕੁਰਾਨ। ਵੇਦ ਯਾ ਹੋਰ ਸਨਾਤਨੀ ਧਰਮ-ਗਿਆਨ ਸੰਸਕ੍ਰਿਤ ਵਿਚ ਸੀ ਜੋ ਆਮ ਲੋਕਾਂ ਦੀ ਸਮਝ ਤੋਂ ਦੂਰ ਦੀ ਗੱਲ ਸੀ। ਇਸੇ ਤਰ੍ਹਾਂ ਅਰਬੀ ਤਾਂ ਸੀ ਹੀ ਬਿਦੇਸ਼ੀ ਜ਼ਬਾਨ, ਇਸ ਦੁਆਰਾ ਹਿੰਦੁਸਤਾਨੀ ਆਤਮਾ ਕਿਵੇਂ ਸੰਤੁਸ਼ਟ ਹੋ ਸਕਦੀ ਜੀ। ਸੋ ਅਜੇਹੇ ਸਮੇਂ ਨਵੇਂ ਵੇਦ ਤੇ ਨਵੀਂ ਕਿਤੇਬ ਦੀ ਲੋੜ ਸੀ ਜੋ ਜਨਸਾਧਾਰਣ ਦੀ ਭਾਸ਼ਾ ਵਿਚ ਹੋਵੇ। ਇਹ ਗਿਆਨ ਦਾ ਸੁਨੇਹਾ ਹਿੰਦ ਭਰ ਦੇ ਸੰਤ ਪੁਰਸ਼, ਸੰਤ-ਭਾਸ਼ਾ ਵਿਚ ਦੇ ਰਹੇ ਸਨ ਜੋ ਕਿ ਭਾਸ਼ਾਈ ਤੇ ਜੀਵਨ-ਲੋੜਾਂ ਦੇ ਨੁਕਤੇ ਤੋਂ ਲੋਕਾਂ ਦੇ ਅਤਿਅੰਤ ਨੇੜੇ ਸੀ। ਇਸ ਕਰਕੇ ਸਿਖ ਗੁਰੂ ਸਾਹਿਬਾਨ ਨੇ ਇਨ੍ਹਾਂ ਅਨੁਭਵੀ ਮਹਾਂ ਪੁਰਸ਼ਾਂ ਦੀ ਬਾਣੀ ਇਕੱਤਰ ਕਰਕੇ ਭਾਰਤੀ ਇਤਿਹਾਸ ਵਿਚ ਇਕ ਬੇਮਿਸਾਲ ਕੰਮ ਕੀਤਾ ਜੋ ਕੇਵਲ ਧਾਰਮਕ ਯਾ ਸਭਿਆਚਾਰਕ ਖੇਤਰ ਵਿਚ ਹੀ ਨਹੀਂ, ਸਾਹਿਤਕ ਖੇਤਰ ਵਿਚ ਵੀ ਇਕ ਨਵਾਂ ਕਾਰਨਾਮਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਕੁਲ 5894 ਸ਼ਬਦ ਹਨ ਜਿਨ੍ਹਾਂ ਵਿਚ 4956 ਗੁਰੂ ਸਾਹਿਬਾਨ ਦੇ ਤੇ 938 ਭਗਤਾਂ, ਭੱਟਾਂ ਆਦਿ ਦੇ ਹਨ। ਫਿਰ ਇਸ ਸੰਚਯ ਕਰਨ ਵਿਚ ਮਜ਼ਬ, ਸੰਪ੍ਰਦਾ, ਨਸਲ, ਵਰਣ ਯਾ ਪ੍ਰਾਂਤਕ ਭੇਦ ਨਹੀਂ ਰੱਖਿਆ ਗਿਆ। ਬ੍ਰਾਹਮਣ ਤੇ ਸ਼ੂਦਰ, ਹਿੰਦੂ ਤੇ ਮੁਸਲਮਾਨ, ਪੰਜਾਬੀ ਤੇ ਗ਼ੈਰਪੰਜਾਬੀ ਸਭੇ ਇਕ ਥਾਂ, ਇਕੋ ਸੁਰ ਵਿਚ ਬੋਲਦੇ ਸੁਣਾਈ ਦਿੰਦੇ ਹਨ।

ਉਸ ਜ਼ਮਾਨੇ ਜਦੋਂ ਇਤਨੀ ਸਾਂਝੀਵਾਲਤਾ ਤ ਸਾਹਿਤਕਾਰੀ ਦੀ ਚੇਤਨਾ ਨਹੀਂ ਸੀ, ਇਸ ਤਰ੍ਹਾਂ ਦੇ ਅਧਿਆਤਮਕ ਸਾਹਿਤ ਦਾ ਵੰਨਸੁਵੰਨਾ, ਗੁਲਦਸਤਾ ਸਜਾਉਣਾ ਸਚਮੁਚ ਹੀ ਇਕ ਕ੍ਰਾਂਤੀ ਵਾਲੀ ਗੱਲ ਸੀ। ਜਦੋਂ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬਾਨ ਤੋਂ ਇਲਾਵਾ ਸ਼ੇਖ ਫਰੀਦ, ਨਾਮਦੇਵ, ਜੈਦੇਵ, ਤ੍ਰਿਲੋਚਨ, ਬੇਣੀ, ਰਾਮਾਨੰਦ, ਕਬੀਰ,



Digitized by Panjab Digital Library | www.panjabdigilib.org

ਰਵਿਦਾਸ ਧੰਨਾ, ਭੀਖਨ, ਸੈਣ, ਪੀਪਾ, ਸਧਨਾ, ਪਰਮਾਨੰਦ, ਸੂਰਦਾਸ, ਸੁੰਦਰ, ਮਰਦਾਨਾ, ਸੱਤਾ, ਰਾਇ ਬਲਵੰਡ, ਕੱਲ੍ਹ, ਜਾਲਪ, ਕੀਰਤ, ਸੱਲ, ਭੱਲ; ਨੱਲ, ਭਿੱਖਾ, ਪਰਮਾਨੰਦ, ਬੱਲ, ਹਰਿਬੰਸ ਤੇ ਮਥਰਾ ਆਦਿ ਦਰਜਨਾਂ ਸੰਤਾਂ ਭਗਤਾਂ ਦੇ ਅਮੋਲਕ ਖਿੰਡੇ ਪੁੰਡੇ ਸਾਹਿਤ ਨੂੰ ਥਾਂ ਥਾਂ ਤੋਂ ਚੁਣਕੇ ਸੰਚਿਤ ਕੀਤਾ ਗਿਆ ਤੇ ਫਿਰ ਬੜੀ ਹੀ ਸੰਪਾਦਕੀ ਸੂਝ ਨਾਲ ਇਸ ਨੂੰ ਰਾਗ-ਕ੍ਰਮ ਅਨੁਸਾਰ ਤਰਤੀਬਿਆ ਗਿਆ ਤਾਂ ਗੁਰੂਆਂ ਦੇ ਇਹ ਜਤਨ ਸਾਹਿਤਕ ਖੇਤਰ ਵਿਚ ਇਕ ਨਵੇਂ ਮਾਰਗ ਉਲੀਕਦੇ ਦਿਸਦੇ ਹਨ। * ਸ਼ਾਇਦ ਅਜ ਅਸੀਂ ਪ੍ਰੈੱਸ ਯੁਗ ਵਿਚ ਰਹਿੰਦੇ ਹੋਏ ਗੁਰੂਆਂ ਦੀ ਸਾਹਿਤਕ ਘਾਲ ਦਾ ਸਹੀ ਅੰਦਾਜ਼ਾ ਵੀ ਨਹੀਂ ਲਾ ਸਕਦੇ ਕਿ ਉਨ੍ਹਾਂ ਕਿਵੇ ਤੇ ਕਿਹੜੇ ਕਿਹੜੇ ਸਾਧਨਾਂ ਰਾਹੀਂ ਇਨ੍ਹਾਂ ਬਚਨਾਂ ਯਾ ਰਚਨਾਵਾਂ ਦੇ ਹੱਥਲਿਖਤ ਖਰੜੇ ਪ੍ਰਾਪਤ ਕੀਤੇ ਹੋਣਗੇ ਤੇ ਫਿਰ ਇਨ੍ਹਾਂ ਦੀ ਸੋਧ ਸੁਧਾਈ ਉਤੇ ਚੋਖਾ ਸਮਾ ਖਰਚਿਆ ਹੋਵੇਗਾ।

---

* ਗੁਰੂਆਂ ਦੇ ਸਾਹਿਤਕ ਪ੍ਰਭਾਵ ਹੇਠ ਲਿਖੀਆਂ ਭਾ: ਗੁਰਦਾਸ ਦੀਆਂ 39 ਵਾਰਾਂ ਤੇ 556 ਕਬਿੱਤ ਸਵੱਈਏ ਉਨ੍ਹਾਂ ਦੀ ਕਲਾ ਤੇ ਦਾਰਸ਼ਨਿਕ ਸੋਝੀ ਦਾ ਪ੍ਰਮਾਣ ਦੇ ਰਹੇ ਹਨ। ਮਾਲਵੇ ਦਾ ਸਿਖ ਖੈਰ੍ਹਾ ਫਫੜਾ, ਗੁਰੂ ਅਰਜਨ ਸਾਹਿਬ ਦੇ ਘੋੜ-ਚੜ੍ਹਿਆਂ ਵਿਚੋਂ ਸੀ ਇਸ ਦਾ ਭਤੀਜਾ ਭਾਈ ਬਹਿਲੋ (1660 ਬਿ. ਦੇਹਾਂਤ) ਕੇਵਲ ਸੇਵਾ ਕਰਕੇ ਹੀ ਨਹੀਂ ਸਹਿਤਕ ਸੂਝੀ ਕਰਕੇ ਵੀ ਇਕ ਸ਼ਿਰੋਮਣੀ ਸਿੱਖ ਸੀ। ਸਾਂਝ ਤੇ ਏਕਤਾ ਦਾ ਸੰਦੇਸ਼ ਦੇਣ ਵਾਲੀ ਇਸ ਦੀ ਵੰਨਸੁਵੰਨੀ ਕਾਫ਼ੀ ਰਚਨਾ ਮਿਲਦੀ ਹੈ, ਜੋ ਅਜੇ ਅਪ੍ਰਕਾਸ਼ਿਤ ਹੈ। ਵੰਨਗੀ ਇਸ ਪ੍ਰਕਾਰ ਹੈ :—

ਤੇਗ ਕਹਤ ਹੈ ਹਿੰਦ ਜੋ, ਤੁਰਕ ਕਹਤ ਸ਼ਮਸ਼ੇਰ
'ਬਹਿਲੋ' ਦੂਜੋ ਫਰਕ ਨਹਿ, ਨਾਮ ਕਹਨ ਮੋ ਫੇਰ। ੧।

ਹਿੰਦੂ ਕਹਤੇ ਗੁਰੂ ਹੈਂ, ਤੁਰਕ ਕਹਿਤ ਤਿਸ ਪੀਰ
'ਬਹਲੋ' ਓਹੀ ਗੱਲ ਹੈਂ, ਭੇਦ ਆਬ ਅਰ ਨੀਰ। ੨।

ਹਿੰਦੂ ਕਹਤੇ ਸੁਰਗ ਹੈਂ; ਤੁਰਕ ਭਿਸਤ ਭਨ ਨਾਮ
'ਬਹਲੋ' ਦੂਜਾ ਭੇਦ ਨਹਿ, ਵਹੀ ਨਮਾਮਿ ਸਲਾਮ। ੩।

ਹਿੰਦੂ ਕਹਤੇ ਏਕ ਹੈ, ਭਨੇ ਤੁਰਕ ਦੁਇ ਨਾਹਿ
ਬਹਿਲੋ ਬਿਨ ਸਤਸੰਗ ਤੇ, ਧੀਰਜ ਨਾਹੀ ਪਾਹਿ। ੪।

ਭਰਮ ਗਇਆ ਜਬ ਬੀਚ ਤੇ, ਦੂਜਾ ਕਾਹੂ ਨਾਹਿ
ਬਹਲੋ ਏਕੋ ਬ੍ਰਹਮ ਹੈ, ਨਹੀਂ ਅੰਧ ਰਵਿ ਮਾਂਹਿ। ੫।

ਛੇਵੇਂ ਗੁਰਾਂ ਦੇ ਜਮਾਤਾ ਬਾਬਾ ਸਾਧੂ ਜਨ ਦੀ ਰਚਨਾ ਵੀ ਇਸੇ ਧਾਰਾ ਦਾ ਪ੍ਰਵਾਹ ਹੈ।



Digitized by Panjab Digital Library | www.panjabdigilib.org

ਇਸ ਸਮੇਂ ਇਸ ਸੁੱਚੇ ਸਹਿਤ ਦੀ ਲਿਖਾਈ ਵੀ ਇਕ ਉਤਮ ਕਲਾ ਤੇ ਮਨੋਹਰ ਸੇਵਾ ਸੀ ਜਿਸ ਨੂੰ ਸਿਖ ਪੰਥ ਭਾਗ ਜਾਣ ਕੇ ਕਰਦੇ ਸਨ।

ਭਾਈ ਗੁਰਦਾਸ ਜੀ ਨੇ ਕਲਮੀ ਸੇਵਾ ਦੀ ਤਾਰੀਫ ਕਰਦਿਆਂ ਕਿਹਾ ਹੈ :—

'ਗੁਰਮੁਖਿ ਹਥ ਸਕਥ ਹੈ, ਸਾਧ ਸੰਗਤਿ ਗੁਰ ਕਾਰ ਕਮਾਵੈ
ਪਾਣੀ ਪੱਖਾ ਪੀਹਣਾ, ਪੈਰ ਧੋਇ ਚਰਣਾਮ੍ਰਿਤ ਪਾਵੈ
ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ।' [ਵਾਰ ੬]

ਇਸ ਇਤਨੀ ਘਾਲ ਤੋਂ ਇਹ ਗੱਲ ਤਾਂ ਬਿਲਕੁਲ ਹੀ ਪਰਗਟ ਹੈ ਕਿ ਸਤਿਗੁਰੂ ਜ਼ਿੰਦਗੀ ਦੇ ਵਿਕਾਸ ਲਈ ਅਧਿਆਤਮਕ ਸਾਹਿਤ ਦਾ ਕਿਤਨਾ ਮਹੱਤਵ ਅਨੁਭਵ ਕਰਦੇ ਸਨ। ਉਨ੍ਹਾਂ ਦਾ ਨਿਸਚਾ ਸੀ ਕਿ ਇਸ ਗਿਆਨ ਤੋਂ ਬਿਨਾਂ ਮਨੁਖ ਦਾ ਪਾਰ ਉਤਾਰਾ ਨਹੀਂ ਹੋ ਸਕਦਾ। ਇਸੇ ਲਈ ਉਨ੍ਹਾਂ ਇਸਨੂੰ ਕੇਵਲ ਦਿਲ ਪਰਚਾਵੇ ਦੀ ਚੀਜ਼ ਨ ਜਾਣਕੇ ਇਸਦੀ ਪਦਵੀ 'ਗੁਰੂ' ਕਹਿਕੇ ਵਡਿਆਈ। ਇਹ ਗੁਰੂਆਂ ਦੀ ਬਖ਼ਸ਼ਿਸ਼ ਤੇ ਮਿਹਰਵਾਨੀ ਸੀ ਕਿ ਉਨ੍ਹਾਂ ਗਿਆਨ ਦੇ ਮੱਥੇ ਗੁਰਿਆਈ ਦਾ ਤਿਲਕ ਦੇ ਕੇ ਬਾਣੀ ਨੂੰ ਇਸ ਸਿੰਘਾਸਨ ਤੇ ਸੁਸ਼ੋਭਤ ਕੀਤਾ ਤਾਂ ਕਿ ਮਨੁਖ ਸਦਾ ਲਈ ਹਰ ਤਰ੍ਹਾਂ ਦੀ ਸ਼ਖਸ਼ੀ ਗੁਲਾਮੀ ਤੋਂ ਛੁਟਕਾਰਾ ਪਾ ਸਕੇ। ਆਮ ਤੌਰ ਤੇ ਅਸੀਂ ਰਾਜਸੀ ਗੁਲਾਮੀ ਤੋਂ ਤਾਂ ਛੁਟਕਾਰਾ ਪਾ ਲੈਂਦੇ ਹਾਂ ਪਰ ਧਾਰਮਕ ਦੁਨੀਆਂ ਵਿਚ ਕਿਸੇ ਦੀ ਦਾਸਤ ਪਰਵਾਨ ਕਰਨੀ ਜਾਇਜ਼ ਹੀ ਸਮਝਦੇ ਹਾਂ ਮਗਰ 'ਸ਼ਬਦ ਗੁਰ ਪੀਰਾ ਗਹਿਰ ਗੰਭੀਰਾ' ਦਾ ਹੋਕਾ ਦੇਣ ਵਾਲੇ ਗੁਰੂਆਂ ਦਾ ਪੱਕਾ ਇਰਾਦਾ ਸੀ ਕਿ ਆਦਮੀ ਸਿਵਾਇ ਪਰਮੇਸ਼ਰ ਦੇ ਕਿਸੇ ਦਾ ਆਸ਼ੀ ਨਾ ਹੋਵੇ, ਇਸੇ ਲਈ ਸਿਖਾਂ ਨੂੰ 'ਸ਼ਬਦ' ਜਾਂ 'ਬਾਣੀ' ਦਾ ਪੱਲਾ ਫੜਾਇਆ ਗਿਆ। ਸਪਸ਼ਟ ਹੈ ਕਿ ਆਦਿ ਗ੍ਰੰਥ ਨੂੰ 'ਗੁਰੂ' ਸਥਾਪਤ ਕਰਕੇ ਸਿੱਖ ਗੁਰੂਆਂ ਮਨੁਖੀ ਸੁਤੰਤ੍ਰਤਾ ਲਈ ਇਕ ਨਵਾ ਉਪਕਾਰ ਕੀਤਾ। ਭਾਰਤੀ ਦਰਸ਼ਨ ਸ਼ਾਸਤ੍ਰੀਆਂ, ਸ਼ਬਦ ਨੂੰ 'ਨਿੱਤ' ਕਿਹਾ ਹੈ ਤੇ ਕਿਸੇ ਥਾਂ 'ਸ਼ਬਦ ਬ੍ਰਹਮ' ਦੀ ਵੀ ਕਲਪਨਾ ਕੀਤੀ ਗਈ ਹੈ ਪਰ ਇਸ ਅਧਿਆਤਮਕ ਸ਼ਬਦ ਨੂੰ 'ਗੁਰੂ' ਬਣਾਉਣਾ ਸਿਖ ਗੁਰੂਆਂ ਦਾ ਬੌਧਿਕ ਕ੍ਰਿਸ਼ਮਾ ਸੀ। ਦੂਜੇ ਸ਼ਬਦਾਂ ਵਿਚ ਰੂਹਾਨੀ ਸਾਹਿਤ ਨੂੰ 'ਸਤਿਗੁਰੂ' ਮੰਨਕੇ ਤੁਰਨਾ ਮਨੁੱਖੀ ਸੰਸਕ੍ਰਿਤੀ ਦੀ ਇਕ ਨਵੀ ਮੰਜ਼ਲ ਸੀ ਪਰ ਇਸਦਾ ਗੌਰਵ ਅਜੇ ਪੂਰੀ ਤਰ੍ਹਾਂ ਅਨੁਭਵ ਨਹੀਂ ਕੀਤਾ ਗਿਆ। ਬਾਰ ਬਾਰ ਦ੍ਰਿੜ੍ਹ ਕਰਾਇਆ ਗਿਆ ਹੈ :—

'ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨ ਸ਼ਬਦੈ ਜਗ ਬਉਰਾਨੰ (ਮ : ੧)

'ਗੁਰਬਾਣੀ ਇਸ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਇ। [ਮ: ੩

'ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ
ਗੁਰਬਾਣੀ ਕਹੈ ਸੇਵਕ ਜਨੁ ਮਾਨੈ, ਪ੍ਰਤੱਖੁ ਗੁਰੂ ਨਿਸਤਾਰੇ।' [ਮ: ੪

'ਸਤਿਗੁਰੂ ਬਚਨੁ ਬਚਨ ਹੈ ਸਤਿਗੁਰੂ, ਪਾਧਰੁ, ਮੁਕਤਿ ਜਨਾਵੈਗੋ।' [ਮ: ੫



Digitized by Panjab Digital Library | www.panjabdigilib.org

'ਇਕਾ ਬਾਣੀ ਇਕੁ ਗੁਰੂ ਇਕੋ ਸ਼ਬਦੁ ਵਿਚਾਰਿ ।' [ਮ: ੫

ਇਸ ਤਰ੍ਹਾਂ ਪਹਿਲੇ ਪੰਜ ਗੁਰੂਆਂ ਸਿਧਾਂਤਕ ਰੂਪ ਵਿਚ ਇਹ ਬੁਨਿਆਦ ਪੱਕੀ ਕਰ ਦਿਤੀ ਕਿ ਬਾਣੀ ਹੀ ਗੁਰੂ ਹੈ, ਹੋਰ ਕਿਸੇ ਧਾਰਮਕ ਪੀਰ ਅਵਤਾਰ ਦੀ ਮੁਰੀਦੀ ਮੁਥਾਜੀ ਲੋੜੀਂਦੀ ਨਹੀਂ ।

ਪਰ ਸਮਾਜ ਤੇ ਰਾਜ ਦੇ ਵਿਰੋਧ ਨਾਲ ਵੀ ਨਿਪਟਣਾ ਜ਼ਰੂਰੀ ਸੀ, ਇਸ ਤੋਂ ਬਿਨਾਂ ਇਹ ਸਿਧਾਂਤ ਕੇਵਲ ਸਿਧਾਂਤ ਹੀ ਰਹਿ ਜਾਂਦੇ ਤੇ ਇਸ ਰਾਹੀਂ ਮਨੁਖੀ ਸਮਾਜ ਦਾ ਵਿਕਾਸ ਸੰਭਵ ਨਹੀਂ ਸੀ । ਗੁਰੂ ਹਰਗੋਬਿੰਦ, ਗੁਰੂ ਹਰਿ ਰਾਇ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਇਸੇ ਲਈ ਘਾਲ ਘਾਲਦੇ ਰਹੇ । ਫਿਰ ਗੁਰੂ ਤੇਗ ਬਹਾਦਰ ਜੀ ਨੇ ਯੁਗ ਦੀਆਂ ਲੋੜਾਂ ਅਨੁਸਾਰ ਸੰਤ ਭਾਸ਼ਾ ਦੀ ਥਾਂ ਸਰਲ ਹਿੰਦੁਸਤਾਨੀ ਵਿਚ ਵੈਰਾਗਮਈ ਬਾਣੀ ਕਹਿ ਕੇ ਇਸ ਲਹਿਰ ਨੂੰ ਵਿਆਪਕ ਬਣਾਉਣ ਦਾ ਯਤਨ ਕੀਤਾ ਤੇ ਨਾਲ ਹੀ ਲੋਕਾਂ ਨੂੰ ਸੰਸਾਰ ਦੀ ਨਾਸ਼ਮਾਨਤਾ ਤੇ ਨਿਰਭੈਤਾ ਦੀ ਸੰਥਾ ਦੇ ਕੇ ਕੁਰਬਾਨੀ ਲਈ ਤਿਆਰ ਬਰਤਿਆਰ ਕੀਤਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਹ ਲਹਿਰ ਮੰਜ਼ਲ ਤੇ ਪੁਜ ਚੁਕੀ ਸੀ, ਜਿਸ ਦਾ ਅਕਾਲੀ ਵਿਸ਼ਵਾਸ ਮਰਦ ਅਗੰਮੜੇ ਦੇ ਸ਼ਬਦਾਂ ਵਿਚ ਇਉਂ ਗੂੰਜ ਰਿਹਾ ਸੀ :—

ਬਲ ਹੋਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ
ਸਭ ਕਿਛੁ ਤੁਮਰੇ ਹਾਥ ਮਹਿ, ਤੁਮਹੀ ਹੋਤੁ ਸਹਾਇ । [ਮ. ੧੦

ਸੋ ਇਕ ਤਰ੍ਹਾਂ ਅਧਿਆਤਮਕ ਗਿਆਨ ਯੋਗ ਸੰਪੂਰਣ ਕਰ ਦਿਤਾ ਗਿਆ ਸੀ ਤੇ ਹੁਣ ਇਸ ਗਿਆਨ ਗ੍ਰੰਥ ਦੇ ਖਜ਼ਾਨੇ ਦੀ ਸੰਭਾਲ ਲਈ ਕਰਮਯੋਗ ਨੂੰ ਵਧੇਰੇ ਬਲਵਾਨ ਕਰਨ ਦੀ ਲੋੜ ਸੀ ਤੇ ਇਹ ਕੰਮ 'ਸਿਖ ਸੰਗਤ' ਨੂੰ 'ਸ਼ਸਤ੍ਰਧਾਰੀ ਪੰਥ' ਬਣਾ ਕੇ ਕੀਤਾ ਗਿਆ । ਹੁਣ ਸਿਖ ਲਹਿਰ ਜਿਸ ਨਵੇਂ ਪੜਾ ਤੇ ਸੀ, ਉਥੇ ਕਰਮਯੋਗ ਨੂੰ ਬਲਵਾਨ ਬਣਾਉਣ ਵਾਸਤੇ ਪਰੰਪਰਾ ਤੇ ਇਤਿਹਾਸ ਦੀ ਸ਼ਕਤੀ ਨੂੰ ਵਰਤਣਾ ਜ਼ਰੂਰੀ ਸੀ । ਗੁਰੂ ਸਾਹਿਬ ਨੇ ਗੁਰੂ ਸਿਧਾਂਤ ਤਾਂ ਇਹੋ ਦ੍ਰਿੜਾਇਆ —

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤਿ ਲਗਾਓ ।
[ਰਾਮਕਲੀ ੧੦

ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ।
[ਰਹਿਤਨਾਮਾ ਭਾਈ ਚੌਪਾ ਸਿੰਘ

ਪਰੰਤੂ ਇਸ ਦੇ ਨਾਲ ਹੀ ਭਾਰਤੀ ਪਰੰਪਰਾ ਦੀ ਸ਼ਕਤੀ ਤੋਂ ਕੰਮ ਲੈਣ ਲਈ ਉਨ੍ਹਾਂ ਨਵਾਂ ਬਲਵੰਤ ਸਾਹਿਤ ਰਚਿਆ ਜਿਸ ਨਾਲ ਜ਼ਿੰਦਗੀ ਗੌਰਵ ਅਨੁਭਵ ਕਰਕੇ ਉਮਾਹ ਵਿਚ ਆਵੇ ।



Digitized by Panjab Digital Library | www.panjabdigilib.org

ਆਖਿਰ ਉਨ੍ਹਾਂ ਲਈ ਜੀਵਨ ਦਾ ਮੰਤਵ 'ਧਰਮ ਚਲਾਵਨ ਸੰਤ ਉਬਾਰਨ' ਮਾਤਰ ਹੀ ਨਹੀਂ ਸੀ, ਨਾਲ 'ਦੁਸਟ ਸਭਨ ਕੋ ਮੂਲ ਉਪਾਰਨ' ਵੀ ਬਹੁਤ ਜ਼ਰੂਰੀ ਸੀ। ਫਿਰ ਮੁਗਲ ਸਾਮਰਾਜ ਦੇ ਦਬੇਲ ਗੁਲਾਮਾਂ ਨੂੰ ਜਗਾਉਣਾ ਵੀ ਸੌਖਾ ਕੰਮ ਨਹੀਂ ਸੀ, ਇਸ ਕਰਕੇ ਉਨ੍ਹਾਂ ਆਪਣੇ ਰੂਹਾਨੀ ਸਾਹਿਤ ਨੂੰ ਵੀ ਬੀਰ-ਰਸੀ ਪਾਹ ਦੇ ਕੇ ਨਵੇਂ ਰੰਗ ਵਿਚ ਪ੍ਰਗਟਾਇਆ। ਇਸ ਭੇਦ ਦੀ ਪੂਰੀ ਪਛਾਣ ਲਈ ਜਪੁ ਤੇ ਜਾਪੁ ਦਾ ਤੁਲਨਾਤਮਕ ਅਧਿਐਨ ਕਰਨਾ ਲਾਭਵੰਦਾ ਹੈ। ਇਹੋ ਵਿਸ਼ੇਸ਼ਤਾ ਅਕਾਲ ਉਸਤਤਿ, ੩੩ ਸਵਈਏ ਤੇ ਗਿਆਨ ਪ੍ਰਬੋਧ ਆਦਿ ਵਿਚ ਵੀ ਵੇਖੀ ਜਾ ਸਕਦੀ ਹੈ।

ਫਿਰ ਉਨ੍ਹਾਂ ਨਾਲ ਹੀ ਅਜੇਹਾ ਪ੍ਰਾਪੇਗੰਡਾ ਲਿਟਰੇਚਰ ਵੀ ਰਚਿਆ ਜੋ ਭਾਰਤੀ ਪਰੰਪਰਾ ਦਾ ਗੌਰਵ ਦੱਸਕੇ ਲੋਕਾਂ ਨੂੰ ਟੁੰਬ ਸਕੇ। ਆਖਿਰ ਧਰਮ-ਜੁਧ ਦਾ ਚਾਉ ਪੈਦਾ ਕਰਨ ਲਈ ਹੀ ਉਨ੍ਹਾਂ 'ਅਵਤਾਰ ਲੀਲ੍ਹਾ' ਨੂੰ 'ਬਚਿਤ੍ਰ ਨਾਟਕ' ਬਣਾ ਕੇ ਪੇਸ਼ ਕੀਤਾ ਸੀ। ਇਸ ਵਿਚ ਗੁਰੂ ਕਵੀ ਨੇ ਆਪਣਾ ਮੰਤਵ ਵੀ ਸਾਫ ਦੱਸਿਆ ਹੈ —

ਦਸਮ ਕਥਾ ਭਾਗਵਤ ਕੀ, ਭਾਖਾ ਕਰੀ ਬਨਾਇ
ਅਵਰ ਬਾਂਛਨਾ ਨਾਹਿ ਕਿਛੁ, ਧਰਮ ਜੁਧ ਕੈ ਚਾਇ। [ਕ੍ਰਿਸ਼ਨਾਵਤਾਰ

ਸੋ ਇਹ ਦੋਵੇਂ ਤਰ੍ਹਾਂ ਦਾ ਸਾਹਿਤ, ਹਿੰਦੀ, ਪੰਜਾਬੀ, ਫਾਰਸੀ ਆਦਿ ਵਿਚ ਜੋ ਗੁਰੂ ਗੋਬਿੰਦ ਸਿੰਘ ਨੇ ਰਚਿਆ, ਉਹ ਅਜ 'ਦਸਮ ਗ੍ਰੰਥ' ਦੇ ਰੂਪ ਵਿਚ ਸੁਰੱਖਿਅਤ ਹੈ। ਇਹ ਸਿਧਾਂਤਕ ਪਕਿਆਈ ਦੇ ਨਾਲ ਨਾਲ ਲੋਕ-ਹਿਰਦਿਆਂ ਨੂੰ ਵੀ ਪਕਿਆਈ ਬਖਸ਼ਣ ਵਾਲਾ ਹੈ। ਸੰਤ ਸਿਪਾਹੀ ਬਣਾਉਣ ਲਈ ਅਜੇਹੀ ਬਲਵਾਨ ਰਚਨਾ ਦੀ ਡਾਢੀ ਲੋੜ ਸੀ, ਸੋ ਆਦਿ ਗ੍ਰੰਥ ਨੇ ਜਿਸ ਰੱਬੀ ਏਕਤਾ ਤੇ ਮਨੁਖੀ ਏਕਤਾ ਦਾ ਸਿਧਾਂਤ ਦ੍ਰਿੜ੍ਹਾਇਆ ਸੀ, ਦਸਮ ਗ੍ਰੰਥ ਨੇ ਓਜਮਈ ਸ਼ੈਲੀ ਵਿਚ ਉਸ ਦੀ ਜ਼ੋਰਦਾਰ ਪੁਸ਼ਟੀ ਕੀਤੀ। ਦੇਖੋ, ਇਸ ਛੰਦ-ਚਾਲ ਵਿਚ ਨਿਸਚੇ ਦਾ ਕਦਮ ਵੀ ਬਰਾਬਰ ਤੁਰਦਾ ਦਿਸਦਾ ਹੈ :—

'ਜ਼ਿਮੀ ਜਮਾਂ ਕੇ ਬਿਖੇ ਸਮਸਤ ਏਕ ਜੋਤਿ ਹੈ
ਨ ਬਾਢ ਹੈ ਨ ਘਾਟ ਹੈ, ਨ ਘਾਟ ਬਾਢ ਹੋਤ ਹੈ।' [ਅਕਾਲ ਉਸਤਤਿ

ਇਸ ਤਰ੍ਹਾਂ ਦਸਮ ਗੁਰਾਂ ਨੇ ਅਧਿਆਤਮਕ ਸੁਰਾਂ ਵਿਚ ਬੀਰਤਾ ਦੀ ਜੈ ਜੈ ਕਾਰ ਗੁੰਜਾਈ। ਇਸ ਤੋਂ ਇਲਾਵਾ ਅਵਤਾਰਾਂ ਦੀਆਂ ਤੇ ਚੰਡੀ ਦੀਆਂ ਪੁਰਾਣਿਕ ਕਹਾਣੀਆਂ ਲੋਕਾਂ ਵਿਚ ਆਮ ਪ੍ਰਚਲਤ ਸਨ, ਉਨ੍ਹਾਂ ਦੀ ਬਹਾਦਰੀ ਤੇ ਵਡਿਆਈ ਦਾ ਵੀ ਪ੍ਰਭਾਵ ਸੀ। ਗੁਰੂ ਸਾਹਿਬ ਨੇ ਇਸ ਬਲਵਾਨ ਪਰੰਪਰਾ ਨੂੰ ਚਮਕਾਕੇ ਯੁਗ ਦੀ ਲੋੜ ਨੂੰ ਪੂਰਿਆਂ ਕੀਤਾ। ਉਨ੍ਹਾਂ ਭਾਰਤੀ ਪਰੰਪਰਾ ਨੂੰ ਅਜੇਹਾ ਬਲਵਾਨ ਤੇ ਸ਼ਕਤੀਵਾਨ ਬਣਾਕੇ ਪੇਸ਼ ਕੀਤਾ ਕਿ ਨਿਹੱਥੇ ਤੇ ਨਿਤਾਣੇ ਲੋਕ ਮੁਗਲ ਸਾਮਰਾਜ ਨਾਲ ਟੱਕਰਨ ਲਈ ਤਿਆਰ ਬਰਤਿਆਰ ਹੋ ਗਏ। ਇਸੇ ਤਰ੍ਹਾਂ ਚਰਿਤਰੋਪਖੋਯਾਨ' ਦੀ ਰਚਨਾ ਆਚਰਣਕ ਉੱਚਤਾ ਨੂੰ ਕਾਇਮ



Digitized by Panjab Digital Library | www.panjabdigilib.org

ਰੱਖਣ ਲਈ ਕੀਤੀ ਗਈ ਤਾਂ ਕਿ ਇਹ ਸੰਤ ਸਿਪਾਹੀ ਕਿਸੇ ਕਾਮਤ੍ਰ ਫਰੇਬੀ ਜਾਲ ਦਾ ਸ਼ਿਕਾਰ ਨ ਹੋ ਜਾਣ।

ਸੋ 'ਦਸਮ ਗ੍ਰੰਥ' ਭਾਵੇਂ ਇਕ ਪੁਸਤਕ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਜੇਹੇ ਬੀਰ ਪੁਰਸ਼ ਦੀ ਗ੍ਰੰਥਾਵਲੀ ਹੈ ਪਰ ਇਸ ਸਾਰੀ ਰਚਨਾਵਲੀ ਦਾ ਮੰਤਵ ਜੀਵਨ ਆਦਰਸ਼ ਨੂੰ ਹਰ ਪਹਿਲੂ ਤੋਂ ਮਜ਼ਬੂਤ ਕਰਨਾ ਸੀ। ਸਿਧਾਂਤਕ ਦ੍ਰਿੜ੍ਹਤਾ ਵੀ ਲਿਆਂਦੀ ਗਈ ਤੇ ਨਾਲ ਨਾਲ ਨਿਤਾਣੇ ਕਮਜ਼ੋਰ ਹਿਰਦਿਆਂ ਨੂੰ 'ਬਾਬਾਣੀਆਂ ਕਹਾਣੀਆਂ' ਸੁਣਾਕੇ ਬੀਰ ਬਹਾਦਰ ਵੀ ਬਣਾਇਆ ਗਿਆ। 'ਦਸਮ ਗ੍ਰੰਥ' ਦੀ ਸਾਰੀ ਰਚਨਾ ਵਿਚ ਚਾਹੇ ਉਹ ਅਧਿਆਤਮਕ ਹੈ ਚਾਹੇ ਪਰਚਾਰਾਤਮਕ, ਦੋ ਹੀ ਆਵਾਜ਼ਾਂ ਸੁਣਾਈ ਦਿੰਦੀਆਂ ਹਨ, ਇਕ ਸ਼ਸਤਰਾਂ ਦੀ ਛਣਕਾਰ ਯਾ ਫਿਰ ਮਹਾਂ ਸ਼ਕਤੀ ਅਕਾਲ ਅਕਾਲ ਦੀ ਧੁਨਕਾਰ।

ਇਸ ਭੇਦ ਨੂੰ ਜਾਣੇ ਬਿਨਾਂ ਕਈ ਸੱਜਣ ਦਸਮ ਗ੍ਰੰਥ ਦੇ ਗੌਰਵ ਨੂੰ ਸਮਝ ਨਹੀਂ ਸਕੇ। ਆਖਰ ਅਜੇਹੀ ਮਹਾਨ ਰਚਨਾ ਦਾ ਨਤੀਜਾ ਸੀ ਕਿ ਪੰਜਾਬ ਦੇ ਸਾਧਾਰਣ ਕਿਰਤੀ ਲੋਕਾਂ ਮੁਗਲਰਾਜ ਦੀ ਇੱਟ ਨਾਲ ਇੱਟ ਖੜਕਾ ਦਿਤੀ। ਇਹ ਬਹੁਤ ਵੱਡੀ ਗੱਲ ਸੀ ਜੋ ਗੁਰੂ ਸਾਹਿਬ ਨੇ ਸਾਹਿਤ ਦੁਆਰਾ ਕੀਤੀ। ਅਖਿਰ ਅੰਮ੍ਰਿਤ ਵੀ ਤਾਂ ਇਸੇ ਰੂਹਾਨੀ ਬਾਣੀ ਨਾਲ ਹੀ ਤਿਆਰ ਕੀਤਾ ਗਿਆ ਸੀ।

ਸਾਡੇ ਦੇਸ ਵਿਚ ਵਰਣਾਂ ਦੇ ਅਧਿਕਾਰ ਤੇ ਕਰਤੱਵ ਵੱਖ ਵੱਖ ਮੰਨੇ ਗਏ ਹਨ, ਬ੍ਰਹਮਣ ਛੱਤ੍ਰੀ ਧਰਮ ਨਹੀਂ ਕਰ ਸਕਦਾ ਤੇ ਛੱਤ੍ਰੀ, ਬ੍ਰਾਹਮਣੀ ਧਰਮ ਨਹੀਂ ਨਿਭਾ ਸਕਦਾ ਤੇ ਸੂਦਰ ਤਾਂ ਦੋਹਾਂ ਕਰਤੱਵਾਂ ਤੋਂ ਵੰਚਿਤ ਸੀ। ਇਤਿਹਾਸ ਵਿਚ ਇਸ ਗੱਲ ਦੀ ਗਵਾਹੀ ਪ੍ਰਤੱਖ ਹੈ ਕਿ ਜਦ ਸ਼ਿਵਾ ਜੀ ਗੱਦੀ ਬੈਠਣ ਲਗੇ ਤਾਂ ਬ੍ਰਾਹਮਣਾਂ ਛੋਟੀ ਜਾਤੀ ਕਾਰਣ ਇਸ ਨੂੰ ਅੰਗੀਕਾਰ ਨਹੀਂ ਸੀ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਭਾਰੀ ਯੱਗ ਕਰੋ ਤਾਂ ਹੀ ਤੁਸੀਂ 'ਛੱਤਰੀ ਕਰਮ' ਦੇ ਅਧਿਕਾਰੀ ਹੋ ਸਕਦੇ ਹੋ। ਚੁਨਾਂਚਿ ਲਗਭਗ 50 ਲੱਖ ਰੁਪਈਆ ਖਰਚ ਕਰਕੇ ਸ਼ਿਵਾ ਜੀ ਨੇ 3-4 ਮਹੀਨੇ ਯੱਗ ਕੀਤੇ, 11 ਹਜ਼ਾਰ ਬ੍ਰਾਹਮਣ ਪਰਿਵਾਰਾਂ ਨੂੰ ਦਾਨ ਦਿਤੇ ਤਾਂ ਉਹ ਰਾਜ ਦੇ ਅਧਿਕਾਰੀ ਸਮਝੇ ਗਏ।

ਕਈ ਮਰਾਠੀ ਇਤਿਹਾਸਕਾਰਾਂ ਅਨੁਸਾਰ ਇਹ ਖਰਚ ਸੱਤ ਕ੍ਰੋੜ ਤੱਕ ਵੀ ਅਨੁਮਾਨਿਆਂ ਗਿਆ ਹੈ ਜੋ ਸ਼ਿਵਾ ਜੀ ਨੂੰ ਛਤਰੀ ਬਣਨ ਲਈ ਖਰਚ ਕਰਨਾ ਪਿਆ।* ਸਤਿਗੁਰਾਂ ਇਹ ਕੰਮ ਮਿਹਨਤਕਸ਼ ਗਰੀਬ ਲੋਕਾਂ ਨੂੰ ਖੰਡੇ ਦੀ ਪਾਹੁਲ ਦੇਕੇ ਤੇ ਬੀਰ ਸਾਹਿਤ ਦਾ ਮੰਤਰ ਫੂਕ ਕੇ ਦਿਨਾਂ ਵਿਚ ਕਰ ਦਿਖਾਇਆ ਤੇ 'ਭੂਰਿਆਂ ਵਾਲਿਆਂ' ਨੂੰ ਰਾਜੇ ਬਣਾਕੇ ਇਤਿਹਾਸ ਦਾ ਰੁਖ ਮੋੜ ਦਿਤਾ। ਇਸ ਇਤਿਹਾਸਕ ਪਰਿਵਰਤਨ ਵਿਚ ਤਲਵਾਰ

* The Menace of Hindu imperialism. (D J. Maharaj) p. 166



Digitized by Panjab Digital Library | www.panjabdigilib.org

ਦਾ ਜਿਤਨਾ ਭਾਗ ਸੀ, ਉਤਨਾ ਹੀ ਦਸਮ ਗ੍ਰੰਥ ਦੇ ਬੀਰ ਸਾਹਿਤਕਾਰ ਦਾ ਵੀ ਸੀ। ਇਹ ਠੀਕ ਹੈ ਕਿ ਸਿਖ ਸਿਧਾਂਤ ਆਦਿ ਗ੍ਰੰਥ ਤੇ ਦਸਮ ਗ੍ਰੰਥ ਦਾ ਬਰਾਬਰ ਦਰਜਾ ਨਹੀਂ ਮੰਨਦੇ ਪਰ ਇਸ ਦਾ ਇਹ ਭਾਵ ਵੀ ਨਹੀਂ ਕਿ ਜੋ ਕੰਮ ਗੁਰੂ ਗੋਬਿੰਦ ਜੀ ਨੇ ਕਲਮ ਦੁਆਰਾ ਸਾਹਿਤ ਰਚ ਕੇ ਕੀਤਾ ਉਹ ਕੋਈ ਛੋਟੀ ਗੱਲ ਸੀ। ਜੇ ਆਦਿ ਗ੍ਰੰਥ ਨੇ ਗੁਰੂ ਹੁੰਦਿਆਂ ਲੋਕਾਂ ਨੂੰ 'ਸਿਖ' ਬਣਾਇਆ ਹੈ ਤਾਂ ਦਸਮ ਗ੍ਰੰਥ ਨੇ ਇਸ 'ਸਿਖ' ਨੂੰ 'ਸਿੰਘ' ਸਜਾਉਣ ਵਿਚ ਭਾਰਾ ਹਿੱਸਾ ਪਾਇਆ।* ਫਿਰ ਗੁਰੂ ਸਾਹਿਬ ਨੇ ਅਜੇਹਾ ਬੀਰ ਰਸ ਰਚਣ ਲਈ ਆਪ ਹੀ ਕਲਮ ਨਹੀਂ ਵਾਹੀ ਸਗੋਂ ਕਿਤਨੇ ਹੀ ਹੋਰ ਲੇਖਕਾਂ ਕਵੀਆਂ ਨੂੰ ਇਸ ਸਭਿਆਚਾਰਕ ਉਸਾਰੀ ਵਿਚ ਆਪਣੇ ਸਰਗਰਮ ਸਹਿਯੋਗੀ ਬਣਾਕੇ ਇਕ ਨਵੀਂ ਸਾਹਿਤਧਾਰਾ ਦੀ ਸਥਾਪਨਾ ਕੀਤੀ।

## (ਅ) ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤਕ ਸਰਪ੍ਰਸਤੀ

ਇਕ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ, ਸਾਰੇ ਸਿੱਖਾਂ ਨੂੰ ਹੁਕਮ ਦਿਤਾ ਕਿ ਸਭੇ ਸ਼ਸਤ੍ਰ ਧਾਰਨ ਕਰਨ, ਕੋਈ ਸਿੱਖ ਬਿਨਾ ਤਲਵਾਰ ਪਹਿਨੇ ਦਰਬਾਰ ਵਿਚ ਨ ਆਵੇ। ਇਸ ਹੁਕਮ ਅਨੁਸਾਰ ਸਭ ਨੇ ਗਾਤਰੇ ਤੇਗਾਂ ਸਜਾ ਲਈਆਂ। ਆਗਿਆ ਦਾ ਪਾਲਣ ਕਰਦਿਆਂ ਭਾਈ ਨੰਦ ਲਾਲ ਜੀ ਤੇ ਭਾਈ ਕਨ੍ਹਈਆ ਜੀ ਨੇ ਵੀ ਤੇਗਾਂ ਪਹਿਨ ਲਈਆਂ। ਜਦ ਸਾਰੇ ਸਿਖ ਦਰਬਾਰ ਵਿਚ ਹਾਜ਼ਰ ਹੋਏ ਤਾਂ ਗੁਰੂ ਸਾਹਿਬ ਨੇ ਸਭ ਨੂੰ ਬੜੀ ਰੀਝ ਤੇ ਨੀਝ ਨਾਲ ਤੱਕਿਆ। ਪਹਿਲੇ ਭਾਈ ਨੰਦ ਲਾਲ ਨੂੰ ਮੁਖਾਤਿਬ ਕਰਦਿਆਂ ਆਪ ਨੇ ਕਿਹਾ 'ਤੁਹਾਨੂੰ ਤੇਗ ਪਹਿਨਣ ਦੀ ਕੀ ਲੋੜ ਸੀ, ਤੁਸੀਂ ਕਲਮ ਹੀ ਰੱਖੋ, ਤੁਹਾਡੇ ਲਈ ਮੈਂ ਜੁ ਧਾਬ ਰਖੀ ਹੈ।' ਇਸੇ ਤਰ੍ਹਾਂ ਭਾਈ ਕਨ੍ਹਈਏ ਨੂੰ ਪਿਆਰ ਨਾਲ ਫੁਰਮਾਇਆ, 'ਤੁਸੀਂ ਸੇਵਾ ਦੀ ਦੇਗ ਚਲਾਓ, ਤੇਗ ਅਸੀਂ ਚਲਾਵਾਂਗੇ।'

ਇਸ ਘਟਨਾ ਤੋਂ ਇਹ ਗੱਲ ਬੜੀ ਸਪਸ਼ਟ ਹੈ ਕਿ ਸਤਿਗੁਰੂ ਹਾਲਾਤ ਦੀ ਮਜਬੂਰੀ ਕਾਰਣ ਸ਼ਸਤਰ ਧਾਰਨ ਕਰਦੇ ਹੋਏ ਵੀ ਕਲਮ ਦੀ ਅਹਿਮੀਅਤ ਤੇ ਜੀਵਨ ਦੇ ਬਾਕੀ ਉਸਾਰੂ ਪਾਸੇ ਦਾ ਕਿੰਨਾਂ ਧਿਆਨ ਰਖਦੇ ਸਨ। ਇਹੋ ਕਾਰਣ ਹੈ, ਜਿਥੇ ਉਨ੍ਹਾਂ ਦੇਸ

---

* ਅਗੇ ਪੁਰਾਤਨ ਨਉਂ ਪਾਤਸ਼ਾਹੀਆਂ ਥੀਂ 'ਸਿਖੀ' ਚਲੀ ਆਈ
ਸੰਮਤ ਸਤਾਰਾਂ ਸੈ ਚਉਰੰਜਵੇਂ; ਨਾਲਿ ਦਸਵੇਂ ਪਾਤਸ਼ਾਹ 'ਸਿੰਘੀ' ਰਲਾਈ। ੧੦੮।

[ਬੰਸਾਵਲੀਨਾਮਾ—ਕੇਸਰ ਸਿੰਘ ਛਿੱਬਰ



Digitized by Panjab Digital Library | www.panjabdigilib.org

ਦੀ ਰੱਖਿਆ ਲਈ ਚੰਗੇ ਚੰਗੇ ਸ਼ਸਤ੍ਰਧਾਰੀ ਸੂਰਮੇ ਆਪਣੇ ਪਾਸ ਰੱਖੇ, ਉਥੇ ਦੂਜੇ ਪਾਸੇ ਸ਼ਸਤ੍ਰਵੇਤਾ ਵਿਦਵਾਨ ਕਲਮਧਾਰੀ ਵੀ ਚੁਣ ਚੁਣਕੇ ਆਦਰ ਮਾਣ ਨਾਲ ਲਿਆਂਦੇ। ਦਰਅਸਲ ਗੁਰੂ ਗੋਬਿੰਦ ਸਿੰਘ ਜੀ ਦੀ ਉਚੀ ਸ਼ਖਸੀਅਤ ਅਧਿਆਤਮਕ ਗੁਰੂ, ਬੀਰ ਸੈਨਪਤੀ ਤੇ ਵਿਦਵਾਨ ਕਵੀ ਦਾ ਸੰਗਮ ਸੀ। ਸ਼ਾਇਦ ਇਤਿਹਾਸ ਵਿਚ ਅਜੇਹੀ ਮਿਸਾਲ ਦੁਰਲਭ ਹੀ ਹੋਵੇ। ਕਈ ਵਾਰ ਕੁਝ ਇਤਿਹਾਸਕਾਰ ਸਤਿਗੁਰਾਂ ਦੇ ਪ੍ਰਸੰਗ ਵਿਚ ਰਾਣਾ ਪ੍ਰਤਾਪ, ਸ਼ਿਵਾ ਜੀ ਜਾਂ ਨਿਪੋਲੀਅਨ ਆਦਿ ਦਾ ਵੀ ਚਰਚਾ ਕਰ ਲੈਂਦੇ ਹਨ ਪਰ ਉਨ੍ਹਾਂ ਸ਼ਾਇਦ ਕਦੀ ਇਸ ਗੱਲ ਵਲ ਧਿਆਨ ਨਹੀਂ ਦਿਤਾ ਕਿ ਇਹ ਬੀਰ ਪੁਰਸ਼ ਅਧਿਆਤਮਕਤਾ ਤੇ ਕਾਵਿ-ਸ਼ਕਤੀ ਦੇ ਸੁਆਮੀ ਨਹੀਂ ਸਨ। ਗੁਰੂ ਸਾਹਿਬ ਦੀ ਇਹ ਖੂਬੀ ਸੀ ਕਿ ਉਨ੍ਹਾਂ ਮਨੁਖੀ ਜੀਵਨ ਦੇ ਵਿਕਾਸ ਲਈ ਹਰ ਖੇਤਰ ਵਿਚ ਭਰਪੂਰ ਘਾਲ ਘਾਲੀ। ਕਲਮ ਵੀ ਚਲਾਈ ਤੇ ਤੇਗ ਵੀ ਵਾਹੀ।

ਜਿਥੋਂ ਤਕ ਆਪ ਦੀ ਸਾਹਿਤਕ ਕਦਰਦਾਨੀ ਦਾ ਸਵਾਲ ਹੈ, ਉਹ ਕਿਸੇ ਪ੍ਰਮਾਣ ਦੀ ਮੁਥਾਜ ਨਹੀਂ। ਗੁਰਗੱਦੀ ਤੇ ਬੈਠਣ ਤੋਂ ਦੋ ਤਿੰਨ ਵਰ੍ਹੇ ਬਾਦ ਹੀ 1734 ਬਿ: ਵਿਚ ਉਨ੍ਹਾਂ ਸਿਖਾਂ ਵਲ ਇਸ ਭਾਵ ਦੇ ਹੁਕਮਨਾਮੇ ਲਿਖਕੇ ਭੇਜੇ ਕਿ ਜੋ ਵੀ ਲਿਖਾਰੀ ਸਿਖ ਹੋਵੇ ਉਸ ਨੂੰ ਅਨੰਦਪੁਰ ਭੇਜ ਦਿਤਾ ਜਾਵੇ।* ਇਸੇ ਤਰ੍ਹਾਂ ਹੋਰ ਵਿਦਵਾਨ ਸਾਹਿਤਕਾਰਾਂ ਨੂੰ ਵੀ ਚੰਗੇ ਚੋਖੇ ਪੈਸੇ ਖਰਚਕੇ ਮੰਗਵਾਉਣ ਦਾ ਪ੍ਰਬੰਧ ਕੀਤਾ ਗਿਆ। ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ :—

ਜੋ ਬ੍ਰਾਹਮਣ ਵਿਦਵਾਨ ਹੈ ਚੰਗਾ, ਸੋ ਭਿਜ਼ਵਾਣਾ
ਜੋ ਖਰਚ ਲਗੇ ਸੋ ਗੁਰੂ ਕੇ ਘਰੂੰ ਲਾਣਾ। ੫੬।

[ਬੰਸਾਵਲੀਨਾਮਾ, ਦਸਵਾਂ ਚਰਣ

ਇਸ ਸੱਦੇ ਅਨੁਸਾਰ ਬਹੁਤ ਸਾਰੇ ਕਵੀ ਜਨ ਤੇ ਲਿਖਾਰੀ ਗੁਰੂ ਜੀ ਦੀ ਹਜ਼ੂਰੀ

---

* ਹੁਕਮਨਾਮੇ ਸਿੱਖਾਂ ਵਲ ਲਿਖੇ, ਜੋ ਲਿਖਾਰੀ ਸਿਖ ਹੋਵੇ ਸੋ ਹਜ਼ੂਰਿ ਆਵੇ। ੧੭੪।
[ਰਹਿਤਨਾਮਾ ਭਾਈ ਚੋਪਾ ਸਿੰਘ

ਆਗਿਆ ਕੀਨੀ ਸਤਿਗੁਰ ਦਯਾਲ, ਬਿਦਿਆਵਾਨ ਪੰਡਿਤ ਲੇਹੁ ਭਾਲ
ਜੋ ਜਿਸ ਬਿਦਿਆ ਗਿਆਤਾ ਹੋਇ। ਵਹੀ ਪੁਰਾਨ ਸੰਗ ਲਿਆਵੈ ਸੋਇ। ੨।
ਦੇਸ ਦੇਸ ਕੋ ਸਿਖ ਚਲਾਏ. ਪੰਡਤ ਪੁਰਾਨ ਸੰਗਤਿ ਲਿਆਏ
ਬਨਾਰਸ ਆਦਿ ਜੁ ਵਿਦਿਆ ਠੌਰ, ਪੰਡਿਤ ਸਭ ਵਿਦਿਆ ਸਿਰਮੌਰ। ੩।
ਸਤਿਗੁਰ ਕੇ ਆਇ ਇਕਤਰ ਸਭ ਭਏ, ਬਹੁ ਆਦਰ ਸਤਿਗੁਰ ਜੂ ਦਏ
ਮਿਰਯਾਦਾ ਬਾਂਧਿ ਖਰਚ ਕੋ ਦਇਆ, ਭੇਦ ਬਿਭੇਦ ਕਾਹੂੰ ਨਹੀਂ ਭਇਆ। ੪।
[ਮਿਹਿਮਾ ਪ੍ਰਕਾਸ਼, ਬਾਵਾ ਸਰੂਪਚੰਦ ਭੱਲਾ (ਹੱਥ-ਲਿਖਤ) ਪੱਤਰਾ ੪੧੨



Digitized by Panjab Digital Library | www.panjabdigilib.org

ਆਏ । ਦਿਨਾਂ ਵਿਚ ਹੀ ਅਨੰਦਪੁਰ ਦਰਬਾਰ ਦੀ ਐਸੀ ਰਚਨਾ ਬਣੀ ਕਿ ਕਵੀ ਇਸ ਦੀ ਸ਼ੋਭਾ ਕਰਦੇ ਨਹੀਂ ਸੀ ਥੱਕਦੇ । ਇਸ ਸਮੇਂ ਦੀਆਂ ਸੰਮਤ ਵਾਲੀਆਂ ਤਿੰਨ ਚੀਜ਼ਾਂ ਮਿਲੀਆਂ ਹਨ । 1737 ਬਿ: ਵਿਚ ਲੱਖਣ ਨੇ ਤੇ 1741 ਵਿਚ ਤਨਸੁਖ ਨੇ ਹਿਤੋਪਦੇਸ਼ ਦਾ ਅਨੁਵਾਦ ਕੀਤਾ । 1740 ਬਿ: ਦੀ ਲਿਖੀ ਕਵੀ ਜਗਨਨਾਥ ਦੀ 'ਮੋਹ ਮਰਦ ਰਾਜੇ ਦੀ ਕਥਾ' ਮਿਲਦੀ ਹੈ । ਕੁਝ ਹਾਲਾਤ ਬਦਲਣ ਕਾਰਣ ਗੁਰੂ ਸਾਹਿਬ ਨੂੰ 1742 ਬਿ: ਤੋਂ 1746 ਬਿ: ਤਕ ਪਾਉਂਟੇ ਜਾ ਕੇ ਟਿਕਣਾ ਪਿਆ ਤੇ ਉਥੇ ਵੀ ਜਮਨਾ ਕਿਨਾਰੇ ਕਵੀ ਦਰਬਾਰ ਸਜਦੇ ਰਹੇ । ਪਰ ਛੇਤੀ ਹੀ ਜਦ ਉਹ ਅਨੰਦ ਪੁਰ ਪਰਤੇ ਤਾਂ ਉਨ੍ਹਾਂ ਸਾਹਿਤਕ ਕਾਰਯ ਦੀ ਮਹਾਨ ਯੋਜਨਾ ਬਣਾ ਲਈ ਤੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਕਵੀਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ । ਇਹ ਗੱਲ 1746 ਬਿ: ਦੀ ਹੈ ਜਦ ਪ੍ਰਹਿਲਾਦ ਕਵੀ ਨੇ ਉਪਨਿਸ਼ਧਾਂ ਦਾ ਤਰਜਮਾ ਸ਼ੁਰੂ ਕੀਤਾ ਤੇ ਕਾਂਸ਼ੀ ਰਾਮ ਨੇ ਪਾਂਡਵ ਗੀਤਾ ਦਾ ਅਨੁਵਾਦ 1747 ਬਿ: ਵਿਚ ਕੀਤਾ । 1750 ਤੋਂ 1753 ਬਿ: ਤਕ ਮਹਾਂਭਾਰਤ ਦਾ ਅਨੁਵਾਦ ਕਰਾਏ ਜਾਣ ਦੇ ਸਾਨੂੰ ਲਿਖਤੀ ਪ੍ਰਮਾਣ ਮਿਲਦੇ ਹਨ ।

ਇਹੋ ਹੀ ਨਹੀਂ ਕਿ ਇਸ ਗੁਰੂ ਦਰਬਾਰ ਵਿਚ ਕੇਵਲ ਪੰਜਾਬ ਦੇ ਹੀ ਕਵੀ ਆਏ ਸਗੋਂ ਦਿੱਲੀ ਦਰਬਾਰ ਵਲੋਂ ਸੰਮਨਿਤ ਕਈ ਕਵੀ ਜਿਵੇਂ ਆਲਮ, ਸੁਖਦੇਵ, ਬ੍ਰਿੰਦ, ਚੰਦ, ਕਾਂਸ਼ੀ ਰਾਮ, ਕੁੰਵਰੇਸ਼, ਨੰਦ ਰਾਮ, ਨੰਦ ਲਾਲ ਗੋਯਾ ਆਦਿ ਰਾਜ ਕਵੀ ਵੀ ਅਨੰਦ ਪੁਰ ਆਏ । ਆਖਿਰ ਕੋਈ ਗੱਲ ਸੀ ਜਿਸ ਕਰਕੇ ਅਜੇਹੇ ਵੱਡੇ ਵੱਡੇ ਕਵੀ ਇਥੇ ਆਉਣਾ ਮਾਣ ਦੀ ਗੱਲ ਸਮਝਦੇ ਸਨ । ਗੁਰੂ ਸਾਹਿਬਾਂ ਦਾ ਸਾਹਿਤਕ ਮੰਤਵ ਤੇ ਕਦਰਦਾਨੀ ਦੋਵੇਂ ਹੀ ਲੁਭਾਉਣ ਵਾਲੀਆਂ ਗੱਲਾਂ ਸਨ । ਉਹ ਪੜ੍ਹੇ ਲਿਖੇ ਵਿਦਵਾਨ ਪੁਰਸ਼ ਸਨ ਤੇ ਇਹ ਚੰਗੀ ਤਰ੍ਹਾਂ ਅਨੁਭਵ ਕਰ ਰਹੇ ਸਨ ਕਿ ਸਤਿਗੁਰੂ ਭਾਰਤੀ ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਲਈ ਇਹ ਸਾਹਿਤਕ ਕਾਰਜ ਕਰਕੇ ਇਕ ਨਵੇਂ ਇਨਕਲਾਬ ਦੀ ਬੁਨਿਆਦ ਰੱਖ ਰਹੇ ਸਨ, ਇਸ ਲਈ ਉਨ੍ਹਾਂ ਦੇ ਉਦੇਸ਼ ਨਾਲ ਹਰ ਸੋਝੀਵਾਨ ਭਲੇ ਪੁਰਸ਼ ਦੀ ਸੰਮਤੀ ਸੀ । ਫਿਰ ਆਪ ਦੀ ਆਪਣੀ ਵਿਦਵਤਾ ਵੀ ਆਕਰਸ਼ਣ ਦੇ ਵੱਡੇ ਕਾਰਣਾਂ ਵਿਚੋਂ ਸੀ । ਇਸ ਤੋਂ ਵੀ ਅੱਗੇ, ਜਿਸ ਭਾਂਤ ਆਏ ਕਵੀ ਨੂੰ ਗੁਰੂ ਸਾਹਿਬ ਦਾਨ ਸਨਮਾਨ ਨਾਲ ਨਿਵਾਜਦੇ, ਉਹ ਕਥਨ ਤੋਂ ਬਾਹਰ ਸੀ ।

ਆਲਮ ਕਵੀ ਔਰੰਗਜ਼ੇਬ ਦੇ ਬੇਟੇ ਸ਼ਹਿਜ਼ਾਦਾ ਮੁਅੱਜ਼ਮ ਪਾਸ ਰਿਹਾ ਸੀ, ਉਹ ਆਪਣੇ ਤਜਰਬੇ ਦੇ ਅਧਾਰ ਤੇ ਕਹਿੰਦਾ ਹੈ ਕਿ ਜਿਸ ਤਰ੍ਹਾਂ ਇਥੇ ਕਵੀਆਂ ਨੂੰ ਰੋਜ਼ ਧਨ ਦੌਲਤ ਨਾਲ ਮਾਲਾਮਾਲ ਕੀਤਾ ਜਾਂਦਾ, ਉਸ ਤਰ੍ਹਾਂ ਤਾਂ ਰਾਜਾ ਭੋਜ ਦੇ ਦਰਬਾਰ ਵਿਚ ਵੀ ਨਹੀਂ ਸੀ ਹੁੰਦਾ । ਉਥੇ ਕਦੀ ਕਦੀ ਐਸਾ ਹੁੰਦਾ ਸੀ, ਇਥੇ ਗੁਰੂ ਦਰਬਾਰ ਵਿਚ ਇਹ ਦਾਤਾਂ ਰੋਜ਼ ਵੰਡੀਆਂ ਜਾਂਦੀਆਂ ਹਨ, ਉਸ ਦਾ ਕਬਿੱਤ ਹੈ —



Digitized by Panjab Digital Library | www.panjabdigilib.org

ਸ਼ੋਭਾ ਹੂੰ ਕੇ ਸਾਗਰ ਨਵਲ ਨੇਹੁ ਨਾਗਰ ਹੈਂ
ਬਲ ਭੀਮ ਸਮ ਸ਼ੀਲ ਕਹਾਂ ਲੌ ਗਿਨਾਈਏ ।

ਭੂਮਿ ਕੇ ਵਿਭੁਖਨ ਜੁ ਦੂਖਨ ਕੇ ਦੂਖਨ
ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਘਾਈਏ ।

ਹਿੰਮਤ ਨਿਧਾਨ ਆਨ ਦਾਨ ਕੋ ਬਖਾਨੈ ਜਾਨ
'ਆਲਮ' ਤਮਾਮ ਜਾਮ ਆਠਹੁ ਗੁਨ ਗਾਈਏ ।

ਸਾਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਜੀਉ !
ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ ।

ਮੰਗਲ ਕਵੀ ਅਨੰਦਪੁਰ ਦੀ ਵਡਿਆਈ ਦਸਦਾ ਹੋਇਆ ਹੋਰ ਕਵੀਆਂ ਨੂੰ ਸੱਦਾ ਦਿੰਦਾ ਹੈ ਕਿ ਆਓ ! ਜੇਕਰ ਸਚਮੁਚ ਹੀ ਕਵਿਤਾ ਦਾ ਤੇ ਜ਼ਿੰਦਗੀ ਦਾ ਆਨੰਦ ਲੈਣਾ ਹੈ, ਤਾਂ ਅਨੰਦਪੁਰ ਪਹੁੰਚੋ ।

ਪੂਰਨ ਪੁਰਖ ਅਵਤਾਰ ਆਨ ਲੀਨ ਆਪ
ਜਾਂਕੈ ਦਰਬਾਰ ਮਨ ਚਿਤਵਹਿ ਸੋ ਪਾਈਏ

ਘਟਿ ਘਟਿ ਬਾਸੀ ਅਬਿਨਾਸੀ ਨਾਮ ਜਾਂਕੋ ਜਗ
ਕਰਤਾ ਕਰਨਹਾਰ ਸੋਈ ਦਿਖਰਾਈਏ

ਨੌਮੇ ਗੁਰ ਨੰਦ, ਜਗ ਬੰਦ ਤੇਗ ਤਯਾਗ ਪੂਰੇ
ਮੰਗਲ ਸੁਕਵਿ ਕਹਿ ਮੰਗਲ ਸੁਥਾਈਏ ।

ਆਨੰਦ ਕੋ ਦਾਤਾ ਗੁਰੂ ਸਾਹਿਬ ਗੋਬਿੰਦ ਰਾਇ
ਚਾਹੈ ਜੋ ਅਨੰਦ ਤਉ ਅਨੰਦਪੁਰ ਆਈਏ ।

ਕੁੰਵਰੇਸ਼ ਜੋ ਕਿ ਮਹਾਂ ਕਵੀ ਕੇਸ਼ਵ ਦਾਸ ਦਾ ਪੁੱਤਰ ਸੀ, ਉਹ ਆਖਦਾ ਹੈ ਕਿ ਦੇਸ ਦੇ ਕਵੀਆਂ ਦਾ ਜੀਵਨ-ਆਸਰਾ ਦਸ਼ਮੇਸ਼ ਹੀ ਹੈ, ਇਨ੍ਹਾਂ ਦੇ ਸਦਕੇ ਹੀ ਸਾਹਿਤਕਾਰ ਸੁਖ ਦੀਆਂ ਘੜੀਆਂ ਬਿਤਾਉਂਦੇ ਹਨ :—

ਗੁਰੂ ਗੋਬਿੰਦ ਨਰਿੰਦ ਹੈ, ਤੇਗ ਬਹਾਦਰ ਨੰਦ
ਜਿਨ ਤੇ ਜੀਵਤ ਹੈਂ ਸਕਲ, ਭੂਤਲ ਕਵਿ ਬੁਧਿ ਬ੍ਰਿੰਦ ।

ਨਦੀ ਸ਼ਤੁਦਰ ਤੀਰ ਤਹਿ, ਸ਼ੁਭ ਅਨੰਦ ਪੁਰ ਨਾਮ
ਗੁਰੂ ਗੋਬਿੰਦ ਨਰਿੰਦ ਕੇ, ਰਾਜਤ ਸੁਭਗ ਸੁਧਾਮ ।

ਹੰਸ ਰਾਮ ਦਾ ਕਥਨ ਵੀ ਇਸੇ ਦੀ ਪੁਸ਼ਟੀ ਕਰਦਾ ਹੈ :



Digitized by Panjab Digital Library | www.panjabdigilib.org

ਚਾਰ ਬਚਨ ਚਾਰੋ ਜਹਾਂ, ਆਸ਼੍ਰਮ ਕਰਤ ਅਨੰਦ
ਤਾ ਕੋ ਨਾਮ 'ਅਨੰਦ ਪੁਰ', ਹੈ ਅਨੰਦ ਕੋ ਕੰਦ ।

ਨਾਲੇ ਇਹ ਗੱਲ ਕੇਵਲ ਕਥਨੀ ਮਾਤ੍ਰ ਨਹੀਂ. ਇਤਿਹਾਸ ਤੋਂ ਇਸ ਦੇ ਸਪਸ਼ਟ ਪ੍ਰਮਾਣ ਵੀ ਮਿਲਦੇ ਹਨ । ਗੁਰੂ ਸਾਹਿਬ ਨੇ ਮਹਾਂ ਭਾਰਤ ਦੇ ਕਈ ਪਰਬਾਂ* ਦਾ ਤਰਜਮਾ ਕਰਾਇਆ ਤਾਂ ਕਵੀਆ ਨੂੰ ਦਿਲ ਖੋਲ੍ਹ ਕੇ ਦਾਨ ਦਿਤਾ । ਹੰਸ ਰਾਮ ਨੇ ਕਰਣ ਪਰਬ ਦਾ ਅਨੁਵਾਦ ਕੀਤਾ ਤਾਂ ਉਸ ਨੂੰ ਸੱਠ ਹਜ਼ਾਰ ਟਕਾ ਦਿਤਾ ਗਿਆ । ਕਵੀ ਲਿਖਦਾ ਹੈ :—

ਪ੍ਰਿਥਮ ਕ੍ਰਿਪਾ ਕਰਿ ਰਾਖ ਮੋਹਿ, ਗੁਰ ਗੋਬਿੰਦ ਉਦਾਰ
ਟਕਾ ਕਰੇ ਬਖਸੀਸ ਤਬ, ਮੋਕਉ ਸਾਠ ਹਜਾਰ ।

ਅੰਮ੍ਰਿਤ ਰਾਇ ਨੂੰ ਸਭਾ ਪਰਬ ਦਾ ਕੰਮ ਸੰਪੂਰਣ ਕਰਨ ਤੇ ਇਤਨੇ ਹੀ ਪੈਸੇ ਦਿਤੇ ਜਾਣ ਦਾ ਜ਼ਿਕਰ ਬਾਬਾ ਸੁਮੇਰ ਸਿੰਘ ਜੀ ਨੇ ਆਪਣੇ ਗ੍ਰੰਥ 'ਗੁਰਪਦ ਪ੍ਰੇਮ ਪ੍ਰਕਾਸ਼' ਵਿਚ ਕੀਤਾ ਹੈ । ਕੁੰਵਰੇਸ਼ ਨੇ ਦਰੋਣ ਪਰਬ ਦਾ ਭਾਖਾਨੁਵਾਦ ਕੀਤਾ ਹੈ, ਉਹ ਗੁਰੂ ਸਾਹਿਬ ਦੇ ਦਾਨ ਨੂੰ 'ਕਰੋੜਾਂ ਦਾ ਦਾਨ' ਕਹਿਕੇ ਪ੍ਰਸੰਨ ਹੁੰਦਾ ਹੈ :—

ਦ੍ਰੋਣ ਪਰਬਤ ਭਾਖਾ ਕਿਯੋ. ਗੁਰ ਗੋਬਿੰਦ ਸੁਜਾਨ
ਕਹਯੋ ਸੁਕਵਿ ਕੁੰਵਰੇਸ਼ ਕੋ, ਦੀਏ ਕ੍ਰੋਰਨ ਦਾਨ ।

ਮੰਗਲ ਪਸਤੂਰ ਦਾ ਰਹਿਣ ਵਾਲਾ ਪੰਜਾਬੀ ਕਵੀ ਸੀ, ਉਸ ਦੇ ਜ਼ਿੰਮੇ ਸ਼ੱਲਯ ਪਰਬ ਦਾ ਕੰਮ ਲਗਿਆ, ਉਹ ਪ੍ਰਾਪਤ ਇਨਾਮ ਨੂੰ 'ਅਰਬ ਖਰਬ' ਕਹਿਕੇ ਗਦ ਗਦ ਹੁੰਦਾ ਹੈ :—

ਸ਼ਲਯ ਪਰਬ ਭਾਖਾ ਕਿਯੋ. ਗੁਰੂ ਗੋਬਿੰਦ ਕੇ ਰਾਜ
ਅਰਬ ਖਰਬ ਬਹੁ ਦ੍ਰਬ ਹੈ, ਕਰਿ ਕਵਿਯਨ ਕੇ ਕਾਜ ।

ਇਹ ਕਵੀਆਂ ਨੂੰ ਉਤਸ਼ਾਹਤ ਕਰਨ ਦਾ ਇਕ ਪੱਖ ਹੈ, ਨਾਲੇ ਗੁਰੂ ਸਾਹਿਬ ਕੇਵਲ ਨਕਦ ਪੈਸੇ ਹੀ ਨਹੀਂ, ਸੁੰਦਰ ਘੋੜੇ, ਹਥਿਆਰ, ਹੀਰੇ ਮੋਤੀ ਤੇ ਹੋਰ ਸੁਨਹਿਰੀ ਭੂਸ਼ਣ

---

* ਅਠਾਰਾਂ ਪਰਬ--ਆਦਿ, ਸਭਾ, ਬਨ, ਵਿਰਾਟ, ਉਦਯੋਗ, ਭੀਸ਼ਮ. ਦ੍ਰੋਣ, ਕਰਣ, ਸ਼ੱਲਯ, ਸੌਪਤਿਕ, ਇਸਤ੍ਰੀ, ਸ਼ਾਂਤਿ, ਅਨੁਸ਼ਾਸਨ, ਅਸ਼ਵਮੇਧ, ਆਸ੍ਰਮਵਾਸੀ, ਮੋਸਲ, ਮਹਾਂ ਪ੍ਰਸਥਾਨ ਤੇ ਸਵਰਗਾਰੋਹਣ ਪਰਬ । ਕੁਝ ਪਰਬਾਂ ਦੇ ਅਨੁਵਾਦ ਦਾ ਖਰੜਾ ਮੋਤੀ ਬਾਗ ਲਾਇਬਰੇਰੀ ਪਟਿਆਲਾ ਵਿਚ ਹੈ । ਕੁਝ ਕੁ ਦੀ ਨਕਲ ਮਹਾਰਾਜਾ ਬਨਾਰਸ ਦੀ ਲਾਇਬਰੇਰੀ ਵਿਚ ਹੈ । ਇਸ ਤੋਂ ਇਲਾਵਾ 1895 ਈ: ਵਿਚ ਮਹੇਤ ਗਣੇਸ਼ਾ ਸਿੰਘ ਜੀ ਨੇ ਬਾਬੂ ਧਯਾਨ ਸਿੰਘ ਡਰਾਫਟਸ ਮੈਨ ਰੇਲਵੇ ਵਰਕਸ਼ਾਪ ਇਨਸਨ (ਬਰਮਾ) ਪਾਸ ਵੀ ਇਕ ਖਰੜਾ ਤੱਕਿਆ ਸੀ । [ਇਤਿਹਾਸ ਨਿਰਮਲ ਭੇਖ, (ਗਣੇਸ਼ਾ ਸਿੰਘ) ਪੰਨਾ 48



Digitized by Panjab Digital Library | www.panjabdigilib.org

ਵੀ ਕਵੀਆਂ ਨੂੰ ਪ੍ਰਦਾਨ ਕਰਦੇ ਰਹਿੰਦੇ ਸਨ ।

ਅਣੀ ਰਾਇ ਨੇ ਆਪ-ਬੀਤੀ ਦਸਦਿਆਂ ਲਿਖਿਆ ਹੈ :—

'ਅਣੀ ਰਾਇ ਗੁਰੂ ਸੇ ਮਿਲੇ, ਦੀਨੀ ਤਾਂਹਿ ਅਸੀਸ
'ਆਉ' ਕਹਿਓ ਮੁਖ ਆਪਣੇ, ਬਹੁਰ ਕਰੀ ਬਖਸ਼ੀਸ਼ । ੧ ।

ਨਗ ਕੰਚਨ ਭੂਖਣ ਦਹੁਰ, ਦੀਨੇ ਸਤਿਗੁਰ ਏਹ
'ਨਾਮਾ ਹੁਕਮ' ਲਿਖਾਇਕੈ, ਕੀਨੋ ਸਰਸ ਸਨੇਹ । ੨ ।
(ਜੰਗਨਾਮਾ ਗੁਰੂ ਗੋਬਿੰਦ ਸਿੰਘ)

ਗੁਰੂ ਸਾਹਿਬ ਦੀਆਂ ਦਾਤਾਂ ਨਾਲ ਮਾਲਾਮਾਲ ਹੋਏ ਕਵੀਆਂ ਦੀ ਇਕ ਮੰਡਲੀ ਨੂੰ ਤੱਕਕੇ ਜਦੋਂ ਵੈਰੀ, ਕੋਈ ਫੌਜੀ ਦਸਤਾ ਸਮਝਕੇ ਭੈਭੀਤ ਹੋ ਰਹੇ ਸਨ ਤਾਂ ਕਵੀ ਹੰਸਰਾਮ ਉਨ੍ਹਾਂ ਨੂੰ ਸਮਝਾਉਂਦਾ ਕਹਿੰਦਾ ਹੈ :—

ਦੁੰਦਭਿ ਧੁੰਕਾਰ ਬਾਜੈ ਮਾਨੋ ਜਲਧਰ ਗਾਜੈ
ਰਾਜਤ ਨਿਸ਼ਾਨ ਭਯ ਭਾਨੁ ਛਿਪ ਜਾਤ ਹੈ
ਹਾਥਿਨ ਕੇ ਹਲਿਕਾ ਹਜ਼ਾਰਨ ਗਨੇ ਕੋ ਹਯ
ਜਟਿਤ ਜਵਾਹਰ ਜੇ ਜਗਮਗ ਗਾਤ ਹੈਂ
ਕੋਰ ਸਾਜੇ ਜ਼ੋਰ ਕਰਿ ਨਾਲਿਨ ਕੋ ਸ਼ੋਰ ਸੁਨੈ
ਸੰਕਤ ਸੁਰੇਸ਼ ਔ ਨਰੇਸ਼ ਬਿਲਖਾਤ ਹੈਂ
'ਹੰਸਰਾਮ' ਕਹਿਤ, 'ਬਿਰਾਜਹੁ, ਜਿਨ ਭਾਜੋ ।'
ਗੁਰੂ ਗੋਬਿੰਦ ਕੇ ਮਾਂਗੈ ਕਵਿਰਾਜ ਚਲੇ ਜਾਤ ਹੈਂ ।

ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਗੁਣਵੰਤ ਕਲਾਕਾਰ ਯਾ ਵਿਦਵਾਨ ਪੁਰਸ਼ਾਂ ਨੂੰ ਧਨੀ ਲੋਕ ਘੱਟ ਹੀ ਪੈਸੇ ਦਿੰਦੇ ਹਨ । ਗਿਆਨੀ ਗਿਆਨ ਸਿੰਘ ਜੀ ਨੇ ਠੀਕ ਲਿਖਿਆ ਹੈ :—

ਦੋਊ ਠੌਰ ਹਾਥ ਸਰਦਾਰਨ ਕਾ ਤੰਗ ਹੋਇ
ਈਸ਼ਵਰ ਨਮਿਤ ਔ ਕਵੀਸ਼ਰ ਕੇ ਦੈਨ ਕੋ ।

ਫਾਰਸੀ ਦੇ ਮਸ਼ਹੂਰ ਸ਼ਾਇਰ ਫਿਰਦੌਸੀ ਤੇ ਸੁਲਤਾਨ ਮਹਿਮੂਦ ਗਜ਼ਨਵੀ ਦੀ ਕਹਾਣੀ ਸਭ ਜਾਣਦੇ ਹਨ । ਕਿਸ ਤਰ੍ਹਾਂ ਪਹਿਲੇ ਮਹਿਮੂਦ ਨੇ ਫੀ ਸ਼ੇਅਰ, ਮੋਹਰ ਦੇਣੀ ਕੀਤੀ ਸੀ ਪਰ ਦੇਣ ਵੇਲੇ ਆਪਣਾ ਇਕਰਾਰ ਪੂਰਾ ਨਹੀਂ ਸੀ ਕੀਤਾ । ਗੁਰੂ ਸਾਹਿਬ ਦੀ ਰੀਤ ਨਿਰਾਲੀ ਸੀ, ਉਨ੍ਹਾਂ ਜੋ ਵੀ ਆਇਆ, ਉਸਨੂੰ ਨਿਹਾਲੋ ਨਿਹਾਲ ਕਰ ਦਿਤਾ ।

ਹੀਰ ਭੱਟ, ਇਕ ਧੜੱਲੇਦਾਰ ਕਵੀ ਸੀ ਪਰ ਯੋਗ ਸਰਪ੍ਰਸਤੀ ਨ ਪ੍ਰਾਪਤ ਹੋਣ ਕਰਕੇ ਭੁਖ ਨੰਗ ਨਾਲ ਘੁਲਦਾ ਫਿਰਦਾ ਅਨੰਦ ਪੁਰ ਆ ਗਿਆ । ਗੁਰੂ ਸਾਹਿਬ ਨੇ ਗੁਣੀ



Digitized by Panjab Digital Library | www.panjabdigilib.org

ਵੇਖਕੇ ਹਰ ਤਰ੍ਹਾਂ ਸਹਾਇਤਾ ਕੀਤੀ ਤੇ ਉਸ ਨੂੰ ਸੰਤੁਸ਼ਟ ਕੀਤਾ। ਜਦ ਉਹ ਇਸ ਉਤਸ਼ਾਹੀ ਵਾਤਾਵਰਣ ਵਿਚੀਂ ਲੰਘਿਆ ਤਾਂ ਉਸ ਦਰਿਦਰ ਨਾਰਾਇਣ ਨੂੰ ਸਾਫ਼ ਸੁਣਾ ਦਿਤਾ ਕਿ ਤੂੰ ਹੁਣ ਮੇਰੇ ਕੋਲੋਂ ਚਲਾ ਜਾ, ਨਹੀਂ ਤੈਨੂੰ ਮਹਾਂਦਾਨੀ ਗੁਰੂ ਗੋਬਿੰਦ ਸਿੰਘ ਆਪਣੇ ਦਾਨ ਦੇ ਤੀਰਾਂ ਨਾਲ ਲੀਰ ਲੀਰ ਕਰ ਦੇਣਗੇ।

ਦਾਰਿਦ ਕਪੂਤ ! ਤੇਰੋ ਮਰਨ ਬਨਿਓ ਹੈ ਆਜ
ਕਰਕੇ ਸਲਾਮ ਵਿਦਾ ਹੂ ਜੈ ਕਵਿ ਹੀਰ ਸੋ
ਨਾਤੁਰ ਗੋਬਿੰਦ ਸਿੰਘ ਵਿਕਲ ਕਰੈਂਗੇ ਤੋਹਿ
ਟੂਕ ਟੂਕ ਹ੍ਵੈ ਹੈ, ਗਾਢੇ ਦਾਨਨ ਕੇ ਤੀਰ ਸੋ।

ਇਹ ਦਾਨ ਦੀ ਬਰਖਾ ਇਤਨੀ ਉਦਾਰ ਸੀ ਕਿ ਕਵੀ ਇਸ ਦਾ ਜਸ ਕਰਦੇ ਨਹੀਂ ਥੱਕਦੇ। ਇਕ ਹੋਰ ਕਵੀ ਲਿਖਦਾ ਹੈ :—

ਦਿਜਨ ਕੇ ਦਲ ਜੋਗੀ ਜੰਗਮ ਜਮਾਤ ਦਵਾਰ
ਬੰਦੀ ਜਨ ਕਿਤਕ ਹੈਂ ਜਗਤ ਮੈਂ ਜਾਂਹਿ ਕੀ
ਸੁਭਾਸੁਭ ਲੇਤ ਦੇਤ ਲੱਛਨ ਕੋ ਲੱਛ ਰੋਜ਼
ਦੇਖਿ ਦੇਖਿ ਸੁਧ ਭੂਲ ਜਾਤ ਨਰਨਾਹੁ ਕੀ
ਗੋਬਿੰਦ ਗੁਰੂ ਕੋ ਦਾਨ ਮਾਲੂਮ ਜਹਾਨ ਭਯੋ
ਭਿੱਛਕ ਕੀਏ ਹੈਂ ਭੂਪ ਪ੍ਰਵਾਹ ਨਹਿੰ ਕਾਂਹਿ ਕੀ
ਬਲਿ, ਬੇਨੁ, ਬਿਕ੍ਰਮ ਨ ਭੋਜ ਹੂੰ ਮੈਂ ਮੌਜ ਐਸੀ
ਜੈਸੀ ਏਕ ਮੌਜ ਨਵਰੋਜ਼ ਪਾਤਸ਼ਾਹ ਕੀ।

ਹੰਸ ਰਾਮ ਨੇ ਗੁਰੂ ਦਰਬਾਰ ਦਾ ਇਹ ਆਚਰਣ ਵੀ ਸਪਸ਼ਟ ਕੀਤਾ ਹੈ ਕਿ ਸਤਿਗੁਰੂ ਗੁਣੀ ਪੁਰਸ਼ਾਂ ਲਈ ਜ਼ਰੂਰ ਉਦਾਰ ਤੇ ਮਹਾਂਦਾਨੀ ਹਨ ਪਰ ਅਭਿਮਾਨੀ ਦੁਸ਼ਟਾਂ ਲਈ ਉਹ ਸ਼ਸਤਰ ਵਰਤਣਾ ਵੀ ਜਾਣਦੇ ਹਨ। ਉਨ੍ਹਾਂ ਦਾ ਇਹ ਗੁਣ ਦੇਸ ਭਰ ਵਿਚ ਉਜਾਗਰ ਹੈ :—

ਜੌਨ ਤੇਰੀ ਕੀਰਤਿ ਜਗਾਤੇ ਜੰਬੂ ਦੀਪ ਕੈ ਕੈ
ਪਸਰੌ ਉਜੀਆਰੋ ਪਰਸਤ ਪਾਰਾਵਾਰ ਕੋ।
ਗੁਰਨ ਕੇ ਬੰਸ ਚਲੀ ਆਈ, 'ਹੰਸਰਾਮ' ਸਦਾ
ਗੁਨੀ ਸੋ ਉਦਾਰ, ਤੋਰਾਦਾਰ ਤਰਵਾਰ ਕੋ।

ਇਹ ਕਲਾ ਪ੍ਰੇਮ ਤੇ ਕਦਰਦਾਨੀ ਦਾ ਸਿਟਾ ਸੀ ਕਿ ਫਾਰਸੀ ਅਤੇ ਸੰਸਕ੍ਰਿਤ ਦੇ ਅਨੇਕਾਂ ਵਿਦਵਾਨ ਦੂਰੋਂ ਦੂਰੋਂ ਆ ਆ ਗੁਰੂ ਦਰਬਾਰ ਦਾ ਸ਼ਿੰਗਾਰ ਬਣੇ। ਇਕ ਪੁਰਾਤਨ ਹੱਥ ਲਿਖਤ ਵਿਚ ਪੰਜ ਮੁਸਲਮਾਨ ਆਲਮ ਫਾਜ਼ਲ ਰੱਖਣ ਦਾ ਵੀ ਜ਼ਿਕਰ ਮਿਲਦਾ ਹੈ।



Digitized by Panjab Digital Library | www.panjabdigilib.org

ਭਾ: ਨੰਦ ਲਾਲ ਨਾਲ ਆਉਣ ਵਾਲਾ ਗਿਆਸੁੱਦੀਨ ਵੀ ਚੰਗਾ ਫਾਜ਼ਲ ਪੁਰਸ਼ ਸੀ। ਇਸੇ ਤਰ੍ਹਾਂ ਕਾਂਸ਼ੀ ਤੋਂ ਵਿਸ਼ਨੂਪਾਲ, ਕਸ਼ਮੀਰ ਤੋਂ ਸ਼ਿਵਬੱਕ੍ਰ ਪੰਡਿਤ ਤੇ ਗੁਜਰਾਤ ਤੋਂ ਪੰਡਿਤ ਕਾਲਕਾ ਦਾਸ ਦੇ ਆਉਣ ਦਾ ਵਰਣਨ ਇਤਿਹਾਸ ਵਿਚ ਹੈ। ਪੰਡਿਤ ਰਘੁਨਾਥ ਤੇ ਪੰ: ਕੇਸੋ ਦਾਸ ਦੇ ਨਾਂ ਤਾਂ ਪ੍ਰਸਿਧ ਹੀ ਹਨ। ਕਵੀ ਸੈਨਾਪਤਿ ਨੇ ਇਸ 'ਕਵੀ ਸਭਾ' ਨੂੰ 'ਪਰਮ ਸੁਜਾਨ ਲੇਖਕਾਂ ਦੀ ਸਭਾ' ਕਹਿਕੇ ਯਾਦ ਕੀਤਾ ਹੈ :—

ਗੁਰੂ ਗੋਬਿੰਦ ਕੀ ਸਭਾ ਮਹਿ ਲੇਖਕ ਪਰਮ ਸੁਜਾਨ।

[ਚਾਣਕਯ ਨੀਤੀ ਸ਼ਾਸ਼ਤ

ਅਸੀਂ ਹਜ਼ੂਰੀ ਕਵੀਆਂ ਦੇ ਕੁਝ ਵਿਚਾਰ ਇਸ ਲਈ ਪੇਸ਼ ਕੀਤੇ ਹਨ ਤਾਂਕਿ ਸਮਕਾਲੀ ਗਵਾਹੀਆਂ ਰਾਹੀਂ ਇਸ ਕਦਰਦਾਨੀ ਦੀ ਤਸਵੀਰ ਵਧੇਰੇ ਉਘੜ ਸਕੇ। ਇਹ ਕੇਵਲ ਕਹਿਣ ਦੀਆਂ ਗੱਲਾਂ ਨਹੀਂ ਸਨ, ਗੁਰੂ ਸਾਹਿਬ ਦੀ ਉਦਾਰ ਵਰਤੋਂ ਹੀ ਸਭ ਨੂੰ ਅਨੰਦ ਪ੍ਰਦਾਨ ਕਰਨ ਵਾਲੀ ਸੀ। ਇਹ ਉਤਸ਼ਾਹ ਜਨਕ ਦਾਨ ਤੇ ਇਵਜ਼ਾਨੇ ਦਸਦੇ ਹਨ ਕਿ ਕਿਉਂ ਵਡੇ ਵਡੇ ਕਵੀ, ਰਾਜ ਦਰਬਾਰਾਂ ਨੂੰ ਛਡਕੇ ਅਨੰਦਪੁਰ ਵਲ ਧਾਈ ਕਰਦੇ ਆ ਰਹੇ ਸਨ।* ਜੈਸਾ ਕਿ ਅਸੀਂ ਅੱਗੇ ਵੀ ਕਿਹਾ ਹੈ, ਇਕ ਤਾਂ ਇਹ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਦਾ ਧਰਮ ਯੱਗ ਸੀ, ਜਿਸ ਲਈ ਇਹ ਸਾਰਾ ਸਾਹਿਤ ਸਿਰਜਿਆ ਜਾ ਰਿਹਾ ਸੀ, ਦੂਜੇ ਇਸ ਦੇ ਬਦਲੇ ਧਨ ਦੌਲਤ ਖੁਲ੍ਹਾ ਮਿਲਦਾ ਸੀ, ਤੀਸਰੇ ਘਟੀਆ ਕਿਸਮ ਦੀ ਖੁਸ਼ਾਮਦ ਕਰਕੇ ਆਪਣਾ ਸਵੈਮਾਨ ਵੀ ਕਿਸੇ ਨੂੰ ਗੁਆਉਦਾ ਨਹੀਂ ਸੀ ਪੈਂਦਾ, ਸਗੋਂ ਕੌਮੀ ਵਿਕਾਸ ਦੀਆਂ ਯੋਜਨਾਵਾਂ ਦੇਖਕੇ, ਕ੍ਰਾਂਤੀਕਾਰੀ ਲਹਿਰ ਨੂੰ ਉਭਰਦਾ ਤੱਕਕੇ ਭਾਰਤੀ ਸਵਰਾਜ ਦੇ ਸੁਪਨੇ ਲੈਣ ਵਾਲਿਆਂ ਦੇ ਮਨ ਉਤਸ਼ਾਹ ਨਾਲ ਭਰਦੇ ਸਨ। ਇਹ ਸਾਰੀ ਸ਼ਾਂਸਕ੍ਰਿਤਕ ਸਰਗਰਮੀ ਗੁਰੂ ਸਾਹਿਬ ਦੇ ਯਤਨਾਂ ਨੂੰ ਬੜੇ ਮਨੋਹਰ ਰੂਪ ਵਿਚ ਪੇਸ਼ ਕਰ ਰਹੀ ਸੀ, ਖਾਸ ਕਰਕੇ ਵਿਦਵਾਨ ਤਬਕਾ ਬਹੁਤ ਖੁਸ਼ ਸੀ॥ ਗੁਰੂ ਸਾਹਿਬ ਆਪਣੀ ਵਡਿਆਈ ਵੀ ਨਹੀਂ ਸੀ ਚਾਹੁੰਦੇ, ਉਨ੍ਹਾਂ ਦਾ ਮਕਸਦ ਤਾਂ ਅਜੇਹਾ ਸਾਹਿਤ ਪੈਦਾ ਕਰਨਾ ਸੀ ਜਿਸ

---

* ਧਨ ਅਰਥੀ ਧਨ ਗਨ ਕੋ ਪਾਯੋ। ਨਿਜ ਬੁਧਿ ਕਰ ਗੁਰਦੇਵ ਰਿਝਾਯੋ
ਅਪਰ ਪਦਾਰਥ ਜਿਨ ਕਿਨ ਚਾਹਾ। ਦਸਮ ਗੁਰੂ ਤੇ ਲੀਨਸਿ ਪਾਹਾ। ੨।
ਮਹਾਂ ਉਦਾਰ ਮੁਕਤਿ ਲੌ ਦੇਤ। ਚਹੁੰਦਿਸ ਤੇ ਕਵਿ ਤਯਾਗ ਨਿਕੇਤ
ਆਨਿ ਅਨੰਦਪੁਰ ਕੀਨਸ ਬਾਸਾ। ਸੁਤ ਬਿਤ ਆਦਿ ਪਾਇ ਸੁਖਰਾਸਾ। ੩।
ਜੋ ਨਿਸ਼ਕਾਮ, ਮੁਕਤਿ ਹੀ ਦਈ। ਕਿਤਕ ਸੰਪਦਾ ਅਰੁ ਗਤਿ ਲਈ।
ਚਾਰਹੂੰ ਚੱਕਨ ਗੁਰਜਸ ਫੈਲਾ। ਮਨਹੁੰ ਚੰਦ ਉਜਲ ਬਿਨ ਮੈਲਾ। ੪।

[ਗੁਰ ਪ੍ਰਤਾਪ ਸੂਰਜ ਗ੍ਰੰਥ
ਰਿਤੂ ੫, ਅੰਸੂ ੫੧, ਪੰਨਾ ੫੭੧੨



Digitized by Panjab Digital Library | www.panjabdigilib.org

ਇਹ ਕਵੀ ਚਾਹੇ ਵਿਦਵਾਨ ਅਚਾਰਜ ਸਨ ਚਾਹੇ ਆਮ, ਕੋਈ, ਰਸ, ਅਲੰਕਾਰ ਤੇ ਸ਼ਬਦ-ਜਾਲ ਦੇ ਚੱਕ੍ਰ ਵਿਚੋਂ ਨਹੀਂ ਨਿਕਲ ਸਕਿਆ। ਇਹ ਲਕੀਰ ਦੇ ਫਕੀਰ ਸਨ, ਨਾ ਇਹ ਵਿਸ਼ੈਵਸਤੂ ਦੇ ਪੱਖ ਤੋਂ ਤੇ ਨਾ ਹੀ ਰੂਪ ਦੇ ਪੱਖ ਤੋਂ ਕੋਈ ਨਵੀਂ ਗੱਲ ਕਰ ਸਕੇ। ਬਾਕੀ ਕ੍ਰਾਂਤੀ ਦਾ ਸੰਦੇਸ਼ਾ ਦੇਣਾ ਤਾਂ ਇਨ੍ਹਾਂ ਦੀ ਸੋਝੀ ਤੇ ਸਮਰੱਥਾ ਤੋਂ ਬਾਹਰੀ ਗੱਲ ਸੀ।

ਦੂਜੇ ਪਾਸੇ ਅਨੰਦਪੁਰ ਦਰਬਾਰ ਵਿਚ ਜੋ ਸਾਹਿਤ ਰਚਿਆ ਗਿਆ, ਉਸ ਦਾ ਸਪਸ਼ਟ ਮੰਤਵ ਲੋਕ-ਜਾਗ੍ਰਤੀ ਤੇ ਕ੍ਰਾਂਤੀ ਲਿਆਉਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਵੀ ਅਜੇਹਾ ਬੀਰ ਸਾਹਿਤ ਰਚਿਆ ਤੇ ਹੋਰਾਂ ਕਵੀਆਂ ਤੋਂ ਵੀ ਅਜੇਹੀ ਲਾਭਵੰਦੀ ਰਚਨਾ ਕਰਵਾਈ। ਮਿਸਾਲ ਲਈ ਜੇਕਰ ਉਨ੍ਹਾਂ ਪੁਰਾਤਨ ਭਾਰਤੀ ਸਹਿਤ ਦਾ ਅਨੁਵਾਦ ਹੀ ਕਰਾਇਆ ਤਾਂ ਵੇਦਾਂ ਸਿੰਮ੍ਰਤੀਆਂ ਨੂੰ ਛਡਕੇ 50 ਚੋਣਵੇਂ ਉਪਨਿਸ਼ਧਾਂ ਦਾ ਤਰਜਮਾ ਕਰਵਾਇਆ ਜੋ ਕਿ ਭਾਰਤੀ ਅਦ੍ਵੈਤਵਾਦ ਤੇ ਬ੍ਰਹਿਮ ਗਿਆਨ ਦਾ ਸੋਮਾ ਹਨ। ਇਸੇ ਤਰ੍ਹਾਂ ਮਹਾਂ ਭਾਰਤ ਦੇ 18 ਪਰਬਾਂ ਦਾ ਭਾਖਾ ਅਨੁਵਾਦ ਇਸ ਲਈ ਕਰਵਾਇਆ ਗਿਆ ਤਾਂ ਕਿ ਇਸ ਪੁਰਾਣਿਕ ਇਤਿਹਾਸ ਤੋਂ ਜਨਸਾਧਾਰਣ ਨੂੰ ਪ੍ਰੇਰਨਾ ਮਿਲੇ। ਉਹ ਲੋਕ ਮਹਿਸੂਸ ਕਰਨ ਜੋ ਕੁਝ ਅਰਜਨ ਤੇ ਭੀਮ ਵਰਗੇ ਜੋਧਿਆਂ ਨੇ ਕੀਤਾ ਹੈ, ਉਹ ਅੱਜ ਵੀ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਰਾਜਨੀਤੀ ਦੀਆਂ ਪੁਸਤਕਾਂ ਤਿਆਰ ਕਰਵਾਈਆਂ ਗਈਆਂ ਤਾਂ ਕਿ ਲੋਕਾਂ ਦੀ ਆਮ ਸੂਝ-ਬੂਝ ਵਿਚ ਵਾਧਾ ਹੋਵੇ। ਸੋ ਕਾਵਿ ਕਲਾ ਦੀ ਵਰਤੋਂ ਪਾਠਕ ਦੇ ਮਨ ਨੂੰ ਵਰਗਲਾਉਣ ਲਈ ਨਹੀਂ ਸਗੋਂ ਜਗਾਉਣ ਲਈ ਕੀਤੀ ਗਈ। ਹੋਰ ਰਾਜ ਦਰਬਾਰਾਂ ਨਾਲੋਂ ਇਹੋ ਅਨੰਦਪੁਰ ਦਰਬਾਰ ਦੀ ਵਿਲੱਖਣਤਾ ਸੀ।

ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਵੀ 'ਗੁਰਉਸਤਤਿ' ਦੇ ਛੰਦ ਬਣਾਏ ਪਰ ਇਹ ਇਕ ਤਰ੍ਹਾਂ ਕ੍ਰਾਂਤੀਕਾਰੀ ਲਹਿਰ ਦੇ ਆਗੂ ਦੀ ਮਹਿਮਾ ਸੀ ਜੋ ਲੋਕ-ਹਿਤਕਾਰੀ ਲਹਿਰ ਨੂੰ ਬਲਵਾਨ ਬਣਾਉਣ ਲਈ ਜ਼ਰੂਰੀ ਸੀ, ਇਸ ਨਾਲ ਲੋਕਾਂ ਦਾ ਗੁਰੂ ਨੇਤਾ ਪ੍ਰਤੀ, ਸ਼ਰਧਾ ਤੇ ਸਿਦਕ ਬਲਵਾਨ ਹੁੰਦਾ ਸੀ। ਇਹ ਖੁਸ਼ਾਮਦ ਯਾ ਝੂਠੀ ਮੂਠੀ ਪ੍ਰਸੰਸਾ ਵਾਲੀ ਗੱਲ ਨਹੀਂ ਸੀ, ਇਹ ਤਾਂ ਇਕ ਹਕੀਕਤ ਸੀ ਜਿਸ ਦਾ ਪ੍ਰਚਾਰ ਹੋਣਾ ਜ਼ਰੂਰੀ ਸੀ। ਆਖਰ ਗੁਰੂ ਦੇ ਦਰਬਾਰੀ ਕਵੀਆਂ ਜੋ ਦਸਮੇਸ਼ ਦੀ ਕੀਰਤਿ ਕੀਤੀ ਹੈ ਤਾਂ ਉਨ੍ਹਾਂ ਦੇ ਇਸ ਲੋਕ-ਹਿਤਕਾਰੀ ਪੱਖ-ਗੁਰਤਾ ਤੇ ਬੀਰਤਾ ਦੇ ਹੀ ਸੋਹਲੇ ਗਾਏ ਹਨ।

ਦੂਜੇ ਦਰਬਾਰਾਂ ਦੇ ਕਵੀ ਸਾਫ ਖੁਸ਼ਾਮਦ ਕਰਦੇ ਤੇ ਫਿਰ ਆਪਣੇ ਮਾਲਕਾਂ ਨੂੰ ਰੀਝਾਕੇ ਤਰ੍ਹਾਂ ਤਰ੍ਹਾਂ ਦੀਆਂ ਆਸਾਂ ਲਾਉਂਦੇ ਸਨ। ਪੰਡਿਤ ਜਗਨਨਾਥ ਸੰਸਕ੍ਰਿਤ ਦਾ ਅਚਾਰਯ ਵਿਦਵਾਨ ਸੀ, ਉਸ ਨੇ ਸ਼ਾਹ ਜਹਾਨ ਵਿਚ ਕਿਹੜੀ ਰੱਬੀ ਵਡਿਆਈ ਦੇਖੀ ਸੀ ਜਿਸ ਕਰਕੇ ਉਸ ਇਹ ਉਕਤੀ ਘੜੀ 'ਈਸ਼ਵਰੋ ਵਾ ਦਿਲੀਸਵਰੋ ਵਾ।' ਉਹ ਇਕ ਬਿਲਾਸੀ



Digitized by Panjab Digital Library | www.panjabdigilib.org

ਬਾਦਸ਼ਾਹ ਸੀ ਤੇ ਆਪਣੇ ਕਸੀਦੇ ਸੁਣਕੇ ਖੁਸ਼ ਹੋਇਆ ਕਰਦਾ ਸੀ। ਜੇ ਉਹ ਧਰਮਾਤਮਾ ਬਿਰਤੀ ਦਾ ਪੁਰਸ਼ ਹੁੰਦਾ ਤਾਂ ਵੀ ਉਸ ਲਈ ਸ਼ਾਇਦ ਇਜੇਹੀ ਸਮ ਨਤਾ ਫ਼ਬ ਜਾਂਦੀ। ਪਰ ਇਸ ਤੋਂ ਉਲਟ ਹਾਲਤ ਵਿਚ ਤਾਂ ਅਸੀਂ ਇਹੋ ਸਿਟਾ ਕੱਢਾਂਗੇ ਕਿ ਉਹ ਹੱਦ ਦਰਜੇ ਦਾ ਖੁਸ਼ਾਮਦੀ ਸੀ ਤੇ ਇਸ ਖੁਸ਼ਾਮਦ ਵਿਚ ਉਸ ਆਪਣੇ ਧਾਰਮਕ ਸਿਧਾਂਤਾਂ ਦਾ ਵੀ ਖਿਆਲ ਨਹੀਂ ਰੱਖਿਆ। ਨਾ ਹੀ ਬੇਚਾਰੇ ਨੌਕਰ ਪੰਡਿਤ ਇਸ ਸੋਝੀ ਤੇ ਆਚਰਣ ਦੇ ਮਾਲਕ ਸਨ ਕਿ ਜੋ ਕਹਿੰਦੇ ਸੋ ਸੋਚ ਕੇ ਕਹਿੰਦੇ। ਇਸੇ ਤਰ੍ਹਾਂ ਪੰਡਿਤ ਸੁਖਦੇਵ ਦੀ ਰਚਨਾ 'ਫਾਜ਼ਲ ਅਲੀ ਪ੍ਰਕਾਸ਼' ਸੰਮਤ 1733 ਬਿ: ਦੀ ਹੈ ਜੋ ਉਸ ਨੇ ਆਪਣੇ ਮਾਲਕ ਨਵਾਬ ਦੇ ਨਾਂ ਤੇ ਰਚੀ। ਇਸ ਵਿਚ ਰਸ, ਅਲੰਕਾਰ ਤੇ ਨਾਇਕ ਨਾਇਕਾ ਭੇਦ ਆਦਿ ਦਾ ਵਰਣਨ ਹੈ। ਇਹ ਗ੍ਰੰਥ ਰਚਿਆ ਸੁਖਦੇਵ ਨੇ ਤੇ ਫਿਰ ਇਸ ਨੂੰ ਨਵਾਬ ਦੀ ਰਚਨਾ ਬਣਾਕੇ ਦਸਿਆ ਹੈ। ਥਾਂ ਥਾਂ ਨਵਾਬ ਸਾਹਿਬ ਦੀ ਵਡਿਆਈ ਦੇ ਪੁਲ ਬੰਨ੍ਹੇ ਹਨ। ਇਹ ਅਵਸਥਾ ਕਿਉਂ, ਕਿਉਂ ਸਾਹਿਤਕਾਰ ਆਪ ਰਚਨਾ ਕਰਕੇ ਕਿਸੇ ਦੇ ਨਾਂ ਮਨਸੂਬ ਕਰੇ ਯਾ ਇਤਨੀ ਬੇਲੋੜੀ ਕੀਰਤੀ ਗਾਵੇ। ਕੀ ਰੁਜ਼ਗਾਰ ਲਈ ਇਤਨੇ ਪਾਪੜ ਵੇਲਣ ਦੀ ਲੋੜ ਸੀ ? ਬਿਲਕੁਲ ਨਹੀਂ। ਇਹੋ ਕਵੀ ਫਿਰ ਜ਼ਦ ਨਵਾਬੀ ਕੈਦ ਵਿਚੋਂ ਨਿਕਲ ਕੇ ਗੁਰੂ ਸਾਹਿਬ ਪਾਸ ਆਇਆ ਤਾਂ ਸੱਚਾ ਬ੍ਰਹਿਮ ਗਿਆਨੀ ਬਣ ਗਿਆ। ਇਸ ਨੇ 1755 ਬਿ। ਵਿਚ 'ਅਧਿਆਤਮ ਪ੍ਰਕਾਸ਼' ਪੁਸਤਕ ਲਿਖੀ ਜਿਸ ਵਿਚ 'ਆਤਮਾ' ਦੀ ਉਚਤਾ 'ਬ੍ਰਹਿਮ' ਕਹਿਕੇ ਗਾਈ ਗਈ ਹੈ। ਹਾਲਤ ਸਪਸ਼ਟ ਹੈ ਕਿ ਹੁਣ ਖੁਸ਼ਾਮਦ ਦੇ ਗੀਤ ਲਿਖਣ ਦੀ ਲੋੜ ਨਹੀਂ ਸੀ, ਗੁਰੂ ਨੇ ਆਤਮ ਸਵੈਮਾਨ ਜਗਾ ਦਿਤਾ ਸੀ। ਇਸੇ ਤਰ੍ਹਾਂ ਅੰਮ੍ਰਿਤ ਰਾਇ ਲਾਹੌਰੀ 'ਚਿਤ੍ਰ ਬਿਲਾਸ' (1736 ਬਿ:) ਵਿਚ ਔਰੰਗਜ਼ੇਬ ਦੇ ਗੁਣ ਗਾਉਂਦਾ ਨਹੀਂ ਥੱਕਦਾ ਪਰ ਜਦ ਅਨੰਦਪੁਰ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤੇ ਹਕੀਕਤ ਉਘੜੀ ਤਾਂ ਗੁਰੂ ਗੋਬਿੰਦ ਸਿੰਘ ਦੀ ਕੀਰਤੀ ਵਿਚ ਲੀਨ ਹੋ ਕੇ ਗੁਰੂ ਦੀ ਕ੍ਰਾਂਤੀ ਲਹਿਰ ਦਾ ਗਵਈਆ ਬਣ ਗਿਆ।

ਸੋ ਗੁਰੂ ਸਾਹਿਬ ਦਾ ਸਹਿਤ-ਦਰਬਾਰ ਹੋਰ ਸ਼ਾਹੀ ਦਰਬਾਰਾਂ ਨਾਲੋਂ ਇਸ ਪੱਖੋਂ ਵੀ ਵਿਲੱਖਣ ਹੀ ਸੀ ਕਿ ਉਨ੍ਹਾਂ ਸਾਹਿਤਕਾਰਾਂ ਦੇ ਦ੍ਰਿਸ਼ਟੀਕੋਣ ਬਦਲ ਦਿਤੇ ਤੇ ਉਨ੍ਹਾਂ ਦੀ ਕਲਾ ਨੂੰ ਵੀ ਸਹੀ ਸੇਧ ਦੇ ਕੇ ਸਮਾਜ ਲਈ ਉਪਯੋਗੀ ਬਣਾਇਆਂ। ਇਕ ਹੋਰ ਗੱਲ ਜੋ ਸਾਹਿਤਕਾਰਾਂ ਲਈ ਵੱਡੇ ਆਕਰਸ਼ਣ ਦਾ ਕਾਰਣ ਸੀ ਉਹ ਇਹ ਕਿ ਗੁਰੂ ਸਾਹਿਬ ਖੁਦ ਹਿੰਦੀ, ਫਾਰਸੀ, ਰੇਖ਼ਤਾ ਤੇ ਪੰਜਾਬੀ ਦੇ ਮਹਾਨ ਕਵੀ ਸਨ। 'ਜਾਪੁ' ਵਰਗੀ ਜਲਾਲੀ ਰਚਨਾ ਕਰਨ ਵਾਲਾ, 'ਜ਼ਫਰਨਾਮੇ' ਜੇਹੇ ਜ਼ੋਰਦਾਰ ਫਾਰਸੀ ਸ਼ਿਅਰ ਕਹਿਣ ਵਾਲਾ ਤੇ ਚੰਡੀ ਦੀ ਵਾਰ ਜੇਹੀ ਪੰਜਾਬੀ ਰਚਨਾ ਰਚਣ ਵਾਲਾ ਗੁਰੂ ਮਹਾਨ ਕਲਾ ਕੌਸ਼ਲ ਦਾ ਸੁਆਮੀ ਸੀ। ਸ਼ਾਇਦ ਹੋਰ ਕੋਈ ਰਾਜਾ ਯਾ ਨਵਾਬ ਇਸ ਤਰ੍ਹਾਂ ਦੀ ਕਾਵਿ ਸ਼ਕਤੀ ਵੀ ਨਹੀਂ ਸੀ ਰਖਦਾ ਤੇ ਨਾਹੀ ਇਤਨੀਆਂ ਜ਼ਬਾਨਾਂ ਤੇ ਕਿਸੇ ਨੂੰ ਪੂਰਨ ਅਧਿਕਾਰ ਪ੍ਰਾਪਤ ਸੀ। ਆਖਿਰ ਅਜੇਹੇ ਗੁਣਵੰਤ ਮਹਾਂਪੁਰਸ਼ ਦੀ ਸ਼ਖਸੀਅਤ ਉਤੇ ਗੁਣੀ ਪੁਰਸ਼ਾਂ ਦਾ ਆਸ਼ਕ ਹੋ ਜਾਣਾ ਇਕ



Digitized by Panjab Digital Library | www.panjabdigilib.org

ਕੁਦਰਤੀ ਗੱਲ ਸੀ।

ਫਿਰ ਜਦੋਂ ਅਸੀਂ ਵੇਖਦੇ ਹਾਂ ਕਿ ਉਨ੍ਹਾਂ ਨੇ ਲੋਕ-ਉਪਯੋਗੀ ਸਾਹਿਤ ਦਾ ਤਰਜਮਾ ਕਰਵਾਇਆ ਤੇ ਕਈ ਮੌਲਿਕ ਰਚਨਾਵਾਂ ਵੀ ਇਸੇ ਮੰਤਵ ਲਈ ਕਰਵਾਈਆਂ। ਇਸ ਵਿਚ ਵੀ ਉਨ੍ਹਾਂ ਦਾ ਨਿਜੀ ਮਨੋਰਥ ਕੋਈ ਨਹੀਂ ਸੀ, ਸਭ ਕੁਝ ਲੋਕ-ਭਲਾਈ ਲਈ ਹੀ ਸੀ। ਇਹੋ ਨਹੀਂ ਕਿ ਇਸ ਦਰਬਾਰ ਦਾ ਕੰਮ ਕੇਵਲ ਅਨੁਵਾਦ ਮਾਤਰ ਹੀ ਸੀ, ਸਗੋਂ ਇਸ ਵਿਚ ਕਾਵਿ ਪ੍ਰਤਿਯੋਗਤਾ ਤੇ ਪਰਮ ਰਥਕ ਵਿਸ਼ਿਆਂ ਤੇ ਗਿਆਨ ਗੋਸ਼ਟਾਂ ਵੀ ਹੁੰਦੀਆਂ ਰਹਿੰਦੀਆਂ ਸਨ, ਤਾਂ ਕਿ ਵਿਦਵਾਨਾਂ ਦੀ ਵਿਚਾਰ ਰੌਸ਼ਨੀ ਵਿਚ ਜ਼ਿੰਦਗੀ ਦੇ ਗੰਭੀਰ ਪ੍ਰਸ਼ਨਾਂ ਨੂੰ ਸੁਲਝਾਇਆ ਜਾ ਸਕੇ।

ਕਵੀਆਂ ਦੀ ਕਾਵਿ ਕਲਾ ਦਾ ਮੁਕਾਬਲਾ ਇਕ ਆਮ ਗੱਲ ਸੀ। ਕਈ ਕਵੀ ਆਪਣਾ ਬੁੱਧੀ ਚਮਤਕਾਰ ਦਿਖਾਉਣ ਲਈ ਤਰ੍ਹਾਂ ਤਰ੍ਹਾਂ ਦੇ ਛੰਦ ਪੇਸ਼ ਕਰਦੇ ਤੇ ਕਈ ਉਨ੍ਹਾਂ ਦੇ ਜਵਾਬ ਵਿਚ ਉਸ ਤੋਂ ਵੀ ਵਧੇਰੇ ਕਲਾ ਦਰਸਾਉਣ ਦਾ ਜਤਨ ਕਰਦੇ ਸਨ, ਜੈਸਾ ਕਿ ਚੰਦਨ ਤੇ ਭਾਈ ਧੰਨਾਂ ਸਿੰਘ ਜੀ ਦੀ ਕਾਵਿ-ਪ੍ਰਤਿਯੋਗਤਾ ਤੋਂ ਪਰਗਟ ਹੈ। ਚੰਦਨ ਕਿਤੋਂ ਬਾਹਰੋਂ ਆਇਆ ਕਵੀ ਸੀ ਤੇ ਸ਼ਬਦ-ਚਮਤਕਾਰ ਦਾ ਪ੍ਰਬੀਨ ਕਲਾਕਾਰ ਸੀ। ਉਸ ਨੇ ਸਮਝਿਆ, ਸ਼ਾਇਦ ਗੁਰੂ ਦਰਬਾਰ ਵਿਚ ਮੇਰੀ ਰਚਨਾ ਨੂੰ ਸਮਝ ਸਕਣ ਵਾਲਾ ਕੋਈ ਵਿਰਲਾ ਹੀ ਹੋਵੇਗਾ, ਉਸ ਨੇ ਬੜੇ ਮਾਣ ਨਾਲ ਗੁਰੂ ਸਾਹਿਬ ਦੀ ਆਗਿਆ ਤੇ ਆਪਣਾ ਸ੍ਵੈਯਾ ਪੇਸ਼ ਕੀਤਾ —

> ਨਵਸਾਤ ਤਿਯੇ ਨਵਸਾਤ, ਕਿਯੇ, ਨਵਸਾਤ ਪਿਯੇ ਨਵਸਾਤ ਪਿਯਾਏ
> ਨਵਸਾਤ ਰਚੇ ਨਵਸਾਤ ਬਦੇ, ਨਵਸਾਤ ਪਿਯਾ ਪਹਿ ਦਾਯਕ ਪਾਏ
> ਜੀਤ ਕਲਾ ਨਵ ਸਾਤਠ ਕੀ; ਨਵਸਾਤਨ ਕੇ ਮੁਖ ਅੰਚਰ ਛਾਏ
> ਮਾਨਹੁ ਮੇਘ ਕੇ ਮੰਡਲ ਮੇਂ, ਕਵਿ ਚੰਦਨ ਚੰਦ ਕਲੇਵਰ ਛਾਏ।

ਗੁਰੂ ਸਾਹਿਬ ਨੇ ਕਿਹਾ; ਅਜੇਹੇ ਛੰਦਾਂ ਦੇ ਅਰਥ ਤਾਂ ਸਾਡੇ ਘਾਹੀ ਵੀ ਕਰ ਸਕਦੇ ਹਨ, ਇਸ ਵਿਚ ਇਤਨੀ ਵਿਚਾਰ ਡੂੰਘਾਈ ਦੀ ਗੱਲ ਨਹੀਂ। ਇਹ ਕਹਿਕੇ ਆਪ ਨੇ ਭਾਈ ਧੰਨਾਂ ਸਿੰਘ ਵਲ ਇਸ਼ਾਰਾ ਕੀਤਾ ਤੇ ਉਸ ਨੇ ਝਟ ਅਰਥ ਸੁਣਾ ਦਿਤੇ ਕਿ ਸੋਲਾਂ ਸਾਲ ਦੀ ਸੁੰਦਰੀ ਨੇ ਸੋਲਾਂ ਸ਼ਿੰਗਾਰ ਕੀਤੇ। ਉਸ ਦਾ ਪਤੀ ਸੋਲਾਂ ਮਹੀਨਿਆਂ ਪਿਛੋਂ ਪਰਦੇਸੋਂ ਆਇਆ, ਪਤਨੀ ਨੇ ਖੁਸ਼ੀ ਵਿਚ ਉਸ ਨੂੰ ਸੋਲਾਂ ਤਰ੍ਹਾਂ ਦੇ ਭੋਜਨ ਖੁਲਾਏ। ਫਿਰ ਸੋਲਾਂ ਘਰਾਂ ਵਾਲੀ ਚੌਪੜ ਦੀ ਬਾਜ਼ੀ ਲਾਈ ਗਈ, ਦੋਹਾਂ ਨੇ ਸੋਲਾਂ ਸੋਲਾਂ ਚਾਲਾਂ ਚਲੀਆਂ, ਸੋਲਾਂ ਨਰਦਾਂ ਵਾਲੀ ਬਾਜ਼ੀ ਜਿੱਤ ਕੇ ਸੋਲਾਂ-ਸਾਲਾ ਸੁੰਦਰੀ ਨੇ ਮੂੰਹ ਸ਼ਰਮ ਨਾਲ ਢਕ ਲਿਆ। ਕਵੀ ਚੰਦਨ ਆਖਦਾ ਹੈ ਇਹ ਢਕਿਆ ਮੁਖੜਾ ਇਸ ਤਰ੍ਹਾਂ ਸ਼ੋਭਾ ਪਾ ਰਿਹਾ ਹੈ ਮਾਨੋ ਚੰਦਰਮਾਂ ਨੂੰ ਬੱਦਲਾਂ ਨੇ ਘੇਰ ਲਿਆ ਹੈ।'

ਇਸ ਤੋਂ ਪਿਛੋਂ ਧੰਨਾ ਸਿੰਘ ਨੇ ਵੰਗਾਰਿਆ 'ਪੰਡਤ ਜੀ! ਮੈਂ ਤਾਂ ਤੁਹਾਡੇ



Digitized by Panjab Digital Library | www.panjabdigilib.org

ਸਵਈਏ ਦੇ ਅਰਥ ਕਰ ਦਿਤੇ, ਹੁਣ ਤੁਸੀਂ ਮੇਰੀ ਕਵਿਤਾ ਦੇ ਵੀ ਅਰਥ ਸੁਣਾਓ। ਇਹ ਕਹਿ ਕੇ ਉਸ ਨੇ ਦੋ ਛੰਦ ਇਸ ਪਰਕਾਰ ਪੜ੍ਹੇ :—

ਮੀਨ ਮਰੇ ਜਲ ਕੇ ਪਰਸੇ, ਕਬਹੂੰ ਨ ਮਰੇ ਪਰ ਪਾਵਕ ਪਾਏ
ਹਾਥਿ ਮਰੈ ਮਦ ਕੇ ਪਰਸੇ, ਕਬਹੂੰ ਨ ਮਰੇ ਤਨ ਤਾਪ ਕੇ ਆਏ
ਤੀਯ ਮਰੈ ਪਤਿ ਕੇ ਪਰਸੇ, ਕਬਹੂੰ ਨ ਮਰੇ ਪਰਦੇਸ ਸਿਧਾਏ
ਗੂਢ ਮੈਂ ਬਾਤ ਕਹੀ ਦਿਜਰਾਜ, ਵਿਚਾਰ ਸਕੈ ਨ ਬਿਨਾਂ ਚਿਤ ਲਾਏ।

ਕੌਲ ਮਰੇ ਰਵਿ ਕੇ ਪਰਸੇ, ਕਬਹੂੰ ਨ ਮਰੈ ਸਸਿ ਕੀ ਛਬਿ ਪਾਏ
ਮਿਤ੍ਰ ਮਰੈ ਮਿਤ ਕੋ ਮਿਲ ਕੈ, ਕਬਹੂੰ ਨ ਮਰੈ ਜਬ ਦੂਰ ਸਿਧਾਏ
ਸਿੰਘ ਮਰੈ ਜਬ ਮਾਸ ਮਿਲੈ, ਕਬਹੂੰ ਨ ਮਰੈ ਜਬ ਹਾਥ ਨ ਆਏ
ਗੂਢ ਮੈਂ ਬਾਤ ਕਹੀ ਦਿਜਰਾਜ ਬਿਚਾਰ ਸਕੈ ਨ ਬਿਨਾਂ ਚਿਤ ਲਾਏ।

ਚੰਦਨ ਬੇਚਾਰਾ ਇਨ੍ਹਾਂ ਛੰਦਾਂ ਦੇ ਅਰਥ ਨਾ ਕਰ ਸਕਿਆ। ਗੱਲ ਨੁਕਤੇ ਦੀ ਇਤਨੀ ਹੀ ਸੀ ਕਿ ਵਿਸਰਾਮ 'ਕਬਹੂੰ ਨ' ਤੇ ਕਰਨ ਤੇ ਸਾਰੀ ਗੁੰਝਲ ਖੁਲ੍ਹ ਜਾਂਦੀ ਸੀ ਪਰ ਇਹ ਘੁੰਡੀ ਉਸ ਸਮੇਂ ਪੰਡਤ ਨੂੰ ਸਮਝ ਨ ਆਈ। ਅਖੀਰ ਭਾਈ ਧੰਨਾ ਸਿੰਘ ਨੇ ਇਹ ਕੁੰਜੀ ਦਸ ਕੇ ਉਸ ਦੀ ਪਰੇਸ਼ਾਨੀ ਦੂਰ ਕਰ ਦਿਤੀ। ਗੁਰੂ ਸਾਹਿਬ ਨੇ ਧੰਨਾ ਸਿੰਘ ਨੂੰ ਸ਼ਾਬਾਸ਼ ਦਿਤੀ ਤੇ ਚੰਦਨ ਨੂੰ ਵੀ ਨਿਰਾਸ਼ ਨਹੀਂ ਹੋਣ ਦਿਤਾ ਸਗੋਂ ਵਿਦਵਾਨ ਜਾਣ ਕੇ ਆਦਰ ਸਹਿਤ ਆਪਣੀ ਕਵੀ ਮੰਡਲੀ ਵਿਚ ਰੱਖ ਲਿਆ।

ਸੋ ਅਜੇਹੀ ਨੋਕ ਝੋਕ ਤਾਂ ਇਕ ਮਾਮੂਲੀ ਗੱਲ ਸੀ, ਦਿਲ ਪਰਚਾਵੇ ਤੇ ਬੋਧਿਕ ਪਰਗਟਾਵੇ ਲਈ ਅਜੇਹਾ ਕਦੀ ਕਦਾਈਂ ਹੁੰਦਾ ਹੀ ਰਹਿੰਦਾ ਸੀ। ਇਸ ਤੋਂ ਇਲਾਵਾ ਇਸ ਦਰਬਾਰ ਦੀ ਵਿਸ਼ੇਸ਼ਤਾ ਗਿਆਨ ਗੋਸ਼ਟਿ ਸੀ, ਖਾਸ ਕਰ ਕੇ ਪਰਮਾਰਥ ਦੇ ਗੂੜ੍ਹ ਵਿਸ਼ਿਆਂ ਤੇ ਡੂੰਘੀ ਵਿਚਾਰ ਚਰਚਾ ਚਲਦੀ ਰਹਿੰਦੀ ਸੀ ਅਤੇ ਖੁਦ ਗੁਰੂ ਸਾਹਿਬ ਵੀ ਇਸ ਵਿਚ ਭਾਗ ਲੈਂਦੇ ਸਨ। ਅਜੇਹੀਆਂ ਗਿਆਨ ਗੋਸ਼ਟੀਆਂ ਦਾ ਜ਼ਿਕਰ ਸੌ ਸਾਖੀਕਾਰ ਨੇ ਕਈ ਥਾਂ ਕੀਤਾ ਹੈ। ਪਰ ਸੌ ਸਾਖੀ ਦਾ ਖਰੜਾ ਸ਼ੁਧ ਨਹੀਂ ਮਿਲਦਾ। ਅਜ ਤੋਂ ਡੇਢ ਕੁ ਸੌ ਬਰਸ ਪਹਿਲੇ ਭਾ: ਸੰਤੋਖ ਸਿੰਘ ਜੀ ਨੇ ਇਸੇ ਸਾਖੀ ਦੇ ਆਧਾਰ ਤੇ ਗੁਰੂ ਕਥਾ ਲਿਖੀ ਹੈ, ਇਸ ਕਰ ਕੇ ਅਸੀਂ ਇਥੇ ਉਸੇ ਦਾ ਹਵਾਲਾ ਦੇਣਾ ਉਚਿਤ ਸਮਝਿਆ ਹੈ।

ਸ੍ਰੀ ਮੁਖ ਤੇ ਤਬ ਹੁਕਮ ਬਖਾਨਾ। ਗੁਨੀ ਕਵੀਸ਼ਰ ਪੰਡਿਤ ਨਾਨਾ।
ਸਭਹਿਨ ਕੋ ਹਕਾਰ ਲੇ ਆਵਹੁ, ਜਹਿ ਜਹਿ ਡੇਰੇ ਤਹਾਂ ਸਿਧਾਵਹੁ। ੫।

ਸੁਨ ਕੈ ਸਭ ਤਤਕਾਲ ਬੁਲਾਏ, ਤਿਨ ਕੇ ਦੈ ਹੋਂ ਨਾਮ ਬਤਾਏ।
ਕੇਸਵ ਦਾਸ ਪੁਤ੍ਰ ਕੁੰਵਰੇਸ਼, ਦੂਣ ਪਰਬ ਜਿਨ ਕੀਨ ਅਸੇਸ਼। ੬।



Digitized by Panjab Digital Library | www.panjabdigilib.org

ਜਿਸ ਨਾਲ ਜਨ ਸਾਧਾਰਣ ਉਭਾਰ ਵਿਚ ਆਵੇ ਤੇ ਉਹ ਖੰਡਾ ਫੜ ਕੇ ਆਜ਼ਾਦੀ ਦੇ ਵੈਰੀਆਂ ਨੂੰ ਤਹਿਸ਼ਨਹਿਸ਼ ਕਰ ਦੇਵੇ। ਸੋ ਜਦੋਂ ਸਾਹਿਤ ਦਾ ਮੰਤਵ ਅਜੇਹਾ ਪਵਿਤਰ ਤੇ ਪਰਸੁਆਰਥ ਭਰਿਆ ਹੋਵੇ ਤੇ ਅੱਗ੍ਰਗਾਮੀ ਸ਼ਕਤੀਆਂ ਨੂੰ ਉਭਾਰਨਾ ਹੋਵੇ ਤਾਂ ਸਫਲਤਾ ਆਪਣੇ ਆਪ ਕਦਮ ਚੁੰਮਦੀ ਹੈ।

ਗੁਰੂ ਕਲਗੀਧਰ ਨੇ ਇਸ ਸਾਰੀ ਵਿਉਂਤ ਨੂੰ ਸਿਰੇ ਚੜ੍ਹਾਉਣ ਲਈ ਅਨੰਦਪੁਰ ਕਿਸ ਤਰ੍ਹਾਂ ਆਪਣਾ ਸਾਹਿਤ-ਦਰਬਾਰ ਸੰਗਠਿਤ ਕੀਤਾ ਹੋਵੇਗਾ ਤੇ ਕਿਵੇਂ ਦੂਰ ਦੂਰ ਤੋਂ ਸੰਸਕ੍ਰਿਤ ਫਾਰਸੀ ਦੇ ਆਲਿਮਾਂ ਨੂੰ ਲੱਭ ਕੇ ਅਨੰਦਪਰ ਲਿਆਂਦਾ ਹੋਵੇਗਾ ਤੇ ਫਿਰ ਕਿਵੇਂ ਉਨ੍ਹਾਂ ਤੋਂ ਵਿਉਂਤ ਅਨੁਸਾਰ ਕੰਮ ਕਰਵਾਇਆ ਹੋਵੇਗਾ, ਇਹ ਇਕ ਬੜੀ ਦਿਲਚਸਪ ਇਤਿਹਾਸਕ ਵਿਸ਼ਿਆ ਹੈ। ਪਰ ਇਸ ਬਾਰੇ ਇਤਿਹਾਸ ਨੂੰ ਅਜੇ ਪੂਰਾ ਚਾਨਣ ਨਹੀਂ ਮਿਲਿਆ ਕਿ ਕਿਤਨੇ ਕਵੀ ਗੁਰੂ ਸਾਹਿਬ ਪਾਸ ਆਏ, ਉਹ ਕਿਥੋਂ ਕਿਥੋਂ ਦੇ ਸਨ, ਕਿੰਨਾ ਕਿੰਨਾਂ ਚਿਰ ਅਨੰਦਪੁਰ ਰਹੇ ਤੇ ਉਨ੍ਹਾਂ ਕੀ ਕੀ ਕੁਝ ਕੀਤਾ, ਉਨ੍ਹਾਂ ਦੇ ਬਾਕੀ ਜੀਵਨ ਸਮਾਚਾਰ ਕੀ ਸਨ, ਇਤਿਆਦਿਕ ਸਾਰੀਆਂ ਗੱਲਾਂ ਅਜੇ ਖੋਜੀ ਮੇਹਨਤ ਦੀਆਂ ਮੁਥਾਜ ਹਨ।

## (ੲ) ਅਨੰਦਪੁਰ ਦਰਬਾਰ ਤੇ ਹੋਰ ਰਾਜ-ਦਰਬਾਰ

ਗੁਰੂ ਗੋਬਿੰਦ ਸਿੰਘ ਜਿਥੇ ਆਪ ਕਲਮ ਦੇ ਧਨੀ ਸਨ, ਉਥੇ ਉਨ੍ਹਾਂ ਸੈਂਕੜੇ ਕਲਮਾਂ ਨੂੰ ਇਸ ਪਾਸੇ ਲਾ ਕੇ ਲੋਕ-ਜਾਗ੍ਰਤੀ ਦੇ ਕੰਮ ਨੂੰ ਸੌਖਿਆਂ ਤੇ ਸ਼ਕਤੀਸ਼ਾਲੀ ਬਣਾਉਣ ਦਾ ਉਦਮ ਕੀਤਾ। ਇਸ ਤੋਂ ਪਹਿਲਾਂ ਦੇ ਇਤਿਹਾਸ ਵਿਚ ਕਿਸੇ ਹੋਰ ਧਾਰਮਕ ਆਗੂ ਯਾ ਫੌਜੀ ਜਰਨੈਲ ਨੇ ਇਸ ਪੈਮਾਨੇ ਤੇ ਕਦੀ ਅਜੇਹੀ ਸਾਹਿਤਕ ਵਿਉਂਤ ਨਹੀਂ ਸੀ ਵਿਉਂਤੀ। ਅਨੰਦਪੁਰ ਦਾ ਗੁਰੂ ਦਰਬਾਰ ਸ਼ਸਤ੍ਰਧਾਰੀ ਤੇ ਸ਼ਾਸਤ੍ਰਧਾਰੀ ਦੋਹਾਂ ਦਾ ਕੇਂਦਰੀ ਸਥਾਨ ਸੀ। ਸ਼ਸਤ੍ਰ, ਦੁਸ਼ਟ ਦਮਨ ਲਈ ਸਨ ਤੇ ਸ਼ਾਸਤ੍ਰ ਯਾ ਸਾਹਿਤ ਲੋਕਾਂ ਦੀ ਸੋਝੀ ਤੇ ਸ਼ਕਤੀ ਵਧਾਉਣ ਲਈ ਸੀ।* ਸ਼ਾਇਦ ਪਾਠਕ ਖਿਆਲ ਕਰਨ ਕਿ ਉਸ ਸਮੇਂ ਦੇ ਮੁਗ਼ਲ ਦਰਬਾਰ ਯਾ ਹੋਰ ਰਾਜ ਦਰਬਾਰਾਂ ਵਿਚ ਵੀ ਅਜੇਹਾ ਕੁਝ ਹੀ ਸੀ. ਗੁਰੂ ਦਰਬਾਰ ਦੀ ਆਖਰ ਕੀ ਵਿਸ਼ੇਸ਼ਤਾ ਸੀ। ਇਸ ਦਾ ਸਿੱਧਾ ਤੇ ਸਪਸ਼ਟ ਜਵਾਬ ਤਾਂ ਇਤਨਾ ਹੀ ਹੈ ਕਿ ਸਤਿਗੁਰੂ ਇਸ ਗਿਆਨ ਸ਼ਕਤੀ ਤੇ ਕਰਮ ਸ਼ਕਤੀ ਦਾ ਪ੍ਰਯੋਗ ਭਾਰਤੀ ਸੰਸਕ੍ਰਿਤੀ ਦੀ ਸੁਰੱਖਿਆ ਤੇ ਜਨਸਾਧਾਰਣ ਦੇ ਕਲਿਆਣ ਲਈ ਕਰ ਰਹੇ

---

* ਹਥਿਆਰ ਦੁਆਰਾ ਸੁਰਖਿਅਤ ਦੇਸ ਵਿਚ ਹੀ ਵਿਦਿਆ ਤੇ ਗਿਆਨ ਦਾ ਵਿਕਾਸ ਹੋ ਸਕਦਾ ਹੈ:— 'ਸ਼ਸਤ੍ਰੇਣ ਰਛਿਤੇ ਦੇਸੇ, ਸ਼ਾਸਤ੍ਰ ਵਿਦਯਾ ਪ੍ਰਵ੍ਰਿਤਤੇ।'



Digitized by Panjab Digital Library | www.panjabdigilib.org

ਸਨ ਜਦੋਂ ਕਿ ਹੋਰ ਦਰਬਾਰਾਂ ਦੇ ਰਾਜੇ ਮਹਾਰਾਜੇ ਮਨੋਰੰਜਨ ਖਾਤਰ ਬਿਲਾਸੀ ਸਾਹਿਤ ਰਚਕੇ ਯਾ ਫਿਰ ਆਪਣਾ ਠਾਠ ਬਾਠ ਦਿਖਾਕੇ ਕੇਵਲ ਵਿਅਕਤੀਗਤ ਲਾਭਾਂ ਲਈ ਕਲਾ ਦਾ ਦੁਰਪ੍ਰਯੋਗ ਕਰ ਰਹੇ ਹਨ ਸਨ। ਆਖਰ ਇਸੇ ਮਾਰੂ ਰੁਚੀ ਦਾ ਸਿਟਾ ਸੀ ਕਿ ਉਸ ਸਮੇਂ ਸਾਰੇ ਰਾਜ ਸਮਾਜ ਤੇ ਸਾਹਿਤ ਦਾ ਮੰਦਾ ਹਾਲ ਸੀ।

ਮੁਗ਼ਲ ਰਾਜੇ ਭਾਵੇਂ ਪਹਿਲੇ ਪਹਿਲ ਕਲਾ ਦੇ ਸਰਪ੍ਰਸਸਤ ਰਹੇ ਪਰ ਉਨ੍ਹਾਂ ਦੀ ਬਿਲਾਸੀ ਰੁਚੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸ਼ਾਹਜਹਾਂ ਨੇ ਤਖਤਿਤਾਊਸ ਤੇ ਤਾਜ ਮਹਲ ਵਰਗੀਆਂ ਚੀਜ਼ਾਂ ਬਣਾਈਆਂ, ਫਾਰਸੀ ਦੇ ਸ਼ਾਇਰਾਂ ਦੀ ਸਰਪ੍ਰਸਤੀ ਕੀਤੀ ਤੇ ਕੁਝ ਹਿੰਦੀ ਸੰਸਕ੍ਰਿਤ ਦੇ ਵਿਦਵਾਨਾਂ ਨੂੰ ਵੀ ਸਨਮਾਨਿਆ। ਜਿਵੇਂ ਹਿੰਦੀ ਕਵੀ ਸੁੰਦਰ ਦਾਸ ਅਤੇ ਚਿੰਤਾਮਣੀ ਅਤੇ ਸੰਸਕ੍ਰਿਤ ਵਿਦਵਾਨ ਪੰਡਿਤਰਾਜ ਜਗਨਨਾਥ ਆਪਦੇ ਦਰਬਾਰੀ ਰਤਨਾਂ ਵਿਚੋਂ ਸੀ ਜਿਸ ਨੇ ਬਾਦਸ਼ਾਹ ਦੀ ਖੁਸ਼ਾਮਦ ਲਈ 'ਈਸ਼ਵਰੋ ਵਾ ਦਿਲੀਸ਼ਵਰੋ ਵਾ' ਦਾ ਮੰਤ੍ਰ ਘੜਿਆ ਸੀ ਭਾਵੇਂ ਸ਼ਾਹ ਜਹਾ ਮਜ਼੍ਹਬੀ ਮੌਲਾਣਿਆਂ ਦੇ ਘੇਰੇ ਵਿਚ ਸੀ ਪਰ ਅਕਬਰ ਵਲੋਂ ਮਿਲੀ ਕੁਝ ਰਵਾਦਾਰੀ ਦੀ ਵਿਰਾਸਤ ਤੇ ਦਾਰਾ ਸ਼ਕੋਹ ਵਰਗੇ ਪੁਤਰ ਦੀ ਸਰਬ ਸਾਂਝੀ ਰੁਚੀ ਵੀ ਉਸ ਦੀਆਂ ਸਰਗਰਮੀਆਂ ਤੇ ਲੋੜੀਂਦਾ ਪ੍ਰਭਾਵ ਪਾਉਂਦੀ ਸੀ। ਪਰੰਤੂ ਸ਼ਾਹ ਜਹਾਂ ਦੇ ਕੈਦ ਹੋ ਜਾਣ ਤੇ ਦਾਰੇ ਦੀ ਭਿਆਨਕ ਮੌਤ ਨਾਲ ਇਕ ਦਮ ਸਾਰੀ ਹਾਲਤ ਪਲਟ ਗਈ ਤੇ ਔਰੰਗਜ਼ੇਬ ਨੇ ਕੋਮਲ ਕਲਾ ਵਲ ਬੜਾ ਸਖ਼ਤ ਮਾਰੂ ਵਤੀਰਾ ਧਾਰਨ ਕਰ ਲਿਆ। ਸਾਹਿਤ, ਸੰਗੀਤ ਤੇ ਚਿਤ੍ਰਕਲਾ ਸਭ ਠੱਪ ਦਿਤੀ ਗਈ। 'ਮਿਰਾਤੁਲ ਖ਼ਿਆਲ' ਦੇ ਲਿਖਣ ਅਨੁਸਾਰ ਕਾਜ਼ੀ ਅਬਦੁਲ ਅਜੀਜ਼ ਦੀ ਮੋਹਰ ਛੰਦਬਧ ਸੀ, ਔਰੰਗੇ ਨੇ ਉਸ ਨੂੰ ਮੁਅੱਤਲ ਕਰ ਦਿਤਾ ਤੇ ਉਸ ਦਾ ਖਹਿੜਾ ਤਾਂ ਛੱਡਿਆ ਜਦ ਉਸ ਇਹ ਭਰੋਸਾ ਦਿਵਾਇਆ 'ਜਨਾਬ! ਮੇਰਾ ਸ਼ਾਇਰੀ ਨਾਲ ਕੋਈ ਸਬੰਧ ਨਹੀ। ਇਹ ਸੀ ਔਰੰਗਜ਼ੇਬ ਦੇ ਜ਼ਮਾਨੇ ਕਵਿਤਾ ਦਾ ਹਾਲ। ਇਸੇ ਦੁਰਦਸ਼ਾਂ ਵਲ ਧਿਆਨ ਦਿਵਾਉਂਦਿਆਂ ਔਰੰਗੇ ਦੀ ਸਪੁਤਰੀ ਜ਼ੇਬੁਨਿਸ਼ਾ ਨੇ ਕਿਹਾ ਸੀ ਕਿ ਹੇ ਬੁਲਬੁਲ! ਆਪਣੇ ਬੁਲ੍ਹ ਹੌਲੀ ਫਰਕਾ ਕਿਉਂਕਿ ਬਾਦਸ਼ਾਹ ਸੁਖ਼ਨ ਦੀ ਤਾਬ ਝੱਲਣ ਜੋਗੇ ਨਹੀਂ :

'ਐ ਬੁਲਬੁਲਿ ਖੁਸ਼ਇਲਹਾਂ, ਆਹਿਸਤਾ ਲਬ ਬਜ਼ੁੰਬਾਂ
ਆਲਿ ਮਿਜਾਜ਼ਿ ਸ਼ਾਹਾਂ, ਤਾਬਿ ਸੁਖ਼ਨ ਨ ਦਾਰਦ।'

ਔਰੰਗਜ਼ੇਬ ਕੱਟਰ ਸੁੰਨੀ ਮੁਸਲਮਾਨ ਸੀ, ਇਸ ਨੇ ਹੁਕਮੀਆਂ ਸਭ ਰਾਗ ਦੀਆਂ ਮਹਿਫਲਾਂ ਤੇ ਮੁਸ਼ਾਇਰੇ ਬੰਦ ਕਰ ਦਿਤੇ। ਰੋਸ ਵਜੋਂ ਰਾਗੀਆਂ ਸੰਗੀਤ ਦਾ ਜਨਾਜ਼ਾ ਕੱਢਿਆ ਤਾਂ ਬਾਦਸ਼ਾਹ ਦੇ ਕਠੋਰ-ਦਿਲ ਉਤੇ ਇਸ ਦਾ ਕੋਈ ਅਸਰ ਨਹੀਂ ਹੋਇਆ ਸਗੋਂ ਆਖਣ ਲਗਾ, ਇਸ ਕਮਬਖ਼ਤ ਨੂੰ ਇਤਨਾ ਡੂੰਘਾ ਦਬਾਉਣਾ ਤਾ ਕਿ ਇਹ ਫਿਰ ਨਾ ਉਠ ਸਕੇ।' ਅਜੇਹੀ ਹਾਲਤ ਵਿਚ ਕੁਝ ਗਵਈਏ ਤੇ ਕਵੀ ਦਿਲੀ ਛਡਕੇ ਇਧਰ ਉਧਰ ਛੋਟੇ ਰਾਜ-ਦਰਬਾਰਾਂ ਵਿਚ ਚਲੇ ਗਏ ਪਰ ਦੂਜੇ ਪਾਸੇ ਰਾਜਪੂਤ ਰਾਜੇ



Digitized by Panjab Digital Library | www.panjabdigilib.org

ਵੀ ਸਵੈਮਾਨ ਗੁਆ ਚੁਕੇ ਸਨ। ਉਨ੍ਹਾਂ ਰਾਜਸੀ ਲਾਭਾਂ ਲਈ ਆਪਣੀਆਂ ਧੀਆਂ ਭੈਣਾਂ ਦੇ ਡੋਲੇ ਦੇ ਕੇ ਇਤ੍ਰ ਤਰ੍ਹਾਂ ਮੁਗਲ ਸਾਮਰਾਜ ਨਾਲ ਨੀਵੀਂ ਕਿਸਮ ਦਾ ਗਾਂਢਾ ਸਾਂਢਾ ਕੀਤਾ ਹੋਇਆ ਸੀ ਤੇ ਉਹ ਕਈਆਂ ਗੱਲਾਂ ਵਿਚ ਦਿੱਲੀ ਦਰਬਾਰ ਦੇ ਦੇਣਦਾਰ ਸਨ। ਜਦ ਔਰੰਗਜ਼ੇਬ ਨੇ ਮੰਦਰ ਢਾਹੁਣੇ ਸ਼ੁਰੂ ਕੀਤੇ ਤਾਂ ਬਿੰਦ੍ਰਾਬਨ ਤੇ ਗੋਵਰਧਨ ਮੰਦਰ ਦੇ ਮਹੰਤ ਪੁਜਾਰੀ ਮੂਰਤੀਆਂ ਲੈ ਕੇ ਭੱਜ ਤੁਰੇ ਤੇ 'ਭਾਸ਼ਾ ਭੂਸ਼ਣ' ਦੇ ਲੇਖਕ-ਮਹਾਰਾਜਾ ਜਸਵੰਤ ਸਿੰਘ (1683 ਬਿ.--1735 ਬਿ.) ਪਾਸ ਆਏ ਪਰੰਤੂ ਉਸ ਨੇ ਸ਼ਰਣ ਦੇਣੋਂ ਇਨਕਾਰ ਕਰ ਦਿਤਾ। ਉਸ ਨੂੰ ਪਤਾ ਸੀ ਕਿ ਜੇ ਮੈਂ ਇਨ੍ਹਾਂ ਨੂੰ ਆਸਰਾ ਦੇਵਾਂ ਤਾਂ ਮੇਰੀ ਖ਼ੈਰ ਨਹੀਂ। ਇਸ ਤਰ੍ਹਾਂ ਦੇ ਹਿੰਦੂ ਰਾਜੇ ਸਨ। ਜੇਕਰ ਇਨ੍ਹਾਂ ਕੁਝ ਸਾਹਿਤਕ ਸਰਪ੍ਰਸਤੀ ਵੀ ਕੀਤੀ ਤੇ ਆਪਣੇ ਦਰਬਾਰਾਂ ਵਿਚ ਕਵੀਆਂ ਨੂੰ ਰੱਖਿਆ ਤਾਂ ਇਸ ਦੇ ਦੋ ਮਨੋਰਥ ਹੀ ਸਨ—ਆਪਣੀ ਵਡਿਆਈ ਕਰਵਾਉਣਾ ਯਾ ਮਨੋਰੰਜਨ ਲਈ ਬਿਲਾਸੀ ਸਾਹਿਤ ਰਚਵਾਉਣਾ। ਹਿੰਦੀ ਸਾਹਿਤ ਦਾ ਇਹੋ ਰੀਤੀ ਕਾਲ ਹੈ, ਜਿਸ ਵਿਚ ਸਿਵਾਇ ਨਾਇਕ ਨਾਇਕਾ ਭੇਦ ਤੇ ਸ਼ਿੰਗਾਰ ਰਸ ਨਿਰੂਪਣ ਦੇ ਹੋਰ ਕੁਝ ਨਹੀਂ ਲਿਖਿਆ ਗਿਆ। ਬਿਨਾਂ ਭੂਸ਼ਣ (1670-1772 ਬਿ.) ਦੇ ਸਾਨੂੰ ਕੋਈ ਹੋਰ ਕਵੀ ਨਜ਼ਰ ਨਹੀਂ ਆਉਂਦਾ ਜੋ ਮੁਗਲਈ ਜਬਰ ਵਿਰੁਧ ਅਵਾਜ਼ ਉਠਾਵੇ ਤੇ ਆਪਣੇ ਸੂਰਮਿਆਂ ਦਾ ਜਸ ਗਾਵੇ। ਆਖਿਰ ਇਸ ਵਕਤ ਚਿੰਤਾਮਣੀ, ਬਿਹਾਰੀ, ਮਤਿਰਾਮ, ਦੇਵ, ਕੁਲਪਤਿ ਮਿਸ਼ਰ ਵਰਗੇ ਚੰਗੇ ਕਵੀ ਮੌਜੂਦ ਸਨ। ਬਿਹਾਰੀ ਤੇ ਕੁਲਪਤਿ ਮਿਸ਼ਰ ਜੈਪੁਰ ਦਰਬਾਰ ਵਿਚ ਸਨ, 1737 ਬਿ. ਵਿਚ ਸ਼ਾਹੀ ਹੁਕਮ ਨਾਲ ਜੈਪੁਰ ਦੇ ਮੰਦਰ ਢੁਹਾ ਦਿਤੇ ਗਏ। ਉਸ ਸਮੇਂ ਰਾਜਾ ਰਾਮ ਸਿੰਘ ਦੇ ਜੈਪੁਰ ਦਰਬਾਰ ਦਾ ਕਵੀ ਕੁਲਪਤਿ ਮਿਸ਼ਰ ਉਥੇ ਹੀ ਸੀ ਪਰ ਕਿਸੇ ਦੇ ਕੰਨ ਤੇ ਜੂੰ ਨਹੀਂ ਸਰਕੀ। ਮਤਿਰਾਮ ਬੂੰਦੀ ਦਰਬਾਰ ਵਿਚ, ਦੇਵ ਔਰੰਗੇ ਦੇ ਪੁੱਤਰ ਆਜ਼ਿਮ ਸ਼ਾਹ ਪਾਸ ਸੀ ਤੇ ਕਾਲੀਦਾਸ ਤ੍ਰਿਵੇਦੀ ਔਰੰਗੇ ਪਾਸ ਬੀਜਾਪੁਰ ਉਸੇ ਦੇ ਗੁਣ ਗਾ ਗਾ ਗੁਜ਼ਾਰਾ ਕਰ ਰਿਹਾ ਸੀ। ਪਰ ਕਿਸੇ ਕਵੀ ਦੀ ਰਚਨਾ ਵਿਚ ਸਾਨੂੰ ਔਰੰਗਜ਼ੇਬ ਦੀਆਂ ਸਖ਼ਤੀਆਂ ਦੀ ਨਿਖੇਧੀ ਨਹੀਂ ਮਿਲਦੀ ਤੇ ਨਾ ਹੀ ਸਤਿਗੁਰਾਂ ਵਾਂਙ ਕੋਈ 'ਧਰਮ-ਯੁੱਧ' ਦੇ ਚਾ ਨਾਲ ਸਾਹਿਤ ਰਚਨਾ ਕਰਨਾ ਕਰਤੱਵ ਸਮਝਦਾ ਸੀ। ਕਾਰਣ ਸਾਫ ਹੈ ਕਿ ਰਾਜੇ ਖੁਦ ਭੈਭੀਤ ਸਨ ਤੇ ਆਪਣੇ ਆਪਣੇ ਭੋਗ ਬਿਲਾਸ ਵਿਚ ਗ਼ਲਤਾਨ ਸਨ, ਇਸ ਹਾਲਤ ਵਿਚ ਕਵੀ ਕਿਥੋਂ ਕ੍ਰਾਂਤੀਕਾਰੀ ਹੋ ਸਕਦੇ ਸਨ। ਜੋ ਕੁਝ ਇਨ੍ਹਾਂ ਲਿਖਿਆ ਉਹ ਯਾ ਤਾਂ ਰਾਜਿਆਂ ਨਵਾਬਾਂ ਦੀ ਖੁਸ਼ਾਮਦ ਖ਼ਾਤਰ ਹੈ ਯਾ ਫਿਰ ਨਾਇਕ ਨਾਇਕਾ ਭੇਦ ਦੇ ਰੂਪ ਵਿਚ ਅੱਯਾਸ਼ੀ ਦਾ ਸਾਹਿਤ ਹੈ, ਜਿਸ ਵਿਚ ਇਸਤਰੀ ਦਾ ਨਖਸਿਖ ਵਰਨਣ, ਕਾਮਭਾਵਨਾ ਦੀ ਉਤੇਜਨਾ ਤੇ ਸ਼ਬਦ-ਜੰਜਾਲ ਪ੍ਰਮੁਖ ਔਗੁਣ ਹਨ। ਜੇ ਕਿਸੇ ਕ੍ਰਿਸ਼ਣ ਭਗਤੀ ਦੇ ਪਰਦੇ ਹੇਠ ਰਾਧਾ ਦੇ ਪ੍ਰੇਮ ਨੂੰ ਗਾਵਿਆ ਹੈ ਤਾਂ ਉਹ ਵੀ ਅਸ਼ਲੀਲ ਬਣਾਕੇ ਆਪਣੀ ਮਨੋਵਾਸ਼ਨਾ ਪੂਰੀ ਕੀਤੀ ਹੈ। ਇਹ ਸਦੀ ਜਿਥ ਰਾਜਸੀ ਤੌਰ ਤੇ ਦੇਸ ਨੂੰ ਅਧੋਗਤੀ ਵਲ ਲਿਜਾ ਰਹੀ ਸੀ, ਉਥੇ ਸਭਿਆਚਾਰਕ ਤੌਰ ਤੇ ਵੀ



Digitized by Panjab Digital Library | www.panjabdigilib.org

ਸਭ ਕੁਝ ਨਸ਼ਟ ਭ੍ਰਸ਼ਟ ਹੋ ਰਿਹਾ ਸੀ। ਸਾਹਿਤਕਾਰਾਂ ਦੀ ਕਲਾ ਬਿਲਾਸੀ ਰਾਜਿਆਂ ਨਵਾਬਾਂ ਦੀ ਰਖੇਲ ਸੀ ਜਿਵੇਂ ਉਹ ਕਹਿੰਦੇ, ਉਹੋ ਕੁਝ ਕਰਨਾ ਪੈਂਦਾ ਸੀ। ਇਸ ਦਾ ਮਾੜਾ ਸਿੱਟਾ ਇਹ ਹੋਇਆ ਕਿ ਉਠਦੀ ਉਰਦੂ ਸ਼ਾਇਰੀ ਤੇ ਹਿੰਦੀ ਕਵਿਤਾ ਦੋਵੇਂ ਸ਼ਿੰਗਾਰੀ ਗ੍ਰਹਿਆਂ ਨੇ ਗ੍ਰਸ ਲਈਆਂ ਤੇ ਇਹ ਸਾਹਸਹੀਣ ਤੇ ਸ਼ਕਤੀਹੀਣ ਭਾਰਤੀ ਲੋਕਾਂ ਦੇ ਹੋਰ ਦੁਖਾਂ ਦਾ ਕਾਰਣ ਬਣ ਗਈਆਂ।

ਪਾਠਕਾਂ ਦੀ ਗਿਆਤ ਲਈ ਅਸੀਂ ਉਸ ਸਮੇਂ ਦੀਆਂ ਕੁਝ ਕਾਵਿ-ਰਚਨਾਵਾਂ ਦਾ ਬਿਉਰਾ ਦਿੰਦੇ ਹਾਂ ਤਾਂ ਜੁ ਕਲਮ ਦਾ ਰੁਖ ਪਤਾ ਲਗ ਸਕੇ—

| | |
|---|---|
| ਸ਼ੰਭੂ ਨਾਥ ਸੋਲੰਕੀ | ਨਾਇਕਾ ਭੇਦ 1707 ਬਿ. |
| ਚਿੰਤਾਮਣੀ | ਸ਼ਿੰਗਾਰ ਮੰਜਰੀ 1710 ਬਿ. |
| ਕੁਲਪਤਿ ਮਿਸ਼ਰ | ਨਖ ਸ਼ਿਖ, ਰਸ ਰਹੱਸ |
| ਤੁਲਸੀ ਦਾਸ | ਰਸ ਕਲੋਲ 1711 ਬਿ. |
| ਮੰਡਨ | ਰਸ ਰਤਨਾਵਲੀ 1720 ਬਿ. |
| ਮਤਿਰਾਮ | ਲਲਿਤ ਲਲਾਮ, ਰਸਰਾਜ 1720 ਬਿ. |
| ਗੋਪਾਲ ਰਾਮ | ਰਸ ਸਾਗਰ 1726 ਬਿ. |
| ਸੁਖਦੇਵ ਮਿਸ਼ਰ | ਰਸ ਰਤਨਾਕਰ, ਸ਼ਿੰਗਾਰ ਲਤਾ 1733 ਬਿ. |
| ਕਾਲੀ ਦਾਸ ਤ੍ਰਿਵੇਦੀ | ਬਧੂ ਬਿਨੋਦ, ਬਾਰ ਬਧੂ ਬਿਨੋਦ 1749 ਬਿ. |
| ਦੇਵ | ਭਵਾਨੀ ਬਿਲਾਸ 1750 ਬਿ. |
| ਸ੍ਰੀ ਨਿਵਾਸ | ਰਸ ਸਾਗਰ 1750 ਬਿ. |
| ਕੇਸ਼ਵ ਰਾਮ | ਨਾਇਕਾ ਭੇਦ 1754 ਬਿ. |
| ਬਲਬੀਰ | ਦੰਪਤਿ ਬਿਲਾਸ 1759 ਬਿ. |
| ਖੜਗ ਰਾਮ | ਨਾਇਕਾ ਭੇਦ 1765 ਬਿ. |
| ਬੈਨੀ ਪ੍ਰਸਾਦ | ਰਸ ਸ਼ਿੰਗਾਰ ਸਮੁੰਦ੍ਰ 1765 ਬਿ. |
| ਸੂਰਤ ਮਿਸ਼ਰ | ਅਲੰਕਾਰ ਮਾਲਾ, ਰਸਮਾਲਾ 1766 ਬਿ. |
| ਕ੍ਰਿਸ਼ਣ ਭੱਟ | ਸ਼ਿੰਗਾਰ ਰਸ ਮਾਧੁਰੀ 1769 ਬਿ. |
| ਸ੍ਰੀ ਪਤਿ | ਰਸ ਸਾਗਰ 1770 ਬਿ. |
| ਆਜ਼ਮ | ਸ਼ਿੰਗਾਰ ਰਸ ਦਰਪਣ 1786 ਬਿ. |
| ਕੁੰਦਨ | ਨਾਯਕਾਭੇਦ 1792 ਬਿ. |
| ਸੋਮਨਾਥ | ਸ਼ਿੰਗਾਰ ਬਿਲਾਸ 1795 ਬਿ.* |

*ਵਿਸਤਾਰ ਲਈ ਦੇਖੋ : ਹਿੰਦੀ ਸਾਹਿਤ ਕਾ ਬ੍ਰਿਹਤ ਇਤਿਹਾਸ—(ਖਸ਼ਟਮ ਭਾਗ) ਪ੍ਰਕਾਸ਼ਕ-ਨਾਗਰੀ ਪ੍ਰਚਾਰਿਣੀ ਸਭਾ ਬਨਾਰਸ [ਪੰਨਾ 172-76 ਤੇ 387-88



Digitized by Panjab Digital Library | www.panjabdigilib.org

ਗੁਣੀਆ, ਸੁਖੀਆ, ਵੱਲਭ ਆਯੋ, ਧਯਾਨ ਸਿੰਘ ਗੁਰਦਰਸ਼ਨ ਪਾਯੋ
ਇਤਿਆਦਿਕ ਪਹੁੰਚੇ ਕਛੁ ਔਰ, ਬੰਦਤ ਭੇ ਸੋਢੀ ਸਿਰਮੌਰ ।੭।

ਸਾਦਰ ਬੈਠੇ ਸਭਾ ਮਝਾਰੀ, ਸਭ ਪ੍ਰਤਿ ਸ੍ਰੀ ਪ੍ਰਭੂ ਗਿਰਾ ਉਚਾਰੀ-
'ਤੁਮ ਸਗਲੇ ਬੁਧਿਵੰਤ ਬਿਸਾਲੇ, ਕਰਹੁ ਬਿਚਾਰਨ ਵਿਦਿਆ ਜਾਲੇ ।।੮।

ਕਹਿ ਤੇ ਸੁਪਨਾ ਪਾਵਹਿ ਪ੍ਰਾਨੀ, ਕਿਮ ਨਿਸਪ੍ਰਤਿ ਮਹਿ ਸ਼ਯਾਮ ਨਿਸ਼ਾਨੀ
ਕਿਮ ਗੋਡੇ ਪਰ ਪਾਗ ਰਖੰਤੇ, ਕਿਮ ਚੀਤੇ ਪਾਛੇ ਥੁਕਯੰਤੇ । ੯ ।

ਚੂਨ ਪਕਾਵਨ ਜਬ ਹੀ ਲਾਗੇ, ਤੱਰਿ ਪਿਛੇ ਜੋਰਤ ਕਿਮ ਆਗੇ
ਰੁਖ ਬਿਗੈਰ ਕਿਉਂ ਬੋਲਨ ਕਰਹੈ, ਧਨੁ ਟੰਕਾਰ ਕਰੈ ਕਿਉਂ ਨਰ ਹੈ । ੧੦।

ਕਹਹੁ ਤਮਾਕੂ ਕਿਉਂ ਨ ਛੁਹੈਂ, ਕਥਾ ਦਵਾਦਸੀ ਕਿਮ ਨਹਿ ਕਹੈ ?
ਇਮ ਸ੍ਰੀ ਸਤਿਗੁਰ ਤੇ ਸਭਿ ਸੁਨੈ, ਕਵਿ ਕੁੰਵਰੇਸ਼ ਪ੍ਰਿਥਮ ਹੀ ਭਨੇ । ੧੧ ।

## ਦੋਹਰਾ

ਖਾਇ ਸਕਲ ਰਸ ਅੰਨ ਤੇ, ਦੂਰਟੇ ਨਾਰੀ ਭਾਵ
ਘੂੰਮ ਨੀਂਦ ਪਾਛੇ ਪਚੇ, ਜੀਵ ਕਲਾ ਛੁਟ ਦਾਵ । ੧੨ ।

ਫੁਰੇ ਸੁਪਨ ਸਭ ਜੰਤੂ ਕੋ, ਸਾਚ ਝੂਠ ਮਨ ਬੂਝਿ
ਇਤਨੀ ਜਾਨੀ ਗਯਾਨ ਤੇ, ਤਾਂ ਪਰ ਤੁਮਰੀ ਸੂਝ । ੧੩ ।

ਬੱਲਭ ਕਲੇਸ਼ ਪਾਪ ਫਲ, ਗੋਤਮ ਪਤਨੀ ਪ੍ਰੀਤਿ
ਸਸਿ ਉਠਾਇ ਰਿਖਿ ਨ੍ਹਾਨ ਕੋ, ਕਾਮੀ ਬਾਸਵ ਮੀਤ । ੧੪ ।

ਗੁਨੀਆ ਜਾਨੂ ਜਾਨਵੀ, ਸੁਧ ਤੌਰ ਵਰ ਈਸ਼
ਮੀਤ ਪਾਗ ਸ਼ਰਨਾਗਤੀ, ਗੋਡ ਲਾਗ ਸੁਖ ਸੀਸੁ । ੧੫ ।

'ਸੁਖੀਆ', ਤੰਤ੍ਰ ਮੰਤ੍ਰ ਕੇ, ਨਾਸ਼ ਕਰਮ ਕੇ ਹੇਤੁ
ਥੂਕ ਕੀਏ ਹਤ ਹੋਤ ਹੈ, ਜਾਂਤੇ ਕੀਨਾ ਚੇਤ । ੧੬ ।

ਗੁਰਦਾਸ ਦਾਸ ਪਗ ਸਤਿਗੁਰੂ, ਅਹੰ ਮਿਟੈ ਤੁਮ ਸ਼ਰਨ
ਤਵਨ ਕ੍ਰਿਪਾ ਬਿਨ ਅਹੰਮਤੀ, ਬੋਲਤ ਪ੍ਰੀਤੀ ਹਰਨ । ੧੭ ।

'ਸੈਨਾਪਤਿ' ਕਹਿਤਾ ਇਹੀ, ਪ੍ਰਿਥਮ ਬਿਰਕਤੀ ਜਾਨ
ਗਨਪਤਿ ਆਦਿ ਮਨਾਈਏ, ਆਦਿ ਤਵਨ ਕੀ ਕਾਨ । ੧੮ ।

'ਸੁਖਾ ਸਿੰਘ' ਟੰਕਾਰ ਕੀ, ਸ਼ਤ੍ਰੂਨ ਦਯੋ ਵੰਗਾਰ
ਹੈ ਬਲ ਵਿਦਿਆ ਜਾਸ ਕੈ, ਆਵੈ ਮਮ ਢਿਗ ਸਾਰ । ੧੯ ।



Digitized by Panjab Digital Library | www.panjabdigilib.org

ਕਲੂਆ, ਤੁਰਕਨ ਰਾਜ ਜਬ, ਰਹਯੋ ਭੂਮਿ ਪਰ ਛਾਇ
ਧੂਮ ਪਾਨ ਜਪ ਮੀਤ ਫਲ, ਹਿੰਦੂ ਕੈ ਛਪਿ ਜਾਇ । ੨੦ ।

ਸਕਲ ਪਾਪ ਜੋ ਭੂਮਿ ਕੇ, ਹਰਿ ਪੈ ਗਏ ਫਿਰਯਾਦਿ
ਕਲਿ ਮਹਿ ਤੁਮਰੀ ਮਹਿ ਮੁਨਹਿੰ, ਹਰਿ ਕਹਿ ਸਰੁਤਿ ਕਥ ਬਾਦ । ੨੧ ।

ਨਾਨਕ ਜਾ, ਤੁਮ ਦਯਾਲ ਹੁਇ, ਸਕਲ ਦੋਖ ਮਿਟ ਜਾਇ
ਸੰਕਰ ਬਿਦਰ ਦਾਰਿਦ ਬਿਪ੍ਰ, ਅਜਮਲ ਕੁਬਿਜ ਭਿਲਾਇ । ੨੨ ।

ਚੁਪ ਹੁਏ ਸਤਿਗੁਰ ਕਹੈ, ਲੜਕੇ ਗੁਰਬਖਸ਼ ਸਿੰਘ !
ਤੂੰ ਕਯੋ ਬੋਲਤ ਨਾਹਿ ਅਬ, ਕਹਿ ਨ ਹੋਗੁ ਮਨ ਸਿੰਘ । ੨੩ ।

ਪਰ ਮੈਂ ਬੋਲਯੋ ਸਮਝ ਕੇ, ਮਨ ਪਰਚਾ ਤੁਮ ਚਰਨ,
ਜੰਤੀ ਕੇ ਕਯਾ ਬਸ ਸਹੀ, ਕਰਤਾ ਤੁਮਰੀ ਸ਼ਰਨ । ੨੪ ।

ਇਸੇ ਤਰ੍ਹਾਂ ਇਕ ਵਾਰ ਦੀ ਗੋਸ਼ਟਿ ਵਿਚ ਇਸ ਮਸਲੇ ਤੇ ਤਕੜੀ ਵਿਚਾਰ ਹੋਈ ਕਿ ਮਰਨ ਪਿਛੋਂ ਕੀ ਹੁੰਦਾ ਹੈ । ਜਿਸ ਪਰਕਾਰ 'ਸੌ ਸਾਖੀ' ਵਿਚ ਇਸ ਦਾ ਵੇਰਵਾ ਦਿਤਾ ਗਿਆ ਹੈ, ਵੰਨਗੀ ਵਜੋਂ ਉਹ ਵੀ ਇਥੇ ਦਿਤਾ ਜਾਂਦਾ ਹੈ :—

'ਏਕ ਬੇਰ ਸ੍ਰੀ ਸਤਿਗੁਰੂ, ਬੈਠੇ ਆਪਣੇ ਭਾਇ
ਕਥਾ ਭਈ ਤਹਿ ਪਾਂਡਵਨ, ਪੰਡਿਤ ਭਾਰਤ ਆਇ । ੧ ।

ਤਾਂ ਪੀਛੇ ਚਰਚਾ ਭਈ, ਮਰਾ ਨ ਆਵੈ ਕੋਇ
ਕਿਆ ਜਾਨੇ ਕਿਆ ਹੋਇ ਤਹਾਂ, ਹੈ ਵਾ ਨਾਹੀ ਹੋਇ । ੨ ।

ਤਬ ਬੋਲੇ ਨੰਦ ਲਾਲ ਜੀ, ਕਰਨੀ ਕਮਲ ਜਮਾਲ
ਸਿਖ ਸਿਦਕਿ ਗੁਰਮੁਖਿ ਬੜੇ, ਤਿਨ ਕੋ ਭਲੋ ਹਵਾਲ । ੩ ।

ਸੈਨਾਪਤਿ ਕਵਿਤਾ ਕਹੇ, ਗੁਰਦਰਸ਼ਨ ਤੇ ਪਾਰ
ਕਰੈ ਭਲੀ ਵਾ ਬੁਰੀ ਨਿਤ, ਸਤਿਗੁਰ ਲੇਇ ਸਵਾਰ । ੪ ।

ਉਦੇਰਾਇ ਕਵਿ ਇਉਂ ਕਹਾ, ਜੈਸੀ ਕਾਹੂ ਘਾਲ
ਤੈਸਾ ਫਲ ਦਰੁਮ ਹੋਇਗਾ, ਜੈਸਾ ਬੀਜ ਵਿਸਾਲ । ੫ ।

ਰਾਵਲ ਬੋਲਹਿ ਜੀਵ ਕੋ, ਈਸਵਰ ਅੰਸ਼ ਨਿਹਾਰ
ਨਹੀ ਦੰਡ ਅਪਨੀ ਸੁਰਤਿ, ਬਿਚਰੈ ਲੋਭੁ ਪਸਾਰ । ੬ ।

ਅੱਲੂ ਬੋਲਹਿ ਦੇਹਿ ਜੜ, ਪੰਚ ਤਤੁ ਛੁਟਿ ਜਾਂਹਿ
ਬੁਧਿ ਪ੍ਰਾਣ ਫੁਨ ਦੇਹਿ ਜੜ, ਚੇਤਨ ਆਪੇ ਆਹਿ । ੭ ।



Digitized by Panjab Digital Library | www.panjabdigilib.org

'ਮਧੁ' ਬੋਲਹਿ ਜਉ ਸਹੀ ਹੈ, ਚੇਤਨ ਪਰਮ ਸਰੂਪ
ਨਾ ਮਾਰੇ ਮਰਤਾ ਨਹੀਂ, ਦੂਜਾ ਕਉਨ ਅਨੂਪ । ੮ ।

ਅਗਨਿ ਅਗਨਿ ਜਿਮ ਸੀਤ ਸੀਤ, ਘ੍ਰਿਤ ਘ੍ਰਿਤ ਪਾਨੀਵਾਰ
ਭ੍ਰਮ ਹਾਰ ਦੇਖੋ ਕਵਿੱਤ, ਦੂਜਾ ਕਹਾਂ ਵਿਚਾਰ । ੯ ।

'ਚੰਦਾ' ਚੰਦ ਚਕੋਰ ਜਿਉਂ, ਬਾਲ ਮਾਇ ਕੀ ਰੀਤਿ
ਤਿਉਂ ਗਤਿ ਹੋਵੈ ਜੀਵ ਕੀ, ਜਾਣੈ ਪ੍ਰਾਣੀ ਮੀਤ ।੧੦।

'ਬੱਲੂ' ਬਿਸਨੁ ਫਕੀਰ ਕੀ, ਬੋਲੀ ਸੁਨੈ ਨ ਕੋਇ
ਤਿਉਂ ਈਸਰ ਅਰ ਜੀਵ ਕੀ, ਦੁਬਿਧਾ ਜੀਅ ਮੈਂ ਹੋਇ । ੧੧ ।

'ਲੱਖਾ' ਲੱਖ ਮਣ ਬੋਝ ਜਿਹ, ਸੋਈ ਮਰਤਾ ਭਾਰ
ਹਲਕੇ ਹਲਕੇ ਲੱਗ ਸਭ, ਪਾਪ ਪੁੰਨ ਇਉਂ ਧਾਰਿ । ੧੨ ।

ਈਸਰ ਦਾਸ ਕਹਿ ਸੁਨੋ ਸਾਧੁ, 'ਤੀਨ ਕਾਲ ਇਹ ਨਾਂਹਿ
ਜੋ ਦੀਜੈ ਸੋ ਅੱਗਤਾ, ਯਾ ਮੈਂ ਸੰਸਾ ਨਾਂਹਿ । ੧੩ ।

'ਸੁਖੀਆ' ਸੁਪਨੇ ਏਕ ਨਰ, ਕਲਪੈ ਰੂਪ ਅਨੇਕ
ਤੈਸੇ ਈਸਰ ਚਿਤ ਤੇ, ਉਪਜੈ ਨਿਪਜਿ ਬਿਬੇਕ । ੧੪ ।

'ਧਰਮ ਸਿੰਘ' ਨਿਜ ਧਰਮ ਹੈ, ਅਪਨੋ ਇਸ਼ਟ ਪ੍ਰਧਾਨ
ਆਨ ਧਰਮ ਸਗਲੇ ਨਿਫਲ, ਯਾਂ ਮਹਿੰ ਬੇਦ ਪ੍ਰਮਾਣ । ੧੫ ।

ਤਿਆਗ ਮੂਲ ਹੈ 'ਧਿਆਨ ਸਿੰਘ', ਵਿਸ਼ੈ ਭੋਗ ਤੇ ਦੂਰ
ਧਿਆਨ ਧਰੈ ਇਹ ਪਰਮ ਧਨ, ਸਤਿਗੁਰ ਪਦ ਕੀ ਧੂਰਿ । ੧੬ ।

ਮਾਲਾ ਸਤਿਗੁਰ ਜਾਪ ਕੀ, 'ਮਾਲਾ ਸਿੰਘ' ਕੀ ਜਾਨ
ਜਾਂ ਤੇ ਕੋ ਅਭਿਆਸ ਹੈ, ਚਤੁਰ ਵਰਗ ਕੋ ਸਾਨ । ੧੭ ।

ਸੁਨਿ ਸੰਬਾਦ ਇਹ ਸਗਲ ਕੋ, ਸਤਿਗੁਰ ਉਚਰੇ ਵਾਕ
ਅਨਹਦ ਸਾਧਨ ਜੋਗ ਕੇ, ਸਮਤਾ, ਧਿਆਨ ਏਕਾਂਕ । ੧੮ ।

(ਸੌ ਸਾਖੀ, ਪੰਨਾ ੨੨੦-੨੨)

ਅੱਗੇ ਗੁਰੂ ਸਾਹਿਬ ਦਾ ਸਵਿਸਤਾਰ ਜਵਾਬ ਹੈ ਜੋ ਪਾਠਕ ਖੁਦ ਦੇਖ ਸਕਦੇ ਹਨ । ਸਾਡਾ ਇਹ ਹਵਾਲੇ ਪੇਸ਼ ਕਰਨ ਦਾ ਭਾਵ ਇਤਨਾ ਹੀ ਹੈ ਕਿ ਗੁਰੂ ਸਾਹਿਬ ਦਾ ਵਿਦਿਆ ਦਰਬਾਰ ਕੇਵਲ ਕਵੀ ਸੰਮੇਲਨ ਮਾਤਰ ਨਹੀਂ ਸੀ, ਬਲਕਿ ਇਸ ਵਿਚ ਕਈ ਵਾਰ ਪਰਮਾਰਥ ਦੇ ਗੂੜ੍ਹ ਵਿਸ਼ਿਆਂ ਤੇ ਵੀ ਵਿਚਾਰ ਚਰਚਾ ਚਲਦੀ ਰਹਿੰਦੀ ਸੀ । ਇਸ ਦਰਬਾਰ ਨੂੰ ਗੁਰੂ



Digitized by Panjab Digital Library | www.panjabdigilib.org

ਸਾਹਿਬ ਤਾਂ ਸੁਸ਼ੋਭਿਤ ਕਰਦੇ ਹੀ ਸਨ, ਕਈ ਵਾਰ ਭਾ: ਨੰਦ ਲਾਲ ਜੀ ਯਾ ਭਾਈ ਦਯਾ ਸਿੰਘ ਵਰਗੇ ਵਿਦਵਾਨ ਤੇ ਪ੍ਰਤਿਸਠਤ ਸੱਜਣ ਵੀ ਇਸ ਦਾ ਸੰਚਾਲਣ ਕਰਦੇ ਸਨ। ਇਸ ਦੇ ਸੰਕੇਤ ਥਾਂ ਥਾਂ ਮਿਲਦੇ ਹਨ। ਜਿਵੇਂ ਕਿ 'ਸੌ ਸਾਖੀ' ਵਿਚ ਹੀ ਇਕ ਥਾਂ ਲਿਖਿਆ ਹੈ :—

'ਸੰਗਤਿ ਕੋ ਹੁਕਮ ਹੂਆ ਹਮ ਸੇ ਜੋ ਪੂਛਨਾ ਸੋ ਨੰਦ ਲਾਲ ਬਤਾਵੇਗਾ ਤਾਂ ਨੰਦ ਲਾਲ ਅਖਾੜਾ ਲਿਖਾਰੀਆਂ ਦਾ ਇਕੱਠਾ ਕੀਆ। ਪਾਤਸ਼ਾਹੀ ਲਿਖਾਰੀ ਅਵਰੁ ਕਵੀਸਰ ਬੁਲਾਏ।' (ਪੰਨਾ ੨੦੦)

ਸੋ ਗੁਰੂ ਦਰਬਾਰ ਦਾ ਇਹ ਪੱਖ ਇਕ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਉਨ੍ਹਾਂ ਆਪਣੇ ਸਮੇਂ ਵਿਚ ਜਿਥੇ ਸਾਹਿਤਕ ਵਿਕਾਸ ਦੁਆਰਾ ਲੋਕਾਂ ਨੂੰ ਚੇਤਨ ਕੀਤਾ, ਉਥੇ ਅਜੇਹੀਆਂ ਗਿਆਨ ਗੋਸ਼ਟੀਆਂ ਰਾਹੀਂ ਕੂੜੇ ਭਰਮ ਵਹਿਮ ਤੋਂ ਮੁਕਤੀ ਦਿਵਾਈ। ਅਜੇਹੇ ਸਭਿਆਚਾਰਕ ਤੇ ਦਾਰਸ਼ਨਿਕ ਵਿਚਾਰ ਦਾ ਹਾਲ ਪੜ੍ਹਕੇ ਹੈਰਾਨੀ ਹੁੰਦੀ ਹੈ ਕਿ ਇਕ ਅਨੂਪਮ ਪ੍ਰਬੀਨ ਨੇਤਾ ਕਿਸ ਤਰ੍ਹਾਂ ਇਕ ਪਾਸੇ ਸ਼ਸਤ੍ਰਧਾਰੀ ਸਿਪਾਹੀਆਂ ਦੀ ਸੈਨਾ ਸੰਗਠਿਤ ਕਰ ਰਿਹਾ ਸੀ ਤੇ ਦੂਜੇ ਪਾਸੇ ਸ਼ਾਸਤ੍ਰਵੇਤਾ ਕਲਮਧਾਰੀਆਂ ਦਾ ਅਜੇਹਾ ਵਿਦਿਆ ਦਰਬਾਰ ਸਜਾਕੇ ਗਿਆਨ ਨੂੰ ਮਾਲਾਮਾਲ ਕਰੀ ਜਾ ਰਿਹਾ ਸੀ। ਗੁਰੂ ਦਾ ਦਰਬਾਰ ਇਕ ਤਰ੍ਹਾਂ ਦੀ ਨਿਪੁਣ ਲੋਕ ਸਭਾ ਸੀ, ਜਿਸ ਵਿਚ ਜਿਥੇ ਅਧਿਆਤਮਕ ਗੱਲਾਂ ਦੀ ਵਿਚਾਰ ਹੁੰਦੀ ਉਥੇ ਦੇਸ ਦੀਆਂ ਸਮੱਸਿਆਵਾਂ ਨੂੰ ਵੀ ਵਿਚਾਰ ਗੋਚਰੇ ਕੀਤਾ ਜਾਂਦਾ ਤੇ ਉਸ ਦੇ ਸੁਲਝਾਉ ਲਈ ਯਥਾ ਯੋਗ ਵਿਉਂਤਾਂ ਵੀ ਬਣਾਈਆਂ ਜਾਂਦੀਆਂ। ਇਹ ਪਰਮਾਰਥਕ ਤੇ ਆਰਥਿਕ ਪੱਖਾਂ ਦੀ ਵਿਕਾਸ ਯੋਜਨਾ ਤੇ ਫਿਰ ਸਾਹਿਤਕ ਮਾਧਿਅਮ ਰਾਹੀਂ ਲੋਕ ਜਾਗ੍ਰਤੀ ਦਾ ਉਪਰਾਲਾ ਹੀ ਗੁਰੂ ਦਰਬਾਰ ਦੇ ਵਿਸ਼ੇਸ਼ ਗੁਣ ਸਨ, ਜਿਨ੍ਹਾਂ ਵਿਚ ਉਸ ਸਮੇਂ ਦਾ ਕੋਈ ਹੋਰ ਰਾਜ ਦਰਬਾਰ ਇਸ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ।

## (ਸ) ਦਰਬਾਰੀ ਕਵੀਆਂ ਦੀ ਨਾਮਾਵਲੀ

ਸਿਖਾਂ ਦੇ ਇਤਿਹਾਸਕ ਗ੍ਰੰਥਾਂ ਵਿਚ ਅਨੰਦਪੁਰ ਦਰਬਾਰ ਦੇ ਕਵੀਆਂ ਦੀ ਗਿਣਤੀ 52 ਤੇ ਲਿਖਾਰੀਆਂ ਦੀ 36 ਦਿਤੀ ਗਈ ਹੈ।* ਪਰ ਇਸ ਦਾ ਅਰਥ ਇਹ

---

* ਹੁਤੇ ਬਵੰਜਾ ਕਵਿ ਗੁਰ ਪਾਸ। ਸਭ ਹੀ ਬਾਨੀ ਕਰਹਿ ਪ੍ਰਕਾਸ਼।
[ਗੁ: ਪ੍ਰ: ਸੂਰਜ ਰੁਤ ੩, ਅੰ. ੫੧

ਲੇਖਕ ਗੁਨੀ ਛਤੀਸ ਬਰ, ਕ੍ਰਿਪਾ ਸਿੰਧੁ ਕੇ ਪਾਸ
ਜੋ ਆਗਿਆ ਗੁਰ ਕਰਤ ਹੈਂ, ਲਿਖਵਤ ਬੁਧਿ ਬਿਲਾਸ। ੧੨।
[ਗੁਰਬਿਲਾਸ, ਭਾ. ਸੁੱਖਾ ਸਿੰਘ, ਅਧਿਆ ੧੭



Digitized by Panjab Digital Library | www.panjabdigilib.org

ਨਹੀਂ ਕਿ ਸਤਿਗੁਰਾਂ ਦੇ ਦਰਬਾਰ ਵਿਚ ਕੇਵਲ 52 ਕਵੀ ਹੀ ਸਨ। ਕਈ ਵਾਰ ਵਧ ਘਟ ਵੀ ਹੁੰਦੇ ਰਹਿੰਦੇ ਸਨ, ਕੋਈ ਆ ਗਿਆ, ਕੋਈ ਚਲਿਆ ਗਿਆ। ਕਿਸੇ ਸਮੇਂ 52 ਵੀ ਰਹੇ ਹੋਣਗੇ, ਇਹ ਗੱਲ ਅਣਹੋਣੀ ਵੀ ਨਹੀਂ ਪਰ ਖੋਜ ਤੋਂ ਪਤਾ ਲਗਦਾ ਹੈ ਕਿ ਇਹ ਗਿਣਤੀ ਕਾਫੀ ਵਧੇਰੇ ਸੀ। ਕਾਰਣ ਇਹ ਸੀ ਕਿ ਗੁਰੂ ਸਾਹਿਬ ਦੀ ਸਾਹਿਤਕ ਵਿਉਂਤ ਕਾਫੀ ਵਿਸ਼ਾਲ ਤੇ ਵਿਸਤਾਰ ਵਾਲੀ ਸੀ। ਕਿਤਨੀਆਂ ਹੀ ਸੰਸਕ੍ਰਿਤ ਤੇ ਫਾਰਸੀ ਪੁਸਤਕਾਂ ਦੇ ਅਨੁਵਾਦ ਦਾ ਕੰਮ ਸੀ ਤੇ ਕਿਤਨੀਆਂ ਹੀ ਮੌਲਿਕ ਰਚਨਾਵਾਂ ਰਚਣ ਦੀ ਵਿਉਂਤ ਸੀ ਤੇ ਕੁਝ ਪ੍ਰਸਿਧ ਭਾਰਤੀ ਗ੍ਰੰਥਾਂ ਦਾ ਲਿਪਿਅੰਤਰ ਵੀ ਇਸ ਯੋਜਨਾ ਦਾ ਜ਼ਰੂਰੀ ਭਾਗ ਸੀ। ਜਿਸ ਕਿਸੇ ਨੂੰ ਵੀ ਪਤਾ ਲਗਦਾ ਕਿ ਗੁਰੂ ਸਾਹਿਬ ਸਾਹਿਤਕਾਰਾਂ ਦੀ ਚੰਗੀ ਕਦਰ ਕਰਦੇ ਹਨ ਤੇ ਚੰਗਾ ਸਨਮਾਨ ਦਿੰਦੇ ਹਨ, ਉਹ ਇਕ ਵਾਰ ਅਨੰਦਪੁਰ ਜ਼ਰੂਰ ਪਹੁੰਚਦਾ। ਕਈ ਸਾਹਿੱਤਕਾਰ ਆਪਣੀਆਂ ਪਹਿਲੇ ਤਿਆਰ ਕੀਤੀਆਂ ਰਚਨਾਵਾਂ ਵੀ ਨਾਲ ਲਿਆਉਂਦੇ ਤੇ ਸਤਿਗੁਰਾਂ ਦੀ ਭੇਟ ਕਰਦੇ। ਸਾਹਿਤ-ਪ੍ਰੇਮੀ ਸਿਖ ਤਾਂ ਪਹਿਲਾਂ ਤੋਂ ਹੀ ਇਸ ਕੰਮ ਵਿਚ ਬਰਾਬਰ ਹੱਥ ਵਟਾ ਰਹੇ ਸਨ ਤੇ ਦੂਰ ਦੂਰ ਰਹਿਣ ਵਾਲੇ ਕਵੀ ਵੀ ਸੋਅ ਸੁਣਕੇ ਇਥੇ ਪਹੁੰਚਦੇ ਹੀ ਸਨ। ਕਈਆਂ ਨੂੰ ਧਨ ਦੀ ਲਾਲਸਾ ਸੀ ਤੇ ਕਈ ਦਰਸ਼ਨ ਲਾਲਸਾ ਦੇ ਬੱਧੇ ਚਲੇ ਆਉਂਦੇ ਸਨ। ਭਾਈ ਸੰਤੋਖ ਸਿੰਘ ਲਿਖਦੇ ਹਨ—

ਸ੍ਰੀ ਕਲਗੀਧਰ ਅਨੰਦਪੁਰ, ਬਿਲਸਤ ਬਹੁਤ ਬਿਲਾਸ
ਜਿਤ ਕਿਤ ਤੇ ਬਹੁ ਗੁਨੀ ਨਰ, ਸੁਨਿ ਜਸ ਆਵਤ ਪਾਸ। ੧।
ਚਹੁੰ ਕੁੰਟਨ ਤੇ ਦੂਰ ਕਿ ਨੇਰੇ। ਹੋਇ ਕਿਸੂ ਗੁਨ ਬਿਖੈ ਬਡੇਰੇ
ਇਕ ਤੋਂ ਦਰਬ ਲਾਲਸਾ ਕਰੈਂ। ਦੁਤੀਏ ਗੁਰਦਰਸ਼ਨ ਮੁਦ ਧਰੈਂ। ੨।
ਪਾਵਹਿ ਮੌਜ ਪਸਾਰਹਿ ਜਸ ਕੋ। ਤਯੋਂ ਤਯੋਂ ਆਇ ਸੁਨਾਵਹਿ ਰਸ ਕੋ
ਪੂਰਬ, ਦੱਛਣ, ਪੱਛਮ ਉਤਰ, ਪੰਡਿਤ ਕਰਤ ਪ੍ਰਸ਼ਨ ਦੇ ਉੱਤਰ। ੩।
ਕਵਿਤਾ 'ਕਾਵਯ ਬਨਾਵਹਿ' ਸੋਈ, ਨਵ ਰਸ ਸਹਿਤ ਬਿਭੂਖਨ ਕੋਈ
ਸੋ ਆਏ ਚਲਿ ਸਤਿਗੁਰੂ ਦਵਾਰੇ। ਰੁਚਿਰ ਕਵਿੱਤ ਬਨਾਇ ਉਚਾਰੇ। ੪।
[ਗੁ: ਪ੍ਰ: ਸੂ: ਰੁਤ ੨, ਅੰਸੂ ੫੦

ਹੁਣ ਵਿਚਾਰ ਗੋਚਰਾ ਸਵਾਂਲ ਇਹ ਹੈ ਕਿ ਇਹ 52 ਦੀ ਗਿਣਤੀ ਕਿਉਂ ਪ੍ਰਸਿੱਧ ਹੋਈ। ਕਈ ਪ੍ਰਸਿਧ ਅੰਕਾਂ ਵਾਂਙ 52 ਵੀ ਇਕ ਪ੍ਰਚਲਿਤ ਅੰਕ ਮੰਨਿਆ ਗਿਆ ਹੈ, ਜਿਵੇਂ 52 ਬੀਰ ਯਾ 52 ਅੱਖਰ। ਇਸ ਤਰ੍ਹਾਂ ਗੁਰੂ ਸਾਹਿਬ ਦੇ ਦਰਬਾਰੀ ਸਾਹਿਤ-ਰਤਨਾਂ ਨਾਲ ਵੀ ਇਹ ਗਿਣਤੀ ਵਧੇਰੇ ਪ੍ਰਸਿਧ ਹੋ ਗਈ। ਨਾਲੇ ਇਸ ਪ੍ਰਸੰਗ ਵਿਚ ਇਕ ਗੱਲ ਹੋਰ ਵੀ ਧਿਆਨ ਗੋਚਰੀ ਹੈ ਕਿ ਕਵੀ ਦਾ ਭਾਵ ਇਥੇ ਕੇਵਲ ਕਾਵਿ-ਰਚਨਾ ਕਰਨ ਵਾਲਾ ਨਹੀਂ, ਬਲਕਿ ਕਵੀ ਦਾ ਖੁਲ੍ਹਾ ਅਰਥ ਵਿਦਵਾਨ ਲੇਖਕ ਸੀ। ਆਖਿਰ ਗੁਰੂ ਸਾਹਿਬ ਪਾਸ



Digitized by Panjab Digital Library | www.panjabdigilib.org

ਕੇਵਲ ਕਵਿਤਾ ਲਿਖਣ ਵਾਲੇ ਹੀ ਸਾਹਿੱਤਕਾਰ ਨਹੀਂ ਸਨ, ਉਪਨਿਸ਼ਧਾਂ ਦਾ ਗੱਦ ਅਨੁਵਾਦ ਕਰਨ ਵਾਲੇ ਤੇ ਹੋਰ ਹਾਥੀਆਂ, ਘੋੜਿਆਂ, ਬਾਜ਼ਾਂ, ਕੁੱਤਿਆਂ ਆਦਿ ਤੇ ਸ਼ਸਤ੍ਰਾਂ ਅਸਤ੍ਰਾਂ ਸਬੰਧੀ ਗੱਦ ਗ੍ਰੰਥ ਲਿਖਣ ਵਾਲੇ ਵਿਦਵਾਨ ਕਲਮਧਾਰੀ ਵੀ ਸਨ । ਕਵੀ ਲੋਕ ਤਾਂ ਆਪਣੀ ਕਿਰਤ ਵਿਚ ਆਪਣਾ ਨਾਮ ਪਾ ਦਿੰਦੇ ਸਨ ਪਰ ਗੱਦਕਾਰ ਐਸਾ ਘੱਟ ਹੀ ਕਰਦੇ ਸਨ, ਇਸੇ ਕਰਕੇ ਬਹੁਤੀਆਂ ਗੱਦ ਰਚਨਾਵਾਂ ਦੇ ਕਰਤਿਆਂ ਦਾ ਪਤਾ ਨਹੀਂ ਚਲਦਾ। ਮਿਸਾਲ ਲਈ 'ਸਾਰਗੀਤਾ' ਦੇ ਖਰੜੇ ਪੰਜਾਬੀ ਹੱਥ ਲਿਖਤਾਂ ਵਿਚ ਆਮ ਮਿਲਦੇ ਹਨ ਤੇ ਇਹ ਸ਼ਾਇਦ ਗੁਰੂ ਦਰਬਾਰ ਵਿਚ ਅਨੁਵਾਦੀ ਗਈ ਸੀ। ਮੇਰੇ ਵਾਲੇ ਖਰੜੇ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਲਾਇਬ੍ਰੇਰੀ ਦੇ ਖਰੜਾ ਨੰ: 650 ਦੇ ਅੰਤ ਵਿਚ ਇਉਂ ਪਾਠ ਹੈ :—

> ਸ੍ਰੀ ਮੁਖਵਾਕ ਹੈ, ਗੰਗਾ, ਗੀਤਾ, ਗਾਇਤ੍ਰੀ ਗੁਰ, ਗੋਬਿੰਦ ।
> ਇਹਿ ਪਾਂਚੋ ਰਾਗ ਕਰੈ ਜੋ ਉਚਾਰ ਕਰੈ, ਸੋ ਪੁਨਰਪਿ ਜਨਮ ਕੋ ਨ ਪਾਵੈ ।
> ਜੋ ਕੋਉ ਇਸ ਸਾਰ ਗੀਤਾ ਕਾ ਜਥਾ ਬਿਧਿ ਅਭਿਆਸ ਕਰਿ ਨਾ ਜਾਨੈ
> ਜੋ ਪਾਠ ਮਾਤ੍ਰ ਹੀ ਕਰੈ ।
> ਸੋ ਭੀ ਬਿਸਨੁ ਜੀ ਕੇ ਵਿਦਮਾਨ ਜਾਇ ਪ੍ਰਾਪਤ ਹੋਇ ।
> ਇਸ ਤੇ ਬਹੁੜਿ ਕਿਆ ਕਹੋਂ ।'

ਇਸੇ ਤਰ੍ਹਾਂ ਕੁਝ ਗੀਤਾ ਦੇ ਹੋਰ ਤਰਜਮਿਆਂ ਦੇ ਵੀ ਮੁਢ ਵਿਚ ਅਜੇਹੇ ਸੰਕੇਤ ਮਿਲਦੇ ਹਨ । ਭਾਸ਼ਾ ਵਿਭਾਗ ਲਾਇਬਰੇਰੀ ਪਟਿਆਲਾ ਦੇ 24 ਨੰ: ਖਰੜੇ ਦੇ 140 ਪੱਤਰੇ ਤੇ ਲਿਖਿਆ ਹੈ —

'ਅਥ ਬਾਜ਼ਨਾਮਾ, ਨਕਲ ਗੁਰੂ ਜੀ ਕੀ ਪੋਥੀ ਕਾ ਲਿਖਿਆ ।'

ਅੰਤ ਤੇ ਦਰਜ ਹੈ—

'ਜੇ ਕੋਈ ਪੰਜ ਮਾਸੇ ਮਹਾਂ ਪ੍ਰਸਾਦ ਸੂਰ ਦਾ ਖੁਲਾਵੈ ਜਨਾਵਰਾਂ ਨੂੰ । ਸੋ ਜਨਾਵਰ ਸਭਨਾਂ ਜਾਨਵਰਾਂ ਨੂੰ ਮਾਰੇ ਅਤੇ ਹੱਛਾ ਉਡੇ, ਖਾਲਸਾ ਜੀ ਕੀ ਰਹਤ ਵਿਚ ਰਹੇ । ਏਹੁ ਲਿਖਣਾ ਐਤਨਾ ਹੀ, ਅਗੇ ਸੰਪੂਰਨ ਹੋਇਆ ।'

ਇਸ ਤੋਂ ਪਰਗਟ ਹੈ ਕਿ ਗੁਰੂ ਦਰਬਾਰ ਵਿਚ ਬਾਜ਼ਾਂ ਦੇ ਪਾਲਣ ਪੋਸਣ ਬਾਰੇ ਕੋਈ 'ਬਾਜ਼ਨਾਮਾ' ਗ੍ਰੰਥ ਲਿਖਿਆ ਗਿਆ ਸੀ ਤੇ ਇਹ ਉਸੇ ਗੁਰੂ ਸਾਹਿਬ ਵਾਲੀ ਪੋਥੀ ਦਾ ਉਤਾਰਾ ਹੈ ਪਰ ਅਸੀਂ ਇਹ ਨਹੀਂ ਜਾਣਦੇ ਕਿ ਇਸ ਦਾ ਲੇਖਕ ਕੌਣ ਸੀ ।

ਇਸੇ ਤਰ੍ਹਾਂ ਮੋਤੀ ਬਾਗ ਲਾਇਬ੍ਰੇਰੀ ਵਿਚ ਸੁਆਨ ਨਾਮਾ, ਪੋਥੀ ਸਾਲਿਹੋਤਰ ਕੀ, ਪੋਥੀ ਵੈਦਗੀ ਕੀ ਆਦਿ ਕਈ ਖਰੜੇ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਗੁਰੂ ਦਰਬਾਰ ਵਿਚ ਰਚੇ ਗਏ ਮੰਨੇ ਜਾ ਸਕਦੇ ਹਨ। ਇਸੇ ਲਾਇਬ੍ਰੇਰੀ ਵਿਚ ਇਕ ਕਿਤਾਬ ਮੁਹੰਮਦ



Digitized by Panjab Digital Library | www.panjabdigilib.org

ਅਕਬਰ ਦੀ ਲਿਖੀ 'ਮੁਜਰਬਾਤੇ ਅਕਬਰੀ' (ਨੰ. 195) ਹੈ। ਇਸ ਦਾ ਮੁੱਢ ਇਉਂ ਤੁਰਦਾ ਹੈ :—

ੴ ਸਤਿਗੁਰ ਪ੍ਰਸਾਦਿ

ਪਹਿਲਾਂ ਉਸਤਿਤ ਅਕਾਲ ਪੁਰਖ ਅਤੁ ਸਤਿਗੁਰਾਂ ਕੀ ਐਪਰ ਪਿਛੇ ਇਸ ਤੇ ਮਾੜਾ ਖਰਾ ਲੋਕਾਂ ਦਾ। ਮੁਹੰਮਦ ਅਕਬਰ ਬੇਟਾ ਹਾਜੀ ਪੀਰ ਮੁਹੰਮਦ ਹਕੀਮ ਕਾ, ਅਰਜ਼ ਰਖਤਾ ਹੈ ਜੋ ਤਰਕੀਬ ਕਿਤਨੀਆਂ ਹੀ, ਸਾਹਿਬ ਅਜ਼ਮਾਇਸ਼ ਕੀਆਂ ਹੋਈਆਂ ਮੈਂ ਸੁਣਨੀਆਂ ਕਰਕੇ ਉਪਰ ਟੁਕੜੇ ਕਾਗਜ਼ ਕੇ ਲਿਖਤਾ ਥਾ।'

ਵੱਡੀ ਗੱਲ ਨਹੀਂ, ਇਸ ਕਿਤਾਬ ਦਾ ਮੁਸਲਮਾਨ ਲੇਖਕ ਵੀ ਗੁਰੂ ਦਾ ਦਰਬਾਰੀ ਹੋਵੇ, ਸੋ ਅਜੇਹੇ ਕਿਤਨੇ ਹੀ ਗੱਦ-ਗ੍ਰੰਥ ਹਨ, ਜਿਨ੍ਹਾਂ ਦੇ ਕਰਤਿਆਂ ਬਾਰੇ ਅਸੀਂ ਜਾਣੂ ਨਹੀਂ। ਸੰਭਵ ਹੈ, ਉਨ੍ਹਾਂ ਵਿਚੋਂ ਕਈ ਗੁਰੂ ਦਰਬਾਰ ਦੀ ਦੇਣ ਹੋਣ। ਸਾਡਾ ਇਸ ਵਿਚਾਰ ਤੋਂ ਭਾਵ ਇਤਨਾ ਹੀ ਹੈ ਕਿ ਸਾਰੇ ਦਰਬਾਰੀ ਸਾਹਿਤਕਾਰਾਂ ਦਾ ਲੇਖਾ ਲਾਉਣਾ ਔਖਾ ਜੇਹਾ ਕੰਮ ਹੈ ਕਿਉਂਕਿ ਸਾਰੀ ਸਮੱਗਰੀ ਪ੍ਰਾਪਤ ਨਹੀਂ।

ਇਨ੍ਹਾਂ ਸਾਹਿਤਕਾਰਾਂ ਤੋਂ ਇਲਾਵਾ ਕੁਝ ਲਿਖਾਰੀ ਵੀ ਸਨ, ਜਿਨ੍ਹਾਂ ਦੀ ਗਿਣਤੀ 36 ਦੱਸੀ ਗਈ ਹੈ। ਇਨ੍ਹਾਂ ਖੁਸ਼ਨਵੀਸ ਲਿਖਾਰੀਆਂ ਦਾ ਕੰਮ ਇਹ ਸੀ ਕਿ ਜੋ ਗ੍ਰੰਥ ਰਚਿਆ ਜਾਵੇ, ਉਸਦੀਆਂ ਵਧ ਤੋਂ ਵਧ ਸੁੰਦਰ ਨਕਲਾਂ ਤਿਆਰ ਕੀਤੀਆਂ ਜਾਣ ਤਾਂਕਿ ਲੋੜਵੰਦ ਇਸ ਤੋਂ ਲਾਭ ਉਠਾ ਸਕਣ। ਉਸ ਸਮੇਂ ਪ੍ਰੈਸ ਤਾਂ ਸੀ ਨਹੀਂ, ਇਸ ਕਰਕੇ ਪਾਠਕ ਤੇ ਸਾਹਿਤਕਾਰ ਦੇ ਦਰਮਿਆਨ ਸਬੰਧ ਜੋੜਨ ਵਾਲੇ ਇਹ ਗਰੀਬ ਲਿਖਾਰੀ ਯਾ ਉਤਾਰਾ ਕਰਨਹਾਰ ਹੀ ਸਨ, ਜੋ ਪੁਸਤਕਾਂ ਲਿਖ ਲਿਖ ਸਾਹਿਤ ਦੀ ਸੇਵਾ ਵੀ ਕਰਦੇ ਸਨ ਤੇ ਆਪਣਾ ਰੁਜ਼ਗਾਰ ਵੀ ਤੋਰਦੇ ਸਨ। ਗੁਰੂ ਸਾਹਿਬ ਦੇ ਦਰਬਾਰੀ ਲਿਖਾਰੀ 36 ਸਨ, ਜਿਨ੍ਹਾਂ ਵਿਚੋਂ ਚਾਰ ਉਨ੍ਹਾਂ ਦੇ ਆਪਣੇ ਨਿਜੀ ਸਨ। ਭਾਈ ਸੁਖਾ ਸਿੰਘ ਨੇ ਇਹੋ ਗਿਣਤੀ ਦਿਤੀ ਹੈ ਪਰ ਬਾਬਾ ਸੁਮੇਰ ਸਿੰਘ ਜੀ ਨੇ 'ਗੁਰਪਦ ਪ੍ਰੇਮ ਪ੍ਰਕਾਸ਼' ਦੇ ਦਸਮ ਮੰਡਲ ਵਿਚ ਇਹ ਗੱਲ ਵੀ ਲਿਖੀ ਹੈ ਕਿ ਇਹ ਨਕਲਨਵੀਸ ਕਾਫੀ ਸਨ ਤੇ 36 ਇਨ੍ਹਾਂ ਵਿਚੋਂ ਮੁਖ ਸਨ :—

ਸਤਿਗੁਰ ਕੇ ਸਮੀਪ ਗੁਨਵਾਨ। ਅਨਗਨ ਰਹਿਤ. ਛਤੀਸ ਪ੍ਰਧਾਨ
ਚਾਰ ਲਿਖਾਰੀ ਤਿਨ ਮਹਿ ਨੀਕੇ। ਰਹਤ ਹਜ਼ੂਰ ਸੁ ਅਨ ਮਤਿ ਹੀ ਕੇ।
ਸਵਾ ਪਹਰ ਲਗ ਦਿਨ ਜਬ ਆਵੈ। ਬਾਨੀ ਬਨਹਿ ਤਿਹ ਲਿਖਹਿ ਜੁ ਭਾਵੈ। ੨
(ਪੰਨਾ 290)

ਚਾਰ ਲਿਖਾਰੀ ਅਹਿ ਸਾਵਧਾਨ। ਲਿਖਹਿ ਸੁ ਗੁਰ ਕ੍ਰਿਤ ਕਾਵਯ ਪੁਰਾਨ
ਕਬਹੂੰ ਤਿਨ ਤੇ ਸੁਨਿ ਗੁਰਰਾਈ। ਕਬਹੂੰ ਆਪ ਉਚਰਹਿ ਮਨ ਲਾਈ। 29।
(ਪੰਨਾ 338)



Digitized by Panjab Digital Library | www.panjabdigilib.org

ਸੋ ਉਪਰੋਕਤ ਬਿਆਨਾਂ ਤੋਂ ਪਰਗਟ ਹੈ ਕਿ ਗੁਰੂ ਜੀ ਦੇ ਦਰਬਾਰ ਵਿਚ 52 ਕਵੀ ਤੇ 36 ਲਿਖਾਰੀ ਰਹਿੰਦੇ ਸਨ। ਇਨ੍ਹਾਂ ਲਿਖਾਰੀਆਂ ਵਿਚੋਂ ਚਾਰ ਗੁਰੂ ਸਾਹਿਬ ਦੇ ਹਜ਼ੂਰੀ ਲਿਖਾਰੀ ਸਨ ਜਿਨ੍ਹਾਂ ਦਾ ਕੰਮ ਕੇਵਲ ਦਸਮ ਪਾਤਸ਼ਾਹ ਦੀ ਰਚਨਾ ਦੇ ਸੁੰਦਰ ਖਰੜੇ ਤਿਆਰ ਕਰਨਾ ਸੀ। ਇਨ੍ਹਾਂ 36 ਲਿਖਾਰੀਆਂ ਦੀ ਵੱਖਰੀ ਗਿਣਤੀ ਕਿਸੇ ਨਹੀਂ ਦਿਤੀ ਪਰੰਤੂ 52 ਕਵੀਆਂ ਦੀ ਸੂਚੀ ਵੱਖ ਵੱਖ ਵਿਦਵਾਨਾਂ ਆਪਣੇ ਆਪਣੇ ਖਿਆਲ ਅਨੁਸਾਰ ਵੱਖ ਵੱਖ ਦਿਤੀ ਹੈ।

ਸਭ ਤੋਂ ਪਹਿਲੇ ਕਵੀਆਂ ਦੇ ਨਾਮਾਂ ਦਾ ਵੇਰਵਾ 'ਸੌ ਸਾਖੀ' ਵਿਚ ਮਿਲਦਾ ਹੈ ਭਾਵੇਂ ਉਥੇ 52 ਪੂਰੇ ਕਰਕੇ ਨਹੀਂ ਲਿਖੇ ਪਰ ਭਿੰਨ ਭਿੰਨ ਸਾਖੀਆਂ ਵਿਚ ਕਈ ਕਵੀਆਂ ਦੇ ਨਾਂ ਆਉਂਦੇ ਹਨ। ਅਸੀਂ ਇਸ ਗੱਲ ਤੋਂ ਵੀ ਸਾਵਧਾਨ ਹਾਂ ਕਿ 'ਸੌ ਸਾਖੀ' ਦਾ ਪ੍ਰਮਾਣੀਕ ਪਾਠ ਨਹੀਂ ਮਿਲਦਾ, ਇਸ ਵਿਚ ਸਾਖੀਆਂ ਦੀ ਭੰਨ ਤੋੜ ਕਾਫੀ ਹੋਈ ਹੈ। ਇਸੇ ਦੇ ਆਧਾਰ ਤੇ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਦੀ ਪੰਜਵੀਂ ਰੁਤ ਵਿਚ ਅੱਡ ਅੱਡ ਥਾਈਂ ਕਵੀਆਂ ਦੇ 41 ਨਾਮ ਇਹ ਦਿਤੇ ਹਨ :—

ਉਦੇ ਰਾਇ, ਅੱਲੂ, ਆਸਾ ਸਿੰਘ. ਆਲਮ. ਅਲੀ ਹੁਸੈਨ, ਅੰਮ੍ਰਿਤ ਰਾਇ, ਈਸਰ, ਸੁਖਾ ਸਿੰਘ, ਸੁਖਦੇਵ, ਸੁਖੂ, ਸੁਖੀਆ, ਸੁਦਾਮਾ, ਸੈਨਾਪਤਿ, ਹੰਸਰਾਮ, ਕਲੂਆ, ਕੁਵਰੇਸ਼, ਖਾਨਚੰਦ, ਗੁਣੀਆ, ਗੁਰਦਾਸ, ਚੰਦਨ, ਚੰਦਾ, ਧਰਮ ਸਿੰਘ, ਧਯਾਨ ਸਿੰਘ, ਧੰਨਾ ਸਿੰਘ ਨਿਹਾਲ ਚੰਦ, ਨੰਦ ਲਾਲ, ਨੰਦ ਸਿੰਘ, ਪਿੰਡੀ ਲਾਲ, ਬੱਲਭ, ਬੱਲੂ. ਬਿਧੀ ਚੰਦ, ਬ੍ਰਿਖਾ, ਬ੍ਰਿਜ ਲਾਲ, ਮਦਨ ਗਿਰਿ, ਮਧੂ, ਮਾਨਚੰਦ, ਮਾਨ ਦਾਸ, ਮਾਲਾ ਸਿੰਘ, ਮੰਗਲ, ਰਾਵਲ ਤੇ ਲੱਖਾ।

52 ਗਿਣਤੀ ਪੂਰੀ ਕਰਨ ਲਈ ਭਾਈ ਵੀਰ ਸਿੰਘ ਜੀ ਨੇ ਫੁਟਨੋਟ ਵਿਚ 11 ਕਵੀਆਂ ਦੇ ਇਹ ਨਾਂ ਹੋਰ ਸ਼ਾਮਲ ਕੀਤੇ ਹਨ —

ਅਣੀ ਰਾਇ, ਸਯਾਮ, ਸੁੰਦਰ, ਸੋਹਨ, ਹੀਰ, ਟਹਿਕਨ, ਦਯਾ ਸਿੰਘ, ਨਾਨੂ ਨਿਸਚਲ ਦਾਸ, ਰਾਮਚੰਦੂ, ਰੋਸ਼ਨ ਸਿੰਘ।

ਇਨ੍ਹਾਂ ਤੋਂ ਛੁਟ ਅਚਲਦਾਸ, ਜਮਾਲ, ਬਲੰਦ, ਮਥਰਾ, ਮੱਲੂ, ਗੋਪਾਲ ਤੇ ਮਦਨ ਸਿੰਘ ਆਦਿ ਸੱਤ ਹੋਰ ਕਵੀ ਦੱਸੇ ਗਏ ਹਨ ਜੋ ਗੁਰੂ ਦਰਬਾਰ ਵਿਚ ਰਹੇ ਸਨ।*

ਸੋ ਇਹ 59 ਕਵੀਆਂ ਦੀ ਨਾਮਾਵਲੀ, ਭਾਈ ਵੀਰ ਸਿੰਘ ਵਲੋਂ ਪਰਵਾਣਿਤ ਮੰਨੀ ਜਾਣੀ ਚਾਹੀਦੀ ਹੈ।

ਬਾਬਾ ਸੁਮੇਰ ਸਿੰਘ ਜੀ ਨੇ ਬਵੰਜਾ ਦੀ ਗਿਣਤੀ ਇਉਂ ਗਿਣੀ ਹੈ —

---

* ਗੁਰ ਪ੍ਰਤਾਪ ਸੂਰਜ ਦਾ ਫੁਟ ਨੋਟ, ਰੁਤ ਪੰਜ ਅੰਸੂ 27, ਪੰਨਾ 5569



Digitized by Panjab Digital Library | www.panjabdigilib.org

ਪ੍ਰਿਥਮੇ ਨੰਦ ਲਾਲ ਸੁ ਬਿਸਾਲਾ। ਸਤਿਗੁਰ ਪ੍ਰਿਅ ਪੂਰਨ ਮਤਵਾਲਾ।
ਅੰਮ੍ਰਿਤਰਾਇ ਉਦੈਰਾਇ ਭੁਨ। ਮੰਗਲ ਹੰਸਰਾਮ ਪੂਰਨ ਗੁਨ। ੭।

ਛਤੀਸ ਲਾਖ ਜਾਹਿ ਗੁਰ ਦੀਨਾ। ਬਾਜਪੇਇ ਪਦਵੀ ਜਿਹ ਚੀਨਾ।
ਅਸਨੀਕਰ ਬਾਸੀ ਸੁਖਰਾਸੀ। ਹੰਸਰਾਮ ਕਵਿ ਸੁਮਤਿ ਪ੍ਰਕਾਸ਼ੀ। ੮।

ਕੁਵਰੇਸ਼, ਕਵਿ ਕੇਸ਼ਵ ਬੇਟਾ। ਪਾਂਚ ਕੁਬਿਤ ਕੀਉਸ਼ ਜਿਹੰ ਭੇਟਾ
ਰਾਮ ਸੁਯਾਮ ਸਤਿਗੁਰ ਕੇ ਪਿਆਰੇ, ਅੰਤਰੰਗ ਸਭ ਗੁਨ ਨਿਰਧਾਰੇ। ੯।

ਸੈਨਾਪਤਿ, ਸੈਨਾ ਸਿੰਘ ਜਾਨਹੁ. ਰਾਵਲ, ਅੱਲੂ, ਔ ਮਧੂ ਮਾਨਹੁ
ਚੰਦਾ ਬਲੂ, ਲੱਖਾ, ਈਸ਼ਵਰ। ਬਿਧੀ ਚੰਦ, ਬ੍ਰਿਜ ਲਾਲ ਕਵੀਸ਼ਰ। ੧੦।

ਖਾਨ ਚੰਦ, ਚੰਦਨ, ਸੁਖਦੇਉ, ਪਿੰਡੀਲਾਲ, ਰਸਿਕ ਗੁਰਦੇਉ
ਮਾਨਦਾਸ ਬੇਰਾਗੀ ਜਾਨਹੁ, ਧਰਮ ਚੰਦ, ਵੱਲਭ, ਅਨੁਮਾਨਹੁ। ੧੧।

ਅਲੀ, ਹੁਸੈਨ ਅਲੀ ਕੱਲੂ ਕਵਿ। ਕਵਿ ਬੱਲ ਤਯੋਂ ਨਿਹਾਲ ਚੰਦੂ ਕਵਿ
ਅਣੀ ਰਾਇ ਬ੍ਰਿਖਾ ਅਰੁ ਗੁਨੀਆ। ਆਲਮਸ਼ਾਹ ਮਦਨ ਗਿਰਿ ਸੁਨੀਆ। ੧੨।

ਧਯਾਨ ਸਿੰਘ, ਧਰਮ ਸਿੰਘ, ਟਹਿਕਨ; ਦਯਾ ਸਿੰਘ, ਰੌਸ਼ਨ ਸਿੰਘ ਗੁਨਿਜਨ
ਮਾਲਾ ਸਿੰਘ, ਧੰਨਾ ਸਿੰਘ ਕਵੀ, ਆਸਾ ਸਿੰਘ ਨੰਦ ਸਿੰਘ ਜਵੀ। ੧੩।

ਈਸ਼ਰ ਦਾਸ, ਹੀਰ ਸੁਖਧਾਮਾ, ਨੰਦ ਲਾਲ ਪੰਡਿਤ ਸੁ ਸੁਦਾਮਾ।
ਸੁਖਾ ਸਿੰਘ ਤਥਾ ਗੁਰਦਾਸ, ਨਾਨੂ ਬੈਰਾਗੀ ਗੁਨਰਾਸ। ੧੪।

ਨਿਹਚਲ ਦਾਸ ਸੁ ਹੁਤੇ ਫਕੀਰ। ਏ ਬਾਵਨ ਕਵਿ ਸੁਮਤਿ ਗੰਭੀਰ
ਰਰਹਿ ਕਰਹਿ ਗੁਤ ਸੁਜਸ ਮਹਾਨ। ਬੀਰ ਸੂਰੰਤਾ ਸੁਮਤਿ ਪ੍ਰਧਾਨ। ੧੫।

[ਗੁਰਪਦ ਪ੍ਰੇਮ ਪ੍ਰਕਾਸ, ਪੰਨਾ 338, 39
1882 ਈ: ਪੱਥਰ ਛਾਪਾ

ਗਿਆਨੀ ਗਿਆਨ ਸਿੰਘ ਜੀ ਨੇ 1891 ਈ: ਵਿਚ ਪੱਥਰ ਦੇ ਛਾਪੇ ਵਿਚ ਛਪੀ 'ਤ੍ਵਾਰੀਖ ਗੁਰੂ ਖਾਲਸਾ' ਦੀ ਚਰਨ ਟੂਕ ਵਿਚ ਇਹ 52 ਨਾਮ ਦਸੇ ਹਨ :—

'ਅੰਮ੍ਰਿਤ ਰਾਇ, ਕੁਵਰੇਸ਼, ਮੰਗਲ, ਸੈਨਾਪਤਿ, ਸੁਖਦੇਵ, ਚੰਦਨ, ਈਸ਼ਵਰ, ਆਲਮ, ਉਦੇਰਾਇ, ਹੰਸਰਾਜ, ਰਾਵਲ, ਰਾਮ, ਅੱਲੂ, ਮੱਧੂ, ਚੰਦ, ਬੱਲੂ, ਲੱਖਾ, ਬਿਧੀ ਚੰਦ, ਨੰਦ ਲਾਲ, ਬ੍ਰਿਜ ਲਾਲ, ਖਾਨ ਖਾਨਾ, ਪਿੰਡੀ ਲਾਲ, ਰਾਮਦਾਸ, ਹੁਸੈਨੀ, ਨਿਹਾਲ, ਮਦਨ ਗਿਰਿ, ਧਯਾਨ ਸਿੰਘ, ਧਰਮ ਸਿੰਘ, ਦਯਾ ਸਿੰਘ, ਰੌਸ਼ਨ ਸਿੰਘ, ਮਾਲਾ ਸਿੰਘ, ਆਸਾ ਸਿੰਘ, ਨੰਦ ਸਿੰਘ, ਸੁਖਾ ਸਿੰਘ, ਧੰਨਾ ਸਿੰਘ, ਟਹਿਕਨ, ਨੰਦ ਰਾਮ, ਨਾਨੂ, ਗੁਰਦਾਸ, ਅਚਲ ਦਾਸ, ਅਣੀਰਾਇ, ਸਯਾਮ, ਸੈਨ, ਹੰਸਰਾਮ, ਸ਼ੇਖਾਂ, ਰਾਮਚੰਦ, ਅਲੀ,



Digitized by Panjab Digital Library | www.panjabdigilib.org

ਕਾਲੂ, ਮਾਨੀ, ਈਸਵਰਦਾਸ, ਜਾਨ, ਹੀਰ—ਇਹ ਬਵੰਜਾ ਕਵੀਸ਼ਰ ਸਨ ।

[ਤ੍ਵਾਰੀਖ ਗੁਰੂ ਖਾਲਸਾ, ਪੰਨਾ 298 ਪਾਖਾਣਯੰਤ੍ਰ
ਗੁਰੂ ਗੋਬਿੰਦ ਸਿੰਘ ਪਰੈਸ, ਡੇਰਾ ਬਾਬਾ ਨਾਨਕ
ਛਾਪ, ਸੰਮਤ 1948]

ਇਨ੍ਹਾਂ ਪੁਰਾਣੀਆਂ ਨਾਮਾਵਲੀਆਂ ਨੂੰ ਸਾਹਮਣੇ ਰੱਖ ਕੇ ਤੇ ਛਾਣਬੀਣ ਕਰ ਕੇ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ਵਿਚ 'ਬਵੰਜਾ ਕਵੀ' ਸ਼ਬਦ ਹੇਠ ਇਹ ਸੂਚੀ ਦਿਤੀ ਹੈ ਅਤੇ ਹੁਣ ਆਮ ਲੇਖਕ. ਹਵਾਲੇ ਲਈ ਇਸੇ ਦੀ ਵਧੇਰੇ ਵਰਤੋਂ ਕਰਦੇ ਹਨ :—

ਉਦੇ ਰਾਇ, ਅਣੀ ਰਾਇ, ਅੰਮ੍ਰਿਤ ਰਾਇ, ਅੱਲੂ, ਆਸਾ ਸਿੰਘ, ਆਲਮ, ਈਸ਼ਵਰ ਦਾਸ, ਸੁਖਦੇਵ, ਸੁਖਾ ਸਿੰਘ, ਸੁਖੀਆ, ਸੁਦਾਮਾ, ਸੈਨਾਪਤਿ, ਸ਼ਯਾਮ, ਹੀਰ, ਹੁਸੈਨ ਅਲੀ, ਹੰਸ ਰਾਮ, ਕੱਲੂ, ਕੁੰਵਰੇਸ਼, ਖਾਨ ਚੰਦ, ਗੁਣੀਆ, ਗੁਰਦਾਸ, ਗੋਪਾਲ, ਚੰਦਨ, ਚੰਦਾ, ਜਮਾਲ, ਟਹਿਕਨ, ਧਰਮ ਸਿੰਘ, ਧੰਨਾ ਸਿੰਘ, ਧਯਾਨ ਸਿੰਘ, ਨਾਨੂ, ਨਿਸਚਲ ਦਾਸ, ਨਿਹਾਲ ਚੰਦ, ਨੰਦ ਲਾਲ, ਪਿੰਡੀ ਦਾਸ, ਬੱਲਭ, ਬੱਲੂ, ਬਿਧੀ ਚੰਦ, ਬੁਲੰਦ, ਬ੍ਰਿਖਾ, ਬ੍ਰਿਜ ਲਾਲ, ਮਥਰਾ, ਮਦਨ ਸਿੰਘ, ਮਦਨ ਗਿਰਿ, ਮੱਲੂ, ਮਾਨਦਾਸ, ਮਾਲਾ ਸਿੰਘ, ਮੰਗਲ, ਰਾਮ, ਰਾਵਲ, ਰੌਸ਼ਨ ਸਿੰਘ, ਲੱਖਾ ।

[ਗੁਰਸ਼ਬਦ ਰਤਨਾਕਰ, ਮਹਾਨ ਕੋਸ਼
ਜਿਲਦ ਤੀਜੀ, ਪੰਨਾ 2530

ਉਪਰੋਕਤ ਵੇਰਵੇ ਤੋਂ ਸਪਸ਼ਟ ਹੈ ਕਿ ਸੌ ਸਾਖੀ ਵਿਚ 52 ਦੀ ਗਿਣਤੀ ਤਾਂ ਨਹੀਂ ਸ਼ੀ ਪਰ ਬਾਦ ਦੇ ਵਿਦਵਾਨਾਂ ਆਪਣੀ ਆਪਣੀ ਖੋਜ ਅਨੁਸਾਰ ਇਹ ਨਾਮਾਵਲੀ ਤਿਆਰ ਕੀਤੀ । ਸ਼ਾਇਦ ਇਸ ਦੇ ਮੋਢੀ ਗਿਆਨੀ ਗਿਆਨ ਸਿੰਘ ਜੀ ਹੋਣ । ਸੋ ਹੁਣ ਸਾਡੇ ਪਾਸ ਇਨ੍ਹਾਂ ਵਿਦਵਾਨਾਂ ਦੀਆਂ ਬਣਾਈਆਂ ਸੂਚੀਆਂ ਹਨ ਤੇ ਇਨ੍ਹਾਂ ਵਿਚ ਪਰਸਪਰ ਮਤਭੇਦ ਵੀ ਹੈ ।

1. ਗਿਆਨੀ ਗਿਆਨ ਸਿੰਘ
2. ਬਾਬਾ ਸੁਮੇਰ ਸਿੰਘ
3. ਭਾਈ ਕਾਨ੍ਹ ਸਿੰਘ ਨਾਭਾ
4. ਭਾਈ ਵੀਰ ਸਿੰਘ

ਇਨ੍ਹਾਂ ਸੂਚੀਆਂ ਵਿਚ ਕਈ ਉਕਾਈਆਂ ਹਨ, ਬਹੁਤ ਸਾਰੇ ਨਾਮ ਰਹਿ ਗਏ ਹਨ ਤੇ ਕਈ ਗ਼ਲਤ ਪੈ ਗਏ ਹਨ, ਇਨ੍ਹਾਂ ਦੀ ਛਾਣਬੀਣ ਕਰਨਾ ਜ਼ਰੂਰੀ ਹੈ ।

ਸਭ ਤੋਂ ਪਹਿਲਾਂ ਰਾਮ ਤੇ ਸ਼ਿਆਮ ਵਿਚਾਰ ਯੋਗ ਹਨ ਜੋ ਕਿ ਦਸਮ ਗ੍ਰੰਥ ਦੀ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਉਪਨਾਮ ਦੇ ਤੌਰ ਤੇ ਵਰਤੇ ਹਨ, ਤੇ ਵੱਖਰੇ



Digitized by Panjab Digital Library / www.panjabdigilib.org

ਕਵੀ ਨਹੀਂ ਸਨ। ਵਿਦਵਾਨ ਜਾਣਦੇ ਹਨ ਕਿ ਅਨੰਦਪੁਰ ਦਰਬਾਰ ਵਿਚ ਦੋ ਮਹਾਨ ਗ੍ਰੰਥ ਵੱਖੋ ਵੱਖਰੇ ਸੰਕਲਿਤ ਕੀਤੇ ਗਏ ਸਨ। ਦਸਮ ਗ੍ਰੰਥ, ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ ਦਾ ਸੰਗ੍ਰਹਿ ਸੀ ਤੇ 'ਵਿਦਿਆ ਸਾਗਰ' ਸਾਰੇ ਦਰਬਾਰੀ ਕਵੀਆਂ ਦੁਆਰਾ ਰਚਿਆ ਸਾਹਿਤ-ਭੰਡਾਰ ਸੀ ਯਾ ਕੁਝ ਲਿਪਿਅੰਤਰ ਕੀਤਾ ਹਿੰਦੀ ਸਾਹਿਤ ਸੀ ਬਦਕਿਸਮਤੀ ਨਾਲ ਇਹ ਦੋਵੇਂ ਜੰਗਾਂ ਜੁਧਾਂ ਕਾਰਣ ਕਿਧਰੇ ਖਿੰਡ-ਪੁੰਡ ਗਏ ਯਾ ਫਿਰ ਸਰਸਾ ਨਦੀ ਦੀ ਭੇਟ ਹੋ ਗਏ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਪਿਛੋਂ ਮਾਤਾ ਸੁੰਦਰੀ ਜੀ ਦੀ ਪ੍ਰੇਰਨਾ ਸਦਕਾ ਭਾਈ ਮਨੀ ਸਿੰਘ ਜੀ ਨੇ ਵਖੋ ਵਖਰੀਆਂ ਪੋਥੀਆਂ ਇਕੱਠੀਆਂ ਕਰਕੇ 'ਦਸਮ ਗ੍ਰੰਥ' ਵਾਲੀ ਕਾਫੀ ਰਚਨਾ ਨੂੰ ਸੰਚਿਤ ਕਰ ਲਿਆ ਤੇ ਬੀੜ ਤਿਆਰ ਕਰਾ ਦਿਤੀ। ਚੂੰਕਿ ਭਾ: ਮਨੀ ਸਿੰਘ ਉਮਰ ਭਰ ਗੁਰੂ ਸਾਹਿਬ ਪਾਸ ਰਹੇ ਸਨ ਤੇ ਫਿਰ ਦਰਬਾਰ ਦੇ ਸਾਹਿਤਕ ਕੰਮਾਂ ਦਾ ਸੰਚਾਲਨ ਵੀ ਕਰਦੇ ਰਹੇ ਸਨ, ਇਸ ਕਰਕੇ ਉਨ੍ਹਾਂ ਨੂੰ ਇਹ ਪੂਰੀ ਜਾਣਕਾਰੀ ਸੀ ਕਿ ਕਿਹੜੇ ਕਿਹੜੇ ਗ੍ਰੰਥ ਗੁਰੂ ਸਾਹਿਬ ਦੀ ਕਿਰਤ ਹਨ ਤੇ ਕਿਹੜੇ ਦਰਬਾਰੀ ਕਵੀਆਂ ਦੀ। ਸੋ ਉਨ੍ਹਾਂ ਪੂਰੀ ਸੋਝੀ ਨਾਲ ਇਹ ਬੀੜ ਸੰਪਾਦਿਤ ਕੀਤੀ। ਇਹ ਕਦੀ ਹੋ ਨਹੀਂ ਸਕਦਾ ਕਿ ਭਾਈ ਮਨੀ ਸਿੰਘ ਕਵੀਆਂ ਦੇ ਗ੍ਰੰਥ ਇਕੱਠੇ ਕਰਕੇ ਉਸ ਉਤੇ 'ਸ੍ਰੀ ਮੁਖਵਾਕ ਪਾਤਸ਼ਾਹੀ 10' ਲਿਖਦੇ। ਦੂਜਾ ਵੱਡਾ ਪ੍ਰਮਾਣ ਦਸਮ ਗ੍ਰੰਥ ਦੀ ਇਕ ਸਮਾਨ ਸ਼ੈਲੀ ਹੈ, ਜਿਸ ਤੋਂ ਸਪਸ਼ਟ ਹੈ ਕਿ ਇਹ ਇਕੋ ਮਹਾਨ ਕਵੀ ਦੀ ਰਚਨਾ ਹੈ ਤੇ ਉਹ ਮਹਾਨ ਕਵੀ ਗੁਰੂ ਗੋਬਿੰਦ ਸਿੰਘ ਹੈ।

'ਅਵਤਾਰ ਕਥਾ' ਤੇ 'ਚਰਿਤ੍ਰੋਪਖਯਾਨ' ਆਦਿਕ ਗ੍ਰੰਥਾਂ ਵਿਚ ਦੋ ਉਪਨਾਮ ਵਧੇਰੇ ਵਰਤੇ ਮਿਲਦੇ ਹਨ—ਉਹ ਹਨ : ਰਾਮ ਤੇ ਸਯਾਮ। 'ਰਾਮ' ਉਪਨਾਮ ਦੀ ਕਹਾਣੀ ਤਾਂ ਇਹ ਹੈ ਕਿ ਇਹ ਨਾਂ ਗੁਰੂ ਸਾਹਿਬ ਨੇ ਸ਼ਾਇਦ ਛਾਪ ਵਜੋਂ ਵੀ ਧਾਰਨ ਨਹੀਂ ਕੀਤਾ ਕੇਵਲ ਕਾਵਿ ਸ਼ੈਲੀ ਦਾ ਇਕ ਸਹਿਜ ਸੁਭਾ ਅੰਗ ਬਣ ਗਿਆ ਹੈ। ਕਾਰਣ ਇਹ, ਜਹਾਂਗੀਰ ਦੇ ਜ਼ਮਾਨੇ ਹਿਰਦੇ ਰਾਮ ਭੱਲਾ ਨੇ 'ਹਨੂਮਾਨ ਨਾਟਕ' ਲਿਖਿਆ ਸੀ। ਇਸ ਵਿਚ ਉਸ 'ਕਵਿ ਰਾਮ ਕਹੈ', ਦਾ ਵਾਕੰਸ਼ ਅਨੇਕ ਥਾਈਂ ਵਰਤਿਆ ਹੈ। ਗੁਰੂ ਸਾਹਿਬ ਨੂੰ ਇਹ ਨਾਟਕ ਬਹੁਤ ਪਿਆਰਾ ਸੀ ਤੇ ਉਹ ਕਦੀ ਕਦਾਈਂ ਇਸ ਦਾ ਪਾਠ ਅਧਿਐਨ ਵੀ ਕਰਿਆ ਕਰਦੇ ਸਨ। ਇਸ ਦੇ ਪ੍ਰਭਾਵ ਵਜੋਂ ਉਨ੍ਹਾਂ ਕਿਤੇ ਕਿਤੇ 'ਕਵਿਰਾਮ ਕਹੈ' ਵਾਲੀ ਸ਼ੈਲੀ ਅਪਣਾਈ ਜਾਪਦੀ ਹੈ। ਇਹੋ ਨਹੀਂ ਕਿ ਗੁਰੂ ਸਾਹਿਬ ਨੇ ਇਹ ਵਾਕੰਸ਼ ਗ੍ਰਹਿਣ ਕਰ ਲਿਆ ਸਗੋਂ ਕਈ ਹੋਰ ਕਵੀਆਂ ਦੀ ਰਚਨਾ ਵਿਚ ਵੀ ਇਸ ਕਿਸਮ ਦੀ ਵਰਤੋਂ ਲੱਭਦੀ ਹੈ। ਵੈਸੇ ਗੁਰੂ ਸਾਹਿਬ ਦੇ ਦਰਬਾਰ ਵਿਚ ਵੱਖਰਾ 'ਰਾਮ' ਕਵੀ ਕੋਈ ਨਹੀਂ ਸੀ; ਹਾਂ ਕਾਂਸ਼ੀਰਾਮ, ਨੰਦ ਰਾਮ, ਹੰਸ ਰਾਮ ਆਦਿ ਕਵੀ ਸਨ। ਇਨ੍ਹਾਂ ਦੀਆਂ ਰਚਨਾਵਾ ਪੜਤਾਲਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਕਾਵਿ-ਰਚਨਾ ਵਿਚ ਆਪਣਾ ਪੂਰਾ ਨਾਂ ਹੀ ਵਰਤਿਆ ਹੈ, ਇਕੱਲਾ 'ਰਾਮ' ਨਹੀਂ। ਕੁਝ ਸੱਜਣਾਂ ਨੂੰ ਭੁਲੇਖਾ ਲਗਾ ਹੈ ਕਿ



Digitized by Panjab Digital Library | www.panjabdigilib.org

ਪੰਡਤ ਸੀਤਾ ਰਾਮ ਵੈਦ ਰੋਪੜੀ ਜੋਕਿ ਤ੍ਰਿਖੇ ਬ੍ਰਾਹਮਣਾਂ ਵਿਚੋਂ ਪੰਡਿਤ ਕੇਸ਼ਵਦਾਸ ਦਾ ਪੁੱਤਰ ਸੀ, ਇਹੋ ਰਾਮ ਕਵੀ ਸੀ। ਇਸਦੇ 'ਕਾਵਿ ਤਰੰਗ' (ਖੈਰੁਲ ਤਜਾਰਬ), ਰਾਜਨੀਤੀ, ਅਲਿਕ ਬਤੀਸੀ ਆਦਿ ਤ੍ਰਿਨ ਗ੍ਰੰਥ ਮਿਲਦੇ ਹਨ ਪਰ ਨ ਤਾਂ ਇਹ ਕਿਸੇ ਪੁਸਤਕ ਵਿਚ ਅਨੰਦਪੁਰ ਦਰਬਾਰ ਦਾ ਜ਼ਿਕਰ ਕਰਦਾ ਹੈ ਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ ਕਰਦਾ ਹੈ। ਸੋ ਇਸਨੂੰ ਅਸੀਂ ਦਰਬਾਰੀ ਕਵੀ ਨਹੀਂ ਮੰਨ ਸਕਦੇ। ਦੂਜੀ ਦਲੀਲ ਇਹ ਹੈ ਕਿ ਜੋ ਖੋਜੀ 'ਅਵਤਾਰ ਕਥਾ' ਨੂੰ ਰਾਮ ਸਿਆਮ ਕਿਰਤ ਮੰਨਦੇ ਹਨ, ਉਹ ਇਹ ਧਿਆਨ ਨਹੀਂ ਦਿੰਦੇ ਕਿ ਉਥੇ ਕਵੀ ਸਾਫ ਕਹਿੰਦਾ ਹੈ—'ਛਤ੍ਰੀ ਕੋ ਪੂਤ ਹਉਂ', ਬਾਮਨ ਕੋ ਨਹਿ॥। ਇਹ ਗੱਲ ਬ੍ਰਾਹਮਣ ਜਨਮ ਦਾ ਸੀਤਾ ਰਾਮ ਨਹੀਂ ਸੀ ਕਹਿ ਸਕਦਾ।* ਸੋ ਜ਼ਾਹਿਰ ਹੈ ਕਿ ਅਵਤਾਰ ਕਥਾ ਦਾ ਕਵੀ ਛਤ੍ਰੀ ਬੰਸ ਦਾ ਸੀ, ਬ੍ਰਾਹਮਣ ਨਹੀਂ ਤੇ ਉਹ ਸੋਢੀ ਸੁਲਤਾਨ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਸੀ।

ਅਸਾਂ ਜਿਸ ਤਰ੍ਹਾਂ ਕਿਹਾ ਹੈ, ਕਿ ਦਸਮ ਗ੍ਰੰਥ ਵਿਚ 'ਰਾਮ' ਉਪਨਾਮ ਇਕ ਕਾਵਿ ਸ਼ੈਲੀ ਦੇ ਪ੍ਰਭਾਵ ਵਜੋਂ ਵਰਤਿਆ ਗਿਆ ਹੈ, ਕਾਵਿ ਛਾਪ ਕਰਕੇ ਨਹੀਂ। ਹਾਂ, 'ਸਿਆਮ' ਉਪਨਾਮ ਦੀ ਵਰਤੋਂ ਗੁਰੂ ਸਾਹਿਬ ਨੇ ਜ਼ਰੂਰ ਕਵੀ ਛਾਪ ਦੇ ਤੌਰ ਤੇ ਕੀਤੀ ਹੈ। ਇਸ ਦਾ ਕਾਰਣ ਇਤਿਹਾਸਕ ਹੈ। ਦਸ਼ਮੇਸ਼ ਜੀ ਦੇ ਮਾਤਾ ਗੂਜਰੀ ਜੀ ਆਪਣੇ ਸਪੁੱਤਰ ਦਾ ਨਾਮ ਗੋਬਿੰਦ ਇਸ ਲਈ ਨਹੀਂ ਸੀ ਲੈਂਦੇ ਕਿਉਂਕਿ ਉਨ੍ਹਾਂ ਦੇ ਸੌਹਰੇ ਗੁਰੂ ਹਰਿਗੋਬਿੰਦ ਦਾ ਨਾਮ ਵੀ ਇਸੇ ਭਾਂਤ ਦਾ ਸੀ। ਇਸੇ ਕਰਕੇ ਉਹ ਪਿਆਰ ਨਾਲ ਆਪ ਨੂੰ 'ਸਿਆਮ' ਕਹਿਕੇ ਬੁਲਾਉਂਦੇ ਸਨ। ਇਸੇ ਪਿਆਰ ਲਾਡ ਦੇ ਨਾਂ ਨੂੰ ਗੁਰੂ ਜੀ ਨੇ ਕਵਿਤਾ ਵਿਚ ਵਰਤਕੇ ਅਮਰ ਕਰ ਦਿਤਾ। ਸੋ ਗੁਰੂ ਜੀ ਦਾ 'ਸਿਆਮ' ਨਾਂ ਦਾ ਕੋਈ ਦਰਬਾਰੀ ਕਵੀ ਨਹੀ ਸੀ ਤੇ ਨਾ ਹੀ ਹਿੰਦੀ ਸਾਹਿਤ ਦੇ ਇਤਿਹਾਸ ਵਿਚ ਇਸ ਨਾਮ ਵਾਲਾ ਕੋਈ ਸਮਕਾਲੀ ਕਵੀ ਮਿਲਦਾ ਹੈ। ਹਾਂ, ਹਿੰਦੀ ਹੱਥ-ਲਿਖਤਾਂ ਦੇ ਖੋਜੀਆਂ ਨੇ 'ਸਿਆਮ ਰਾਮ' ਨਾਮ ਵਾਲਾ ਇਕ ਕਵੀ ਦੱਸਿਆ ਹੈ ਜੋ ਜਾਤ ਦਾ ਕਾਇਸਥ ਤੇ ਮਾਰਵਾੜ ਦਾ ਰਹਿਣ ਵਾਲਾ ਸੀ। ਇਹ ਇੰਦੂਭਾਨ ਦਾ ਪੁੱਤਰ ਤੇ ਰਾਮਕਰਣ ਦਾ ਪਿਤਾ ਸੀ। ਇਸ ਨੇ 1775 ਬਿ: ਵਿਚ 'ਬ੍ਰਹਿਮਾਂਡ ਵਰਣਨ' ਨਾਮ ਦਾ ਗ੍ਰੰਥ ਲਿਖਿਆ ਹੈ ਜੋ ਕਿ ਮਹਾਰਾਜਾ

---

*ਬ੍ਰਾਹਮਣ ਤ੍ਰਿਖੇ ਵੰਸ ਮੈਂ, ਕੇਸ਼ਵ ਸੁਤ ਕਵਿ ਰਾਮ,
ਰੋਪੜ ਮੈ ਭਾਖਾ ਕਰੀ, ਕਵਿ ਤਰੰਗ ਧਰਿ ਨਾਮ। ੪।

ਕਵਿ 'ਸੀਪਤਿ' ਭਾਖਾ ਕਰੀ, ਤਰਕ ਨ ਕਰਿਅਹੁ ਕੋਇ
ਜਿਉਂ ਦੀਪਕ ਤੇ ਦੀਪ ਹੈ, ਘਟਿ ਉਦਯੋਤਨ ਹੋਇ। ੫।

(ਪੰਜਾਬੀ ਹੱਥ ਲਿਖਤਾਂ ਦੀ ਸੂਚੀ, ਪੰਨਾ 690)



Digitized by Panjab Digital Library | www.panjabdigilib.org

ਜੋਧਪੁਰ ਦੀ ਲਾਇਬ੍ਰੇਰੀ ਵਿਚ ਹੈ।† ਇਸ ਕਵੀ ਨੂੰ ਵੀ ਅਸੀਂ ਗੁਰੂ ਜੀ ਦਾ ਦਰਬਾਰੀ ਕਵੀ ਨਹੀਂ ਮੰਨ ਸਕਦੇ ਕਿਉਂਕਿ ਨ ਤਾਂ ਇਸ ਨੇ ਗੁਰੂ ਜੀ ਦਾ ਮੰਗਲ ਹੀ ਕੀਤਾ ਹੈ ਤੇ ਨਾ ਹੀ ਕੋਈ ਅਨੰਦਪੁਰ ਦਾ ਜ਼ਿਕਰ। ਜੇਕਰ ਦੋ ਘੜੀ ਮੰਨ ਹੀ ਲਈਏ ਤਾਂ ਸਾਨੂੰ ਪਹਿਲੀ ਤਰਕ ਸਾਹਮਣੇ ਰੱਖਣੀ ਜ਼ਰੂਰੀ ਹੈ ਕਿ 'ਅਵਤਾਰ ਕਥਾ' ਦਾ ਕਵੀ 'ਛਤ੍ਰੀ ਕੋ ਪੂਤ ਹਉਂ' ਕਹਿਣ ਵਾਲਾ ਹੈ ਤੇ ਇਹ ਕਾਇਸਥ ਜਨਮ ਦਾ ਕੋਈ ਮਾਰਵਾੜੀ ਹੈ। ਕੇਵਲ ਇਹੋ ਗੱਲ ਹੀ ਨਹੀਂ, ਬਚਿਤ੍ਰ ਨਾਟਕ ਦੇ ਅੰਦਰਲੇ ਪ੍ਰਮਾਣ ਵੀ ਇਸ 'ਸ਼ਿਆਮ' ਨੂੰ ਗੁਰੂ ਗੋਬਿੰਦ ਸਿੰਘ ਤੋਂ ਵੱਖ ਸਿੱਧ ਨਹੀਂ ਕਰਦੇ। ਮਿਸਾਲ ਲਈ ਬਚਿਤ੍ਰ ਨਾਟਕ ਦੀ ਆਤਮ ਕਥਾ ਲਿਖਣ ਉਪਰੰਤ ਚੌਧਵੇਂ ਅਧਿਆਇ ਵਿਚ ਉਹ ਕਹਿੰਦੇ ਹਨ :—

ਜਿਹ ਜਿਹ ਬਿਧਿ ਮੈਂ ਲਖੇ ਤਮਾਸ਼ਾ, ਚਾਹਤ ਤਿਨਕੋ ਕੀਯੋ ਪ੍ਰਕਾਸ਼ਾ
ਜੋ ਜੋ ਜਨਮ ਪੂਰਬਲੇ ਹੇਰੇ, ਕਹਿਹੋਂ ਸੋ ਪ੍ਰਭੁ ਪ੍ਰਾਕ੍ਰਮ ਤੇਰੇ। ੪।

ਪਹਿਲੇ 'ਚੰਡੀ ਚਰਿਤ੍ਰ' ਬਨਾਯੋ, ਨਖਸ਼ਿਖ ਤੇ ਕ੍ਰਮ ਭਾਖਿ ਸੁਨਾਯੋ।
ਛੋਹਿ ਕਥਾ ਤਬ ਪ੍ਰਿਥਮ ਸੁਨਾਈ, ਅਬ ਚਾਹਤ ਫਿਰ ਕਰੋਂ ਬਡਾਈ। ੧੧।

ਇਸ ਤੋਂ ਬਾਦ ਨਾਲ ਹੀ 'ਅਵਤਾਰ ਕਥਾ' ਇਉਂ ਸ਼ੁਰੂ ਹੋ ਜਾਂਦੀ ਹੈ—

'ਅਬ ਚੌਬਿਸ ਉਚਰੋਂ ਅਵਤਾਰਾ। ਜਿਹ ਬਿਧਿ ਤਿਨਕਾ ਲਖਾ ਪਸਾਰਾ
ਸੁਨਯੋ ਸੰਤ ਸਬੈ ਚਿਤ ਲਾਈ। ਬਰਨਤ 'ਸਯਾਮ' ਯਥਾ ਮਤਿ ਭਾਈ। ੧।

ਸੋ ਇਸ ਬਚਿਤ੍ਰ ਨਾਟਕ ਦਾ ਕਰਤਾ ਸਯਾਮ, ਗੁਰੂ ਗੋਬਿੰਦ ਸਿੰਘ ਤੋਂ ਭਿੰਨ ਕੋਈ ਕਵੀ ਨਹੀਂ ਹੋ ਸਕਦਾ। ਇਸ 'ਕਵਿ ਛਾਪ' ਨੂੰ ਨ ਸਮਝਕੇ ਕੁਝ ਸੱਜਣਾਂ 'ਸਯਾਮ' ਨਾਂ ਨੂੰ ਦਰਬਾਰੀ ਕਵੀ ਸੂਚੀ ਵਿਚ ਪਾ ਲਿਆ ਹੈ, ਜੋ ਕਿ ਠੀਕ ਨਹੀਂ। ਬਾਦ ਦੇ ਇਤਿਹਾਸ ਲੇਖਕ ਉਸੇ ਸੂਚੀ ਦੀ ਨਕਲ ਕਰਦੇ ਰਹੇ ਜਿਸ ਨੂੰ ਪ੍ਰਮਾਣੀਕ ਨਹੀਂ ਮੰਨਿਆ ਜਾ ਸਕਦਾ।

ਗਿਆਨੀ ਗਿਆਨ ਸਿੰਘ ਜੀ ਵਲੋਂ ਸੂਚੀ ਬਣਾਉਣ ਸਮੇਂ ਕਈ ਭੁੱਲਾਂ ਹੋਈਆਂ ਜਿਵੇਂ ਉਨ੍ਹਾਂ ਦਰਬਾਰੀ ਕਵੀ ਖਾਨਚੰਦ ਨੂੰ ਖਾਨ ਖਾਨਾ ਲਿਖ ਦਿਤਾ, ਨਿਹਚਲ ਫਕੀਰ ਨੂੰ ਅਚਲ ਦਾਸ ਲਿਖਕੇ ਨਵਾਂ ਕਵੀ ਖੜਾ ਕਰ ਦਿਤਾ। ਦਰਅਸਲ ਅਬਦੁਲ ਰਹੀਮ ਖਾਨਖਾਨਾ, ਅਕਬਰ ਦਾ ਦਰਬਾਰੀ ਰਤਨ ਸੀ ਜੋ ਚੰਗਾ ਹਿੰਦੀ ਦਾ ਕਵੀ ਸੀ, ਇਸ ਦੀ 'ਰਹਿਮਨ ਸਤਸਈ' ਮਿਲਦੀ ਹੈ ਸੋ ਇਸ ਨੂੰ ਖਾਨਚੰਦ ਨਾਲ ਮਿਲਾਉਣਾ ਅਣਇਤਿਹਾਸਕ ਹੈ। ਇਸੇ ਤਰ੍ਹਾਂ ਜਾਨ ਕਵੀ ਗੁਰੂ ਸਾਹਿਬ ਤੋਂ ਪਹਿਲਾਂ ਦੇਹਾਤ ਪਾ ਚੁਕਾ ਸੀ। ਗਿਆਨੀ

---

† ਹਸਤ-ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਪੰਨਾ 46 ਤੇ 474 (ਦ੍ਵਿਤੀਯ ਖੰਡ)



Digitized by Panjab Digital Library | www.panjabdigilib.org

ਜੀ ਨੇ ਕਈ ਨਾਂ ਦੋ ਵੇਰ ਗਿਣੇ ਹਨ ਜਿਵੇਂ ਹੁਸੈਨ ਅਲੀ ਦਾ ਹੁਸੈਨੀ ਤੇ ਅਲੀਆ, ਈਸਰ ਤੇ ਈਸ਼ਵਰ ਦਾਸ, ਹੰਸਰਾਜ ਤੇ ਹੰਸਰਾਮ, ਨੰਦ ਰਾਮ ਤੇ ਨੰਦ ਸਿੰਘ, ਆਦਿ। ਇਸੇ ਤਰ੍ਹਾਂ ਭਾਈ ਸਾਹਿਬ ਵੀਰ ਸਿੰਘ ਜੀ ਨੇ ਮਾਨ ਚੰਦ ਤੇ ਮਾਨਦਾਸ ਦੋ ਗਿਣੇ ਹਨ। ਗੁਰਦਾਸ ਗੁਣੀ ਨੂੰ ਵੰਡਕੇ ਗੁਰਦਾਸ ਤੇ ਗੁਣੀਆ ਦੋ ਕਵੀ ਖੜੇ ਕਰ ਦਿਤੇ ਹਨ। ਇਸੇ ਭਾਂਤ ਸੁਖਦੇਵ, ਸੁਖੂ, ਸੁਖੀਆ ਤੇ ਸੁਖਾ ਸਿੰਘ ਇਕੋ ਤਰ੍ਹਾਂ ਦੇ ਚਾਰ ਨਾਮ ਮਿਲਦੇ ਹਨ। ਹੋ ਸਕਦਾ ਹੈ ਕਿਸੇ ਕਵੀ ਦੇ ਸੁਖੂ, ਸੁਖੀਆ, ਸੰਖਿਪਤ ਨਾਂ ਹੋਣ ਤੇ ਅੰਮ੍ਰਿਤ ਛਕਣ ਉਪਰੰਤ ਇਹੋ ਸੁਖਾ ਸਿੰਘ ਹੋ ਗਿਆ ਹੋਵੇ। ਇਹ ਵੀ ਸੰਭਵ ਹੈ ਕਿ ਬਾਦ ਦੇ ਲਿਖਾਰੀਆਂ ਭੁਲੇਖੇ ਨਾਲ ਸੁੱਖਾ ਸਿੰਘ ਕਰਤਾ 'ਗੁਰ ਬਿਲਾਸ' ਦਾ ਨਾਮ ਪਾ ਲਿਆ ਹੋਵੇ, ਜਿਵੇਂ ਕਿ ਭਾਈ ਵੀਰ ਸਿੰਘ ਜੀ ਨੇ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਕਰਤਾ ਕਵਿ ਸੋਹਨ ਦਾ ਨਾਂ ਦਰਬਾਰੀ ਕਵੀਆਂ ਦੀ ਸੂਚੀ ਵਿਚ ਦਿਤਾ ਹੈ,* ਜੋ ਕਿ ਹੋਰ ਕਿਸੇ ਵੀ ਸੂਚੀ ਵਿਚ ਪ੍ਰਾਪਤ ਨਹੀਂ।

ਬਲੰਦ ਦਾ ਨਾਮ ਸੌ ਸਾਖੀ, ਸੂਰਜ ਪ੍ਰਕਾਸ਼, ਤ੍ਵਾਰੀਖ਼ ਗੁਰੂ ਖਾਲਸਾ ਤੇ ਗੁਰਪਦ ਪ੍ਰੇਮਪ੍ਰਕਾਸ਼ ਕਿਸੇ ਵਿਚ ਨਹੀਂ ਮਿਲਦਾ ਪਰ ਪਿਛੋਂ ਇਕ ਦੋ ਵਿਦਵਾਨਾਂ ਇਸਨੂੰ ਗਿਣਿਆ ਹੈ।

ਇਸੇ ਤਰ੍ਹਾਂ ਕੁਝ ਮੁਨਸ਼ੀ ਮੁਸੱਦੀਆਂ ਯਾ ਲਿਖਾਰੀਆਂ ਦੇ ਨਾਮ ਵੀ ਕਵੀ-ਸੂਚੀ ਵਿਚ ਰਲਗੱਡ ਹੋ ਗਏ ਹਨ। ਜਿਵੇਂ ਆਸਾ ਸਿੰਘ ਮੁਸੱਦੀ ਸੀ, ਇਹ ਗੁਰੂ ਦਰਬਾਰ ਦਾ ਹਿਸਾਬ ਕਿਤਾਬ ਰਖਦਾ ਸੀ, ਸੈਣਾ ਵੀ ਇਕ ਦਫਤਰੀ ਬਾਬੂ ਸੀ ਜੋ ਹੁਕਮਨਾਮੇ ਲਿਖਣ ਆਦਿ ਦੀ ਸੇਵਾ ਕਰਦਾ ਸੀ। ਰੌਸ਼ਨ ਸਿੰਘ ਲਿਖਾਰੀ ਸੀ, ਕਵੀ ਨਹੀਂ, ਇਸੇ ਤਰ੍ਹਾਂ ਨਿਹਾਲ ਚੰਦ। ਭਾ: ਕਾਨ੍ਹ ਸਿੰਘ ਜੀ ਨੇ ਭਾਵੇਂ ਕਾਫੀ ਖੋਜ ਪੜਤਾਲ ਨਾਲ ਸੂਚੀ ਤਿਆਰ ਕੀਤੀ ਪਰ ਕਈ ਉਪਰੋਕਤ ਗਲਤੀਆਂ ਉਨ੍ਹਾਂ ਪਾਸੋਂ ਵੀ ਦੁਹਰਾਈਆਂ ਗਈਆਂ। 'ਜਮਾਲ' ਨਾਂ ਦਾ ਕਵੀ ਉਨ੍ਹਾਂ ਨਵਾਂ ਪਾ ਦਿਤਾ, ਜੋ ਕਿਸੇ ਪੁਰਾਣੀ ਸੂਚੀ ਵਿਚ ਨਹੀਂ। ਸ਼ਾਇਦ ਉਨ੍ਹਾਂ ਨੂੰ ਇਸ ਨਾਮ ਦਾ ਭੁਲੇਖਾ 'ਸੌ ਸਾਖੀ' ਦੇ ਇਸ ਦੋਹਰੇ ਤੋਂ ਲਗਾ ਜਾਪਦਾ ਹੈ :—

ਤਬ ਬੋਲੇ ਨੰਦ ਲਾਲ ਜੀ, ਕਰਣੀ ਕਮਲ ਜਮਾਲ
ਸਿਖ ਸਿਦਕਿ ਗੁਰਮੁਖਿ ਵਡੇ, ਤਿਨ ਕੋ ਭਲੋ ਹਵਾਲ। ੩।
(ਸਾਖੀ ਨੰ: 5)

ਇਥੇ ਭਾਈ ਨੰਦ ਲਾਲ ਜੀ ਨੂੰ ਕਮਲ ਜੇਹੀ ਸੁੰਦਰ ਕਰਣੀ ਵਾਲੇ ਸਿਦਕੀ ਸਿਖ ਕਹਿਕੇ ਸਲਾਹਿਆ ਗਿਆ ਹੈ। ਜਮਾਲ ਦਾ ਲਫਜ਼ੀ ਮਾਅਨਾ ਹੈ ਸੁਹਣਪ। ਵੈਸੇ ਦਰਬਾਰੀ ਕਵੀ ਜਮਾਲ ਕੋਈ ਨਹੀਂ ਹੋਇਆ। ਹਾਂ, ਗੁਰੂ ਅਰਜਨ ਸਾਹਿਬ ਸਮੇਂ ਇਕ ਰਾਜਸਥਾਨ ਵਲ ਦਾ ਜਮਾਲ ਭਗਤ ਹੋਇਆ ਹੈ, ਜਿਸ ਦੀ ਪ੍ਰੇਮ-ਭਿੰਨੀ ਸੁੰਦਰ ਰਚਨਾ

*ਗੁਰਪ੍ਰਤਾਪ ਸੂਰਜ ਦਾ ਫੁਟ ਨੋਟ, ਪੰਨਾ 5569



Digitized by Panjab Digital Library | www.panjabdigilib.org

ਮਿਲਦੀ ਹੈ ਯਾ ਫਿਰ ੧੯ਵੀਂ ਸਦੀ ਦਾ ਇਕ ਨੂਰ ਜਮਾਲ ਕਵੀ ਸੀ, ਜਿਸਦੀਆਂ ਪੰਜਾਬੀ ਮਾਝਾਂ ਮਿਲਦੀਆਂ ਹਨ। ਪਰ ਇਨ੍ਹਾਂ ਨੂੰ ਅਸੀਂ ਇਤਿਹਾਸਕ ਪੱਖ ਤੋਂ ਦਸਮੇਸ਼ ਜੀ ਦਾ ਦਰਬਾਰੀ ਕਵੀ ਸਿੱਧ ਨਹੀਂ ਕਰ ਸਕਦੇ।

ਕੁਝ ਲੋਕਾਂ 'ਕੰਕਨ' ਨੂੰ ਦਰਬਾਰੀ ਕਵੀ ਦੱਸਿਆ ਹੈ। ਕੰਕਨ ਨੇ ਦਸਗੁਰ ਕਥਾ' ਲਿਖੀ ਹੈ ਜਿਸ ਦਾ ਖਰੜਾ ਪਬਲਿਕ ਲਾਇਬ੍ਰੇਰੀ ਲਾਹੌਰ ਵਿਚ ਸੁਰੱਖਿਅਤ ਹੈ। ਇਸ ਦੀ ਇਕ ਫੋਟੋ ਨਕਲ ਖਾਲਸਾ ਕਾਲਜ ਲਾਇਬ੍ਰੇਰੀ ਅੰਮ੍ਰਿਤਸਰ ਵਿਚ 1797 ਨੰ: ਤੇ ਮੌਜੂਦ ਹੈ। ਇਹ ਕਵੀ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਵਿਚ ਸ਼ਾਮਿਲ ਨਹੀਂ, ਜ਼ਰਾ ਪਿਛੋਂ ਹੋਇਆ ਹੈ। ਇਸ ਨੇ ਸਿਖ ਸ਼ਹੀਦੀਆਂ ਦਾ ਤੇ ਸਿਖ ਮਿਸਲਾਂ ਸਮੇਂ ਦੀ ਚੜ੍ਹਤ ਦਾ ਹਾਲ ਅੱਖੀਂ ਤੱਕਦਿਆਂ ਲਿਖਿਆ ਹੈ—

ਯਾਂਹੀ ਤੇ ਇਸ ਪੰਥ ਮੈਂ, ਅਬ ਲੋ ਨਾਹੀ ਸੁਖ<br>
ਸਵਾ ਲਾਖ ਮਰ ਚੁਕੇ ਜਬ, ਤਬ ਉਤਰੇ ਸਭ ਦੁਖ।<br>
ਸਬੈ ਸਵਾਰ ਕਹਾਵਹਿੰ ਸ਼ਾਹ, ਐਸਾ ਗੁਰੂ ਚਲਾਯਾ ਰਾਹੁ।<br>
ਜੇਤੇ ਜਗ ਮਹਿ ਫਿਰਹਿੰ ਪਯਾਦੇ, ਤਿਨ ਕਾ ਨਾਮ ਭਯਾ ਸ਼ਹਿਜ਼ਾਦੇ।<br>
ਗਾਉਂ ਗਾਉਂ ਦਿੱਲੀ ਠਹਿਰਾਈਂ, ਘਰ ਘਰ ਮਹਿ ਟਕਸਾਲ ਲਵਾਈ।

(ਦਸ ਗੁਰ ਕਥਾ)

ਇਨ੍ਹ ਕਥਨਾਂ ਤੋਂ ਸਪਸ਼ਟ ਹੈ ਕਿ ਕੰਕਨ ਕਵੀ ਉਸ ਵੇਲੇ ਦੀ ਗੱਲ ਲਿਖ ਰਿਹਾ ਹੈ ਜਦੋਂ ਸਿਖ ਮਿਸਲਾਂ ਦੇ ਸਰਦਾਰਾਂ ਦੀ ਹੰਨੇ ਹੰਨੇ ਬਾਦਸ਼ਾਹੀ ਕਾਇਮ ਹੋ ਗਈ ਸੀ ਤੇ ਇਹ ਸਮਾਂ 1760 ਈ. ਦੇ ਲਾਗੇ ਚਾਗੇ ਦਾ ਹੈ, ਅਰਥਾਤ ਗੁਰੂ ਸਾਹਿਬ ਤੋਂ ਪੰਜਾਹ ਸਾਲ ਬਾਦ ਦਾ। ਫਿਰ ਕਿਸੇ ਪੁਰਾਣੇ ਇਤਿਹਾਸਕਾਰ ਨੇ ਵੀ ਕੰਕਨ ਦਾ ਨਾਮ ਦਰਬਾਰੀ ਕਵੀਆਂ ਵਿਚ ਨਹੀਂ ਦਿਤਾ, ਇਸ ਕਰਕੇ ਇਸ ਨੂੰ ਇਸ ਸੂਚੀ ਵਿਚ ਸ਼ਾਮਲ ਕਰਨੋਂ ਸੰਕੋਚ ਹੁੰਦਾ ਹੈ।

ਅਜੇਹੇ ਭੁਲੇਖੇ ਤੇ ਉਕਾਈਆਂ ਦਾ ਕਾਰਣ ਕੇਵਲ ਇਤਨਾ ਹੀ ਹੈ ਕਿ ਇਸ ਪਾਸੇ ਖੋਜ ਬਿਲਕੁਲ ਨਹੀਂ ਹੋਈ। ਸਭ ਤੋਂ ਪਹਿਲੇ ਕੁਝ ਕੁ ਕਵੀਆਂ ਬਾਰੇ ਜਾਣਕਾਰੀ ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਮਹਾਨ ਕੋਸ਼ ਵਿਚ ਦਿਤੀ ਸੀ ਤੇ ਇਸੇ ਸਮੱਗਰੀ ਦੇ ਅਧਾਰ ਤੇ ਹੀ ਭਾਈ ਵੀਰ ਸਿੰਘ ਜੀ ਨੇ 'ਕਲਗੀਧਰ ਚਮਤਕਾਰ' ਵਿਚ 'ਗੁਰੂ ਸਾਹਿਬ ਦਾ ਵਿਦਿਆ ਦਰਬਾਰ' ਲੇਖ ਲਿਖਿਆ ਸੀ।

ਇਸ ਤੋਂ ਇਲਾਵਾ ਸਾਡੇ ਵਿਦਵਾਨਾਂ ਇਸ ਪਾਸੇ ਘੱਟ ਹੀ ਉੱਦਮ ਕੀਤਾ ਹੈ। ਮਿਸਾਲ ਲਈ, ਡਾ: ਮੋਹਨ ਸਿੰਘ ਜੀ ਜੈਸੇ ਵਿਦਵਾਨ ਖੋਜੀ ਲਿਖਦੇ ਹਨ—

'ਓ ਤਾਂ 50 ਦੇ ਲਗਭਗ ਦਰਬਾਰੀ ਕਵੀ ਗਿਣਾਏ ਜਾਂਦੇ ਹਨ ਪਰ ਸਬੂਤ



Digitized by Panjab Digital Library | www.panjabdigilib.org

ਵਜੋਂ ਰਾਮ, ਸ਼ਿਆਮ ਤੇ ਕੰਕਨ ਤਿੰਨਾਂ ਦੇ ਹੀ ਨਾਂ, ਰਚਨਾ ਸਮੇਤ ਆਏ ਤੇ ਮਿਲੇ ਹਨ।'
(ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼, ਪੰਨਾ 191)
(1948 ਈ.)

ਡਾ: ਬਲਬੀਰ ਸਿੰਘ ਜੀ 13 ਜਨਵਰੀ 1966 ਦੇ ਹਫਤੇਵਾਰ ਅਖਬਾਰ 'ਖਾਲਸਾ ਸਮਾਚਾਰ' ਅੰਮ੍ਰਿਤਸਰ ਵਿਚ ਲਿਖਦੇ ਹਨ—

'ਇਸ ਫਹਿਰਿਸਤ ਵਿਚ ਬਹੁਤੇ ਐਸੇ ਹਨ, ਜਿਨ੍ਹਾਂ ਦੇ ਕੇਵਲ ਨਾਮ ਹੀ ਹਨ। ਨਾ ਉਨ੍ਹਾਂ ਦੇ ਕੋਈ ਜੀਵਨ ਸਮਾਚਾਰ ਲੱਭਦੇ ਹਨ ਤੇ ਨਾ ਹੀ ਕੋਈ ਕਵਿਤਾ ਦਾ ਨਮੂਨਾ ਪ੍ਰਾਪਤ ਹੁੰਦਾਂ ਹੈ। ਜਿਨ੍ਹਾਂ ਕਵੀਆਂ ਦੇ ਕਵਿਤਾ ਦੇ ਨਮੂਨੇ ਤੇ ਕੁਝ ਥੋੜਾ ਬਹੁਤ ਨਿਜੀ ਹਾਲ ਪ੍ਰਾਪਤ ਹੈ, ਉਹ ਕੇਵਲ ਅਠਾਰਾਂ ਹਨ। ਇਨ੍ਹਾਂ ਅਠਾਰਾਂ ਵਿਚੋਂ ਵੀ ਫਿਰ ਅੱਠ ਹਨ ਜਿਨ੍ਹਾਂ ਦੇ ਕੀਤੇ ਹੋਏ ਸੰਸਕ੍ਰਿਤ ਗ੍ਰੰਥਾਂ ਦੇ ਉਲਥੇ ਜਾਣੇ ਗਏ ਹਨ।'

ਸਾਡਾ, ਇਨ੍ਹਾਂ ਵਿਦਵਾਨਾਂ ਦੀਆਂ ਟੂਕਾਂ ਦੇਣ ਤੋਂ ਇਤਨਾ ਹੀ ਭਾਵ ਹੈ ਕਿ ਇਸ ਪਾਸੇ ਕੰਮ ਬਹੁਤ ਹੀ ਘਟ ਹੋਇਆ ਹੈ। ਕੰਮ ਕਰਨ ਵਾਲੇ ਲਈ ਵੱਡੀ ਮੁਸ਼ਕਲ ਇਹ ਹੈ ਕਿ ਕਵੀਆਂ ਦਾ ਸਾਹਿਤ ਭੰਡਾਰ 'ਵਿਦ੍ਯਿਆ ਸਾਗਰ' ਗੁੰਮ ਹੋ ਜਾਣ ਕਾਰਣ ਬਿਨਾ ਸਮੱਗਰੀ ਦੇ ਕੁਝ ਵੀ ਕਰਨਾ ਔਖਾ ਹੈ। ਹਾਂ, ਇਨ੍ਹਾਂ ਵਿਚੋਂ ਜਿਨ੍ਹਾਂ ਰਚਨਾਵਾਂ ਦੀਆਂ ਨਕਲਾਂ ਅਨੰਦਪੁਰ ਤੋਂ ਬਾਹਰ ਚਲੀਆਂ ਗਈਆਂ, ਉਨ੍ਹਾਂ ਦਾ ਕੁਝ ਕੁ ਨਮੂਨਾ ਤਾਂ ਮਿਲ ਹੀ ਜਾਂਦਾ ਹੈ ਜਿਵੇਂ ਚਾਣਾਕਾ ਰਾਜਨੀਤਿ, ਪਾਂਡਵ ਗੀਤਾ, ਮਹਾਂ ਭਾਰਤ ਦੇ ਕੁਝ ਪਰਬ, ਉਪਨਿਸ਼ਧਾਂ ਦਾ ਤਰਜਮਾ ਆਦਿ, ਬਾਕੀ ਸਮਾਨ ਬਹੁਤ ਘੱਟ ਪ੍ਰਾਪਤ ਹੈ। ਇਸ ਹਾਲਤ ਵਿਚ ਪਾਠਕ ਅਨੁਭਵ ਕਰ ਸਕਦੇ ਹਨ ਕਿ ਇਕ ਖੋਜੀ ਲਈ ਇਸ ਕੰਮ ਖਾਤਰ ਕਲਮ ਉਠਾਉਣਾ ਕੋਈ ਸਾਧਾਰਣ ਗੱਲ ਨਹੀਂ।

## (ਹ) ਮਹਾਂ ਗ੍ਰੰਥ 'ਵਿਦਿਆ ਸਾਗਰ'

ਹਿੰਦ ਅੰਦਰ ਸਤਾਰ੍ਹਵੀਂ ਸਦੀ ਦੇ ਗੜਬੜ ਵਾਲੇ ਜ਼ਮਾਨੇ ਵਿਚ ਸਾਹਿੱਤਕ ਕਾਰਜਾਂ ਦੀ ਵਿਉਂਤਬੰਦੀ ਇਕ ਅਨੋਖੀ ਜੇਹੀ ਗੱਲ ਸੀ ਤੇ ਕੁਝ ਹੱਦ ਤਕ ਅਣਹੋਣੀ ਵੀ ਪਰ ਗੁਰੂ ਘਰ ਚੂੰਕਿ ਸਾਹਿਤਕ ਸ਼ਕਤੀ ਬਾਰੇ ਚੰਗਾ ਚੇਤੰਨ ਸੀ, ਇਸ ਕਰਕੇ ਬਾਵਜੂਦ ਅਣਸੁਖਾਵੇਂ ਹਾਲਾਤ ਦੇ ਸ੍ਰੀ ਦਸ਼ਮੇਸ਼ ਜੀ ਨੇ ਇਸ ਕੰਮ ਨੂੰ ਇਕ ਤਰ੍ਹਾਂ ਜੰਗੀ ਪੈਮਾਨੇ ਤੇ ਕਰਵਾਇਆ। ਇਤਿਹਾਸ ਵਿਚ ਮਿਲਦੇ ਹਵਾਲਿਆਂ ਤੋਂ ਪਰਗਟ ਹੈ ਕਿ ਅਨੰਦਪੁਰ ਦਰਬਾਰ ਵਿਚ ਉਪਨਿਸ਼ਧਾਂ, ਮਹਾਂਭਾਰਤ ਤੇ ਰਾਜਨੀਤੀ ਦੇ ਅਨੇਕਾਂ ਗ੍ਰੰਥਾਂ ਦੇ ਤਰਜਮੇ ਹੋਏ ਤੇ ਬਹੁਤ ਸਾਰੇ ਪ੍ਰਸਿਧ ਹਿੰਦੀ ਗ੍ਰੰਥਾਂ ਦਾ ਗੁਰਮੁਖੀ ਲਿਪਿ ਅੰਤਰ ਵੀ ਕਰਾਇਆ ਗਿਆ। ਇਹ ਸਾਰਾ



Digitized by Panjab Digital Library | www.panjabdigilib.org

ਅਨੁਵਾਦਿਤ ਤੇ ਮੌਲਿਕ ਸਹਿਤ ਮਣਾਂ-ਮੂੰਹ ਸੀ, ਜਿਸ ਦਾ ਅੱਜ ਲੇਖਾ ਲਾਉਣਾ ਔਖਾ ਹੈ। ਇਸ ਸਾਹਿਤ ਭੰਡਾਰ ਦਾ ਨਾਮ 'ਵਿਦਿਆ ਸਾਗਰ' ਯਾ 'ਵਿਦਿਆਸਾਰ' ਰੱਖਿਆ ਗਿਆ। ਭਾਈ ਸੰਤੋਖ ਸਿੰਘ ਜੀ ਨੇ ਇਸ ਕੁਲ ਲਿਖਤੀ ਸਾਮੱਗਰੀ ਦਾ ਵਜ਼ਨ ਨੌਂ ਮਣ ਦੱਸਿਆ ਹੈ। ਆਪ ਲਿਖਦੇ ਹਨ :—

ਬਾਵਨ ਕਵੀ ਹਜ਼ੂਰ ਗੁਰ, ਰਹਿਤ ਸਦਾ ਹੀ ਪਾਸ
ਆਵਹਿਂ ਜਾਹਿ ਅਨੇਕ ਹੀ, ਕਹਿ ਜਸ ਲੈ ਧਨ ਰਾਸ। ੧।

ਤਿਨ ਕਵਿਅਨ ਬਾਣੀ ਰਚੀ, ਲਿਖਿ ਕਾਗਦ ਤੁਲਵਾਇ
ਨੌਂ ਮਣ ਹੋਏ ਤੋਲ ਮਹਿ, ਸੂਖਮ ਲਿਖਤ ਲਿਖਾਇ। ੨।

'ਵਿਦਿਆਸਰ' ਤਿਸ ਗ੍ਰੰਥ ਕੋ, ਨਾਮ ਧਰਯੋ ਕਰ ਪ੍ਰੀਤਿ
ਨਾਨਾਂ ਬਿਧਿ ਕਵਿਤਾ ਰਚੀ, ਰਖਿ ਰਖਿ ਨੌਂ ਰਸ ਰੀਤਿ। ੩।

ਮਚਯੋ ਜੰਗ ਗੁਰ ਸੰਗ ਬਡ, ਰਹਯੋ ਗ੍ਰੰਥ ਸੋ ਬੀਚ,
ਨਿਕਸੇ ਆਨੰਦਪੁਰ ਤਜਯੋ, ਲੂਟਯੋ ਪੁਨ ਮਿਲ ਨੀਚ। ੪।

ਪ੍ਰਿਥਕ ਪ੍ਰਿਥਕ ਪੱਤ੍ਰੇ ਹੁਤੇ, ਲੁਟਯੋ ਸੁ ਗ੍ਰੰਥ ਬਖੇਰ
ਇਕ ਥਲ ਰਹਯੋ ਨ ਇਮ ਗਯੋ, ਜਿਸ ਤੇ ਮਿਲਯੋ ਨ ਫੇਰ। ੫।

ਬਾਹਠ ਪੱਤ੍ਰੇ ਕਹੂੰ ਤੇ, ਰਹੇ ਅਨੰਦਪੁਰਿ ਮਾਂਹਿ
ਤਿਨਤੇ ਲਿਖੇ ਕਬਿੱਤ ਇਹ, ਗੁਰ ਜਸ ਬਰਨਯੋਂ ਚਾਹਿ। ੬।

[ਗੁਰਪ੍ਰਤਾਪ ਸੂਰਯ, ਰੁਤ 5, ਪੰਨਾ 5725

ਹੁਤੇ ਬਵੰਜਾ ਕਵਿ ਗੁਰ ਪਾਸ। ਸਭ ਹੀ ਬਾਨੀ ਕਰਹਿੰ ਪ੍ਰਕਾਸ਼
ਸਤਿਗੁਰ ਸਭ ਏਕੱਤ੍ਰ ਕਰਵਾਵਹਿੰ, ਪੱਤ੍ਰੇ ਦੀਰਘ ਪਰ ਲਿਖਵਾਵਹਿੰ।

ਨਾਮ ਗ੍ਰੰਥ ਕੋ 'ਵਿਦਯਾ ਸਾਗਰ', ਰਾਖਨ ਕੀਨੋ ਸ੍ਰੀ ਪ੍ਰਭੁ ਨਾਗਰ।

[ਰੁਤ 3, ਅਧਿਆਇ 51

ਕਰਤਾ 'ਮਹਿਮਾ ਪ੍ਰਕਾਸ਼ ਨੇ *ਇਸ 'ਵਿਦਿਆ ਸਾਗਰ ਗ੍ਰੰਥ' ਦੀ ਵਿਸ਼ੇਸ਼ਤਾ

---

* 'ਸਭ ਸਹੰਸਕ੍ਰਿਤ ਭਾਖਾ ਕਰੀ, 'ਵਿਦਿਆ ਸਾਗਰ' ਗ੍ਰੰਥ ਪਰ ਚੜ੍ਹੀ
ਵਿਦਿਆ ਸਾਗਰ ਭਇਓ ਤਿਆਰ, ਕਛੁ ਸੋਭਾ ਅੰਤ ਨ ਪਾਰਾਵਾਰ। ੯।

ਸਤਿਗੁਰ ਸ੍ਰੀ ਮੁਖ ਕਹਯੋ ਬਖਾਨ, ਮੈਂ ਭਾਖਾ ਰਚੀ ਪੜ੍ਹੇ ਸੁਗਮ ਸੁਜਾਨ
ਪਢਤੇ ਸਹੰਸਕ੍ਰਿਤ ਮਨ ਉਕਤਾਇ, ਭਾਖਾ ਪੜ੍ਹਤੇ ਚਿਤ ਲਗਾਇ। ੧੦।

[ਮਹਿਮਾ ਪ੍ਰਕਾਸ਼, ਪੱਤਰਾ 412



Digitized by Panjab Digital Library | www.panjabdigilib.org

ਦੱਸਦਿਆ ਕਿਹਾ ਹੈ ਕਿ ਆਮ ਲੋਕ ਸੰਸਕ੍ਰਿਤ ਪੜ੍ਹਨੋਂ ਅਸਮੱਰਥ ਸਨ, ਗੁਰੂ ਨੇ ਕ੍ਰਿਪਾ ਕਰਕੇ ਲੋੜੀਂਦੇ ਗਿਆਨ-ਗ੍ਰੰਥਾਂ ਦਾ ਭਾਖਾ ਅਨੁਵਾਦ ਕਰਕੇ ਇਕ ਬੜੀ ਵੱਡੀ ਘਾਟ ਨੂੰ ਪੂਰਿਆਂ ਕੀਤਾ ਤਾਂ ਕਿ ਸਭ ਹਿੰਦੁਸਤਾਨੀ ਇਸ ਤੋਂ ਸੌਖਿਆਂ ਲਾਭ ਉਠਾ ਸਕਣ—

ਬਾਬਾ ਸੁਮੇਰ ਸਿੰਘ ਜੀ ਨੇ ਵੀ ਉਪਰੋਕਤ ਲੇਖਕਾਂ ਦੀ ਪੁਸ਼ਟੀ ਕੀਤੀ ਹੈ :—

ਸਤਿਗੁਰ ਨਿਕਟ ਜਿ ਗੁਨਿ ਜਨ ਰਹੈਂ, ਗੁਰ ਜਸ ਕੇ ਕਬਿੱਤ ਤਿਨ ਕਹੈਂ
ਨੌਂ ਮਣ ਕਾਗਜ਼ ਤੋਲ ਮਝਾਰਾ, ਲਿਖਯੋ ਲਿਖਾਰਿਨ ਆਗਯਾ ਦਵਾਰਾ ।
'ਬਿਦਯਾ ਸਾਗਰ' ਗ੍ਰੰਥ ਬਨਾਯੋ, ਸੁਨਿ ਸੁਨਿ ਗੁਨੀਅਨ ਅਤਿ ਸੁਖ ਪਾਯੋ ।

[ਗੁਰਪਦ ਪ੍ਰੇਮ ਪ੍ਰਕਾਸ਼, ਪੰਨਾ 443
1882 ਈ: ਪੱਥਰ ਛਾਪਾ

ਇਸ ਤਰ੍ਹਾਂ ਸਿਖ ਇਤਿਹਾਸ ਵਿਚ ਥਾਂ ਥਾਂ ਆਏ ਹਵਾਲੇ ਦਸਦੇ ਹਨ ਕਿ ਗੁਰੂ ਸਾਹਿਬ ਨੇ ਜੋ ਅਨੇਕਾਂ ਕਵੀ ਅਤੇ ਲਿਖਾਰੀ ਰੱਖ ਕੇ ਸਾਲਾਂ-ਬੱਧੀ ਮਿਹਨਤ ਕਰਾਈ, ਉਸ ਦਾ ਸਿੱਟਾ 'ਵਿਦਿਆ ਸਾਗਰ' ਗ੍ਰੰਥ ਸੀ, ਜਿਸ ਵਿਚ ਅਨੇਕ ਭਾਂਤ ਦੀਆਂ ਰਚਨਾਵਾਂ ਸੰਕਲਿਤ ਸਨ ।

ਇਹ ਗੱਲ ਬੜੀ ਮਾਰਕੇ ਦੀ ਹੈ ਕਿ ਗੁਰੂ ਸਾਹਿਬ ਰੂਹਾਨੀਅਤ ਦੇ ਗੁਰੂ ਹੁੰਦੇ ਹੋਏ ਦਿੱਲੀ ਸਾਮਰਾਜ ਨਾਲ ਸੰਘਰਸ਼ ਕਰਨ ਵਾਲੇ ਫੌਜੀ ਜਰਨੈਲ ਵੀ ਹੋਣ ਤੇ ਫਿਰ ਅਜੇਹਿਆਂ ਸੈਨਿਕ ਰੁਝੇਵਿਆਂ ਦੇ ਨਾਲ ਨਾਲ ਕਲਮ ਦੇ ਸਿਪਾਹੀਆਂ ਤੋਂ ਕੰਮ ਲੈ ਕੇ ਇਸ ਪੱਧਰ ਤੇ ਸਭਿਆਚਾਰ ਅਤੇ ਸਾਹਿਤ ਦਾ ਦੂਸਰਾ ਮੁਹਾਜ਼ ਵੀ ਮਜ਼ਬੂਤ ਕਰਦੇ ਜਾਣ । ਇਸ ਤਰ੍ਹਾਂ ਨਾ ਕਿਸੇ ਧਾਰਮਕ ਨੇਤਾ ਨੇ ਹੀ ਕੰਮ ਕੀਤਾ ਹੈ ਤੇ ਨਾ ਹੀ ਕਿਸੇ ਰਾਜਸੀ ਨੇਤਾ ਨੇ । ਸਾਹਿਤ ਦੇ ਹਥਿਆਰ ਨੂੰ ਇਸ ਪੈਮਾਨੇ ਉਤੇ ਤਿੱਖਾ ਕਰ ਕੇ ਇਨਕਲਾਬੀ ਲਹਿਰ ਲਈ ਇਉਂ ਵਰਤਣਾ ਗੁਰੂ ਸਾਹਿਬ ਦੀਆਂ ਸਿਆਣੀਆਂ ਵਿਉਂਤਾਂ ਦਾ ਹੀ ਸਿੱਟਾ ਸੀ । ਜੇ ਅਨੰਦਪੁਰ ਛੱਡਣਾ ਵੀ ਪੈ ਗਿਆ ਤਾਂ ਆਪ ਨੇ ਇਹ ਸਾਹਿਤਕ ਸ਼ੌਕ ਨਹੀਂ ਛਡਿਆ, ਦਮਦਮੇ ਵਰਗੀ ਬੀਆਬਾਨ ਥਾਂ ਵਿਚ 'ਲਿਖਣਸਰ' ਬਣਾ ਕੇ ਉਸ ਨੂੰ 'ਗੁਰੂ ਕੀ ਕਾਂਸ਼ੀ' ਦਾ ਵਰ ਦਿਤਾ ।* ਤੇ ਉਥੇ

---

* ਇਹ ਹੈ ਪ੍ਰਗਟ ਹਮਾਰੀ ਕਾਂਸ਼ੀ, ਪੜ੍ਹ ਹੈਂ ਇਹਾਂ ਢੋਰ ਮਤ ਰਾਸੀ
ਲੇਖਕ ਗੁਨੀ ਕਵਿੰਦ ਗਿਆਨੀ, ਬੁਧਿ ਸਿੰਧੁ ਹ੍ਵੈ ਹੈਂ ਇਤ ਆਨੀ

ਦੋਹਰਾ— ਤਿਨ ਕੇ ਕਾਰਨ ਕਲਮ ਗਢਿ, ਦੇਤ ਪ੍ਰਗਟ ਹਮ ਡਾਰ
ਸਿਖ ਸਖਾ ਇਤ ਪਢਹਿੰਗੇ, ਹਮਰੇ ਕਈ ਹਜ਼ਾਰ ।

[ਗੁਰਬਿਲਾਸ ਪਾ. ੧੦ (ਭਾ. ਸੁੱਖਾ ਸਿੰਘ)



Digitized by Panjab Digital Library | www.panjabdigilib.org

ਜਿਤਨਾ ਕੁ ਸਮਾਂ ਮਿਲਿਆ ਵਧ ਤੋਂ ਵਧ ਗ੍ਰੰਥ ਲਿਖਵਾਏ ।

ਅਨੰਦਪੁਰ ਦੀ ਪ੍ਰਾਪਤੀ ਸੌਖੀ ਤਰ੍ਹਾਂ ਅੰਕੀ ਜਾਣ ਵਾਲੀ ਨਹੀਂ । ਇਹ ਠੀਕ ਹੈ ਕਿ ਇਹ ਸਾਹਿਤ-ਸਮੱਗਰੀ ਤਕੜੀ ਮਾਤਰਾ ਵਿਚ ਸੀ ਜਿਸ ਦਾ ਵਜ਼ਨ ਨੌਂ ਮਣ ਦੱਸਿਆ ਗਿਆ ਹੈ । ਕਾਰਣ ਇਹ ਹੈ ਕਿ ਗੁਰੂ ਸਾਹਿਬ ਨੇ 1735 ਤੋਂ ਲੈ ਕੇ 1755 ਬਿ: ਤਕ ਲਗਾਤਾਰ 20 ਸਾਲ ਸਾਹਿਤ ਦਾ ਕੰਮ ਕਰਵਾਇਆ, ਇਸ ਤੋਂ ਪਿਛੋਂ ਵੀ ਥੋੜਾ ਬਹੁਤ ਕੰਮ ਹੁੰਦਾ ਰਿਹਾ । 1735 ਤੋਂ 1745 ਬਿ: ਤਕ ਚਾਲ ਕੁਝ ਮੱਧਮ ਸੀ ਪਰੰਤੂ ਜਦੋਂ ਗੁਰੂ ਸਾਹਿਬ ਪਾਉਂਟੇ ਤੋਂ ਵਾਪਸ ਪਰਤ ਕੇ ਅਨੰਦਪੁਰ ਆਏ ਤਾਂ ਉਹ ਸਾਹਿਤਕ ਕੰਮਾਂ ਦੀ ਵੱਡੀ ਵਿਉਂਤ ਬਣਾਕੇ ਲਿਆਏ ਸਨ ਤੇ ਉਸ ਅਨੁਸਾਰ ਹੀ 1746 ਤੋਂ 1755 ਬਿ: ਤਕ ਜ਼ੋਰ ਸ਼ੋਰ ਨਾਲ ਕੰਮ ਹੋਇਆ । ਪ੍ਰਹਿਲਾਦ ਨੇ ਉਪਨਿਸ਼ਧਾਂ ਦਾ ਤਰਜਮਾ 1746 ਬਿ: ਵਿਚ ਸ਼ੁਰੂ ਕੀਤਾ ਸੀ ਤੇ ਇਸੇ ਤਰ੍ਹਾਂ ਮਹਾਂ ਭਾਰਤ ਦੇ ਪਰਬਾਂ ਦੇ ਅਨੁਵਾਦ-ਸਾਲ 1752—53 ਆਦਿ ਹਨ। 1755 ਬਿ: ਵਿਚ ਗੁਰੂ ਸਾਹਿਬ ਨੇ ਆਪਣੀਆਂ ਰਚਨਾਵਾਂ ਨੂੰ ਖੁਦ 'ਦਸਮ ਗ੍ਰੰਥ' ਵਿਚ ਸੰਕਲਿਤ ਕਰਵਾਇਆ ਤੇ ਬਾਕੀ ਕਵੀਆਂ ਦੀ ਸਾਰੀ ਰਚਨਾਵਲੀ 'ਵਿਦਿਆ ਸਾਗਰ' ਨਾਮ ਹੇਠ ਸੰਚਿਤ ਕੀਤੀ ਗਈ । ਇਸ ਵਿਚ ਕੇਵਲ ਅਨੁਵਾਦਿਤ ਗ੍ਰੰਥ ਹੀ ਨਹੀ' ਸਨ, ਬਹੁਤ ਸਾਰੇ ਹਿੰਦੀ ਦੇ ਉਹ ਪੁਸਤਕ ਵੀ ਸਨ ਜੋ ਭਾਰਤ ਵਿਚ ਵਧੇਰੇ ਪ੍ਰਸਿੱਧ ਸਨ ਤੇ ਗੁਰੂ ਸਾਹਿਬ ਨੇ ਪੰਜਾਬ ਵਾਸੀਆਂ ਲਈਆਂ ਉਨ੍ਹਾਂ ਦਾ ਗੁਰਮੁਖੀ ਵਿਚ ਲਿਪਿਅੰਤਰ ਕਰਵਾਇਆ ਸੀ। ਜਿਵੇਂ ਕਿ ਹਨੂਮਾਨ ਨਾਟਕ, ਸੂਰ ਸਾਗ਼ਰ ਆਦਿ ਦਾ ਅਨੰਦਪੁਰ ਦਰਬਾਰ ਦੇ ਲਿਖਾਰੀ ਭਾਈ ਬਾਲ ਚੰਦ ਫਤੇ ਗੋਬਿੰਦ ਵਲੋਂ 1753 ਬਿ: ਦਾ ਲਿਖਿਆ ਖਰੜਾ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਸੁਰੱਖਿਅਤ ਹੈ। ਜਿਸ ਉਤੇ ਪੰਨੇ ਤਿੰਨ ਹਜ਼ਾਰ ਤੋਂ ਵੀ ਉਤੇ ਲਗੇ ਹੋਏ ਹਨ।

ਸੋ ਇਹ ਦਸਮ ਗ੍ਰੰਥ ਤੇ ਵਿਦਿਆ ਸਾਗਰ ਸਾਹਿਤ ਦੋਵੋਂ ਮਹਾਨ ਗ੍ਰੰਥ ਅਨੰਦਪੁਰ ਦਰਬਾਰ ਦੀ ਪ੍ਰਾਪਤੀ ਦਾ ਸਿਟਾ ਸਨ, ਭਾਵੀ ਦੇ ਗੇੜ ਨਾਲ ਸ਼ਤਰੂਆਂ ਹੱਥੋਂ ਨਸ਼ਟ ਭ੍ਰਸ਼ਟ ਹੋ ਗਏ । 'ਦਸਮ ਗ੍ਰੰਥ' ਤਾਂ ਭਾ: ਮਨੀ ਸਿੰਘ ਜੀ ਨੇ ਮੁੜ ਸੰਭਾਲ ਦਿਤਾ ਪਰ 'ਵਿਦਿਆ ਸਾਗਰ' ਦੀ ਸੰਭਾਲ ਸਬੰਧੀ ਕੋਈ ਵਿਸ਼ੇਸ਼ ਉਦਮ ਨ ਹੋਇਆ ।

ਜਿਵੇਂ ਕਿ ਅਸੀਂ ਅੱਗੇ ਕਿਹਾ ਹੈ ਕਿ ਬਹੁਤ ਸਾਰੀਆਂ ਲਿਖਤਾਂ ਦੇ ਉਤਾਰੇ ਹੁੰਦੇ ਰਹਿੰਦੇ ਸਨ ਤੇ ਸਿਆਣੇ ਸਿਖ ਇਹ ਲਿਖਤੀ ਪੋਥੀਆਂ ਆਪਣੇ ਨਾਲ ਆਪਣੇ ਆਪਣੇ ਇਲਾਕੇ ਵਲ ਲੈ ਜਾਂਦੇ ਸਨ । ਇਸਤਰ੍ਹਾਂ ਹੋਣ ਕਾਰਣ ਕਈ ਗ੍ਰੰਥਾਂ ਦੇ ਖਰੜੇ ਬਚ ਗਏ ਹਨ ਜਿਨ੍ਹਾਂ ਤੋਂ ਅੱਜ ਅਸੀਂ 'ਵਿਦਿਆ ਸਾਗਰ' ਦੀ ਸਮੱਗਰੀ ਦਾ ਕੁਝ ਕੁਝ ਅਨੁਮਾਨ ਲਾ ਸਕਦੇ ਹਾਂ। ਨਿਰਾਸਤਾ ਵਾਲੀ ਗੱਲ ਕੋਈ ਨਹੀਂ, ਅਜੇ ਖੋਜ ਦੇ ਪੈਰ ਵੀ ਥੱਕ ਨਹੀਂ ਗਏ, ਹੋ ਸਕਦਾ



Digitized by Panjab Digital Library | www.panjabdigilib.org

ਹੈ, ਹੋਰ ਵੀ ਸਮੱਗਰੀ ਮਿਲ ਜਾਵੇ ਤੇ ਇਕ ਇਕ ਕਵੀ ਬਾਰੇ ਪੂਰੇ ਗ੍ਰੰਥ ਲਿਖਣ ਦੀ ਸੰਭਾਵਨਾ ਬਣ ਜਾਵੇ ।

ਪੰਜਾਬ ਦੀਆਂ ਲਾਇਬਰੇਰੀਆਂ ਤੇ ਜਾ ਕੁਝ ਪੰਜਾਬੋਂ ਬਾਹਰ ਦੇ ਪੁਸਤਕਾਲਿਆਂ ਵਿਚ ਪਈਆਂ ਸੈਂਕੜਿਆਂ ਦੀ ਗਿਣਤੀ ਵਿਚ ਗੁਰਮੁਖੀ ਹੱਥ-ਲਿਖਤਾਂ ਦੇ ਅਧਿਐਨ ਤੋਂ ਅਤੇ ਪ੍ਰਾਚੀਨ ਸਿਖ ਇਤਿਹਾਸਕ ਗ੍ਰੰਥਾਂ ਤੋਂ ਜੋ ਜਾਣਕਾਰੀ ਮਿਲੀ ਹੈ, ਉਸ ਦੇ ਅਧਾਰ ਤੇ ਇਹ ਦਰਬਾਰੀ ਕਵੀ-ਸੂਚੀ ਬਵੰਜਾ ਤੋਂ ਉਤੇ ਚਲੀ ਜਾਂਦੀ ਹੈ ।

ਇਸ ਤੋਂ ਇਲਾਵਾ ਮੀਰ ਛਬੀਲਾ, ਮੀਰ ਮੁਸ਼ਕੀ, ਮੀਰ ਨੱਥ ਮੱਲ ਦਾ ਪੁੱਤਰ, ਕੇਸੋ ਸਿੰਘ, ਦੇਸੂ ਸਿੰਘ ਤੇ ਨਰਬਦ ਸਿੰਘ ਭੱਟ ਕਈ ਦਰਬਾਰੀ ਢਾਡੀ ਤੇ ਭੱਟ ਵਖਰੇ ਸਨ । ਜੋ ਕਵੀ ਲੱਖੀ ਜੰਗਲ ਦੇ ਦਰਬਾਰ ਵਿਚ ਹਾਜ਼ਰ ਹੋਏ, ਜਿਵੇਂ ਕਿ ਬਿਹਾਰੀ, ਆਢਾ, ਜਾਦੋ ਰਾਇ ਆਦਿ— ਸੰਭਵ ਹੈ ਇਨ੍ਹਾਂ ਵਿਚੋਂ ਕੁਝ ਅਨੰਦਪੁਰ ਦਰਬਾਰ ਤੋਂ ਵੀ ਵਰੋਸਾਏ ਹੋਣ । ਖੁਸ਼ਨਵੀਸ ਲਿਖਾਰੀ ਇਸ ਤੋਂ ਅਲਹਿਦਾ ਸਨ, ਉਨ੍ਹਾਂ ਦੀ ਗਿਣਤੀ ਸਿਖ ਇਤਿਹਾਸ ਵਿਚ ੩੬ ਮਿਲਦੀ ਹੈ । ਗੱਲ ਕੀ, ਗੁਰੂ ਦਰਬਾਰ ਵਿਚ ਸਾਹਿਤਕ ਕਾਰਯ ਕਰਨ ਵਾਲੇ ਇਹ ਲੋਕ ਸੌ ਤੋਂ ਉਤੇ ਹੀ ਰਹੇ ਹੋਣਗੇ, ਇਸ ਵਿਚ ਕੋਈ ਸੰਦੇਹ ਵਾਲੀ ਗੱਲ ਨਹੀਂ । ਹਜ਼ਾਰਾਂ ਪੱਤਰਿਆਂ ਵਾਲਾ ਅਪ੍ਰਾਪਤ 'ਵਿਦਿਆ ਸਾਗਰ' ਮਹਾਨ ਗ੍ਰੰਥ; ਇਨ੍ਹਾਂ ਲੋਕਾਂ ਦੀ ਵਰ੍ਹਿਆਂ-ਬੱਧੀ ਘਾਲ ਦਾ ਹੀ ਸਿੱਟਾ ਸੀ ਜਿਸ ਦੀ ਵੰਨਗੀ-ਮਾਤ੍ਰ ਝਲਕ ਸੰਭਾਲ ਵਿਚ ਆਈਆਂ ਰਚਨਾਵਾਂ ਤੋਂ ਲਾਈ ਜਾ ਸਕਦੀ ਹੈ । ਇਹ ਪ੍ਰਾਪਤੀ ਸਚਮੁਚ ਹੀ ਪ੍ਰਸੰਨਤਾ ਤੇ ਸੰਤੁਸ਼ਟਤਾ ਦੇਣ ਵਾਲੀ ਹੈ । ਇਸ ਨਾਲ ਅਨੰਦਪੁਰ ਦੀ ਸਾਹਿੱਤਕ ਤੇ ਸਾਂਸਕ੍ਰਿਤਿਕ ਪ੍ਰਭੁਤਾ ਦਾ ਪਤਾ ਲਗਦਾ ਹੈ ਜਿਸ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੈ । ਜਿਵੇਂ ਦਜਲਾ ਤੇ ਫਰਾਤ ਦੇ ਸੰਗਮ ਤੇ ਵਸੇ ਬਗਦਾਦ ਸ਼ਹਿਰ ਵਿਚ ਨੌਂਵੀਂ ਸਦੀ ਅੰਦਰ ਹਾਰੂੰ ਰਸ਼ੀਦ ਨੇ ਬੜਾ ਵਧੀਆ 'ਅਨੁਵਾਦ ਕੇਂਦਰ' ਸਥਾਪਨ ਕੀਤਾ ਤੇ ਦਰਜਨਾਂ ਯੂਨਾਨੀ ਤੇ ਸੰਸਕ੍ਰਿਤ ਗ੍ਰੰਥਾਂ ਦੇ ਤਰਜਮੇ ਕਰਵਾਕੇ ਅਰਬੀ ਦੇ ਗਿਆਨ-ਭੰਡਾਰ ਨੂੰ ਭਰਪੂਰ ਕੀਤਾ, ਤਿਵੇਂ ਸਤਿਗੁਰਾਂ ਸਤਲੁਜ ਕੰਢੇ ਅਨੰਦਪੁਰ ਦਰਬਾਰ ਰਚਾ ਕੇ ਭਾਰਤੀ ਸਾਹਿਤ ਨੂੰ ਮਾਲਾ-ਮਾਲ ਕੀਤਾ ਅਤੇ ਨਵਚੇਤਨਾ ਦੀ ਲਹਿਰ ਜਗਾਈ । ਹਾਰੂੰ ਰਸ਼ੀਦ ਦੇ ਪਾਸ ਤਾਂ ਰਾਜ ਸ਼ਕਤੀ ਸੀ ਲੇਕਿਨ ਗੁਰੂ ਸਹਿਬ ਪਾਸ ਅਜੇਹਾ ਸਾਧਨ ਵੀ ਨਹੀਂ ਸੀ । ਫਿਰ ਵੀ ਸੈਂਕੜੇ ਵਿਦਵਾਨਾਂ, ਕਵੀਆਂ, ਲਿਖਾਰੀਆਂ ਦੀ ਪ੍ਰਿਤਪਾਲਣਾ ਕਰ ਕੇ ਅਜੇਹਾ ਵਿਦ੍ਯਿਆ ਸਾਗਰ ਰਚਵਾਉਣਾ ਆਪ ਦੀ ਅਦਭੁਤ ਬੌਧਿਕ ਤੇ ਅਧਿਆਤਮਕ ਕਲਾ ਦਾ ਹੀ ਸਿੱਟਾ ਸੀ ।

ਆਖਿਰ ਗੁਰੂ ਸਾਹਿਬ ਦਾ ਜਿਥੇ ਧਰਮ ਪ੍ਰਚਾਰ ਦਾ ਵੱਡਾ ਕੰਮ ਸੀ, ਉਥੇ ਸਾਰੇ ਸਿਖਾਂ ਨੂੰ ਸਿੰਘ ਸਜਾ ਕੇ ਸ਼ਸਤ੍ਰਧਾਰੀ ਬਣਾਉਣ ਤੇ ਇਨਕਲਾਬੀ ਜੰਗ ਲਈ ਪੂਰੀ ਤਰ੍ਹਾਂ ਤਿਆਰ ਬਰਤਿਆਰ ਕਰਨ ਦੀ ਵੀ ਮਹਾਨ ਯੋਜਨਾ ਸੀ । ਰੋਜ਼ਾਨਾ ਦੇਸ ਬਿਦੇਸ ਤੋਂ



Digitized by Panjab Digital Library | www.panjabdigilib.org

ਆਉਣ ਵਾਲੀਆਂ ਸਿਖ ਸੰਗਤਾਂ ਦੀ ਸੇਵਾ ਸੰਭਾਲ ਦਾ ਕੰਮ ਵੱਖਰਾ ਸੀ ਤੇ ਫਿਰ ਰਾਜ ਸਮਾਜ ਦੀ ਵਿਰੋਧਤਾ ਦਾ ਟਾਕਰਾ ਕਰਨ ਲਈ ਨਵੀਆਂ ਫੌਜਾਂ ਜਥੇਬੰਦ ਕਰਨ ਦੀ ਜ਼ਿਮੇਵਾਰੀ ਅਲਹਿਦਾ ਸੀ। ਸਾਧਨ ਸੀਮਤ ਸਨ, ਔਕੜਾਂ ਅਸੀਮਤ। ਮਾਇਆ ਦੀ ਹਰ ਕੰਮ ਲਈ ਲੋੜ ਸੀ। ਗੁਰੂ ਸਾਹਿਬ ਕੇਵਲ ਸਿਖ ਸੰਗਤ ਤੋਂ ਹੀ ਧਨ ਇਕੱਤਰ ਕਰ ਸਕਦੇ ਸਨ, ਹੋਰ ਕੋਈ ਕਾਰੂੰ ਵਾਲਾ ਖਜ਼ਾਨਾ ਉਨ੍ਹਾਂ ਪਾਸ ਨਹੀਂ ਸੀ। ਫਿਰ ਔਰੰਗਜ਼ੇਬ ਵਰਗਾ ਆਕੜਖਾਨ ਬਾਦਸ਼ਾਹ ਕਵਿਤਾ, ਸੰਗੀਤ ਤੇ ਚਿਤਰਕਾਰੀ ਹਰ ਕਲਾ ਦਾ ਵਿਰੋਧੀ ਸੀ ਸੋ ਉਸ ਸਮੇਂ ਕਾਵਿ ਰਚਨਾ ਕਰਾਉਣ ਦੀ ਵਿਉਂਤ ਬਣਾਉਣਾ ਇਕ ਵਿਦਰੋਹ ਵਾਲੀ ਗੱਲ ਸੀ, ਸਰਕਾਰ ਨਾਲ ਸਿੱਧੀ ਟਕਰ ਲੈਣ ਵਾਲਾ ਮਾਮਲਾ ਸੀ ਪਰ ਬਾਵਜੂਦ ਅਜੇਹੇ ਹਾਲਾਤ ਦੇ ਗੁਰੂ ਸਾਹਿਬ ਦਾ ਸਾਹਿਤ-ਸਿਰਜਣਾ ਦਾ ਸ਼ੌਕ ਦਸਦਾ ਹੈ ਕਿ ਕਿਵੇਂ ਉਨ੍ਹਾਂ ਬਿਖਮ ਪੈਂਡਿਆਂ ਵਿਚੀਂ ਲੰਘਦਿਆਂ ਹੋਇਆਂ ਵੀ ਇਸ ਸਰੇਸ਼ਟ ਕੰਮ ਨੂੰ ਨਿਭਾਇਆ। ਇਸ ਸਮੇਂ ਸਾਨੂੰ ਸਾਰੀ ਵਸਤੂ ਪ੍ਰਾਪਤ ਨਹੀਂ, ਜੋ ਕੁਝ ਵਖੋ ਵਖ ਥਾਵਾਂ ਤੇ ਪਏ ਸੈਂਕੜੇ ਹੱਥ-ਲਿਖਤ ਖਰੜਿਆਂ ਵਿਚ ਕੁਝ ਨ ਕੁਝ ਮਿਲਦਾ ਹੈ, ਉਸ ਦੇ ਅਧਾਰ ਤੇ ਅਨੰਦਪੁਰ ਦੇ ਸਾਹਿਤਕ ਦਰਬਾਰ ਦੀ ਤਸਵੀਰ ਉਲੀਕਣ ਦਾ ਇਹ ਨਿਮਾਣਾ ਜਤਨ ਹੈ। ਮੇਰਾ ਨਿਸਚਾ ਹੈ, ਜਿਉਂ ਜਿਉਂ ਲੁਪਤ ਸਮੱਗਰੀ ਮਿਲਦੀ ਜਾਵੇਗੀ, ਤਿਉਂ ਤਿਉਂ ਗੁਰੂ ਸਾਹਿਰ ਦੇ ਦਰਬਾਰ ਦੀ ਪ੍ਰਭੁਤਾ ਹੋਰ ਉਜਾਗਰ ਹੁੰਦੀ ਜਾਵੇਗੀ।

ਪਿਆਰਾ ਸਿੰਘ ਪਦਮ

---



Digitized by Panjab Digital Library | www.panjabdigilib.org

## ਪਹਿਲਾ ਭਾਗ

# ਅਨੰਦਪੁਰ ਦਰਬਾਰ

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ—

# ਦਰਬਾਰੀ ਰਤਨ

## (੧) ਭਾਈ ਮਨੀ ਸਿੰਘ ਦੀਵਾਨ

ਭਾਈ ਮਨੀ ਸਿੰਘ ਜੀ ਦੀ ਵਚਿੱਤਰ ਤੇ ਸਰਬਪੱਖੀ ਸਖਸ਼ੀਅਤ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਵਿਦਿਆ ਦਰਬਾਰ ਦਾ ਸ਼ਿੰਗਾਰ ਹੀ ਨਹੀਂ ਸੀ, ਬਲਕਿ ਸਿੱਖੀ ਦੀ ਰੂਹਾਨੀ ਗੁਲਜ਼ਾਰ ਵਿਚ ਵੀ ਇਹ ਇਕ ਸਿਰਮੌਰ ਬਣ ਕੇ ਲਿਸ਼ਕ ਰਹੀ ਹੈ। ਇਸ ਦਾ ਵਿਸ਼ੇਸ਼ ਕਾਰਣ ਤਾਂ ਕੁਰਬਾਨੀਆਂ ਦਾ ਉਹ ਦਰਿਆ ਹੈ, ਜਿਸ ਵਿਚ ਭਾਈ ਸਾਹਿਬ ਦਾ ਸਾਰਾ ਘਰਾਣਾ ਹੀ ਟੁੱਭੀਆਂ ਲਾਉਂਦਾ ਦਿਸਦਾ ਹੈ। ਭਾਈ ਮਨੀ ਸਿੰਘ ਜੀ ਕੁਲ ਬਾਰਾਂ ਭਰਾ ਸਨ, ਇਹ ਬਾਰਾਂ ਦੇ ਬਾਰਾਂ ਹੀ ਧਰਮ ਲਈ ਸ਼ਹੀਦ ਹੋਏ। ਭਾਈ ਸਹਿਬ ਦੇ ਦਸ ਪੁੱਤਰਾਂ ਵਿਚੋਂ ਸੱਤਾਂ ਨੇ ਸ਼ਹੀਦੀ ਪਿਆਲਾ ਪਾਨ ਕੀਤਾ। ਪੰਜ (ਬਚਿੱਤ੍ਰ ਸਿੰਘ, ਉਦੇ ਸਿੰਘ ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ) ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਹੀ ਸ਼ਹੀਦ ਹੋਏ ਤੇ ਦੋ (ਚਿਤ੍ਰ ਸਿੰਘ ਤੇ ਗੁਰਬਖਸ਼ ਸਿੰਘ) ਭਾਈ ਸਾਹਿਬ ਦੇ ਨਾਲ ਲਾਹੌਰ ਸ਼ਹੀਦ ਕੀਤੇ ਗਏ।* ਇਸ ਤਰ੍ਹਾਂ ਦੀ ਮਿਸਾਲ ਇਤਿਹਾਸ ਵਿਚ ਹੋਰ ਨਹੀਂ ਮਿਲਦੀ ਜਿਸ ਆਪਣੇ ਬੰਸ ਦੇ ਲਹੂ ਨਾਲ ਇਸ ਤਰ੍ਹਾਂ ਧਰਮ ਦੀ ਜੋਤ ਜਗਾਈ ਹੋਵੇ।

ਆਪ ਦਾ ਜਨਮ ਪੰਵਾਰ ਰਾਜਪੂਤ, ਨਾਇਕ ਮਾਈ ਦਾਸ ਦੇ ਘਰ ਮਾਤਾ ਮਧੁਰੀ ਬਾਈ ਦੀ ਕੁੱਖੋਂ 1701 ਬਿ. ਚੇਤ ਸੁਦੀ ਦੁਆਦਸ਼ੀ ਨੂੰ ਪਿੰਡ ਅਲੀਪੁਰ, ਜ਼ਿਲਾ ਮੁਜ਼ੱਫਰਗੜ੍ਹ ਵਿਚ ਹੋਇਆ ਤੇ ਸ਼ਹੀਦੀ ਨੱਬੇ ਵਰ੍ਹੇ ਦੀ ਉਮਰ ਵਿਚ ਹਾੜ ਸੁਦੀ ਪੰਚਮੀ 1791 ਬਿ. (24 ਜੂਨ 1734 ਈ.) ਨੂੰ ਲਾਹੌਰ ਹੋਈ। ਆਪ ਦੇ ਪਿਤਾ ਸ਼ਾਹ ਜਹਾਨ

* ਭਾ. ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ ਤਿੰਨ ਹੋਰ ਸਨ।



Digitized by Panjab Digital Library | www.panjabdigilib.org

ਦੇ ਸਮੇਂ ਚੰਗੇ ਅਹੁਦੇ ਤੇ ਰਹੇ ਸਨ, †ਤੇ ਆਪ ਦੇ ਬਾਬਾ ਭਾਈ ਬੱਲੂ, ਗੁਰੂ ਹਰਿਗੋਬਿੰਦ ਸਾਹਿਬ ਵਲੋਂ ਲੜੀ ਗਈ ਅੰਮ੍ਰਿਤਸਰ ਦੀ ਜੰਗ ਵਿਚ ਮੁਰਤਜ਼ਾ ਖ਼ਾਂ ਨੂੰ ਮਾਰ ਕੇ 17 ਵਿਸਾਖ 1691 ਬਿ. ਨੂੰ ਜਝਦੇ ਸ਼ਹੀਦ ਹੋ ਗਏ ਸਨ। ਇਸ ਤਰ੍ਹਾਂ ਖ਼ਾਨਦਾਨੀ ਵਡਿਆਈ ਤੇ ਸਿਖੀ ਦੀ ਕਮਾਈ ਉਨ੍ਹਾਂ ਨੂੰ ਵਿਰਸੇ ਵਿਚ ਮਿਲੀ ਸੀ।

ਭਾਈ ਸਾਹਿਬ ਦਾ ਪਹਿਲਾ ਨਾਮ ਮਨੀਰਾਮ ਸੀ, ਆਪ ਨੇ ਗੁਰੂ ਹਰਿਰਾਇ ਸਾਹਿਬ ਦੇ ਚਰਣਾਂ ਤੋਂ ਸਿਖੀ ਪਰਾਪਤ ਕੀਤੀ, ਫਿਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਪਾਸ ਵੀ ਰਹੇ ਤੇ ਦਿੱਲੀ ਉਨ੍ਹਾਂ ਦੇ ਨਾਲ ਗਏ। ਗੁਰੂ ਤੇਗ ਬਹਾਦਰ ਜੀ ਨੂੰ ਪਰਗਟ ਕਰਨ ਵਾਲੇ ਮੋਹਰੀ ਸਿੱਖਾਂ ਵਿਚੋਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਗੁਰਿਆਈ ਸੰਭਾਲੀ ਤਾਂ ਸਭ ਤੋਂ ਪਹਿਲਾ ਕੰਮ ਉਨ੍ਹਾਂ ਪ੍ਰਮਾਣੀਕ ਬੀੜਾਂ ਲਿਖਵਾਉਣ ਦਾ ਕੀਤਾ ਕਿਉਂਕਿ ਔਰੰਗੇ ਦੀ ਸਖ਼ਤੀ ਦਾ ਸ਼ਿਕਾਰ ਹੋਕੇ ਧੀਰ ਮੱਲ ਮੱਘਰ ਸੁਦੀ ਦੂਜ ੧੭੩੪ ਬਿ. ਨੂੰ ਰਣ ਥੰਬੋਰ ਦੇ ਕਿਲੇ ਵਿਚ ਦੇਹਾਂਤ ਪਾ ਗਿਆ ਤੇ ਇਸਦਾ ਪੁਤਰ ਰਾਮ ਚੰਦ ਭਾਦੋਂ ਵਦੀ ਏਕਮ ੧੭੩੫ ਬਿ: ਨੂੰ ਦਿਲੀ ਸ਼ਹੀਦ ਕਰ ਦਿਤਾ ਗਿਆ ਤੇ ਕਰਤਾਰਪੁਰੀ ਮਸੰਦਾਂ ਅਸਲ ਬੀੜ ਦੇਣ ਤੋਂ ਇਨਕਾਰ ਕਰ ਦਿਤਾ ਸੀ। ਸੋ ਉਨ੍ਹਾਂ 1734 ਬਿ. ਵਿਚ ਇਹ ਕੰਮ ਭਾਈ ਸਾਹਿਬ ਦੇ ਜ਼ਿੰਮੇ ਲਾਇਆ ਕਿ ਹੋਰ ਬੀੜਾਂ ਛੇਤੀ ਲਿਖਾਈਆਂ ਜਾਣ।

ਇਹ ਖਾਨਦਾਨ ਚਿਰੋਕਾ ਸਿੱਖ ਸੀ ਤੇ ਆਪ ਦੇ ਵਡੇਰੇ ਵੀ ਗੁਰੂ ਘਰ ਦੇ ਵਿਸ਼ਵਾਸ-ਪਾਤਰ ਰਹੇ ਸਨ ਅਤੇ ਮਨੀ ਰਾਮ ਨੇ ਆਪਣੀ ਵਿਦਿਅਕ ਤੇ ਪ੍ਰਬੰਧਕ ਯੋਗਤਾ ਸਦਕੇ ਦਸ਼ਮੇਸ਼ ਗੁਰੂ ਨੂੰ ਪ੍ਰਸੰਨ ਕਰ ਲਿਆ ਸੀ। ਇਹੋ ਕਾਰਣ ਸੀ ਕਿ 1748 ਬਿ. ਦੀ ਵਿਸਾਖੀ ਨੂੰ ਗੁਰੂ ਜੀ ਨੇ ਆਪ ਨੂੰ ਆਪਣਾ ਦੀਵਾਨ ਬਣਾ ਲਿਆ। * ਆਪ ਨੇ ਬੜੀ

---

† ਮਾਈਦਾਸ ਸ਼ਾਹਜਹਾਨ ਕੋ ਮਿਲਿਆ, ਵੇਖੇ ਹਿੰਦੂ ਮੁਸਲਮਾਨ
ਮਾਈਦਾਸ ਤੇਰੇ ਤੰਬੂ ਗੈਨ ਮਹਿ ਝੂਲੇ, ਡਿਊਢੀ ਬਾਹਰ ਖੜੇ ਦਰਬਾਨ
ਤੇਰੀ ਮੱਦਦ ਗੁਰੂ ਚੱਕ ਵਾਲਾ, ਦੀਆ ਦਾਨ ਲੱਖ ਦਾਨ... [ਚੋਖਾ ਭੱਟ

* ਪੁਸ਼ਟੀ ਲਈ ਪੰਡਾ ਖੇਮ ਚੰਦ ਦੀ ਵਹੀ ਦਾ ਇਹ ਨੋਟ ਧਿਆਨ ਯੋਗ ਹੈ:—

ਲਿਖਤੰ ਮਨੀਰਾਮ ਬੇਟਾ ਨਾਇਕ ਮਾਈਦਾਸ ਕਾ, ਪੋਤਾ ਬੱਲੂ ਕ਼ਾ, ਪੜਪੋਤਾ ਮੂਲੇ ਕਾ ਜਤੀਆ ਪੰਵਾਰ-ਬੰਸ ਕਾ ਰਾਣੇ ਬੀਝੇ ਕਾ ਬੰਝਰਉਤ ਜਲਹਾਨ, ਅਲੀਪੁਰ ਪਰਗਣਾ ਮੁਲਤਾਨ ਬਾਸੀ ਚੇਤ ਮਿਤੀ 2 ਸੰਬਤ 1751 ਕੋ ਗੁਰੂ ਗੋਬਿੰਦ ਰਾਇ ਜੀ ਕੇ ਸਾਥ ਦੀਵਾਨ ਹੋ ਕਰ ਆਏ, ਸੁਖ ਦੇ ਇਸਨਾਨ।' [ਸ਼ਹੀਦ ਬਿਲਾਸ, ਕਿਰਤ ਸੇਵਾ ਸਿੰਘ ਪੰਨਾ 26)

ਆਯੂ ਪੈਂਤੀ ਬਰਖ ਕੀ ਮਨੀ ਸਿੰਘ ਕੀ ਆਹਿ।
ਲਿਖੇ ਲਿਖਾਏ ਪੋਥੀਆਂ, ਮਨ ਮਹਿੰ ਬਹੁ ਉਤਸ਼ਾਹ। ੪੦।

[ਸ਼ਹੀਦ ਬਿਲਾਸ, ਸੰਪਾਦਕ ਗਿ. ਗਰਜਾ ਸਿੰਘ



Digitized by Panjab Digital Library | www.panjabdigilib.org

ਯੋਗਤਾ ਤੇ ਸੂਝ ਬੂਝ ਨਾਲ ਸਾਰੇ ਕੰਮਾਂ ਨੂੰ ਚਲਾਇਆ। ਆਪ ਦੇ ਸਪੁੱਤਰ ਭਾਈ ਬਚਿੱਤਰ ਸਿੰਘ ਤੇ ਭਾਈ ਉਦੇ ਸਿੰਘ ਆਦਿ, ਗੁਰੂ ਜੀ ਦੇ ਮੁਖੀ ਸੂਰਬੀਰਾਂ ਵਿਚੋਂ ਸਨ ਤੇ ਇਨ੍ਹਾਂ ਵੀ ਸਤਿਗੁਰੂ ਲਈ ਹਰ ਕਿਸਮ ਦੀ ਕਰੜੀ ਘਾਲ ਘਾਲੀ। ਜਦੋਂ ਗੁਰੂ ਸਾਹਿਬ ਨੇ ਖੰਡੇ ਦਾ ਅੰਮ੍ਰਿਤ ਪਾਨ ਕਰਾ ਕੇ ਖਾਲਸਾ ਸਾਜਿਆ ਤਾਂ ਉਨ੍ਹਾਂ ਇਹ ਅਨੁਭਵ ਕੀਤਾ ਕਿ ਇਹ ਅੰਮ੍ਰਿਤ ਦਾ ਪ੍ਰਵਾਹ ਸਿਖੀ ਦੇ ਪੁਰਾਣੇ ਕੇਂਦਰ ਅੰਮ੍ਰਿਤਸਰ ਵਿਚ ਪ੍ਰਵਾਹਿਤ ਹੋਣਾ ਜ਼ਰੂਰੀ ਹੈ ਤਾਂ ਕਿ ਇਸ ਲਹਿਰ ਨੂੰ ਬਲਵਾਨ ਤੇ ਵਿਆਪਕ ਬਣਾਇਆ ਜਾ ਸਕੇ। ਇਸ ਸਮੇਂ 1753 ਵਿਸਾਖ ਵਦੀ 11 ਨੂੰ ਪ੍ਰਿਥੀ ਚੰਦ ਦੇ ਪੋਤੇ ਹਰਿਜੀ ਚਲਾਣਾ ਕਰ ਗਏ, ਉਨ੍ਹਾਂ ਤੋਂ ਬਾਦ ਇਸ ਕੇਂਦਰ ਦੀ ਸੰਭਾਲ ਕਰਨ ਵਾਲਾ ਵੀ ਕੋਈ ਯੋਗ ਵਿਅਕਤੀ ਨਹੀਂ ਸੀ ਤੇ ਇਥੋਂ ਦੇ ਮੀਣੇ ਗੱਦੀਦਾਰ ਆਪਸ ਵਿਚ ਫੁਟ ਦਾ ਸ਼ਿਕਾਰ ਸਨ। ਇਸ ਕਰਕੇ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਚੋਣਵੇਂ ਸਿੱਖਾਂ ਸਮੇਤ (ਗੁਲਜ਼ਾਰਾ ਸਿੰਘ, ਭੂਪਤ ਸਿੰਘ, ਕੁਇਰ ਸਿੰਘ ਚੰਦਰਾ, ਦਾਨ ਸਿੰਘ ਤੇ ਕੀਰਤ ਸਿੰਘ) ਆਦਿ ਗ੍ਰੰਥ ਦੀ ਬੀੜ ਅਤੇ ਨਿਸ਼ਾਨ ਸਾਹਿਬ ਦੇ ਕੇ ਅੰਮ੍ਰਿਤਸਰ ਭੇਜਿਆ ਤਾਂ ਕਿ ਉਹ ਉਥੇ ਸੰਤ-ਸਿਪਾਹੀ ਸਾਜਣ ਦੀ ਲਹਿਰ ਚਲਾਉਣ। ਭਾਈ ਸਾਹਿਬ ਨੇ ਇਸ ਕੰਮ ਨੂੰ ਬੜੀ ਸਫਲਤਾ ਨਾਲ ਚਲਾਇਆ ਤੇ ਚਾਰ ਗੁਰੂਆਂ ਦੇ ਸਮੇਂ ਤੋਂ ਸੁੰਞੇ ਪਏ ਦਰਬਾਰ ਨੂੰ ਰੌਣਕ ਦਿਤੀ। ਜਦ ਅਨੰਦਪੁਰ ਦੀ ਜੰਗ ਬਾਦ ਗੁਰੂ ਸਾਹਿਬ ਦਮਦਮੇ ਆਏ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਤੋਂ ਚਲ ਕੇ ਦਮਦਮੇ ਪਹੁੰਚੇ ਤੇ ਇਥੇ ਵੀ ਸਿਖ-ਸੰਗਠਨ ਦੇ ਕੰਮ ਵਿਚ ਢੇਰ ਹਿੱਸਾ ਪਾਇਆ। ਗੁਰੂ ਸਾਹਿਬ ਦੱਖਣ ਵਲ ਰਵਾਨਾ ਹੋਏ ਤਾਂ ਆਪ ਬਘੌਰ ਤਕ ਨਾਲ ਗਏ ਤੇ ਫਿਰ 21 ਚੇਤ 1763 ਬਿ. ਨੂੰ ਉਥੋਂ ਅੰਮ੍ਰਿਤਸਰ ਵਾਪਸ ਆ ਗਏ।

ਹੁਣ ਦਸਮੇਸ਼ ਗੁਰੂ ਦੇ ਚਲਾਣੇ ਦੀ ਖ਼ਬਰ ਸੁਣ ਕੇ ਆਪ ਇਸ ਗੱਲ ਲਈ ਚਿੰਤਾਤੁਰ ਹੋਏ ਕਿ ਕਿਵੇਂ ਨ ਕਿਵੇਂ ਦਸਮ ਪਾਤਸ਼ਾਹ ਦੀ ਸਾਰੀ ਰਚਨਾ ਇਕੱਤਰ ਕਰ ਕੇ ਸੰਭਾਲ ਦਿਤੀ ਜਾਵੇ। ਇਸ ਕੰਮ ਲਈ ਆਪ ਨੇ ਜਿਥੋਂ ਕਿਤੋਂ ਪੋਥੀਆਂ ਮਿਲੀਆਂ, ਇਕੱਠੀਆਂ ਕਰਾਈਆਂ ਤੇ ਦਸਮ ਗ੍ਰੰਥ ਤਿਆਰ ਕੀਤਾ। ਇਕ ਬੀੜ ਐਸੀ ਵੀ ਬਣਾਈ ਗਈ ਜਿਸ ਵਿਚ ਦਸਾਂ ਗੁਰੂਆਂ ਦੀ ਬਾਣੀ ਵਿਅਕਤੀ ਅਨੁਸਾਰ ਤਰਤੀਬੀ ਗਈ ਸੀ। ਇਹ ਬੀੜ ਅੱਜ ਕਲ ਸੁਰਗਵਾਸੀ ਰਾਜਾ ਗੁਲਾਬ ਸਿੰਘ ਸੇਠੀ ਦੇ ਘਰ ਦਿੱਲੀ ਹੈ। 1708 ਤੋਂ 1734 ਈ. ਤਕ ਲਗਭਗ 25 ਵਰ੍ਹੇ ਭਾਈ ਸਾਹਿਬ ਨੇ ਕਈ ਝੱਖੜ ਝੁਲਦੇ ਤੱਕੇ। ਸਿੱਖਾਂ ਉਤੇ ਕਈ ਕਿਸਮ ਦੇ ਅਤਿਆਚਾਰ ਹੋਏ, ਬੰਦਈ ਅਤੇ ਤੱਤ ਖਾਲਸੇ ਵਿਚ ਫੁਟ ਪਈ ਜਿਸ ਨੂੰ ਉਨ੍ਹਾਂ ਸ਼ਹੀਦੀ ਤੋਂ ਇਕ ਸਾਲ ਪਹਿਲਾਂ ਮੁਕਾ ਵੀ ਦਿਤਾ। ਖੂਬੀ ਇਹ ਕਿ ਉਹ ਇਤਨੇ ਬਲਵਾਨ ਹਿਰਦੇ ਦੇ ਸਿਦਕੀ ਸਿੱਖ ਸਨ ਕਿ ਰੰਚਕ ਮਾਤਰ ਡੋਲੇ ਨਹੀਂ, ਸਗੋਂ ਬਾਣੀ ਤੇ ਇਤਿਹਾਸ ਦੀ ਸੰਭਾਲ ਲਈ ਯਥਾਯੋਗ ਯਤਨ ਕਰਦੇ ਹੀ ਰਹੇ।

ਗਿਆਨੀ ਸੰਪਰਦਾਇ ਦੀ ਪਰੰਪਰਾ ਦੱਸਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ



Digitized by Panjab Digital Library | www.panjabdigilib.org

ਅਰਥਾਂ ਦੀ ਪਰੰਪਰਾ ਵੀ ਆਪ ਨੇ ਹੀ ਅਨੰਦਪੁਰੋਂ ਚਲਾਈ ਸੀ। ਭਾ. ਕੀਰਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਦੇ ਪ੍ਰਯਾਯ ਆਪ ਦੇ ਗਿਆਨ ਤੋਂ ਵਰੋਸਾ ਕੇ ਹੀ ਲਿਖੇ ਦਸੇ ਹਨ। ਇਸ ਤੋਂ ਇਲਾਵਾ ਸਿੱਖ ਸਾਹਿਤ ਦੇ ਕਈ ਗ੍ਰੰਥ ਐਸੇ ਹਨ ਜਿਨ੍ਹਾਂ ਦਾ ਮੂਲ ਸੋਮਾ ਭਾਈ ਸਾਹਿਬ ਦੇ ਕਥਾ ਵਿਖਿਆਨ ਹਨ। ਮਿਸਾਲ ਲਈ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ 'ਗਿਆਨ ਰਤਨਾਵਲੀ' ਕਰਕੇ ਪ੍ਰਸਿੱਧ ਹੈ, ਇਸ ਨੂੰ 'ਜਨਮ ਸਾਖੀ ਭਾਈ ਮਨੀ ਸਿੰਘ' ਦਾ ਨਾਮ ਵੀ ਦਿੱਤਾ ਜਾਂਦਾ ਹੈ। ਗਿਆਰਵੀਂ ਵਾਰ ਦਾ ਟੀਕਾ, 'ਭਗਤ ਰਤਨਾਵਲੀ' ਹੈ ਜਿਸ ਨੂੰ 'ਸਿਖਾਂ ਦੀ ਭਗਤਮਾਲ' ਕਿਹਾ ਜਾਂਦਾ ਹੈ। ਇਹ ਦੋਵੇਂ ਗ੍ਰੰਥ ਭਾਈ ਮਨੀ ਸਿੰਘ ਜੀ ਦੀ ਵਿਦਵਤਾ ਭਰੀ ਵਿਆਖਿਆ ਤੋਂ ਵਰੋਸਾਏ ਹੋਏ ਹਨ ਤੇ ਇਸੇ ਕਰਕੇ ਇਨ੍ਹਾਂ ਨੂੰ ਆਪ ਦੇ ਨਾਂ ਨਾਲ ਹੀ ਜੋੜਿਆ ਜਾਂਦਾ ਹੈ ਜੋ ਠੀਕ ਨਹੀਂ। ਸ਼ਾਇਦ ਇਹ ਦੋਵੇਂ ਰਚਨਾਵਾਂ ਭਾਈ ਸੂਰਤ ਸਿੰਘ ਜੀ ਗਿਆਨੀ ਨੇ ਕਲਮਬੰਦ ਕੀਤੀਆਂ ਸਨ। ਇਸੇ ਤਰ੍ਹਾਂ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੀ ਭੂਮਿਕਾ ਵਿਚ ਕਵੀ ਸੋਹਨ ਨੇ ਇਹ ਗੱਲ ਲਿਖੀ ਹੈ ਕਿ ਇਹ ਛੇਵੇਂ ਗੁਰਾਂ ਦੀ ਕਥਾ ਭਾਈ ਮਨੀ ਸਿੰਘ ਜੀ ਨੇ ਪਿੰਡ ਬਾਗਾਂ ਵਾਲੇ ਜ਼ਿਲਾ ਝੰਗ ਵਿਚ ਮੇਰੇ ਵਿਦਿਆ ਗੁਰੂ ਭਾਈ ਧਰਮ ਸਿੰਘ ਨੂੰ ਸੁਣਾਈ ਸੀ ਤੇ ਮੈਂ ਉਨ੍ਹਾਂ ਤੋਂ ਸੁਣ ਕੇ ਇਸ ਨੂੰ ਛੰਦ-ਬਧ ਕਰ ਰਿਹਾ ਹਾਂ। ਇਸੇ ਤਰ੍ਹਾਂ 1751 ਈ. ਵਿਚ ਗੁਰਬਿਲਾਸ ਰਚਣ ਵਾਲੇ ਭਾਈ ਕੁਇਰ ਸਿੰਘ ਕਲਾਲ ਨੇ ਇਹ ਗੱਲ ਆਖੀ ਹੈ ਕਿ ਜਦ 1734 ਈ. ਵਿਚ ਭਾਈ ਮਨੀ ਸਿੰਘ ਜੀ ਕੈਦ ਕਰਕੇ ਲਾਹੌਰ ਲਿਆਂਦੇ ਗਏ ਤਾਂ ਸਰਕਾਰੀ ਚਾਕਰ ਹੋਣ ਕਹਕੇ ਮੇਰਾ ਗੁਆਂਢੀ ਜੇਲ੍ਹ ਦਾ ਪਹਿਰਾ ਦਿਆ ਕਰਦਾ ਸੀ ਤੇ ਭਾਈ ਸਾਹਿਬ ਦਸਮੇਸ਼ ਗੁਰੂ ਦੀ ਕਥਾ ਸੁਣਾਇਆ ਕਰਦੇ ਸਨ ਤੇ ਉਸੇ ਕਥਾ ਦੇ ਆਧਾਰ ਤੇ ਜਿਵੇਂ ਆਪਣੇ ਗੁਆਂਢੀ ਤੋਂ ਸੁਣੀ, ਮੈਂ ਇਹ ਗ੍ਰੰਥ ਰਚਿਆ ਹੈ। ਇਸ ਤਂ ਪਤਾ ਲਗਦਾ ਹੈ ਕਿ ਭਾਈ ਮਨੀ ਸਿੰਘ ਜੀ ਦਾ ਗੁਰਮਤਿ ਗਿਆਨ ਤੇ ਇਤਿਹਾਸਕ ਜਾਣਕਾਰੀ ਸਾਡੇ ਸਾਹਿਤ ਦਾ ਸੋਮਾ ਬਣੀ ਰਹੀ ਹੈ। ਅੱਜ ਸਾਡੇ ਪਾਸ ਭਾਈ ਸਾਹਿਬ ਦੀ ਆਪਣੀ ਰਚਨਾ ਕੋਈ ਨਹੀਂ ਪਰ ਅਜੇਹੀਆਂ ਰਚਨਾਵਾਂ ਕਈ ਮਿਲਦੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਦੀ ਕ੍ਰਿਤੱਗਤਾ ਪ੍ਰਗਟ ਕੀਤੀ ਗਈ ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਭਾਈ ਸਾਹਿਬ ਇਕ ਉੱਤਮ ਵਿਦਵਾਨ ਸਨ ਤੇ ਗੁਰੂ ਦਰਬਾਰ ਵਿਚ ਉਨ੍ਹਾਂ ਦਾ ਦੀਵਾਨ ਹੋਣ ਦੇ ਨਾਤੇ ਸ਼ਿਰੋਮਣੀ ਅਸਥਾਨ ਸੀ। ਸ਼ਹੀਦ ਬਿਲਾਸ ਦਾ ਕਰਤਾ ਲਿਖਦਾ ਹੈ—

'ਦੇਸ ਵਿਦੇਸ ਤੇ ਸੰਗਤ ਆਵੈ। ਗੋਬਿੰਦ ਗੁਰ ਕਾ ਦਰਸ਼ਨ ਪਾਵੈ।
ਬਾਵਨ ਕਵੀ ਗੁਰੂ ਢਿਗ ਰਹੈ। 'ਮਨੀਆ' ਉਨ ਮਹਿੰ ਗੁਨੀਆ ਅਹੈ। ੪੭।


ਜੇਹਾ ਕਿ ਅਸਾਂ ਪਹਿਲੇ ਕਿਹਾ ਹੈ ਕਿ ਆਪ ਦਾ ਪਹਿਲਾ ਨਾਂ ਮਨੀ ਰਾਮ ਯਾ ਮਨੀਆ ਕਰ ਕੇ ਪ੍ਰਸਿੱਧ ਸੀ ਤੇ ਆਪ ਨੇ ਕੁਝ ਕਾਵਿ-ਰਚਨਾ ਵੀ ਕੀਤੀ । ਵੰਨਗੀ ਵਜੋਂ ਜੋ ਛੰਦ ਮਿਲੇ, ਉਹ ਇਥੇ ਦਿਤੇ ਜਾਂਦੇ ਹਨ।



Digitized by Panjab Digital Library | www.panjabdigilib.org

ਸਤਿ ਸਰੂਪ ਪਾਹਿ ਦਾ ਸਾਗਰ, ਵਤਰਿ ਲਗੀ ਭਾਲ ਜਿਉਂ ਭਾਲਾ ।
ਗੁਰ ਗੋਬਿੰਦ ਦੀ ਰੰਗਣ ਰਤੇ, ਥੀਏ ਲਾਲ ਗੁਲਾਲਾ ।
ਸਿੱਕਾਂ ਸਿੱਕ ਸੱਜਣ ਦੀ ਦਿਲ ਵਿਚ, ਜ਼ਰਬਿ ਅਨੂਪ ਬਣੀ ਅਤਿ ਆਲ੍ਹਾ ।
'ਮਨੀਰਾਮ' ਨ ਕਾਣ ਕਹੀਂ ਦੀ, ਸਾਡਾ ਸਿਰ ਪਰਿ ਕਲਗੀਵਾਲਾ । ੧ ।
ਸਤਿ ਸਰੂਪ ਸਤਿ ਜਿਨ ਜਾਤਾ, ਸੇ ਸਤਿਪੁਰਖ ਦੇ ਪਿਆਰੇ
ਮਨ ਬਚ ਕਰਮ ਅਧਰਕੋ ਡਾਰਹ, ਬੈਸਹਿ ਤੇ ਜਨ ਖਾਰੇ ।
ਕਿਚਰਕੁ ਅੜੇ ਸੰਤ ਸਿਉਂ ਸਾਕਤ, ਜੇਨ ਕੇਨ ਬਿਧਿ ਹਾਰੇ ।
'ਮਨੀਰਾਮ' ਰੁਕ ਜੈਂ ਵਲਿ ਸੰਗਤਿ ਕਾ, ਗੁਰੂ ਪਾਸਾ ਤਿਤੁ ਵਲਿ ਢਾਲੇ । ੨ ।

ਭਾਈ ਸਾਹਿਬ ਦੀ ਵਾਰਤਕ ਵੰਨਗੀ ਦੇਖਣ ਲਈ ਸਾਨੂੰ ਉਹ ਚਿੱਠੀ ਪ੍ਰਾਪਤ ਹੈ ਜੋ ਭਾਈ ਮਨੀ ਸਿੰਘ ਜੀ ਨੇ ਗੁਰੂ ਕਾ ਚੱਕ (ਅੰਮ੍ਰਿਤਸਰ) ਤੋਂ 22 ਵੈਸਾਖ, 1774 ਬਿ. ਨੂੰ ਮਾਤਾ ਸੁੰਦਰੀ ਜੀ ਨੂੰ ਦਿਲੀ ਵੱਲ ਲਿਖੀ ਸੀ । ਇਸ ਤੋਂ ਜਿਥੇ ਕਈ ਇਤਿਹਾਸਕ ਗੱਲਾਂ ਦੀ ਸੋਝੀ ਮਿਲਦੀ ਹੈ, ਉਥੇ ਭਾਈ ਸਾਹਿਬ ਦੇ ਸਰਲ ਹਿਰਦੇ, ਸਪਸ਼ਟ ਕਥਨੀ ਤੇ ਸਿਧੀ ਸਾਦੀ ਲਿਖਾਈ ਦੇ ਵੀ ਦਰਸ਼ਨ ਹੁੰਦੇ ਹਨ ।



ਭਾਈ ਮਨੀ ਸਿੰਘ ਜੀ ਦੀ ਹੱਥ-ਲਿਖਤ ਚਿੱਠੀ



Digitized by Panjab Digital Library | www.panjabdigilib.org

# (੨) ਭਾਈ ਨੰਦ ਲਾਲ 'ਗੋਯਾ'

ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਤ ਦਰਬਾਰ ਵਿਚੋਂ ਵਧੀਆ ਆਲਮ ਫ਼ਾਜ਼ਲ ਸ਼ਾਇਰ ਤੇ ਸ਼ਿਰੋਮਣੀ ਸਿਦਕੀ ਸਿਖ ਸਨ । ਆਪ ਦੀਆਂ ਫ਼ਾਰਸੀ ਰਚਨਾਵਾਂ ਕੇਵਲ ਧਾਰਮਿਕ ਦ੍ਰਿਸ਼ਟੀ ਤੋਂ ਹੀ ਨਹੀਂ, ਸਾਹਿਤਕ ਨਜ਼ਰੀਏ ਤੋਂ ਵੀ ਉਚੀ ਪੱਧਰ ਦੀਆਂ ਹਨ । ਆਪ ਦਾ ਜਨਮ ਮੁਨਸ਼ੀ ਛੱਜੂ ਰਾਮ ਦੇ ਘਰ 1633 ਈ. ਵਿਚ ਹੋਇਆ, ਪਿਤਾ ਚੂੰਕਿ ਸਰਕਾਰੀ ਮੁਲਾਜ਼ਮਤ ਵਿਚ ਸਨ. ਉਨ੍ਹਾਂ ਦੀ ਬਦਲੀ ਗਜ਼ਨੀ ਹੋ ਗਈ । ਇਸ ਕਰ ਕੇ ਨੰਦ ਲਾਲ ਦੀ ਮੁਢਲੀ ਪੜ੍ਹਾਈ ਫ਼ਾਰਸੀ ਵਿਚ ਹੀ ਹੋਈ ਤੇ ਉਥੇ ਚਿਰਕਾਲ ਰਹਿਣ ਕਰ ਕੇ ਅਰਬੀ ਫ਼ਾਰਸੀ ਦਾ ਡੂੰਘਾ ਅਧਿਐਨ ਕੀਤਾ । 1652 ਈ. ਵਿਚ ਪਿਤਾ ਦੇ ਦੇਹਾਂਤ ਹੋ ਜਾਣ ਕਾਰਣ ਆਪ ਵਾਪਸ ਆਪਣੇ ਘਰ ਮੁਲਤਾਨ ਆ ਗਏ । ਇਹ ਟਿਕਾਣਾ ਦਿਲ਼ੀ ਦਰਵਾਜ਼ੇ ਲਾਗੇ ਆਗਾਪੁਰ ਨਾਮੀ ਬਸਤੀ ਵਿਚ ਸੀ ।

ਨੰਦ ਲਾਲ ਜੀ ਨੇ ਨਵਾਬ ਵੱਸਾਫ਼ ਖ਼ਾਂ ਹਾਕਮ ਮੁਲਤਾਨ ਪਾਸ ਨੌਕਰੀ ਕਰ ਲਈ । ਪਹਿਲੇ ਮੁਨਸ਼ੀ, ਮੀਰਮੁਨਸ਼ੀ, ਫਿਰ ਕਿਲੇਦਾਰ ਤੇ ਫੌਜਦਾਰ ਨੀਅਤ ਹੋਏ । ਉਸ ਜ਼ਮਾਨੇ ਕਿਸੇ ਗ਼ੈਰ ਮੁਸਲਮ ਦਾ ਉਚੇ ਅਹੁਦਿਆਂ ਤੇ ਲਗਣਾ ਕੇਵਲ ਉਸ ਦੀ ਯੋਗਤਾ ਤੇ ਮਿਹਨਤ ਤੇ ਹੀ ਨਿਰਭਰ ਕਰਦਾ ਸੀ, ਇਹੋ ਖ਼ੂਬੀਆਂ ਸਨ ਜਿਸ ਕਰਕੇ ਆਪ ਦਾ ਮਰਾਤਬਾ ਵਧਦਾ ਗਿਆ ਤੇ ਆਖਿਰ ਆਪ ਮੁਲਤਾਨ ਦੇ ਨਾਇਬ ਸੂਬੇਦਾਰ ਦੇ ਅਹੁਦੇ ਤੇ ਰਹੇ । ਇਸ ਪਿਛੋਂ ਕੁਝ ਅਰਸੇ ਲਈ ਆਪ ਸ਼ਹਿਜ਼ਾਦਾ ਆਜ਼ਮ ਤੇ ਮੁਹੰਮਦ ਅਕਬਰ ਅਧੀਨ ਵੀ ਅਪਣਾ ਕਰਤੱਵ ਨਿਭਾਉਂਦੇ ਰਹੇ ।

ਸ਼ਾਇਦ ਇਹ ਗੱਲ ੧੬੯੫ ਈ. ਦੀ ਹੈ ਜਦ ਕਿ ਆਪ ਨੂੰ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰਸ਼ਾਹ) ਸੂਬੇਦਾਰ ਆਗਰਾ ਨੇ ਮੁਲਾਜ਼ਮਤ ਵਿਚ ਲੈ ਕੇ ਆਪਣਾ ਮੀਰਮੁਨਸ਼ੀ ਬਣਾਇਆ । *ਇਕ ਵਾਰ ਸ਼ਾਹੀ ਦਰਬਾਰ ਵਿਚ ਕੁਰਾਨ ਦੀ ਕਿਸੇ ਆਇਤ ਬਾਰੇ ਵਿਚਾਰ ਚਰਚਾ ਚਲੀ ਪਰ, ਔਰੰਗਜ਼ੇਬ ਦੀ ਇਸ ਅਰਥ ਵਿਆਖਿਆ ਨਾਲ ਤਸੱਲੀ ਨ ਹੋਈ ਤਾਂ ਸ਼ਹਿਜ਼ਾਦਾ ਮੁਅੱਜ਼ਮ ਨੇ ਕੁਝ ਮੁਹਲਤ ਮੰਗੀ ਤੇ ਉਸ ਆ ਕੇ ਨੰਦ ਲਾਲ ਜੀ ਨਾਲ ਵਿਚਾਰ ਕੀਤੀ । ਅਰਥਾਂ ਨਾਲ ਸ਼ਹਿਜ਼ਾਦੇ ਤੇ ਬਾਦਸ਼ਾਹ ਦੋਹਾਂ ਦੀ ਤਸੱਲੀ ਹੋ ਗਈ । ਬਾਦਸ਼ਾਹ ਨੇ ਆਪਣੀਆਂ ਆਦਤ ਅਨੁਸਾਰ ਸ਼ਹਿਜ਼ਾਦੇ ਨੂੰ ਕਿਹਾ ਕਿ ਐਸਾ ਆਲਿਮ ਫ਼ਾਜ਼ਿਲ ਆਦਮੀ

---

* ਫਿਰ ਚਾਕਰੀ ਸ਼ਹਿਜ਼ਾਦੇ ਦੀ ਭਈ, ਬਹਾਦਰ ਸ਼ਾਹ ਨਾਮ ਜਗ ਕਹੀ ।
ਮੀਰ ਮੁਨਸ਼ੀ ਸ਼ਾਹ ਕੇ ਭਏ, ਬਢੇ ਪ੍ਰਤਾਪ ਨਿਤ ਨਉਤਨ ਨਏ ।

[ਮਹਿਮਾ ਪ੍ਰਕਾਸ਼, ਪੱਤਰਾ 404



Digitized by Panjab Digital Library | www.panjabdigilib.org

ਜੇਕਰ ਇਸਲਾਮੀ ਘੇਰੇ ਵਿਚ ਆ ਜਾਏ ਤਾਂ ਚੰਗਾ ਹੈ। ਜਦ ਇਸ ਗੱਲ ਦੀ ਸੂੰਹ ਨੰਦ ਲਾਲ ਨੂੰ ਮਿਲੀ ਤਾਂ ਉਨ੍ਹਾਂ ਸਭ ਕੁਝ ਛਡ ਕੇ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚਣਾ ਹੀ ਸਭ ਤੋਂ ਬਿਹਤਰ ਰਾਹ ਸਮਝਿਆ। ਉਹ ਅਨੰਦਪੁਰ ਆ ਗਏ ਤੇ ਆਪਣੀ ਲਿਆਕਤ ਤੇ ਸ਼ਰਧਾ ਸਿਦਕ ਕਾਰਣ ਛੇਤੀ ਹੀ ਸਤਿਗੁਰਾਂ ਦੀ ਕ੍ਰਿਪਾਲਤਾ ਦੇ ਅਧਿਕਾਰੀ ਬਣ ਗਏ। ਆਪ ਨੇ ਜਦੋਂ 'ਬੰਦਗੀਨਾਮੇ' ਦਾ ਖਰੜਾ ਦਰਬਾਰ ਵਿਚ ਪੇਸ਼ ਕੀਤਾ ਤਾਂ ਸਤਿਗੁਰਾਂ ਇਸ ਨੂੰ 'ਜ਼ਿੰਦਗੀਨਾਮਾ' ਨਾਮ ਦਿੰਦਿਆਂ ਫੁਰਮਾਇਆ—

'ਜ਼ਿ ਆਬਿ ਹੈਵਾਂ ਪੁਰ ਸ਼ੁਦਾ ਚੂੰ ਜਾਮਿ ਓ<br>
'ਜ਼ਿੰਦਗੀ ਨਾਮਾ ਸ਼ੁਦਾ, ਜ਼ਾਂ ਨਾਮਿ ਓ।'

ਗੁਰੂ ਸਾਹਿਬ ਦੇ ਵਿਦਿਆ ਦਰਬਾਰ ਵਿਚ ਭਾਈ ਨੰਦ ਲਾਲ ਜੀ ਦੀ ਕੀ ਮਹੱਤਤਾ ਸੀ, ਇਸ ਗੱਲ ਦਾ ਪਤਾ 'ਸੌ ਸਾਖੀ' ਵਿਚ ਆਏ ਇਸ ਸੰਕੇਤ ਤੋਂ ਮਿਲਦਾ ਹੈ ਹੈ ਕਿ ਆਮ ਤੌਰ ਤੇ ਗੁਰੂ ਸਾਹਿਬ ਆਪ ਨੂੰ ਸਭਾ ਦਾ ਮੁਖੀਆ ਨੀਅਤ ਕਰਦੇ ਸਨ।

'ਸੰਗਤ ਨੋ ਹੁਕਮ ਹੂਆ ਹਮ ਸੇ ਜੋ ਪੂਛਨਾ ਹੈ, ਸੋ ਨੰਦ ਲਾਲ ਬਤਾਵੇਗਾ। ਤਾਂ ਨੰਦ ਲਾਲ ਅਖਾੜਾ ਲਿਖਾਰੀਆਂ ਕਾ ਇਕੱਠਾ ਕੀਆ, ਪਾਤਸ਼ਾਹੀ ਲਿਖਾਰੀ ਔਰ ਕਵੀਸ਼ਰ ਬੁਲਾਏ।'

[ਇਕਵੰਜਵੀਂ ਸਾਖੀ

ਇਹੋ ਹੀ ਨਹੀਂ ਕਿ ਭਾਈ ਸਾਹਿਬ ਕੇਵਲ ਆਪਣੀ ਇਲਮੀ ਲਿਆਕਤ ਯਾ ਸ਼ਿਅਰ ਗੋਈ ਕਰ ਕੇ ਹੀ ਉਚਾ ਦਰਜਾ ਰਖਦੇ ਸਨ, ਸਿਖੀ ਮੰਡਲ ਵਿਚ ਆਪ ਦੀ ਸੇਵਾ ਟਹਿਲ ਕਮਾਲ ਦੀ ਸੀ। ਜਦ ਗੁਰੂ ਸਾਹਿਬ ਨੇ ਸਾਰੇ ਸਿਖਾਂ ਦੇ ਲੰਗਰਾਂ ਦੀ ਪੜਤਾਲ ਕੀਤੀ ਤਾਂ ਭਾਈ ਸਾਹਿਬ ਦੇ ਲੰਗਰ-ਪ੍ਰਬੰਧ ਨੂੰ ਸਭ ਤੋਂ ਸੁਚੱਜਾ ਤੇ ਵਧੀਆ ਹੋਣ ਦਾ ਸਨਮਾਨ ਮਿਲਿਆ।

ਜਦੋਂ ਅਨੰਦਪੁਰ ਲੜਾਈਆਂ ਤੇ ਜੰਗਾਂ ਜੁੱਧਾਂ ਦਾ ਅੱਡਾ ਬਣ ਗਿਆ ਤਾਂ ਮਾਲੂਮ ਹੁੰਦਾ ਹੈ ਗੁਰੂ ਸਾਹਿਬ ਦੀ ਪ੍ਰੇਰਨਾ ਅਨੁਸਾਰ ਬਾਕੀ ਦੇ ਕਵੀਆਂ ਵਾਂਙ ਭਾਈ ਨੰਦ ਲਾਲ ਇਥੋਂ ਚਲੇ ਗਏ। ਸ਼ਹਿਜ਼ਾਦਾ ਮੁਅੱਜ਼ਮ ਨਾਲ ਆਪ ਦਾ ਪੁਰਾਣਾ ਸਨੇਹ ਸੀ, ਇਸ ਲਈ ਉਸ ਨੇ ਫਿਰ ਮੁਲਾਜ਼ਮਤ ਵਿਚ ਲੈ ਲਿਆ। 1707 ਵਿਚ ਔਰੰਗਜ਼ੇਬ ਦੇ ਦੇਹਾਂਤ ਕਾਰਣ ਜਦ ਸ਼ਹਿਜ਼ਾਦਾ ਮੁਅੱਜ਼ਮ ਤੇ ਆਜ਼ਮ ਦਰਮਿਆਨ ਦਿੱਲੀ ਦੇ ਤਖਤ ਲਈ ਲੜਾਈ ਹੋ ਰਹੀ ਸੀ ਤਾਂ ਭਾਈ ਨੰਦ ਲਾਲ ਰਾਹੀਂ ਮੁਅੱਜ਼ਮ ਵਲੋਂ ਗੁਰੂ ਸਾਹਿਬ ਤੋਂ ਜੰਗੀ ਇਮਦਾਦ ਮੰਗੀ ਗਈ। ਇਸ ਸਮੇਂ ਗੁਰੂ ਜੀ ਨਾਲ ਤਿੰਨ ਕੁ ਸੌ ਸਵਾਰ ਸਨ, ਆਪ ਨੇ ਮੁਅੱਜ਼ਮ ਦੇ ਪਿਊ ਦਾਦੇ ਦੀਆਂ ਕਰਤੂਤਾਂ ਨੂੰ ਨਜ਼ਰੰਦਾਜ਼ ਕਰ ਕੇ ਮੱਦਦ ਕੀਤੀ ਤੇ ਜੋਜੋਂ ਦੇ ਮੁਕਾਮ



Digitized by Panjab Digital Library | www.panjabdigilib.org

ਤੇ ਮੁਅੱਜ਼ਮ ਦੀ ਫਤੇ ਹੋਈ ਤੇ ਉਹ 'ਸ਼ਾਹ ਆਲਮ ਬਹਾਦਰ ਸ਼ਾਹ' ਨਾਮ ਧਾਰਨ ਕਰ ਕੇ ਦਿਲੀ ਦਾ ਬਾਦਸ਼ਾਹ ਬਣਿਆ। ਇਹ ਭਾਈ ਨੰਦ ਲਾਲ ਜੀ ਦੀ ਸਿਆਣਪ ਸੀ ਕਿ ਆਗਰੇ ਦੇ ਮੁਕਾਮ ਤੇ ਗੁਰੂ ਸਾਹਿਬ ਤੇ ਬਹਾਦਰਸ਼ਾਹ ਦਰਮਿਆਨ ਮੁਲਾਕਾਤ ਹੋਈ ਜਿਸ ਵਿਚ ਪੰਜਾਬ ਦੇ ਝਗੜਿਆਂ ਨੂੰ ਵਿਚਾਰਿਆ ਗਿਆ। ਇਸ ਤੋਂ ਪਿਛੋਂ ਜਦ ਬਹਾਦਰਸ਼ਾਹ ਦੱਖਣ ਨੂੰ ਚੜ੍ਹਿਆ ਤਾਂ ਭਾਈ ਨੰਦ ਲਾਲ ਨਾਲ ਹੀ ਸਨ। ਇਸ ਦਾ ਜ਼ਿਕਰ ਅਮਰਨਾਮ ਵਿਚ ਹੈ —

ਜ਼ ਵੁਜ਼ਰਾਏ ਸੁਲਤਾਨ ਬੂਦ ਨੰਦ ਲਾਲ
ਸ਼ੁਦਾ ਹਮਰਹੇ ਸ਼ਾਹਿ ਵ ਲਾ ਕਮਾਲ। ੪੨।

ਸੁਲਤਾਨ ਦੇ ਵਜ਼ੀਰਾਂ ਵਿਚੋਂ ਇਕ ਨੰਦ ਲਾਲ ਸੀ, ਜੋ ਉਚੇ ਮਰਾਤਬੇ ਵਾਲੇ ਬਾਦਸ਼ਾਹ ਸਲਾਮਤ ਨਾਲ ਹੋ ਤੁਰਿਆ।

ਜਦ ਬੰਦੇ ਬਹਾਦਰ ਨੇ ਪੰਜਾਬ ਵਿਚ ਤਰਥੱਲੀ ਮਚਾਈ ਤਾਂ ਬਾਦਸ਼ਾਹ ਨੂੰ ਖ਼ੁਦ ਫੌਜਕਸ਼ੀ ਕਰ ਕੇ ਇਧਰ ਆਉਣਾ ਪਿਆ। ਸ਼ਾਇਦ ਇਸੇ ਸਮੇਂ ਭਾਈ ਸਾਹਿਬ ਪੰਜਾਬ ਆਏ ਤੇ ਨੌਕਰੀ ਤੋਂ ਵਿਹਲਿਆਂ ਹੋਕੇ ਮੁਲਤਾਨ ਚਲੇ ਗਏ ਤੇ ਕੁਝ ਅਰਸਾ ਬਾਦ ਦੇਹਾਂਤ ਪਾ ਗਏ। *ਮਹਾਨਕੋਸ਼ ਦੇ ਕਰਤਾ ਨੇ ਆਪ ਦਾ ਦੇਹਾਂਤ 1704 ਈ. ਦਿਤਾ ਹੈ ਪਰ ਨਵੀਂ ਖੋਜ ਦਸਦੀ ਹੈ ਕਿ ਚਲਾਣਾ 8—10 ਵਰ੍ਹੇ ਬਾਦ ਹੋਇਆ।†

ਭਾਈ ਨੰਦ ਲਾਲ ਫਾਰਸੀ ਦੇ ਮਹਾਨ ਕਵੀ ਸਨ ਤੇ ਇਸ ਤੋਂ ਬਿਨਾ ਉਨ੍ਹਾਂ 'ਜੋਤਿ ਵਿਗਾਸ' ਨਾਮੀ ਹਿੰਦੀ ਰਚਨਾ ਵੀ ਕੀਤੀ ਹੈ, ਜੋ ਕਿ ਸਤਿਗੁਰ ਮਹਿਮਾ ਦਾ ਸਤੋਤਰ ਹੈ। ਆਪ ਦੇ ਨਾਂ ਤੇ 'ਰਹਿਤਨਾਮਾ' ਤੇ 'ਤਨਖਾਹ ਨਾਮਾਂ ਨਾਮ ਦੀਆਂ ਤਿੰਨ ਹੋਰ ਰਚਨਾਵਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਸਿਖ ਰਹਿਤ-ਮਰਯਾਦਾ ਦਾ ਵਰਨਣ ਹੈ, ਨੰਦ ਲਾਲ ਪ੍ਰਸ਼ਨ ਕਰਦਾ ਹੈ ਤੇ ਗੁਰੂ ਸਾਹਿਬ ਉਤਰ ਦਿੰਦੇ ਹਨ। ਹੋ ਸਕਦਾ ਹੈ, ਇਹ ਭਾਈ ਜੀ ਦੀ ਸ਼ਾਇਦ ਆਪਣੀ ਕਿਰਤ ਨ ਹੋਣ ਪਰ ਇਸ ਤੋਂ ਇਤਨਾ ਜ਼ਰੂਰ ਸਪਸ਼ਟ ਹੈ ਕਿ ਇਹ ਰ੍ਹਹਿਤ ਮਰਯਾਦਾ ਦੱਸਣ ਲਈ ਵੀ ਨੰਦ ਲਾਲ ਨੂੰ ਹੀ ਮਾਧਿਅਮ ਬਣਾਇਆ ਗਿਆ ਹੈ। ਇਹ ਉਨ੍ਹਾਂ ਦੀ ਉਚ ਹਸਤੀ ਦਾ ਇਕ ਹੋਰ ਪ੍ਰਮਾਣ ਹੈ। ਆਪ ਦੀ ਫਾਰਸੀ ਰਚਨਾ ਸਿਖ ਸੰਗਤਾਂ ਵਿਚ ਆਦਰ ਸਹਿਤ ਗਾਈ ਜਾਂਦੀ ਹੈ ਤੇ ਇਹ ਮਾਣ ਭਾਈ ਗੁਰਦਾਸ ਤੋਂ ਬਿਨਾਂ ਆਪ ਨੂੰ ਹੀ ਪ੍ਰਾਪਤ ਹੈ।

ਸਾਹਿਤਕ ਨੁਕਤੇ ਤੋਂ ਨੰਦ ਲਾਲ ਜੀ ਦੀ ਫਾਰਸੀ ਸ਼ਾਇਰੀ ਉਚ ਦਰਜੇ ਦੀ ਰਹੱਸਵਾਦੀ ਰਚਨਾ ਹੈ ਤੇ ਫਾਰਸੀ ਦੇ ਕਈ ਮਹਾਨ ਸੂਫੀ ਕਵੀਆਂ ਨਾਲ ਮੇਲ ਖਾਂਦੀ ਹੈ।

---

* ਗੁਰਸ਼ਬਦ ਰਤਨਾਕਰ, ਪੰਨਾ 2165

† ਕੁਲਯਾਤਿ ਭਾਈ ਨੰਦ ਲਾਲ—ਸੰਪਾਦਕ ਡਾ. ਗੰਡਾ ਸਿੰਘ



Digitized by Panjab Digital Library | www.panjabdigilib.org

ਕਈ ਗਜ਼ਲਾਂ ਹਾਫਿਜ਼ ਦੇ ਜਵਾਬ ਵਿਚ ਲਿਖੀਆਂ ਗਈਆਂ ਹਨ ਤੇ ਕਈਆਂ ਵਿਚ ਮੌਲਾਨਾ ਰੂਮੀ ਵਾਲਾ ਰੰਗ ਹੈ। ਖੂਬੀ ਇਹ ਹੈ ਕਿ ਨੰਦ ਲਾਲ ਨੇ ਸਿਖੀ ਸਿਧਾਂਤਾਂ ਨੂੰ ਬੜੇ ਮਨੋਹਰ ਢੰਗ ਨਾਲ ਉਚਾ ਬਣਾ ਕੇ ਪੇਸ਼ ਕੀਤਾ ਹੈ।† ਸ਼ਾਇਦ ਅਨੰਦਪੁਰ ਦਰਬਾਰ ਵਿਚ ਹੋਰ ਫਾਰਸੀ ਸ਼ਾਇਰ ਵੀ ਹੋਵਣ ਕਿਉਂਕਿ ਫਾਰਸੀ ਸਮੇਂ ਦੀ ਸਰਕਾਰੀ ਦਰਬਾਰੀ ਜ਼ਬਾਨ ਸੀ ਪਰ ਹੋਰ ਕਿਸੇ ਕਵੀ ਦੀ ਰਚਨਾ ਨਹੀਂ ਮਿਲਦੀ, ਕੇਵਲ ਭਾਈ ਨੰਦ ਲਾਲ ਦਾ ਹੀ ਕਲਾਮ ਪ੍ਰਾਪਤ ਹੈ ਤੇ ਇਸ ਵਿਚ ਉਨ੍ਹਾਂ ਤਖ਼ੱਲਸ 'ਗੋਯਾ' ਵਰਤਿਆ ਹੈ, ਖਾਸ ਕਰਕੇ ਗ਼ਜ਼ਲਾਂ ਵਿਚ। ਰਚਨਾਵਾਂ ਇਹ ਹਨ—

੧ ਦੀਵਾਨਿ ਗੋਯਾ
੨ ਜ਼ਿੰਦਗੀ ਨਾਮਾ
੩ ਗੰਜਨਾਮਾ
੪ ਤੌਸੀਫੋ ਸਨਾ
੫ ਜੋਤਿ ਵਿਗਾਸ
੬ ਦਸਤੂਰੁਲ ਇਨਸ਼ਾ
੭ ਅਰਜ਼ੁਲ ਇਲਫਾਜ਼
੮ ਜੋਤਿ ਵਿਗਾਸ (ਹਿੰਦੀ)

ਹਿੰਦੀ ਕਵਿਤਾ ਦੀ ਵੰਨਗੀ ਵਜੋਂ 'ਜੋਤਿ ਵਿਗਾਸ' ਦਾ ਪਾਠ ਇਥੇ ਦਿਤਾ ਜਾਂਦਾ ਹੈ ਜੋ ਕਿ ਮੇਰੇ ਪਾਸ ਪਏ ਹੱਥ-ਲਿਖਤ ਖਰੜੇ ਤੋਂ ਲਿਆ ਹੈ।

## ਜੋਤਿ ਵਿਗਾਸ

ਵਾਹੁ ਵਾਹੁ ਗੁਰ ਪਤਿਤ ਉਧਾਰੰ। ਵਾਹ ਵਾਹ ਗੁਰ ਸੰਤ ਉਬਾਰੰ
ਵਾਹ ਵਾਹ ਗੁਰ ਪਾਰ ਉਤਾਰੰ। ਵਾਹ ਵਾਹ ਗੁਰ ਅਗਮ ਅਪਾਰੰ
ਵਾਹ ਵਾਹ ਗੁਰ ਹਰਿ ਆਧਾਰੰ। ਵਾਹ ਵਾਹ ਗੁਰ ਅਪਰ ਅਪਾਰੰ
ਵਾਹ ਵਾਹ ਗੁਰ ਅਸੁਰ ਸੰਘਾਰੰ। ਵਾਹ ਵਾਹ ਗੁਰ ਦੈਂਤ ਪਛਾਰੰ
ਵਾਹ ਵਾਹ ਗੁਰ ਦੁਸ਼ਟ ਬਿਦਾਰੰ। ਵਾਹ ਵਾਹ ਗੁਰੂ ਕਰੁਣਾ ਧਾਰੰ
ਵਾਹ ਵਾਹ ਗੁਰ ਆਦਿ ਜੁਗਾਦੰ। ਵਾਹ ਵਾਹ ਗੁਰ ਅਗਮ ਅਗਾਧੰ
ਵਾਹ ਵਾਹ ਗੁਰ ਸੱਚ ਅਰਾਧੰ। ਵਾਹ ਵਾਹ ਗੁਰ ਪੂਰਨ ਸਾਧੰ
ਵਾਹ ਵਾਹ ਗੁਰ ਤਖਤ ਨਿਵਾਸੰ। ਵਾਹ ਵਾਹ ਗੁਰ ਨਿਹਚਲ ਆਸੰ
ਵਾਹ ਵਾਹ ਗੁਰ ਅਭੈ ਅਬਿਨਾਸੀ। ਵਾਹ ਵਾਹ ਗੁਰ ਸੱਚੀ ਰਾਸੀ
ਵਾਹ ਵਾਹ ਗੁਰ ਮੁਕਤ ਸਾਧਾਰੰ। ਵਾਹ ਵਾਹ ਗੁਰ ਸੰਗਤ ਤਾਰੰ
ਵਾਹ ਵਾਹ ਗੁਰ ਇੱਛ ਪੁਜਾਮੰ। ਵਾਹ ਵਾਹ ਗੁਰ ਨਾਮ ਜਪਾਮੰ
ਵਾਹ ਵਾਹ ਗੁਰ ਧਰਮ ਦ੍ਰਿੜ੍ਹਾਵਨ। ਵਾਹ ਵਾਹ ਗੁਰ ਪਤਿਤ ਪਾਵਨ
ਵਾਹ ਵਾਹ ਗੁਰ ਨਾਇਕ ਸਚਖੰਡੰ। ਵਾਹ ਵਾਹ ਗੁਰ ਅਛਲ ਅਖੰਡੰ
ਵਾਹ ਵਾਹ ਗੁਰ ਰੂਪ ਨਿਰੰਜਨ। ਵਾਹ ਵਾਹ ਗੁਰ ਭਰਮ ਭੈ ਭੰਜਨ

† ਵਿਸਤਾਰ ਲਈ ਦੇਖੋ 'ਤਸਨੀਫਾਤਿ ਭਾਈ ਨੰਦ ਲਾਲ' ਦੀ ਭੂਮਿਕਾ (ਵਲੋਂ ਭਾਈ ਲੱਕਸ਼ਵੀਰ ਸਿੰਘ) ਮੁਜ਼ਤਿਰ



Digitized by Panjab Digital Library | www.panjabdigilib.org

ਵਾਹ ਵਾਹ ਗੁਰ ਅਛਲ ਅਛੇਦੰ । ਵਾਹ ਵਾਹ ਗੁਰ ਪੂਰਨ ਵੇਦੰ
ਵਾਹ ਵਾਹ ਗੁਰ ਕੰਟਕ ਛੇਦੰ । ਵਾਹ ਵਾਹ ਗੁਰ ਅਲਖ ਅਭੇਦੰ
ਵਾਹ ਵਾਹ ਗੁਰ ਅਚਿੰਤ ਦਯਾਲੰ । ਵਾਹ ਵਾਹ ਗੁਰ ਸਦਾ ਕ੍ਰਿਪਾਲੰ
ਵਾਹ ਵਾਹ ਗੁਰ ਸਰਬ ਪ੍ਰਤਿਪਾਲੰ, ਵਾਹ ਵਾਹ ਗੁਰ ਪੁਰਖ ਅਕਾਲੰ
ਵਾਹ ਵਾਹ ਗੁਰ ਨਵਨਿਧਿ ਦੇਵੰ । ਵਾਹ ਵਾਹ ਗੁਰ ਸਦਾ ਸਦੈਵੰ
ਵਾਹ ਵਾਹ ਗੁਰ ਏਕੋ ਸੇਵੰ । ਵਾਹ ਵਾਹ ਗੁਰ ਅਲਖ ਅਭੇਵੰ
ਵਾਹ ਵਾਹ ਗੁਰ ਸੱਚ ਸਚੇਰੰ । ਵਾਹ ਵਾਹ ਗੁਰ ਮੁਕਤ ਮੁਕਤੇਰੰ
ਵਾਹ ਵਾਹ ਗੁਰ ਪੂਰਨ ਈਸੂਰੰ । ਵਾਹ ਵਾਹ ਗੁਰ ਸੱਚ ਸਚੀਸੂਰੰ
ਵਾਹ ਵਾਹ ਗੁਰੂ ਘਟ ਘਟ ਨਾਥੰ । ਵਾਹ ਵਾਹ ਗੁਰ ਨਾਥ ਅਨਾਥੰ
ਵਾਹ ਵਾਹ ਗੁਰ ਥਾਪ ਅਥਾਪੰ । ਵਾਹ ਵਾਹ ਗੁਰ ਹਰਿ ਹਰਿ ਜਾਪੰ
ਵਾਹ ਵਾਹ ਗੁਰ ਸਮਰੱਥ ਪੂਰੰ । ਵਾਹ ਵਾਹ ਗੁਰ ਸੱਚਾ ਸੂਰੰ
ਵਾਹ ਵਾਹ ਗੁਰ ਕਬਹੂੰ ਨਾ ਝੂਰਨ । ਵਾਹ ਵਾਹ ਗੁਰ ਕਲਾ ਸੰਪੂਰਨ
ਨਾਨਕ ਸੋ ਅੰਗਦ ਗੁਰਦੇਵਾ । ਸੋਊ ਅਮਰਦਾਸ ਹਰਿ ਸੇਵਾ
ਸੋ ਰਾਮ ਦਾਸ ਸੋਊ ਅਰਜਨੰ, ਸੋ ਹਰਿ ਗੋਬਿੰਦ ਹਰਿ ਪ੍ਰਸੰਨਾ
ਸੋ ਕਰਤਾ ਹਰਿ ਰਾਇ ਦਾਤਾਰਾ । ਸੋ ਹਰਿ ਕ੍ਰਿਸ਼ਨ ਅਗੰਮ ਅਪਾਰਾ ।
ਸੋ ਤੇਗ ਬਹਾਦਰ ਸੱਤ ਸਰੂਪੰ, ਸੋ ਗੁਰੂ ਗੋਬਿੰਦ ਹਰਿ ਕਾ ਰੂਪੰ
ਸਭ ਏਕੋ ਏਕੋ ਏਕੰਨਾ । ਨਹੀਂ ਭੇਦ ਨਹਿੰ ਕਛੂ ਪੇਖੰਨਾ
ਅਨਿਕ ਬ੍ਰਹਿਮਾ ਬਿਸ਼ਨੁ ਮਹੇਸ਼ੰ, ਅਨਿਕ ਦੇਵੀ ਦੁਰਗਾ ਵੇਸ਼ੰ
ਅਨਿਕ ਰਾਮ ਕਿਸ਼ਨ ਅਵਤਾਰੰ, ਅਨਿਕ ਨਰਸਿੰਘ ਹਰਨਾਕਸ਼ ਮਾਰੰ,
ਅਨਿਕ ਧ੍ਰੂ ਅਨਿਕ ਪ੍ਰਹਿਲਾਦੰ, ਅਨਿਕ ਗੋਰਖ ਅਨਿਕ ਸਿਧ ਸਾਧੰ
ਅਨਿਕ ਅਕਾਸ਼ ਅਨਿਕ ਪਾਤਾਲੰ, ਅਨਿਕ ਇੰਦ੍ਰ ਧਰਮਰਾਇ ਜਮ ਕਾਲੰ
ਅਨਿਕ ਅਨਹਦ ਧੁਨਿ ਅਨਿਕ ਨਾਦੰ, ਅਨਿਕ ਬੈਕੁੰਠ ਸਿਧ ਸਮਾਧੰ
ਅਨਿਕ ਖਾਣੀ ਬਾਣੀ ਬ੍ਰਹਿਮੰਡੰ, ਅਨਿਕ ਦੀਪ ਲੋਇ ਨਵਖੰਡੰ
ਅਨਿਕ ਸੂਰ ਅਰ ਅਨਿਕ ਬੀਰੰ, ਅਨਿਕ ਪੈਗੰਬਰ ਅਨਿਕ ਪੀਰੰ
ਅਨਿਕ ਤੇਤੀਸ ਦੇਵ ਕਰੋੜੰ, ਅਨਿਕ ਚੰਦ੍ਰ ਅਰ ਅਨਿਕ ਸੂਰੰ
ਸਭ ਦੀਨ ਗੁਰੂ ਘਰ ਬਾਰੰ,* ਸਭਨ ਸਿਰ ਗੁਰੂ ਅਵਤਾਰੰ
ਜਨ 'ਲਾਲ' ਦਾਸਨ ਦਾਸੰ, ਸ਼ਰਣ ਆਇਓ ਸਤਿਗੁਰ ਪਾਸੰ
ਸਦਕਾ ਸਰਬਤ ਸਾਧੁਸੰਗ ਕਾ, ਸਤਿਗੁਰ ਤੇ ਹਰਿਨਾਮ ਮੰਗਤਾ ।

ਵਾਹਿਗੁਰੂ ਜੀ ਸਤ, ਜੋਤ ਵਿਗਾਸ ਸੰਪੂਰਨ ਹੋਇਆ ।

---

* ਪਾਠਾ—ਸਭ ਦੀਨ ਖਰੇ ਗੁਰਦੁਆਰੰ ।



Digitized by Panjab Digital Library | www.panjabdigilib.org

# 'ਗੰਜਨਾਮੇ' ਵਿਚੋਂ

ਨਾਸਰੋ ਮਨਸੂਰ ਗੁਰ ਗੋਬਿੰਦ ਸਿੰਘ। ਏਜ਼ਦੀ ਮਨਜ਼ੂਰ ਗੁਰਗੋਬਿੰਦ ਸਿੰਘ
ਹੱਕ ਰਾ ਗ਼ੰਜੂਰ ਗੁਰ ਗੋਬਿੰਦ ਸਿੰਘ। ਜੁਮਲਾ ਫ਼ੈਜ਼ਿ ਨੂਰ ਗੁਰਗੋਬਿੰਦ ਸਿੰਘ
ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ। ਸ਼ਾਹਿ ਸ਼ਾਹਿਨਸ਼ਾਹ ਗੁਰਗੋਬਿੰਦ ਸਿੰਘ
ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ। ਖ਼ਸਮ ਰਾ ਜਾਂ ਕਾਹ ਗੁਰਗੋਬਿੰਦ ਸਿੰਘ
ਫਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ। ਕਾਸ਼ਫ਼ਉਲ ਅਸਰਾਰ ਗੁਰਗੋਬਿੰਦ ਸਿੰਘ
ਆਲਮਉਲ ਦਸਤਾਰ ਗੁਰ ਗੋਬਿੰਦ ਸਿੰਘ। ਅਬਰਿ ਰਹਿਮਤ ਬਾਰ ਗੁਰਗੋਬਿੰਦ ਸਿੰਘ
ਮੁਕਬਲੋ ਮਕਬੂਲ ਗੁਰ ਗੋਬਿੰਦ ਸਿੰਘ। ਵਾਸਲੋ ਮੌਸੂਲ ਗੁਰਗੋਬਿੰਦ ਸਿੰਘ
ਜਾਂ ਫਰੋਜ਼ਿ ਨਹਿਰ ਗੁਰ ਗੋਬਿੰਦ ਸਿੰਘ। ਫ਼ੈਜ਼ਿ ਹੱਕ ਰਾ ਬਹਿਰ ਗੁਰਗੋਬਿੰਦ ਸਿੰਘ
ਹੱਕ ਰਾ ਮਹਿਬੂਬ ਗੁਰਗੋਬਿੰਦ ਸਿੰਘ। ਤਾਲਬੋ ਮਤਲੂਬ ਗੁਰ ਗੋਬਿੰਦ ਸਿੰਘ
ਤੇਗ ਰਾ ਫੱਤਾਹ ਗੁਰ ਗੋਬਿੰਦ ਸਿੰਘ। ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ
ਸਾਹਿਬੇ ਅਕਲੀਲ ਗੁਰ ਗੋਬਿੰਦ ਸਿੰਘ। ਜ਼ਿੱਲੇ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ
ਖਾਜ਼ਨੇ ਹਰ ਗੰਜ ਗੁਰ ਗੋਬਿੰਦ ਸਿੰਘ। ਬਰਹਮੇ ਹਰ ਰੰਜ ਗੁਰ ਗੋਬਿੰਦ ਸਿੰਘ
ਦਾਵਰਿ ਆਫ਼ਾਕ ਗੁਰ ਗੋਬਿੰਦ ਸਿੰਘ। ਹਰ ਦੋਆਲਮ ਤਾਕ ਗੁਰਗੋਬਿੰਦ ਸਿੰਘ
ਹੱਕ ਖ਼ੁਦ ਵਸਾਫ਼ਿ ਗੁਰ ਗੋਬਿੰਦ ਸਿੰਘ। ਬਰਤਰੀਂ ਔਸਾਫਿ ਗੁਰਗੋਬਿੰਦ ਸਿੰਘ
ਖ਼ਾਸ ਗਾਂ ਦਰਪਾਇ ਗੁਰ ਗੋਬਿੰਦ ਸਿੰਘ। ਕੁਦਸੀਆਂ ਬਾਰਾਇ ਗੁਰਗੋਬਿੰਦ ਸਿੰਘ
ਮੁਕਬਲਾਂ ਮੱਦਾਹਿ ਗੁਰਗੋਬਿੰਦ ਸਿੰਘ। ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ
ਲਾਮਕਾਂ ਪਾ ਬੋਸਿ ਗੁਰਗੋਬਿੰਦ ਸਿੰਘ। ਬਰ ਦੁਆਲਮ ਕੋਸਿ ਗੁਰ ਗੋਬਿੰਦ ਸਿੰਘ
ਸਲਸ ਹਮ ਮਹਕੂਮਿ ਗੁਰ ਗੋਬਿੰਦ ਸਿੰਘ। ਰੁਬਾਅ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ
ਸ਼ੁਦਸ ਹਲਕਾ ਬਗੋਸ਼ਿ ਗੁਰ ਗੋਬਿੰਦ ਸਿੰਘ। ਦੁਸ਼ਮਨ ਅਫ਼ਗਨ ਜ਼ੋਸ਼ਿ ਗੁਰ ਗੋਬਿੰਦ ਸਿੰਘ
ਖਾਲਸੋ ਬੇਕੀਨਾ ਗੁਰ ਗੋਬਿੰਦ ਸਿੰਘ। ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ
ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ। ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ
ਮੁਕਰਮਉਲ ਫੱਜ਼ਾਲ ਗੁਰ ਗੋਬਿੰਦ ਸਿੰਘ। ਮੁੰਨਅਮਉਲ ਮੁਤਆਲ ਗੁਰ ਗੋਬਿੰਦ ਸਿੰਘ
ਕਾਰਮਉਲ ਕੱਰਾਮ ਗੁਰ ਗੋਬਿੰਦ ਸਿੰਘ। ਰਾਹਿਮਉਲ ਰੱਹਾਮ ਗੁਰ ਗੋਬਿੰਦ ਸਿੰਘ
ਨਾਇਮਉਲ ਮੁਨਆਮ ਗੁਰ ਗੋਬਿੰਦ ਸਿੰਘ। ਫ਼ਾਹਿਮਉਲ ਫ਼ੱਹਾਮ ਗੁਰ ਗੋਬਿੰਦ ਸਿੰਘ
ਦਾਇਮੋ ਪਾਇੰਦਹ ਗੁਰ ਗੋਬਿੰਦ ਸਿੰਘ। ਫਰਖ਼ੋ ਫਰਖ਼ੰਦਹ ਗੁਰ ਗੋਬਿੰਦ ਸਿੰਘ
ਫ਼ੈਜ਼ਿ ਸੁਬਹਾਂ ਜ਼ਾਤਿ ਗੁਰ ਗੋਬਿੰਦ ਸਿੰਘ। ਨੂਰਿ ਹੱਕ ਲਮਆਤਿ ਗੁਰ ਗੋਬਿੰਦ ਸਿੰਘ



Digitized by Panjab Digital Library | www.panjabdigilib.org

ਵਾਸਫ਼ਾਨਿ ਜ਼ਾਤਿ ਗੁਰ ਗੋਬਿੰਦ ਸਿੰਘ। ਵਾਸਲ ਅਜ਼ ਬਰਕਾਤਿ ਗੁਰੂ ਗੋਬਿੰਦ ਸਿੰਘ
ਰਾਕਮਾਨਿ ਵਸਫ਼ਿ ਗੁਰ ਗੋਬਿੰਦ ਸਿੰਘ। ਨਾਮਵਰ ਅਜ਼ ਲੁਤਫਿ ਗੁਰ ਗੋਬਿੰਦ ਸਿੰਘ
ਨਾਜ਼ਰਾਨਿ ਰੂਇ ਗੁਰ ਗੋਬਿੰਦ ਸਿੰਘ। ਮਸਤਿ ਹੱਕ ਦਰ ਕੂਇ ਗੁਰ ਗੋਬਿੰਦ ਸਿੰਘ
ਖ਼ਾਕ ਬੋਸਿ ਪਾਇ ਗੁਰ ਗੋਬਿੰਦ ਸਿੰਘ। ਮੁਕਬਲ ਅਜ਼ ਅਲਾਇ ਗੁਰ ਗੋਬਿੰਦ ਸਿੰਘ
ਕਾਦਰੇ ਹਰ ਕਾਰ ਗੁਰ ਗੋਬਿੰਦ ਸਿੰਘ। ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ
ਸਾਜਦੋ ਮਸਜੂਦ ਗੁਰ ਗੋਬਿੰਦ ਸਿੰਘ। ਜੁਮਲਾ ਫ਼ੈਜ਼ੋ ਜੂਦ ਗੁਰ ਗੋਬਿੰਦ ਸਿੰਘ
ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ। ਬਰਤਰੀਂ ਮਿਅਰਾਜ ਗੁਰਗੋਬਿੰਦ ਸਿੰਘ
ਅਸ਼ਰ ਕੁਦਸੀ ਰਾਮ ਗੁਰਗੋਬਿੰਦ ਸਿੰਘ। ਵਾਸਫ਼ਿ ਅਕਰਾਮਿ ਗੁਰਗੋਬਿੰਦ ਸਿੰਘ
ਉਮਿ ਕਦਸ ਬਕਾਰਿ ਗੁਰਗੋਬਿੰਦ ਸਿੰਘ। ਗ਼ਾਸ਼ੀਆ ਬਰਦਾਰ ਗੁਰਗੋਬਿੰਦ ਸਿੰਘ
ਕਦਰਿ ਕੁਦਰਤ ਪੇਸ਼ਿ ਗੁਰਗੋਬਿੰਦ ਸਿੰਘ। ਇਨਕੀਆਦ ਅੰਦੇਸ਼ਿ ਗੁਰਗੋਬਿੰਦ ਸਿੰਘ
ਤਿਸਾ ਔਲਵੀ ਖ਼ਾਕ ਗੁਰਗੋਬਿੰਦ ਸਿੰਘ। ਚਾਕਰਿ ਚਾਲਾਕ ਗੁਰਗੋਬਿੰਦ ਸਿੰਘ
ਤਖ਼ਤਿ ਬਾਲਾ ਜ਼ੇਰ ਗੁਰਗੋਬਿੰਦ ਸਿੰਘ। ਲਾਮਕਾਨਿ ਸੈਰ ਗੁਰਗੋਬਿੰਦ ਸਿੰਘ
ਬਰਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ। ਜਾਵਦਾਨੀ ਸਦਰ ਗੁਰਗੋਬਿੰਦ ਸਿੰਘ
ਆਲਮੇ ਰੌਸ਼ਨ ਜ਼ਿ ਗੁਰ ਗੋਬਿੰਦ ਸਿੰਘ। ਜਾਨਿ ਦਿਲ ਗੁਲਸ਼ਨ ਜ਼ਿ ਗੁਰਗੋਬਿੰਦ ਸਿੰਘ
ਰੋਜ਼ ਅਫਜ਼ੂੰ ਜਾਹਿ ਗੁਰਗੋਬਿੰਦ ਸਿੰਘ। ਜ਼ੇਬ ਤਖਤੋ ਗਾਹ ਗੁਰਗੋਬਿੰਦ ਸਿੰਘ
ਮੁਰਸ਼ੁਦ ਲ ਦਾਰੈਨ ਗੁਰਗੋਬਿੰਦ ਸਿੰਘ। ਬੀਨਸ਼ੋ ਹਰਐਨ ਗੁਰਗੋਬਿੰਦ ਸਿੰਘ
ਜੁਮਲਾ ਦਰ ਫੁਰਮਾਨਿ ਗੁਰਗੋਬਿੰਦ ਸਿੰਘ। ਬਰਤਰਾਮਦ ਸ਼ਾਨਿ ਗੁਰਗੋਬਿੰਦ ਸਿੰਘ
ਹਰ ਦੋ ਆਦਮ ਖ਼ੈਲਿ ਗੁਰਗੋਬਿੰਦ ਸਿੰਘ। ਜੁਮਲਾ ਅੰਦਰ ਜ਼ੈਲਿ ਗੁਰਗੋਬਿੰਦ ਸਿੰਘ
ਵਾਹਿਬੋ ਵੱਹਾਬ ਗੁਰ ਗੋਬਿੰਦ ਸਿੰਘ। ਫਾਤਿਹੇ ਹਰ ਬਾਬ ਗੁਰਗੋਬਿੰਦ ਸਿੰਘ
ਸ਼ਾਮਲਉਲ ਅਸ਼ਫਾਕ ਗੁਰਗੋਬਿੰਦ ਸਿੰਘ। ਕਾਮਲਉਲ ਅਖ਼ਲਾਕ ਗੁਰਗੋਬਿੰਦ ਸਿੰਘ
ਰੂਹ ਦਰ ਹਰ ਜਿਸਮ ਗੁਰਗੋਬਿੰਦ ਸਿੰਘ। ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ
ਜੁਮਲਾ ਰੋਜ਼ੀ ਖ਼ਾਰਿ ਗੁਰਗੋਬਿੰਦ ਸਿੰਘ। ਫੈਜ਼ ਹੱਕ ਅਮਤਾਰਿ ਗੁਰਗੋਬਿੰਦ ਸਿੰਘ
ਬਿਸਤੋ ਹਫ਼ਤ ਗਦਾਇ ਗੁਰਗੋਬਿੰਦ ਸਿੰਘ। ਹਫ਼ਤ ਹਮ ਸ਼ੈਦਾਇ ਗੁਰਗੋਬਿੰਦ ਸਿੰਘ
ਖ਼ਾਕਰੋਬ ਸਰਾਇ ਗੁਰਗੋਬਿੰਦ ਸਿੰਘ। ਖ਼ੁਮਸ ਵਸਫ਼ ਪੈਰਾਇ ਗੁਰਗੋਬਿੰਦ ਸਿੰਘ
ਬਰ ਦੋ ਆਲਮ ਦਸਤ ਗੁਰ ਗੋਬਿੰਦ ਸਿੰਘ। ਜੁਮਲਾ ਉਲਵੀ ਪਸਤ ਗੁਰਗੋਬਿੰਦ ਸਿੰਘ
'ਲਾਲ' ਸਗਿ ਗੁਲਾਮਿ ਗੁਰ ਗੋਬਿੰਦ ਸਿੰਘ। ਦਾਗ਼ਦਾਰਿ ਨਾਮ ਗੁਰਗੋਬਿੰਦ ਸਿੰਘ
ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ। ਰੋਜ਼ਾ ਚੀਨੀ ਖ਼ਾਨਿ ਗੁਰ ਗੋਬਿੰਦ ਸਿੰਘ
ਬਾਦ ਜਾਨਸ਼ ਫਿਦਾਇ ਗੁਰ ਗੋਬਿੰਦ ਸਿੰਘ। ਫਾਰਕਿ ਓ ਬਰ ਪਾਇ ਗੁਰ ਗੋਬਿੰਦ ਸਿੰਘ।



Digitized by Panjab Digital Library | www.panjabdigilib.org

## ਗ਼ਜ਼ਲ

ਦਿਲ ਅਗਰ ਦਾਨਾ ਬਵਦ, ਅੰਦਰ ਕਿਨਾਰਸ਼ ਯਾਰ ਹਸਤ ।
ਚਸ਼ਮ ਗਰ ਬੀਨਾ ਬਵਦ, ਦਰ ਹਰ ਤਰਫ ਦੀਦਾਰ ਹਸਤ ।

ਹਰ ਤਰਫ ਦੀਦਾਰ ਅੱਮਾ, ਦੀਦਾਇ ਬੀਨਾ ਕੁਜਾਸਤ
ਹਰ ਕੁਜਾ ਤੂਰ ਅਸਤ ਹਰ ਸੂ ਸ਼ੋਅਲਾਇ ਅਨਵਾਰ ਹਸਤ ।

ਸਰ ਅਗਰ ਦਾਰੀ ਬਰੌ ਸਰ ਰਾ ਬਨਿਹ ਬਰ ਪਾਇ ਊ
ਜਾਂ ਅਗਰ ਦਾਰੀ ਨਿਸਾਰਸ਼ ਕੁਨ ਅਗਰ ਦਰਕਾਰ ਹਸਤ ।

ਦਸਤ ਗਰ ਦਾਹੀ ਬਿਰੌ ਦਾਮਾਨਿ ਜਾਨਾਂ ਰਾ ਬਗ਼ੀਰ
ਸੂਏ ਊ ਮੇਰੌ ਅਗਰ ਪਾ ਰਾ ਸਰਿ ਰਫਤਾਰ ਹਸਤ ।

ਗੋਸ਼ ਰਾਹ ਸ਼ੁਨਵਾ ਬਵਦ, ਜੁਜ਼ ਨਾਮ ਹੱਕ ਕਿ ਬਿਸ਼ਨਵਦ
ਗਰ ਜ਼ਬਾਂ ਗੋਯਾ ਬਵਦ, ਦਰ ਹਰ ਸੁਖ਼ਨ ਅਸਰਾਰ ਹਸਤ ।

ਬ੍ਰਾਹਮਨ ਮੁਸ਼ਤਾਕਿ ਬੁਤ, ਜ਼ਾਹਦ ਫਿਦਾਇ ਖ਼ਾਨਕਾਹ
ਹਰ ਕੁਜਾ ਜਾਮਿ ਮੁਹੱਬਤ, ਦੀਦਾਅਮ ਸਰਸ਼ਾਰ ਹਸਤ ।

ਬੇਅਦਬ ਪਾ ਰਾ ਮਨਿਹ, ਮਨਸੂਰ ਵਸ਼ ਦਰ ਰਾਹਿ ਇਸ਼ਕ
ਰਹ ਰਵੇ ਈਂ ਰਾਹ ਰਾ, ਅੱਵਲ ਕਦਮ ਬਰ ਦਾਰ ਹਸਤ ।

ਹਰ ਚਿ ਦਾਰੀ ਦਰ ਬਸਾਤਿ ਖ਼ੁਦ ਨਸਾਰਿ ਯਾਰ ਕੁਨ
ਗਰ ਤੁਰਾ ਮਾਨਿੰਦ ਗੋਯਾ, ਤਬਾਅ ਗੌਹਰ ਬਾਰ ਹਸਤ ।

---

## (੩) ਭਾਈ ਚਉਪਾ ਸਿੰਘ

ਭਾਈ ਚਉਪਤਿ ਰਾਇ (ਚਉਪਾ ਸਿੰਘ) ਕੜਿਆਲਾ ਜ਼ਿਲਾ ਜਿਹਲਮ ਦਾ ਰਹਿਣ ਵਾਲਾ ਛਿੱਬਰ ਬ੍ਰਾਹਮਣ ਸੀ ਤੇ ਇਸ ਘਰਾਣੇ ਵਿਚ ਸਿਖੀ ਪਿਉ ਦਾਦਿਓਂ ਚਲੀ ਆ ਰਹੀ ਸੀ । ਇਸ ਦਾ ਬਾਬਾ ਗੌਤਮ ਗੁਰੂ ਘਰ ਦਾ ਸ਼ਰਧਾਲੂ ਹੋਇਆ ਤੇ ਇਸ ਦਾ ਪਿਤਾ ਪੇਰਾ ਗੁਰੂ ਹਰਿ ਗੋਬਿੰਦ ਜੀ ਦੇ ਬੀਰ ਜੋਧੇ ਭਾਈ ਪ੍ਰਾਗੇ ਦਾ ਵੱਡਾ ਭਾਈ ਸੀ । ਭਾਈ ਪੇਰੇ ਨੇ ਬਚਪਨ ਵਿਚ ਹੀ ਚਉਪਤਿ ਨੂੰ ਗੁਰੂ ਹਰਿ ਰਾਇ ਜੀ ਦੀ ਭੇਟ ਚੜ੍ਹਾ ਦਿਤਾ । ਪ੍ਰਾਗੇ ਦਾ ਪੋਤਰਾ ਦਰਗਹ ਮੱਲ ਇਸ ਸਮੇਂ ਸੱਤਵੇਂ ਗੁਰਾਂ ਦਾ ਦੀਵਾਨ ਸੀ, ਇਸ ਪਿਛੋਂ ਦਰਗਹ ਮੱਲ



Digitized by Panjab Digital Library | www.panjabdigilib.org

ਦੇ ਭਤੀਜੇ ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਇਸੇ ਖਾਨਦਾਨ ਵਿਚੋਂ ਹੋਏ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ ਸ਼ਹੀਦੀ ਪ੍ਰਾਪਤ ਕੀਤੀ ।

ਚਉਪਾ ਸਿੰਘ ਨੂੰ ਚਾਰ ਗੁਰੂਆਂ ਦੀ ਲਗਾਤਾਰ ਸੰਗਤ ਕਰਨ ਦਾ ਮਾਣ ਮਿਲਿਆ, ਗੁਰੂ ਤੇਗ ਬਹਾਦਰ ਜੀ ਦੇ ਪੂਰਬ ਵਲ ਦੌਰਿਆਂ ਸਮੇਂ ਇਹ ਨਾਲ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਇਹ ਖਿਡਾਂਦਾ ਰਿਹਾ, ਇਸ ਕਰਕੇ ਸਿਖ ਇਤਿਹਾਸ ਵਿਚ ਇਸ ਦਾ ਨਾਂ ਚੌਪਾ ਸਿੰਘ ਖਿਡਾਵਾ ਕਰਕੇ ਪ੍ਰਸਿੱਧ ਹੈ ।*

ਜਦ ਪਹਿਲੀ ਵਾਰੀ ਗੁਰੂ ਦਸਮੇਸ਼ ਜੀ ਨੇ ੩ ਚੇਤ ੧੭੫੪ ਬਿ: ਨੂੰ ਖੰਡੇ ਦੀ ਪਾਹੁਲ ਤਿਆਰ ਕੀਤੀ ਤਾਂ ਪਹਿਲੇ ਪਹਿਲ ਇਸੇ ਬਜ਼ੁਰਗ ਸਿੱਖ ਨੂੰ ਪਾਹੁਲ ਦਿਤੀ ਗਈ ਸੀ । ਗੁਰੂ ਜੀ ਇਸ ਦਾ ਵਿਸ਼ੇਸ ਆਦਰ ਕਰਦੇ ਸਨ । ਫਿਰ ਆਪ ਨੇ ਇਸੇ ਨੂੰ ਸਿਖੀ ਦਾ ਰਹਿਤਨਾਮਾ ਲਿਖਣ ਲਈ ਹੁਕਮ ਦਿਤਾ । ਇਸ ਨੇ ਬਿਬੇਕੀ ਮੁਕਤੇ ਸਿਖਾਂ (ਰਾਮ ਸਿੰਘ, ਫਤੇ ਸਿੰਘ, ਦੇਵਾ ਸਿੰਘ, ਈਸ਼ਰ ਸਿੰਘ ਤੇ ਟਹਿਲ ਸਿੰਘ) ਦੀ ਸਹਾਇਤਾ ਨਾਲ ਇਹ ਰਹਿਤਨਾਮਾਂ ਲਿਖਿਆ । ਪੜ੍ਹੇ ਲਿਖੇ ਮੁਨਸ਼ੀ ਮੁਸੱਦੀ ਸਿਖਾਂ ਦੀ ਇਹ ਮੰਗ ਸੀ ਕਿ ਜੋ ਰਹਿਤ ਲਿਖੀ ਜਾਵੇ, ਉਸ ਦੀ ਪੁਸ਼ਟੀ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਮਾਣ ਜ਼ਰੂਰ ਦਿਤੇ ਜਾਣ । ਭਾਈ ਚੌਪਾ ਸਿੰਘ ਜੀ ਨੇ ਇਹ ਸ਼ਰਤ ਵੀ ਪੂਰੀ ਕੀਤੀ ਤੇ ਥਾਂ ਥਾਂ ਤੁਕਾਂ ਦਰਜ ਕੀਤੀਆਂ । ਇਹ 'ਰਹਿਤਨਾਮਾ ਹਜ਼ੂਰੀ' ਕਰ ਕੇ ਪ੍ਰਸਿਧ ਹੈ ਤੇ ਅਸਾਂ ਪਹਿਲੀ ਵਾਰ 'ਰਹਿਤਨਾਮੇ' ਪੁਸਤਕ ਵਿਚ ਮੁਕੰਮਲ ਛਾਪ ਦਿਤਾ ਹੈ । ਇਹ ਕਹਿਣੋਂ ਸੰਕੋਚ ਨਹੀਂ ਕਿ ਰਹਿਤਨਾਮੇ ਦਾ ਮੌਜੂਦਾ ਸਰੂਪ ਵਾਧਿਆਂ ਵਾਲਾ ਹੈ ਜੋ ਕਿ ਬਾਦ ਦੇ ਲੇਖਕਾਂ ਕੀਤਾ । ਭਾਈ ਚਉਪਾ ਸਿੰਘ ਜੀ ਨੇ ਜੋ ਪਹਿਲੇ ਖਰੜਾ ਲਿਖਿਆ, ਉਹ ਸ਼ਾਇਦ ਇਸ ਤੋਂ ਛੋਟਾ ਸੀ। ਕੁਝ ਵੀ ਹੋਵੇ, ਭਾਈ ਚੌਪਾ ਸਿੰਘ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਸ ਨੇ ਨਵੀਂ ਖਾਲਸਾ ਜਥੇਬੰਦੀ ਦਾ ਧਾਰਮਿਕ ਵਿਧਾਨ ਤਿਆਰ ਕਰਨ ਵਿਚ ਮੋਹਰੀ ਹਿੱਸਾ ਪਾਇਆ । †

---

* ਚਉਪਤਿ ਰਾਇ ਸੀ ਸਿਖ ਖਿਡਾਵਾ
ਸੱਤਵੀਂ ਪਾਤਸ਼ਾਹੀ ਮਾਪਿਆਂ ਸੀ, ਗੋਲਕ ਵਿਚ ਚੜ੍ਹਾਵਾ
ਸੋ ਸਾਹਿਬ ਨੂੰ ਖਿਡਾਂਦਾ ਫਿਰੇ । ਪੱਟੀ ਲਿਖਾਂਦਾ ਫਿਰੇ ।
ਪੱਟੀ ਲਿਖਾਇ ਦੇਵੇ ਘੋਟ ਧੋਇ ਅੱਗੇ ਆਨਿ ਧਰੇ । ੮ ।

† ਚੌਪੇ ਸਿੰਘ ਨੂੰ ਬਚਨ ਸਾਹਿਬ ਇਹ ਕੀਤਾ ।
ਲਿਖ ਰਹਿਤਨਾਮਾ ਬੁਧਿ ਬਿਬੇਕ ਸਿਖੀ ਦੀ ਰੀਤਾ
ਤਿਨ ਕਹਿਆ 'ਗ੍ਰੀਬ ਨਿਵਾਜ਼! ਤੇਰੇ ਰਿਦੇ ਦੀ ਤੂੰ ਹੈਂ ਜਾਣੇ
ਇਹ ਜੀਉ ਤੁਛ ਬੁਧਿ ਤੇਰੇ ਹਿਰਦੇ ਦੀ ਕਿਆ ਪਛਾਣੇ ।'
ਬਚਨ ਕੀਤਾ—'ਤੇਰੀ ਰਸਨਾ ਉਪਰਿ ਹਉਂ ਹਾਂ। ਤੂੰ ਦੀਦਾਰ ਕਰ ਸਨਮੁਖ ਸਉਹਾਂ।'
[ਬੰਸਾਵਲੀ ਨਾਮਾ, ਦਸਵਾਂ ਕਰਣ ੪੯੪



Digitized by Panjab Digital Library | www.panjabdigilib.org

ਜਦ ਅਨੰਦਪੁਰ ਤਿਆਗਣਾ ਪਿਆ ਤਾਂ ਭਾਈ ਚਉਪਾ ਸਿੰਘ, ਮਾਮਾ ਕ੍ਰਿਪਾਲ ਚੰਦ ਤੇ ਮਾਤਾ ਸਾਹਿਬਾਨ ਨਾਲ ਦਿੱਲੀ ਚਲੇ ਗਏ ਤੇ ਉਥੇ ਕਾਫੀ ਅਰਸਾ ਰਹੇ । ਮਾਤਾ ਸੁੰਦਰੀ ਜੀ ਦੇ ਪਾਲਿਤ ਪੁਤਰ ਜੀਤ ਸਿੰਘ ਦੇ ਚੇਲਿਆਂ ਹੱਥੋਂ ਇਕ ਬੁੱਢੜ ਮੁਸਲਮ ਫਕੀਰ ਮਾਰਿਆ ਗਿਆ ਤੇ ਮੁਗ਼ਲ ਹਾਕਮਾਂ ਬਹਾਨਾ ਕਰ ਕੇ ਮਾਤਾ ਸਾਹਿਬਾਨ ਪਾਸ ਰਹਿ ਰਹੇ 60 ਸਿੱਖਾਂ ਨੂੰ ਸਮੇਤ ਜੀਤ ਸਿੰਘ ਦੇ ਗ੍ਰਿਫਤਾਰ ਕਰ ਲਿਆ ਤੇ ਸ਼ਾਹੀ ਹੁਕਮ ਨਾਲ ਮਾਘ ਸੁਦੀ ਚੌਥ 1780 ਬਿ. ਨੂੰ ਸਭ ਨੂੰ ਕਤਲ ਕਰ ਦਿਤਾ । ਭਾਈ ਚੌਪਾ ਸਿੰਘ ਜੀ ਵੀ ਇਸੇ ਦਲ ਵਿਚ ਸ਼ਹੀਦ ਕਰ ਦਿਤੇ ਗਏ ।

## (੪) ਭਾਈ ਦਇਆ ਸਿੰਘ

ਭਾਈ ਦਇਆ ਸਿੰਘ ਪੰਜ ਪਿਆਰਿਆਂ ਵਿਚੋਂ ਸ਼ਿਰੋਮਣੀ ਸਿੰਘ ਸਨ । ਆਪ ਦਾ ਜਨਮ ਡੱਲਾ ਨਿਵਾਸੀ ਭਾਈ ਪਾਰੋ ਦੇ ਬੰਸ ਵਿਚੋਂ ਭਾਈ ਸੁਧੇ ਦੇ ਘਰ ਮਾਤਾ ਦਿਆਲੀ ਦੀ ਕੁੱਖੋਂ ਲਾਹੌਰ ਹੋਇਆ । ਪੁਰਾਣੀਆਂ ਲਿਖਤਾਂ ਵਿਚ ਆਪ ਦਾ ਨਾਂ ਭਾ. ਦਇਆ ਰਾਮ ਸੋਪਤੀ ਖਤਰੀ ਯਾ ਮੁਨਸ਼ੀ ਲਿਖਿਆ ਮਿਲਦਾ ਹੈ । * ਜ਼ਾਹਰ ਹੈ ਕਿ ਆਪ ਗੁਰੂ ਦਰਬਾਰ ਵਿਚ ਲਿਖਣ ਪੜ੍ਹਨ ਦਾ ਕੰਮ ਕਰਨ ਵਾਲੇ ਮੁਨਸ਼ੀ ਸਨ ਤੇ ਲਗ ਭਗ ੧੭੩੪ ਬਿ. ਤੋਂ ਗੁਰੂ ਸਾਹਿਬ ਪਾਸ ਟਿਕੇ ਹੋਏ ਸਨ । ਜਦ ਖਾਲਸਾ ਸਾਜਨਾ ਸਮੇਂ ਸਿਖੀ ਪਰੀਖਿਆ ਦਾ ਮੌਕਾ ਆਇਆ ਤਾਂ ਆਪ ਸੀਸ ਭੇਟ ਕਰਨੋਂ ਝਿਜਕੇ ਨਹੀਂ ਸਗੋਂ ਪਹਿਲ ਕਰਕੇ ਮੁਖੀ ਪਿਆਰੇ ਹੋਣ ਦਾ ਮਾਣ ਪ੍ਰਾਪਤ ਕੀਤਾ ।

ਦੂਜਾ ਮੌਕਾ ਭਾਈ ਦਇਆ ਸਿੰਘ ਜੇਹੇ ਬੁਧੀਸਾਨ ਪੁਰਸ਼ ਦੀ ਪਰੀਖਿਆ ਦਾ ਉਹ ਸੀ, ਜਦੋਂ ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਾਮ ਲਿਖਿਆ ਖ਼ਤ 'ਜ਼ਫਰਨਾਮਾ' ਬਾਵਜੂਦ ਰਾਜਨੀਤਕ ਤੇ ਰਸਤੇ ਦੀਆਂ ਅਨੇਕਾਂ ਔਕੜਾਂ ਦੇ, ਬਾਦਸ਼ਾਹ ਤਕ ਅਹਿਮਦ ਨਗਰ ਪਹੁੰਚਾਉਣਾ ਸੀ । ਇਸ ਕੰਮ ਲਈ ਪੁਰਾਣੇ ਵਿਸਵਾਸ਼-ਪਾਤਰ ਭਾਈ ਦਇਆ ਸਿੰਘ ਜੀ ਨੂੰ ਹੀ ਚੁਣਿਆ ਗਿਆ ਜੋ ਕਿ ਨੀਲਾ ਵੇਸ ਧਾਰ ਕੇ ਦੱਖਣ ਵਲ ਗਿਆ ।

ਭਾਈ ਕੇਸਰ ਸਿੰਘ ਲਿਖਦਾ ਹੈ —

ਉਥੋਂ ਸਾਹਿਬ ਕਾਂਗੜ ਨੂੰ ਕੂਚ ਕਰਿ ਗਏ
ਉਥੇ ਜਾਇ ਬੈਂਤ ਚਉਦਾਂ ਸੈ, ਉਚਰਤੇ ਭਏ

---

* ਦਇਆ ਸਿੰਘ ਸੋਪਤਿ ਜਾਤ, ਸਿਆਲਕੋਟ ਤਾਂ ਕੋ ਵਤਨ
ਮਹਾਂ ਬੀਰ ਸੁਭ ਗਾਤ, ਮਨ ਤਨ ਗੁਰ ਅਰਪਨ ਕਰਾ । ੧ ।
[ਮਹਿਮਾ ਪ੍ਰਕਾਸ਼', ਪੱਤ੍ਰਾ ੪੨੩



Digitized by Panjab Digital Library | www.panjabdigilib.org

ਬਚਨ ਕੀਤਾ, 'ਜੋ ਕੋਈ ਸਿਖ ਸੀਸ ਦੇਵੈ, ਸੋ ਅਉਰੰਗੇ ਪਾਸ ਲੈ ਜਾਇ
ਦਇਆ ਸਿੰਘ ਖਤ੍ਰੀ ਸੋਪਤੀ ਮੁਨਸ਼ੀ, ਹਥ ਜੋੜਿ ਖੜੋਤਾ ਆਇ । ੫੬੩ ।

ਬਚਨ ਕੀਤਾ, 'ਅਦਬ ਨਾਲਿ ਪੋਥੀ ਅਉਰੰਗੇ ਦੇ ਹਥਿ ਦੇਣੀ
ਤਿਨ ਕਹਿਆ, 'ਜੀ ਤੇਰੀ ਕ੍ਰਿਪਾ, ਤੇਰੇ ਬਲ ਕਰ ਉਸ ਹੈ ਲੈਣੀ ।'

ਜਦੋਂ ਲੰਮਾ ਸਫਰ ਝਾਗ ਕੇ ਭਾ. ਦਇਆ ਸਿੰਘ ਜੀ ਅਹਿਮਦ ਨਗਰ ਪਹੁੰਚੇ ਤਾਂ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਵਿਚ ਢੇਰ ਔਕੜਾਂ ਆਈਆਂ ਕਿਉਂਕਿ ਮੁਸਲਮ ਅਹਿਲਕਾਰ ਇਹ ਨਹੀਂ ਚਾਹੁੰਦੇ ਸਨ । ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਭਾਈ ਧਰਮ ਸਿੰਘ ਤੇ ਸ਼ਿਵ ਸਿੰਘ ਦੱਖਣੀ ਤਲਵੰਡੀ ਸਾਬੋਂ ਕੀ ਗੁਰੂ ਜੀ ਪਾਸ ਪੁਜੇ ਤੇ ਜ਼ਰੂਰੀ ਆਦੇਸ਼ ਲੈ ਕੇ ਫਿਰ ਭਾਈ ਦਇਆ ਸਿੰਘ ਪਾਸ ਦੱਖਣ ਗਏ ਤਾਂ ਜਾ ਕੇ ਬਾਦਸ਼ਾਹ ਨਾਲ ਮੁਲਾਕਾਤ ਦਾ ਪ੍ਰਬੰਧ ਹੋਇਆ ਤੇ ਜ਼ਫਰਨਾਮਾ ਔਰੰਗਜ਼ੇਬ ਦੇ ਹਵਾਲੇ ਕੀਤਾ ਗਿਆ । ਉਸ ਜ਼ਮਾਨੇ ਬਾਦਸ਼ਾਹ ਨਾਲ ਮੇਲ-ਮੁਲਾਕਾਤ ਦਾ ਕੰਮ ਸਾਧਾਰਣ ਨਹੀਂ ਸੀ, ਇਹ ਭਾਈ ਦਇਆ ਸਿੰਘ ਜੀ ਦੀ ਹੀ ਚਤੁਰਤਾ ਸੀ ਕਿ ਉਨ੍ਹਾਂ ਮੁਗ਼ਲ ਅਹਿਲਕਾਰਾਂ ਦੇ ਦਫਤਰੀ ਬੰਧਨ ਤੋੜ ਕੇ ਇਸ ਮਿਸ਼ਨ ਨੂੰ ਪੂਰਿਆਂ ਕੀਤਾ । ਫਿਰ ਜਦੋਂ ਗੁਰੂ ਸਾਹਿਬ ਸ਼ਾਹੀ ਸੱਦੇ ਤੇ ਦੱਖਣ ਵਲ ਪਧਾਰੇ ਤਾਂ ਵੀ ਭਾਈ ਦਇਆ ਸਿੰਘ ਨਾਲ ਹੀ ਸੀ ।

ਅਨੰਦਪੁਰ ਗੁਰੂ ਦਰਬਾਰ ਵਿਚ ਆਪ ਦਾ ਜੋ ਮਾਨਨੀਕ ਅਸਥਾਨ ਸੀ, ਉਹ ਇਸ ਘਟਨਾ ਤੋਂ ਹੀ ਪਰਗਟ ਹੈ ਕਿ ਇਕ ਵਾਰ ਸਤਿਗੁਰਾਂ ਇਹ ਕਿਹਾ ਸੀ ਕਿ ਸੰਗਤ ਕੋਈ ਵੀ ਪਰਮਾਰਥ ਸਬੰਧੀ ਪ੍ਰਸ਼ਨ ਪੁਛਣਾ ਚਾਹੇ, ਇਸ ਦਾ ਉੱਤਰ ਭਾਈ ਦਇਆ ਸਿੰਘ ਦੇਵੇਗਾ :—

ਸ੍ਰੀ ਮੁਖ ਤੇ ਸਭਹੂੰਨ ਉਚਾਰਾ । ਦਯਾ ਸਿੰਘ ਮਮ ਰੂਪ ਉਦਾਰਾ ।
ਕਰਹੁ ਪ੍ਰਸ਼ਨ ਜੇਤਕ ਰੁਚਿ ਹੋਇ । ਉਤਰ ਕਹੈ ਸਕਲ ਹੀ ਸੋਇ । ੩ ।

[ਗੁ. ਪ੍ਰ. ਸੂਰਜ, ਅ. 41

ਅੱਗੇ ਭਾਈ ਸੰਤੋਖ ਸਿੰਘ ਜੀ ਨੇ ਵੇਦਾਂਤ ਤੇ ਯੋਗ ਦੇ ਵਿਚਾਰਾਂ ਦਾ ਸਵਿਸਤਾਰ ਨਿਰਣਾ ਕਰਦਿਆਂ ਗੁਰਮਤਿ ਮਾਰਗ ਦੀ ਵਿਸ਼ੇਸਤਾ ਦਰਸਾਈ ਹੈ ਤੇ 41 ਤੋਂ 50 ਅਧਿਆ ਤਕ 10 ਅਧਿਆਵਾਂ ਵਿਚ ਭਾਈ ਦਇਆ ਸਿੰਘ ਹੀ ਸਾਰੀ ਗਿਆਨ ਗੋਸ਼ਟਿ ਕਰਦੇ ਦੱਸੇ ਗਏ ਹਨ । ਪਰਗਟ ਹੈ ਕਿ ਆਪ ਇਕ ਉਚੇ ਬਿਬੇਕੀ ਪੁਰਸ਼ ਸਨ । ਆਪ ਦੇ ਨਾਂ ਤੇ ਛੋਟਾ ਜੇਹਾ ਰਹਿਤਨਾਮਾ (ਵਾਰਤਕ) ਵੀ ਮਿਲਦਾ ਹੈ ।

ਦੇਹਾਂਤ 11 ਅੱਸੂ, 1765 ਬਿ: ਨੂੰ ਅਬਚਲ ਨਗਰ (ਨਾਦੇੜ) ਵਿਚ ਹੋਇਆ ।



Digitized by Panjab Digital Library | www.panjabdigilib.org

## (੫) ਪੰਡਿਤ ਕ੍ਰਿਪਾ ਰਾਮ

ਭਾਈ ਕ੍ਰਿਪਾ ਰਾਮ ਦੱਤ ਬ੍ਰਾਹਮਣ ਮਟਨ (ਕਸ਼ਮੀਰ) ਦਾ ਰਹਿਣ ਵਾਲਾ ਸੀ ਜੋ ਕਿ ਭਾਈ ਪਰਾਗੇ ਦੀ ਭੈਣ ਸਰਸੁਤੀ ਦਾ ਪੁੱਤਰ ਸੀ, ਦੂਜੇ ਸ਼ਬਦਾਂ ਥਿਚ ਇਹ ਭਾਈ ਚੌਪਾ ਸਿੰਘ ਦੀ ਭੂਆ ਦਾ ਲੜਕਾ ਸੀ ਤੇ ਇਸ ਦੇ ਨਾਨਕੇ ਕੜਿਆਲੇ ਸਨ। ਇਸ ਦਾ ਪਿਤਾ ਅੜੂ ਰਾਮ, ਦਾਦਾ ਨਾਰਾਇਣ ਦਾਸ ਤੇ ਪੜਦਾਦਾ ਬ੍ਰਹਿਮਦਾਸ, ਖਾਨਦਾਨੀ ਸਿਖ ਸਨ। ਇਸ ਦੇ ਤਿੰਨ ਭਾਈ ਹੋਰ ਸਨ—ਸ਼ਿਵ ਦਾਸ, ਸਨਮੁਖ ਤੇ ਚੇਲਾ ਰਾਮ। ਕ੍ਰਿਪਾ ਰਾਮ ਸੰਸਸਕ੍ਰਿਤ ਤੇ ਫਾਰਸੀ ਦਾ ਵਿਦਵਾਨ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਰਿਹਾ ਸੀ, ਇਸੇ ਨੇ ਹੀ ਮੁਢ ਵਿਚ ਸ਼ਾਸਤ੍ਰੀ ਅੱਖਰਾਂ ਤੇ ਫਾਰਸੀ ਦਾ ਗਿਆਨ ਕਰਾਇਆ ਸੀ। ਇਹ ਗੁਰੂ ਤੇਗ ਬਹਾਦਰ ਜੀ ਦੇ ਪੂਰਬੀ ਭਰਤ ਵਲ ਕੀਤੇ ਦੌਰਿਆਂ ਸਮੇਂ ਵੀ ਨਾਲ ਸੀ। ਜਦੋਂ ਔਰੰਗਜ਼ੇਬ ਨੇ ਜਬਰੀ ਤਬਲੀਗ ਦਾ ਚੱਕਰ ਚਲਾਇਆ ਤੇ ਇਫਤਖ਼ਾਰ ਖ਼ਾਂ ਸੂਬਾ ਕਸ਼ਮੀਰ ਨੇ ਸਖਤੀ ਕੀਤੀ ਤਾਂ ਬ੍ਰਾਹਮਣ ਬਹੁਤ ਘਬਰਾਏ ਤੇ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਵੱਖੋ ਵੱਖ ਥਾਵਾਂ ਦੇ 16 ਪੰਡਿਤ ਵਫਦ ਬਣਾਕੇ 25 ਮਈ 1675 ਈ, ਨੂੰ ਨੌਵੇਂ ਸਤਿਗੁਰਾਂ ਪਾਸ ਅਨੰਦਪੁਰ ਫਰਿਆਦੀ ਹੋਏ। ਸਤਿਗੁਰਾਂ ਇਨ੍ਹਾਂ ਦੇ ਦੁਖ ਸੁਣਕੇ ਧੀਰਜ ਦਿਤੀ ਤੇ ਨਾਲ ਹੀ ਇਹ ਗੱਲ ਸਮਝਾ ਦਿਤੀ ਕਿ ਬਿਨਾਂ ਕੁਰਬਾਨੀ ਦੇ ਇਸ ਜ਼ੁਲਮ ਦੇ ਹੜ੍ਹ ਨੂੰ ਰੋਕੜਾ ਔਖਾ ਹੈ, ਬਾਬਾ ਨਾਨਕ ਸਾਡੀ ਸਹਾਇਤਾ ਕਰੇਗਾ।'

ਇਸ ਘਟਨਾ ਦਾ ਜ਼ਿਕਰ ਕਰਦਾ ਹੈ, ਸਮਕਾਲੀ ਭੱਟ ਲਿਖਦਾ ਹੈ—

'ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਾਰਾਇਣ ਦਾਸ ਕਾ, ਪੜਪੋਤਾ ਬ੍ਰਹਮਦਾਸ ਕਾ, ਬੰਸ ਠਾਕੁਰ ਦਾਸ ਕੀ ਦੱਤ ਗੋਤ੍ਰ ਬ੍ਰਾਹਮਣ ਵਾਸੀ ਮਟਨ, ਦੇਸ ਕਸ਼ਮੀਰ ਸੰਮਤ ਸਤ੍ਰਾਂ ਸੈ ਬਤੀਸ ਜੇਠ ਮਾਸ ਸੁਦੀ ਇਕਾਦਸ਼ੀ ਕੇ ਦਿਹੁੰ, ਖੋੜਸ ਬ੍ਰਾਹਮਣੋਂ ਕੇ ਗੈਲ, ਚੱਕ ਨਾਨਕੀ, ਪਰਗਣਾ ਕਹਲੂਰ ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਕੇ ਦਰਬਾਰ ਆਇ ਫਰਿਆਦੀ ਹੂਆ। ਗੁਰੂ ਜੀ ਨੇ ਇਨ੍ਹੇ ਧੀਰਜ ਦਈ। ਬਚਨ ਹੋਆ, ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੇਗਾ।' [ਭੱਟ ਵਹੀ ਮੁਲਤਾਨੀ ਸਿੰਧੀ

ਇਸ ਤੋਂ ਪਿਛੋਂ ਭਾਈ ਕ੍ਰਿਪਾ ਰਾਮ ਦਸਮੇਸ਼ ਗੁਰੂ ਦੇ ਜ਼ਮਾਨੇ ਦਰਬਾਰ ਦੇ ਕੰਮਾਂ ਵਿਚ ਮੋਹਰੀ ਹਿੱਸਾ ਪਾਉਂਦਾ ਰਿਹਾ। ਜੈਸਾ ਕਿ ਅਸਾਂ ਪਹਿਲੇ ਕਿਹਾ ਹੈ ਕਿ ਇਹ ਕਸ਼ਮੀਰ ਵਾਸੀ ਬ੍ਰਾਹਮਣ ਸੰਸਕ੍ਰਿਤ ਤੇ ਫਾਰਸੀ ਦੋਹਾਂ ਦਾ ਆਲਮ ਸੀ। ਜਿਵੇਂ ਅਧਿਆਤਮਕ ਰਹੱਸ ਦੇ ਗ੍ਰੰਥ ਉਪਨਿਸ਼ਧਾਂ ਦਾ ਭਾਖਾ ਅਨੁਵਾਦ ਪ੍ਰਹਿਲਾਦ ਕਰ ਰਿਹਾ ਸੀ ਤਿਵੇਂ ਇਮਾਮ ਗੱਜ਼ਾਲੀ ਦੇ ਪ੍ਰਸਿੱਧ ਅਰਬੀ ਗ੍ਰੰਥ 'ਅਹਯਾਉੱਲ-



Digitized by Panjab Digital Library | www.panjabdigilib.org

ਅਲੂਮਉਲਦੀਨ' (ਫ਼ਾਰਸੀ ਰੂਪ 'ਕੀਮੀਆਇ ਸਾਅਦਤ') ਦਾ ਅਨੁਵਾਦ 'ਪਾਰਸ ਭਾਗ' ਨਾਂ ਹੇਠ ਕ੍ਰਿਪਾ ਰਾਮ ਨੇ ਕੀਤਾ। ਮਹਾਰਾਜਾ ਜੋਧਪੁਰ ਦੀ ਲਾਇਬ੍ਰੇਰੀ ਵਿਚ ਇਕ ਪਾਰਸ ਭਾਗ ਦਾ ਖਰੜਾ ਪਿਆ ਹੈ, ਉਸ ਤੇ ਲਿਖਿਆ ਹੈ, 'ਮੁਹੰਮਦ ਗੱਜ਼ਾਲੀ ਦੀ ਕਿਤਾਬ ਊਪਰਿ ਭਾਖਾ ਪਾਰਸ ਭਾਗ, 1 ਅਤੇ ਇਸ ਦਾ ਕਰਤਾ ਕ੍ਰਿਪਾ ਰਾਮ ਦੱਸਿਆ ਹੈ। ਵੱਡੀ ਗੱਲ ਨਹੀਂ, ਇਸੇ ਪੰਡਿਤ ਕ੍ਰਿਪਾ ਰਾਮ ਨੇ ਗੁਰੂ ਦਰਬਾਰ ਵਿਚ ਇਹ ਅਨੁਵਾਦ ਕੀਤਾ ਹੋਵੇ ਤੇ ਇਸ ਅਨੁਵਾਦ ਦਾ ਕੁਝ ਹਿੱਸਾ, ਜੇਹਾ ਕਿ ਸ. ਕਪੂਰ ਸਿੰਘ ਜੀ ਦਾ ਅਨੁਮਾਨ ਹੈ,* ਭਾਈ ਕਨ੍ਹਈਏ ਦਾ ਸ਼ਿਸ਼ ਭਾਈ ਸੇਵਾ ਰਾਮ, ਅਨੰਦਪੁਰ ਦੀ ਤਬਾਹੀ ਤੋਂ ਪਹਿਲਾਂ ਆਪਣੇ ਡੇਰੇ ਧੰਨੀ ਦੇਸ ਵਲ ਲੈ ਗਿਆ ਹੋਵੇ ਅਤੇ ਫਿਰ ਸੇਵਾਪੰਥੀ ਸਾਧੂਆਂ ਵਿਚ ਇਸਦਾ ਵਧੇਰੇ ਪ੍ਰਚਾਰ ਹੋ ਗਿਆ ਹੋਵੇ। ਆਮ ਮਨੌਤ 'ਪਾਰਸ ਭਾਗ' ਨੂੰ ਅੱਡਣ ਸ਼ਾਹ ਦੀ ਕਿਰਤ ਮੰਨਦੀ ਹੈ ਪਰ ਪੁਰਾਤਨ ਖਰੜੇ ਉਤੇ ਪਏ ਨੋਟ ਨੂੰ ਛੇਤੀ ਛੇਤੀ ਅੱਖੋਂ ਉਹਲੇ ਨਹੀ ਕੀਤਾ ਜਾ ਸਕਦਾ। ਮਾਲੂਮ ਹੁੰਦਾ ਹੈ, ਜੋ ਖਰੜਾ ਬਚ ਗਿਆ, ਉਹ 'ਪਾਰਸ ਭਾਗ' ਨਾਂ ਹੇਠ ਪ੍ਰਸਿਧ ਹੋ ਗਿਆ ਤੇ ਬਾਕੀ ਦਾ ਗ੍ਰੰਥ ਸਰਸੇ ਦੀ ਭੇਟ ਹੋ ਗਿਆ।

ਕਵੀ ਜੈ ਕ੍ਰਿਸ਼ਨ ਜੋ ਸ਼ਾਇਦ ਪੰਡਿਤ ਕ੍ਰਿਪਾ ਰਾਮ ਦਾ ਹੀ ਚੇਲਾ ਸੀ, ੧੭੭੬ ਬਿ. ਵਿਚ ਰੂਪਦੀਪ ਪਿੰਗਲ ਦੀ ਰਚਨਾ ਕਰਦਾ ਕਹਿੰਦਾ ਹੈ :—

'ਪ੍ਰਾਕ੍ਰਿਤ ਕੀ ਬਾਨੀ ਕਠਿਨ, ਭਾਸ਼ਾ ਅਗਮ ਪ੍ਰਤੱਖ
ਕ੍ਰਿਪਾ ਰਾਮ ਕੀ ਕ੍ਰਿਪਾ ਸੋਂ ਕੰਠ ਕਰਹਿੰ ਸਭ ਸਿਖ।'

ਸਿਖ ਇਤਿਹਾਸ ਵਿਚ ਜ਼ਿਕਰ ਹੈ ਕਿ ਇਸਦਾ ਪਿਤਾ ਅੜੂ ਰਾਮ ਪਾਹੁਲ ਲੈ ਕੇ ਗਰਮੁਖ ਸਿੰਘ ਸਜਿਆ ਤੇ ਖੁਦ ਕ੍ਰਿਪਾ ਰਾਮ ਅੰਮ੍ਰਿਤ ਪਾਨ ਕਰਕੇ ਕ੍ਰਿਪਾ ਸਿੰਘ ਕਹਿਲਾਇਆ। ਭੱਟ ਵਹੀਆਂ ਦੇ ਹਵਾਲੇ ਨਾਲ ਇਹ ਵੀ ਸਿੱਧ ਹੈ, 8 ਪੋਹ 1762 ਬਿ. ਨੂੰ ਚਮਕੌਰ ਦੀ ਜੰਗ ਵਿਚ ਜੂਝਦਾ ਹੋਇਆ ਕ੍ਰਿਪਾ ਸਿੰਘ ਆਪਣੇ ਭਾਈ ਸਨਮੁਖ ਸਿੰਘ ਸਮੇਤ ਸ਼ਹੀਦ ਹੋ ਗਿਆ।† ਚਮਕੌਰ ਦੇ ਚਾਲੀ ਮੁਕਤਿਆਂ ਦੀ ਸੂਚੀ ਵਿਚ ਇਸ ਦਾ

---

* ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰਨਾ 323 (ਭਾਸ਼ਾ ਵਿਭਾਗ)

† ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇ ਕਾ,...ਸੰਬਤ ਸਤ੍ਰਾਂ ਸੈ ਬਾਸਠ ਪੋਖ ਮਾਸੇ ਸੁਦੀ ਤੀਜ ਬੀਰਵਾਰ ਕੇ ਦਿਹੁੰ...ਭਾਈ ਅਨਕ ਸਿੰਘ ਬੇਟਾ ਮਨੀ ਸਿੰਘ ਕਾ, ਅਜਬ ਸਿੰਘ ਬੇਟਾ ਮਨੀ ਸਿੰਘ ਕਾ, ਅਜਾਇਬ ਸਿੰਘ ਬੇਟਾ ਮਨੀ ਸਿੰਘ ਕਾ, ਪੋਤੇ ਮਾਈ ਦਾਸ ਕੇ, ਕ੍ਰਿਪਾ ਸਿੰਘ ਬੇਟਾ ਅੜੂ ਰਾਮ ਕਾ, ਸਨਮੁਖ ਸਿੰਘ ਬੇਟਾ ਅੜੂ ਰਾਮ ਕਾ, ਪੋਤੇ ਨਰੈਣ ਦਾਸ ਕੇ ਮੁਝਾਲ ਦੱਤ ਬ੍ਰਾਹਮਣ, ਮੁਕੰਦ ਸਿੰਘ ਬੇਟਾ ਮਤੀ ਦਾਸ ਕਾ, ਪੋਤਾ ਹੀਰਾ ਨੰਦ ਕਾ ਸਾਰਸੁਤ ਛਿੱਬਰ ਬ੍ਰਾਹਮਣ, ਆਧ ਘਰੀਂ ਦਿਹੁ ਖਲੇ ਚਮਕ ਉਰ ਕੇ ਮਲ੍ਹਾਨ ਪਰਗਣਾ ਰੋਪੜ ਤੁਰਕ ਫੌਜ ਗੈਲ, ਸਾਮ੍ਹੇ ਮਾਥੇ ਜੂਝਕੇ ਸ਼ਹਾਦਤਾਂ ਪਾਇ ਗਏ। ਆਗੇ ਗੁਰੂ ਕੀ ਗਤਿ ਗੁਰੂ ਜਾਣੇ। [ਭੱਟ ਵਹੀ ਮੁਲਤਾਨੀ ਸਿੰਧੀ



Digitized by Panjab Digital Library | www.panjabdigilib.org

ਨਾਂ ਕ੍ਰਿਪਾਲ ਸਿੰਘ ਕਰਕੇ ਦਿਤਾ ਹੋਇਆ ਹੈ ।

ਪੁਰਾਤਨ ਹੱਥਲਿਖਤਾਂ ਵਿਚ ਕ੍ਰਿਪਾ ਸਿੰਘ ਨਾਂ ਹੇਠ ਦੋ ਪੰਜਾਬੀ ਛੰਦ ਮਿਲਦੇ ਹਨ, ਜੋ ਇਸ ਪਰਕਾਰ ਹਨ :—

ਦੋਇ ਲੋਕ ਤਿਨ੍ਹਾਂ ਦੇ ਚੰਗੇ, ਜੁ ਮੁਰਸ਼ਦ ਦਾ ਦਮ ਭਰਦੇ
ਨਿਸ ਦਿਨ ਰਹਿਣ ਸੁਖਾਲੇ ਸੋਈ, ਜੁ ਆਸ ਗੁਰੂ ਮਨ ਧਰਦੇ
ਮਨ ਬਚ ਕਰਮ ਨ ਰੰਜਨ ਕਾਹੂੰ, ਹਰ ਘਟ ਦੇਖਣ ਹਰਿ ਦੇ
'ਸਿੰਘ ਕ੍ਰਿਪਾ' ਨਿਜ ਰੂਪ ਜਗਤ ਲਖ, ਜਨਮ ਮਰਣ ਦੁਖ ਹਰਦੇ ।
ਦੁਹਾਂ ਲੋਕਾਂ ਦੀ ਕਾਣ ਚੁਕਾਈ, ਜੁ ਤਾਲਿਬ ਮਿਹਰ ਨਜ਼ਰ ਦੇ
ਕਾਈ ਵਸਤੂ ਦੀ ਚਾਹ ਨ ਜਗ ਵਿਚ, ਜੁ ਪ੍ਰੇਮ ਪਿਆਲਾ ਭਰਦੇ
ਅੰਮ੍ਰਿਤ ਪੀਵਣ ਜੁਗ ਜੁਗ ਜੀਵਣ, ਵੈ ਭੇਦੀ ਇਸ਼ਕ ਨਗਰ ਦੇ
'ਸਿੰਘ ਕ੍ਰਿਪਾ' ਨਿਜ ਰੂਪ ਦਰਸ ਲਖਿ, ਨਿਤ ਉਠ ਮੌਜਾਂ ਕਰਦੇ ।

## (੬) ਨਨੂਆ ਵੈਰਾਗੀ

ਭਾਈ ਨਨੂਆ ਵਜ਼ੀਰਾਬਾਦ ਦੇ ਕਿਸੇ ਅਮੀਰ ਘਰਾਣੇ ਦੇ ਜੰਮ-ਪਲ ਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਿਖ ਸਨ । ਭਾਈ ਕਨ੍ਹਈਆ ਜੀ ਨੂੰ ਵੀ ਆਪ ਤੋਂ ਹੀ ਆਤਮ ਛੁਹ ਲਗੀ ਸੀ । ਕੁਝ ਅਰਸਾ ਲਾਹੌਰ ਵੀ ਰਹੇ ਤੇ ਇਥੇ ਇਕ ਗਦਾ ਨਰਾਇਣੀ ਨਾਮੀ ਫਕੀਰ ਨਾਲ ਆਪ ਦਾ ਚੰਗਾ ਸਨੇਹ ਰਿਹਾ ਪਰੰਤੂ ਸਿਦਕ ਇਕੋ ਇਕ ਸਤਿਗੁਰੂ ਉਤੇ ਹੀ ਸੀ ਜੈਸਾ ਕਿ ਉਨ੍ਹਾਂ ਦੀ ਬਾਣੀ ਤੋਂ ਪਰਗਟ ਹੈ—

ਆਇਆ ਸਜਣ ਘਰਿ ਲਟਕੰਦਾ
ਇਕੋ ਝਾਤੀ ਸਤਿਗੁਰ ਵਾਲੀ ਖੁਲ੍ਹਿ ਗਇਆ ਤਨ ਮਨ ਕਾ ਜੰਦਾ ।
[ਕਲਿਆਣ

ਜੋਰਹਿ ਹਾਥ ਅਨਾਥ ਨਾਥ ਪਹਿ, ਅਪਣੇ ਠਾਕੁਰ ਕੇਰੇ ਚੇਰੇ
ਹੇਰਿ ਹੇਰਿ ਨਨੂਆ ਹੈਰਾਨੇ, ਗੁਰਮੂਰਤਿ ਵਿਚ ਹਰਿ ਜੀ ਹੇਰੇ । [ਕਿਦਾਰਾ

ਕਈ ਸਿਖ ਸਾਖੀ-ਨਵੀਸਾਂ ਲਿਖਿਆ ਹੈ ਕਿ ਇਨ੍ਹਾਂ ਦਾ ਸਰੀਰ ਸਤ-ਮਾਹੇ ਹੋਣ ਕਰਕੇ ਨਿਕਚਾ ਜੇਹਾ ਸੀ ਤੇ ਭਾਈ ਵੀਰ ਸਿੰਘ ਜੀ ਨੇ ਵੀ ਇਹੋ ਗੱਲ ਲਿਖੀ ਹੈ । ਪਰ ਮਾਲੂਮ ਹੁੰਦਾ ਹੈ ਕਿ ਸਾਡੇ ਲਿਖਾਰੀਆਂ ਨਾਮ ਅਨੁਸਾਰ ਅਰਥ ਕਰਕੇ ਇਕ ਮਨੋਕਲਪਤ ਘਟਨਾ ਨੂੰ ਜਨਮ ਦਿਤਾ ਹੈ । ਦਰਅਸਲ ਨਨੂਆ, ਇਕ ਗੋਤ ਹੈ, ਇਸੇ ਗੋਤਰ ਨਾਮ ਉਤੇ ਹੀ ਆਪ ਦੀ ਪਰਸਿਧੀ ਹੋ ਗਈ ਤੇ ਅਸਲ ਨਾਂ ਲੋਪ ਹੋ ਗਿਆ ।



Digitized by Panjab Digital Library | www.panjabdigilib.org

ਨਨੂਆ ਸਾਹਿਬ ਗੁਰੂ ਤੇਗ ਬਹਾਦਰ ਦੀ ਸੇਵਾ ਵਿਚ ਵੀ ਰਹੇ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਆਪਣੇ ਪ੍ਰੇਮ-ਗੀਤ ਗੁਣ ਗੁਣਾਉਂਦੇ ਰਹੇ। ਸੁਭਾ ਵਲੋਂ ਤਿਆਗੀ ਵੈਰਾਗੀ ਸਨ, ਕੋਈ ਪਕੜ ਨਹੀਂ ਸੀ, ਇਸ ਕਰ ਕੇ 'ਵੈਰਾਗੀ' ਵਿਸ਼ੇਸ਼ਣ ਨਾਲ ਲਗ ਗਿਆ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ—

ਨਨੂਆ ਵੈਰਾਗੀ,ਸਯਾਮ ਕਵਿ, ਬ੍ਰਹਮ ਭਾਟ ਜੋ ਆਹਿ
ਭਾਈ ਨਿਹਚਲ ਫਕੀਰ ਗੁਰ, ਬਡੋ ਗੁਨਗਯ ਗੁਨਿ ਤਾਂਹਿ।
[ਪੱਤਰਾ 412

ਆਪ ਦੀ ਰਚਨਾ ਵਧੇਰੇ ਰਾਗਾਂ ਵਿਚ ਹੈ ਤੇ ਕੁਝ ਆਸਾਵਰੀਆਂ ਤੇ ਸਲੋਕ ਵੀ ਹਨ। ਆਸਾਵਰੀਆਂ ਠੇਠ ਪੰਜਾਬੀ ਵਿਚ ਹਨ ਤੇ ਬਾਕੀ ਦੇ ਸ਼ਬਦ ਸਲੋਕ ਸੰਤ-ਭਾਸ਼ਾ ਵਿਚ। ਆਪ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕੇਵਲ ਬੀਰ ਰਸੀ ਰਚਨਾ ਕਰਨ ਵਾਲੇ ਕਵੀ ਹੀ ਨਹੀਂ ਸਨ ਬਲਕਿ ਪਰਮਾਰਥਕ ਸੰਦੇਸ਼ ਲਹਿਰਾਉਣ ਵਾਲੇ ਨਨੂਏ ਵਰਗੇ ਕੋਮਲ, ਸ਼ਾਂਤ ਭਗਤ ਕਵੀ ਵੀ ਮੌਜੂਦ ਸਨ।

ਆਪ ਦੀ ਰਚਨਾ ਸੇਵਾ ਪੰਥੀ ਸਾਧੂਆਂ ਵਿਚ ਜ਼ਿਆਦਾ ਪੜ੍ਹੀ ਜਾਂਦੀ ਹੈ।

## ਆਸਾਵਰੀਆਂ

ਤੇਰਾ ਦਰਸਨ ਮੇਰੀਆਂ ਅੱਖੀਆਂ, ਸੁਰਮੇ ਵਾਂਗੂੰ ਘੁੰਮਾਂ ਵੋ
ਜਿਤ ਵਲਿ ਲਗਣ ਚਰਨ ਤੁਸਾਡੇ, ਮੈਂ ਜਾਈ ਉਤ ਉਤ ਚੁੰਮਾਂ ਵੋ
ਰਾਤੀਂ ਡੀਹੇ ਮਨ ਤਨ ਅੰਦਰਿ, ਤੇਰੀਆਂ ਉਡਣ ਧੁੰਮਾਂ ਵੋ
ਘਰ ਦਾ ਸਾਹਿਬ ਘਰ ਵਿਚ ਲੱਧਾ, ਨਨੂਆ ਬਲਿ ਬਲਿ ਹੁੰਮਾਂ ਵੋ। ੧।

ਤੇਰਾ ਦਰਸਨ ਮੇਰੀਆਂ ਅੱਖੀਆਂ, ਘੁੰਮ ਰਹੀਆ ਵਿਚ ਧਾਰੀ ਵੋ
ਬਿਰਹੁ ਦੇ ਅਸਵਾਰ ਥੀਉਸੇ, ਜੈਂਦੀ ਚੜ੍ਹਤਲ ਭਾਰੀ ਵੋ
ਮੇਰਾ ਤੇਰਾ ਨਦਰਿ ਨ ਆਵਹਿ, ਪਾਈ ਪ੍ਰੇਮ ਗੁਬਾਰੀ ਵੋ
ਘਰ ਦਾ ਸਾਹਿਬ ਘਰ ਵਿਚ ਮਿਲਿਆ, ਨਨੂਆ ਵਾਰੀ ਵਾਰੀ ਵੋ। ੨।

ਤੇਰਾ ਚੁਖ ਦਿਲਾਸਾ ਸੱਜਣਾ, ਦੀਨ ਦੁਨੀ ਦੀ ਓਟ ਵੋ
ਮੱਲੂਮ ਦੀ ਪ੍ਰਵਾਹ ਨ ਧਰਦੀ, ਵਾਹੁ ਤੁਸਾਡੀ ਚੋਟ ਵੋ
ਲਗਾ ਨੇਹੁੰ ਅਨੋਖਾ ਤੇਰਾ, ਦੇਇ ਨ ਇਕ ਪਲ ਛੋਟ-ਵੋ
ਲੱਟ ਪੱਟ ਲੁਟਿ ਲੀਤਾ ਨਨੂਆ, ਵਾਹੁ ਤੁਸਾਡੀ ਲੋਟ ਵੋ। ੩।

ਤੇਰਾ ਚੁਖ ਦਿਲਾਸਾ ਸੱਜਣਾ, ਦੀਨ ਦੁਨੀ ਦੀ ਓਟ ਵੋ
ਇਕੁ ਖਰਾ ਕਰ ਬੱਧਾ ਪੱਲੇ, ਰਹੀ ਨ ਦੁਬਿਧਾ ਖੋਟ ਵੇ



Digitized by Panjab Digital Library | www.panjabdigilib.org

ਜੋ ਕਿਛੁ ਹੋਣਾ ਸੋਈ ਹੋਆ, ਸਿਰ ਦੀ ਸੁੱਟੀ ਪੋਟ ਵੋ
'ਨਨੂਆ' ਬਿਨ ਸ਼ਰਣੀਂ ਕਿਉਂ ਪਾਈਐ, ਬੁਰੇ ਭਲੇ ਥੀਂ ਛੋਟ ਵੋ । ੪ ।

ਸੱਜਣ ਦੇ ਵਲ ਨੈਣ ਅਸਾਡੇ, ਰਾਤੀਂ ਡੀਂਹੇ ਖੁਲ੍ਹੇ ਵੋ
ਦਰਸਨ ਪੂਰੇ ਸਦਾ ਹਜ਼ੂਰੇ, ਵੱਤਣ ਡੁਲ੍ਹੇ ਡੁਲ੍ਹੇ ਵੋ
ਨਰਕ ਸੁਰਗ ਤ੍ਰਿਣ ਸੁੱਕੇ ਵਾਂਗੂ, ਦਿਤੇ ਬਲਦੇ ਚੁਲ੍ਹੇ ਵੋ
ਨਨੂਆ ਦੀਵਾ ਟਿਕਹਿ ਨ ਇਕ ਪਲ, ਜੇ ਚਉ ਵਾਇਆ ਝੁਲੇ ਵੋ । ੫ ।

ਤੁਧ ਬਿਨ ਸਜਣ ਜਾਣੈ ਨਾਹੀ ਕੋਈ ਮੇਰੇ ਦਿਲ ਦੀ ਵੋ
ਦਰਦ ਤੁਸਾਡਾ ਵਸਤੀ ਦਿਲ ਦੀ, ਖਿਨ ਖਿਨ ਜਾਂਦੀ ਮਿਲਦੀ ਵੋ
ਕਾਤੀ ਉਪਰਿ ਕਾਤੀ ਤੇਰੀ, ਕਾਤੀ ਆਵੈ ਛਿਲਦੀ ਵੋ
ਕਿਉਂ ਕਰਿ ਠਾਕ ਵੰਞਾਏ ਨਨੂਆ, ਹਿਲੇ ਅਵੇਹੀ ਹਿਲਦੀ ਵੋ । ੬ ।

ਪਾਇਆ ਘੁੰਮ ਘੁੰਮੇਦੇ ਸੱਜਣ, ਅੰਙਣ ਸਾਡੇ ਫੇਰਾ ਵੋ
ਲੂੰ ਲੂੰ ਅੰਦਰਿ ਹੋਇ ਮੁਕੀਮੀ, ਕੀਤੋ ਅਪਣਾ ਡੇਰਾ ਵੋ
ਧੋਖਾ ਸੰਸਾ ਕੋਇ ਨ ਰਹਿਓ, ਕੋੜੀ ਦੁਬਿਧਾ ਕੇਰਾ ਵੋ
ਨਨੂਆ ਆਪਿ ਆਰਸੀ ਅੰਦਰਿ, ਸਚੇ ਸੱਚਾ ਹੇਰਾ ਵੋ । ੭ ।

ਤੇਰੀ ਚੁਖ ਚੁਖ ਝਾਤੀ ਮੈਨੂੰ, ਸਭ ਦੁਖਾਂ ਦੀ ਕਾਤੀ ਵੋ
ਦੇਂਦੀ ਕਦੇ ਨ ਰੱਜੇ ਮੂਲੇ, ਵਾਹੁ ਵਾਹੁ ਕਿਆ ਦਾਤੀਂ ਵੋ
ਲਾਈ ਝੜੀ ਰਹੈ ਅੰਮ੍ਰਿਤ ਦੀ, ਅਠਿ ਪਹਰ ਦਿਹੁੰ ਰਾਤੀ ਵੋ
ਨਨੂਏ ਉਪਰਿ ਡੁਲ੍ਹ ਡੁਲ੍ਹ ਪਉਂਦੀ, ਵਾਹੁ ਵਾਹੁ ਕਿਆ ਮਾਤੀ ਵੋ । ੮ ।

ਤੇਰਿਆਂ ਪੈਰਾਂ ਦੀ ਚੁਖ ਮਿਟੀ, ਮੇਰੇ ਸਿਰ ਦੀ ਤਾਜ ਵੋ
ਇਹੁ ਕਦੇ ਨ ਡੋਲੇ ਜੁਗ ਜੁਗ, ਕਾਇਮ ਤੇਰਾ ਰਾਜ ਵੋ
ਗਰਬ ਪ੍ਰਹਾਰੀ ਬਿਰਦ ਤੁਸਾਡਾ, ਹੋਹੁ ਗਰੀਬ ਨਿਵਾਜ ਵੋ
ਨਨੂਆ ਅੱਠ ਪਹਿਰ ਭਰ ਤੁਹਨੂੰ, ਏਹੋ ਵੱਡਾ ਕਾਜ ਵੋ । ੯ ।

ਤੇਰੇ ਦਰ ਤੇ ਸੱਥਰ ਲੱਥੇ, ਕੀਚੈ ਜੋ ਕਿਛੁ ਕਰਨਾ ਵੋ
ਚਰਨ ਕੰਵਲ ਸ਼ਾਂਤ ਸੁਖਦਾਤਾ, ਮੇਰੇ ਸਿਰ ਤੇ ਧਰਨਾ ਵੋ
ਨਨੂਏ ਸੁਣਿਆ ਬਿਰਦ ਤੁਸਾਡਾ, ਸਚੇ ਅਸਰਨ ਸਰਨਾ ਵੋ । ੧੦ ।

**ਸ਼ਬਦ—** ਸਿਰੀ ਰਾਗ

ਹਾਂ ਵੇ ਲੋਕਾ ਦੇਨੀ ਹਾਂ ਹੋਕਾ ਗੋਬਿੰਦ ਅਸਾਂ ਲੋੜੀਦਾ ਵੋ । ੧ । ਰਹਾਉ
ਗੁਰਸ਼ਬਦ ਦ੍ਰਿੜਾਇਆ ਪਰਮ ਪਦ ਪਾਇਆ ਸੁ ਰਤਿ ਸਬਦ ਮਨ ਜੋੜੀਂਦਾ ਵੋ । ੧ ।



Digitized by Panjab Digital Library | www.panjabdigilib.org

ਸੋਹੰ ਦਾ ਹਥ ਪਕੜਿ ਕੁਹਾੜਾ ਹਉਮੈ ਬੰਧਨ ਤੋੜੀਂਦਾ ਵੋ । ੨ ।
ਇਹ ਮਨ ਮਤਾ ਹਰਿ ਰੰਗਰਤਾ, ਮੁਹਰਾ ਨਹੀਂ ਮੋੜੀਂਦਾ ਵੋ । ੩ ।
ਨਿਤ ਨਿਤ ਖਸਮ ਸਮਾਲਹੁ 'ਨਨੂਆ', ਕਿਆ ਭਰਵਾਸਾ ਖੋੜੀਂਦਾ ਵੋ । ੪ ।

### ਆਸਾ

ਸਾਈਂ ਸਾਨੂੰ ਆਪਣਾ ਕਰਿ ਰਖੁ
ਛਡੀਂ ਨ ਮੂਲੇ ਕਰਿ ਸਾਈਂ ਅਪਣਾ, ਤੇਰਾ ਪਤਿਤ ਪਾਵਨ ਪੱਖ । ੧ । ਰਹਾਉ
ਤੂ ਸਾਹਿਬ ਅਗਮ ਅਡੋਲ ਹੇ, ਮੈ ਦਰਿ ਤੇਰੇ ਪਇਆ ਕੱਖੁ ।
ਜੇ ਹਸ ਕਹਹਿ 'ਟੁਕ ਆਉ ਨਨੂਆ', ਮੈਂ ਜਾਣਾਂ ਪਾਏ ਲੱਖ ।

### ਆਸਾ

ਆਸਾ ਮਨਸਾ ਪਿੰਗ ਭਈ ਹੈ, ਤਾਂ ਤੇ ਮਾਨਨ ਸਭਿ ਉਠ ਗਈ ਹੈ । ੧ । ਰਹਾਉ
ਕਥਾ ਕੀਰਤਨ ਮਹਿ ਨਿਤ ਨਿਤ ਜਾਈਐ, ਮਾਨ ਅਪਮਾਨ ਤਿਆਗਿ ਧਿਆਈਐ । ੧ ।
ਤਾਂ ਕੀ ਆਸਾ ਕਵਣ ਕਰੇ ਜੀ, ਆਪੇ ਤਾਰੇ ਆਪ ਤਰੇ ਜੀ । ੨ ।
ਨਨੂਆ ਜਿਤ ਕਿਤ ਰਾਮ ਨਿਹਾਰਿਓ, ਸਿੰਘ ਹੋਇ ਮਨ ਕੁੰਚਰ ਮਾਰਿਓ । ੩ ।

### ਕਿਦਾਰਾ

ਲੋਇਨ ਨਿਪਟ ਲਾਲਚੀ ਮੇਰੇ
ਭੂਖੇ ਧਾਵਹਿੰ ਤ੍ਰਿਪਤ ਨ ਪਾਵਹਿੰ ਸਦਾ ਰਹਹਿੰ ਹਰਿ ਮੂਰਤਿ ਘੇਰੇ ।ਰਵਾਉ
ਜੋਰਹਿ ਹਾਥ ਅ ਨਾਥ ਨਾਥ ਪਹਿੰ, ਅਪਨੇ ਠਾਕੁਰ ਕੇਰੋ ਚੇਰੇ
ਹੇਰਿ ਹੇਰਿ ਨਨੂਆ ਹੈਰਾਨੇ, ਗੁਰ ਮੂਰਤਿ ਵਿਚ ਹਰਿ ਜੀ ਹੇਰੇ ।

### ਬਸੰਤ

ਹਰਿ ਹਰਿ ਦਰਸ਼ਨ ਕੀ ਪਿਆਸ ਹੈ । ਰਹਾਉ ।
ਚਿੰਤਾਮਣਿ ਭਵਹਰਨ ਮਨੋਹਰ, ਗੁਨ ਸਾਗਰ ਸੁਖ ਰਾਸ ਹੈ
ਜਾਂਕੀ ਧੂਰਿ ਸੁਰ ਮੁਨਿ ਜਨ ਬੰਛਹਿ, ਸੰਤਨ ਰਿਦੇ ਨਿਵਾਸ ਹੈ
ਸੋਇ ਸੁਣਤ ਮਨ ਹਰਿਆ ਹੋਵੇ, ਭੇਟਤ ਪਰਮ ਬਿਲਾਸ ਹੈ
ਨਨੂਆ ਆਇ ਵਸਹੁ ਘਟ ਅੰਤਰਿ, ਤੁਮ ਬਿਨ ਆਤੁਰ ਸਾਸ ਹੈ । ੪ ।

### ਕੇਦਾਰਾ

ਰਾਮ ਰਸ ਪੀਵਤ ਹੀ ਮਸਤਾਨਾ
ਪਾਈ ਮਸਤੀ ਖੋਈ ਹਸਤੀ, ਅਲਮਸਤੀ ਪਰਵਾਨਾ । ਰਹਾਉ ।
ਨੈਨ ਛਕੇ ਹਰੇ ਹਰਿ ਦਰਸਨ, ਬੈਨ ਛਕੇ ਹਰਿ ਗਾਥਾ
ਕਾਨ ਛਕੇ ਹਰਿ ਲੀਲਾ ਸੁਨਿ ਸੁਨਿ, ਹਰਿ ਚਰਨਨ ਪਰ ਮਾਥਾ । ੧ ।



Digitized by Panjab Digital Library | www.panjabdigilib.org

ਨਿਜ ਪ੍ਰਕਾਸ਼ ਅਨਭੈ ਕੀ ਲਟਕੈਂ, ਅੰਗ ਅੰਗ ਮੈਂ ਦਉਰੀ
ਤਾਂ ਤੇ ਕਬਹੂ ਨ ਆਵਹਿ ਅਉਧੂ, ਜਨਮ ਮਰਨ ਕੀ ਭਉਰੀ । ੨ ।

ਰਸਕਿ ਰਸਕਿ ਰਸਨਾ ਰਸਿ ਮਾਤੀ, ਹਰਿ ਰਸ ਮਾਹੀਂ ਗੀਧੀ
ਤੀਨ ਗੁਣਾ ਉਪਾਧਿ ਤਿਆਗ ਕੈ, ਚਉਥੇ ਪਦ ਮਹਿੰ ਸੀਧੀ । ੩ ।

ਵਾਹੁ ਵਾਹੁ ਨਨੂਆ ਬਿਗਸਾਨਾ, ਹਰਿ ਰਸ ਰਸਕ ਬਿਨੋਦੀ
ਕੂਦ ਪਰਿਓ ਅੰਮ੍ਰਿਤ ਸਾਗਰ ਸੈਂ, ਸਭ ਜਗ ਕਉ ਲੈ ਗੋਦੀ । ੪ ।

ਆਸਾਵਰੀ ।

ਰਾਮ ਰਸ ਪੀਵਤ ਹੀ ਅਲਸਾਨਾ
ਮਹਾਂ ਅਗਾਧ ਅਪਾਰ ਸਾਗਰ ਮੈਂ, ਬੂੰਦ ਹੋਇ ਮਗਨਾਨਾ । ੧ । ਰਹਾਉ
ਗਲਤ ਭਏ ਤਨ ਮਨ ਕੇ ਉਦਮ, ਫੁਰਨ ਨ ਫੁਰਕੈ ਕਾਈ
ਜੋ ਜੋ ਲਹਿਰ ਉਠਹਿ ਸਾਗਰ ਮਹਿੰ, ਤਾਂਹੀਂ ਮਾਹਿ ਸਮਾਈ । ੧ ।

ਮੁਕਤਿ ਬੰਧ ਕੋ ਬੰਧਨ ਟੂਟਿਓ, ਉਕਤਿ ਜੁਗਤਿ ਸਭਿ ਭੂਲੀ
ਹਿਰਦੇ ਕਮਲ ਕੀ ਕਲੀ ਚੇਤਨਾ, ਪ੍ਰੇਮ ਪਵਨ ਲਗਿ ਫੂਲੀ । ੨ ।

ਮਨ ਬੁਧਿ ਚਿਤ ਅਹੰਕਾਰ ਗਲਤ ਭਏ, ਤੀਨ ਗੁਣਾਂ ਸਮਤਾਈ
ਐਸੀ ਦਸ਼ਾ ਅਨੋਖੀ ਤੱਖੀ, ਲਟਕਤ ਲਟਕਤ ਆਈ । ੩ ।

ਸ਼ਾਂਤਿ ਸਹਿਜੁ ਸੰਤੋਖੁ ਸੀਲੁ ਸੁਖੁ, ਕੀਨਉ ਆਨ ਬਸੇਰਾ
ਭਉ ਸਾਗਰ ਮਹਿੰ ਨਨੂਆ; ਤੇਰਾ ਬਹੁਰ ਨ ਹੋਇ ਹੈ ਫੇਰਾ । ੪ ।

ਆਸਾਵਰੀ

ਰਾਮ ਰਸ ਪੀਵਤ ਹੀ ਤ੍ਰਿਪਤਾਨਾ
ਕੋਟਿ ਜਨਮ ਕਾ ਭੂਖਾ ਦੇਖਹੁ, ਇਕ ਪਲ ਮਾਹਿੰ ਅਘਾਨਾ । ੧ । ਰਹਾਉ ।

ਤ੍ਰਿਸਨਾ ਸਤ ਸੰਤੋਖ ਰੂਪ ਧਰਿ, ਮਨ ਚੰਚਲ ਥਿਤ ਪਾਈ
ਲੂੰਬ ਲੇਟ ਕੈ ਸਿੰਘ ਭਈ ਹੈ, ਦੇਖਹੁ ਅਚਰਜ ਭਾਈ । ੧ ।

ਕਾਮ ਕ੍ਰੋਧ ਲੋਭ ਅਹੰਕਾਰਾ, ਇਹ ਸਭ ਮਾਰਿ ਨਸਾਏ
ਸ਼ਾਂਤਿ ਸਹਜ ਖਿਮਾਂ ਅਰ ਧੀਰਜ, ਇਹ ਸਭ ਘਰਹਿ ਵਸਾਏ । ੨ ।

ਤ੍ਰਿਗੁਣ ਅਤੀਤ ਪਰਮ ਪਦੁ ਪਾਇਆ, ਮਿਟਿਓ ਮੋਹ ਅਭਿਆਸਾ
ਵਾਹੁ ਵਾਹੁ ਕੈਸੇ ਤ੍ਰਿਪਤਾਨੇ, ਨਨੂਆ ਵਡੇ ਪਿਆਸਾ । ੩ ।



Digitized by Panjab Digital Library | www.panjabdigilib.org

## (੭) ਭਾਈ ਰਾਮਕੁਇਰ

ਭਾਈ ਰਾਮ ਕੁਇਰ ਬਾਬਾ ਬੁੱਢਾ ਜੀ ਜੀ ਬੰਸ ਵਿਚੋਂ ਸਿਦਕੀ ਸਿਖ ਭਾਈ ਗੁਰਦਿਤਾ ਜੀ ਦੇ ਸਪੁੱਤਰ ਸਨ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਗੁਰੂ-ਵਿਯੋਗ ਵਿਚ ਕਲਿਆਣੇ ਦੀ ਧਰਮਸਾਲਾ ਦਿਲੀ ਪ੍ਰਾਣ ਤਿਆਗ ਦਿਤੇ ਸਨ ।

ਰਾਮ ਕੁਇਰ ਦਾ ਜਨਮ 1729 ਬਿ: ਵਿਚ ਹੋਇਆ ਤੇ 1732 ਬਿ. ਵਿਚ ਪਿਤਾ ਦੇ ਚਲ਼ਾਣੇ ਕਾਰਣ ਨਿਆਸਰੇ ਹੋ ਗਏ । ਸਿਖੀ ਪਿਆਰ ਵਿਰਸੇ ਵਿਚ ਪ੍ਰਾਪਤ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਮਾ ਬਿਤਾਉਣ ਲਗੇ । ਹੌਲੀ ਹੌਲੀ ਐਸੀ ਅਵਸਥਾ ਹੋ ਗਈ ਕਿ ਆਪ ਸਦਾ ਸਮਾਧੀ-ਅਰੂੜ ਬ੍ਰਹਿਮਗਿਆਨੀ ਦਸ਼ਾ ਵਿਚ ਰਹਿੰਦੇ ਇਹ ਨਹੀਂ ਕਿ ਬਿਰਕਤ ਸਨ, ਸਗੋਂ ਇਕ ਦੂਜੀ ਇਸਤ੍ਰੀ ਦੇ ਚਲਾਣਾ ਕਰ ਜਾਣ ਤੇ ਆਪ ਦੀਆਂ ਚਾਰ ਸ਼ਾਦੀਆਂ ਹੋਈਆਂ,ਪਰ ਸਦਾ ਫਕੀਰੀ ਰੰਗ ਵਿਚ ਰਹਿੰਦੇ । ਘੋੜੇ ਤੇ ਬਹਿੰਦੇ ਤਾਂ ਲੱਤਾਂ ਇਕ ਪਾਸੇ ਕਰਕੇ ਬੈਠਣਾ ਆਪ ਦੀ ਮੌਜ ਸੀ । ਆਪ ਦੀ ਜਗਿਆਸੂ ਬਿਰਤੀ-ਧਰਮ ਤੇ ਇਤਿਹਾਸ ਦੋਹਾਂ ਵਿਚ ਡੂੰਘੀ ਦਿਲਚਸਪੀ ਰਖਦੀ ਸੀ, ਇਸ ਕਰਕੇ ਆਪ ਸਤਿਗੁਰਾਂ ਪਾਸੋਂ ਧਾਰਮਿਕ ਤੇ ਇਤਿਹਾਸਕ ਪ੍ਰਸ਼ਨ ਪੁਛਦੇ ਰਹਿੰਦੇ । ਇਸੇ ਖੋਜ ਤੇ ਲਗਨ ਦਾ ਸਿਟਾ ਸੀ ਕਿ ਆਪ ਨੇ ਦਸਾਂ ਗੁਰੂਆਂ ਦੀਆਂ ਖਿੰਡੀਆਂ ਪੁੰਡੀਆਂ ਸਾਖੀਆਂ ਨੂੰ 'ਪੰਜ ਸੌ ਸਾਖੀ' ਨਾਂ ਹੇਠ ਸੰਕਲਿਤ ਕਰਵਾਇਆ ਤੇ ਇਹੋ ਗ੍ਰੰਥ ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਗੁਰਪ੍ਰਤਾਪ ਸੂਰਯ' ਦਾ ਆਧਾਰ ਬਣਿਆ । ਭਾਈ ਸਾਹਿਬ ਨੇ ਗੁਰੂਆਂ ਦੇ ਬਹੁਤੇ ਪ੍ਰਸੰਗ ਇਸੇ ਪੋਥੀ ਵਿਚੋਂ ਵਿਚ ਲੈ ਕੇ ਛੰਦਬਧ ਕੀਤੇ । ਗਿਆਨੀ ਗਿਆਨ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ* ਆਦਿ ਨੇ ਇਸ ਗ੍ਰੰਥ ਦੇ ਇਕ ਤੋਂ ਵਧ ਲਿਖਤੀ ਖਰੜੇ ਤੱਕੇ ਸਨ ਪਰ ਹੁਣ ਇਸ ਦਾ ਕੋਈ ਨੁਸਖਾ ਅਜੇ ਤਕ ਦ੍ਰਿਸ਼ਟੀਗੋਚਰ ਨਹੀਂ ਹੋਇਆ । ਗਿ. ਗਿਆਨ ਸਿੰਘ ਜੀ ਨੇ 'ਪੰਜ ਸੌ ਸਾਖੀ' ਦੀ ਕਾਪੀ ਨੈਣੇ ਦੇ ਕੋਟ ਵਾਲੇ ਮਹੰਤ ਪਾਸ, ਦੂਜੀ ਭਾ. ਸੂਰੇ ਮੁਲਤਾਨੀ ਦੀ ਉਲਾਦ ਪਾਸ ਤੇ ਤੀਜੀ ਸ਼ਿਵ ਰਾਮ ਖਤਰੀ ਪਾਸ ਆਗਰੇ ਦੇਖੀ ਸੀ । ਸ਼ਾਇਦ ਆਸ ਬੱਝਦੀ ਹੈ ਕਿ 'ਪੰਜ ਸੌ ਸਾਖੀ' ਦਾ ਕੋਈ ਨਾ ਕੋਈ ਉਤਾਰਾ ਮਾਲਵੇ ਦੇ ਇਲਾਕੇ ਤੋਂ ਜ਼ਰੂਰ ਮਿਲ ਜਾਵੇਗਾ ।

'ਗੁਰਰਤਨ ਮਾਲ' ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ 'ਸੌ ਸਾਖੀ' ਨਾਮ ਦੀ ਰਚਨਾ ਮਿਲਦੀ ਹੈ, ਇਹ ਵੀ ਇਸੇ ਮਹਾਨ ਗ੍ਰੰਥ ਦਾ ਇਕ ਭਾਗ ਹੈ ਸੀ ਪਰ ਮਾਲੂਮ

---

* ਨਿਰਮਲ ਪੰਥ ਪ੍ਰਦੀਪਕਾ (ਗਿ. ਗਿਆਨ ਸਿੰਘ)
ਮਹਾਨ ਕੋਸ਼, ਪੰਨਾ 701 (ਪਹਿਲੀ ਜਿਲਦ) [ਭਾ. ਕਾਨ੍ਹ ਸਿੰਘ



Digitized by Panjab Digital Library | www.panjabdigilib.org

ਹੁੰਦਾ ਹੈ ਕਿ ਸਿਖ ਰਾਜ ਸਮੇਂ ਇਸ ਵਿਚ ਬਹੁਤ ਸਾਰੀ ਰਲਾਵਟ ਪਾਈ ਗਈ। 'ਸੌ ਸਾਖੀ' ਦੇ ਅੰਦਰਲੇ ਹਵਾਲੇ ਦਸਦੇ ਹਨ ਕਿ ਭਾਈ ਰਾਮ ਕੁਇਰ ਜੀ ਨੇ ਭਵਿਸ਼ਤ ਬਾਰੇ ਕਈ ਸਵਾਲ ਪੁਛੇ ਤੇ ਗੁਰੂ ਸਾਹਿਬ ਨੇ ਉਨ੍ਹਾਂ ਦੇ ਉਤਰ 'ਦ੍ਰਿਸ਼ਟਿਕੂਟ' ਢੰਗ ਨਾਲ ਦਿਤੇ ਸਨ, ਅਜ ਜਿਨ੍ਹਾਂ ਦੇ ਭਾਵ ਸਮਝਣੇ ਕਠਿਨ ਲਗਦੇ ਹਨ।

ਆਮ ਰਵਾਇਤ ਇਹ ਵੀ ਹੈ ਕਿ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਉਦਾਸ ਸਿਖ ਸੰਗਤਾਂ ਨੂੰ ਧੀਰਜ ਦੇਣ ਲਈ ਭਾਈ ਰਾਮ ਕੁਇਰ ਇਹ ਗੁਰਪ੍ਰਸੰਗ ਸੁਣਾਇਆ ਕਰਦੇ ਸਨ ਤੇ ਭਾਈ ਸਾਹਿਬ ਸਿੰਘ, ਲਿਖਾਰੀ ਇਨ੍ਹਾਂ ਨੂੰ ਨਾਲੋ ਨਾਲ ਲਿਖਦਾ ਜਾਂਦਾ ਸੀ। ਸ਼ਾਇਦ 1781 ਜਾਂ 1791 ਬਿ. ਵਿਚ ਇਹ ਸਾਖੀ ਸੰਗ੍ਰਹਿ ਸੰਪੂਰਣ ਹੋਇਆ। * ਕੁਝ ਵੀ ਹੋਵੇ, ਇਤਨੀ ਕੁ ਗੱਲ ਜ਼ਰੂਰ ਹੈ ਕਿ ਭਾਈ ਰਾਮ ਕੁਇਰ ਜੀ ਨੇ ਦਸਾਂ ਗੁਰੂਆਂ ਦੀਆਂ ਜੀਵਨ ਸਾਖੀਆਂ, ਪੁਰਾਤਨ ਜਨਮ ਸਾਖੀਆਂ ਤੇ ਗੋਸ਼ਟਾਂ ਆਦਿ ਦੇ ਅਧਾਰ ਤੇ ਅਤੇ ਕਈ ਗੁਰੂ ਸਾਹਿਬ ਪਾਸੋਂ ਜ਼ਬਾਨੀ ਸੁਣ ਕੇ ਇਕੱਤਰ ਕੀਤੀਆਂ ਸਨ ਤੇ ਫਿਰ ਇਨ੍ਹਾਂ ਨੂੰ 'ਪੰਜ ਸੌ ਸਾਖੀ' ਦੇ ਰੂਪ ਵਿਚ ਗੁੰਦਿਆ ਸੀ। ਇਸ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਦਸਮ ਪਾਤਸ਼ਾਹ ਨੇ ਗੁਰ-ਇਤਿਹਾਸ ਦੀ ਸੰਭਾਲ ਲਈ ਆਪਣੀ ਨਿਗਰਾਨੀ ਵਿਚ ਹੀ ਕੰਮ ਸ਼ੁਰੂ ਕਰਾ ਦਿਤਾ ਸੀ ਅਤੇ ਜਿਸ ਨੂੰ ਭਾਈ ਰਾਮ ਕੁਇਰ ਜੈਸੇ ਪੂਰਨ ਬ੍ਰਹਿਮ ਗਿਆਨੀ ਨੇ ਆਪਣੀ ਘਾਲ ਤੇ ਦਿੱਬ-ਦ੍ਰਿਸ਼ਟੀ ਨਾਲ ਸੰਪੂਰਣ ਕੀਤਾ।

ਭਾਈ ਸਾਹਿਬ ਨੇ ਕਈ ਰਾਜਸੀ ਪਲਟੇ ਦੇਖੇ, ਨਾਦਰ ਤੇ ਅਬਦਾਲੀ ਦੇ ਹਮਲੇ, ਸਿਖਾਂ ਦੀ ਕਤਲਾਮ ਤੇ ਫਿਰ ਸਿਖ ਮਿਸਲਾਂ ਦੀ ਚੜ੍ਹਦੀ ਕਲਾ। ਇਕ ਵਾਰ ਆਪ ਦਾ ਪਿੰਡ ਰਾਮਦਾਸ ਲੁਟਿਆ ਗਿਆ, ਪਠਾਣ ਸਾਰਾ ਧਨ ਮਾਲ ਲੁੱਟ ਕੇ ਆਪ ਨੂੰ ਲਾਹੌਰ ਫੜ ਕੇ ਲੈ ਗਏ। ਜਦੋਂ ਫਕੀਰੀ ਜੀਵਨ ਦੇਖਿਆ ਤਾਂ ਬੜੇ ਪਛਤਾਏ। ਆਖਣ ਲਗੇ, 'ਅਸੀਂ

---

* ਸਾਹਿਬ ਸਿੰਘ ਪਦ ਸ਼ਰਨ ਤੁਹਿ, ਲਿਖੇ ਲਿਖਾਰੀ ਗ੍ਰੰਥ
ਗੁਰ ਅਨੁਚਰ ਬੁੱਢੇ ਕੁਲਨ, ਰਾਮ ਕੁਇਰ ਸਿਖ ਪੰਥ। ੩।

ਰਹਹਿ ਹਜ਼ੂਰ ਦਸਵੇਂ ਗੁਰੂ, ਕਰਹਿ ਉਕਤਿ ਜੋ ਵਾਕ
ਗੁਰ ਰਤਨ ਮਾਲ ਪੋਥੀ ਲਿਖੋਂ, ਜਿਉਂ ਗੁਰ ਕੀਨੋ ਵਾਕ। ੪।

ਅੰਤ ਤੇ— ਸੰਬਤ ਸਤ੍ਰਹ ਸਹਸ ਥਾ, ਅੱਸੀ ਏਕ ਸੁ ਮਾਸ
ਸਾਹਿਬ ਸਿੰਘ ਲਿਖ ਸਾਖੀਆਂ, ਪੋਥੀ ਕਰੀ ਜਗਿਆਸ।

[ਸੌ ਸਾਖੀ



Digitized by Panjab Digital Library | www.panjabdigilib.org

ਘਰ ਬਾਰ ਲੁੱਟ ਕੇ ਬੜੀ ਭੁੱਲ ਕੀਤੀ ਹੈ, ਤੁਸੀਂ ਦੱਸੋ ਜੋ ਜੋ ਚੀਜ਼ ਖੋਈ ਗਈ, ਉਹ ਮੁੜ ਹਾਜ਼ਰ ਕਰੀਏ।' ਤਾਂ ਭਾਈ ਸਾਹਿਬ ਨੇ ਕਿਹਾ 'ਇਥੇ ਬਾਜ਼ਾਂ ਦੀਆਂ ਡੋਰਾਂ ਨਹੀਂ ਦਿੱਸਦੀਆਂ।' ਇਹ ਸਮਦ੍ਰਿਸ਼ਟੀ ਤੇ ਬੇਪਰਵਾਹੀ ਵੇਖਕੇ ਪਠਾਣ ਬੜੇ ਹੈਰਾਨ ਹੋਏ ਤੇ ਸਭ ਨੇ ਮਾਫੀ ਮੰਗੀ।

ਇਤਿਹਾਸ ਵਿਚ ਇਹ ਵੀ ਸੰਕੇਤ ਮਿਲਦਾ ਹੈ ਜਦ ਇਹ ਗੁਰੂ ਗੋਬਿੰਦ ਸਿੰਘ ਜੀ ਤੋਂ 21 ਚੇਤ 1763 ਬਿ: ਨੂੰ ਵਿਛੜਨ ਲਗੇ ਤਾਂ ਅਰਜ਼ ਕੀਤੀ 'ਮਹਾਰਾਜ ! ਦਰਸ਼ਨ ਕਿਵੇਂ ਹੋਇਆ ਕਰਨਗੇ।' ਤਾਂ ਸਤਿਗੁਰਾਂ ਕਿਹਾ ਸੀ ਕਿ ਜਦ ਤੁਸੀਂ ਸ਼ਿਕਾਰ ਚੜ੍ਹਿਆ ਕਰੋਂਗੇ, ਦਰਸ਼ਨ ਹੋਣਗੇ।' ਇਸ ਬਚਨ ਕਰਕੇ ਭਾਈ ਰਾਮ ਕੁਇਰ ਸਦਾ ਸਵੇਰੇ ਸਵੇਰੇ ਹੀ ਸ਼ਿਕਾਰ ਲਈ ਨਿਕਲਿਆ ਕਰਦੇ ਸਨ ਤੇ ਬਾਜ਼ ਰੱਖਣ ਦਾ ਆਪ ਨੂੰ ਖਾਸ ਸ਼ੌਕ ਸੀ।

ਯਾਦ ਰਹੇ ਅੰਮ੍ਰਿਤ ਛਕਣ ਉਪਰੰਤ, ਭਾਈ ਜੀ ਦਾ ਨਾਮ 'ਗੁਰਬਖਸ਼ ਸਿੰਘ' ਹੋ ਗਿਆ ਸੀ ਤੇ ਆਪ ਦਾ ਦੇਹਾਂਤ 89 ਵਰ੍ਹੇ ਦੀ ਉਮਰ ਵਿਚ 1 ਸਾਵਣ 1818 ਬਿ. ਨੂੰ ਹੋਇਆ।

## (ਣ) ਪੰ. ਦੇਵੀਦਾਸ

ਭਾਈ ਚੌਪਾ ਸਿੰਘ ਦੇ ਵੱਡੇ ਭਾਈ ਛੁਟੇ ਮੱਲ ਦੇ ਗੁਆਲਦਾਸ ਤੇ ਹਰਦਯਾਲ ਦਾਸ ਦੋ ਪੁੱਤਰ ਸਨ ਤੇ ਹਰਦਯਾਲ ਦਾਸ ਦਾ ਪੁਤਰ ਦੇਵੀ ਦਾਸ ਸੀ। ਇਹ ਗੁਰੂ ਘਰ ਦਾ ਵਿਸ਼ਵਾਸ ਪਾਤਰ ਵਿਦਵਾਨ ਛਿੱਬਰ ਬ੍ਰਾਹਮਣ ਸੀ। ਇਹ ਗੁਰੂ ਦੱਸਮੇਸ਼ ਜੀ ਨੂੰ ਬਚਪਨ ਵਿਚ ਕਥਾ ਸੁਣਾਇਆ ਕਰਦਾ ਸੀ*। ਭਾਈ ਕੇਸਰ ਸਿੰਘ ਨੇ ਇਸ ਦਾ ਨਾਮ ਦੇਵੀ ਦਿਤਾ ਲਿਖਿਆ ਹੈ। ਵੱਡੀ ਗੱਲ ਨਹੀਂ ਕਿ ਇਹੋ ਕਵੀ ਵੀ ਹੋਵੇ।

ਗੁਰੂ ਦਰਬਾਰ ਦੇ ਸ਼ਿਰੋਮਣੀ ਕਵੀ ਚੰਦ੍ਰ ਸੇਨ ਸੇਨਾਪਤਿ ਨੇ ਆਪਣੇ ਵਿਦਿਆ ਗੁਰੂ ਦਾ ਨਾਮ ਦੇਵੀ ਦਾਸ ਦਸਿਆ ਹੈ ਤੇ ਬੜੇ ਮਾਣ ਨਾਲ ਆਖਿਆ ਹੈ ਕਿ ਉਸ ਨੇ ਮੇਰੇ ਵਰਗੇ

---

* ਸੰਮਤ 1729 ਵਿਆਹੁ ਕੀਤਾ ਅਤੇ ਦੇਵੀ ਦਾਸ ਪੰਡਿਤ ਕਥਾ ਕਰਨ ਲਗੇ ਨਿਤ ਤੇਰਾਂ ਦਿਨ ਸਹਸਕ੍ਰਿਤੀ ਸਲੋਕਾਂ ਦੀ ਕਥਾ ਦੇਵੀ ਦਾਸ ਪੰਡਿਤ ਕਰਦਾ ਰਿਹਾ।੧੬੭।

... ... ... ...

'ਚੇਤ੍ਰ ਚੜ੍ਹਦੇ ਸੰਮਤ 1733 ਸਾਹਿਬ, ਦੇਵੀ ਦਾਸ ਪਾਸਹੁੰ ਸਮਾ ਸਾਇਤ ਪੁਛ ਕੇ ਸਭਨਾਂ ਮਸੰਦਾਂ ਦੀ ਸਲਾਹ ਨਾਲ ਗੁਰਿਆਈ ਦੀ ਮੰਜੀ ਬੈਠੇ। ।੧੭੦।

[ਰਹਿਤਨਾਮਾ ਭਾਈ ਚੌਪਾ ਸਿੰਘ



Digitized by Panjab Digital Library | www.panjabdigilib.org

ਨਿੰਮ ਜੋਹੇ ਕਸੈਲੇ ਨੂੰ ਚੰਦਨ ਬਣਾਕੇ ਸੁਗੰਧਿਤ ਕਰ ਦਿਤਾ :—

ਚੰਦ੍ਰ ਸੇਨ ਤਾਂ ਕੋ ਤਨੁਜ, ਕਵਿ ਮਤਿਮੰਦ ਗਵਾਰ
ਗੁਰਗੋਬਿੰਦ ਕੀ ਸਭਾ ਮਹਿ,, ਜਿੰਹ ਪਾਯੋ ਅਧਿਕਾਰ । ੯ ।

ਤਾਂ ਕੋ ਵਿਦਯਾ ਗੁਰ ਮਿਲਯੋ, ਚੰਦਨ ਦੇਵੀ ਦਾਸ
ਕੀਯੋ ਆਪ ਸਮ ਨਿੰਮ ਤੇ, ਦੇ ਕੈ ਬੁਧਿ ਸੁ ਵਾਸ । ੧੦ ।

[ਸੁਖਸੈਨ ਗ੍ਰੰਥ

ਇਸ ਤੋਂ ਇਕ ਅਨੁਮਾਨ ਸੌਖਿਆਂ ਹੀ ਕਰ ਸਕੀਦਾ ਹੈ ਕਿ ਜਿਸ ਵਿਦਵਾਨ ਦੇ ਸੈਨਾਪਤਿ ਵਰਗੇ ਲਾਇਕ ਸ਼ਾਗਿਰਦ ਹੋਣ, ਉਹ ਜ਼ਰੂਰ ਨਿਪੁਣ ਪੰਡਿਤ ਹੋਵੇਗਾ । ਵੱਡੀ ਗੱਲ ਨਹੀਂ ਕਿ ਉਸੇ ਦੀ ਪਰੇਰਨਾ ਸਦਕਾ ਹੀ ਸੈਨਾਪਤਿ ਗੁਰੂ-ਦਰਬਾਰ ਵਿਚ ਅਨੰਦਪੁਰ ਆਇਆ ਹੋਵੇ ।

ਹਿੰਦੀ ਸਾਹਿੱਤ ਵਿਚ ਦੇਵੀਦਾਸ ਨਾਂ ਦੇ ਕਈ ਕਵੀ ਮਿਲਦੇ ਹਨ । ਦੋ ਐਸੇ ਹਨ, ਜਿਨ੍ਹਾਂ ਦਾ ਸਮਾਂ ਗੁਰੂ ਗੋਬਿੰਦ ਸਿੰਘ ਜੀ ਵਾਲਾ ਹੈ । ਇਕ ਦੇਵੀ ਦਾਸ ਬਾਰੇ ਖਿਆਲ ਹੈ ਕਿ ਉਹ ਬੁੰਦੇਲ ਖੰਡ ਦਾ ਰਹਿਣ ਵਾਲਾ ਸੀ ਤੇ ਕਰੌਲੀ (ਰਾਜਸਥਾਨ) ਦੇ ਰਾਜਾ ਰਤਨ ਪਾਲ ਪਾਸ ਰਿਹਾ ਸੀ । ਇਸਨੇ 1742 ਬਿ. ਵਿਚ 'ਪ੍ਰੇਮਰਤਨਾਕਰ' ਨਾਮ ਦੀ ਰਚਨਾ ਰਚੀ । ਰਾਜਨੀਤਿ ਰਾ ਕਬਿੱਤ ਤੇ ਸੋਮਬੰਸ਼ ਕੀ ਬੰਸਾਵਲੀ ਇਸਦੀਆਂ ਹੋਰ ਪੁਸਤਕਾਂ ਹਨ । ਇਕ ਦੇਵੀਦਾਸ ਮਹਾਰਾਜਾ ਕਰਣੇਸ਼ ਦੇ ਪੁੱਤਰ ਰਾਜ ਕੁਮਾਰ ਅਨੂਪ ਸਿੰਘ ਪਾਸ ਰਿਹਾ ਸੀ ਤੇ ਉਸ 1720 ਬਿ. ਵਿਚ 'ਨਾਰਦ ਨੀਤੀ' (ਵਾਰਤਕ) ਗ੍ਰੰਥ ਲਿਖਿਆ ਸੀ ।

'ਰਾਜਨੀਤਿ ਰਾ ਕਬਿੱਤ' ਦੇ ਦੋ ਖਰੜੇ ਮਹਾਰਾਜਾ ਜੋਧਪੁਰ ਦੀ ਲਾਇਬਰੇਰੀ ਵਿਚ ਵੀ ਸੁਰੱਖਿਅਤ ਹਨ ।

ਪੰਜਾਬੀ ਹੱਥ ਲਿਖਤਾਂ ਵਿਚ 'ਰਾਜਨੀਤਿ' ਕ੍ਰਿਤ ਦੇਵੀ ਦਾਸ' ਰਚਨਾ ਕਈ ਥਾਈਂ ਮਿਲਦੀ ਹੈ । † ਫਿਰ ਕਈ ਖਰੜੇ ਐਸੇ ਪ੍ਰਾਪਤ ਹਨ ਜਿਨ੍ਹਾਂ ਵਿਚ ਸੈਨਾਪਤਿ ਦਾ 'ਚਾਣਾਕਾ ਰਾਜਨੀਤਿ' ਤੇ ਦੇਵੀ ਦਾਸ ਕ੍ਰਿਤ 'ਰਾਜਨੀਤਿ' ਇਕੱਠੇ ਸੰਕਲਿਤ ਮਿਲਦੇ ਹਨ । ਜਿਵੇਂ ਕਿ ਸੈਂਟ੍ਰਲ ਪਬਲਿਕ ਲਾਇਬਰੇਰੀ ਪਟਿਆਲਾ ਦਾ ਖਰੜਾ ਨੰ: 2735 ।

---

* ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਪ੍ਰਿਥਮ ਖੰਡ, ਪੰਨਾ—437-38

† ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਖਰੜਾ ਨੰ: 743
ਭਾਸ਼ਾ ਵਿਭਾਗ ਲਾਇਬੇਰੀ ਪਟਿਆਲਾ ਖਰੜਾ ਨੰ: 276
ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦਾ ਖਰੜਾ ਨੰ: 527 ਤੇ 768



Digitized by Panjab Digital Library | www.panjabdigilib.org

ਕਈ ਖਰੜੇ ਐਸੇ ਹਨ ਜਿਨ੍ਹਾਂ ਵਿਚ ਦੇਵੀ ਦਾਸ ਕ੍ਰਿਤ 'ਸਿੰਘ ਗਊ ਕੀ ਕਥਾ' ਵੀ ਨਾਲ ਸ਼ਾਮਿਲ ਮਿਲਦੀ ਹੈ, ਜਿਵੇਂ ਮੇਰੇ ਪਾਸ ਪਏ ਦੋ ਖਰੜੇ ।

ਭਾਵੇਂ ਇਸ ਦਲੀਲ ਨੂੰ ਬਹੁਤਾ ਵਜ਼ਨ ਦੇਣ ਦੀ ਲੋੜ ਨਹੀਂ ਪਰ ਇਸ ਤੋਂ ਇਤਨਾ ਕੁ ਅਨੁਮਾਨ ਕਰ ਸਕੀਦਾ ਹੈ ਕਿ ਦੇਵੀ ਦਾਸ ਨੇ ਅਨੰਦਪੁਰ ਆਉਣ ਤੋਂ ਪਹਿਲਾਂ 'ਰਾਜਨੀਤਿ' ਦੀ ਰਚਨਾ ਕੀਤੀ ਸੀ, ਇਸੇ ਕਰ ਕੇ ਉਸ ਵਿਚ ਸਤਿਗੁਰਾਂ ਦਾ ਕੋਈ ਜ਼ਿਕਰ ਨਹੀਂ ਪਰੰਤੂ 'ਸਿੰਘ ਗਊ ਕੀ ਕਥਾ' ਉਸ ਨੇ ਇਥੇ ਆ ਕੇ ਲਿਖੀ, ਇਸ ਵਿਚ ਸਤਿਗੁਰਾਂ ਦੀ ਕ੍ਰਿਪਾ ਦਾ ਸਾਫ ਵਰਣਨ ਹੈ ਤੇ ਅਨੰਦਪੁਰ ਦਾ ਸੰਕੇਤ ਅਸਿਧੇ ਢੰਗ ਨਾਲ ਕੀਤਾ ਗਿਆ ਹੈ —

ਦੋਹਰਾ— ਤ੍ਰਿਣ ਦ੍ਰੁਮ ਖਗ ਬਨਨ ਕੇ, ਅਨੰਦਪੁਰਿ ਪਾਇਓ ਬਾਸ
ਆਵਾਗਉਣ ਨ ਹੋਇਗਾ, ਮਿਟ ਗਈ ਜਮ ਕੀ ਤ੍ਰਾਸ । ੫੪ ।

ਚੌਪਈ— ਧੰਨੁ ਧੰਨੁ ਦੋ ਜੀਵ ਵਿਚਾਰੇ, ਅਸੰਖ ਜੀਵ ਲੇ ਮੁਕਤਿ ਸਿਧਾਰੇ
ਸੰਤੋਖ ਦਇਆ ਉਤਮ ਕਰਤੂਤਾ, ਪ੍ਰਭੁ ਮੇਲਨ ਕੋ ਸ੍ਰੇਸ਼ਟ ਦੂਤਾ । ੫੫ ।
ਦੇਵ-ਕਥਾ' ਲੇ ਭਾਖਾ ਜੋਰੀ, ਸਤਿਗੁਰ ਮਿਲ ਨਿਰਮਲ ਮਤਿ ਮੋਰੀ
ਦਜਾ ਬਚਨ ਕੀ ਉਸਤਤਿ ਭਾਖੀ, ਪਰਮੇਸਰ ਸਾਧੂ ਕੀ ਪਾਖੀ
ਸਿੰਘ ਦਇਆ ਗਊ ਕੀ ਵਾਚ । ਬ੍ਰਤ ਭਇਆ ਦੋਨਉ ਕਾ ਸਾਚ
ਜਿਸ ਕੈ ਮਨਿ ਪ੍ਰਭੁ ਦਇਆ ਬਸਾਵੈ । ਬਾਚਾ ਅਚਲੁ ਸੋ ਮੁਕਤੀ ਜਾਵੈ
ਮੁਖ ਕਾ ਬਚਨ ਸਤਿ ਜੋ ਕਰੈ । ਦਇਆਵੰਤ ਭਉ ਸਾਗਰ ਤਰੈ
ਦੇਵੀਦਾਸ ਤਿਸ ਪਰ ਬਲਿਹਾਰੀ । ਆਪ ਤਰਹਿ ਅਵਰਾਂ ਕਉ ਤਾਰੀ
ਕਥਾ ਬਹੁਲਾ* ਕੀ ਪੂਰਨ ਭਈ । ਗੁਰਪ੍ਰਸਾਦਿ ਦੁਰਮਤਿ ਉਠ ਗਈ । ੫੬ ।

ਦੋਹਰਾ— ਦਇਆ ਬਚਨ ਜਾਂਕਾ ਰਹੈ, ਸੋ ਬੈਕੁੰਠੇ ਜਾਇ
ਸਾਧਸੰਗਿ ਮਨ ਤ੍ਰਿਪਤੀਐ, ਆਦਿ ਅੰਤ ਸੁਖ ਪਾਇ । ੫੭ ।

[ਸਿੰਘ ਗਊ ਕੀ ਕਥਾ, (ਹੱਥ-ਲਿਖਤ ਖਰੜਾ)

ਇਸ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਿਸ ਦੇਵੀ ਦਾਸ ਨੇ 'ਰਾਜਨੀਤਿ ਦੇ ਕਬਿਤ' ਤੇ 'ਸਿੰਘ ਗਊ ਕੀ ਕਥਾ' ਲਿਖੀ, ਉਹ ਗੁਰੂ ਜੀ ਦਾ ਦਰਬਾਰੀ ਰਤਨ ਸੀ । ਇਹ ਤਾਂ ਹੋ ਸਕਦਾ ਹੈ ਕਿ ਕਥਾ ਵਾਚਕ ਪੰਡਤ ਦੇਵੀ ਦਾਸ ਸ਼ਾਇਦ ਕਵੀ ਨ ਹੋਵੇ ਤੇ ਇਹ ਕਵੀ ਦੇਵੀ ਦਾਸ ਬਾਹਰੋਂ ਦਰਬਾਰ ਵਿਚ ਆਇਆ ਹੋਵੇ । ਇਹ ਵੀ ਕੋਈ ਅਨੋਖੀ ਗੱਲ ਨਹੀਂ, ਪਹਿਲਾਂ ਇਹ ਕਿਸੇ ਰਾਜੇ ਪਾਸ ਰਹਿੰਦਾ ਰਿਹਾ ਹੋਵੇ ਤੇ ਪਿਛੋਂ ਅਨੰਦਪੁਰ ਦੀ

* ਗਊ ਦਾ ਨਾਮ



Digitized by Panjab Digital Library | www.panjabdigilib.org

ਕਦਰਦਾਨੀ ਸੁਣਕੇ ਇਥੋਂ ਪਹੁੰਚ ਗਿਆ ਹੋਵੇ ।

ਉਪਰੋਕਤ ਦੋ ਰਚਨਾਵਾਂ ਗੁਰਮੁਖੀ ਹੱਥ ਲਿਖਤਾਂ ਵਿਚ ਦਰਜਨਾਂ ਦੀ ਗਿਣਤੀ ਵਿਚ ਪ੍ਰਾਪਤ ਹਨ । ਹਿੰਦੀ ਰਚਨਾਂ ਵਧੇਰੇ ਕਰਕੇ ਗੁਰਮੁਖੀ ਵਿਚੋਂ ਉਹੋ ਲਿਖੀਆਂ ਗਈਆਂ ਜੋ ਯਾ ਤਾਂ ਪੰਜਾਬ ਦੇ ਕਵੀਆਂ ਦੀ ਕਿਰਤ ਸਨ ਯਾ ਫਿਰ ਬਹੁਤ ਪ੍ਰਸਿੱਧ ਹਿੰਦੀ ਰਚਨਾਵਾਂ ਦੇ ਗੁਰਮੁਖੀ ਉਤਾਰੇ ਹੋਏ ਜਿਵੇਂ ਬਿਹਾਰੀ ਸਤਸਈ,ਸੂਰ ਸਾਗਰ,ਤੁਲਸੀ ਰਾਮਾਇਣ ਆਦਿ । ਇਸ ਦੀ ਇਕ ਪੰਜਾਬੀ ਰਚਨਾ 'ਲਵ ਕੁਸ ਦੀ ਵਾਰ' ਹੈ ਜੋ ਮੇਰੀ ਪੁਸਤਕ 'ਪੰਜਾਬੀ ਵਾਰਾਂ' ਵਿਚ ਦੇਖੀ ਜ਼ਾ ਸਕਦੀ ਹੈ । 'ਰਾਜਨੀਤਿ' ਵਿਚ 118 ਛੰਦ ਹਨ ਤੇ ਵਧੇਰੇ ਕਬਿੱਤ ਹਨ । ਨਮੂਨੇ ਵਜੋਂ ਕੁਝ ਛੰਦ ਅਗੇ ਦਿੰਦੇ ਹਾਂ ।

## 'ਰਾਜਨੀਤਿ' ਵਿਚੋਂ

ਨੀਤਿ ਹੀ ਤੇ ਧਰਮ ਧਰਮ ਹੀ ਤੇ ਸਿਧ ਸਬ
ਨੀਤਿ ਹੀ ਤੇ ਆਦਰ ਸਭਾਨ ਬੀਚ ਪਾਈਏ
ਨੀਤਿ ਤੇ ਅਨੀਤਿ ਛੂਟੈ ਨੀਤਿ ਹੀ ਤੇ ਸੁਖ ਲੂਟੈ
ਨੀਤਿ ਲੀਏ ਬੋਲਹਿ ਭਲੋ ਬਕਤਾ ਕਹਾਈਏ
ਨੀਤਿ ਹੀ ਤੇ ਰਾਜੇ ਰਾਜਨੀਤਿ ਹੀ ਤੇ ਪਾਤਸ਼ਾਹੀ
ਨੀਤਿ ਹੀ ਕੋ ਨਵਖੰਡ ਮਾਂਹਿ ਜਸ ਗਾਈਏ
ਛੋਟਨ ਕੋ ਬਡ ਕਰੈ ਬਡੋ ਮਹਾਂ ਬਡੋ ਕਰੈ
ਤਾਂ ਤੇ ਸਭ ਹੀ ਕੋ ਰਾਜਨੀਤਿ ਹੀ ਸੁਨਾਈਐ ।੧।

ਕੌਨ ਇਹ ਦੇਸ ਕੌਨ ਕਾਲ ਕੌਨ ਬੈਰੀ ਮੇਰੋ
ਕੌਨ ਮੇਰੋ ਹਿਤੂ ਮੋਹਿ ਢਿਗ ਤੈ ਨ ਟਾਰਬੋ
ਕੇਤਿਯਾਂ ਉਪਰ ਕੇਤੋ ਖਰਚ ਹੈ ਕਿਤੋ ਬਲ
ਤੈਹੀ ਉਨਮਾਨਿ ਮੋਹਿ ਮੁਖ ਤੇ ਨਿਕਾਰਬੋ
ਸੰਪਤਿ ਕੇ ਆਵਨ ਕੌ ਕੌਨ ਮੇਰੈ ਅਵਿਰੋਧ
ਨਾਹੀ ਕੋ ਉਪਾਵ ਇਹ ਦਾਵ ਉਰ ਧਾਰਿਬੋ
ਰਾਜਨੀਤਿ ਰਾਜਨ ਕੌ ਦਿਨ ਪ੍ਰਤਿ ਦੇਵੀ ਦਾਸ
ਚਾਰਿ ਘਰੀ ਰਾਤ ਰਹੈ ਇਤਨੋ ਬਿਚਾਰਬੋ ।੨।

ਛੋਟੇ ਛੋਟੇ ਗੁਲਨ ਕੋ ਸੂਰਨ ਕੀ ਬਾਰਿ ਕਰੈ
ਪਾਤਰੇ ਸੇ ਪਾਧਾ ਪਾਨੀ ਪਖ ਕਰਿ ਪਾਇਬੋ



Digitized by Panjab Digital Library | www.panjabdigilib.org

ਫੂਲੀ ਫੁਲਵਾਰਨ ਕੇ ਫੂਲਿ ਮੋਹਿ ਲੇਵਹਿ
ਖਰੇ ਘਨੇ ਦਰਖਤ ਏਕ ਤੌਰ ਤੇ ਉਪਾਇਬੋ
ਨੀਚੇ ਪਰੇ ਪਾਇਨ ਤੇ ਟੇਕ ਦੈ ਦੈ ਊਚੇ ਕਰੈ
ਬਢ ਗਏ ਤੇ ਜ਼ਰੂਰ ਕਾਟਿ ਡਾਰਬੋ
ਰਾਜਨ ਕੋ ਮਾਲਿਨ ਕੋ ਦਿਨਪ੍ਰਤਿ ਦੇਵੀ ਦਾਸ
ਚਾਰਿ ਘਰੀ ਰਾਤਿ ਰਹੈ ਇਤਨੋ ਬਿਚਾਰਬੋ । ੩ ।

ਕੀਰਤਿ ਕੋ ਮੂਲ ਦਾਨ ਏਕ ਰੈਨ ਦਿਨ ਦੈਬੋ
ਧਰਮ ਕੋ ਮੂਲ ਏਕ ਸਾਚ ਪਹਿਚਾਨਬੋ
ਬਾਢਬੋ ਕੋ ਮੂਲ ਏਕ ਊਚੈ ਮਨ ਰਾਖਿ ਦੇਵੈ
ਮਾਨਬੇ ਕੌ ਮੂਲ ਏਕ ਭਲੀ ਬਾਤ ਮਾਨਬੋ
ਬਯਾਧਿ ਬਹੁ ਭੋਜਨ ਉਪਾਧਿ ਮੂਲ ਹਾਸੀ ਦੇਵੀ
ਦਾਰਿਦ ਕੋ ਮੂਲ ਏਕ ਆਰਸ ਬਖਾਨਬੋ
ਹਾਰਬੇ ਕੋ ਮੂਲ ਏਕ ਆਤੁਰੀ ਹੈ ਰਨ ਮਾਂਝ
ਚਾਤੁਰੀ ਕੋ ਮੂਲ ਏਕ ਬਾਤ ਕਹਿ ਜਾਨਬੋ । ੮ ।

ਕੁਮਤਿ ਤੇ ਜਸੁ ਜਾਇ ਗਰਬ ਤੇ ਲਛ ਜਾਇ
ਕੁਨਾਰਿ ਤੇ ਕੁਲ ਜਾਇ ਜੋਗ ਜਾਇ ਸੰਗ ਤੈ
ਭੂਖ ਤੈ ਮਰਯਾਦ ਜਾਇ ਲਡਯਾਇ ਤੈ ਪੂਤ ਜਾਇ
ਸੋਚ ਤੈ ਸਰੀਰ ਜਾਇ ਸੀਲਤਾ ਕੁਸੰਗ ਤੈ
ਕਪਟ ਤੈ ਧਰਮ ਜਾਇ ਲੋਭ ਤੈ ਬਡਾਈ ਜਾਇ
ਮਾਂਗਬੇ ਤੇ ਮਾਨ ਜਾਇ ਪਾਪ ਜਾਇ ਗੰਗ ਤੈ
ਨੀਤਿ ਬਿਨ ਰਾਜ ਜਾਇ ਕ੍ਰੋਧ ਤੈ ਤਪਸਯਾ ਜਾਇ
ਦੇਵੀ ਦਾਸ ਰਜਪੂਤੀ ਜਾਇ ਮੁਰਹਿ ਜੰਗ ਤੇ । ੯ ।

## (੯) ਲੱਖਣ ਰਾਇ

ਦਰਬਾਰੀ ਕਵੀਆਂ ਵਿਚੋਂ ਸ਼ਾਇਦ ਲੱਖਣ ਪਹਿਲਾ ਨਾਮ ਹੈ ਜਿਸ ਦੀ ਇਤਨੀ ਪੁਰਾਣੀ ਰਚਨਾ ਮਿਲਦੀ ਹੈ । ਅਰਥਾਤ ਦਸਮੇਸ਼ ਜੀ ਦੇ ਗੁਰਗੱਦੀ ਬੈਠਣ ਤੋਂ ਪੰਜ ਸਾਲ ਬਾਦ ਇਸ 1737 ਬਿ. ਵਿਚ ਹਿਤੋਪਦੇਸ ਦਾ ਅਨੁਵਾਦ ਪੂਰਾ ਕੀਤਾ । ਦਰਅਸਲ ਲੱਖਣ ਤੇ ਭੋਜਰਾਜ ਦੋਵੇਂ ਸਕੇ ਭਾਈ ਸਨ ਤੇ ਚਾਂਗੜੇ ਗੋਤ ਦੇ ਰਾਜਪੂਤ ਸਨ, ਇਨ੍ਹਾਂ ਦੇ ਪਿਤਾ



Digitized by Panjab Digital Library | www.panjabdigilib.org

ਦਾ ਨਾਮ ਬੀਕ ਚੰਦ* ਤੇ ਨਗਰ ਊਨਾ ਜ਼ਿਲਾ ਹੁਸਿਆਰਪੁਰ ਸੀ। ਇਹ ਦੋਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਰਧਾਲੂ ਸਨ ਤੇ ਬਾਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਹਿ ਕੇ ਕਲਮੀ ਸੇਵਾ ਕਰਦੇ ਰਹੇ। ਇਸ ਗੱਲ ਦਾ ਜ਼ਿਕਰ ਲੱਖਣ ਨੇ 'ਹਿਤੋਪਦੇਸ਼' ਦੇ ਮੁੱਢ ਵਿਚ ਹੀ ਕੀਤਾ ਹੈ, ਕਵੀ ਪਹਿਲੇ ਮੰਗਲ, ਗੁਰੂ ਤੇਗ ਬਹਾਦਰ ਜੀ ਦਾ ਕਰਦਾ ਕਹਿੰਦਾ ਹੈ—

ਚਰ੍ਰਿਤ ਸ਼ੇਸ ਸਿਵਾਦਿ ਰਹੈਂ ਹੁਇ, ਚਤੁਰਾਨਨ ਵਿਚਾਰ ਨ ਪਾਵਤ
ਨਿਗਮ ਵਿਚਾਰ ਕਰਹਿ ਨਿਸ ਬਾਸਰ, ਸੁਕ ਵਿਆਸ ਸਬੈ ਸੁ ਕਥਾਂਹਿ ਸੁਨਾਵਤ

ਨਾਰਦ ਸੁਕਰ ਸਨਾਤਨ, ਮੁਨਿ ਜਨ, ਸਿਧ ਤਪੀਸ਼ਰ ਅੰਤ ਨ ਪਾਵਤ
ਸੋ ਗੁਰ ਤੇਗ ਬਹਾਦਰ ਜਗ ਮੈਂ, ਪ੍ਰਗਟ ਪ੍ਰਤੱਛ ਦਰਸ ਦਿਖਲਾਵਤ। ੧।

ਦੋਹਰਾ— ਜੋ ਤਾਂਕੀ ਸ਼ਰਣੀ ਪਏ, ਜਗ ਤੇ ਲੀਏ ਛੁਡਾਇ
ਤੇਗ ਬਹਾਦੁਰ ਸੇ ਗੁਰੂ, ਰਹਯੋ ਤਾਸੁ ਗੁਨ ਗਾਇ। ੨।

ਸੋਰਠਾ— ਗੁਰਗੋਬਿੰਦ ਕੇ ਦਾਸ, ਜੋ ਪ੍ਰਾਨੀ ਨਿਸ ਦਿਨ ਰਹਹਿੰ
ਸੋ ਸੁਖ ਪਾਵਤ ਤਾਸ, ਜੋ ਸੁਖ ਦੁਰਲਭ ਜਗਤ ਮੈਂ। ੩।

ਦੋਹਰਾ— ਵਾਰਾ ਤੀਰ ਸਵਾਂਇ ਕੈ, ਤਾਂ ਮਹਿੰ ਊਨਾ ਗਾਉਂ
ਰਾਜਪੂਤ ਤਾਂ ਮਹਿੰ ਬਸਹਿੰ, ਬੀਕਚੰਦ ਸ਼ੁਭ ਨਾਉਂ। ੯।

ਸੋਰਠਾ— ਤਾਂ ਕੇ ਸੁਤ ਸੁਭ ਦੋਇ, ਭੋਜਰਾਜ, ਲਖਣ ਕਥਯੋ
ਜਾਨਤ ਹੈ ਸਭ ਕੋਇ, ਸੇਵ ਕਰਤ ਗੁਰਦੇਵ ਕੀ।

ਭੋਜ ਰਾਜ ਆਗਿਆ ਦਈ, ਲੱਖਣ ਕਉ ਸਮਝਾਇ
ਗ੍ਰੰਥ ਹਿਤੋਪਦੇਸ਼ ਕਾ, ਭਾਖਾ ਦੇਹੁ ਬਨਾਇ। ੧੧।

ਸਤ੍ਰਹ ਸੈ ਸੈਂਤੀਸ ਮੇਂ, ਸੰਬਤ ਬਿਕ੍ਰਮ ਰਾਇ
ਗ੍ਰੰਥ ਹਿਤੋਪਦੇਸ਼ ਕਾ, ਭਾਖਾ ਕਿਯੋ ਬਨਾਇ। ੧੨।

ਰਤਨਾਕਰ ਯਹ ਗ੍ਰੰਥ ਹੈ, ਸਭ ਸਿਆਨਪ ਕਾ ਸਾਰ
ਆਖ ਵਖਾਨਿਆ ਯਥਾ ਮਤਿ, ਪਢੀਅਹੁ ਸਕਲ ਸਵਾਰ। ੧੩।

(ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ
ਦੇਵਨਾਗਰੀ ਖਰੜਾ (ਨੰ. ੪੦੪)

---

* ਤਨਸੁਖ ਕ੍ਰਿਤ ਹਿਤੋਪਦੇਸ ਦੇ ਕੁਝ ਖਰੜਿਆਂ ਵਿਚ ਨਾਮ ਬੀਰਚੰਦ ਲਿਖਿਆ ਮਿਲਦਾ ਹੈ ਪਰ ਇਹ ਠੀਕ ਨਹੀਂ।



Digitized by Panjab Digital Library | www.panjabdigilib.org

ਇਸ ਤੋਂ ਚਾਰ ਵਰ੍ਹੇ ਬਾਦ ਜਦ ਤਨਸੁਖ ਲਾਹੌਰੀ ਨੇ 1741 ਬਿ. ਵਿਚ ਹਿਤੋਪਦੇਸ ਦਾ ਤਰਜਮਾ ਕੀਤਾ ਤਾਂ ਉਸ ਨੇ ਲੱਖਣ ਕ੍ਰਿਤ ਹਿਤੋਪਦੇਸ ਦਾ ਜ਼ਿਕਰ ਕੀਤਾ ਤੇ ਇਨ੍ਹਾਂ ਦੋਹਾਂ ਭਾਈਆਂ ਦੇ ਗੁਰੂ ਦਸਮੇਸ਼ ਦੇ ਸ਼ਰਧਾਲੂ ਅਤੇ ਵਿਦਵਾਨ ਹੋਣ ਦੀ ਸਾਖੀ ਭਰੀ ਹੈ।

ਭੋਜਰਾਉ ਅਰੁ ਭਾਈ ਲੱਖਣ, ਚਾਤਰ ਦੋਊ ਬਡੇ ਬਿਚੱਖਣ।
ਬੀਕਚੰਦ ਕੇ ਦੋਊ ਸਪੂਤ, ਗੋਤ੍ਰ ਚਾਂਗਰੇ ਸੁਤ ਰਜਪੂਤ।
ਲੱਖਣ ਕਵਿਤਾ ਮੈਂ ਪ੍ਰਬੀਨ,'ਹਿਤੁ ਉਪਦੇਸ' ਭਾਖਾ ਤਹਿੰ ਕੀਨ।
ਸੋਰਠ ਦੋਹਰਾ ਕੀਨ ਦਖਾਨ, ਰਾਜਨੀਤਿ ਔ ਬ੍ਰਹਿਮ ਗਿਆਨ।
ਗੁਰ ਕੀ ਸੇਵਾ ਮਾਹਿੰ ਰਹਾਂਹੀ, ਅਧਿਕ ਪ੍ਰੀਤਿ ਦੂੰਹ ਭੱਯਨ ਮਾਂਹੀ। ੩੩੦।

ਸੋਰਠਾ— ਪੰਡਿਤ ਦੋਊ ਸਯਾਨ, ਕੋਬਿਦ ਚਤੁਰ ਪ੍ਰਬੀਨ ਅਤਿ
ਬਾਰਧਿ ਬੁਧਿ ਬਖਾਨ, ਤਾਂ ਮੈਂ ਲੱਖਣ ਸਕਲ ਸੁਧ। ੩੩੧।

ਤਨਸੁਖ ਦੇ ਲਿਖਣ ਅਨੁਸਾਰ ਲੱਖਣ ਵਧੇਰੇ ਵਿਦਵਾਨ ਸੀ। ਇਸ ਨੇ 'ਹਿਤੋਪਦੇਸ' ਤੋਂ ਇਲਾਵਾ ਸ਼ਾਇਦ ਮਹਾਂ ਭਾਰਤ ਦੇ ਕੁਝ ਪਰਬਾਂ ਦਾ ਅਨੁਵਾਦ ਵੀ ਕੀਤਾ ਪਰ ਇਹ ਪ੍ਰਾਪਤ ਨਹੀਂ।

ਸੰਭਵ ਹੈ ਹੋਰ ਵੀ ਰਚਨਾ ਹੋਵੇ ਪਰ ਉਹ 'ਵਿਦਿਆ ਸਾਗਰ' ਗ੍ਰੰਥ ਦੇ ਨਸ਼ਟ ਹੋ ਜਾਣ ਕਾਰਣ ਲੋਪ ਹੋ ਗਈ ਜਾਪਦੀ ਹੈ। ਇਸ ਕਰਕੇ ਲੱਖਣ ਦੀ ਨਿਸ਼ਾਨੀ ਸਾਡੇ ਪਾਸ ਤਾਂ ਇਕੋ ਇਕ 'ਹਿਤੋਪਦੇਸ਼' ਹੀ ਹੈ ਤੇ ਉਸ ਦਾ ਵੀ ਇਕੋ ਖਰੜਾ ਮਿਲਿਆ ਹੈ ਜੋ ਕਿ ਚੇਤ ਵਦੀ ਪੰਚਮੀ 1924 ਬਿ: ਨੂੰ ਪਟਿਆਲੇ ਲਿਖਿਆ ਗਿਆ ਸੀ। ਪਰ ਇਹ ਉਤਾਰਾ ਜਿਸ ਖਰੜੇ ਤੋਂ ਕੀਤਾ ਗਿਆ ਉਹ 1779 ਬਿ, ਦਾ ਲਿਖਿਆ ਹੋਇਆ ਸੀ। ਉਤਾਰਾ ਕਰਨਹਾਰ ਨੇ ਆਪਣਾ ਨੋਟ ਇਉਂ ਦਿਤਾ ਹੈ —

ਸਤ੍ਰਾਂ ਸੈ ਨਵ ਸੀਆ, ਸੰਬਤ ਬਿਕ੍ਰਮ ਰਾਇ
ਅਗਹਨ ਪਹਲੀ ਪੰਚਮੀ, ਭ੍ਰਿਗੁ ਦਿਨ ਹੈ ਸੁਭ ਭਾਇ। ੧।

ਨਥਮੱਲ ਮੁਹਿਤਾ ਕੇ ਕਹੇ, ਹਰਿ ਭਗਤਹਿੰ ਮਨ ਲਾਇ
ਗ੍ਰੰਥ 'ਹਿਤੋਪਦੇਸ' ਕਾ, ਪੁਸਤਕ ਲਿਖਿਆ ਬਨਾਇ।
ਜੈਸੇ ਪੁਸਤਕ ਦੇਖਿਓ, ਤੈਸੇ ਲਿਖਿਓ ਵਿਚਾਰ
ਭੂਲ ਚੂਕ ਹੋਇ ਜੁ ਕਹੂੰ, ਪੰਡਿਤ ਲੇਹੁ ਸੁਧਾਰ।
ਜਗਨ ਨਾਥ ਕੇ ਭਗਤ ਅਤਿ, ਰਾਜਾ ਵਿਜਯ ਪ੍ਰਕਾਸ਼
...ਹਨ ਨਗਰੀ ਮੈਂ ਸੁਨਤ, ਕਰਿ ਹੈ ਭੋਗ ਬਿਲਾਸ।



Digitized by Panjab Digital Library | www.panjabdigilib.org

[ਵੰਨਗੀ ਵਜੋਂ ਕੁਝ ਛੰਦ ਦਿੰਦੇ ਹਾਂ—

**ਦੋਹਰਾ**— ਜੋਬਨ ਧਨ ਅਰ ਸੰਪਤਿ, ਪ੍ਰਭੂ ਅਵਿਵੇਕੀ ਜਾਨ
ਏਕ ਏਕ ਤੇ ਨਾਸ ਹੈ, ਜਹਿਂ ਚਾਰੋਂ ਤਹਿਂ ਹਾਨ । ੨੬ ।

**ਦੋਹਰਾ**—ਪੁਨ ਮੂਰਖ ਸੁਤ ਜਨਮਿਆ, ਅਰੁ ਪਾਪੀ ਜਗ ਮਾਹਿਂ
ਜਿਉਂ ਕਾਣੇ ਕੋ ਨੇਤ੍ਰ ਦੁਖ, ਤਿਹ ਕਛੁ ਸੂਝਤ ਨਾਹਿ । ੨੮ ।

**ਸੋਰਠਾ**—ਮਰ ਜਨਮਹਿ ਸਭ ਹੋਇ, ਭਲੋ ਬੁਰੋ ਸੰਸਾਰ ਮੈਂ
ਜੋ ਕੁਲਦੀਪਕ ਹੋਇ, ਧੰਨ ਜਨਮ ਤਿਹ ਪੁਰਸ਼ ਕੋ । ੨੯ ।
ਜਿਹ ਕੋ ਸੁਤ ਮੂਰਖ ਭਇਆ, ਕਹਤੇ ਚਤਰ ਵਿਚਾਰਿ
ਇਹ ਵਿਵੇਕ ਭੂਪਤਿ ਕਰਹਿ, ਬੰਧਯਾ ਹ੍ਵੈ ਵਹ ਨਾਰਿ । ੩੦ ।

ਬੜੀ ਤਪੱਸਿਆ ਤੀਰਥਨ, ਪੁੰਨ ਸਹਿਤ ਜਿਹ ਕੀਨ
ਤਿਹ ਕੋ ਸੁਤ ਧਰਮੀ ਧਨੀ, ਬੁਧਿਮਾਨ ਅਧੀਨ । ੩੧ ।
ਖਟ ਸੁਖ ਹੈਂ ਯਾ ਪੁਰਖ ਕੋ, ਤੇ ਮੈਂ ਕਹਿਤ ਬਖਾਨ
ਦੇਹ ਅਰੋਗੀ ਪੁਤ੍ਰ ਵਸਿ, ਵਿਦਿਆ ਕੋ ਫਲ ਜਾਨ । ੩੨ ।

ਆਗਿਆਕਾਰੀ ਸੁੰਦਰੀ, ਸੁੰਦਰ ਬਚਨ ਕਹਹਿਂ
ਧਨ ਕੀ ਆਂਵਦ ਨਿਤ ਪ੍ਰਤਿ. ਯੇ ਖਟ ਸੁਖ ਸ਼ੁਭ ਹਹਿਂ । ੩੩ ।

ਜਬ ਜੀਉ ਆਵਹਿ ਗਰਭ ਮੈਂ, ਹੋਇ ਪੰਚ ਤਬ ਬਾਤ
ਆਪ ਵਿਧਾਤਾ ਭਾਲ ਮੈਂ, ਯੇ ਬਾਤੈਂ ਲਿਖ ਜਾਤ । ੩੫ ।

ਕਰਮ, ਦੁਖ ਅਰੁ ਵਿਦਿਆ, ਜੀਵਨ, ਮਰਨਾ ਏਹੁ
ਹੈ ਪਾਂਤੇ ਬਤੇਂ ਕਹੀਂ, ਜੋ ਜੋ ਲਿਖੀ ਸੁ ਲੇਹੁ । ੩੬ ।
ਭਾਵੀ ਸਭ ਕੋ ਹੋਤ ਹੈ, ਭੂਪਤਿ ਯੇਹ ਕਹੈਂ
ਹਰਿ1 ਸੋਵਤ ਹੈ ਸਰਪ ਪਰ, ਹਰ2 ਜੀ ਨਗਨ ਰਹੈਂ । ੩੭ ।

**ਸੋਰਠਾ**— ਜੋ ਭਾਵੀ ਸੋ ਹੋਇ, ਅਨਭਾਵੀ ਹੋਨੀ ਨਹੀਂ
ਬੁਧਿਮਾਨ ਜਨ ਸੋਇ, ਜੋ ਯਹ ਅੰਬ੍ਰਿਤ ਪੀ ਰਹੈ । ੩੮ ।

ਫੇਰ ਰਾਜਾ ਨੇ ਪੂਰਬ ਪੱਛ ਕੀਆ —

ਜੇ ਭਾਵੀ3 ਠਹਿਰਾਵਤੇ, ਤੇ ਦਾਰਿਦ੍ਰੀ ਜਾਨ
ਯੇ ਬਾਤੈਂ ਵੀਚਾਰ ਕੈ, ਉਦਮ ਤਜਤ ਅਜਾਨ । ੪੦ ।
ਏਕ ਚਕ੍ਰ ਰਥ ਨ ਚਲਹਿ, ਦਿਯੋ ਯਹ ਦ੍ਰਿਸ਼ਟਾਂਤ
ਬਿਨ ਉਦਮ ਕਰਮ ਫਲੈ ਨਹੀਂ, ਕਹਯੋ ਰਾਇ ਬ੍ਰਿਤਾਂਤ । ੪੧ ।

---

1 ਵਿਸ਼ਣੂ 2 ਸ਼ਿਵਜੀ 3 ਹੋਣੀ, ਪ੍ਰਾਰਬਧ



Digitized by Panjab Digital Library | www.panjabdigilib.org

ਕਰਮ ਜੁ ਪੂਰਬ ਜਨਮ ਕੌ, ਭਾਵੀ ਕਹਿਅਉ ਸੋਇ
ਤਜਿ ਆਲਸ ਉਦਮ ਕਰਹਿੰ, ਚਤੁਰ ਸਿਆਣਾ ਹੋਇ । ੪੨ ।

ਜੋ ਨਰ ਹੋਵਹਿ ਉੱਦਮੀ, ਰਾਜਾ ਤਿਸ ਕੌ ਜਾਨ
ਦਰਬ ਤਿਸੀ ਪਹਿ ਜਾਤ ਹੈ, ਪੰਡਿਤ ਕਰਤ ਬਖਾਨ । ੪੩ ।

... ... ... ...

ਜਿਉਂ ਸੁਵਰਣ1 ਸੰਗ ਕਾਂਚ, ਮਾਨੋ ਸੋਭਤ ਨੀਲ ਮਣਿ
ਤਿਉਂ ਮੂਰਖ ਮਤਿ ਸਾਂਚ, ਚਤੁਰ ਸੰਗ ਹੋਵਹਿ ਚਤੁਰ । ੫੧ ।

ਹੋਛੇ ਸੋਂ ਜੋ ਪ੍ਰੀਤਿ ਹੈ, ਹੋਛੀ ਹੀ ਮਤਿ ' ਲੇਇ
ਸਮ ਸਿਉਂ ਸਮ ਪ੍ਰਬੀਨਤਾ, ਵਡਾ ਵਡਾਈ ਦੇਇ । ੫੨ ।

## (੧੦) ਭੋਜਰਾਜ

ਇਹ ਪ੍ਰਸਿੱਧ ਕਵੀ ਲੱਖਣ ਰਾਇ ਦਾ ਸਕਾ ਵੱਡਾ ਭਾਈ ਸੀ, ਇਸੇ ਦੀ ਪ੍ਰੇਰਨਾ ਤੇ ਲੱਖਣ ਨੇ ਹਿਤੋਪਦੇਸ ਦਾ ਅਨੁਵਾਦ ਕੀਤਾ ਸੀ । ਸਮਕਾਲੀ ਤਨਸੁਖ ਦੀ ਲਿਖਤ ਤੋਂ ਵੀ ਇਹੋ ਪਰਗਟ ਹੈ ਕਿ ਇਹ ਸਾਹਿਤਕ ਕੰਮਾਂ ਵਿਚ ਡੂੰਘੀ ਦਿਲਚਸਪੀ ਰਖਦਾ ਸੀ ਪਰੰਤੂ ਖੇਦ ਹੈ, ਇਸ ਦੀ ਕੋਈ ਵੀ ਰਚਨਾ ਪ੍ਰਾਪਤ ਨਹੀਂ ।

## (੧੧) ਤਨਸੁਖ ਲਾਹੌਰੀ

ਤਨਸੁਖ, ਲਾਹੌਰ ਦੇ ਰਹਿਣ ਵਾਲਾ ਕਵੀ ਸੀ ਜਿਸ 1741 ਬਿ. ਵਿਚ ਹਿਤੋਪਦੇਸ, ਦਾ ਭਾਖਾ ਅਨੁਵਾਦ ਕੀਤਾ । ਇਸ ਦੇ ਤਿੰਨ ਪੁਤਰ ਸਨ ਜਿਨ੍ਹਾਂ ਵਿਚੋਂ ਦੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਸ਼ਿੰਗਾਰ ਸਨ, ਪਰੰਤੂ ਅਸੀਂ ਉਨ੍ਹਾਂ ਦੇ ਨਾਂ ਨਹੀਂ ਜਾਣਦੇ । ਸ਼ਾਇਦ ਇਹ ਮਨਸੁਖ ਤੇ ਨੈਣ ਸੁਖ ਹੋਣ ਜ਼ੇਹਾ ਕਿ ਇਕ ਥਾਂ ਕਵੀ ਨੇ ਅਸਿਧਾ ਜੇਹਾ ਸੰਕੇਤ ਕੀਤਾ ਹੈ ।

ਤਨਸੁਖ ਆਪ ਕਿਸੇ ਕਾਰਣ ਰਣ ਥੰਭੋਰ ਗਿਆ ਹੋਇਆ ਸੀ ਤੇ ਉਥੇ ਹੀ ਕਿਸੇ ਹੱਥ ਇਸ ਦੇ ਪੁੱਤਰਾਂ ਨੇ ਲੱਖਣ ਕ੍ਰਿਤ 'ਹਿਤੋਪਦੇਸ਼' ਦੀ ਪੋਥੀ ਇਸ ਪਾਸ ਭੇਜੀ । ਇਸ ਤੋਂ ਸਿਖਾਂ ਦੇ ਸਾਹਿਤਕ ਪ੍ਰੇਮ ਤੇ ਗੁਰੂ ਸਾਹਿਬ ਦੀ ਸਾਹਿਤਕ ਸਰਗਰਮੀ ਦਾ ਪਤਾ ਲਗਦਾ ਹੈ ਕਿ ਕਿਵੇਂ ਉਹ ਰਚਨਾ ਤਿਆਰ ਕਰਵਾਕੇ ਫੌਰਨ ਲਿਖਾਰੀਆਂ ਪਾਸੋਂ ਉਸ ਦੀਆਂ ਨਕਲਾਂ ਵੀ ਬਣਵਾ ਲੈਂਦੇ ਸਨ ।

ਇਹ ਰਚਨਾ ਪੜ੍ਹਕੇ ਤਨਸੁਖ ਨੂੰ ਖਿਆਲ ਆਇਆ ਕਿ ਇਸ ਨੂੰ ਦੋਹਰਾ, ਚੌਪਈ

---

1 ਸੋਨਾ



Digitized by Panjab Digital Library | www.panjabdigilib.org

ਵਿਚ ਤਿਆਰ ਕਰਨਾ ਚਾਹੀਦਾ ਹੈ । ਇਸੇ ਫੁਰਨੇ ਅਨੁਸਾਰ ਉਸ ਆਪਣੇ ਢੰਗ ਮੁਤਾਬਿਕ ਹਿਤੋਪਦੇਸ ਦਾ ਤਰਜਮਾ ਕੀਤਾ ਤੇ ਇਸ ਦਾ ਨਾਮ 'ਰਾਜਨੀਤਿ ਗ੍ਰੰਥ' ਰੱਖਿਆ ।

ਇਸ ਘਟਨਾ ਤੋਂ ਇਹ ਤਾਂ ਸਪਸ਼ਟ ਹੈ ਕਿ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿਖ ਉਸ ਸਮੇਂ ਕਿਸ ਤਰ੍ਹਾਂ ਕਲਮੀ ਸੇਵਾ ਵਿਚ ਜੁੱਟੇ ਹੋਏ ਸਨ । ਪਿਤਾ ਦੂਰ ਬੈਠਾ ਵੀ ਗੁਰੂ ਸਾਹਿਬ ਲਈ ਸਾਹਿਤਕ ਘਾਲਣਾ ਘਾਲ ਰਿਹਾ ਰਿਹਾ ਸੀ ਅਤੇ ਉਸ ਦੇ ਦੋ ਪੁੱਤਰ ਦਰਬਾਰ ਵਿਚ ਹਾਜ਼ਰੀ ਭਰਕੇ ਇਹੋ ਸੇਵਾ ਨਿਭਾ ਰਹੇ ਸਨ ।

ਤਨਸੁਖ ਲਾਹੌਰ ਦੇ ਰਹਿਣ ਵਾਲਾ ਸੀ, ਕਿਸ ਕਰਮ-ਗਤਿ ਕਰਕੇ ਉਸ ਨੂੰ ਰਣ ਥੰਭੋਰ ਦਿਨ-ਕਟੀ ਕਰਨੀ ਪਈ, ਇਸ ਬਾਰੇ ਵਿਚਾਰ ਦੀ ਲੋੜ ਹੈ । 'ਮੁਆਸਰਿ ਆਲਮ ਗ਼ੀਰੀ' ਵਿਚ ਲਿਖਿਆ ਹੈ ਕਿ 19 ਕੱਤਕ 1733 ਬਿ: ਨੂੰ ਜਦ ਔਰੰਗਜ਼ੇਬ ਬਾਦਸ਼ਾਹ ਜਾਮਾ ਮਸਜਿਦ ਤੋਂ ਘੋੜ ਸਵਾਰ ਹੋ ਕੇ ਜਾਣ ਲਗਾ ਤਾਂ ਇਕ ਆਦਮੀ ਤਲਵਾਰ ਲੈ ਕੇ ਬਾਦਸ਼ਾਹ ਲਾਗੇ ਪੁਜ ਗਿਆ । ਸਿਪਾਹੀਆਂ ਫੜਕੇ ਮਾਰ-ਕੁਟਾਈ ਸ਼ੁਰੂ ਕਰ ਦਿਤੀ ਲੇਕਿਨ ਦਯਾਲੂ ਬਾਦਸ਼ਾਹ ਨੇ ਡੂਢ ਰੁਪਈਆ ਖ਼ੁਰਾਕ ਨੀਅਤ ਕਰਕੇ ਇਸ ਨੂੰ ਰਣ ਥੰਭੋਰ ਦੇ ਕਿਲੇ ਵਿਚ ਭਿਜਵਾ ਦਿਤਾ ।' [ ਉਰਦੂ ਤਰਜਮਾ, ਪੰਨਾ 104-5

ਮੁਗ਼ਲ ਜ਼ਮਾਨੇ ਵਿਚ ਗੁਜਰਾਤ ਦਾ ਰਣਥੰਭੋਰ ਕਿਲਾ ਐਸਾ ਸੀ ਜਿਥੇ ਖਤਰਨਾਕ ਰਾਜਸੀ ਕੈਦੀਆ ਨੂੰ ਨਜ਼ਰਬੰਦ ਰੱਖਿਆ ਜਾਂਦਾ ਸੀ । ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਧੀਰ ਮੱਲ ਨੂੰ ਪਕੜ ਕੇ ਇਥੇ ਹੀ ਸਵਾ ਸਾਲ ਰੱਖਿਆ; ਜਿਥੇ ਕਿ ਜ਼ਹਿਰੀਲੀ ਖ਼ੁਰਾਕ ਕਾਰਣ ਮੱਘਰ ਸੁਦੀ ਦੂਜ 1734 ਬਿ: ਨੂੰ ਉਸ ਦਾ ਦੇਹਾਂਤ ਹੋਇਆ । ਮਾਲੂਮ ਹੁੰਦਾ ਹੈ, ਤਨਸੁਖ ਵਰਗਾ ਵਿਦਵਾਨ ਸਿਖ ਵੀ ਕਿਤੇ ਰੋਹ ਵਿਚ ਆ ਕੇ ਨੌਵੇਂ ਗੁਰਾਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਅਗੇ ਵਧਿਆ ਸੀ ਪਰ ਸਫਲ ਨ ਹੋਇਆ । ਬਾਦਸ਼ਾਹ ਨੂੰ ਜਦ ਇਹ ਪਤਾ ਲਗਾ ਕਿ ਇਹ ਇਕ ਪੜ੍ਹਿਆ-ਲਿਖਿਆ ਆਦਮੀ ਹੈ ਤਾਂ ਉਸ ਨੇ ਡੇਢ ਰੁਪਈਆ ਰੋਜ਼ਾਨਾ ਨੀਅਤ ਕਰਕੇ ਇਸ ਨੂੰ ਰਣਥੰਭੋਰ ਦੇ ਕਿਲੇ ਵਿਚ ਭੇਜ ਦਿਤਾ । ਇਥੇ ਇਹ ਕਿੰਨਾ ਚਿਰ ਰਿਹਾ, ਕਿਹਾ ਨਹੀਂ ਜਾ ਸਕਦਾ ਪਰ ਉਸ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਉਹ ਰਿਹਾਈ ਦਾ ਚਾਹਵਾਨ ਸੀ—

ਤਨਸੁਖ ਮਨ ਇਛਾ ਇਹੈ, ਬਿਨਤਿ ਕਰੈ ਕਰ ਜੋਰਿ
ਦੀਜੈ ਦਰਸ਼ਨ ਆਪਣਾ, ਡਾਰਹੁ ਬੰਧਨ ਤੋਰਿ । ੧੦ ।

ਸ਼ਾਇਦ ਉਸ ਦੀ ਅਜੇਹੀ ਘਰੋਗੀ ਹਾਲਤ ਕਰਕੇ ਹੀ ਗੁਰੂ ਸਾਹਿਬ ਨੇ ਉਸ ਦੇ ਦੋ ਪੁਤਰਾਂ ਨੂੰ ਅਪਣੀ ਮੁਲਾਜ਼ਮਤ ਵਿਚ ਅਨੰਦਪੁਰ ਰੱਖਿਆ ਹੋਇਆ ਸੀ । ਇਥੋਂ ਹੀ ਉਨ੍ਹਾਂ ਲੱਖਣ ਵਾਲੀ ਪੋਥੀ 'ਹਿਤੋਪਦੇਸ' ਰਣਥੰਭੋਰ ਘੱਲੀ ਜਿਸ ਤੋਂ ਤਨਸੁਖ ਨੂੰ ਪ੍ਰੇਰਨਾ ਮਿਲੀ ਕਿ ਇਸ ਦਾ ਹੋਰ ਚੰਗੇਰਾ ਅਨੁਵਾਦ ਦੋਹਰੇ ਚੌਪਈ ਵਿਚ ਕਰਨਾ ਯੋਗ ਹੈ



Digitized by Panjab Digital Library | www.panjabdigilib.org

ਤੇ ਉਸ ਨੇ ਇਸ ਨੂੰ ਨਿਭਾਇਆ।

ਤਨਸੁਖ ਸੱਚਾ ਸ਼ਰਧਾਲੂ ਸਿਖ ਸੀ ਤੇ ਉਸ ਨੂੰ ਪੂਰੀ ਪਛਾਣ ਸੀ ਕਿ ਕਿਵੇਂ ਗੁਰੂ ਨਾਨਕ ਸਾਹਿਬ ਦੀ ਚਲਾਈ ਲਹਿਰ ਨੂੰ ਗੁਰੂ ਗੋਬਿੰਦ ਸਿੰਘ ਕਲਮ ਤੇ ਤੇਗ ਦੀਆਂ ਦੋਹਾਂ ਸ਼ਕਤੀਆਂ ਨਾਲ ਹਰ ਤਰ੍ਹਾਂ ਸੰਪੂਰਣ ਤੇ ਸੁਦ੍ਰਿੜ ਕਰ ਰਹੇ ਹਨ। ਇਸੇ ਲਈ ਉਹ ਇਸ ਮਹਾਨ ਯੱਗ ਵਿਚ ਅਪਣਾ ਹਿੱਸਾ ਪਾਉਣਾ ਇਕ ਪਵਿੱਤਰ ਕਰਤੱਵ ਸਮਝਦਾ ਸੀ ਤੇ ਉਸ ਨੇ ਇਹ ਕਲਮੀ ਸੇਵਾ ਕਰਕੇ 'ਰਾਜਨੀਤਿ ਗ੍ਰੰਥ' ਗੁਰੂ ਸਾਹਿਬ ਦੀ ਸੇਵਾ ਵਿਚ ਭੇਜਿਆ ਇਹ ਗ੍ਰੰਥ ਅਜੇ ਤਕ ਪ੍ਰਕਾਸ਼ਤ ਨਹੀਂ ਹੋਇਆ, ਇਸ ਦੇ ਖਰੜੇ ਵੱਖੋ ਵੱਖ ਲਾਇਬਰੇਰੀਆਂ ਵਿਚ ਪ੍ਰਾਪਤ ਹਨ। ਇਕ ਖਰੜਾ ਮੇਰੇ ਪਾਸ ਵੀ ਮੌਜੂਦ ਹੈ। ਇਸ ਵਿਚੋਂ ਕੁਝ ਵੰਨਗੀ ਇਥੇ ਪੇਸ਼ ਕੀਤੀ ਜੀਦੀ ਹੈ।

ਪ੍ਰਿਥਮ ਅਰਾਧਹੁ ਏਕੰਕਾਰਾ। ਜਗਤ ਸਾਜਿ ਜਿਹੰ ਕੀਆ ਪਸਾਰਾ
ਤੀਨ ਭਾਂਤ ਕਰਿ ਸ੍ਰਿਸਟਿ ਉਪਾਈ। ਸੂਛਮ ਔ ਅਸਥੂਲ ਬਨਾਈ।
ਉਤਮ ਮੱਧਮ ਅਧਮ ਕਹਾਈ। ਸਭ ਘਟ ਮੋ ਪ੍ਰਭੁ ਰਹਿਓ ਸਮਾਈ
ਉਤਮ ਸੋ ਜਿੰਹ ਏਕ ਚਿਨਾਰੀ। ਮੱਧਮ ਸੋਈ ਜਗਤ ਬਿਉਹਾਰੀ
ਦੋਹੂ ਮੈਂ ਏਕਹਿ ਨਹਿੰ ਜਾਨੈ। ਜਗਤ ਤਾਂਹਿ ਕੋ ਅਧਮ ਬਖਾਨੈ। ੧।

ਦੋਹਰਾ

ਸਭ ਕੀ ਲਾਜ ਗੋਬਿੰਦ ਕੋ, ਜਹਿੰ ਲਗ ਹੈ ਸੰਸਾਰ
ਤਨਸੁਖ, ਮਨਸੁਖ, ਨੈਨ ਸੁਖ, ਹਰਿ ਜਪ ਬਾਰੰਬਾਰ। ੨।

ਚੌਪਈ

ਪੁਨ ਹਿਰਦੇ ਗੁਰਚਰਨ ਧਿਆਵੋਂ, ਦੁਹ ਜਗ ਮਾਹਿੰ ਪਰਮ ਗਤਿ ਪਾਵਹੁੰ
ਗੁਰ ਪਰਮੇਸਰ ਗੁਰ ਗੋਬਿੰਦ, ਗੁਰ ਦਇਆਲ ਕਾਟੈ ਦੁਖ ਦੁੰਦ।
ਗੁਰ ਤੇ ਪਾਈਐ ਸਰਬ ਨਿਧਾਨ, ਗੁਰ ਤੇ ਪਾਈਐ ਬ੍ਰਹਿਮ ਗਿਆਨ
ਗੁਰ ਤੇ ਆਵਾਗਵਨ ਰਹਾਏ, ਸਰਬ ਸੁਖ ਗੁਰ ਕ੍ਰਿਪਾ ਪਾਏ
ਗੁਰ ਤੇ ਹੋਏ ਪਵਿਤ੍ਰ ਪੁਨੀਤ, ਗੁਰ ਤੇ ਅਸਥਿਰ ਹੋਵਹਿ ਚੀਤ। ੩।

ਦੋਹਰਾ

ਜਿਉਂ ਪਾਰਸ ਕੇ ਭੇਟਤੇ, ਲੋਹਾ ਕੰਚਨ ਹੋਇ
ਤਿਉਂ ਹੀ ਗੁਰ ਕੇ ਦਰਸ ਤੇ, ਅਧਮ ਤਰਤ ਦੁੰਹ ਲੋਇ। ੪।

ਚੌਪਈ

ਮ੍ਰਿਤ ਲੋਕ ਜਬ ਕਲਿਯੁਗ ਆਯੋ। ਕਲਿ ਕੇ ਦੂਤਨ ਸਮਾ ਜੁ ਪਾਯੋ
ਕਾਮ ਕ੍ਰੋਧ ਭਯੋ ਅਧਿਕਾਈ, ਨਿੰਦ ਝੂਠ ਔ ਆਪ ਬਡਾਈ।



Digitized by Panjab Digital Library | www.panjabdigilib.org

ਹਉਮੈ ਲੋਭ ਭਇਓ ਹੰਕਾਰਾ, ਛਲ ਬਲ ਵਿਦਿਆ ਕਪਟ ਵਿਕਾਰਾ
ਹਰਿ ਜਸ ਭਗਤ ਕਰਨ ਨਹਿੰ ਪਾਵੈ, ਕਲਿ ਕੇ ਦੂਤ ਸਬਨ ਸੰਤਾਵੈ
ਚੋਰੀ ਜੂਪ ਸੁਰਾ ਆਹਾਰ, ਤ੍ਰਿਸਨਾ ਹਿੰਸਾ ਔਰੁ ਬਿਕਾਰ । ੫ ।

ਸੋਰਠਾ

ਕਲਿ ਕੇ ਆਇਸ ਮਾਹਿੰ, ਕਰ ਜੋਰੇ ਠਾਂਢੇ ਰਹਹਿੰ
ਜੋ ਜਨ ਭਗਤਿ ਕਰਾਹਿੰ, ਤਿਨ ਕੋ ਜਾਇ ਬਿਗਾਰ ਹੈਂ । ੬ ।

ਚੌਪਈ

ਕਲਿਯੁਗ ਜਬਹਿ ਅਨੀਤਿ ਚਲਾਈ, ਨਾਨਕ ਰੂਪ ਧਰਿਓ ਹਰਿ ਆਈ
ਚਾਰੋਂ ਬਰਨ ਸਿਖ ਤਬ ਕੀਨੇ, ਕ੍ਰਿਪਾਵੰਤ ਹੋਇ ਇਹ ਫਲ ਦੀਨੇ ।
ਦਯਾ ਧਰਮ ਪ੍ਰਾਤੇ ਇਸਨਾਨ, ਸਤ ਬਚਨ ਔ ਪ੍ਰੀਤਿ ਸੁ ਦਾਨ
ਸਾਧਸੰਗ ਭਯੋ ਤਿੰਹ ਨਾਮ, ਸਭ ਮਿਲਿ ਪਾਵਹਿ ਤਹਿੰ ਬਿਸ੍ਰਾਮ ।
ਕਲਿ ਕੇ ਦੂਤ ਤਹਾਂ ਜੋ ਆਵੈ, ਸਾਧਸੰਗਤਿ ਮੇਂ ਠੌਰ ਨ ਪਾਵੈਂ । ੭ ।

ਸੋਰਠਾ

ਜੋ ਆਯੋ ਇਹ ਪੰਥ, ਜਨਮ ਮਰਨ ਦੁੰਹ ਥੇ ਰਹਿਓ
ਮਿਲਯੋ ਜਾਇ ਭਗਵੰਤ, ਸਭ ਬਿਧਿ ਪੂਰਨ ਆਸ ਤਿਹੰ । ੮ ।

ਚੌਪਈ

ਦਰਸਨ ਦੇਖਤ ਉਤਰੈ ਪਾਪ । ਰੋਗ ਸੋਗ ਸਭ ਮਿਟਹਿ ਸੰਤਾਪ
ਰਿਧਿ ਸਿਧ ਠਾਂਢੀ ਦਰਬਾਰ । ਲਛਮੀ ਦੁਆਰ ਬੁਹਾਰਨਹਾਰ
ਜਾਂ ਕੋ ਕ੍ਰਿਪਾ ਕਟਾਛਨ ਹੇਰੈਂ, ਦੂਖ ਦਰਦ ਤਿਹ ਕਛੂ ਨ ਘੇਰੈ
ਕੈਸੀ ਇਛਾ ਕਰ ਕੋ ਆਵੈ, ਤਤ ਕਾਲ ਬਿਨ ਮਾਗੇ ਪਾਵੈ । ੯ ।

ਦੋਹਰਾ

ਤਨਸੁਖ ਮਨ ਇਛਾ ਇਹੈ, ਬਿਨਤਿ ਕਰੈ ਕਰ ਜੋਰ
ਦੀਜੈ ਦਰਸਨ ਅਪਣਾ, ਡਾਰਹੁ ਬੰਧਨ ਤੋਰਿ । ੧੦ ।

ਛੰਦੁ

ਕਹਤ ਕਹਤ ਗੁਨ ਹਾਰਿਓ ਬ੍ਰਹਿਮਾ, ਇਕ ਤਿਲ ਮਰਮੁ ਨ ਪਾਇਆ
ਸ਼ੇਸ ਸਹਸ ਫਨਿ ਨਾਮ ਉਚਾਰਤ, ਗਨਤ ਗਨਤ ਤਿਹੰ ਅੰਤੁ ਨ ਪਾਇਆ
ਇੰਦ੍ਰਾਦਿਕ ਸੁਰ ਮੁਨਿਗਨ ਜੇਤੇ, ਹੇਰਤ ਹੇਰਤ ਸਭੈ ਹਿਰਾਇਆ
ਸੋ ਗੁਰ ਗੋਬਿੰਦ ਅੰਤਰਜਾਮੀ, ਪ੍ਰਗਟ ਦਰਸ ਸੰਗਤਿ ਦਿਖਰਾਇਆ । ੧੧ ।



Digitized by Panjab Digital Library | www.panjabdigilib.org

### ਛੰਦ

ਕਲਿਜੁੱਗ ਮਾਹਿ ਭਯੋ ਗੁਰ ਗੋਬਿੰਦ, ਜਿੰਹ ਸਮ ਦੂਸਰ ਅਵਰ ਨ ਕੋਈ
ਰਿਧਿ ਸਿਧਿ ਦੋਊ ਦਰ ਠਾਂਢੀ, ਨਿਸ ਬਾਸਰ ਤਿਹੰ ਆਗਿਆ ਹੋਈ
ਮੁਕਤਿ ਬੰਧ ਤਿਹੰ ਆਇਸ ਮਾਹੀ, ਤਾਤਕਾਲ ਜੋ ਕਰੇ ਸੁ ਹੋਈ
ਤਨ ਸੁਖ ਹੋਇ ਦਰਸ ਦੇਖਤ ਹੀ, ਦੇਹੁ ਦਰਸ ਦੁਖ ਰਹੈ ਨ ਕੋਈ। ੧੨।

... ... ... ...

ਤਨਸੁਖ ਛਤ੍ਰੀ ਬਸੈ ਲਾਹੌਰ, ਕਰਮ ਰੇਖ ਆਯੋ ਥੰਭੋਰ
ਸੁਤ ਪੁਨ ਤਾਂ ਕੇ ਅਹੈ ਜੁ ਤੀਨ, ਇਕ ਨਾਨੋ ਦੁਇ ਬਡੇ ਪ੍ਰਬੀਨ।
ਤੇ ਭੀ ਸੇਵਾ ਗੁਰ ਕੀ ਕਰਹਿੰ, ਨਿਸ ਬਾਸਰ ਗੁਰ ਗੁਨ ਉਚਰਹਿੰ
ਤਿਨ ਸੋ ਪੋਥੀ ਦਈ ਪਠਾਈ, ਰਣ ਥੰਭੋਰ ਤਨਸੁਖ ਪਹਿ ਆਈ
ਦੇਖਤ ਤਾਂ ਕੋ ਮਨ ਮੈਂ ਆਈ, ਕੀਜੈ ਯਹ ਦੋਹਾ ਚੌਪਾਈ। ੧੯।

### ਦੋਹਰਾ

ਜੈਸੀ ਹਿਰਦੈ ਬੁਧਿ ਹੈ, ਤੈਸੀ ਕਹੀ ਸੁਨਾਇ
ਅੱਛਰ ਕੀ ਜਹਿੰ ਟੂਟ ਹੁਟਿ, ਪੜੀਅਹੁ ਗੁਨੀ ਬਨਾਇ। ੨੦।

### ਚੌਪਈ

ਸੰਮਤ ਸਤ੍ਰਹ ਸੈ ਇਕਤਾਲਿਸ, ਔਰੰਗਜ਼ੇਬੀ ਸਨ ਸਤਾਇਸ
ਹਿਤ ਚਿਤ ਲਾਇ ਕਥਾ ਅਨੁਸਾਰੀ, ਬਰਨਤ ਹੀ ਅਤਿ ਲਗੀ ਪਿਆਰੀ
ਮਨ ਦੈ ਪੜ੍ਹੈ ਜੁ ਬਾਲਕ ਕੋਈ, ਨਿਸਚੈ ਸੋ ਬੁਧਿਵੰਤਾ ਹੋਈ
ਗੁਨ ਸਮੂਹ ਕਾ ਕੀਆ ਗ੍ਰੰਥ। ਸ੍ਰੋਤਾ ਬਕਤਾ ਲਾਗੈਂ ਪੰਥ
ਤਰੁਨ ਪੜ੍ਹਹਿ ਰਾਖੈ ਬਿਸ੍ਵਾਸ, ਕਪਟ ਨ ਕਰਈ ਕੋ ਤਿਹੰ ਪਾਸ। ੨੧।

### ਸੋਰਠਾ

ਬਿਰਧ ਪੜ੍ਹੈ ਜੇ ਕੋਇ, ਉਪਜੇ ਹੀਏ ਗਿਆਨ ਤਿਹੰ
ਮਨ ਮੈਂ ਰਾਖੈ ਸੋਇ, ਛਾਡਹਿ ਸਕਲ ਬਿਕਾਰ ਜਗੁ। ੨੨।

---

* 'ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ' ਵਿਚ ਇਕ ਲਾਲਾ ਤਨਸੁਖ ਦਾ ਨਾਮ ਆਇਆ ਹੈ ਜਿਸ 'ਸ਼ਾਲਿਹੋਤ੍ਰ' ਗ੍ਰੰਥ ਲਿਖਿਆ, ਸ਼ਾਇਦ ਇਹ ਵੀ ਇਸੇ ਕਵੀ ਦੀ ਰਚਨਾ ਹੋਵੇ ਪਰ ਇਸਦਾ ਲਿਪੀ ਕਾਲ 1920 ਵਿ. ਦੱਸਿਆ ਗਿਆ ਹੈ।
[ਪ੍ਰਥਮ ਖੰਡ, 385 ਪੰਨਾ



Digitized by Panjab Digital Library | www.panjabdigilib.org

ਚੌਪਈ

ਬਿਉਹਾਰ ਕਥਾ ਪੁਨ ਆਹਿ ਗਿਆਨ । ਬੁਧਿ ਸਾਗਰ ਜਿਹੰ ਸਕਲ ਨਿਧਾਨ
ਬਾਰਕ ਜੋ ਕਛੁ ਕਰੈ ਬਖਾਨਾ । ਭਲੀ ਬਾਤ ਚੁਨ ਲੇਤ ਸਯਾਨਾ ।
ਬਾਰੂ ਮੈਂ ਜਿਉਂ ਕੰਚਨ ਹੋਈ । ਨਿਆਰੋ ਕਰੈ ਨਿਆਰੀਆ ਸੋਈ
ਸਹਸਕ੍ਰਿਤ ਅਤਿ ਹੀ ਪ੍ਰਬੀਨ । ਸਕੈ ਨ ਸਭ ਹੀ ਤਿਹ ਕੋ ਚੀਨ
ਰਾਜਨੀਤਿ ਜਿਉਂ ਜਾਨੀ ਜਾਈ । ਭਾਖਾ 'ਹਿਤ ਉਪਦੇਸ' ਬਨਾਈ । ੨੩ ।

ਦੋਹਰਾ

ਪੰਚਤੰਤ੍ਰ ਇਕ ਗ੍ਰੰਥ ਹੈ, ਤਾਂਤੇ ਕਹੀ ਸੁਧਾਰਿ
ਰਤਨਾਕਰ ਪੋਥੀ ਕਰੀ, ਸੁਭ ਸਿਆਨਪ ਕੋ ਸਾਰ । ੨੪ ।

## (੧੨) ਚੰਦ੍ਰਸੇਨ ਸੈਨਾਪਤਿ

ਅਸਲ ਨਾਮ ਚੰਦ੍ਰਸੈਨ ਸੀ ਤੇ ਉਪਨਾਮ ਸੈਨਾਪਤਿ । ਆਪ ਦਾ ਜਨਮ ਮਾਨ ਗੋਤ ਦੇ ਜੱਟ ਪਰਿਵਾਰ ਵਿਚ ਪਿਤਾ ਬਾਲ ਚੰਦ ਦੇ ਘਰ ਲਾਹੌਰ ਹੋਇਆ, ਚੂੰਕਿ ਪਿਤਾ ਖੁਦ ਤਕੜੇ ਵਿਦਵਾਨ ਸਨ, ਇਸ ਲਈ ਉਨ੍ਹਾਂ ਚੰਦ੍ ਸੈਨ ਨੂੰ ਚੰਗਾ ਪੜ੍ਹਾਇਆ ਅਤੇ ਬਾਦ ਵਿਚ ਪਰਸਿੱਧ ਵਿਦਵਾਨ ਦੇਵੀਦਾਸ ਪਾਸੋਂ ਵੀ ਸੰਸਕ੍ਰਿਤ ਗ੍ਰੰਥਾਂ ਦਾ ਅਧਿਐਨ ਕੀਤਾ । ਦੇਵੀ ਦਾਸ ਹਿੰਦੀ ਪੰਜਾਬੀ ਦੇ ਚੰਗੇ ਮੰਨੇ-ਦੰਨੇ ਕਵੀ ਸਨ । ਵਿਦਿਆ ਪਰਾਪਤੀ ਬਾਦ ਆਪ ਅਨੰਦਪੁਰ ਆ ਗਏ ਤੇ ਇਥੋਂ ਦੀਆਂ ਸਾਹਿਤਕ ਤੇ ਸੈਨਿਕ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਗੇ । ਆਪਣੀ ਮਿਹਨਤ ਤੇ ਯੋਗਤਾ ਸਦਕੇ ਫਿਰ 'ਸੈਨਾਪਤਿ' ਪਦਵੀ ਨਾਲ ਸਨਮਾਨੇ ਗਏ । ਗੁਰੂ ਸਾਹਿਬ ਦੇ ਦਰਬਾਰ ਵਿਚ ਰਹਿੰਦਿਆਂ ਆਪ ਨੇ 'ਚਾਣਾਕਾ ਰਾਜਨੀਤਿ' ਦਾ ਹਿੰਦੀ ਅਨੁਵਾਦ ਕੀਤਾ ਜੋ ਕਿ ਨੀਤੀ ਬਚਨਾਂ ਦਾ ਗੁਲਦਸਤਾ ਹੈ । ਇਸ ਦੇ ਅੰਤ ਵਿਚ ਲਿਖਿਆ ਹੈ—

ਗੁਰ ਗੋਬਿੰਦ ਕੀ ਸਭਾ ਮਹਿ, ਲੇਖਕ ਪਰਮ ਸੁਜਾਨ
ਚਾਣਾਕਾ ਭਾਖਾ ਕਿਯੋ, ਕਵਿ ਸੈਨਾਪਤਿ ਮਾਨ ।

ਜਦੋਂ ਅਨੰਦ ਪੁਰ ਛੱਡਣਾ ਪਿਆ ਤਾਂ ਆਪ ਵਜ਼ੀਰਾਬਾਦ ਆ ਟਿਕੇ । ਇਸੇ ਕਰਕੇ 'ਸੈਨਾਪਤਿ ਵਜ਼ੀਰਾਬਾਦੀ' ਕਰਕੇ ਵੀ ਆਪ ਦੀ ਪਰਸਿੱਧੀ ਹੈ । ਵਜ਼ੀਰਾਬਾਦ ਰਹਿੰਦਿਆਂ



Digitized by Panjab Digital Library | www.panjabdigilib.org

ਆਪਣੇ ਮਿਤ੍ਰ ਪੰਡਿਤ ਜਗਤ ਰਾਇ ਵੈਦ ਦੇ ਕਹਿਣ ਤੇ ਆਪ ਨੇ 'ਸੁਖਸੈਨ' ਨਾਮੀ ਵੈਦਿਕ ਗ੍ਰੰਥ ਲਿਖਿਆ ਜੋ ਕਿ 'ਰਾਮ ਵਿਨੋਦ' ਤੇ ਆਧਾਰਤ ਹੈ। ਇਸ ਦੇ ਮੁੱਢ ਵਿਚ ਕਵੀ ਨੇ ਆਪਣੇ ਬਾਰੇ ਚੰਗੀ ਜਾਣਕਾਰੀ ਦਿਤੀ ਹੈ।

## ਅਥ ਕਵਿ ਬੰਸ ਵਰਣਨੰ

ਸ਼ੰਭੂ ਜਟਾ ਤੇ ਕਹਿਤ ਹੈਂ, ਜਾਟ ਬੰਸ ਅਵਤਾਰ
ਮਾਨ ਗੋਤ ਤਾਂ ਤੇ ਪ੍ਰਗਟ, ਜਾਨਤ ਸਭ ਸੰਸਾਰ। ੬।

ਜਉਂ ਬਰਨੋਂ ਯਾ ਗੋਤ੍ਰ ਕਉ, ਬਢਹਿ ਗ੍ਰੰਥ ਵਿਸਤਾਰ
ਤਾਂ ਤੇ ਕਵਿ ਸੰਖੇਪ ਸੋਂ, ਕੀਨਉ ਕਛੂ ਉਚਾਰ। ੭।

ਬਾਲਚੰਦ੍ਰ* ਤਿਹਂ ਗੋਤ੍ਰ ਮੈਂ, ਲੇਖਕ ਅਪਰ ਅਪਾਰ
ਵਾਸੀ ਸ਼ਹਿਰ ਲਾਹੌਰ ਕੋ, ਲਿਖਣ ਪਢਨ ਸੋਂ ਪਿਆਰ। ੮।

ਚੰਦ ਸੇਨ ਤਾਂ ਕੋ ਤਨੁਜ, ਕਵਿ ਮਤਿਮੰਦ ਗਵਾਰ
ਗੁਰ ਗੋਬਿੰਦ ਕੀ ਸਭਾ ਮਹਿੰ, ਜਿੰਹ ਪਾਯੋ ਅਧਿਕਾਰ। ੯।

ਤਾਂ ਕੋ ਵਿਦਿਆ ਗੁਰੂ ਮਿਲਯੋ, ਚੰਦਨ 'ਦੇਵੀ ਦਾਸ'
ਕੀਯੋ ਆਪ ਸਮ ਨਿੰਮ ਤੇ, ਦੇ ਕੈ ਬੁਧਿ ਸੁ ਵਾਸ। ੧੦।

ਜਗਤਰਾਇ ਦਿਜ ਵੈਦ ਵਰ, ਬਸਤ ਵਜ਼ੀਰਾਬਾਦ
ਸੈਨਾਪਤਿ ਸੋ ਮਿਤ੍ਰਾਈ, ਕੀਨੀ ਪਰਮ ਸਵਾਦ। ੧੧।

ਜਗਤਰਾਇ ਇਕ ਦਿਨ ਕਹਯੋ, ਸੈਨਾਪਤਿਹਿ ਸੁਨਾਇ
ਪੋਥੀ 'ਰਾਮ ਬਿਨੋਦ' ਪੁਨ, ਭਾਖਾ ਦੇਹੁ ਬਨਾਇ। ੧੨।

---

* ਬਾਲ ਚੰਦ ਗੁਰੂ ਘਰ ਦਾ ਸ਼ਰਧਾਲੂ ਵਿਦਵਾਨ ਕਵੀ ਸੀ, ਇਸ ਨੇ ਬ੍ਰਹਿਮਾਂਡ ਪੁਰਾਣ ਦੇ ਅਧਾਰ ਤੇ ਸ੍ਰੀ ਹਰਿ ਵ੍ਰਿਤਾਨੰਦ ਗ੍ਰੰਥ ਲਿਖਿਆ ਜਿਸ ਵਿਚ 30 ਇਕਾਦਸੀਆਂ ਦਾ ਮਹਾਤਮ ਵਰਣਨ ਕੀਤਾ ਹੈ। ਮੁਢ ਇਉਂ ਸਿਰਲੇਖ ਹੈ—

'ਅਥ ਸ੍ਰੀ ਹਰਿ ਵ੍ਰਿਤਾਨੰਦ, ਬਾਲ ਚੰਦ ਸ੍ਰੀ ਗੁਰ ਨਾਨਕ ਪੰਥੀ ਕ੍ਰਿਤ ਲਿਖਯਤੇ ਭਾਸ਼ਾ।'

ਅੰਤਮ ਸਤਰਾਂ ਇਸ ਪਰਕਾਰ ਹਨ—

ਤੀਸ ਏਕਾਦਸ਼ੀ ਕੀਨੀ ਭਾਸ਼ਾ। ਜਿਵ ਭਾਖਿਆ ਸ੍ਰੀ ਵੇਦਵਿਆਸਾ
ਸਤਿਗੁਰ ਜੋ ਹੈਂ ਸੰਤ ਸਹਾਈ। ਤਿਨ ਮਮ ਉਰ ਬਹਿ ਭਾਸ ਬਨਾਈ। ੭੯। ੧੬੦।

ਹਮ ਮਹਿੰ ਰੰਚਕ ਬਲ ਨਹੀਂ ਦਆਲਾ। ਤੁਮ ਸਮ ਉਰ ਹੋਏ ਕ੍ਰਿਪਾਲਾ
ਆਗਿਆ ਕਰੀ ਸਤਿਗੁਰਹਿ ਸਹਾਈ। ਭਾਖਾ ਬਾਲੂ ਦਾਸ ਬਨਾਈ। ੮੦। ੧੬੧।



Digitized by Panjab Digital Library | www.panjabdigilib.org

ਸਮਯ ਪਾਇਕੈ ਸੈਨ ਕਵਿ, ਕਰੀ ਤਹਾਂ ਤੇ ਦੌਰ
ਸ਼ਹਿਰ ਵਜ਼ੀਰਾਬਾਦ ਮਹਿੰ, ਆਇ ਬਸਯੋ ਸ਼ੁਭ ਠੌਰ । ੧੩ ।

ਪਦਮ ਰੰਗ ਰਿਖਿ ਜੈਨ ਮਤਿ, ਮਹਾਂ ਵੈਦ ਮਤਿ ਮੰਦ
ਰਾਮ ਚੰਦ ਤਿੰਹ ਸਿਖ ਨੇ, ਕੀਨਹੁ 'ਰਾਮ ਬਿਨੋਦ'* । ੧੪ ।

ਵੇਦ ਗ੍ਰੰਥ ਸਭ ਮਥਨ ਕੈ, ਔਸ਼ਧਿ ਸੁੰਦਰ ਬੀਨ
ਭਾਖਾ ਰਾਮ ਬਿਨੋਦ ਕੀ ਸੁੰਦਰ ਪੋਥੀ ਕੀਨ । ੧੫ ।

ਤਿਹੰ ਪ੍ਰਸਾਦਿ ਕਵਿ ਸੈਨ ਮਨ, ਅਤਿ ਹੀ ਉਪਜਯੋ ਚੈਨ
ਪਲਟਹੁ ਯਹ ਭਾਖਾ ਬਹੁਰ, ਧਰਹੁ ਨਾਮ 'ਸੁਖਸੈਨ' । ੧੬ ।

ਜਿਉਂ ਦੀਪਕ ਤੇ ਦੀਪ ਕੋ, ਬਾਹਰ ਰਖੀਏ ਐਨ
ਤੈਸੇ 'ਰਾਮ ਬਿਨੋਦ' ਤੇ, ਗ੍ਰੰਥ ਕੀਯੋ 'ਸੁਖਸੈਨ' । ੧੭ ।

'ਸੁਖਸੈਨ' ਗ੍ਰੰਥ ਦੇ ਕੁਲ 1107 ਛੰਦ ਹਨ । ਇਸਦਾ ਇਕ ਖਰੜਾ ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ ਵਿਚ 274 ਨੰਬਰ ਤੇ ਸੁਰੱਖਿਅਤ ਹੈ ਤੇ ਇਕ ਖਰੜਾ ਸੈਂਟ੍ਰਲ ਲਾਇਬਰੇਰੀ ਪਟਿਆਲਾ ਵਿਚ 651 ਨੰਬਰ ਤੇ ਪਿਆ ਹੈ ਤੇ ਉਥੇ ਇਸਦਾ ਨਾਂ 'ਸੁਖਚੈਨ ਗ੍ਰੰਥ' ਹੈ ।

'ਚਾਣਕ ਨੀਤਿ' ਤੇ 'ਸੁਖਸੈਨ' ਤੋਂ ਇਲਾਵਾ ਸਿਖ ਰਵਾਇਤ, 'ਸ੍ਰੀ ਗੁਰ ਸੋਭਾ' ਗ੍ਰੰਥ ਦਾ ਕਰਤਾ ਵੀ ਸੈਨਾਪਤਿ ਨੂੰ ਮੰਨਦੀ ਹੈ ਪਰ ਇਹ ਠੀਕ ਨਹੀਂ । ਨਾ ਤਾਂ ਇਸ ਗ੍ਰੰਥ ਵਿਚ ਸੈਨਾਪਤਿ ਕਿਤੇ ਨਾਮ ਆਇਆ ਹੈ ਤੇ ਨਾ ਹੀ ਬਿਆਨ ਕੀਤੀਆਂ ਘਟਨਾਵਾਂ ਗੁਰੂ ਸਾਹਿਬ ਦੇ ਸਮਕਾਲੀ ਕਵੀ ਦੇ ਘੇਰੇ ਵਿਚ ਆਉਂਦੀਆਂ ਹਨ ਕਿਉਂਕਿ 'ਸ੍ਰੀ ਗੁਰ ਸ਼ੋਭਾ' ਵਿਚ ਸਿਖ ਪੰਥ ਦੀ ਚੜ੍ਹਦੀ ਕਲਾ ਦੇ ਵੀ ਕਈ ਸੰਕੇਤ ਮਿਲਦੇ ਹਨ ਜੋ ਕਿ ਬਾਦ ਦੀਆਂ ਗੱਲਾਂ ਹਨ ।

ਫਿਰ ਇਸ ਗ੍ਰੰਥ ਦਾ ਰਚਨਾ ਸਾਲ 1798 ਬਿ. ਸਪਸ਼ਟ ਹੈ । ਕਈ ਵਿਦਵਾਨਾਂ ਇਸ ਨੂੰ 1758 ਬਿ. ਕਰਕੇ ਪੜ੍ਹਿਆ ਹੈ ਜੋ ਠੀਕ ਨਹੀਂ ਅਸਲ ਪਾਠ 'ਅਠਾਨਵ' ਹੈ, ਜਿਸਨੂੰ ਕਈਆਂ 'ਅਠਾਵਨ' ਲਿਖ ਦਿਤਾ। ਫਿਰ ਇਹ ਗ੍ਰੰਥ ਦਿਲੀ ਦੀ ਵਿਸ਼ੇਸ਼ ਚਰਚਾ ਤੋਂ ਸ਼ੁਰੂ ਹੁੰਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਇਸਦਾ ਲੇਖਕ ਸੈਣਾ ਸਿੰਘ ਦਿਲੀ ਦਾ ਵਸਨੀਕ ਸੀ । ਇਹ ਸੈਨਾਪਤਿ ਨਹੀਂ ਸੀ ।

---

* ਰਾਮ ਬਿਨੋਦ ਦਾ ਗੱਦ ਪਦ ਅਨੁਵਾਦ, 1720 ਬਿ. ਵਿਚ ਕਵੀ ਰਾਮਚੰਦ੍ਰ ਨੇ ਵੀ ਕੀਤਾ ਸੀ। [ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ,
ਦੂਜਾ ਖੰਡ, ਪੰਨਾ 302



Digitized by Panjab Digital Library | www.panjabdigilib.org

ਸੋ ਚੰਦ੍ਰ ਸੇਨ ਸੈਨਾਪਤਿ ਦੀਆਂ ਤਿੰਨ ਹੀ ਰਚਨਾਵਾਂ ਪ੍ਰਾਪਤ ਹਨ, ਚਾਣਾਕਾ ਨੀਤਿ ਸੁਖਸੈਨ ਗ੍ਰੰਥ ਤੇ ਦਸਮੇਸ਼ ਜੁੱਧਾਂ ਦੇ ਦੋ ਕਰਖੇ।

'ਚਾਣਾਕਾ ਨੀਤਿ' ਵਿਚੋਂ ਕੁਝ ਵੰਨਗੀ ਦਿਤੀ ਜਾਂਦੀ ਹੈ—

ਏਕ ਤਜੈ ਕੁਲ ਕੇ ਲੀਏ' ਕੁਲ ਤਿਆਗੇ ਪੁਰ ਹੇਤ
ਪੁਰਿ ਤਿਆਗਹਿ ਹਿਤ ਦੇਸ ਕੇ, ਦੇਸ ਤਜਹਿ ਅਘਨੇਤ।

ਬ੍ਰਿਤ ਨਹੀਂ, ਬਾਂਧਵ ਨਹੀਂ, ਵਿਦਿਆ ਪ੍ਰਾਪਤ ਨਾਹਿੰ
ਨਹਿੰ ਆਦਰ ਜਿਹੇ ਦੇਸ ਮਹਿੰ, ਕਿਉਂ ਵਸੀਐ ਤਿਹੰ ਮਾਂਹਿੰ।

ਏਕ ਪਾਇ ਧਰ ਦਿਢ ਕਰੈ, ਤਬੈ ਉਠਾਵੈ ਅਉਰ
ਜਬ ਲਗ ਆਗਾ ਦਿਢ ਨਹੀਂ, ਤਬ ਲਗ ਤਜਹਿ ਨ ਠਉਰ।

ਜਹਾਂ ਸ਼ਾਹ ਨਹਿੰ ਨਦੀ ਹੈ, ਵੈਦ ਜੋਤਕੀ ਨਾਹਿੰ
ਨਹਿੰ ਰਹੀ ਤਿਹੰ ਦੇਸ ਮੈਂ, ਚਾਰੋਂ ਨਹਿੰ ਜਹਿ ਆਹਿੰ।

ਅਤਿ ਤੇਜਸੀ ਨ੍ਰਿਪਤਿ ਤਜ, ਤਜੀਅਹੁ ਕਪਟੀ ਮੀਤ
ਸ੍ਵਾਮੀ ਤਜੀਏ ਅਤਿ ਕ੍ਰਿਪਣ, ਅਕ੍ਰਿਤਘਨ ਸੋ ਕਿਆ ਪ੍ਰੀਤਿ।

ਦੁਸ਼ਟ ਨਾਰਿ ਕੇ ਬੋਲਤੇ, ਸਠ ਕੋ ਸਿਖਯਾ ਦੇਇ
ਨਿੰਦਕ ਕੀ ਸੰਗਤਿ ਕੀਏ, ਪੰਡਿਤ ਭੀ ਦੁਖ ਲੇਇ।

ਨਾਰਿ ਹੋਇ ਪਰ ਪੁਰਖ ਰਤ, ਦੁਸਟ ਵਸਹਿ ਘਰ ਮਾਂਹਿ
ਨਦੀ ਤੀਰ ਕੇ ਖੇਤ ਜਿਉਂ, ਕਛੁ ਭਰੋਸੋ ਨਾਹਿੰ।

ਬਾਂਧਵ ਪ੍ਰੀਛਾ ਭੀਰ ਹੈ, ਕਾਰਜ ਪ੍ਰੀਛਾ ਦਾਸ
ਮਿਤ੍ਰ ਪ੍ਰੀਛਾ ਆਪਦਾ, ਤ੍ਰਿਯ ਪ੍ਰੀਛਾ ਧਨ ਨਾਸ।

ਨਦੀ ਗਿਰਾਵਹਿ ਕੂਲ ਕੋ, ਕੁਲਹਿ ਗਿਰਾਵਹਿ ਨਾਰਿ
ਇਨ ਕਾ ਏਕ ਸੁਭਾਵ ਹੈ, ਰਹੀਤੈ ਆਪ ਸੰਭਾਰ।

ਕੰਚਨ ਹੋਇ ਕੀਚ ਮੈਂ, ਬਿਖ ਮੈਂ ਅੰਮ੍ਰਿਤ ਹੋਹਿ
ਵਿਦਿਆ ਨਾਰੀ ਨੀਚ ਪੈ, ਚਾਰੋਂ ਲੀਜਹਿ ਖੋਹਿ।

ਆਗਿਆਕਾਰੀ ਪੁਤ੍ਰ ਹੋਇ, ਅਰੁ ਮਿਠ ਬੋਲੀ ਨਾਰਿ
ਧਨ ਅਪਨੋ, ਸੰਤੋਖ ਮਨ, ਚਾਰ ਸ੍ਵਰਗ ਸੰਸਾਰ।

ਮੁਖਿ ਮੀਠਾ ਪਾਛੈ ਕਪਟੁ, ਛਾਡਿ ਦੇਇ ਵਹ ਮਿਤ੍ਰ
ਜਿਉਂ ਬਿਖ ਕੇ ਘਟ ਮੁਖ ਦੁਗਧ, ਤਿਉਂ ਤਿਹ ਜਾਨ ਚਰਿਤ੍ਰ।



Digitized by Panjab Digital Library | www.panjabdigilib.org

ਸ਼ਤਰੂ ਹੋਇਕੈ ਜੋ ਕਰੈ, ਮਿਤ੍ਰਾਈ ਕੀ ਬਾਤ
ਤਹਿ ਵਿਸਾਸ ਨ ਕੀਜੀਏ, ਅੰਤ ਕਰੇ ਵਹੁ ਘਾਤ ।

ਸ਼ਸਤ੍ਰਪਾਣਿ, ਸ੍ਰਿੰਗੀ, ਨਖੀ, ਨਦੀ, ਨ੍ਰਿਪਤਿ ਅਰੁ ਨਾਰਿ
ਇਨਕਾ ਕਿਆ ਇਤਬਾਰ ਹੈ, ਰਹੀਐ ਆਪ ਸੰਭਾਰ ।

ਮੂਰਖਤਾਈ ਕਸ਼ਟ ਹੈ, ਤਾਂ ਤੇ ਕਸ਼ਟ ਬਿਦੇਸ
ਪਰਾਧੀਨ ਤਾਂਤੇ ਕਸ਼ਟ, ਜਾ ਮੈਂ ਸਦਾ ਕਲੇਸ਼ ।

ਤਬ ਲਗ ਵਿਦਿਆ ਕੋ ਪਢਹਿ, ਜਬ ਲਗ ਘਟ ਮੈਂ ਪ੍ਰਾਨ
ਤਹਾਂ ਧਨੀ ਪਹੁੰਚਹਿ ਨਹੀਂ, ਜਹਿੰ ਪਹੁੰਚਹਿ ਵਿਦਵਾਨ ।

ਸੈਲ ਸੈਲ ਮਾਣਕ ਨਹੀਂ, ਗਜ ਗਜ ਮੋਤੀ ਨਾਹਿੰ
ਬਨ ਬਨ ਮੈਂ ਚੰਦਨ ਨਹੀਂ, ਸਾਧੂ ਨ ਪੁਰਿ ਪੁਰਿ ਮਾਹਿ ।

ਮਾਤ ਪਿਤਾ ਸੋ ਸ਼ਤਰੂ ਹੈਂ, ਪੁਤ੍ਰ ਪਢਾਵਤ ਨਾਹਿੰ
ਸੋਭ ਨ ਪਾਵਹਿ ਸਭਾ ਮੈਂ, ਜਿਉਂ ਬਗ ਹੰਸਨ ਮਾਂਹਿੰ ।

ਰਿਣੀ, ਕੁਮਾਰੀ ਕੋ ਪਿਤਾ, ਜਿਹੰ ਸਿਰ ਵੈਰੀ ਹੋਇ
ਇਨ ਤੀਨੋ ਕੇ ਨੈਨ ਮੈਂ, ਨਿਦ੍ਰਾ ਕਬਹੂੰ ਨ ਹੋਇ ।

ਯੱਦਪਿ ਰੂਪ ਕੁਰੂਪ ਹੈ, ਬਸਤ੍ਰਹੀਨ ਤਨ ਛਾਰ
ਤੱਦਪਿ ਵਿਦਿਆਵਾਨ ਕੋ, ਸਭਾ ਮਾਂਹਿ ਅਧਿਕਾਰ ।

ਸਭ ਸ਼ਾਸਤ੍ਰਨ ਮਹਿੰ ਨਿਪੁਣਤਾ, ਬਚਨ ਚਤੁਰ ਬੁਧਿਵਾਨ
ਵੀਚਾਰੀ, ਮੇਲੀ ਸਭਨ, ਵਹ ਲੇਖਕ ਪ੍ਰਧਾਨ ।

ਦੋ ਦ੍ਵਿਜ, ਦੋ ਨ੍ਰਿਪ, ਦੋ ਅਗਨਿ, ਦੋ ਦੰਪਤਿ ਦੋ ਬੈਲ
ਇਨ ਕੇ ਬੀਚ ਨ ਜਾਈਏ, ਯਹ ਦੁਖਦਾਇਕ ਗੱਲ ।

ਵਿਦਿਆ, ਗਾਨ, ਅਹਾਰ, ਧਨ, ਅਰੁ ਪੰਚਮ ਵਯਾਪਾਰ
ਇਨ ਮਹਿੰ ਲਾਜ ਨ ਚਾਹੀਏ, ਕਰਹਿ ਸੋ ਮੁਗਧ ਗਵਾਰ ।

ਅਤਿ ਕੋਮਲ ਨਹਿੰ ਹੋਈਏ, ਕਛੁ ਕਠੋਰ ਵਿਉਹਾਰ
ਜਿਉਂ ਕੇਲੇ ਕੋ ਮੂਲ ਮ੍ਰਿਦੁ, ਉਖਰਤ ਲਗਹਿ ਨਾ ਵਾਰ ।

ਕਾਮ, ਮੋਖ, ਵਿਦਿਆ, ਅਰਥ, ਲੰਘਨ ਪਰਬਤ ਜਾਹਿੰ
ਧੀਰੇ ਧੀਰੇ ਹੋਤ ਹੈਂ, ਏਂ ਪਾਂਚਹੁੰ ਜਗ ਮਾਂਹਿੰ ।
ਅੰਤਰ ਮ੍ਰਿਦੁ ਬਾਹਰ ਕਠਿਨ, ਉਤਮ ਜਿਉਂ ਨਲਯੇਰ ।
ਬਾਹਰ ਮ੍ਰਿਦੁ ਅੰਤਰ ਕਠਿਨ, ਨੀਚ ਪੁਰਖ ਜਿਉਂ ਬੇਰ ।



Digitized by Panjab Digital Library | www.panjabdigilib.org

ਦਿਨ ਕਾ ਦੀਪਕ ਸੂਰ ਹੈ. ਨਿਸ ਕਾ ਦੀਪਕ ਚੰਦ
ਦੀਪਕ ਧਰਮ ਤ੍ਰਿਲੋਕ ਕਾ, ਕੁਲ ਕਾ ਦੀਪ ਸੁ ਨੰਦ ।

ਸਿੰਘਨ ਕੇ ਸੁਤ ਏਕ ਹੀ, ਸੁਖ ਸੋਵਤ ਵਹ ਨੀਠ
ਗਧਹੀ ਕੇ ਸੁਤ ਬਹੁਤ ਹੈਂ, ਭਾਰ ਉਠਾਵਤ ਪੀਠ ।

ਯਾ ਤਰੁਵਰ ਸੰਸਾਰ ਮਹਿ. ਹੈ ਉਤਮ ਫਲ ਦੋਇ
ਸਾਧ ਸੰਗ ਮੀਠੇ ਬਚਨ, ਯਾ ਸਮ ਅਉਰ ਨ ਕੋਇ ।

## ਕੜਖੇ ਪਾਤਸ਼ਾਹ ਦਸਵੇਂ ਕੇ†

**ਸਲੋਕ**— ਸਦਾ ਭਗਉਤੀ ਦਾਹਨੀ, ਜੀ ਲੋਹੇ ਸੋ ਪ੍ਰੇਮ
ਗੁਰ ਗੋਬਿੰਦ ਸਿੰਘ ਨ੍ਰਿਪ ਕੇ, ਦਾਨ ਖੜਗ ਕੋ ਨੇਮ । ੧ ।

ਪੈਜ ਨਿਬਾਹਨ ਰਣ ਭਿਰਨ, ਸਿਰਨ ਸੂਰ ਬਲਵਾਨ
ਕਲਿ ਮੈਂ ਗੋਬਿੰਦ ਸਿੰਘ ਗੁਰ, ਨਰ ਸੋਢੀ ਸੁਲਤਾਨ । ੨ ।

ਜੂਝੰਤੇ ਚਾਰੋਂ ਭਲੇ, ਕਯਉ ਭਗੌੜਾ ਬੀਸ
ਵੈ ਬੀਸੋਂ ਰਨ ਭਗਨੇ, ਸੁ ਵੈ ਚਾਰੋਂ ਚਾਲੀਸ । ੩ ।

ਚਢੋ ਕੋਪ ਕਰਵਾਰ ਗਹਿ, ਹਠੀ ਗੋਬਿੰਦ ਗੁਰ
ਲੋਹ ਕੀ ਲਾਜ ਪਰ ਕੀਓ ਸਾਕਾ ।

ਦੇਸ ਸ੍ਰਿਮੌਰ ਰਣ ਭੇੜੋ ਜਮਨਾ ਪਵੇ, ਘੁਰੇ ਨਿਸ਼ਾਨ ਰਣਜੀਤ ਜਾ ਕਾ
ਭੂਪ ਗਢਵਾਲ ਕੋ ਖੇਤ ਖਦੋ ਪਰਬਲ, ਤੀਰ ਤਲਵਾਰ ਦੈ ਕੇ ਜਡਾਕਾ । ੧ । *
ਬਾਣ ਬੰਦੂਕ ਹਥਿ ਨਾਲ ਗੋਲੈ ਛੁਟੈਂ, ਮਹਾਂ ਭੈ ਭੀਮ ਕੀਨੋ ਕੜਾਕਾ । ੨ ।

ਮਾਰ ਹੀ ਮਾਰ ਕਰ ਮਹਾਂ ਜੁਝਾਰ ਭੱਟ, ਕਰੈ ਅਵਠਾਨਤਾ ਜਨ ਤੜਾਕਾ
ਭੇੜੇ ਸੁਮੁਹੇ ਸਾਵੇਤ ਪ੍ਰਭ ਕਾਰ ਜੀ ਲੈ ਅਰਿ ਦਲੇਲਨ ਧਸਾਕਾ । ੩ ।

ਬੀਰ ਚੰਦੇਲ ਹਰਿ ਚੰਦ ਰਾਜਾ ਜਬੈ, ਸਾਮੁਹੇ ਆਇ ਰਿਸ ਡੀਠ ਤਾਕਾ
ਦੇਖਿ ਗੁਰਦੇਵ ਤਬ ਅਸਟ ਸਿਲ ਲੀਉ, ਧਨੁਕ ਧਰ ਸ਼ਤਰੂ ਕੀਨੋ ਰਿਹਾਕਾ । ੪ ।

ਲਾਗਿਓ ਸਰ ਕੰਠ ਰਣ ਭੂਮਿ ਰਾਜਾ ਗਿਰੋ, ਰਾਨ ਤੇ ਛੁਟਿਓ ਬਾਜ਼ੀ ਚਲਾਗਾ
ਮੁਕਤ ਪਦ ਦੀਓ ਤਹਿੰ ਰੀਝ ਸਮਰ ਮੈਂ, ਖਰਿਓ ਕਰ ਲਇਓਂ ਜਨ ਦੈ ਸੁਲਾਕਾ । ੫ ।

---

†ਕੜਖਾ ਇਕ ਮਾਤ੍ਰਿਕ ਛੰਦ ਹੈ ਜਿਸ ਵਿਚ ਪ੍ਰਤਿਚਰਣ ੩੭ ਮਾਤ੍ਰਾ-ਵਿਸਰਾਮ ੮, ੧੨, ੮, ੯, ਤੇ ਹੁੰਦਾ ਹੈ । ਯੁੱਧ ਵਰਣਨ ਇਸ ਦਾ ਵਿਸ਼ਾ ਹੈ ।

* ਇਥੇ ਭੰਗਾਣੀ ਜੁੱਧ ਦਾ ਵਰਣਨ ਹੈ, ਜਿਥੇ ਰਾਜਾ ਹਰੀ ਚੰਦ ਮਾਰਿਆ ਗਿਆ ਸੀ ।



Digitized by Panjab Digital Library | www.panjabdigilib.org

ਖਾਨਜ਼ਾਦੇ ਹਨੇ ਬੀਰ ਘਮਸਾਨ ਮੈਂ, ਗਨੈਂ ਨਹਿੰ ਜਾਇ ਅਸਹਾਬ ਬਾਂਕਾ
ਕਰਿਓ ਸੰਘਾਰ ਕਰਵਾਰ ਕ੍ਰਿਵਾਰ ਕੈ, ਹਾਰ ਪੂਰਨ ਕੀਓ ਹਰ ਹਰਾ ਕਾ । ੬ ।

ਸੂਰਬੀਰਨ ਬੀਰ ਰਕਤ ਜੋਗਿਨ ਤੀਰ ਦਇਓ ਹੈ ਪੱਤ੍ਰ ਭਰ ਕਾਲਕਾ ਕਾ
ਬੀਰ ਬੈਤਾਲ ਨਾਰਦ ਜ਼ੈ ਜੈ ਕਰੈਂ, ਦਾਨ ਦਾਤਾਰੁ ਖਾਂਡੇਲ ਡਾਂਕਾ । ੭ ।

ਹਾਰ ਬਲ ਚਲਿਓ ਦਲ ਲੈ ਫਤਿਹਸ਼ਾਹ ਨ੍ਰਿਪ, ਬੀਰ ਸੰਨਾਦ ਸੌਂ ਲੈ ਘਮਾਕਾ
ਰਾਖਿ ਸਿਰਮੌਰ, ਗੜ੍ਹਵਾਲ ਕੋ ਗਰਬ ਹਰ ਕੀਓ, ਪਰ ਕਾਜ ਪ੍ਰਿਣ ਹੈ ਸਦਾ ਕਾ । ੮ ।

ਰਾਜ ਲੈ ਦੀਓ ਮੇਦਨੀ ਪ੍ਰਗਾਸ ਕੋਂ, ਸੁਨਯੋ ਚਹੂੰ ਜਗ ਇਹ ਸੁਜਸ ਵਾਂਕਾ
ਸਦਾ ਰੱਛਯਾ ਕਰੇ ਦੁਸਟ ਕਾ ਦਮ ਲੈ, 'ਸੈਨ' ਜਨ ਜਪੈ ਰਸ ਬੀਰ ਬਾਂਕਾ । ੯ ।

## ਕਰਖਾ ਦੂਸਰਾ ਚਲਿਆ*

ਰਨ ਮੰਡਨ ਡੰਡਿਨ ਅਰਿ ਦਲ ਖੰਡਨ ਗੁਰ ਗੋਬਿੰਦ ਹਠੀਲੋ ਰੇ
ਖੇਤ ਪਚਾਂਡ ਚਾਂਦ ਲੇ ਮਾਰੇ, ਖਾਂਡੇ ਦਾਨ ਦੁਸੀਲੋ ਰੇ । ੧ ।

ਭੂਤ ਬੈਤਾਲ ਲੀਏ ਕਲਿ ਨਾਰਦ, ਆਇਓ ਰੁਦ੍ਰ ਜਟੀਲੋ ਰੇ
ਕੀਨੀ ਅਰਜ਼ ਗੁਰੂ ਸਾਹਿਬ ਸੋਂ, ਕੀਜੈ ਜਗ ਕਟੀਲੋ ਰੇ । ੨ ।

ਤੋ ਹਮ ਬਚੈ ਤੁਹਿ ਰਾਨਦੁਲਹਿ, ਜੋਗਨਿ ਪੱਤ੍ਰ ਭਰੀਲੋ ਰੇ
ਬਾਢੋ ਕਲਹਿ ਕਲੀਰ ਭੂਮ ਮੈਂ, ਨਾਰਦ ਫਿਰਤ ਵਕੀਲੋ ਰੇ । ੩ ।

ਲੈ ਅਜਮੇਰ ਚੰਦ ਬਹੁ ਆਇਓ, ਰਾਜਾ ਗਰਬ ਗਹੀਲੋ ਰੇ
ਚਾਰੋਂ ਓਰ ਫਤਿਹਗਢ ਘੇਰਿਓ, ਕੀਨੋ ਕਾਮ ਕੁਸੀਲੋ ਰੇ । ੪ ।

ਬਾਨ ਕਮਾਨ ਪਕੜਿ ਤਬ ਸੋਢਾ, ਗਾਜੇ ਸਿੰਘ ਅਰੀਲੋ ਰੇ
ਭਾਜੇ ਸ਼ਤਰੁ ਭਭਕੰ ਸੁਨਿ ਗਜ, ਜਿਤੁੰ, ਭਗਲ ਨਠੀਲੋ ਰੇ । ੫ ।

ਤਕਿ ਤਕਿ ਤੀਰ ਹਨੇ ਅਰਿ ਦਲ ਮੈਂ, ਕੀਨੋ ਕਟਕ ਰੰਗੀਲੋ ਰੇ
ਜਹਾਂ ਤੀਰ ਤੁਫੰਗੈ ਅਵਾਜ਼ ਕੜਾ ਕੜ, ਛੂਟਤ ਬਾਨ ਛਰੀਲੋ ਰੇ । ੬ ।

ਤਹਾਂ ਸਾਮੁਹੇ ਭਿੜੇ ਹੁਤੇ ਜੋ, ਮਹਾਂ ਭਟ 'ਮਾਰ ਹੀ ਮਾਰ' ਕਰੀਲੋ ਰੇ
ਦੇ ਧਰ ਕਰਨ ਬਹੇ ਬਾਢਾ ਲੈ, ਉਮਡਿਓ ਨਦਰਿ ਕਟੀਲੋ ਰੇ । ੭ ।

---

* ਇਸ ਦੂਸਰੇ ਕੜਖੇ ਵਿਚ, ਭੀਮ ਚੰਦ ਦੇ ਪੁੱਤਰ ਰਾਜਾ ਅਜਮੇਰ ਚੰਦ ਵਲੋਂ ਜਦ ਮਦਮਸਤ ਹਾਥੀ ਛਡ ਕੇ ਫਤਿਹਗੜ੍ਹ ਕਿਲੇ ਨੂੰ ਤੋੜਨ ਦਾ ਅਸਫਲ ਉਪਰਾਲਾ ਕੀਤਾ ਗਿਆ ਉਸਦਾ ਵਰਨਣ ਹੈ ।



Digitized by Panjab Digital Library | www.panjabdigilib.org

ਹਾਰਿ ਖਿਸਿਆਇ ਰਹਿਓ ਤਬ ਰਾਜਾ, ਜਗ ਮੈਂ ਭਏ ਹਸੀਲੋ1 ਰੇ
ਕੀਨੀ ਫ਼ਤਿਹ, ਫਤਹ ਗਢ ਰਾਖਿਓ, ਜੀਤਿਓ ਗੁਰੂ ਜਿਤੀਲੋ2 ਰੇ । ੮ ।

ਸੰਤ ਸਹਾਇ ਸਦਾ ਜਗ ਮੈਂ ਗਰ ਗੋਬਿੰਦ ਸਿੰਘ ਪੈਜ ਰਖੀਲੋ ਰੇ
ਸੇਵਕ 'ਸੈਨ ਜਾਟੂ' ਜਸੁ ਗਾਵਹਿ, ਜੈ ਜੈ ਸਰਬ ਮਹੀਲੋ ਰੇ । ੯ ।

ਸਲੋਕ

ਰਾਮ ਰੂਪ ਰਾਵਣ ਹਨਯੋ, ਕ੍ਰਿਸ਼ਨ ਰੂਪ ਹੁਇ ਕੰਸ
ਕਲਿ ਮੈਂ ਗੁਰ ਗੋਬਿੰਦ, ਨਰ ਪਰਗਟ ਬੀਰ ਅਵਤੰਸ । ੧੦ ।

### ਬਰਛੀ ਚਹੁੰ ਚੱਕ ਮੈਂ ਜਾਨੀ ਹੋ !

ਗੁਰ ਗੋਬਿੰਦ ਪੀਆ ਕੀ ਬਰਛੀ, ਚਹੂੰ ਚੱਕ ਮੈਂ ਜਾਨੀ ਹੋ
ਇਤ ਤੈ ਗੋਬਿੰਦ ਧਾਇਓ ਉਤ ਤੈ ਗਇੰਦ2 ਆਇਓ
ਲਾਗਤ ਹੀ ਆਨ ਆਨੀ ਹੋ, ਬਰਛੀ ਚਹੂੰ ਚੱਕ ਮੈਂ ਜਾਨੀ ਹੋ । ੧ ।

ਸਕ ਗਈ ਜਬ ਅਰਧਕੁੰਭ ਮੈਂ, ਰੁਧਿਰ3 ਬਹਿਓ ਜੈਸੇ ਪਾਨੀ ਹੋ
ਮਦ ਉਦਾਰ ਚਲੇ ਪਵਨ ਜਿਉਂ, ਮਸਤੀ ਸਬਹਿ ਭੁਲਾਨੀ ਹੋ
ਬਰਛੀ ਚਹੂੰ ਚੱਕ ਮੈਂ ਜਾਨੀ ਹੋ । ੨ ।

[ਸਿਖ ਰੈਫ਼ੈਂਸ ਲਾਇਬਰੇਰੀ, ਖਰੜਾ ਨੰ:3547

## (੧੩) ਕਾਂਸ਼ੀ ਰਾਮ

ਕਾਂਸ਼ੀਰਾਮ ਕਵੀ ਦਾ ਨਾਮ ਦਰਬਾਰੀ ਕਵੀਆਂ ਦੀ ਮੌਜੂਦਾ ਸੂਚੀ ਵਿਚ ਨਹੀਂ ਮਿਲਦਾ । ਇਹ ਸਕਸੇਨਾ ਕਾਇਸਥ ਸੀ ਤੇ ਇਸ ਦਾ ਜਨਮ 1715 ਬਿ: ਵਿਚ ਹੋਇਆ । ਪਹਿਲੇ ਇਹ ਕਵੀ ਔਰੰਗਜ਼ੇਬ ਦੇ ਸੂਬੇਦਾਰ ਨਿਆਮਤ ਖ਼ਾਂ ਪਾਸ ਵੀ ਕੁਝ ਅਰਸਾ ਰਿਹਾ ਸੀ । * ਜਦ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਨੰਦਪੁਰ, ਸਾਹਿਤ ਦੀ ਜੋਤ ਜਗਾਈ ਗਈ ਤਾਂ ਜੋ ਕਵੀ ਪਰਵਾਨੇ ਇਧਰ ਆਏ, ਉਨ੍ਹਾਂ ਵਿਚ ਕਾਂਸ਼ੀ ਰਾਮ ਵੀ ਸੀ । ਸਿਖ ਇਤਿਹਾਸ ਵਿਚ ਇਹ ਵੀ ਮਿਲਦਾ ਹੈ ਕਿ ਪੰਡਤ ਸ਼ਿਵ ਦਾਸ ਦੇ ਸੱਦੇ ਤੇ ਕਾਂਸ਼ੀ ਰਾਮ ਬਨਾਰਸ ਤੋਂ ਆਇਆ ਸੀ, ਇਸ ਨੇ ਇਹ ਮਨ ਵਿਚ ਧਾਰੀ ਕਿ ਜੇਕਰ ਗੁਰੂ ਸ਼ਕਤੀਵਾਨ ਹੈ ਤਾਂ ਮੈਨੂੰ ਦੁਰਗਾ ਸਪਤਸ਼ਤੀ ਵਿਚੋਂ ਦੁਰਗਾ ਮਹਿਮਾ ਦਾ ਭਾਸ਼ਾਨੁਵਾਦ ਸੁਣਾਵੇ ਤੇ ਕਾਬਲੀ ਮੇਵੇ ਛਕਾਵੇ , ਐਸਾ ਹੀ ਹੋਇਆ । ਗੁਰੂ ਸਾਹਿਬ ਨੇ ਤ੍ਰਿਭੰਗੀ ਛੰਦਾਂ ਦੀ ਕਵਿਤਾ ਸੁਣਾਈ

---

1 ਠੱਠਾ ਮਖੌਲ 2 ਹਾਥੀ 3 ਲਹੂ

* ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਪ੍ਰਥਮ ਖੰਡ, ਪੰਨਾ 160
ਹਿੰਦੀ ਸਾਹਿਤ ਕੋਸ਼, ਭਾਗ 2, ਪੰਨਾ 85



Digitized by Panjab Digital Library | www.panjabdigilib.org

ਇਹ ਕਵਿਤਾ ਸੁਣ ਕੇ ਕਾਂਸ਼ੀ ਰਾਮ ਗੁਰੂ ਜੀ ਦੀ ਓਜਮਈ ਕਾਵਿ ਕਲਾ ਦਾ ਸ਼ੈਦਾਈ ਹੋ ਗਿਆ । ਇਸ ਨੇ 1747 ਬਿ. ਵਿਚ ਅਨੰਦਪੁਰ ਆ ਕੇ 'ਪਾਂਡਵਗੀਤਾ' ਲਿਖੀ । 'ਪਾਂਡਵ ਗੀਤਾ' ਵਿਚ ਨਾਰਦ ਤੇ ਭੀਸ਼ਮ ਪਿਤਾਮਾ ਦਾ ਸੰਵਾਦ ਹੈ ਜੋ ਮਹਾਂ ਭਾਰਤ ਦੇ ਸ਼ਾਂਤਿ ਪਰਬ ਵਿਚ ਆਉਂਦਾ ਹੈ । ਕਵੀ ਨੇ ਇਸ ਸੰਵਾਦ ਨੂੰ ਪੰਜਾਬੀ ਪਾਠਕਾਂ ਦੇ ਲਾਭ ਲਈ ਪੰਜਾਬੀ ਰੰਗ ਅਰਥਾਤ ਵਾਰ ਦੇ ਰੂਪ ਵਿਚ ਅੰਕਿਤ ਕੀਤਾ ਹੈ । ਪਹਿਲੇ ਰਡ ਛੰਦ ਫਿਰ ਨਾਲ ਇਕ ਇਕ ਪਉੜੀ ਹੈ, ਜਿਥੇ ਪਉੜੀ ਰਚੀ ਹੈ, ਉਥੇ ਖਰੀ ਪੰਜਾਬੀ ਵਰਤੀ ਹੈ ।

ਇਸ ਤੋਂ ਇਲਾਵਾ ਕਵੀ ਦੀ ਦੀਆਂ ਦੋ ਹੋਰ ਰਚਨਾਵਾ ਮਿਲਦੀਆਂ ਹਨ— 'ਕਨਕ ਮੰਜਰੀ' ਤੇ 'ਪਰਸੁਰਾਮ ਸੰਵਾਦ', 'ਕਨਕ ਮੰਜਰੀ' ਵਿਚ ਰਤਨ ਪੁਰ ਦੇ ਧਨਧੀਰ ਸ਼ਾਹ ਦੀ ਪਤਨੀ ਦੀ ਕਥ ਹੈ ਤੇ ਇਸਦਾ ਖਰੜਾ ਗੁਲੇਰ (ਕਾਂਗੜਾ) ਪਿਆ ਹੈ ਅਤੇ 'ਪਰਸੁਰਾਮ ਸੰਵਾਦ' ਵਿਚ ਸ੍ਰੀ ਰਾਮ ਚੰਦ੍ਰ ਤੇ ਪਰਸਰਾਮ ਦਾ ਧਨੁਸ਼ ਟੁੱਟਣ ਤੇ ਹੋਇਆ ਕਰਾਰਾ ਵਾਰਤਾਲਾਪ ਦਰਜ ਹੈ । ਇਹੋ ਵਾਰਤਾਲਾਪ ਦੇ 16 ਕਬਿੱਤ ਹ੍ਰਿਦੇਰਾਮ ਭੱਲਾ ਕ੍ਰਿਤ ਹਨੂਮਾਨ ਨਾਟਕ ਦੇ ਪਹਿਲੇ ਅੰਕ ਵਿਚ 79 ਤੋਂ 95 ਨੰ, ਛੰਦ ਤਕ ਸ਼ਾਮਲ ਹਨ ਤੇ ਇਨ੍ਹਾਂ ਕਬਿੱਤਾਂ ਵਿਚ ਕਾਂਸ਼ੀ ਰਾਮ ਦਾ ਨਾਮ ਸਾਫ ਹੈ । ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸ਼ਾਮਲ ਕਰਾਏ ਸਨ । 'ਪਾਂਡਵਗੀਤਾ' ਗੁਰਮੁਖੀ ਹੱਥ ਲਿਖਤਾਂ ਵਿਚ ਪ੍ਰਾਪਤ ਹੈ । ਇਸ ਦਾ ਮੁੱਢ ਇਉਂ ਤੁਰਦਾ ਹੈ—

ਰੱਡ— ਮਹਾਂ ਭਾਰਥ ਮੇਂ ਸ਼ਾਂਤ ਇਕ ਪਰਬ ਹੈ, ਤਾਂ ਮਧੇ 'ਪਾਂਡਵ ਗੀਤਾ' ਜਾਨੋ
ਕੀਆ ਸੰਬਾਦ ਨਾਰਦ ਭੀਖਮ ਤਹਾਂ, ਕ੍ਰਿਤ ਬਿਆਸ ਕੀ ਪ੍ਰਗਟ ਮਾਨੋ
ਸੋ ਜਨਮੇਜੇ ਪਹਿ ਕਰੀ ਵੈਸ਼ੰਪਾਇਨ ਵਿਚਾਰ
ਸਤ੍ਰ ਸੈ ਸੰਤਾਲੀਏ, ਹਾੜ ਵਦੀ ਕਰੀ ਵਾਰ । ੧ ।

ਪਉੜੀ— ਨਮੋ ਕਰੀ ਭਗਵਾਨ ਨੂੰ ਜੋ ਸਾਚਾ ਸਾਈਂ
ਨਮੋ ਕਰੀ ਸਭ ਦੇਵ ਨੂੰ, ਸਦ ਲਾਗਾਂ ਪਾਈਂ
ਨਮੋਂ ਕਰੀਂ ਗੁਰ ਸਕਲ ਨੂੰ, ਨਿਤ ਅੰਤਰ ਧਿਆਈਂ
ਗੁਰ ਗੋਬਿੰਦ ਕੀ ਦਯਾ ਸੇ, ਕਛੂ ਇਹੈ ਬਨਾਈ
'ਕਾਂਸ਼ੀ' ਕਥਾ ਸਹਸਕ੍ਰਿਤ, ਭਾਖਿਆ ਕਰਿ ਗਾਈ
ਮਹਿਮਾ ਨਾਮ ਗੋਬਿੰਦ ਕੀ, ਸਾ ਪ੍ਰਗਟ ਸੁਨਾਈ । ੨ ।

ਅੰਤ ਵਿਚ ਕਵੀ ਨੇ ਇਸਦਾ ਮਹਾਤਮ ਬਿਆਨ ਕਰਦਿਆਂ ਇਹ ਵੀ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਰਾਇ ਦੇ ਪੰਡਿਤ ਮਿੱਠੂ ਨੇ ਮੈਨੂੰ ਇਸਦੇ ਅਰਥ ਸਮਝਣ ਸਮਝਾਉਣ ਵਿਚ ਮੱਦਦ ਦਿਤੀ ਹੈ ।



Digitized by Panjab Digital Library | www.panjabdigilib.org

ਪਉੜੀ— ਕਥਾ ਸੰਪੂਰਨ ਏ ਭਈ, ਸੁਨੀਅਹੁ ਤ੍ਰੈ ਲੋਈ
ਭੈ ਪਾਪ ਸਿਧਾਵਣ ਦੁਖ ਜੇ, ਸ਼ੁਧ ਹੀਆ ਹੋਈ
ਮੁਕਤਿ ਪਦਾਰਥ ਸੋ ਲਹੈ, ਏ ਪੜ੍ਹ ਹੈ ਜੋਈ
ਉਤਮ ਉਸਤਤਿ ਵਿਸਨੁ ਕੀ, ਕਹੀ ਉਤਮ ਸੋਈ
ਮਿੱਠੂ ਦਿਜ ਗੋਬਿੰਦ ਰਾਇ, ਅਰਥ ਦੱਸ ਦਿਤੋਈ
'ਕਾਂਸ਼ੀ' ਕਹੀ ਜੈਸੀ ਬੁਧਿ ਥੀ, ਦੋਸ਼ ਦੇਹੁ ਨ ਕੋਈ । ੭੮ । *

ਕਾਂਸ਼ੀ ਰਾਮ 1747 ਬਿਕ੍ਰਮੀ ਵਿਚ ਅਨੰਦਪੁਰ ਸੀ, ਇਸ ਤੋਂ ਪਤਾ ਲਗਦਾ ਹੈ ਕਿ ਜਦੋਂ ਪਾਉਂਟੇ ਤੋਂ ਮੁੜ ਕੇ ਗੁਰੂ ਸਾਹਿਬ ਨੇ ਸਹਿਤਕ ਕਾਰਜ ਅਰੰਭਿਆ ਤਾਂ ਇਹ ਪਹਿਲੇ ਆਉਣ ਵਾਲੇ ਕਵੀਆਂ ਵਿਚ ਸੀ । ਇਸ ਨੇ ਹੋਰ ਵੀ ਕਈ ਰਚਨਾਵਾਂ ਰਚੀਆਂ ਹੋਣਗੀਆਂ ਪਰ ਉਨ੍ਹਾਂ ਦੀ ਪ੍ਰਾਪਤੀ ਨਾ ਹੋਣ ਕਰਕੇ ਕੁਝ ਵੀ ਆਖਣਾ ਕਠਿਨ ਹੈ ।

ਵੰਨਗੀ—ਰਾਗ ਸੋਰਠਿ ਵਾਰ, ਪਾਂਡਵਗੀਤਾ ਲਿਖਯਤੇ

ਦੋਹਰਾ— ਪ੍ਰਹਿਲਾਦ ਨਾਰਦ ਅਕ੍ਰੂਰ ਰਿਖ ਪ੍ਰਾਸਰੋ ਕਹੇ ਪੁੰਡਰੀਕ ਔ ਬਯਾਸ ਬੇਤੇ
ਤਹਾਂ ਅੰਮ੍ਰੀਕ ਸੁਕ ਸੌਨਿ ਕੇ ਭੀਖਮੰ, ਔਰ ਰੁਕਮਾ ਦੇ ਆਹਿ ਜੇਤੇ
ਅਰਜਨ ਔਰ ਵਸਿਸ਼ਟ ਜੀ, ਔਰ ਵਿਭੀਖਣ ਸੰਤ
ਪਰਮ ਭਗਤ ਏ ਕ੍ਰਿਸ਼ਨ ਕੇ, ਸਭ ਪਾਂਡਵਨ ਨਮੋ ਕਰੰਤ । ੩ ।

ਪਉੜੀ ਯੁਧਿਸਟਰ ਦਾ ਜੋ ਜਸ ਕਹਾਂ, ਧਰਮ ਬਿਰਧ ਹੋ ਆਵੈ
ਭੀਮ ਸੈਨ ਦਾ ਜਸ ਕਹਿਆਂ, ਪਾਪ ਸਗਲਿ ਸਿਧਾਵੈ
ਅਰਜਨ ਦਾ ਜੋ ਜਸ ਕਹਿਆਂ, ਸ਼ਤਰੂ ਨਾਸ ਹੋਇ ਜਾਵੈ
ਜਸ ਨੁਕਲ ਸਹਦੇਵ ਦੇ ਰੋਗ ਰਹਣ ਨ ਪਾਵੈ
ਐਸੇ ਬਚਨ ਆਨੰਦ ਹੋਇ ਲੋਮਹਰਖ ਸੁਨਾਵੈ
ਪ੍ਰਗਟ ਭਈ ਵੈ ਦੇਖੀਐ, ਕਾਂਸ਼ੀ ਗੁਣ ਗਾਵੈ । ੪ ।

ਦੋਹਰਾ— ਨਾਮ ਨਾਰਾਇਣ ਨਰੋਂ ਮੇਂ ਕਹਤ ਹੈਂ ਪ੍ਰਗਟ ਤਸਕਰਿ ਕਹਾਂ ਸਕਲ ਬੇਦੇ ।
ਜਨਮ ਅਨੇਕ ਕੇ ਪਾਪ ਸਰੀਰ ਮੈਂ ਲੇਤ ਹਿਰ ਭਰਮ ਕੀ ਭੀਤਿ ਛੇਦੇ
ਹੋਇ ਅਨੰਦ ਸਰੀਰ ਮੈਂ, ਸਹਿਜ ਬਸੈ ਮਨ ਆਇ
ਐਸੇ ਬਚਨ ਅਨੰਦ ਹੋਇ, ਬ੍ਰਹਿਮਾ ਕਹਤ ਬਨਾਇ । ੫ ।

---

* ਇਸ ਪਾਂਡਵਗੀਤਾ ਤੋਂ ਇਲਾਵਾ ਗੁਰਮੁਖੀ ਹੱਥ-ਲਿਖਤਾਂ ਵਿਚ ਕਈ ਹੋਰ 'ਪਾਂਡਵਗੀਤਾ' ਵੀ ਮਿਲਦੀਆਂ ਹਨ, ਪਰ ਉਹ ਵਾਰਤਕ ਵਿਚ ਹਨ ਤੇ ਕਿਸੇ ਹੋਰ ਲੇਖਕ ਦੀ ਕਿਰਤ ਹਨ ।



Digitized by Panjab Digital Library | www.panjabdigilib.org

ਪਉੜੀ ਸੋਗ ਹਰਖ ਜਿਨ੍ਹਾਂ ਦਾ ਗਇਆ, ਪਰਮ ਧਰਮ ਤੇ ਜਾਣੈ
ਨਿਤ ਨਾਰਾਇਣ ਸਿਮਰਤੇ, ਅਨਭੈ ਪਦ ਮਾਣੈ
ਧਿਆਨ ਕਰੰਤੇ ਨਿਤ ਹੀ, ਪਾਪ ਸਗਲ ਸਿਧਾਣੈ
ਦੂਧ ਨ ਪੀਵੈ ਮਾਤ ਦਾ, ਫਿਰ ਜਨਮ ਨ ਆਣੈ
ਐਸੇ ਬਚਨ ਅਨੰਦ ਹੋਇ, ਇੰਦ੍ਰ ਦੇਵ ਬਖਾਣੈ
ਕਾਂਸ਼ੀ ਨਾਮ ਧਿਆਈਐ, ਫਿਰ ਰਹੈ ਨ ਕਾਣੈ । ੬ ।

ਰੜ— ਤੁਹੀ ਹੈ ਮਾਤਾ ਅਰ ਪਿਤਾ ਮੇਰੇ ਤੂੰ ਹੈ, ਤੁਹੀ ਹੈ ਬੰਧ ਤੁਝੈ ਮੀਤ ਜਾਣੋ ।
ਤੁਹੀ ਧਨ ਵਿਦਿਆ ਸਰਬ ਮੇਰੇ ਤੁਹੀ ਹੈਂ, ਤੁਝੈ ਬਿਨ ਨਹੀਂ ਔਰੈ ਮਾਨੋ ।
ਹੇ ਕੇਸੋ ਮੈਂ ਅੰਧ ਹੋਂ, ਅਗਿਆਨ ਤਿਮਰ ਮੰਝਾਰ
ਹੋਇ ਪ੍ਰਸੰਨ ਗਯਾਨ ਦ੍ਰਿਸਟਿ ਦੇਇ, ਬਚਨ ਕਹੇ ਦਰੁਪਦ ਰੀਸਾਲ । ੩੭ ।

ਪਉੜੀ— ਹੇ ਜਗਦੀਸ ਬਖਾਨੀਏ, ਅਚੁਤ ਤੇਰੋ ਨਾਉ
ਹੇ ਗੋਬਿੰਦ ਹੇ ਕੇਸਵੋ ਅਨੰਤ ਧਿਆਉ
ਹੇ ਕੇਸੋ ਹੇ ਕ੍ਰਿਸਨ ਜੂ, ਗੁਨ ਵਿਸਨੁ ਕੇ ਗਾਉਂ
ਰਿਖੀਕੇਸ ਹੇ ਵਾਸਦੇਵ ! ਜਪਿ ਨਿਹਚਲ ਨਾਉਂ
ਦਰੁਪਦਿ ਕਰੇਂਦਾ ਨਿਮਸਕਾਰ, ਹਉ ਬਲਿ ਬਲਿ ਜਾਉਂ
ਨਿਮਸਕਾਰ ਕਾਂਸ਼ੀ ਜਪੀਏ ਨਿਤ ਹੀ, ਫ਼ਿਰ ਜਨਮ ਨ ਪਾਉਂ । ੩੮ ।

ਰੜ ਧਰਮ ਕੋ ਜਾਨ ਹੋਂ ਕਰਤ ਨਹੀਂ ਧਰਮ ਕੋ, ਜਾਨ ਹੋਂ ਪਾਪ ਨਿਵਿਰਤ ਨਾਹੀ
ਤੂੰਹੀ ਹੈਂ ਮੁਖ ਦੇਵ ਮੇਰੇ ਰਿਦੇ ਮੈਂ ਇਸਥਿਤੋ, ਪ੍ਰੇਰ ਜੈਸੇ ਹਉਂ ਕਰੋਂ ਵਾਹੀ
ਤੂੰ ਜੰਤ੍ਰੀ ਮੈਂ ਜੰਤ੍ਰ ਹੋਵਾਂ ਵਾਜਉਂ ਜਿਵੈਂ ਵਜਾਹਿੰ
ਦੁਰਯੋਧਨ ਯਾ ਬੋਲ ਹੈ, ਮੁਝੈ ਦੋਖ ਕਿਛੁ ਨਾਹਿ । ੩੯ ।

ਪਉੜੀ ਨਮਸਕਾਰ ਮੈਂ ਕ੍ਰਿਸ਼ਨ ਕੋ, ਨਿਤ ਨਿਤ ਹੀ ਕਰਹਾਂ
ਸੁਧ ਸਰੂਪ ਜੋ ਦੇਖੀਐ, ਬ੍ਰਹਿਮ ਰੂਪ ਉਚਰਹਾਂ
ਅਨੰਦ ਮੂਰਤਿ ਜੋਗੇਸ਼ਰੋ, ਹੀਐ ਅੰਦਰਿ ਧਰ ਹਾਂ
ਜੋਗ ਸਰੂਪੀ ਹੋਇ ਤੁਮ, ਹੋਂ ਸਰਨ ਜੁ ਪਰਹਾਂ
ਬੋਲੈ ਬੈਨ ਜੋ ਜੈਦਰਥ, ਹੋਰ ਓਟ ਪਰਹਰਿ ਹਾਂ
ਕਾਂਸ਼ੀ ਪ੍ਰਭੁ ਸਰਣਾਗਤੀ, ਹਉਂ ਭੀ ਸੰਗਿ ਤਰਹਾਂ । ੪੦ ।

... ... ... ...

ਰੜ— ਜਗਤ ਮੈਂ ਪੁਹਪ ਜੈਸੇ ਅਲਸੀ ਕੋ ਦੇਖੀਐ ਤਾਹਿ ਸਮਾਨ ਹੈ ਰੂਪ ਜਾਂਕੋ ।
ਪਹਿਰੇ ਪੀਤੰਬਰੋ ਜੁ ਅਚੁਤਿ ਸਦਾ ਕਹਤ 'ਗੋਬਿੰਦ' ਜੂ ਸਕਲ ਵਾਕੋਂ



Digitized by Panjab Digital Library | www.panjabdigilib.org

ਨਮਸ਼ਕਾਰ ਜੋ ਕਰਤ ਹੈ, ਤਿਨਕੋ ਭਯ ਨਹਿ ਹੋਇ
ਸਲ ਉਚਾਰੇ ਬਚਨ ਇਹ, ਭਾਖ ਸੁਨਾਏ ਸੋਇ । ੪੩ ।

ਪਉੜੀ ਹੇ ਕ੍ਰਿਸ਼ਨ ਹੇ ਕ੍ਰਿਸ਼ਨ ਜੂ ਹੇ ਕ੍ਰਿਸ਼ਨ ਕਹੀਜੈ
ਜੇ ਹੈਂ ਅਗਤਿ ਜਗਤ ਮੈਂ, ਗਤਿ ਤਿਨ ਕੀ ਕੀਜੈ
ਡੂਬੈ ਉਦਧਿ ਸੰਸਾਰ ਮੈਂ, ਤਿਨ ਕੋ ਕਢਿ ਲੀਜੈ
ਹੇ ਪੁਰਸ਼ੋਤਮ ! ਦਇਆਲ ਹੋਇ, ਤਿਹੰ ਬਾਂਹਿ ਫੜੀਜੈ
ਬਚਨ ਕਹੇ ਬਲਭਦ੍ਰ ਜੀ, ਤੇ ਸ੍ਰਵਨਿ ਸੁਨੀਜੈ
ਕਾਂਸ਼ੀ ਜਨਮ ਨ ਪਾਵਈ, ਜੋ ਹਰਿ ਰਸ ਭੀਜੈ । ੪੪ ।

... ... ... ...

ਚੜਿ— ਚੰਦ ਸੂਰਜ ਜੁ ਗ੍ਰਹਨ ਕੰਊ ਹੋਤ ਹੈ ਤਾਂਹਿ ਮੈਂ ਕੋਟ ਗਊ ਦਾਨ ਕੀਜੈ
ਤੀਰਥ ਕਾਂਸ਼ੀ ਮਕਰ ਪਰਾਗ ਮੇ ਕਲਪ ਪ੍ਰਜੰਤ ਤਹਾਂ ਜਾਇ ਬਸੀਜੈ
ਮੇਰੁ ਤੁਲ ਹੋਮ ਦਾਨ ਕਰਿ, ਗੋਬਿੰਦ ਭਜਨ ਨਹਿ ਤੁਲ
ਗੋਤਮ ਬੋਲੇ ਪ੍ਰੀਤਿ ਸੋਂ, ਸਤਿ ਬਚਨ ਅਮੁੱਲ । ੬੧ ।

ਪਉੜੀ ਗੋਬਿੰਦ ਜੁ ਮੇਰੇ ਹੈਂ ਸਦਾ ਏਹੀ ਇਸਨਾਨ
ਗੋਬਿੰਦ ਕਾ ਮੇਰੇ ਜਾਪ ਹੈ ਗੋਬਿੰਦ ਧਿਆਨ
ਸਦਾ ਗੋਬਿੰਦ ਕੀਰਤਨੋ, ਅਤ੍ਰੈ ਉਚਰਾਨ
ਮੰਗਲ ਰੂਪ ਸ੍ਰੀ ਕ੍ਰਿਸ਼ਨ ਜੋ ਜਹਿ ਮੁਖੋਂ ਬਖਾਨ
ਤਾਂ ਕੇ ਅਬ ਹੀ ਭਸਮ ਹੋਹਿੰ, ਕੋਟਿ ਮਹਾਂ ਪਾਪਾਨ
ਕਾਂਸ਼ੀ ਮੁਕਤਿ ਮਾਨੁਛ ਸੇਵਿ ਸਿਸਟਿ ਬਖਾਨ । ੬੨ ।

'ਪਰਸੁਰਾਮਸੰਵਾਦ' ਵਿਚੋਂ—

## ਲਛਮਨ ਉਵਾਚ ਰਾਮ ਚੰਦ੍ਰ ਸੋਂ

ਮਹਾਂ ਰਣਧੀਰ ਮਹਾਂ ਬੀਰ ਲਘੁ ਬੀਰ ਹਸਿ ਬੋਲੇ ਐਸੇ ਨੈਕੁ ਸਮਸਯਾ ਮੋਹਿ ਦੀਜੀਏ ।
ਕਹੋ ਬਾਂਧ ਡਾਰੋ ਕਹੋਂ ਦੇਸਤੇ ਨਿਕਾਰੋਂ ਕਹੋਂ ਬਾਰਧਿ ਉਤਾਰੋ ਕਹੋਂ ਜੂਰਾ ਕਾਟਿ ਲੀਜੀਏ।
ਕਹੈ ਕਵਿ ਕਾਂਸ਼ੀ ਰਾਮ ਕੇਤਕ ਪਰਸਰਾਮ ਨਾਮ ਸੁਨਿ ਜਾਂਕੋ ਛਿਤਪਾਲ ਹਵੈਕੇ ਛੀਜੀਏ ।
ਮਾਰੇ ਮਹਾਂ ਪਾਪ ਛੀਨ ਲੈਹੋਂ ਤੂ ਨ ਚਾਂਪ ਆਪ
ਦੇਖੀਏ ਤਮਾਸ਼ੋਂ ਪੈ ਨ ਸਾਂਸੋ ਕਛੂ ਕੀਜੀਏ ।

## ਰਾਮਚੰਦ੍ਰ ਉਵਾਚ ਪਰਸੁਰਾਮ ਸੋਂ

ਮੈਂ ਨ ਜਾਨਯੋ ਤੇਰੋ ਬਲ ਤੈਸੋ ਤਾਂ ਕੋ ਲਾਗਯੋ ਫਲੁ
ਕਠਿਨ ਕੁਠਾਰ ਧਾਰ ਕੰਠ ਪਰ ਧਰੀਏ।



Digitized by Panjab Digital Library | www.panjabdigilib.org

ਏਤੇ ਪਰ ਔਰ ਕਛੁ ਬਾਤ ਆਵੈ ਤਾਤ ਹਾਥ
ਕੀਜੈ ਸੋਈ ਭਾਵਤੀ ਪੈ ਰੋਖ ਕੌਨ ਕਰੀਏ
ਐਸੋ ਕਛੂ ਕੁਲ ਕੋ ਸੁਭਾਉ ਹੈ ਹਮਾਰੇ ਰਾਮ
ਮਾਰੇ ਮਾਰ ਖ਼ਯੇ ਪੈ ਨ ਮਾਰੀਤੇ ਜੌ ਮਰੀਏ
ਬੈਰੀ ਸ਼ਰਨਾਇ ਔਰ ਸੁਨੀ ਮੁਨੀ ਰਾਇ ਗਾਇ
ਬਾਮ੍ਹਨ ਸੋ ਲਰੀਏ ਤੌ ਪਾਇੰ ਕਾਂਕੇ ਪਰੀਏ ।

## ਰਾਮਚੰਦ੍ਰ ਉਵਾਚ

ਛੱਤ੍ਰੀ ਛੱਤ੍ਰ ਈਸਨ ਕੇ ਅੰਗ ਜਗਦੀਸਨ ਕੇ
ਕੋਪ ਕੀਰਿ ਮਨ ਮਾਂਹਿ ਬਾਂਹੇ ਉਕਸਾਇਬੋ
ਭ੍ਰਿਕੁਟੀ ਚਢਾਂਇ ਰਘੁਰਾਇ ਯੌਂ ਕਹਨ ਲਾਗੇ
ਕਾਂਸ਼ੀਰਾਮ ਮੇਰੋ ਤੇਜੁ ਕਾਂ ਪੈ ਸਹਯੋ ਜਾਇਬੋ
ਰੇਨਕਾ ਕੇ ਢੋਟਾ ਨੈਕ ਪੋਟਾ ਹੁੰ ਕੇ ਮਾਰ ਲੋਟਾ
ਪੋਟਾ ਹ੍ਵੈ ਕੈ ਜੈ ਹੈਂ ਕਹੂੰ ਢੂੰਢੇ ਹੂੰ ਨ ਪਾਇਬੋ
ਬਹੁਤ ਬਚਯੋ ਹੈ ਛਤ੍ਰਧਾਰੀ ਦਸਰਥ ਕੀ ਸੌਂਹ
ਬਾਮ੍ਹਨ ਭਿਖਾਰੀ ਅੱਤ੍ਰਧਾਰੀ ਕਹਿਵਾਇਬੋ ।

## ਪਰਸੁਰਾਮ ਉਵਾਚ

ਟੂਟਿ ਟਾਟ ਗੋਸ਼ਾ ਗਏ ਫੂਟ ਫਾਟ ਮੂਠ ਗਈ,
ਜੇਵ੍ਰਨ ਰਾਖਯੋ ਜ਼ੋਰ ਜਾਨਤ ਜਗਤ ਹੈ
ਸੂਰਜ ਜਰਾਯੋ ਬਾਰਿ ਬੋਰ ਕੈ ਸਿਰਾਯੋ ਮਹਾਂ
ਮੇਘਨ ਸੰਤਾਯੋ ਸੀਤ ਤਾਂ ਮੈਂ ਕਹਾਂ ਸਤ ਹੈ
ਰੰਗ ਗਯੋ ਉਖਰ ਕੁਰੰਗ ਭਯੋ ਪਰੇ ਪਰੇ
ਡਾਰੇ ਉਘਰਾਰੇ ਮਾਰੇ ਫੂਕ ਕੇ ਉਡਤ ਹੈ
ਕਾਂਸ਼ੀ ਰਾਮ ਰਾਮ ਸੋਂ ਪਰਸੁਰਾਮ ਐਸੇ ਕ੍ਰਹਯੋ,
ਤੋਰ ਕੈ ਧਨੁਖ ਐਸੋ ਐਸੋ ਬਲਕਤ ਹੈ ।

## ਰਾਮਚੰਦ੍ਰ ਉਵਾਚ

ਬਾਮਨ ਭਿਖਾਰੀ ਤਿਨ ਧਾਰੀ ਤਿਨ ਤੂਲ ਤੁਛ,
ਭੂਖਨ ਕੇ ਭੂਖੇ ਮਹਾਂ ਤੋ ਸੋਂ ਕਹਾਂ ਕਹੀਏ
ਨਾਵੈਂ ਹਾਥ ਬਾਂਬੀ ਪੈ ਨ ਆਵੈ ਮੰਤ੍ਰ ਬੀਛੁਨ ਕੋ,
ਤਾਂ ਤੇ ਤੇਰੀ ਬਾਤੈਂ ਸੁਨਿ ਸੁਕਚਾਇ ਰਹੀਏ



Digitized by Panjab Digital Library | www.panjabdigilib.org

ਹਮ ਕੋ ਅਜਸ ਤੋ ਸੋਂ ਬਾਂਧੇ ਤਰਕਸ਼,
ਅਨਰਸ ਕਰੇ ਬਾਮਨ ਸੋ ਤਾਂ ਤੇ ਸਬ ਸਹੀਏ

ਕਾਂਸ਼ੀ ਰਾਮ ਕਹੈ ਰਘੁਬੰਸਨਿ ਕੀ ਰੀਤਿ ਯਹੈ,
ਜਾਸੋਂ ਕੀਜੇ ਮੋਹ ਤਾਂਸੋ ਲੋਹ ਕੈਸੇ ਗਹੀਏ ॥

ਫੁਟਕਲ—

ਕਬਿਤ— ਚੇਤ ਭਈ ਚਿੰਤਾ ਬਿਸ ਲਾਗਤ ਬਿਸਾਖ ਉਰ
ਜੇਠ ਕਹੌਂ ਕਾਂਸ਼ੀ ਰਾਮ ਕੌ ਲੌਂ ਬਹਿਰਾਯ ਹੈ।
ਸਾਢ ਜੋ ਅਸਾਢ ਭਯੋ ਸਾਵਨ ਸਹਮ ਭਯੋ
ਭਾਦੋਂ ਜਾਦੋਂ ਅਸੁਨ ਰਹੈਂ ਬਿਦੇਸ ਛਾਯ ਹੈ।
ਕਾਤਿਕ ਕੌ ਮਾਰਗ ਬਿਲੋਕ ਕਰ ਘਟੀ ਮਾਸ
ਪੂਸ ਕੇ ਮਹੀਨਾ ਨਾਹੁ ਜੋਨ ਘਰਿ ਆਯ ਹੈ।
ਯੋਂ ਕਹੈ ਕਿਸ਼ੋਰੀ ਮਿਲ ਖੇਲਹੌਂ ਨ ਹੋਰੀ ਤੌ ਲੌਂ
ਲਗ ਬੁਝੀ ਹੋਰੀ ਸੀ ਕਿਸੋਰੀ ਆਨਿ ਪਾਯ ਹੈ।

## ਰਾਗ ਜੈਜਾਵੰਤੀ

ਜਈਐ ਤਉ ਲਜਈਐ ਆਲੀ ਅਣਜਾਇ ਰਹਿਓ ਨ ਜਾਇ
ਦੇਖੈ ਸੁਕਚਈਐ ਆਲੀ ਬਿਨੁ ਦੇਖੇ ਦੇਹ ਦਾਹੀਐ
ਜਾਨਤ ਨ ਕੋਊ ਜਨਾਈਐ ਨ ਕਾਹੂੰ ਪੈ
ਮਨ ਹੀ ਕੀ ਰੀਝ ਬੂਝਿ ਮਨ ਹੀ ਸਰਾਹੀਐ
ਬਿਸਰਾਏ ਬਿਸਰਤ ਨਾਹਿ ਕਰਕਤ ਹੀਅਰੇ ਮਾਂਹਿ
ਮਿਲਬੋ ਬਨਤ ਨਾਹਿ, ਮਿਲਿਓ ਨਿਤ ਚਾਹੀਐ
ਕਹਤ ਕਵੀ ਕਾਂਸ਼ੀਰਾਮ ਨੇਹੁ ਭਇਓ ਪਰਬਤ ਸਮਾਨ
ਕਠਿਨ ਤੋ ਬਨੀ ਹੈ ਆਨ ਕੈਸੇ ਕੈ ਨਿਬਾਹੀਐ।

## ਛਪੈ ਕਾਂਸ਼ੀਰਾਮ ਜੀ ਕੇ

ਬਜੇ ਦਮਾਮੇ ਭੇਰ ਸੱਦਿ ਸ਼ਦਿਆਨੇ ਬੱਜੇ
ਬਜੇ ਅਉਰ ਬਜਾਇ, ਕਾਲ ਸਿਰ ਊਪਰਿ ਗੱਜੇ
ਲਾਖ ਕਠੋਰੀ ਦਾਮ ਦੀਏ ਬਿਨ ਕਾਮ ਨ ਆਵੈ
ਹਰਿ ਹਰਿ ਸਿਮਰਣ ਬਿਨਾ, ਜਨਮ ਇਹੁ ਬਾਦ ਗਵਾਵੈ



Digitized by Panjab Digital Library | www.panjabdigilib.org

ਜਨਮ ਗਵਾਵੈ ਬਾਦ ਜੋ, ਕਾਂਸ਼ੀ ਰਾਮ ਤਿਸ ਸੰਗਿ ਨਾਹ ਬਹੁ
ਜਨਮ ਸਵਾਰਹਿ ਅਪਣਾ, ਤਾਂ ਹਰਿ ਹਰਿ ਹਰਿ ਰਾਮ ਕਹੁ । ੧ ।

ਖੋਇਓ ਜਨਮ ਅਕਥ. ਮੂੜ੍ਹ ਹਰਿ ਨਾਮ ਨ ਲੀਨੋ
ਨਿਸ ਬਾਸਰਿ ਰਹਿਓ ਸੋਇ, ਜੀਅ ਜਮ ਕੈ ਹਥਿ ਦੀਨੋ
ਚਉਰਾਸੀ ਕੇ ਫੇਰਿ ਭਇਓ ਮਾਨਸ ਅਉਤਾਰੀ
ਜਿਹਬਾ ਹੋਇ ਪਵਿਤ੍ਰ ਨਾਮ ਜਪ ਰਾਮ ਮੁਰਾਰੀ
ਰਾਮ ਮੁਰਾਰੀ ਜੋ ਜਪਹਿ, ਤਉ ਕਾਂਸ਼ੀਰਾਮ ਤਿੰਹ ਚਰਨ ਗਹੁ
ਜਨਮ ਸਵਾਰਹਿ ਅਪਨਾ, ਤਾਂ ਹਰਿ ਹਰਿ ਹਰਿ ਰਾਮ ਕਹੁ । ੨ ।

ਗਨਿਕਾ ਭਉਜਲ ਤਰੀ ਹਰੀ ਜਿਨ ਰਿਦੇ ਸਮਾਰਿਓ
ਕਾਮ ਕ੍ਰੋਧ ਅਰੁ ਲੋਭ ਮੋਹੁ, ਅਹੰਕਾਰ ਨਿਵਾਰਿਓ
ਸੱਚੇ ਸੋਂ ਕਰਿ ਪ੍ਰੀਤਿ ਸਚ ਸਚੇ ਸੋਂ ਰਾਤੇ
ਹਰਿ ਹਰਿ ਸਿਮਰਨ ਬਿਨਾਂ ਰਿਦੇ ਕੁਛੁ ਅਉਰ ਨ ਜਾਤੇ
ਤਉ ਕਾਂਸ਼ੀ ਰਾਮ ਆਰਾਮ ਹੋਇ, ਰਾਮਚੰਦ ਕੇ ਚਰਨ ਗਹੁ
ਜਨਮ ਸਵਾਰਹਿ ਅਪਨਾ, ਤਾਂ ਹਰਿ ਹਰਿ ਹਰਿ ਰਾਮ ਕਹੁ । ੩ ।

## (੧੪) ਪ੍ਰਹਿਲਾਦ ਰਾਇ

ਪ੍ਰਹਿਲਾਦ ਰਾਇ ਦਰਬਾਰੀ ਰਤਨਾਂ ਵਿਚੋਂ ਇਕ ਧੁਰੰਧਰ ਵਿਦਵਾਨ ਸੀ ਜਿਸ ਉਪਨਿਸ਼ਦਾਂ ਦਾ ਭਾਖਾ ਅਨੁਵਾਦ ਕਰਕੇ ਭਾਰਤੀ ਸਾਹਿਤ ਨੂੰ ਭਰਪੂਰ ਕੀਤਾ। ਮਾਲੂਮ ਹੁੰਦਾ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ 1746 ਬਿ. ਵਿਚ ਪਾਉਂਟੇ ਸਾਹਿਬ ਤੋਂ ਅਨੰਦਪੁਰ ਵਾਪਸ ਆਏ ਤਾਂ ਉਨ੍ਹਾਂ ਆਉਂਦਿਆਂ ਹੀ ਸਾਹਿਤਕ ਵਿਕਾਸ ਦੀਆਂ ਮਹਾਨ ਯੋਜਨਾਵਾਂ ਵਿਉਂਤੀਆਂ। ਇਨ੍ਹਾਂ ਵਿਚ ਮਹਾਂ ਭਾਰਤ, ਉਪਨਿਸ਼ਧਾਂ ਤੇ ਰਾਜਨੀਤੀ ਗ੍ਰੰਥਾਂ ਦੇ ਤਰਜਮੇ ਸ਼ਾਮਲ ਸਨ। ਚੁਨਾਂਚਿ ਜਿਥੇ ਹੋਰ ਕਵੀ ਜਨਾਂ ਨੂੰ ਮਹਾਂ ਭਾਰਤ ਦੇ ਵੱਖੋ ਵਖਰੇ ਪਰਬ ਵੰਡ ਕੇ ਅਨਵਾਦ ਕਾਰਜ ਅਰੰਭਿਆ ਗਿਆ, ਉਥੇ ਉਪਨਿਸ਼ਧਾਂ ਦੇ ਤਰਜਮੇ ਦਾ ਕੰਮ ਭਾਈ ਪ੍ਰਹਿਲਾਦ ਨੂੰ ਸੌਂਪਿਆ ਗਿਆ। ਵਿਦਵਾਨ ਖ਼ੋਜੀ ਜਾਣਦੇ ਹਨ ਕਿ ਇਸ ਤੋਂ 30-35 ਵਰ੍ਹੇ ਪਹਿਲਾਂ ਸ਼ਾਹ ਜਹਾਂ ਦੇ ਸਪੁੱਤਰ ਦਾਰਾ ਸ਼ਕੋਹ (1615-1659.) ਨੇ ਬੜੇ ਬੜੇ ਸਿਆਣੇ ਪੰਡਿਤਾਂ ਦੀ ਮੱਦਦ ਨਾਲ 50 ਉਪਨਿਸ਼ਧਾਂ ਦਾ ਤਰਜਮਾ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਜੂਨ 1657 ਈ. ਵਿਚ 'ਸਿੱਰਿ ਅਕਬਰ' ਨਾਂ ਹੇਠ, ਸੰਪੂਰਨ ਕਰਵਾਇਆ



Digitized by Panjab Digital Library | www.panjabdigilib.org

ਸੀ।* ਫਾਰਸੀ ਉਸ ਸਮੇਂ ਦੀ ਰਾਜ ਭਾਸ਼ਾ, ਸਾਹਿਤਕ ਭਾਸ਼ਾ ਤੇ ਮੁਸਲਿਮ ਸੰਸਕ੍ਰਿਤੀ ਦੀ ਭਾਸ਼ਾ ਸੀ, ਇਸ ਕਰਕੇ ਅਜੇਹਾ ਹੋਣਾ ਕੁਦਰਤੀ ਗੱਲ ਸੀ ਕਿ ਭਾਰਤੀ ਅਧਿਆਤਮਕ ਗਿਆਨ ਨੂੰ ਫਾਰਸੀ ਵਿਚ ਉਲਥਾਇਆ ਜਾਂਦਾ।

ਪ੍ਰਿਹਿਲਾਦ ਨੇ ਵੀ ਇਹ ਉਪਨਿਸ਼ਧਾਂ ਦਾ ਅਨੁਵਾਦ ਫਾਰਸੀ ਤੋਂ ਹੀ ਕੀਤਾ। ਜਿਸ ਤਰ੍ਹਾਂ ਅਜ ਕੱਲ ਕਿਸੇ ਸੰਸਕ੍ਰਿਤ ਯਾ ਫਾਰਸੀ ਰਚਨਾ ਦਾ ਉਲਥਾ ਕਰਨ ਲਈ ਕਦੀ ਕਦੀ ਅੰਗ੍ਰੇਜ਼ੀ ਤਰਜਮੇ ਨੂੰ ਪ੍ਰਮਾਣੀਕ ਮੰਨ ਕੇ ਅਧਾਰ ਬਣਾ ਲਿਆ ਜਾਂਦਾ ਹੈ, ਇਹ ਗੱਲ ਵੀ ਉਸੇ ਤਰ੍ਹਾਂ ਹੀ ਹੋਈ। ਫਾਰਸੀ ਭਾਵੇਂ ਉਸ ਵੇਲੇ ਦੀ ਮੰਨੀ-ਦੰਨੀ ਸ਼ਾਹੀ ਜ਼ਬਾਨ ਸੀ ਪਰ ਹਾਕਮਾਂ ਦੇ ਜਬਰ ਕਾਰਣ ਆਮ ਹਿੰਦੂ ਲੋਕ ਇਸ ਲਈ ਉਤਨਾ ਸ਼ਰਧਾ ਪਿਆਰ ਨਹੀਂ ਸੀ ਰਖਦੇ, ਸਗੋਂ ਇਸ ਨੂੰ 'ਮਲੇਛ ਭਾਸ਼ਾ ਯਾ 'ਯਵਨ ਭਾਸ਼ਾ' ਤਕ ਕਹਿ ਕੇ ਤ੍ਰਿਸਕਾਰਦੇ ਸਨ। ਇਸ ਨਫਰਤ ਦਾ ਮਤਲਬ ਕਿਸੇ ਜ਼ਬਾਨ ਯਾ ਭਾਸ਼ਾ ਨਾਲ ਵੈਰ ਨਹੀਂ ਸੀ, ਸਗੋਂ ਇਹ ਤਾਂ ਉਸ ਜਬਰ ਦੀ ਪ੍ਰਤਿਕ੍ਰਿਆ ਸੀ ਜੋ ਹਾਕਮ ਲੋਕ ਆਪਣੀ ਰਿਆਇਆ ਦੀ ਜ਼ਬਾਨ ਨਾਲ ਕਰਨੋਂ ਸੰਕੋਚ ਨਹੀਂ ਸੀ ਕਰਦੇ। ਇਸੇ ਹੀ ਸੁਰ ਵਿਚ ਗੁਰੂ ਨਾਨਕ ਸਾਹਿਬ ਨੇ ਗੁਲਾਮੀ ਅਧੀਨ ਹਾਕਮਾਂ ਦੀ ਜ਼ਬਾਨ ਨੂੰ ਅਪਣਾਉਣ ਉਤੇ ਵਿਅੰਗ ਕੀਤਾ ਹੈ —

ਖਤ੍ਰੀਆ ਤ ਧਰਮ ਛੋਡਿਆ, ਮਲੇਛ ਭਾਖਿਆ ਗਹੀ। [ਮ. ੧
ਯਾ 'ਆਦਿ ਪੁਰਖ ਕਉ 'ਅਲਹੁ' ਕਹੀਐ, ਸ਼ੇਖਾਂ ਆਈ ਵਾਰੀ...
ਘਰਿ ਘਰਿ ਮੀਆਂ ਸਭਨਾ ਜੀਆਂ, ਬੋਲੀ ਅਵਰ ਤੁਮਾਰੀ।' [ਬਸੰਤ ਮ. ੧

ਕੁਝ ਅਜੇਹੀ ਭਾਵਨਾ ਹੀ ਪ੍ਰਿਹਿਲਾਦ ਦੇ ਦਿਤੇ ਉਸ ਨੋਟ ਤੋਂ ਪਰਗਟ ਹੁੰਦੀ ਹੈ ਜੋ ਉਸ ਉਪਨਿਸ਼ਧਾਂ ਦਾ ਫਾਰਸੀ ਤੋਂ ਅਨੁਵਾਦ ਕਰਨ ਸਮੇਂ ਲਿਖਿਆ।

'ਸੰਮਤ ਸਤ੍ਰਾਸਉ ਦ੍ਵਾਦਸ ਪ੍ਰਥਮ ਦਾਰਾ ਸ਼ਕੋਹ ਨੇ ਜੋ ਸੁਤ ਸ਼ਾਹ ਜਹਾਂ ਕਾ ਥਾ, ਦਿਲੀ ਨਗਰ ਮੇਂ ਸਟਸਕ੍ਰਿਤ ਸੇਂ ਯਾ ਉਪਨਿਸ਼ਧੋਂ ਕੋ ਯਾਮਨੀ ਭਾਖਾ ਮੇਂ ਲਿਆਵਤਾ ਭਯਾ। ਅਬ ਸੰਮਤ ਸਤ੍ਰਾ ਸਉ ਛਿਹਤਾਰੀਏ (1746 ਬਿ.) ਸ੍ਰੀ ਗੁਰੂ ਨੇ ਆਗਯਾ ਕਰੀ ਜੁ ਪਾਠ ਯਾ ਉਪਨਿਖਦੋਂ ਕਾ ਯਾਮਨੀ ਭਾਖਾ ਮੋਂ ਨਖਿਧ

---

*ਦਾਰਾ ਸ਼ਕੋਹ, ਸੂਫੀ ਵਿਚਾਰਾਂ ਦਾ ਵਿਦਵਾਨ ਸ਼ਹਿਜ਼ਾਦਾ ਸੀ ਤੇ ਇਹ ਬਾਬਾ ਲਾਲ, ਹਜ਼ਰਤ ਮੀਆ ਮੀਰ ਤੇ ਸਰਮਦ ਜੈਸੇ ਸੂਫੀ ਫਕੀਰਾਂ ਨਾਲ ਸਨੇਹ ਰਖਦਾ ਸੀ। ਇਸ ਨੇ ਸਫੀਨਾਤੁਲ ਔਲੀਆ, ਸਕੀਨ ਤੁਲ ਔਲੀਆ, ਹਸਨਤੁਲ ਆਰਫ਼ੀਨ, ਮਜਮੂਉਲ ਬਹਿਰੈਨ, ਤਰੀਕਤੁਲ ਹਕੀਕਤ ਤੇ ਰਿਸਲਏ ਹੱਕਨੁਮਾ ਆਦਿ ਫਾਰਸੀ ਪੁਸਤਕਾਂ ਲਿਖੀਆਂ ਲਿਖਾਈਆਂ ਸਨ ਅਤੇ ਗੀਤਾ, ਯੋਗ ਵਸਿਸ਼ਠ ਤੇ ਪ੍ਰਬੋਧ ਚੰਦ੍ਰੋਦਯ ਆਦਿ ਦਾ ਫਾਰਸੀ ਤਰਜਮਾ ਕਰਵਾਇਆ ਸੀ।

[ਦਾਰਾ ਸ਼ਕੋਹ—ਡਾ. ਕਾਲਿਕਾਰੰਜਨ (1958) ਪੰਨਾ 66-78



Digitized by Panjab Digital Library | www.panjabdigilib.org

ਹੈ, ਵਾਂ ਕੀ ਆਗਯਾ ਸੋਂ ਜਨ ਪ੍ਰਹਿਲਾਦ ਨੇ ਯਾਮਨੀ ਭਾਖਾ ਸੋਂ ਪੁਨਹ ਹਿੰਦਵੀ ਭਾਖਾ ਮੇ ਲਿਖਾ, ਜੋ ਪਾਠ ਕਰਨਹਾਰੇ ਕੋ ਪ੍ਰਾਸ਼ਚਿਤ ਨ ਹੋ ਅਰੁ ਸ੍ਰੋਤਾ ਅਰੁ ਵਕਤਾ ਕੋ ਗਿਆਨ ਕੀ ਪ੍ਰਾਪਤੀ ਹੋ । ਅਰ ਸਰਬ ਕੋ ਅਨੰਦ ਹੋ । ਅਰ ਸਰਬ ਵੇਦਾਂਹੁ ਕਾ ਜੋ ਫਲ ਹੈ, ਸੋ ਯਾ ਏਕ ਉਪਨਿਖਦ ਕੇ ਪਾਠ ਕੀਏ ਸੋ ਹੋਤ ਹੈ ।

[ਭਾ. ਕਾਨ੍ਹ ਸਿੰਘ ਨਾਭਾ ਦੀ ਲਾਇਬ੍ਰੇਰੀ
ਦਾ ਹੱਥਲਿਖਤ ਖਰੜਾ

ਕੁਝ ਹੱਥਲਿਖਤ ਖਰੜਿਆਂ ਵਿਚ ਰਚਨਾ ਦਾ ਸੰਮਤ ਭੁੱਲ ਨਾਲ 1776 ਦਿਤਾ ਗਿਆ ਹੈ,ਜਿਵੇਂ ਕਿ —

'ਅਬ ਸੰਮਤ ਸਤ੍ਰਾਂ ਸੈ ਛਿਹਤਰ ਹੈ, ਸ੍ਰੀ ਗੁਰੂ ਨੇ ਆਗਯਾ ਕਰੀ ...' ਇਹ ਠੀਕ ਨਹੀਂ, ਉਤਾਰਨਹਾਰਿਆਂ ਭੁਲੇਖੇ ਨਾਲ 'ਛਿਹਤਾਰੀਏ' ਨੂੰ 'ਛਹੱਤਰ' ਕਰ ਦਿਤਾ ਹੈ । ਸੋ ਇਹ ਕੰਮ 1746 ਬਿ. ਵਿਚ ਹੀ ਸ਼ੁਰੂ ਹੋਇਆ ਜਦੋਂ ਗੁਰੂ ਸਾਹਿਬ ਪਾਉਂਟੇ ਤੋਂ ਅਨੰਦਪੁਰ ਪਰਤੇ ਸਨ ਤੇ ਆਉਣ ਸਾਰ ਸਾਹਿਤਕ ਕਾਰਜਾਂ ਵਿਚ ਜੁਟ ਗਏ ਸਨ ।

ਇਹ ਕੁਲ 50 ਉਪਨਿਸ਼ਧਾਂ ਦਾ ਅਨੁਵਾਦ ਹੈ ਜਿਸ ਵਿਚ ਰਿਗਵੇਦ ਦੀਆਂ 4 ਯਜੁਰਵੇਦ ਦੀਆਂ 11, ਸਾਮ ਵੇਦ ਦੀ 1 ਅਤੇ ਅਥਰਵ ਵੇਦ ਦੀਆਂ 34 ਉਪਨਿਸ਼ਧਾਂ ਸ਼ਾਮਿਲ ਹਨ । ਵੇਰਵਾ ਇਹ ਹੈ—

1 ਤੈਤ੍ਰੇਯ ਉਪਨਿਸ਼ਧ (ਰਿਗਵੇਦ)
2 ਕੋਖੰਗ ,,
3 ਮਾਕੁਸਲ ,,
4 ਈਸਾਵਾਸ ,,
5 ਸ਼ਿਵ ਸੰਕਲਪ (ਯਜੁਰਵੇਦ)
6 ਮੈਤ੍ਰਾਣੀ ,,
7 ਦੇਵ ,,
8 ਝਾਂਗਲੀ ,,
9 ਪੁਰਖ ਸੂਕਤ ,,
10 ਭ੍ਰਿਗਵਲੀ ,,
11 ਆਨੰਦਵਲੀ ,,
12 ਮਹਾਂ ਨਾਰਾਇਣ ,,
13 ਸਵੇਤਸੂਤ੍ਰ ,,
14 ਬ੍ਰਿਹਦਾਰਣਯਕ
15 ਸ਼ਤਰੁਦ੍ਰੀ
16 ਛਾਂਦੋਗਯ (ਸਾਮ ਵੇਦ)
17 ਮੋਹ ਉਪਨਿਸ਼ਧ (ਅਥਰਵਵੇਦ)
18 ਨਾਰਾਇਣ ,,
19 ਗਰਭ ,,
20 ਖਟਵੱਲੀ ,,
21 ਮੁੰਡਕ
22 ਕਠ ,,
23 ਕੈਵਲਯ
24 ਅੰਮ੍ਰਿਤ ਬਿੰਦ
25 ਅਰਘ ,,
26 ਪ੍ਰਸ਼ਨ
27 ਅਥਰਵ ਸਿਰ
28 ਆਤਮ ਪ੍ਰਬੋਧ ,,
29 ਸਰਬ
30 ਆਤਮ



Digitized by Panjab Digital Library | www.panjabdigilib.org

31 ਨੰਗਲ
32 ਮ੍ਰਿਤਾਂਗਲ ,,
33 ਤੇਜ ਬਿੰਦ
34 ਧਿਆਨ ਬਿੰਦ
35 ਜਪਾਲ ,,
36 ਜੋਗਤਤ
37 ਛੁਰਕਾ
38 ਜੋਗ ਸਿਖਾ
39 ਹੰਸ ਨਾਦ ,,
40 ਅੰਮ੍ਰਿਤ ਨਾਦ
41 ਪਰਮਹੰਸ ,,
42 ਅਰੰਗ
43 ਚੋਟਿਕਾ
44 ਸ਼ੌਨਿਕ ,,
45 ਬ੍ਰਹਿਮ ਵਿਦਿਆ
46 ਅਥਰਵ ਸ਼ਿਖਾ
47 ਮਾਂਡੂਕਾਜ
48 ਤਾਰਕ ,,
49 ਪ੍ਰਣਵ
50 ਨਰ ਸਿੰਘ ਤਾਪਨੀ ,,

ਇਨ੍ਹਾਂ ਉਪਨਿਸ਼ਧਾਂ ਦੇ ਪੂਰੇ ਤੇ ਅਧੂਰੇ ਖਰੜੇ ਵੱਖੋ ਵੱਖ ਥਾਵਾਂ ਤੇ ਪ੍ਰਾਪਤ ਹਨ। ਸਿਖ ਕੰਨਿਆ ਮਹਾਂ ਵਿਦਿਆਲਾ ਫੀਰੋਜ਼ਪੁਰ ਵਿਚ ਇਕ ਖਰੜਾ ਸੁਰੱਖਿਅਤ ਹੈ, ਗਿਆਨੀ ਸੇਵਾ ਸਿੰਘ ਤਰਨ ਤਾਰਨ ਵਾਲਿਆਂ ਤੇ ਸੁਰਗਵਾਸੀ ਗਿਆਨੀ ਹਰਿੰਦਰ ਸਿੰਘ ਰੂਪ ਅੰਮ੍ਰਿਤਸਰ ਦੀ ਲਾਇਬਰੇਰੀ ਵਿਚ ਵੀ ਇਹ ਉਲਥਾ ਮੌਜੂਦ ਹੈ। ਉਦਾਸੀਆਂ ਦੇ ਸੰਗਲ ਵਾਲੇ ਅਖਾੜੇ ਅੰਮ੍ਰਿਤਸਰ ਵਿਚ ਇਕ ਮਹਾਨ ਗ੍ਰੰਥ ਪਿਆ ਹੈ—'ਸ੍ਰੀ ਸਤਿਗੁਰੂ ਨਿਰਬਾਣ ਗੰਜ'—ਜੋ ਸਾਧੂ ਪ੍ਰੀਤਮ ਦਾਸ ਨਿਰਬਾਣ ਜੀ ਨੇ ਸੰਕਲਿਤ ਕਰਾਇਆ ਸੀ, ਇਸ ਵਿਚ 50 ਉਪਸ਼ਿਨਧਾਂ ਸ਼ਾਮਲ ਕੀਤੀਆਂ ਹੋਈਆਂ ਹਨ।

ਏਸ਼ੀਆਇਕ ਸੁਸਾਇਟੀ ਆਫ ਬੰਗਾਲ, ਕਲਕੱਤਾ ਅਤੇ ਮਹਾਰਾਜਾ ਬਨਾਰਸ ਦੀ ਲਾਇਬਰੇਰੀ ਵਿਚ 20 ਕੁ ਉਪਨਿਸ਼ਧਾਂ ਦੇ ਅਨੁਵਾਦ ਦਾ ਖਰੜਾ ਮੌਜੂਦ ਹੈ। ਭਾਰਤੀ ਤੱਤ ਗਿਆਨ ਨੂੰ ਜਾਣਨ ਲਈ ਉਪਨਿਸ਼ਧਾਂ ਗਿਆਨ ਦਾ ਸੋਮਾ ਹਨ, ਬਾਵਜੂਦ ਫਾਰਸੀ ਵਿਚੋਂ ਅਨੁਵਾਦ ਕਰਨ ਦੇ ਅਧਿਆਤਮਕ ਸ਼ਬਦਾਵਲੀ ਵਧੇਰੇ ਭਾਰਤੀ ਹੀ ਵਰਤੀ ਗਈ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਅਨੁਵਾਦਕ ਨੇ ਕੇਵਲ ਫਾਰਸੀ ਉਲਥੇ ਨੂੰ ਹੀ ਨਹੀਂ ਵਰਤਿਆ,ਨਾਲ ਮੂਲ ਸੰਸਕ੍ਰਿਤ ਉਪਨਿਸ਼ਧਾਂ ਵੀ ਰੱਖੀਆਂ ਹੋਈਆਂ ਸਨ। ਉਸ ਜ਼ਮਾਨੇ ਵਿਚ ਸੰਸਕ੍ਰਿਤ ਫਾਰਸੀ ਦਾ ਪੂਰਣ ਗਿਆਨ ਪਾਕੇ ਫਿਰ ਉਸ ਦਾ ਹਿੰਦੀ ਗੱਦ ਵਿਚ ਅਨੁਵਾਦ ਕਰਨਾ ਦਸਦਾ ਹੈ ਕਿ ਪੰਜਾਬ ਦੇ ਸਾਹਿਤਕਾਰਾਂ ਨੂੰ ਕਿਸ ਤਰ੍ਹਾਂ ਭਾਰਤੀ ਸਾਹਿਤ ਨੂੰ ਭਰਪੂਰ ਕਰਨ ਵਿਚ ਹਿਸਾ ਪਾਇਆ। ਇਹ ਸਭ ਸਤਿਗੁਰਾਂ ਦੀ ਸਰਪ੍ਰਸਤੀ ਦਾ ਨਤੀਜਾ ਸੀ ਕਿ ਸਤ੍ਹਾਰਵੀਂ ਸਦੀ ਵਿਚ ਹਿੰਦੀ ਪੰਜਾਬੀ ਦੀ ਇਹੋ ਜਿਹੀ ਦਾਰਸ਼ਨਿਕ ਗੱਦ ਇਤਨੀ ਮਾਤਰਾ ਵਿਚ ਰਚੀ ਗਈ।



Digitized by Panjab Digital Library | www.panjabdigilib.org

ਵੰਨਗੀ—

## ਉਪਨਿਖਧਿ ਨਾਰਾਇਣ ਇਹ ਅਥਰਬਣ ਬੇਦ ਥੀਂ ਹੈ।

'ਨਾਰਾਇਣ ਕੈਸਾ ਹੈ ਜੋ ਸਭਨਾਂ ਜੀਵਾਂ ਵਿਖੈ ਰਹਤਾ ਹੈ ਅਰੁ ਜੀਵ ਸਭ ਤਿਸ ਮੋਂ ਰਹਤੇ ਹੈਂ। ਉਸ ਪਰਮਾਤਮਾ ਏਕਾ ਏਕੀ ਨੇ ਚਾਹਿਆ ਜੋ ਇਕ ਥੀਂ ਮੈਂ ਬਹੁਤੁ ਹੋਵਾਂ ਅਰ ਏਸ ਏਕਤਾ ਥੀ ਵਿਚ ਅਨੇਕਤਾ ਦੇ ਪ੍ਰਕਾਸ ਕਰਾਂ। ਪ੍ਰਥਮੇ ਇਸ ਨਾਰਾਇਣ ਥੀਂ ਇਛਾ ਸ਼ਕਤਿ ਗੁਪਤ ਅਪ੍ਰਗਟਿ ਪ੍ਰਗਟਿ ਸਿ ਹੋਈ ਬਹੁੜਿ ਭੂਤਾਕਾਸ ਹੋਤਿ ਭਯਾ। ਬਹੁੜ ਵਾਉ ਅਰੁ ਅਗਨਿ ਅਰੁ ਜਲੁ ਅਰੁ ਪ੍ਰਿਥਵੀ ਜੋ ਆਧਾਰ ਸਭਨਾਂ ਦੀ ਹੈ, ਪ੍ਰਕਾਸ਼ ਹੋਏ। ਅਰ ਉਸ ਪਰਮਾਤਮਾ ਨਾਰਾਇਣ ਥੀਂ ਹਿਰਣਿ ਗਰਭੁ ਅਰੁ ਇੰਦ੍ਰ ਅਰੁ ਮਹਾਂਦੇਵ ਅਰੁ ਪ੍ਰਿਜਾਪਤਿ ਅਰੁ ਅਸਟ ਵਿਸੁ ਅਰ ਸਮਸਤਿ ਦੇਵਤਾ। ਅਰ ਸਭਿ ਜੀਵ ਜਾਤਿ ਅਖਲ ਉਸੀ ਥੀਂ ਪ੍ਰਕਾਸ਼ ਹੋਏ ਹੈਨਿ ਅਰੁ ਉਸੀ ਮੈਂ ਲੈ ਹੋਤੇ ਹੈਂ। ਅਰੁ ਓਹੁ ਨਾਰਾਇਣ ਜੋ ਅਖਲ ਵਿਸ੍ਵ ਕਾ ਪ੍ਰਕਾਸ਼ਿਕ ਹੈ ਆਪਿ ਏਕ ਅਦੁਤੀ ਹੈ ਅਰ ਸਦਾ ਸਰਵਦਾ ਆਪਣੇ ਆਧਾਰਿ ਇਸਥਿਤਿ ਹੈ। ਓਹੋ ਨਾਰਾਇਣ ਬ੍ਰਹਿਮਾ ਹੈ, ਸੋਈ ਨਾਰਾਇਣ ਮਹਾਂਦੇਵ ਹੈ, ਓਹੀ ਨਾਰਾਇਣ ਇੰਦ੍ਰ ਹੈ। ਓਹੀ ਨਾਰਾਇਣ ਯਾਹਰਾਂ ਰਦ੍ਰ ਹੈ ਅਰੁ ਓਹੀ ਨਾਰਾਇਣ ਅਸ਼ਟ ਵਿਸੁ ਹੈ। ਅਰੁ ਓਹੀ ਨਾਰਾਇਣ ਅਸਨੀ ਕੁਮਾਰ ਹੈ। ਅਰੁ ਓਹੀ ਨਾਰਾਇਣ ਸਭਿ ਰਿਖੀਸ੍ਵਰ ਅਰੁ ਤਪੀਸ੍ਵਰ ਹੈ ਅਰੁ ਮੁਨੀਸ੍ਵਰ ਹੈ। ਅਰੁ ਓਹੀ ਨਾਰਾਇਣ ਕਾਲ ਹੈ ਅਰੁ ਸੋਈ ਨਾਰਾਇਣੁ ਦਿਸਾ ਹੈ।

ਉਰਧਿ ਨਾਰਾਇਣ ਹੈ, ਅਰਧਿ ਨਾਰਾਇਣ ਹੈ। ਅਗੇ ਨਾਰਾਇਣ ਹੈ, ਪਾਛੇ ਨਰਾਇਣ ਹੈ। ਬਾਂਵੇ ਨਾਰਾਇਣ, ਦਾਂਵੇ ਨਾਰਾਇਣ, ਗੁਪਤ ਨਾਰਾਇਣ, ਪ੍ਰਗਟ ਨਾਰਾਇਣ। ਭੂਤ ਭਵਿਖਤ ਵਰਤਮਾਨ ਸਭਿ ਕਛੁ ਨਾਰਾਇਣ ਹੈ। ਐਸਾ ਨਾਰਾਇਣ ਨਿਤ ਹੈ, ਸਤਿ ਹੈ ਸਦਾ ਹੈ, ਅਵਿਛੰਦਿ ਹੈ, ਅਖੰਡ ਹੈ ਐਸਾ ਨਾਰਾਇਣ ਬਾਣੀ ਤੇ ਅਗੋਚਰਿ ਹੈ, ਪ੍ਰਨਾਮ ਤੇ ਪਰੇ ਹੈ ਅਰੁ ਉਹੁ ਨਾਰਾਇਣ ਸੁਧਿ ਨਿਰਮਲ ਹੈ, ਜੋਤੀ ਸਰੂਪ ਹੈ, ਅਦਵੈਤਿ ਜਾਣੈ, ਸੋਈ ਦੁਤੀਆ ਰਹਿਤ ਹੈ।

ਜੇ ਕੋਈ ਦੇਹਿ ਅਪਨੇ ਕੇ ਤਾਈਂ ਰਥੁ ਅਰੁ ਗਿਆਨ ਕੋ ਰਥਵਾਹੀ ਜਾਣੈ। ਅਰੁ ਮਨ ਅਪਨੇ ਕੇ ਤਾਈਂ ਰੱਸਣੇ। ਅਰੁ ਇੰਦ੍ਰੀਆਂ ਕੇ ਤਾਈਂ ਖੈਂਚਣ ਵਾਲਾ ਜਾਣੈ, ਜੀਵ ਆਤਮਾ ਕੇ ਤਾਈਂ ਉਪਰ ਇਸ ਰਥਿ ਦੇ ਸਵਾਰ ਕਰੇ। ਆਪਣੇ ਤਾਈਂ ਸਾਥਿ ਪੂਰਨਿ ਪਰੋਜਨਿ ਦੇ ਜੁ ਪ੍ਰਮਾਤਮਾ ਬਿਸਨ ਅਬਿਨਾਸ਼ੀ ਹੈ ਅਰੁ ਨਿਰਵਿਕਾਰ ਦੀਸਰਿ ਹੈ ਪਹੁਚਾਂਵਿਦਾ ਹੈ।



Digitized by Panjab Digital Library | www.panjabdigilib.org

ਇਸ ਉਪ ਨਿਖਧ ਨਾਰਾਇਣ ਕਉ ਜੁ ਕੋਈ ਪੜੈ ਅਰੁ ਸਮਝੈ । ਏਹਿ ਸਭ ਬੰਧਨ ਜਗਤ ਦੇ ਅਰੁ ਪਾਪ ਕਰਮਾਂ ਦੇ ਖਲਾਸੁ ਹੋਇ ਕੈ ਮੁਕਤਿ ਹੋਂਦਾ ਹੈ ।

ਬਿਸਨ ਸਰੂਪ ਹੋਇ ਕੈ ਬ੍ਰਹਿਮ ਪਰਾਇਣ ਹੋਂਦਾ ਹੈ । ਅਰੁ ਏਹ ਤਾਤਪ੍ਰਜ ਅਥਰਬਣ ਬੇਦ ਦਾ ਹੈ । ਜੇ ਕੋਈ ਇਸ ਉਪਨਿਖਧ ਕੋ ਪ੍ਰਾਤਾ ਕਾਲਿ ਪਠਨੁ ਕਰੈ, ਪਾਪ ਰਾਤ ਕੇ ਨਾਸ ਹੋਤੇ ਹੈਂ ਅਰ ਜਿ ਕੋਈ ਸੰਧਿਆਕਾਲੁ ਪਠਨਿ ਕਰੈ ਪਾਪ ਦਿਨ ਦੇ ਛੈ ਕੋ ਪਾਵਤੇ ਹੈਂ । ਜੇ ਕੋਈ ਦੁਇ ਸਮੇਂ ਪਾਠ ਕਰੈ, ਪਾਪ ਉਸ ਦੇ ਨਿਕਟ ਨ ਆਵੈ ।

[ਭਾਸ਼ਾ ਵਿਭਾਗ, ਲਾਇਬ੍ਰੇਰੀ ਪਟਿਆਲਾ
ਖਰੜਾ ਨੰ. 21,

ਮੋਤੀ ਬਾਗ ਲਾਇਬ੍ਰੇਰੀ ਵਿਚ ਇਕ 'ਅਦਭੁਤ ਬੈਤਾਲ ਪਚੀਸੀ ਤੇ ਸਿੰਆਸਨ ਬਤੀਸੀ' ਦਾ ਸੁੰਦਰ ਨੁਸਖਾ ਹੈ ਜੋਕਿ 1661 ਬਿ. ਵਿਚ ਅਕਬਰ ਦੇ ਜ਼ਮਾਨੇ ਕਿਸੇ ਹੋਰ ਪ੍ਰਹਿਲਾਦ ਕਵੀ ਨੇ ਅਨੁਵਾਦਿਆ ਸੀ, ਇਹ ਇਸ ਪ੍ਰਹਿਲਾਦ ਦੀ ਰਚਨਾ ਨਹੀਂ ਜੋ ਗੁਰੂ ਜੀ ਦਾ ਦਰਬਾਰੀ ਵਿਦਵਾਨ ਸੀ । ਉਕਤ ਖਰੜੇ ਵਿਚ ਸੰਮਤ 1661 ਦੀ ਥਾਂ 1761 ਬਿ. ਸੰਮਤ ਦੇਣ ਦੀ ਭੁਲ ਹੋਈ ਹੈ, ਦਰਅਸਲ ਹੋਰ ਖਰੜਿਆਂ ਵਿਚ ਦਿਤੇ ਪਾਠ ਤੋਂ 1661 ਬਿ. ਹੀ ਸਿਧ ਹੁੰਦਾ ਹੈ ।

ਹਾਂ, ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਚ ਇਕ 'ਗਿਆਨ ਸੁਰੋਦੈ' ਦਾ ਖਰੜਾ (ਨੰ 499) ਮਿਲਦਾ ਹੈ ਜੋ ਇਸੇ ਦਰਬਾਰੀ ਕਵੀ ਦੀ ਰਚਨਾ ਪ੍ਰਤੀਤ ਹੁੰਦੀ ਹੈ । ਉਸਦੀਆਂ ਆਖਰੀ ਸਤਰਾਂ ਇਉਂ ਹਨ—

ਗੁਰ ਕ੍ਰਿਪਾ ਤੇ ਪ੍ਰੀਤਿ ਬਢਾਈ
ਸਿਧ ਸੁਰੋਦੈ ਬਰਨ ਸੁਨਾਈ
ਪਾਠਕ ਹੇਤੁ ਬਖਾਨੀ ਭਾਖਾ
'ਪ੍ਰਹਿਲਾਦ' ਕਬੀਸਰ ਦੀਨੀ ਸਾਖਾ ।

**ਫੁਟਕਲ —**

## ਰਾਗ ਧਨਾਸਰੀ

ਰੇ ਨਰ ਜਾਨ ਬੂਝ ਮਤਿਮੰਦਾ
ਸਭ ਸਾਧਨ ਸਤ ਸੁਕ੍ਰਿਤ ਕੋ ਫਲ, ਭਜਿਓ ਨ ਕੌਸਲ ਚੰਦਾ । ੧ । ਰਹਾਉ

ਇਕ ਟਕ ਹੋਇ ਨ ਭਇਓ ਪਪੀਹਰੋ, ਰਾਮ ਸ਼ਾਮ ਘਨ ਕੇਰੋ
ਪੜਨ ਗੁਨਨ ਅਰ ਲੋਕ ਰਿਝਾਵਣ, ਕਹਾਂ ਪੁਰਖਾਰਥ ਤੇਰੋ । ੧ ।



Digitized by Panjab Digital Library | www.panjabdigilib.org

ਬਾਤ ਬਨਾਇ ਕਰਤ ਲੋਕਨ ਮੈਂ, ਚਤੁਰਾਈ ਬਹੁ ਠਾਨੈ
ਧ੍ਰਿਗ ਧ੍ਰਿਗ ਤੇਰੀ ਚਤੁਰਾਈ, ਪ੍ਰਭੁ ਸਿਉ ਰਤਿ ਨਹੀਂ ਆਨੈ । ੨ ।

ਪ੍ਰਭੁ ਸੁਰ ਨਰ ਪਤਿ, ਕਾਮਧੇਨੁ ਚਿੰਤਾਮਣਿ ਪਤਿ ਤਿਆਗਿਓ
ਭ੍ਰਮਿਓ ਜਗਤ ਨਾਤ੍ਰ ਜਿਉ ਆਗਨਿ, ਜਿਉ ਸੁਪਨੈ ਨ੍ਰਿਪ ਡਾਹਗਿਓ । ੩ ।

ਸਤ ਸਨੇਹੁ ਰਾਮ ਸਿਉ ਉਪਜੈ, ਬਿਖੈ ਭੋਗ ਬਿਖ ਲਾਗੈ
ਤਬ ਜਾਨਹੁ 'ਪ੍ਰਹਿਲਾਦ' ਹੀਐ ਮਹਿੰ, ਪ੍ਰਭੁ ਕਰਣਾ ਤੇ ਜਾਗੈ । ੪ ।

[ਸ਼ਬਦ ਸ਼ਲੋਕ ਵਿਚੋਂ

ਛਪੈ ਛੰਦ

ਕਹੁ ਮੰਦਰ ਕਿਉ ਤਜੈ, ਬਾਹਰ ਛੱਪਰ ਕਿਉਂ ਛਾਏ
ਕਹੁ ਉਦਮ ਕਿਉਂ ਤਜੇ, ਬਹੁਰ ਮੰਗਣ ਕਿਉਂ ਆਏ
ਕੁਲ ਕੁਟੰਬ ਕਿਉਂ ਤਜੇ, ਬਹੁਰ ਕਿਉਂ ਢੂੰਡਹੁ ਚੇਲੇ
ਕਹੁ ਬਸਤ੍ਰ ਕਿਉਂ ਤਜੇ, ਬਹੁਰ ਖਿੰਥਾ ਕਿਉਂ ਮੇਲੇ
ਆਸਾ ਨ ਮਾਰਿਆ ਆਸਨੁ ਕੀਤਿ, ਮਨ ਕਉ ਮਨਹਿ ਨ ਮਥਿਉ
ਪ੍ਰਹਿਲਾਦ ਕਹੈ ਰੇ ਜੋਗਿਨਾ ! ਤੈ ਸਮਝਿ ਕਿਨਾ ਘਰਿ ਨਿਕਸਿਤਿ ।

[ਇਕ ਹੱਥ ਲਿਖੀ ਵਿਚੋਂ

ਮਾਝਾਂ

ਵੱਡਾ ਆਕਿਲ ਥੀ ਕਰ ਇਥੇ, ਆਇਤਿ ਵਿਚ ਵਿਚੋਲਾ
ਗਿਣਿਆ ਮਿਣਿਆ ਚੰਗਾ ਆਹੇ, ਪਰ ਹੈ ਭੋਲਾ ਮਿਠ ਬੋਲਾ
ਵੱਡੀ ਨਜ਼ਰ ਤਹੰਮਲੁ ਭਾਰਾ, ਕਿਉਂ ਕੰਮ ਕੀਤੋ ਈ ਹਉਲਾ
ਜੇਂ 'ਪ੍ਰਹਿਲਾਦ' ਸਾਗ ਮੂੰਹ ਦਿਤੋ, ਸੋ ਬਿਦਰ ਅਸਾਡਾ ਗੋਲਾ ।

ਸੁਣ ਦੁਰਜੋਧਨ ਮਾਲਮ ਤੈਨੂੰ ਇਹ ਬਿਦਰ ਅਸਾਡਾ ਭਾਈ
ਮੈਂ ਭਗਤਾਂ ਵਿਚ ਅੰਤਰ ਨਾਹੀ, ਮੇਰੇ ਭਗਤ ਸਦਾ ਸੁਖਦਾਈ
ਕੁਲ ਦੇ ਵਡੇ ਸੋ ਅਸਾਂ ਛੱਡੇ, ਜਿਨ੍ਹਾਂ ਵਿਚ ਬਾਦੁ ਵਡਿਆਈ
ਮੈਂ 'ਪ੍ਰਹਿਲਾਦ' ਭਾਉ ਦਾ ਭੁਖਾ, ਹੋਰ ਕਮੀ ਨਹੀਂ ਕਾਈ ।

ਭੀਸ਼ਮ ਸੰਦੇ ਭਉਣ ਨ ਆਇਓ, ਕਰਣ ਨ ਚਿਤ ਪਇਓਈ
ਅਸਾਡਾ ਘਰ ਪਲਰ ਨੰਦਵਾਲਿਆ, ਕੁਲ ਨੂੰ ਦਾਗ ਲਾਇਓ ਈ
ਕਰਮ ਪ੍ਰਹਿਲਾਦ ਕਰੈ ਸੋ ਤੇਹੇ. ਹੋਵਹਿ ਜੇਹਾ ਕੋਈ
ਅਤਿ ਅਮੀਰ ਫਕੀਰ ਆਪ ਨੂੰ, ਆਪੇ ਪਰਗਟ ਕੀਤੋਈ ।

ਕਿਹੜੇ ਦੰਮ ਸੁਦਾਮੇ ਖਰਚੇ, ਜੈਂਦੀ ਚਰਣ ਧੂਰਿ ਸਿਰ ਲਾਈ
ਕਿਹੜਾ ਧਨ ਕੁਬਜਾਂ ਦੇ ਪੱਲ, ਜੋ ਮਥਰਾ ਮਾਹਿੰ ਲਡਾਈ



Digitized by Panjab Digital Library | www.panjabdigilib.org

ਕਉਣ ਤਪੱਸਿਆ ਕਰੀ ਅਹੱਲਿਆ, ਜੁ ਚੜ੍ਹਿ ਬਿਬਾਣ ਸਿਧਾਈ
ਮੈਂ 'ਪ੍ਰਹਿਲਾਦ' ਭਾਤ੍ਰੇ ਦਾ ਭੁੱਖਾ, ਜੈਨੂੰ ਭੀਲਨਿ ਜੂਠ ਖਵਾਈ।

ਪ੍ਰਹਿਲਾਦ ਸਿੰਘ ਦੇ ਨਾਂ ਤੇ ਰਹਿਤਨਾਮਾ ਵੀ ਮਿਲਦਾ ਹੈ ਪਰ ਇਹ ਬਾਦ ਦੀ ਰਚਨਾ ਹੈ। (ਦੇਖੋ ਮੇਰੀ ਪੁਸਤਕ, 'ਰਹਿਤਨਾਮੇ')

## (੧੫) ਅੰਮ੍ਰਿਤਰਾਇ ਲਾਹੌਰੀ

ਅੰਮ੍ਰਿਤ ਰਾਇ ਲਾਹੌਰੀ ਇਕ ਚੰਗਾ ਵਿਦਵਾਨ ਕਵੀ ਸੀ ਜਿਸ ਨੇ ਗੁਰੂ ਸਾਹਿਬ ਦੇ ਕਹਿਣ ਤੇ ਮਹਾਂ ਭਾਰਤ ਦੇ ਸਭਾ ਪਰਬ ਦਾ ਅਨੁਵਾਦ ਕੀਤਾ। ਇਹ ਕਵੀ ਲਾਹੌਰ ਦਾ ਰਹਿਣ ਵਾਲਾ ਤੇ ਭੱਟ ਜਾਤੀ ਵਿਚੋਂ ਸੀ। ਸ਼ਾਇਦ ਇਹ ਕਿਸੇ ਸਮੇਂ ਸ਼ਾਹਜਹਾਂ ਦੀ ਕ੍ਰਿਪਾ ਦਾ ਪਾਤਰ ਵੀ ਰਿਹਾ ਸੀ। ਇਸ ਦੇ ਪਿਤਾ ਦਾ ਨਾਂ ਛੈਲ ਰਾਇ ਸੀ। * ਅੰਮ੍ਰਿਤ ਰਾਇ ਨੇ ਪ੍ਰਸਿੱਧ ਵਿਦਵਾਨ ਚਤੁਰ ਦਾਸ ਬਹਿਲ ਤੋਂ ਕਾਵਿ-ਸਿਖਿਆ ਪ੍ਰਾਪਤ ਕੀਤੀ ਜਿਸ ਨੇ ਕਿ 1692 ਬਿ. ਵਿਚ ਭਾਗਵਤ ਏਕਾਦਸ ਸਕੰਧ ਦਾ ਹਿੰਦੀ ਅਨੁਵਾਦ ਕੀਤਾ ਸੀ। ਇਸ ਚਤਰਦਾਸ ਦੇ ਵਿਦਿਆ ਗੁਰੂ ਭਾਈ ਸੰਤ ਦਾਸ ਸਨ ਜੋ ਕਿ ਪੰਜਾਬ ਦੇ ਧੁਰੰਧਰ ਵਿਦਵਾਨ ਤੇ ਨਾਮੀ ਪੁਰਸ਼ ਹੋਏ ਹਨ। † ਇਸ ਤਰ੍ਹਾਂ ਅੰਮ੍ਰਿਤ ਰਾਇ ਜਿਥੇ ਖ਼ਾਨਦਾਨੀ ਵਡਿਆਈ ਰਖਦਾ ਸੀ, ਉਥੇ ਵਿਦਵਾਨ ਗੁਰਪ੍ਰਣਾਲੀ ਦਾ ਬੁਧਿਮਾਨ ਸਾਹਿਤ ਵਿਦਿਆਰਥੀ ਸੀ, ਗੁਰੂ ਦਰਬਾਰ ਵਿਚ ਆਉਣ ਤੋਂ ਪਹਿਲਾਂ ਉਹ ਕਈ ਰਚਨਾ ਰਚ ਚੁਕਾ ਸੀ ਜਿਨ੍ਹਾਂ ਵਿਚੋਂ 'ਚਿਤ੍ਰ ਬਿਲਾਸ' ਜੈਸੀ

---

* ਸ੍ਰੀ ਹਰਿ ਗੋਤ ਉਦੋਤ, ਧਰਮ ਸ਼ੁਭ ਕਰਮ ਸੀਲ ਸੁਚ
ਦਾਨ ਦਯਾ ਉਪਕਾਰ ਬੇਦ ਵਿਦਯਾ ਵਿਚਾਰ ਰੁਚਿ

ਉਪਜੇ ਸ੍ਰੀ ਗੋਪਾਲ ਰਾਇ, ਕਵਿ ਰਾਇ ਸਰਸ ਮਤਿ
ਤਿਨ ਕੇ ਜੈ ਚੰਦ ਨੰਦ ਸਰਬ ਸੁਖ ਕੰਦ ਸੁਹ੍ਰਿਦ ਅਤਿ।

ਸ੍ਰੀ ਛੈਲ ਰਾਇ ਗੁਨ ਨਿਧਿ ਪ੍ਰਗਟ, ਬਾਕ ਬਰਬਾਨੀ ਦਰਸ
ਤਿਹੰ ਪੁਤ੍ਰ ਸੁ ਅੰਮ੍ਰਿਤ ਰਾਇ ਕਛੁ ਬਰਨਯੋ ਕਵਿਕੁਲ ਪਗ ਪਰਸ।੧।
[ਰਸ ਰਤਨਾਕਰ, ੧੬ਵਾਂ ਰਤਨ

† ਸੰਮਤ ਸੋਲਹ ਸਹਸ ਬਾਨਵਾ। ਜੇਠ ਸ਼ੁਕਲ ਖਸ਼ਟੀ ਕੁ ਜੁ ਦਿਵਾ
ਸੰਤਦਾਸ ਗੁਰ ਆਗਯਾ ਦੀਨੀ। ਚਤੁਰਦਾਸ ਯਹ ਭਾਖਾ ਕੀਨੀ।
[ਭਾਗਵਤ ਸਕੰਧ



Digitized by Panjab Digital Library | www.panjabdigilib.org

ਪ੍ਰੌਢ ਆਲੰਕਾਰਕ ਰਚਨਾ ਖ਼ਾਸ ਤੌਰ ਤੇ ਪ੍ਰਸਿਧ ਹੈ। 'ਰਸ ਰਤਨਾਕਰ' ਇਕ ਹੋਰ ਰਚਨਾ ਹੈ ਜਿਸ ਵਿਚ ਰਸ ਤੇ ਨਾਇਕਾ ਭੇਦ ਦਾ ਵਰਣਨ ਹੈ। ਮਹਾਂ ਭਾਰਤ ਦੇ ਸਭਾ ਪਰਬ ਦਾ ਅਨੁਵਾਦ ਉਸ 1753 ਬਿ: ਵਿਚ ਸੰਪੂਰਣ ਕੀਤਾ ਜੋਹਾ ਕਿ ਮੋਤੀ ਬਾਗ ਲਾਇਬਰੇਰੀ ਪਟਿਆਲਾ ਵਿਚ ਪਏ ਖਰੜੇ ਦੇ ਇਕ ਪੱਤਰੇ ਤੇ ਲਿਖਿਆ ਹੈ —

'ਸਭਾ ਪਰਬ ਕ੍ਰਿਤ ਅੰਮ੍ਰਿਤ ਰਾਇ, ਰਚਨਾ ਸਾਲ 1753 ਬਸਾਖ ਵਦੀ 2, ਰੋਬਰੋ ਪਾਤਸ਼ਾਹੀ। ੧੦।'

ਇਸ ਤੋਂ ਅਨੁਮਾਨ ਕਰ ਸਕੀਦਾ ਹੈ ਕਿ ਅੰਮ੍ਰਿਤਰਾਇ 1750 ਬਿ. ਦੇ ਲਾਗੇ ਚਾਗੇ ਅਨੰਦਪੁਰ ਆ ਗਿਆ ਹੋਵੇਗਾ। ਇਸ ਤੋਂ ਪਹਿਲਾਂ 1736 ਬਿ. ਵਿਚ ਰਚੀ ਆਪਣੀ ਰਚਨਾ 'ਚਿਤ੍ਰ ਬਿਲਾਸ' ਵਿਚ ਉਹ ਇਸ ਦਾ ਕਾਰਨ ਤੇ ਸਮਾ ਦਸਦਾ ਕਹਿੰਦਾ ਹੈ —

ਕੁੰਡਲੀਆ—ਪੰਡਿਤ ਬਡੇ ਲਾਹੌਰ ਮਹਿ ਅੰਤਿ ਗੁਨਿਨ ਕੋ ਨਾਹਿ
ਕਛੁ ਐਸੀ ਵਿਧਿ ਕੀਜੀਏ, ਜਿਉਂ ਸਭ ਮੋਹਹਿ ਜਾਹਿ
ਜਿਉਂ ਸਭ ਮੋਹੈਂ ਜਾਹਿ ਗ੍ਰੰਥ ਰਚੀਏ ਅਤਿ ਰੁਚਿ ਕਰ
ਆਗੇ ਭਯੋ ਨ ਹੋਇ, ਔਰ ਭਾਖਾ ਮਹਿ ਸਰਵਰ
ਹੋ ਤੁਮ ਚਤਰ ਸੁਜਾਨ, ਸਕਲ ਵਿਦਿਆ ਗੁਨ ਮੰਡਿਤ
ਕੀਜਹਿ ਵਹੈ ਉਪਾਇ, ਜਾਹਿ ਸੁਨਿ ਰੀਝਹਿ ਪੰਡਿਤ। ੬।

ਦੋਹਰਾ— ਤਿਨ ਕੀ ਆਗਿਆ ਤੇ ਭਯੋ ਕਵਿ ਕੇ ਚਿਤ ਹੁਲਾਸ
ਚਤਰ ਦਾਸ ਛਤ੍ਰੀ ਬਹਿਲ, ਬਰਨੋਂ ਚਿਤ੍ਰ ਬਿਲਾਸ। ੭।

ਦੋਹਰਾ— ਸੰਮਤ ਸਤ੍ਰਹ ਸੈ ਬਰਖ, ਬੀਤੇ ਅਧਿਕ ਛਤੀਸ
ਕਾਤਿਕ ਸੁਦਿ ਨਵਮੀ ਸੁ ਤਿਥਿ, ਵਾਰ ਚਾਰੁ ਦਿਨ ਈਸ। ੮।

ਸੋਰਠਾ— ਚੌਗੱਤਾ ਕੇ ਰਾਜ, ਰਾਜਤ ਆਦਿ ਜੁਗਾਦਿ ਜੁਗ
ਹੈ ਤਿਨ ਕੇ ਸਿਰਤਾਜ, ਅਵਰੰਗ ਸ਼ਾਹ ਮਹਾਬਲੀ। ੯।

ਅੰਮ੍ਰਿਤਰਾਇ ਨੂੰ ਅਪਣਾ ਸ਼ਹਿਰ ਲਾਹੌਰ ਜੋ ਕਿ ਉਸ ਸਮੇਂ ਚੰਗੇ ਕਵੀਆਂ ਵਿਦਵਾਨਾਂ ਦਾ ਗੜ੍ਹ ਸੀ, ਬਹੁਤ ਪਸੰਦ ਸੀ। ਜਿਥੇ ਵੀ ਮੌਕਾ ਬਣਿਆ ਕਵੀ ਨੇ ਦਰਿਆ ਰਾਵੀ ਤੇ ਲਾਹੌਰ ਦੀ ਭਰਵੀਂ ਪ੍ਰਸੰਸਾ ਕੀਤੀ ਹੈ। ਇਕ ਥਾਂ ਤਾਂ ਉਹ ਕਹਿੰਦਾ ਹੈ ਕਿ ਜੇਕਰ ਕੋਈ ਕਰੋੜਾਂ ਰੁਪਏ ਵੀ ਦੇਵੇ ਤਾਂ ਵੀ ਅਸੀਂ ਲਾਹੌਰ ਛੱਡਣ ਲਈ ਤਿਆਰ ਨਹੀਂ। ਕਵੀ ਲਿਖਦਾ ਹੈ —

ਅਤਿ ਹੀ ਉਤਗ ਦੁਰਗ ਜਾਹਿੰ ਦੇਖ ਲਾਜਹਿ ਸੁਰਗ
ਰਾਜਹਿ ਰਾਜ ਮੰਦਰ ਜੋ ਮੰਦਰ ਸਮਾਨ ਹੈ।



Digitized by Panjab Digital Library | www.panjabdigilib.org

ਛੱਜਾ ਛਾਤ ਛਾਤਰੀ ਕਨਕ ਕਲਸ ਲਸਹਿੰ
ਜਗ ਮਗ ਜਗਮਗ ਜਾਨਹੁ ਭੂਰ ਭਾਨ ਹੈ।
ਮਾਨਨਿ ਨਿਚੋਕਨ ਕੀ ਚਮਕ ਨ ਕਹੀਂ ਪਰਤ
ਬੈਠਾ ਗਿਰ ਨਾਗਰ ਹੈ ਮਹਾਂ ਦਾਨ ਦਾਨ ਹੈ।
ਸਾਤੋ ਦੀਪ ਨਵਹੂ ਖੰਡ, ਸੁਭ ਮੰਡ ਮੰਡਲ ਹੈ
ਲਵਪੁਰ ਨਗਰ ਸੇ ਨਗਰ ਨ ਆਨ ਹੈ। ੧੧।

ਊਚੀ ਊਚੀ ਅਟਾ ਮਿਲ ਘਟਾ ਸੰਗਿ ਬਾਤੇਂ ਕਰੈਂ
ਤਿਨ ਪੈ ਪਤਾਕਾ ਰੰਗ ਰੰਗ ਅਵਰੋਹੀਏ
ਉਡ ਨ ਪਹੂਚਹਿ ਪੱਛਿ ਜਤਨ ਕਰਤ ਲੱਛ
ਲਛਿ ਲਛਿ ਭਾਵ ਉਪਮਾਨ ਆਨ ਤੋਹੀਏ
ਚੌਪਖਾ ਅਟਾਰੀ ਬੰਕ ਦੁਆਰੀ ਔ ਤਿਵਾਰੀ ਭਾਰੀ
ਦੇਖਿ ਚਿਤ੍ਰਸਾਰੀ ਚਿਤ ਕੋ ਕੋ ਨ ਮੋਹੀਏ
ਲਵਪੁਰ ਨਗਰ ਮਹਿੰ ਬਗਰ ਬਾਜ਼ਾਰ ਐਸੇ
ਜੈਸੇ ਲੋਕ ਲੋਕਨ ਕੇ ਪੁੰਨ ਫਲ ਜੋਹੀਏ। ੧੨।

ਵਾਚਤ ਪੁਰਾਨ ਕਹੂੰ ਨਾਚਤ ਨ੍ਰਿਤਕਾਰੀ
ਗਾਵਤ ਹੈਂ ਗੀਤ ਕਹੂੰ ਮੀਠੀ ਧੁਨਿ ਮੋਰ ਤੇ
ਕੌਤਕ ਕਹਾਨੀ ਕੇਲਿ ਜਹਾਂ ਤਹਾਂ ਹਾਂਸੀ ਖੇਲ
ਸਾਧੂਨ ਸੋਂ ਮੇਲ ਡਰ ਹੈ ਨ ਠਗ ਚੋਰ ਤੇ
ਲੋਨੇ ਲੋਨੇ ਰੂਪ ਸਭ ਭੂਪ ਭੇਖ ਦੇਖਿਯਤ
'ਅੰਮ੍ਰਿਤ' ਸਹਿਜ ਸੁਖ ਸਾਂਝ ਔਰ ਭੋਰ ਤੇ
ਰਤਿ ਪਤਿ ਭੋਗ ਤਹਾਂ ਰੋਗ ਨ ਬਿਯੋਗ ਸੋਗ
ਪਾਈਏ ਕ੍ਰੋਰ ਤਉ ਨ ਜਾਈਏ ਲਾਹੌਰ ਤੇ। ੧੩।

[ਚਿਤ੍ਰ ਬਿਲਾਸ

ਇਹ ਇਸ ਤਰ੍ਹਾਂ ਦੀ ਗੱਲ ਸੀ ਜਿਵੇਂ ਕਿ ਇਸ ਤੋਂ ਇਕ ਸਦੀ ਬਾਦ ਇਕ ਵਾਰ ਉਰਦੂ ਦੇ ਮਸ਼ਹੂਰ ਸ਼ਾਇਰ ਜ਼ੌਕ (1759— 1854 ਈ.) ਨੇ ਕਿਹਾ ਸੀ—

ਆਜ ਕਲ ਗਰਚਿ ਦੱਕਨ ਮੇਂ ਹੈ ਬੜੀ ਕਦਰੇ ਸੁਖ਼ਨ
ਕੌਨ ਜਾਇ ਜ਼ੌਕ ਪਰ, ਦਿਲੀ ਕੀ ਗ਼ਲੀਆਂ ਛੋੜ ਕਰ।

ਜਿਵੇਂ ਜ਼ੌਕ ਲਈ ਦਿਲੀ ਛੱਡਣਾ ਔਖਾ ਲਗਾ ਸੀ, ਤਿਵੇਂ ਅੰਮ੍ਰਿਤ ਰਾਇ ਲਾਹੌਰ ਛੱਡਣ ਲਈ ਰਾਜ਼ੀ ਨਹੀਂ ਸੀ ਪਰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਸਾਏ ਨਵੇਂ



Digitized by Panjab Digital Library | www.panjabdigilib.org

ਨਗਰ ਆਨੰਦ ਪੁਰ ਦੀ ਚਰਚਾ ਸੁਣੀ, ਕਵੀਆਂ ਦੀ ਕਦਰਦਾਨੀ ਤੇ ਦਿਲ ਨੂੰ ਹੌਂਸਲਾ ਤੇ ਉਤਸ਼ਾਹ ਬਖਸ਼ਣਵਾਲੇ ਸਤਿਗੁਰੂ ਦੇ ਖੁਲ੍ਹੇ ਦਾਨਾਂ ਦੀ ਭਿਣਕ ਪਈ ਤਾਂ ਅੰਮ੍ਰਿਤਰਾਇ ਨੂੰ ਅਪਣਾ ਪੁਰਾਣਾ ਖਿਆਲ ਬਦਲਣਾ ਪਿਆ। ਅਖਿਰ ਉਹ ਗੁਣਵੰਤ ਗੁਰੂ ਦੀ ਗੌਰਵਮਈ ਸਖਸ਼ੀਅਤ ਦਾ ਖਿਚਿਆ ਹੋਇਆ ਅਨੰਦਪੁਰ ਵਲ ਤੁਰ ਪਿਆ।

ਭਾਈ ਸੰਤੋਖ ਸਿੰਘ ਅਨੁਸਾਰ* ਉਸ ਨੇ ਆ ਕੇ ਗੁਰੂ ਕੀਰਤੀ ਦਾ ਇਕ ਕਬਿੱਤ ਦਰਬਾਰ ਵਿਚ ਭੇਟ ਕੀਤਾ, ਜੋ ਇਸ ਪ੍ਰਕਾਰ ਹੈ—

ਜਾਂਚੀ ਓਰ ਜਾਂਊਂ ਅਤਿ ਆਦਰ ਤਹਾਂ ਤੇ ਪਾਊਂ
ਤੇਰੇ ਗੁਨ ਗਨ ਕਉ ਅਗਾਊ ਗਨੈ ਸ਼ੇਸ ਜੂ।
ਹੀਰ ਚੀਰ ਮੁਕਤਾ ਜੇ ਦੇਤ ਦਿਨ ਪ੍ਰਤਿ ਦਾਨ
ਤਿਨਹਿ ਦੇਖਿ ਦੇਖਿ, ਅਭਿਲਾਖਤ ਧਨੇਸ਼ ਜੂ।
ਗੁਨਿਨ ਮਹਿੰ ਗੁਨੀ ਕਵਿ ਅੰਮ੍ਰਿਤ ਪਢੈਯਾ ਮੇਰੋ
ਜਬ ਟਿਨਹਿੰ ਹੇਰਹਿ ਪਿਆਰ ਕੀਜਹਿ ਅਮਰੇਸ਼ ਜੂ।
ਸ੍ਰੀ ਗੁਰੂ ਗੋਬਿੰਦ ਰਾਇ ਛੀਰ ਨਿਧਿ ਪਾਰ ਭਈ
ਕੀਰਤਿ ਤਿਹਾਰੀ, ਤੁਮਹਿ ਕਹਿਕੈ ਸੰਦੇਸ਼ ਜੂ।

ਪੂਨਯੋਂ ਹੂੰ ਕੀ ਜੋਤਿ ਜਾਗੀ ਚੰਦ੍ਰਮਾ ਸਿਉਂ ਅਨੁਰਾਗੀ
ਚਾਂਦਨੀ ਜਿਉਂ ਪ੍ਰੀਤਿ ਪਾਗੀ, ਸੁਧਾ ਮੈਂ ਅਨ੍ਹਾਈ ਹੈ।
ਮੋਤਿਨ ਸੁਧਾਰ ਮਾਂਗ ਫੂਲ ਗੁਹੀ ਬੇਨੀ ਚਾਰੁ
ਗਰੇ ਘਨਸਾਰ ਹਾਰ ਹਿਮ ਗਿਰਿ ਧਾਈ ਹੈ।
ਗਿਰਜਾ ਪਢਾਇ ਭਵ ਜੂ ਸੋਂ ਤਯੋਂ ਬਿਭੂਤਿ ਲਾਇ
ਵਾਰੇ ਜਗ ਬੰਦਨਾ ਤੇ ਕੀਰਤਿ ਸੁਹਾਈ ਹੈ।
'ਅੰਮ੍ਰਿਤ' ਤ੍ਰਿਲੋਕ ਧਾਇ, ਸ੍ਰੀ ਗੁਰੂ ਗੋਬਿੰਦ ਰਾਇ!
ਹੰਸਾਰੂਢ ਹ੍ਵੈ ਕੈ ਅਬ ਬ੍ਰਹਿਮ ਲੋਕ ਆਈ ਹੈ।

ਕਵੀ ਕਹਿੰਦਾ ਹੈ ਕਿ ਹੇ ਗੁਰੂ ਗੋਬਿੰਦ ਰਾਇ! ਤੇਰੇ ਜਸ ਦਾ ਉਜਾਲਾ ਐਸਾ ਹੋ ਰਿਹਾ ਹੈ ਕਿ ਤਮਾਮ ਬੁਰਿਆਈਆਂ ਔਗੁਣ—ਝੂਠ, ਫਰੇਬ, ਕਪਟ, ਸਭ ਕਿਸਮ ਦੇ ਦੋਖ ਦਰਿੱਦ੍ਰ ਤੇ ਝਗੜੇ ਇਕ ਥਾਂ ਇਕੱਠੇ ਹੋਏ ਇਹ ਸੋਚ ਰਹੇ ਹਨ ਕਿ ਅਸੀਂ ਤਾਂ ਕਿਤੇ ਅਨ੍ਹੇਰੇ ਵਿਚ ਹੀ ਛੁਪ ਕੇ ਰਹੀਏ ਤਾਂ ਚੰਗਾ ਹੈ।

---

*ਅੰਮ੍ਰਿਤ ਰਾਇ ਕਵੀ ਇਕ ਆਯੋ। ਕਰਿ ਕੀਰਤਿ ਕੌ ਕਬਿੱਤ ਲਿਆਯੋ
ਮਿਲਯੋ ਪ੍ਰਿਥਮਹੂੰ ਕੀਨ ਪ੍ਰਣਾਮੂ। ਬਹੁਰ ਸੁਨਾਇ ਸੁਜਸ ਅਭਿਰਾਮੂ। ੪।
[ਗੁਰਪ੍ਰਤਾਪ ਸੂਰਜ, ਰੁਤ ੫, ਅੰਸੂ ੨੬



Digitized by Panjab Digital Library | www.panjabdigilib.org

ਰਾਜ ਦੋਖ, ਮਿਤ੍ਰ ਦੋਖ, ਮੰਤ੍ਰ ਦੋਖ, ਬਿਪ੍ਰ ਦੋਖ
ਕੁਲ ਦੋਖ ਦਾਰਿਦ ਸੋਂ ਮਿਲੇ ਪ੍ਰੇਮ ਭਾਰੀ ਮੇਂ
ਕ੍ਰਿਪਨ ਕ੍ਰਿਤਘਨ ਪੁਨ ਕਾਤਰਤਾ ਕਲਿ ਮੂਲ
ਕਪਟ ਕਠੋਰਤਾ ਕਿ ਭੇਦ ਹਿਤਕਾਰੀ ਮੇਂ
ਝੂਠ ਆਦਿ ਲੈ ਕੇ ਏ ਤੇ ਏਕ ਠੌਰ ਭਏ ਸਭ
ਕਰਤ ਬਿਚਾਰ ਚਿਤ, ਰਹੈਂ ਅੰਧਯਾਰੀ ਮੇਂ
'ਅੰਮ੍ਰਿਤ' ਜਗਤ ਸੁਖਦਾਈ ਸ੍ਰੀ ਗੋਬਿੰਦ ਰਾਇ !
ਪਾਵੈਂ ਨ ਪ੍ਰਵੇਸ਼ ਤੇਰੇ ਜਸ ਉਜਯਾਰੀ ਮੇਂ ।

ਇਕ ਹੋਰ ਕਬਿੱਤ ਵਿਚ ਇਹ ਅਲੰਕਾਰ ਵਰਤਿਆ ਹੈ ਕਿ ਜਿਸ ਜਸ ਰੂਪ ਬਾਲਕ ਨੂੰ ਪ੍ਰਿਥੂ ਰਾਜੇ ਨੇ ਜਨਮ ਦਿਤਾ, ਬੇਨੂ ਨੇ ਖਿਡਾਇਆ, ਦਧੀਚਿ ਨੇ ਚੁੰਮਿਆ, ਬਲੀ ਰਾਜੇ ਤੇ ਹਰੀ ਚੰਦ ਨੇ ਜਿਸ ਨੂੰ ਲਾਡ ਲਡਾਏ, ਕਰਣ ਨੇ ਉਂਗਲੀ ਫੜਕੇ ਤੁਰਨਾ ਸਿਖਾਇਆ, ਬਿਕ੍ਰਮਾਜੀਤ ਨੇ ਪੜ੍ਹਾਇਆ, ਰਾਜੇ ਭੋਜ ਨੇ ਜਿਸ ਨੂੰ ਭੋਜਨ ਕਰਾਇਆ, ਇੰਦਰ ਜੈਸੇ ਦੇਵਤੇ ਨੇ ਪੁਸ਼ਾਕੇ ਪਹਿਨਾਏ । ਹੇ ਗੁਰੂ ਗੋਬਿੰਦ ਰਾਇ ! ਤੁਸਾਂ ਤਾਂ ਐਸੇ ਜਸ ਰੂਪ ਸ਼ਹਿਜ਼ਾਦੇ ਨੂੰ ਵੱਡਾ ਕਰਕੇ ਤੇ ਮਿਹਰ-ਭਰੀ ਨਜ਼ਰ ਨਾਲ ਤੱਕ ਕੇ ਬਾਦਸ਼ਾਹ ਹੀ ਬਣਾ ਦਿਤਾ ਹੈ। ਕਵੀ ਦੇ ਸਬਦਾਂ ਵਿਚ—

ਪ੍ਰਿਥਮ ਪ੍ਰਿਥੁ ਉਪਜਾਯੋ, ਬੇਨੁ ਨ੍ਰਿਪ ਲੇ ਖਿਡਾਯੋ
ਚੂਮਿ ਚੂਮਿ ਮੁਖ ਲੇ, ਦਧੀਚਿ ਸੁਖ ਦੀਨੋਂ ਹੈ
ਬਲਿਰਾਜ ਮਨ ਭਾਯੋ, ਹਰੀ ਚੰਦ ਲੇ ਉਡਾਯੋ
ਚਲਨ ਸਿਖਾਯੋ ਕਰ ਕਰਣ ਪ੍ਰਬੀਨੋਂ ਹੈ
ਬਿਕ੍ਰਮ ਪਢਾਯੋ ਭੋਜ ਭੋਜਨ ਕਰਾਯੋ ਜਗ
ਦੇਵ ਪਹਿਰਾਯੋ ਜਗ ਅਭਿਲਾਸ਼ ਕੀਨੋਂ ਹੈ
ਸ੍ਰੀ ਗੁਰ ਗੋਬਿੰਦ ਰਾਇ ! ਅੰਮ੍ਰਿਤ ਸੁਦ੍ਰਿਸ਼ਟਿ ਹੂੰ ਤੇ
ਤੈਂ ਤੋ ਪ੍ਰਿਤਪਾਲ ਛਿਤਿਪਾਲ ਜਸ ਕੀਨੋਂ ਹੈ ।

ਇਸ ਕਬਿੱਤ ਵਿਚ ਕਵੀ ਨੇ ਗੁਰੂ ਸਾਹਿਬ ਦੀਆਂ ਅਲੌਕਿਕ ਸ਼ਖ਼ਸੀਅਤ ਨੂੰ ਨਵਾਂ ਰਸਾਂ ਦਾ ਮਜਮੂਆ ਕਹਿਕੇ ਬਿਆਨ ਕੀਤਾ ਹੈ ।

ਪ੍ਰਿਯਾ ਪ੍ਰੇਮ ਸੋ ਸ਼ਿੰਗਾਰੀ, ਹਾਸਯ ਸੋ ਵਿਨੋਦ ਧਾਰੀ
ਦੀਨਨ ਪੈ ਕਰੁਣਾਨੁਸਾਰੀ, ਸੁਖ ਦੀਨੋਂ ਹੈ
ਕੀਨੋ ਅਰਿ ਰੁੰਡ ਰੁੰਡ ਰੁਦ੍ਰ ਰਸ ਭਰਯੋ ਝੁੰਡ
ਫੌਜ ਕੇ ਸੁਧਾਰਨ ਮੇਂ ਬੀਰ ਰਸ ਕੀਨੋਂ ਹੈ



Digitized by Panjab Digital Library | www.panjabdigilib.org

ਭੰਕ ਸੁਨ ਲੰਕ ਭਯਭੀਤ ਸ਼ਤ੍ਰੂ ਥਾਮ ਨਿੰਦਾ
ਬਿਕ੍ਰਮ ਪ੍ਰਬਲ ਅਦਭੁਤ ਰਸ ਲੀਨੋ ਹੈ
ਬ੍ਰਹਿਮ ਗਿਆਨਿ ਸਮ ਰਸ 'ਅੰਮ੍ਰਿਤ' ਵਿਰਾਜੈ ਸਦਾ,
ਸ੍ਰੀ ਗੁਰ ਗੋਬਿੰਦ ਰਾਇ ! ਨਵੈ ਰਸ ਭੀਨੋ ਹੈ।

ਜਿਮ ਗਿਰਿ ਹਿਮ ਸੀ ਮਲਯ ਸੀਮ ਲੈ ਕੈ ਮੱਧ
ਹੰਸਨੀ ਸੀ ਮਾਨਸਰ ਛੀਰ ਨਿਧਿ ਛੀਰ ਸੀ।
ਸ਼ੇਸ ਨਾਗ ਸੀ ਪਤਾਲ ਸ਼ਿਵ ਭਾਲ ਬਿਧੁ ਬਾਲ
ਦੇਵਨ ਕੇ ਫੂਲ ਮਾਲ ਭਵ ਕੇ ਸਰੀਰ ਸੀ।
ਕਵਿਨ ਕੇ ਮੁਖ ਬਾਨੀ ਬਾਨੀ ਬੀਨ ਸੁਖਦਾਨੀ
ਸੁਧਾ ਧਰ ਸੁਧਾ ਸਾਨੀ ਰਮਾਪਤਿ ਬੀਰ ਸੀ।
ਸ੍ਰੀ ਗੁਰੂ ਗੋਬਿੰਦ ਸਿੰਘ ਕੀਰਤਿ ਜਹਾਨ ਜਾਨੀ
'ਅੰਮ੍ਰਿਤ' ਬਖਾਨੀ ਜਗ ਗੰਗਾ ਜੂਕੇ ਨੀਰ ਸੀ।

ਬੇਦ ਮੁਖ ਬੇਦ ਜਾਨ ਬੇਦਨ ਮੈ ਹੈ ਬਿਗਯਾਨ
ਬਿਗਯਾਨ ਹੂੰ ਮੈਂ ਹਰਿ ਨਾਮ ਸੁਖ ਦਾਨੀਐ
ਹਰਿਨਾਮ ਸੰਤਨ ਕੇ ਸੰਤਨ ਜਯੋਂ ਅਨੰਤ ਤਯੋਂ
ਅਨੰਤ ਹੀ ਮੈਂ ਬਿਸਨੁ ਰੂਪ ਸਨਮਾਨੀਐ
ਬਿਸਨ ਚਿਤ ਚੰਦ੍ਰਮਾ ਸੀ ਚੰਦ੍ਰਮਾ ਮੈਂ ਚੰਦ੍ਰਿਕਾ ਸੀ
ਚੰਦ੍ਰਿਕਾ ਮੈਂ ਅੰਮ੍ਰਿਤ ਸੀ, ਅੰਮ੍ਰਿਤ ਬਖਾਨੀਐ
ਸ੍ਰੀ ਗੁਰੂ ਗੋਬਿੰਦ ਸਿੰਘ ਕੀਰਤਿ ਜਹਾਨ ਜਾਨੀ
ਤਹਾਂ ਤਹਾਂ ਸਾਰਦਾ ਸੀ ਸਬ ਜਗ ਜਾਨੀਐ।

ਲਾਖ ਭਾਂਤ ਮਨੀ ਨਿਰਧਨੀ ਕੋ ਨਿਹਾਲ ਕਰੈ
ਚਿੰਤਾਮਨੀ ਕੇ ਸਮਾਨ ਔਰ ਕੋ ਬਖਾਨੀਏ
ਸੁਰਭੀ ਅਨੰਤ ਦੂਧ ਅੰਮ੍ਰਿਤ ਅਘਾਯ ਦੇਤ
ਕਾਮਧੇਨੁ ਜੈਸੀ ਕੈਸੀ ਉਪਮਾ ਪ੍ਰਮਾਨੀਏ।
ਨੰਦਨ ਔ ਚੰਦਨ ਕਦੰਬ ਬਟ ਖਾਂਡਵ ਲੌ
ਪਾਰਜਾਤ ਜੈਸੋ ਤਰੁ ਧਰਾ ਮੈਂ ਨ ਜਾਨੀਏ
ਬੀਤੇ ਅਰੁ ਹ੍ਵੈਂਗੇ ਅਵਤਾਰ ਯੋਂ ਅਨੇਕ ਜਸ
ਸ੍ਰੀ ਗੁਰੂ ਗੋਬਿੰਦ ਸਿੰਘ ਜਸ ਸੌ ਨਾ ਆਨੀਏ।

ਪ੍ਰੇਮ ਉਪਜਾਇ ਗਜਰਾਜਨ ਚਢਾਇ ਰੰਗ
ਰੰਗ ਕੇ ਤੁਰੰਗ ਦਯਾ ਕ੍ਰਿਪਾ ਸਰਸਾਈਏ



Digitized by Panjab Digital Library | www.panjabdigilib.org

ਆਛੇ ਆਛੇ ਸਿਰੋਪਾਯ ਪਹਿਰਾਯ ਪਲ ਪਲ
ਭੂਖਨ ਸਜਾਇ ਭਲੀ ਬਾਨਕ ਸਜਾਈਏ
ਸ੍ਰੀ ਗੁਰੂ ਗੋਬਿੰਦ ਸਿੰਘ ਪੂਰਬ ਸਨੇਹੀ ਜਾਨਿ
'ਅੰਮ੍ਰਿਤ' ਮਿਲਾਯੋ ਆਨ ਸਾਖ ਸੁਖਦਾਈਏ
ਮੈਂ ਤੋ ਜਸ ਤੇਰੋ ਪ੍ਰਤਿਪਾਲ ਕੈ ਬਡੇਰੇ ਕੀਯੋ
ਜੈਸੇ ਹੋ ਬਡੇਰੋ ਮੇਰੇ ਭਾਟ ਹੂੰ ਬਢਾਈਏ।

ਸਤਲੁਜ ਮਹਿਮਾ—

ਵਾਰਿ ਦ੍ਰਿਗ ਲਾਗੇ ਤੇ ਹਜ਼ਾਰ ਹੋਤ ਏਕ ਬਾਰ
ਮੌਜਨ ਤੇ ਸੂਰਨ ਕੀ ਸੌਜ ਫੌਜ ਧਾਈ ਹੈ
ਨਿਆਇ ਅਮਰਾਵਤੀ ਕੇ ਠਾਕੁਰ ਹ੍ਵੈ ਆਇ ਤੀਰ
ਪਾਇ ਕੇ ਪਰੇ ਤੇ ਤੋ ਤ੍ਰਿਲੋਕੀ ਪਾਇੰ ਪਾਈ ਹੈ
ਤੇਰੇ ਰਾਜ ਸਾਜ ਲਾਖ ਲਾਖਨ ਕੌ ਦੇਤ ਦੇਵੋ
ਯਹ ਭੀ ਕਰਹਿ ਸੇਵ ਸ੍ਰੀ ਅਨੰਤ ਠਕੁਰਾਈ ਹੈ
ਰੁਦਰ ਕੀ ਹੈ ਸਾਰੀ, ਸਮੁੰਦਰ ਕੀ ਹੈ ਵਰ ਨਾਰੀ
ਚਿਤ ਕੀ ਉਦਾਰੀ ਸ਼ਤਰੁਦ੍ਰ ਸੁਖਦਾਈ ਹੈ।

**ਰਾਵੀ—**

ਗੰਗਾ ਜੂ ਕੇ ਸੰਗ ਕੀ ਤਰੰਗਨੀ ਤਰੰਗ ਅੰਗ
ਕਰਹਿ ਪਾਪ ਭੰਗ ਵਾ ਮੈਂ ਨੇਰ ਜੁ ਅਨ੍ਹਾਈਏ
ਮੱਛ ਕੱਛ ਤੰਤ ਕਾਲ ਭੇਰਿਨ ਮੈਂ ਭ੍ਰਮਹਿ ਬਿਆਲ
ਹੋਤ ਮੰਗਲ ਕਰਾਲ ਕਹਉ ਕਹਾਂ ਲੋ ਸੁਨਾਈਏ
ਤੀਰ ਤਰੁ ਲਲਿਤ ਵਲਿਤ ਵੇਲ ਫੂਲ ਫਲ
ਚਕ੍ਰਵਾਕ ਸਾਰਸ ਮਰਾਲ ਮਾਲ ਭਾਈਏ
ਪਾਪੀ ਜਾਤ ਤਰਿ ਅਰੁ ਤਰੁ ਨਹੀਂ ਜਾਤ ਤਰਿ
ਐਸੀ ਐਰਾਵਤੀ ਲੋਕ ਲੋਕਨ ਮਹਿੰ ਗਾਈਏ ।੧੪।

[ਚਿਤ੍ਰ ਬਿਲਾਸ

ਪ੍ਰੇਮ ਕੋ ਪ੍ਰਕਾਸ਼ ਕੈਸੋ ਅਨੰਦ ਕੇ ਕੰਦ ਜੈਸੋ
ਅਨੰਦ ਕੋ ਕੰਦ ਕੈਸੋ ਜੈਸੋ ਸ੍ਰੀ ਸਦਨ ਹੈ
ਸ੍ਰੀ ਜੂ ਕੋ ਸਦਨ ਕੈਸੋ ਅਮਲ ਕਮਲ ਜੈਸੋ
ਕੈਸੋ ਹੈ ਕਮਲ ਜੈਸੋ ਉੱਦਯਤ ਮਦਨ ਹੈ



Digitized by Panjab Digital Library | www.panjabdigilib.org

ਉਦਯਤ ਮਦਨ ਕੈਸੋ ਮੋਹਨ ਸਰੂਪ ਜੈਸੋ
ਮੋਹਨ ਸਰੂਪ ਕੈਸੋ ਤਮ ਕੋ ਕਦਨ ਹੈ

ਤਮ ਕੋ ਕਦਨ ਕੈਸੋ ਸ਼ੋਭੈ ਸੁਧਾਸਰ ਜੈਸੋ
ਸੁਧਾਸਰ ਕੈਸੋ ਜੈਸੋ ਪਿਆਰੀ ਕੋ ਬਦਨ ਹੈ । ੪੯ ।

[ਚਿਤ੍ਰ ਬਿਲਾਸ

ਕਵੀ ਦੀਆਂ ਤਿੰਨ ਰਚਨਾਵਾਂ ਗੁਰਮੁਖੀ ਹੱਥਲਿਖਤਾਂ ਵਿਚ ਪ੍ਰਾਪਤ ਹਨ। ਚਿਤ੍ਰ ਬਿਲਾਸ ਦੇ ਖਰੜੇ ਭਾਸ਼ਾ ਵਿਭਾਗ ਲਾਇਬ੍ਰੇਰੀ ਵਿਚ (15, 129, 309 ਨੰਬਰ) ਸੁਰੱਖਿਅਤ ਹਨ, ਇਹ ਮੈਂ 'ਪੰਚਨਦ' ਪੁਸਤਕ ਵਿਚ ਨਾਗਰੀ ਲਿਪਿਅੰਤਰ ਕਰ ਕੇ ਛਾਪ ਦਿਤਾ ਹੈ। 'ਰਸ ਰਤਨਾਕਰ' ਦਾ ਖਰੜਾ ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆਂ ਪਾਸ ਹੈ, ਇਸ ਦੇ 14 ਅਧਿਆ ਹਨ। 'ਸਭਾਪਰਬ' ਦਾ ਨੁਸਖਾ ਮਹਾਰਾਜਾ ਪਟਿਆਲਾ ਦੀ ਮੋਤੀਬਾਗ ਲਾਇਬ੍ਰੇਰੀ ਵਿਚ ਬਾਕੀ ਮਹਾਂ ਭਾਰਤ ਨਾਲ ਸਾਂਭਿਆ ਹੋਇਆ ਹੈ ਤੇ ਇਸਦਾ ਇਕ ਦੇਵਨਾਗਰੀ ਉਤਾਰਾ ਮਹਾਰਾਜਾ ਬਨਾਰਸ ਪਾਸ ਵੀ ਹੈ।

## (੧੬) ਮੰਗਲ਼ ਰਾਇ

ਮੰਗਲ਼ ਕਵੀ, ਪਸਰੂਰ ਜ਼ਿਲਾ ਸਿਆਲਕੋਟ ਦਾ ਵਸਨੀਕ ਸੀ, ਜਿਸ ਨੇ ਸ਼ਲਯ-ਪਰਬ ਦਾ ਅਨੁਵਾਦ, 1753 ਚੇਤ੍ਰ ਵਦੀ ਤ੍ਰੋਦਸ ਮੰਗਲਵਾਰ ਨੂੰ ਅਨੰਦਪੁਰ ਸੰਪੂਰਣ ਕੀਤਾ ਅਤੇ ਇਸ 656 ਛੰਦਾਂ ਦੀ ਰਚਨਾ ਬਦਲੇ ਇਨਾਮ ਵਜੋਂ ਬੇਅੰਤ ਧਨ ਪਾਇਆ। ਕਵੀ ਨੂੰ ਆਪਣੀ ਸਾਹਿਤਕ ਕਿਰਤ ਦਾ ਇਤਨਾ ਦਾਨ ਮਾਨ ਸ਼ਾਇਦ ਹੋਰ ਕਿਤੋਂ ਨਹੀਂ ਸੀ ਮਿਲ ਸਕਦਾ, ਇਸ ਲਈ ਉਸ ਨੇ ਦਿਲ ਦੀ ਖੁਸ਼ੀ ਪਰਗਟ ਕਰਦਿਆਂ ਇਹ ਗੱਲ ਆਖੀ ਹੈ ਕਿ ਗੁਰੂ ਨੇ ਅਰਬਾਂ ਖਰਬਾਂ ਦਾ ਦਾਨ ਦੇ ਕੇ ਕਵੀਆਂ ਦੇ ਸਭੇ ਕਾਜ ਸਵਾਰ ਦਿਤੇ ਹਨ। ਮੰਗਲ ਦੇ ਆਪਣੇ ਸ਼ਬਦ ਹਨ —

ਗੁਰ ਗੋਬਿੰਦ ਮਨ ਹਰਖ ਹ੍ਵੈ, ਮੰਗਲ ਲਿਯੋ ਬੁਲਾਇ
ਸ਼ਲਯ ਪਰਬ ਆਗਿਆ ਕਰੀ, ਲੀਜੈ ਤੁਰਤ ਬਨਾਇ।

ਸੰਬਤ ਸਤ੍ਰਹ ਸੈ ਬਰਖ, ਤ੍ਰੇਪਨ ਬੀਤਨਹਾਰ
ਮਾਧਵ ਰਿਤੁ ਤਿਥਿ ਤ੍ਰੋਦਸੀ, ਤਾਂ ਦਿਨ ਮੰਗਲਵਾਰ।

ਸ਼ਲਯ ਪਰਬ ਭਾਖਾ ਭਯੋ, ਗੁਰ ਗੋਬਿੰਦ ਕੇ ਰਾਜ
ਅਰਬ ਖਰਬ ਬਹੁ ਦਰਬ ਦੈ, ਕਰ ਕਵਿਯਨ ਕੋ ਕਾਜ।



Digitized by Panjab Digital Library | www.panjabdigilib.org

ਜੌ ਲੌ ਧਰਨਿ ਅਕਾਸ ਗਿਰਿ, ਚੰਦ੍ਰ ਸੂਰ ਸੁਰ ਇੰਦ
ਤੌ ਲੌ ਚਿਰ ਜੀਵਹਿ ਜਗਤ, ਸਾਹਿਬ ਗੁਰ ਗੋਬਿੰਦ ।

[ਸ਼ਲਯ ਪਰਬ, ਮਹਾਂਭਾਰਤ

ਇਸ਼ ਪਰਬ ਦੇ ਅੰਤ ਕਵੀ ਲਿਖਦਾ ਹੈ—

ਸੰਮਤ ਸਤਾਰਾਂ ਸੈ ਤ੍ਰਿਵੰਜੇ ਨ੍ਰਿਪ ਵਿਕ੍ਰਮ ਕੇ, ਸ਼ਲਯ ਪਰਬ ਭਾਸ਼ਾ ਸੁੰਦਰ ਬਨਾਯੋ ਹੈ
ਦਸਵੇਂ ਮਹਲ ਗੁਰੂ ਗੋਬਿੰਦ ਜੀ ਪਾਤਸ਼ਾਹ, ਮੰਗਲ ਸੁ ਕਵਿ ਕੈ ਕੈ ਮੰਗਲ ਸੁਨਾਯੋ ਹੈ
ਤੀਰ ਸ਼ਤਦਵ ਕੈ ਅਨੰਦਪੁਰ ਨਗਰ ਮਹਿ, ਸੱਚੀ ਸੁਲਤਾਨ ਸੋਯੋ ਦਾਨ ਦੈ ਜਗਾਯੋ ਹੈ
ਭਗਤ ਉਬਾਰਬੇ ਕੋ ਜਗਤ ਕੇ ਤਾਰਬੇ ਕੋ, ਸ਼ਤ੍ਰਨ ਕੇ ਮਾਰਬੇ ਕੋ ਅਵਤਾਰ ਆਯੋ ਹੈ ।

ਮੰਗਲ ਦੀ ਇਸ ਲਿਖਤ ਤੋਂ ਜ਼ਾਹਰ ਹੈ ਕਿ ਕਿਸ ਤਰ੍ਹਾਂ ਸਤਿਗੁਰੂ ਵਿਦਵਾਨਾਂ ਨੂੰ ਉਚੇਚਾ ਬੁਲਾਵਾ ਦੇ ਕੇ ਸਨਮਾਨਿਤ ਕਰਦੇ ਸਨ ਤੇ ਫਿਰ ਉਨ੍ਹਾਂ ਦੀ ਕਲਮ ਤੋਂ ਸਮਾਜਕ ਜਾਗ੍ਰਤੀ ਲਈ ਸੇਵਾ ਲੈਂਦੇ ਸਨ । ਸੁੱਤੇ ਕਲਾਕਾਰਾਂ ਨੂੰ ਜਗਾਉਣਾ ਤੇ ਫਿਰ ਅਜੇਹੇ ਆਹਰੇ ਲਾਉਣਾ ਉਨ੍ਹਾਂ ਦਾ ਹੀ ਕੰਮ ਸੀ । ਇਸੇ ਕਰਕੇ ਕਵੀ ਆਪ ਨੂੰ ਵਿਧਾਤਾ ਦਾ ਵੀ ਵਿਧਾਤਾ, ਦਸਦਾ ਹੈ ਜੋ ਕਿ ਕੌਮਾਂ ਦੀ ਨਵੀਂ ਕਿਸਮਤ ਘੜਨ ਲਈ ਸਮਰੱਥ ਹੈ —

ਮੰਗਲ ਕੇ ਮੰਗਲ ਸੁ ਮੂਲ ਮੰਜਲਤਾ ਹੂੰ ਕੇ
ਕੋਮਲਤਾ ਕੌਲ ਕੇਲੀ ਕਮਲਾ ਕੀ ਓਕ ਕੇ ।

ਬਾਲਨ ਕੇ ਲਾਲ ਮਾਲ ਬਾਲ ਦਿਨਪਾਲ ਹੂੰ ਕੇ
ਮਹਿਮਾ ਕੇ ਮਹੀਪਾਲ ਸਾਲ ਸੂਲ ਸੋਕ ਕੇ ।

ਧਾਤਾ ਕੇ ਬਿਧਾਤਾ ਪ੍ਰਭੁਤਾ ਪ੍ਰਭਾਵ ਹੂੰ ਕੇ
ਇੱਛ ਫਲ ਦਤਾ ਦਾਹੀ ਦੀਹ ਬਿਥਾ ਥੋਕ ਕੇ ।

ਰਾਜਸ ਕੇ ਤਾਜ ਸੁਖ ਗੁਰੂ ਗੋਬਿੰਦ ਜੂ ਕੇ
ਪਦ ਜੁਗ ਰਾਜ ਮਹਾਰਾਜ ਤੀਨ ਲੋਕ ਕੇ ।

ਇਕ ਪੁਰਾਤਨ ਦਸਮ ਗ੍ਰੰਥ ਵਿਚ ਮੰਗਲ ਕਵੀ ਦੀ ਮਾਤਾ ਜੀਤੋ ਦੇ ਨਾਂ ਲਿਖੀ ਚਿਠੀ ਦਾ ਉਤਾਰਾ ਮਿਲਿਆ ਹੈ ਜਿਸ ਵਿਚ ਉਹ ਆਪਣੀ ਲੜਕੀ ਦੀ ਸ਼ਾਦੀ ਖਾਤਰ ਪਸਰੂਰ ਜਾਣ ਦੀ ਆਗਿਆ ਮੰਗਦਾ ਹੈ । ਇਹ ਪੱਤਰ ਇਸ ਪਰਕਾਰ ਹੈ —

'ਮੰਗਲ ਦੇਤ ਅਸੀਸ ਨਿਤ, ਮੰਗਲ ਬਚਨ ਬਖਾਨ
ਰਾਜ ਤੇਜ ਦਿਨ ਦਿਨ ਵਧੈ, ਜੋ ਲੌ ਸਸਿ ਅਰੁ ਭਾਨੁ । ੧ ।

ਸਾਹਿਬ ਜੀਤੁ ਜੁਝਾਰ ਸਿੰਘ, ਜ਼ੋਰਾਵਰ ਜੁਗ ਬੀਸ
ਗੋਬਿੰਦ ਅਟਲ ਸੁਹਾਗ ਜਿਰ, ਮਾਤ ! ਤਿਹਾਰੇ ਸੀਸ । ੨ ।



Digitized by Panjab Digital Library | www.panjabdigilib.org

ਮਾਤਾ ਜੀਤੋ ! ਜੀ ਜਗਤ, ਕਟਬੇ ਕੇ ਪਰ ਕਾਜ
ਵਰ ਪਾਯੋ ਗੋਬਿਦ ਗੁਰੂ, ਤੀਨ ਭਵਨ ਸਿਰਤਾਜ । ੩ ।

ਜੋ ਇਛਾ ਮਨ ਮੈ ਹੁਤੀ, ਸੋ ਪੂਰਨ ਭਈ ਆਸ
ਅਬ ਬੇਟੀ ਕੇ ਬਯਾਹ ਕੀ, ਮਾਤ ! ਸੁਨੋ ਅਰਦਾਸ । ੪ ।

ਮਾਂਗਤ ਹੋਂ ਇਕ ਦਾਨ ਅਬ, ਕਾਰਜ ਮੋਹਿ ਜ਼ਰੂਰ
ਵਿਦਾ ਕਰੋ ਮਾਤਾ ! ਤੁਰਤ, ਜਾਂਹਿ ਸ਼ਹਿਰ ਪਸ਼ਰੂਰ । ੫ ।

ਚਿੰਤਾ ਮਨ ਨਿਸ ਦਿਨ ਰਹੈ, ਕਹੋਂ ਸੁਨਾਵਹੁੰ ਕਾਹਿੰ
ਆਵੈਂ ਫਿਰ ਦਰਸ਼ਨ ਪੁਰਬ, ਕਰ ਬੇਟੀ ਕੋ ਬਯਾਹ । ੬ ।

ਸੰਕਟ ਮੈਂ ਸੁਖ ਕਰਨ ਕੋ, ਮਾਤਾ ਕੇ ਪਰ ਕਾਜ
ਬਿਦਾ ਦੇਹੁ ਅਬ ਤੁਰਤ ਕਹਿ, ਰਹੈ ਹਮਾਰੀ ਲਾਜ । ੭ ।

ਉਸ ਪੰਜਾਬੀ ਵਿਚ ਵੀ ਰਚਨਾ ਕੀਤੀ ਹੈ । ਮੰਗਲ ਨੇ ਗੁਰੂ ਦੇ ਦਾਨ ਦੀ ਰੱਜਵੀਂ ਪ੍ਰਸੰਸਾ ਗਾਈ ਤੇ ਹੈ ਅਨੰਦਪੁਰ ਨੂੰ ਖੁਸ਼ੀਆਂ ਅਨੰਦਾਂ ਦਾ ਭੰਡਾਰ ਦਸਿਆ ਹੈ, ਖਾਸ ਕਰਕੇ ਸਤਿਗੁਰਾਂ ਦੇ ਰਣਜੀਤ ਨਗਾਰੇ ਦੀ ਖਾਸ ਮਹਿਮਾ ਗਾਈ ਹੈ ।

ਸਮੁੰਦਰ ਦੇ ਵਾਰਪਾਰ ਵਿਚ ਮਹੀ ਮੰਡਲ ਦੇ
ਜੈਂ ਦਾ ਜਸ ਦੇਸ ਦੇਸ ਸਭੇ ਲੋਕ ਗਾਵਦੇ ।

ਸੇਂਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ ਹੁਣ
ਵਾਰੀ ਵਾਰੀ ਪੜ੍ਹ ਕੇ ਕਬਿੱਤ ਨੀ ਸੁਣਾਵਦੇ ।

ਚਾਰੋਂ ਹੀ ਬਰਨ ਖਟ ਦਰਸ਼ਨ ਜੈਂਦੇ ਦਵਾਰ
'ਮੰਗਲ' ਸੁਕਵਿ ਮਨ ਇੱਛਾ ਫਲ ਪਾਂਵਦੇ ।

ਵੇਖੀਂ ! ਬਲਿ ਵਾਂਙੂ ਕੋਈ ਛਲੀ ਗੁਰ ਗੋਬਿੰਦ ਜੀ
ਇਕ ਲੈ ਲੈ ਜਾਂਦੇ ਇਕ ਲੇਵਣੇ ਨੂੰ ਆਂਵਦੇ ।

ਆਨੰਦ ਦਾ ਵਾਜਾ ਨਿਤ ਵੱਜਦਾ ਅਨੰਦ ਪੁਰ
ਸੁਣ ਸੁਣ ਸੁਧ ਭੱਲਦੀ ਏ ਨਰ ਨਾਹ ਦੀ ।
ਭੈ ਭਯਾ ਭਭੀਖਣ ਨੂੰ ਲੰਕਾ ਗੜ੍ਹ ਵਸਣੇ ਦਾ
ਫੇਰ ਅਸਵਾਰੀ ਆਂਵਦੀ ਏ ਮਹਾਂ ਬਾਹੁ ਦੀ
ਬਲ ਛਡ ਬਲਿ ਜਾਇ ਛਪਿਆ ਪਤਾਲ ਵਿਚ
ਫਤੇ ਦੀ ਨਿਸ਼ਾਨੀ ਜੈਂ ਦੇ ਦਵਾਰ ਦਰਗਾਹ ਦੀ ।



Digitized by Panjab Digital Library | www.panjabdigilib.org

ਸਵਣੇ ਨ ਦੇਂਦੀ ਸੁਖ, ਦੁੱਜਨਾਂ ਨੂੰ ਰਾਤ ਦਿਨ
ਨਉਬਤ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ।

ਇਸੇ ਤਰ੍ਹਾਂ ਕਵੀ ਹੋਰ ਕਲਾਕਾਰਾਂ ਨੂੰ ਸੱਦਾ ਦਿੰਦਾ ਹੈ ਕਿ ਜੇਕਰ ਤੁਸਾਂ ਆਤਮਿਕ ਤੇ ਸਾਹਿਤਕ ਰਸ ਲੈਣਾ ਹੈ ਤਾਂ ਅਨੰਦਪੁਰ ਆਓ, ਇਥੇ ਗੁਰੂ ਸਭ ਦਾਤਾਂ ਵੰਡ ਰਿਹਾ ਹੈ :—

ਪੂਰਨ ਪੂਰਖ ਅਵਤਾਰ ਆਨ ਲੀਨ ਆਪ
ਜਾਂ ਕੈ ਦਰਬਾਰ ਮਨ ਚਿਤਵਹਿ ਸੋ ਪਾਈਏ।
ਘਟਿ ਘਟਿ ਬਾਸੀ ਅਬਿਨਾਸੀ ਨਾਮ ਜਾਂ ਕੋ ਜਗ
ਕਰਤਾ ਕਰਨਹਾਰ ਸੋਈ ਦਿਖਰਾਈਏ।
ਨੌਮੇ ਗੁਰ ਨੰਦ ਜਗ ਬੰਦ ਤੇਗ, ਤਯਾਗ ਪੂਰੇ
'ਮੰਗਲ' ਸੁ ਕਵਿ ਕਹਿ ਮੰਗਲ ਸੁਥਾਂਈਏ।
ਆਨੰਦ ਕੋ ਦਾਤਾ ਗੁਰ ਸਾਹਿਬ ਗੋਬਿੰਦ ਰਾਇ
ਚਾਹੈ ਜੌ ਅਨੰਦ ਤੌਂ ਅਨੰਦ ਪੁਰ ਆਈਏ।

ਜਿਸ ਤਰ੍ਹਾਂ ਹੰਸ ਰਾਮ ਨੇ ਕਿਹਾ ਸੀ ਕਿ ਹੋਰ ਥਾਂ ਜਾਣ ਦੀ ਲੋੜ ਨਹੀਂ, ਸਭ ਫਲ ਗੁਰੂ ਦੀ ਚਰਣ ਸਰਣ ਵਿਚ ਪ੍ਰਾਪਤ ਹੋ ਸਕਦੇ ਹਨ। ਇਸੇ ਭਾਵ ਨੂੰ ਮੰਗਲ ਨੇ ਅਪਣੇ ਸ਼ਬਦਾਂ ਵਿਚ ਇਉਂ ਅੰਕਿਤ ਕੀਤਾ ਹੈ—

ਭਾਵੈਂ ਜਾਇ ਤੀਰਥ ਭ੍ਰਮਤ ਸੇਤੁ ਬੰਧ ਹੂ ਲੌਂ
ਭਾਵੈ ਜਾਇ ਕੰਦਰਾ, ਮੈਂ ਕੰਦ ਮੂਲ ਖਾਈਏ।
ਭਾਵੇਂ ਦੇਹਿ ਦਵਾਰਕਾ ਦਗਧ ਕਰੇ ਛਾਪੇ ਲਾਇ
ਭਾਵੇਂ ਕਾਂਸ਼ੀ ਮਾਂਹਿ ਜਾਇ ਜੁਗ ਲੌ ਵਸਾਈਏ।
ਭਾਵੇਂ ਪੂਜਉ ਦੇਹੁਰੇ ਦਿਵਾਲੇ ਸਭ ਜਗ ਹੂੰ ਕੇ
ਭਾਵੇਂ ਖਟ ਦਰਸ਼ਨ ਕੇ ਭੇਖ ਮੈਂ ਫਿਰਾਈਏ।
ਜੋ ਤੂੰ ਚਾਹਹਿੰ ਮਨਸਾ ਕੋ 'ਮੰਗਲ' ਤੁਰਤ ਫਲ
ਗੋਬਿੰਦ ਗੁਰੂ ਕੀ ਏਕ ਮੌਜ ਹੂੰ ਮੈਂ ਪਾਈਏ।

ਜਾਚੇ ਧਰੂ ਪਾਯੋ ਹੈ ਅਮਰ ਪਦ ਸੁਰ ਲੋਕ
ਨਾਮਾ ਜੂਕੇ ਜਾਚੇ ਦੀਓ ਦੇਹੁਰਾ ਫਿਰਾਇ ਜੀ
ਬਿਪਤਾ ਮੈ ਲੰਕਾ ਦੀਨੀ ਜਾਚੇ ਤੇ ਬਿਭੀਖਨ ਕੋ
'ਮੰਗਲ' ਸੁ ਕਵਿ ਜਾਚੋਂ ਮੰਗਲ ਸੁਨਾਇ ਜੀ
ਦ੍ਰੋਪਦੀ ਨਗਨ ਹੋਤ ਜਾਚਯੋ ਸਭਾ ਮਾਂਹਿ ਠਾਂਢੇ
ਅੰਬਰ ਲੌ ਅੰਬਰ ਮਹੀ ਪੈ ਰਹੇ ਛਾਇ ਜੀ



Digitized by Panjab Digital Library | www.panjabdigilib.org

ਐਸੋ ਦਾਨ ਦੇਬੋ ਕੌਨ ਕੋਊ ਸਤਿਗੁਰ ਬਿਨਾ
ਅਉਰ ਕਉਨ ਜਾਚੀਏ ਬਿਨਾ ਗੋਬਿੰਦ ਰਾਇ ਜੀ।

ਗੁਰੂ ਸਾਹਿਬ ਕਵੀਆਂ ਨੂੰ ਕਿਸ ਤਰ੍ਹਾਂ ਧਨ ਦੌਲਤ, ਗਹਿਣੇ ਕਪੜੇ ਤੇ ਹੋਰ ਪਦਾਰਥ ਦੇ ਕੇ ਪ੍ਰਸੰਨ ਕਰਦੇ ਸਨ। ਇਸ ਦਾ ਥੋੜਾ ਜੇਹਾ ਇਸ਼ਾਰਾ ਇਸ ਕਬਿੱਤ ਤੋਂ ਮਿਲਦਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸਤਿਗੁਰੂ ਕੱਢੇ ਹੋਏ ਕਸ਼ਮੀਰੀ ਦੁਸ਼ਾਲੇ (ਪਾਮਰੀ) ਦੇ ਕੇ ਕਵੀਆਂ ਨੂੰ ਕ੍ਰਿਤਾਰਥ ਕਰਦੇ ਸਨ।

ਊਪਰ ਨਰੇਸ਼ ਹੂੰ ਕੀ, ਹੋਹਿ ਸੁਭ ਦੇਸ਼ ਹੂੰ ਕੀ
ਕਾਸ਼ੀਮੀਰ ਦੇਸ ਹੂੰ ਕੀ, ਭਰੀ ਆਨ ਧਾਮਰੀ।
ਬੁਨੀ ਕਾਰੀਗਰ ਭਾਰੀ, ਕਰੀ ਖੂਬ ਗੁਲਕਾਰੀ
ਪਹਿਰੈਂ ਭਿਖਾਰੀ ਮੋਲ ਪਾਵਹਿੰ ਲਖ ਦਾਮ ਰੀ
ਸੀਤ ਹੂੰ ਕੋ ਜੀਤ ਲੇਤ, ਐਸੀ ਸ਼ੋਭਾ ਦੇਹਿ ਦੇਤ
ਮੰਗਲ ਸੁਕਵਿ ਜਯੋਂ ਕਨ੍ਹਯਾ ਜੀ ਕੋ ਕਾਮਰੀ
ਸਯਾਮ, ਸੇਤ, ਪੀਰੀ, ਲਾਲ ਜ਼ਰਦ, ਸਬਜ਼ ਰੰਗ
ਗੁਰੂ ਜੀ ਗੁਬਿੰਦ ਐਸੀ ਦੇਤਿ ਮੌਜ ਪਾਮਰੀ।

ਇਕ ਕਬਿੱਤ ਵਿਚ ਕਵੀ ਨੇ ਗੁਰੂ ਸਾਹਿਬ ਦੇ ਹਥ ਵਿਚ ਸਜਣ ਵਾਲੀ ਛਟੀ ਦੀ ਤਾਰੀਫ ਇਉਂ ਕੀਤੀ ਹੈ —

ਅਸੁਰ ਬਿਦਾਰਬੇ ਕੋ ਸੁਰ ਪ੍ਰਤਿਪਰਬੇ ਕੋ
ਭਗਤ ਉਧਾਰਬੇ ਕੋ ਮੁਕਤ ਕੀ ਜਰੀ ਹੈ
ਅਰਿ ਦਲ ਭੰਜਬੇ ਕੋ ਗਾਢੇ ਗਾਢ ਗੰਜਬੇ ਕੋ
ਸਭ ਸੁਖ ਸੰਜਬੇ ਕੋ ਮਹਾਂ ਸੁਖ ਭਰੀ ਹੈ
ਕਰਤ ਕਲੋਲ ਗੁਰੂ ਗੋਬਿੰਦ ਕੇ ਕਰ ਮਹਿ
ਚਕ੍ਰ ਸਾਥ ਹੂੰ ਤੇ ਮਾਰਬੇ ਕੀ ਬਿਧਿ ਪਰੀ ਹੈ
ਛਤੇ ਕੀ ਨਿਸ਼ਾਨੀ ਯਹ ਪੂਰਬ ਜਨਮ ਹੂੰ ਕੀ
ਤਬ ਹੁਤੀ ਗਦਾ ਅਬ ਸਯਾਮ ਰੰਗ ਛਰੀ ਹੈ।

ਭਾਈ ਕੇਸਰ ਸਿੰਘ ਛਿੱਬਰ ਨੇ ਆਪਣੇ 'ਬੰਸਾਵਲੀਨਾਮੇ' ਦੇ ਦਸਵੇਂ ਚਰਣ ਵਿਚ ਦਰਬਾਰੀ ਕਵੀ ਦਾ ਇਕ ਕੁੰਡਲੀਆ ਦਿਤਾ ਹੈ, ਇਹ ਮੰਗਲ ਦਾ ਹੀ ਜਾਪਦਾ ਹੈ।

ਦਾਤਾ ਗੁਰਗੋਬਿੰਦ ਸਮ, ਸੁਨੇ ਨ ਦੇਖੇ ਨੈਨ
ਬਿਨ ਮਾਂਗੇ ਕਵਨੇ ਦੀਓ, ਬਿਕ੍ਰਮ ਅਉ ਬਲਿ ਬੇਨੁ
ਬਿਕ੍ਰਮ ਅਉ ਬਲਿ ਬੇਨੁ, ਨਹਿੰ ਪਟੰਤਰ ਤੁਹਿ ਦੀਜੈ
ਸਬ ਦੇਵਨ ਕੇ ਦੇਵ, ਨਾਂਹਿ ਗੁਨ ਤਾਂਹਿ ਸੁਨੀਜੈ।



Digitized by Panjab Digital Library | www.panjabdigilib.org

ਸ਼ਿਵ ਬ੍ਰਹਿਮਾ ਬਲ ਸ਼ੇਸ, ਕੀਏ ਯਾ ਕਿਤੇ ਬਿਧਾਤਾ
ਤੁਮ ਸਮਸਰ ਮੈਂ ਅਉਰ, ਦੇਖਿਤਿ ਨਹਿੰ ਕਊ ਦਾਤਾ।

ਮੰਗਲ ਕ੍ਰਿਤ ਸ਼ਲਯ ਪਰਬ ਦਾ ਖਰੜਾ ਮੋਤੀ ਬਾਗ ਲਾਇਬ੍ਰੇਰੀ ਪਟਿਆਲਾ ਵਿਚ ਸੁਰੱਖਿਅਤ ਹੈ ਤੇ ਇਸ ਦੀ ਇਕ ਨਕਲ ਮਹਾਰਾਜਾ ਬਨਾਰਸ ਦੀ ਲਾਇਬ੍ਰੇਰੀ ਵਿਚ ਵੀ ਮੌਜੂਦ ਹੈ ਤੇ ਉਥੇ ਕਵੀ ਦਾ ਨਾਮ ਮੰਗਲ ਰਾਇ ਮਿਲਦਾ ਹੈ।*

## (੧੭) ਹੰਸਰਾਮ ਬਾਜਪੇਈ

ਹੰਸਰਾਮ ਬਾਜਪੇਈ ਅਸਨੀਕਰ ਜ਼ਿ. ਫਤਿਹਪੁਰ(ਯੂ.ਪੀ)ਦਾ ਰਹਿਣ ਵਾਲਾ ਧੜੱਲੇਦਾਰ ਕਵੀ ਸੀ। ‡ਚੰਦ੍ਰਸ਼ੇਖਰ ਬਾਜਪੇਈ ਜਿਸ ਹਮੀਰ ਹਠ ਆਦਿ ਰਚਨਾਵਾਂ ਰਚੀਆਂ ਤੇ ਪਟਿਆਲਾ ਦਰਬਾਰ ਵਿਚ ਰਿਹਾ, ਇਸੇ ਬੰਸ ਤੇ ਇਲਾਕੇ ਦਾ ਨਿਵਾਸੀ ਸੀ। ਹੰਸਰਾਮ ਨੇ 1752 ਬਿਕ੍ਰਮੀ ਵਿਚ ਮਹਾਂਭਾਰਤ ਦੇ ਕਰਣ ਪਰਬ ਦਾ ਅਨੁਵਾਦ ਕਰਕੇ ਸਤਿਗੁਰਾਂ ਤੋਂ ਸੱਠ ਹਜ਼ਾਰ ਟਕਾ ਇਨਾਮ ਪਾਇਆ।†

ਪ੍ਰਿਥਮ ਕ੍ਰਿਪਾ ਕਰਿ ਰਾਖ ਮੁਹਿ, ਗੁਰ ਗੋਬਿੰਦ ਉਦਾਰ
ਟਕਾ ਕਰੇ ਬਖਸ਼ੀਸ ਤਬ, ਮੋਕਉ ਸਾਠ ਹਜ਼ਾਰ।
ਤਾਂ ਕੋ ਆਇਸ ਪਾਇਕੈ, 'ਕਰਣ' ਪਰਬ ਮੈਂ ਕੀਨ
ਭਾਖਾ ਅਰਥ ਵਿਚਿਤ੍ਰ ਕਰ, ਸੁਨੈ ਸੁਕਵਿ ਪ੍ਰਬੀਨ।

ਇਸ ਰਚਨਾ ਦੇ 1581 ਛੰਦ ਹਨ, ਇਤਨੀ ਰਚਨਾ ਲਈ ਇਤਨੀ ਬਖਸ਼ੀਸ ਇਸ ਗੱਲ ਨੂੰ ਭਲੀ ਭਾਂਤ ਪਰਗਟ ਕਰਦੀ ਹੈ ਕਿ ਗੁਰੂ ਸਾਹਿਬ ਕਿਸ ਤਰ੍ਹਾਂ ਕਵੀਆਂ ਦੀ ਕਦਰ ਕਰਦੇ ਤੇ ਉਨ੍ਹਾਂ ਦਾ ਹਰ ਤਰ੍ਹਾਂ ਉਤਸ਼ਾਹ ਵਧਾਉਂਦੇ ਸਨ। ਇਸ ਅਨੋਖੀ

---

* ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ ਦੂਜਾ ਖੰਡ,
ਪੰਨਾ 147 (2021)

‡ਛਤੀਸ ਲਾਖ ਜਾਹਿ ਗੁਰ ਦੀਨਾ, ਬਾਜਪੇਇ ਪਦਵੀ ਜਿਹੰ ਚੀਨਾ
ਅਸਨੀਕਰ ਵਾਸੀ ਸੁਖਰਾਸੀ, ਹੰਸਰਾਮ ਕਵਿ ਸੁਮਤਿ ਪ੍ਰਕਾਸ਼ੀ।੮।
[ਗੁਰਪਦ ਪ੍ਰੇਮ ਪ੍ਰਕਾਸ਼,ਪੰਨਾ 338

† ਸੰਮਤ ਸਤ੍ਰਾ ਸੈ ਬਰਖ; ਬਾਵਨ ਬੀਤਨਹਾਰ
ਮਾਰਗ ਵਦਿ ਤਿਥਿ ਦੂਜ ਕੋ, ਤਾ ਦਿਨ ਮੰਗਲਵਾਰ।
ਹੰਸ ਰਾਮ ਤਾਂ ਦਿਨ ਕਰਯੋ, ਕਰਣ ਪਰਬ ਆਰੰਭ [ਕਰਣ ਪਰਬ



Digitized by Panjab Digital Library | www.panjabdigilib.org

ਉਦਾਰਤਾ ਨੂੰ ਕਵੀ ਹੰਸਰਾਮ ਨੇ ਇਕ ਕਬਿੱਤ ਵਿਚ ਇਉਂ ਅੰਕਿਤ ਕੀਤਾ ਹੈ ਕਿ ਇਕ ਵਾਰ ਜਦੋਂ ਕਵੀਆਂ ਨੂੰ ਹਾਥੀ ਘੋੜੇ ਅਤੇ ਹੋਰ ਅਨੇਕਾਂ ਕੀਮਤੀ ਵਸਤਾਂ ਭੂਸ਼ਣਾਂ ਦਾ ਦਾਨ ਦਿਤਾ ਗਿਆ ਤਾਂ ਇਹ ਕਵੀਆਂ ਦਾ ਸ਼ਾਹੀ ਜਲੂਸ ਇਕ ਤਰ੍ਹਾਂ ਫੌਜੀ ਚੜ੍ਹਾਈ ਬਣ ਗਿਆ। ਕਵੀ ਕਹਿੰਦਾ ਹੈ ਹੇ ਰਾਜਿਓ ਮਹਾਰਾਜਿਓ! ਡਰੋ ਨਹੀਂ, ਇਹ ਕੋਈ ਸੈਨਿਕ ਦਲ ਨਹੀਂ ਬਲਕਿ ਗੁਰੂ ਗੋਬਿੰਦਰਾਇ ਦੇ ਦਰਬਾਰ ਤੋਂ ਵਰੋਸਾਏ ਕਵੀਆਂ ਦਾ ਜਥਾ ਜਾ ਰਿਹਾ ਹੈ।

ਦੁੰਦਭੀ ਧੁੰਕਾਰੇ ਬਾਜੈ ਮਾਨੋ ਜਲਧਰ ਗਾਜੈ
ਫਰਕਤ ਨਿਸ਼ਾਨ ਭਯ ਭਾਨੁ ਛਿਪ ਜਾਤ ਹੈ
ਫੀਬਿਨ ਕੇ ਹਲਕਾ ਹਜ਼ਾਰਨਿ ਗਨੇ ਕੋ ਹਯ
ਜਟਤ ਜਵਾਹਰ ਜੇ ਜਗਮਗ ਗਾਤ ਹੈਂ
ਕੋਰ ਸਾਜੇ ਜੋਰ ਕਰਿ ਨਾਲਿਨ ਕੋ ਸ਼ੋਰ ਸੁਨਿ
ਸੰਕਤ ਸੁਰੇਸ਼ ਔ ਨਰੇਸ਼ ਬਿਖ਼ਯਾਤ ਹੈਂ
'ਹੰਸਰਾਮ' ਕਹਿਤ ਬਿਰਾਜਹੁ ਜਿਨ ਭਾਜਹੁ
ਗੁਰ ਗੋਬਿੰਦ ਕੇ ਮਾਂਗੇ ਕਵਿਰਾਜ ਚਲੇ ਜਾਤ ਹੈਂ।

ਫਿਰ ਇਸ ਦਾਨ ਦੀ, ਗੁਣੀਆਂ ਨੂੰ ਨਿਵਾਜਣ ਤੇ ਨਿਆਸਰਿਆਂ ਨੂੰ ਆਸਰਾ ਦੇਣ ਦੀ ਸਿਫਤ ਕਰਦਿਆਂ ਆਖਿਆ ਹੈ—

ਕਰਣ ਸੇ ਦਾਤਾ ਹੋ ਬਿਧਾਤਾ ਮਹੀ ਮੰਡਲ ਕੇ
ਬੈਰੀ ਕੇ ਬਿਹੰਡਨ ਪ੍ਰਚੰਡ ਭੂਅ ਭਾਰ ਕੋ
ਪੁਰਖ ਪੁਰਾਨ ਸੇ ਪੁਰਾਨਨ ਮੇਂ ਗਾਈਅਤ
ਸਾਚੇ ਗੁਰ ਗੋਬਿੰਦ! ਅਧਾਰ ਨਿਰਾਧਾਰ ਕੋ
ਜੌਨ ਤੇਰੀ ਕੀਰਤਿ ਜਗਾਤੇ ਜੰਬੂ ਦੀਪ ਕੈ ਕੈ
ਪਸਰੈ ਉਜਾਰੋ ਪਰਸਤ ਪਾਰਾਵਾਰ ਕੋ।
ਗੁਰਨ ਕੇ ਬੰਸ ਚਲਿ ਆਈ 'ਹੰਸਰਾਮ' ਸਦਾ,
ਗੁਨੀ ਸੋ ਉਦਾਰ, ਤੇਰਾਦਾਰ ਤਰਵਾਰ ਕੋ।

ਗੁਰੂ ਗੋਬਿੰਦ ਸਿੰਘ ਦੀ ਤਲਵਾਰ ਕਲਪ ਬ੍ਰਿਛ ਵਰਗੀ ਹੈ ਜੋ ਸੂਰਮਿਆਂ ਦੀ ਪਤ ਅਬਰੋ ਤੇ ਉਨ੍ਹਾਂ ਨੂੰ ਮਨ ਮੰਗੇ ਫਲ ਦੇਣ ਵਾਲੀ ਹੈ।

ਸੂਰਨ ਕੀ ਪਤਿ ਅਤਿ ਜਾਨਤ ਜਹਾਨ ਜਾਂ ਕੋ
ਤਾਂ ਕੋ ਫਲ ਦੇਤ ਸਦਾ ਅਰਿ ਪਰ ਜੀਤ ਹੈ।
ਪੂਰ ਜੇ ਹਠੀ ਕੇ ਹੀਏ ਕਾਮਨਾ ਥਮਤ ਜਾਂਤੇ
ਹੰਸਰਾਮ ਕਹਿਤ ਸਦਾ ਪਾਨਿਪ ਸੋਂ ਪ੍ਰੀਤਿ ਹੈ



Digitized by Panjab Digital Library | www.panjabdigilib.org

ਜੋਗਿਨ ਕੀ ਜੀਵਨਿ ਸੰਜੀਵਨਿ ਹੈ ਭੂਤਲ ਕੀ
ਮੂਤਨ ਸੁਹੀਨ ਨਿਤ ਬਢਤ ਪੁਨੀਤ ਹੈ
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ
ਤੇਰੀ ਕਰਾਚੋਲੀ, ਕਾਮਤਰੁ ਕੀ ਸੀ ਰੀਤਿ ਹੈ।

ਕਵੀ ਨੇ ਗੁਰੂ ਸਾਹਿਬ ਦੀ ਉਦਾਰਤਾ ਤੇ ਬੀਰਤਾ ਬਹਾਦਰੀ ਤੋਂ ਇਲਾਵਾ ਗੁਰੂ ਵਿਅਕਤਿਤਵ ਦੀ ਵੀ ਅਤਿਅੰਤ ਸ਼ਲਾਘਾ ਕੀਤੀ ਹੈ।

ਚਾਰੋਂ ਚੱਕ ਸੇਵੈਂ ਗੁਰੂ ਗੋਬਿੰਦ ਤਿਹਾਰੇ ਪਾਇ
ਮੇਰੇ ਜਾਨੈ ਆਜ ਤੂ ਹੀ ਦੂਜੋ ਕਰਤਾਰ ਹੈਂ
ਪ੍ਰਬਲ ਪ੍ਰਚੰਡ ਖੰਡ ਖੰਡ ਮਹਿ ਮੰਡਲ ਮੈਂ
ਸਾਚੋ ਪਾਤਸ਼ਾਹ ਜਾਂ ਕੇ ਸਾਚੋ ਸਿਰ ਭਾਰ ਹੈ
ਕਾਮਨਾ ਕੇ ਦਾਨ ਬਾਨ ਜਾਂਚੀ ਹੰਸ ਰਾਮ ਕਹੈ
ਪਰਮ ਧਰਮ ਦੇਖੋ ਬਿਬਿਧ ਵਿਚਾਰ ਹੈ
ਪਰਮ ਉਦਾਰ ਪਰ ਪੀਰ ਕੋ ਹਰਨਹਾਰ
ਕੌਨ ਜਾਨੈ ਕੌਨੈ ਭਾਂਤ ਲੀਨੋ ਅਵਤਾਰ ਹੈ।

ਅਵਧ ਅਨ੍ਹਾਏ ਕਹਾਂ, ਤਿਲਕ ਬਨਾਏ ਕਹਾਂ
ਦਵਾਰਕਾ ਛਪਾਏ ਕਹਾਂ, ਤਨ ਤਾਈਯਤ ਹੈ
ਕੋਵਿਦ ਕਹਾਏ ਕਹਾਂ ਬੇਨੀ ਕੋ ਮੁੰਡਾਏ ਕਹਾਂ
ਕਾਂਸ਼ੀ ਕੇ ਬਸਾਏ ਕਹਾਂ, ਲਾਹਾ ਲਈਯਤ ਹੈ

ਮੋਹਨ ਮਨਾਏ ਕਹਾਂ, ਭੂਪਤਿ ਰਿਝਾਏ ਕਹਾਂ
ਕਹਾਂ ਹੰਸ ਰਾਮ ਜੋ ਧਰਾ ਮੇਂ ਧਾਈਅਤ ਹੈਂ
ਚਾਰ ਹੂੰ ਬਰਨ ਤਾਂ ਕੇ ਹਰਨ ਕਲੇਸ਼ ਗੁਰ
ਗੋਬਿੰਦ ਕੇ ਚਰਨ ਮੁਕਤਿ ਪਾਈਅਤ ਹੈ।

ਫਿਰ ਕਵੀ ਇਕ ਛੰਦ ਵਿਚ ਇਹ ਗੱਲ ਵੀ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਤੇ ਸਮਰੱਥਾ ਘੱਟ ਹੋਣ ਵਾਲੀ ਨਹੀ, ਇਹ ਦਿਨੋ ਦਿਨ ਚੜ੍ਹਦੀ ਕਲਾ ਵਿਚ ਜਾਣ ਵਾਲੀ ਹੈ —

ਕਾਯਮ ਕੁਬੇਰ ਸਾਤ ਸਾਇਰ ਸੁਮੇਰ ਜੌ ਲੌ
ਕੀਰਤਿ ਕਰਨ ਕੀ ਕਰਨ ਅਵਗਾਹ ਬੀ

ਜੌ ਲੌ ਪੌਣ ਪੰਨਗ ਪ੍ਰਬਲ ਪੁਹਮੀ ਕੇ ਭਾਰ
ਪਾਰਥ ਕੋ ਜੌ ਲੌ ਪੁਰਖਾਰਥ ਸਰਾਹਬੀ



Digitized by Panjab Digital Library | www.panjabdigilib.org

ਜੌ ਲੌ ਸ਼ਿਵ ਸਲਿਤਾ ਸੁਕ ਵਿ ਹੰਸਰਾਮ ਕਹੈ
ਜੌ ਲੌ ਰਾਮ ਰਾਵਣ ਕੋ ਰਾਮਾਯਨ ਚਾਹਬੀ
ਜੌ ਲੌ ਧ੍ਰੂਵ ਧਰਣਿ, ਤਰੁਨ ਤੇਜ ਰਾਜੈ ਜਗ
ਤੌ ਲੌ ਸ੍ਰੀ ਗੋਬਿੰਦ ਸਿੰਘ ਤੇਰੇ ਸੀਸ ਸਾਹਿਬੀ ।

ਜਿਸ ਅਨੰਦਪੁਰ ਵਿਚ ਗੁਰੂ ਦਸਮੇਸ਼ ਇਹ ਜਲਵਾ ਦਿਖਾ ਰਹੇ ਸਨ, ਉਸ ਅਲੌਕਿਕ ਨਗਰੀ ਦੀ ਵੀ ਉਸਤਤਿ ਕਰਨੋਂ ਕਵੀ ਰਹਿ ਨਹੀਂ ਸਕਿਆ । ਉਹ ਲਿਖਦਾ ਹੈ—

ਕੌਨ ਬਡੋ ਯਾ ਜਗਤ ਮੇਂ, ਕੋ ਦਾਤਾ ਕੋ ਸੂਰ
ਕਾਂਕੇ ਰਣ ਅਰ ਦਾਨ ਮੇਂ, ਮੁਖ ਪਰ ਬਰਸਤ ਨੂਰ ।
ਰਚਯੋ ਬ੍ਰਹਿਮ ਕਰ ਆਪਨੇ, ਦੀਨੋ ਭੂ ਕੋ ਭਾਰ
ਸੋ ਤੋ ਗੁਰ ਗੋਬਿੰਦ ਹੈ, ਨਾਨਕ ਕੋ ਔਤਾਰ ।

ਐਸੇ ਕਾਹੂ ਕੇ ਨਹੀਂ, ਸੁਰ ਸੁਰਪਤਿ ਕੇ ਭੌਨ
ਈਸ਼ ਮੁਨੀਸ਼ ਦਿਲੀਸ਼ ਏ, ਨਰ ਨਰੇਸ਼ ਕੇ ਕੌਨ
ਚਾਰ ਬਰਨ ਚਾਰੋਂ ਜਹਾਂ, ਆਸ਼੍ਰਮ ਕਰਤ ਅਨੰਦ
ਤਾਂ ਕੋ ਨਾਮ ਅਨੰਦਪੁਰ, ਹੈ ਆਨੰਦ ਕੋ ਕੰਦ ।

[ਕਰਣ ਪਰਬ, ਮਹਾਂ ਭਾਰਤ]

ਕੁਝ ਹੋਰ ਛੰਦ ਧਿਆਨ ਯੋਗ ਹਨ—

ਜਹਾਂ ਦਿਨਕਰ ਕੋ ਪ੍ਰਤਾਪ ਦਿਨਮਾਨ ਨਹੀਂ
ਜਹਾਂ ਨ ਦਿਲੀਸ ਕੋ ਪ੍ਰਤਾਪ ਛਾਇਯਤ ਹੈ
ਜਹਾਂ ਕਲਾਨਿਧਿ ਕੀ ਨ ਕਲਾ ਕੀ ਕਿਰਨ ਏਕ
ਜਹਾਂ ਮ੍ਰਿਗਰਾਜ ਕੇ ਨਾ ਬਰ ਧਾਇਅਤ ਹੈ
ਜਹਾਂ ਸੁਰਪਤਿ ਕੀ ਨ ਗਤਿ ਰਤਿ ਪਤਿ ਕੀਨ
ਮਤਿ ਕਹਾਂ ਧੌਲਪਤਿ ਹੂੰ ਮੈਂ ਪਾਇਯਤ ਹੈ
ਜਹਾਂ ਸਰੁਤਿ ਸਿੰਮ੍ਰਿਤਿ ਸੁਨੀ ਨ ਸੂੰਨ ਸੁਪਨੇ ਹੂੰ
ਤਹਾਂ ਗੁਰ ਗੋਬਿੰਦ ਕੋ ਜਸ ਗਾਇਯਤ ਹੈ ।

ਸਵੈਯਾ

ਕੌਨ ਬਨਾਰਸੀ ਬਾਸ ਕਰੈ ਜਿਹ ਬਾਸਕ ਨਾਗ ਹਿਏ ਬਿਲਸੈਂ
ਔਧ ਕੇ ਔਸਰ ਨਾਥ ਭਯੋ, ਰਘੁਨਾਥ ਕੇ ਪਾਇਨ ਪਾਪ ਨਸੈਂ
ਕਰ ਮੁੰਡਨ ਕੌਨ ਸਿਤਾਸਿਤ ਮੈਂ, ਜਿਹ ਦੇਖ ਕੈ ਲੋਕ ਰੁ ਦੇਵ ਹਸੈਂ
ਇਮ ਤੇਗ ਬਹਾਦਰ ਨੰਦ ਜਗੇ, ਕਿਨ ਗੋਬਿੰਦ ਰਾਇ ਗੁਰੂ ਦਰਸੈ ।



Digitized by Panjab Digital Library | www.panjabdigilib.org

### ਛਪਯ ਛੰਦ

ਡੁੱਲਤਿ ਅਪਰ ਨਰੇਸ਼ਪਤਿ, ਹੱਥਹਿ ਜਿਮ ਹੱਲੈਂ
ਸੂਖਤ ਸਾਇਰ ਸਲਲ, ਸੰਕ ਧੂਅ ਧਾਮ ਨ ਚਲੈਂ
ਖਲਕ ਖੈਲ ਖਲਭਲਤ, ਭੈਲ ਭਗਹਿ ਤਿਲੋਕ ਮਹਿੰ
ਪਲਕਿ ਪੇਲਿ ਗਢ ਲੇਤ, ਹੇਤ ਹੁੰਕਤ ਸੁ ਜਗ ਮਹਿੰ
ਕਹਿ ਹੰਸਰਾਮ ਸਤਿ ਸਿਮਰਕੈ, ਸਕੁਚ ਰਹਤ ਦਿਗਪਾਲ ਤਬਿ
ਧਸਮਸਤਿ ਧਰਨਿ ਦਲ ਭਾਰ ਤੇ, ਸੋ ਬਿਰਚ ਰਾਇ ਗੋਬਿੰਦ ਜਬਿ ।

ਅਨੰਦਪੁਰ ਦੇ ਗੁਰੂ ਦਰਬਾਰ ਦੀ ਇਕ ਵਿਚਿਤ੍ਰ ਸ਼ਾਨ ਹੈ, ਜਿਥੇ ਕਿ ਵਡੇ ਵਡੇ ਰਾਜੇ ਮਹਾਰਾਜੇ ਆ ਕੇ ਝੁਕਦੇ ਹਨ । ਕਵੀ ਕਹਿੰਦਾ ਹੈ—

ਜਿਨ ਕੋ ਪ੍ਰਤਾਪ ਪਰਿਪੂਰਨ ਪੁਹਮਿ ਪਰ
ਸੋਊ ਤੇਰੇ ਚਰਨ ਕੋ ਕਰਤ ਬਖਾਨ ਹੈਂ
ਜਿਨੈ ਚਾਹ ਚਕ੍ਰਵੈ ਚੱਕਿਤ ਹੋਤ 'ਹੰਸਰਾਮ'
ਤੇਊ ਤੇਰੇ ਚਾਹਬੇ ਕੋ ਧਾਰਤਿ ਧਿਆਨ ਹੈਂ
ਜਿਨ ਕੋ ਬਿਜਯ ਪਾਰਾਵਾਰ ਪਾਰ ਦੇਖੀਜਤ
ਪ੍ਰਬਲ ਪ੍ਰਚੰਡ ਸੁਨੇ ਜ਼ਾਹਰ ਜਹਾਨ ਹੈਂ
ਜਿਨ ਕੋ ਨ ਦਰਬਾਰ ਪਾਯਤ ਮਹੀਨ ਕੁ ਲੋ
ਤੇਊ ਤੇਰੇ ਦਰਬਾਰ ਦੇਖੇ ਦਰਬਾਨ ਹੈਂ ।

ਅਨੁਵਾਦਿਤ ਕਰਣ ਪਰਬ ਤੇ ਕੁਝ ਫੁਟਕਲ ਛੰਦਾਂ ਤੋਂ ਇਲਾਵਾ ਇਸ ਕਵੀ ਦੀ ਹੋਰ ਰਚਨਾ ਪ੍ਰਾਪਤ ਨਹੀਂ । ਕਰਣ ਪਰਬ ਦਾ ਹੱਥ-ਲਿਖਤ ਖਰੜਾ ਮੋਤੀ ਬਾਗ ਲਾਇਬ੍ਰੇਰੀ ਪਟਿਆਲਾ ਵਿਚ ਸੁਰੱਖਿਅਤ ਹੈ ਤੇ ਯਾ ਫਿਰ ਇਸ ਦਾ ਇਕ ਉਤਾਰਾ ਮਹਾਰਾਜਾ ਬਨਾਰਸ ਦੇ ਪੁਸਤਕਾਲੇ ਵਿਚ ਹੈ ।

## (੧੮) ਕੁੰਵਰੇਸ਼

ਕਵੀ ਕੁੰਵਰੇਸ਼ ਕੋਰਾ ਪਰਗਣਾ ਦੇ 'ਬਰੀ' ਨਗਰ (ਯੂ. ਪੀ.) ਦਾ ਵਸਨੀਕ ਸੀ ਜਿਸ ਗੁਰੂ ਦਰਬਾਰ ਵਿਚ ਆ ਕੇ ਦ੍ਰੋਣ ਪਰਬ ਦਾ ਅਨੁਵਾਦ 1752 ਬਿ. ਵਿਚ ਕੀਤਾ । ਭਾਈ ਸੰਤੋਖ ਸਿੰਘ ਜੀ ਨੇ ਇਸ ਨੂੰ ਹਿੰਦੀ ਦੇ ਪ੍ਰਸਿੱਧ ਕਵੀ ਕੇਸ਼ਵਦਾਸ ਦਾ ਸਪੁੱਤਰ ਦੱਸਿਆ ਹੈ ਅਤੇ ਲਿਖਿਆ ਹੈ ਕਿ ਔਰੰਗਜ਼ਬ ਦੀ ਜ਼ਬਰਦਸਤੀ ਮੁਸਲਮਾਨ



Digitized by Panjab Digital Library | www.panjabdigilib.org

ਬਣਾਉਣ ਦੀ ਬਦਨੀਤ ਤੋਂ ਤੰਗ ਆ ਕੇ ਇਹ ਅਨੰਦਪੁਰ ਗੁਰੂ ਦਰਬਾਰ ਵਿਚ ਪੁਜਾ ਸੀ।* ਮਹਾਰਾਜ ਨੇ ਇਸ ਨੂੰ ਪੰਜ ਰੁਪਏ ਰੁਜ਼ੀਨਾ ਲਾ ਕੇ ਦਰਬਾਰੀ ਕਵੀਆਂ ਵਿਚ ਸ਼ਾਮਲ ਕਰ ਲਿਆ। ਉਹ, ਖ਼ੁਦ ਲਿਖਦਾ ਹੈ—

ਸੰਬਤ ਸਤ੍ਰਹ ਸੈ ਅਧਿਕ, ਬਾਵਨ ਬੀਤੇ ਔਰ
ਤਾਂ ਮੈਂ ਕਵਿ ਕੁਵਰੇਸ਼ ਯਾ, ਕਿਯੋ ਗ੍ਰੰਥ ਕੋ ਡੌਰ।
ਬਾਹੁਜ ਬੇਦੀ ਕੁਲ ਭਏ, ਨਾਨਕ ਗੁਰੂ ਅਨੂਪ
ਜਿਨ ਮੈਂ ਪੂਰੋ ਪਾਈਏ, ਪਾਰਬ੍ਰਹਿਮ ਕੋ ਰੂਪ।
ਨਾਨਕ ਸਿਖ ਕੀਏ ਤ੍ਰਿਹਣ, ਕੁਲ ਅੰਗਦ ਸ਼ੁਭ ਨਾਮ
ਭਗਤ ਸਰੋਰਹੁ ਕੇ ਭਏ, ਜੋ ਰਵਿ ਆਠੋ ਜਾਮ।
ਅੰਗਦ ਨਿਜ ਗੁਰੁਤਾ ਦਈ, ਭੱਲੇ ਭਲੇ ਵਿਚਾਰ
ਅਮਰਦਾਸ ਕੋ ਨਿਜ ਸਕਲ, ਦੀਨੋ ਜਗਤ ਉਧਾਰ
ਅਮਰਦਾਸ ਅਪਨੇ ਸਕਲ, ਗੁਰਤਾ, ਪ੍ਰਭੁਤਾ ਗਯਾਨ
ਰਾਮਦਾਸ ਕੋ ਸਭ ਦਿਯੋ, ਜੋ ਸੋਢੀ ਸੁਲਤਾਨ।
ਅਰਜਨ ਬਿਕ੍ਰਮ ਨਾਮ ਹੂੰ, ਅਰਜਨ ਜਗ ਪੁਰਹੂਤ
ਜਿਨ ਜਗ ਜਸ ਅਰਜਨ ਕਿਯੋ, ਰਾਮਦਾਸ ਕੇ ਪੂਤ।
ਅਰਜਨ ਸੂਨ ਉਦਾਰ ਮਤਿ, ਹਰਿਗੋਬਿੰਦ ਨਰਿੰਦ
ਜਿਨ ਹਰਿ ਲੌ ਮਾਰੇ ਨਿਖਿਲ, ਬੈਰੀ ਪ੍ਰਬਲ ਕਰਿੰਦ।
ਛੋਡਯੋ ਜਬ ਗੁਰਦਿਤ ਜੂ, ਜਗ ਮਾਯਾ ਵਿਸਤਾਰ
ਤਿਨ ਕੇ ਸੁਤ ਹਰਿਰਾਯ ਕੋ, ਦੀਨੋ ਗੁਰੁਤਾ ਭਾਰ।
ਭਏ ਸੂਨ ਹਰਿਰਾਇ ਕੇ, ਗੁਰ ਅਤ੍ਰਿਸ਼ਨ ਹਰਿਕ੍ਰਿਸ਼ਨ
ਤਜਯੋ ਜਬੈ ਤਿਨ ਹੂੰ ਜਗਤ, ਤਬਹਿ ਕਰੀ ਯਹ ਪ੍ਰਸ਼ਨ—
ਗੁਰੁਤਾ ਪ੍ਰਭੁਤਾ ਕੋ ਉਚਿਤ ? ਤੇਗ ਬਹਾਦਰ ਏਕ
ਨਾਰਾਯਨ ਜਾਂ ਪਰ ਕਿਯੋ, ਭਗਤਿ ਸੁਧਾ ਕੋ ਸੇਕ।
ਨਿਜ ਜਨ ਕੈਰਵ ਸੁਖ ਕਰਨ, ਤੇਗ ਬਹਾਦਰ ਚੰਦ
ਜਿਨ ਭਵ ਪਾਰਾਵਾਰ ਕੇ, ਦੂਰ ਕੀਏ ਦੁਖ ਦੁੰਦ।

---

* ਕੇਸ਼ਵਦਾਸ ਹੁਤੇ ਕਵਿ ਜੋਇ। ਭਯੋ ਬੁੰਦੇਲ ਖੰਡ ਮਹਿੰ ਸੋਇ
ਤਿਸ ਕੋ ਪੁਤਰ ਕੁਵਰ ਹੈ ਨਾਮੂ। ਸੋ ਭੀ ਰਚਿਤ ਗਿਰਾ ਅਭਿਰਾਮੂ
ਤੁਰਕ ਕਰਨ ਨਵਰੰਗ ਚਿਤ ਚਹਯੋ। ਗੁਨੀ ਅਧਿਕ ਹਿੰਦੂਨ ਮੇਂ ਲਹਯੋ।
[ਗੁ: ਪ੍ਰ. ਸੂਰਯ, ਰੁਤ ੨ ਅੰਸੂ ੫੧



Digitized by Panjab Digital Library | www.panjabdigilib.org

ਗੁਰ ਗੋਬਿੰਦ ਨਰਿੰਦ ਹੈ, ਤੇਗ ਬਹਾਦੁਰ ਨੰਦ
ਜਿਨ ਤੇ ਜੀਵਤ ਹੈਂ ਸਕਲ, ਭੂਤਲ ਕਵਿ ਬੁਧਿ ਬ੍ਰਿੰਦ।
ਨਦੀ ਸ਼ਤੁਦਰ ਤੀਰ ਤਹਿਂ, ਸ਼ੁਭ ਅਨੰਦਪੁਰ ਨਾਮ
ਗੁਰ ਗੋਬਿੰਦ ਨਰਿੰਦ ਕੇ, ਰਾਜਤ ਸੁਭਗ ਸੁਧਾਮ।
ਗੰਗਾ ਜਮਨਾ ਬੀਚ ਮੇਂ, ਬਰੀ ਗ੍ਰਾਮ ਕੋ ਨਾਮ
ਤਹਾਂ ਸੁਕਵਿ ਕੁਵਰੇਸ਼ ਕੋ; ਬਾਸ ਕਰੈ ਕੋ ਧਾਮ। [ਦ੍ਰੋਣ ਪਰਬ

ਦ੍ਰੋਣ ਪਰਬ ਤੋਂ ਇਲਾਵਾ ਕਵੀ ਦੀਆਂ ਦੋ ਹੋਰ ਰਚਨਾਵਾਂ ਹਨ—'ਰਤਿ ਰਹੱਸ ਕੋਕ' ਤੇ ਸਾਮੁਦ੍ਰਿਕ। 'ਰਤਿ ਰਹੱਸ ਕੋਕ' ਰਚਨਾਂ ਦੇ 7 ਅਧਿਆਇ ਤੇ 279 ਛੰਦ ਹਨ ਅਤੇ 'ਸਾਮੁਦ੍ਰਿਕ' ਦੇ ਕੁਲ 98 ਛੰਦ। ਇਹ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੇ ਖਰੜਾ ਨੰਬਰ 5025 ਵਿਚ ਸੁਰੱਖਿਅਤ ਹੈ। ਇਹ ਖਰੜਾ ਅਨੰਦਪੁਰ ਭਾਈ ਬਾਲਚੰਦ ਫਤੇ ਗੋਬਿੰਦ ਲਿਖਾਰੀ ਦਾ 1753 ਬਿ: ਦਾ ਲਿਖਿਆ ਹੋਇਆ ਹੈ, ਜਿਸ ਵਿਚ ਪਹਿਲੇ ਹ੍ਰਿਦਯ ਰਾਮ ਕ੍ਰਿਤ ਹਨੂਮਾਨ ਨਾਟਕ ਹੈ ਤੇ ਅੰਤ 'ਸਾਮੁਦ੍ਰਿਕ' ਹੈ। ਸਾਮੁਦ੍ਰਿਕ ਦਾ ਅਰੰਭ ਇਉਂ ਹੈ—

ਦੋਹਰਾ— ਪਾਰਬਤੀ ਨੰਦਨ ਚਰਨ; ਬਰਨ ਸਤੈ ਕੋ ਧੀਰ
ਸਖਨਿ ਸੁਧਾਧਰ ਕੇ ਜਨਕ, ਸੁਖਮੇ ਸਮਦ ਗੰਭੀਰ। ੧।

ਅੰਤ ਤੇ—ਜਾਂਹਿ ਕੀ ਜੀਭ ਲਖਉ ਕਰੀਆ, ਨਰ ਤਉਨ ਗੁਲਾਮ ਸਬੈ ਦੁਖੀਆ ਹੈ
ਜਾਂਹਿ ਕੀ ਜੀਭ ਲਖਉ ਕਬਰੀ, ਨਰ ਤੇ ਸਬ ਪਾਪਿਨ ਮੈਂ ਮੁਖੀਆ ਹੈ
ਜਾਂਹਿ ਕੀ ਧੂਲ ਲਖਉ ਜੀਹ ਬਾਨਰ, ਤੇ ਸਬ ਕੂਰ ਛਲੀ ਰੁਖੀਆ ਹੈ
ਜਉਨਿ ਕੀ ਜੀਭ ਸਰੋਜ ਕੋ ਪਾਤੁ ਸੀ ਸੋ ਕੁਇ ਰੇ ਸਿਧ ਵੈ ਸੁਖੀਆ ਹੈ। ੯੮।

'ਰਤਿ ਰਹੱਸ ਕੋਕ' ਦਾ ਖਰੜਾ ਅਸਾਂ ਗਿ. ਕਰਨੈਲ ਸਿੰਘ ਅੰਮ੍ਰਿਤਸਰ ਪਾਸ ਦੇਖਿਆ ਸੀ। ਇਸ ਵਿਚੋਂ ਕੁਝ ਛੰਦ ਇਥੇ ਦੇ ਰਹੇ ਹਾਂ ਜਿਸ ਤੋਂ ਮਹਿਮਾ ਕਾਰੀ ਪੁਰਾਤਨ ਭੱਟ ਸ਼ੈਲੀ ਦਾ ਪਤਾ ਲਗੇਗਾ।

ਗੁਰ ਗੋਬਿੰਦ ਉਸਤਤਿ—
ਤੇਗ ਬਹਾਦਰ ਸੁਧਾ ਬਾਰਿ ਨਿਧਿ ਚੰਦ੍ਰ ਨਿਜ
ਮਨ ਜੋ ਕੁਮਦ ਬ੍ਰਿੰਦ ਦਤਾਨੰਦ ਮਹਾਂ ਜਯ
ਭੂਪਨ ਮੁਕਟ ਮਣਿ ਕਾਰਨ ਕਰੰਬਿਤ
ਲਲਿਤ ਪਦ ਪੰਕਜ ਸੁ ਪੁੰਨ ਧਰਮ ਹਾਸਯ
ਬਿਦਤ ਸਕਲ ਜਨ ਚਿਤ ਮੈਂ ਭਾਵ ਨਿਜ
ਜੈਸੇ ਗੰਗਾ ਜਲ ਪੂਰ ਪਾਵਤ ਮਾਨ ਵਾਚਯ



Digitized by Panjab Digital Library | www.panjabdigilib.org

ਦੀਨ ਜਨ ਮੀਨ ਗੁਨ ਕਰੁਨਾ ਸਮੁੰਦ੍ਰ
ਰਿਪੁ ਜਨ ਮਹਾਂ ਰੁਦ੍ਰ ਸ੍ਰੀ ਗੁਰ ਗੋਬਿੰਦ ਜਯ । ੫ ।

ਕਰਖਾ ਛੰਦ — ਬਦਨ ਅਰਬਿੰਦ ਮਕਰੰਦ ਸਿਧਿ ਹੇਤ ਜਨ
ਨੈਨ ਅਲਿ ਰੈਨ ਦਿਨ ਜਾਂਹਿ ਛਕੈ
ਪ੍ਰਬਲ ਭੁਜ ਦੰਡ ਉਦੰਡ ਕੋਦੰਡ ਤੁਵ
ਗਹਤ ਹੀ ਬੈਰਿ ਜਨ ਬੈਰ ਥਕੈ
ਸੁਕਵਿ ਕੁਵਰੇਸ਼ ਗੁਰਤਾ ਸਕਲ ਦੇਸ ਮੈਂ
ਪ੍ਰਭਤਾ ਸੁਰੇਸ਼ ਸਹਿ ਕੋ ਨ ਸਕੈ
ਗੋਬਿੰਦ ਰਾਇ ਗੁਰ ਨਾਨਕ ਸੁਭਾਇ
ਤੁਵ ਪਾਇਂ ਕੋ ਚਾਇ ਸੋ ਭੂਪ ਤੱਕੈ । ੬ ।

ਕਬਿੱਤ—ਛੌਨੀ ਆਭਰਨ ਸੁਭ ਸੁਖਮਾ ਧਰਨ
ਦੁਖ ਦਾਰਿਦ ਹਰਨ ਕਲਿ ਮੈਂ ਕਰਨ-ਭੂਪ ਹੌਂ
ਮੂਰਤਿ ਮਨੋਜ ਉਜ ਰਾਜਤ ਸੁਰੋਜ ਨਾਥ
ਸਮ ਕੁਵਰੇਸ਼ ਸਭ ਬਾਤਨ ਅਨੂਪ ਹੌਂ
ਬਖਤ ਬੁਲੰਦ ਸੁਖਕੰਦ ਸ੍ਰੀ ਗੁਬਿੰਦ ਰਾਇ
ਤੇਗ ਬਹਾਦਰ ਨੰਦ ਅਤਿ ਹੀ ਸਰੂਪ ਹੌਂ
ਚਾਰ ਹੂੰ ਬਰਨ ਆਸ੍ਰਮ ਕੇ ਹੌਂ ਗੁਰ ਕੌਨ
ਕੀਜੈ ਸਰਿਸੁਰ ਆਪੁ ਨਾਰਾਇਨ ਰੂਪ ਹੌਂ । ੭ ।
ਕੁੰਡਲੀਆ — ਜਾਨੇ ਗੁਰ ਗੋਬਿੰਦ ਕੇ ਹੋਤ ਆਪਨੇ ਕਾਜ
ਜੋ ਕੋਊ ਆਗਿਆ ਮੇਂ ਚਲੈ, ਤਾਂਹਿਂ ਦੇਤ ਹੈਂ ਰਾਜ
ਤਾਹਿ ਦੇਤ ਹੈਂ ਰਾਜ ਸਾਜ, ਜਾਂਕੋ ਅਤਿ ਭਾਰੀ
ਤੇਜ ਰੂਪ ਗਜ ਬਾਜ, ਔਰ ਸੰਪੈ ਸੁਖਕਾਰੀ
ਐਸੇ ਕਰਤ ਸਰੂਪ ਜੌਨ ਸਬ ਹੈ ਮਾਨੇ ਪੁਰ
ਤਿਨ ਹੀ ਕੇ ਸਬ ਕਾਜ ਹੋਤ ਜਿਨ ਹੈਂ ਜਾਨੇ ਗੁਰ । ੮ ।

## ਅਥ ਸ਼ਿੰਗਾਰ ਨਾਇਕ ਗੁਰ ਗੋਬਿੰਦ ਬਰਨਨ

ਅੰਮ੍ਰਿਤ ਧੁਨ—ਦਰਬਰ ਕੁੰਕਮ ਚੂਰ ਸੋਂ ਕੁੰਕਮ ਨੀਰ ਸੁਸੰਗ
ਗੁਰ ਗੋਬਿੰਦ ਬਸੰਤ ਕਿਯ ਅੰਗ ਗਹਿਤ ਸੁਰੰਗੁ ।
ਅੰਗ ਗਹਿਤ ਸੁ ਰੰਗ ਗਹਰਹ ਮਿੰਚ ਗਹਿ ਕਰ
ਮਿੰਚ ਚਲਿਤ ਕਿ ਬੰਚ ਚਖਨ ਬਿਮੁੰਚ ਚਲ ਸੁਗੰਧ ਧੁਵ ਤਰ



Digitized by Panjab Digital Library | www.panjabdigilib.org

ਸੁਧ ਧਯਾਨ ਸੁਮੱਧ ਧਰਿ ਜਨ ਮੰਦ ਦੁਰਤ
ਬਿਲੰਤ ਦਾਨ ਸਮੁੰਦ ਦਰਬਰ ਬਰ । ੯ ।

ਅੰਮ੍ਰਿਤ ਧੁਨਿ— ਬਲ ਬਾਲ ਬਾਰਬਧੂ ਕਰੈਂ ਤਾਨ ਗਾਨ ਗਤਿ ਛੰਦ
ਮਨ ਇਛਤ ਗੋਬਿੰਦ ਗੁਰ, ਛੰਦ ਦਯਾ ਧੁਨਿ ਬ੍ਰਿੰਦ
ਛੰਦ ਦਯਾ ਧੁਨਿ ਬ੍ਰਿੰਦ ਦੱਤਹ ਅਨੰਦ ਦਰਸ
ਮਸੰਦ ਦਿਲ ਸੁਖ ਕੰਦ ਦਾਨ ਬਿਹਦ ਦੇਤ ਸਗਲ਼ ਗੁਨਿ
ਨਿੰਮੂਦੰ ਗੰਗ ਤਸ ਨ ਰੰਗ ਗਾਨ ਸੁ ਸਬ ਥਿਰ
ਸੁਨਿ ਅੱਬ ਬਕਤ ਸੁਕਥ ਕਲ ਕਲ । ੧੦ ।

ਅੰਮ੍ਰਿਤ ਧੁਨਿ—
ਬਨਿ ਬਨਿ ਬਨਿਤਾ ਗੁਨ ਕਰੈਂ ਤਾਨ ਗਾਨ ਮਿਲ ਸਬ
ਗਰ ਗੋਬਿੰਦ ਨਰਿੰਦ ਦਿਯ, ਦੱਬ ਬਹੁਲ ਅਖੱਬ
ਦੱਬ ਬਹੁਲ ਅਖਬ ਬਖਸ਼ਤ ਭੇ ਬੱਬ ਬਦਨ ਕਸਬ ਬਿਹੱਸਤ ਨੱਬ
ਬਿਧਿ ਕਰਿ ਛਬ ਬਿਹਦ ਸੁਕਬਿ ਬਰਨਤ ਦਿਬਿ
ਬਚਨਨ ਸਬ ਬੁਧਿ ਬਲ ਜਿ ਬਿਬ ਦਿਤ ਸਪੁੱਬ
ਬਸਿ ਜਾਨ ਸੱਬ ਬਨਿ ਬਨਿ । ੧੧ ।

ਅੰਮ੍ਰਿਤ ਧੁਨਿ—
ਲਖਿ ਲਖਿ ਰੰਗ ਸੁਰੰਗ ਸੋਂ, ਬਾਲ ਜਾਲ ਦੁਤਿ ਲਾਲ
ਗੁਰ ਗੋਬਿੰਦ ਬਸੰਤ ਕਿਯ, ਕੁਲੰ ਲਸਤ ਗੁਲਾਲ
ਕੁਲ ਲਸਤ ਗੁਲਾਲ ਲਗਤ ਨ ਫੁਲ ਲਪਨਸਤੁਲ
ਲਿਅ ਛਬਿ ਫਲਲਤਜਿਸ ਮੁੱਲ਼ ਲਚਹਿ ਸ਼ਤ੍ਰਲ
ਲਾਸ ਬਿਮਲ ਲਖਤ ਸਕਿਲ ਲਹਿਕਿ ਪਹਿਲਿ
ਲਯ ਕਰਿ ਬਿਲਲਿ ਸੁਰ ਸਹਿਸ ਲਖਿ । ੧੨ ।

ਕਲਸ--ਛਪਾ—ਲਲਤ ਉਡਤ ਘਨਸਾਰ ਚੂਰ ਚੰਦਨ ਅਪਾਰ ਤਹਾਂ
ਉਠਤ ਸੁ ਕੁੰਕਮ ਧੂਰਿ ਪੂਰਿ ਕਰਿ ਬਹੁ ਗੁਲਾਲ ਮਹਾਂ
ਕਨਕ ਰੰਗ ਸਬ ਅੰਗ ਬੰਸਨ ਸੋਹਤ ਸੁ ਰੰਗ ਸਬ
ਤਾਨ ਗਾਨ ਗਤਿ ਵੰਦ ਬਾਮ ਰਨ ਕਿਯ ਬਲੰਦ ਤਬ
ਖੇਲਤ ਬਸੰਤ ਗੋਬਿੰਦ ਗੁਰ ਸਕਲ ਲੋਕ ਨਾਇਕ ਨਵਲ
ਕੁਵਰੇਸ਼ ਬਹੁਲ ਆਨੰਦ ਲਹਤ; ਜੇ ਨਰ ਦੇਖਤ ਤੇ ਸਕਲ । ੧੩ ।

ਸਾਲੂਰ ਛੰਦ—ਜਾਕੋ ਜਾਨਤ ਭੇਦ ਬੇਦ ਔਰ ਜਾਨੈ ਕੌਨ
ਮਹਿਮਾ ਅਪਾਰ ਅਧਾਰ ਚੌਦਹ ਭਵਨ ਕੋ ਛਬਿ ਭੌਨ



Digitized by Panjab Digital Library | www.panjabdigilib.org

ਨਿਰਗੁਨ ਸਰਗੁਨ ਦ੍ਵੈ ਰੂਪ, ਜਾਂ ਕੇ ਕਹਤ ਬੇਦ ਪੁਰਾਨ
ਸੋ ਆਦਿ ਪੁਰਖ ਪ੍ਰਗਟ ਗੁਰੂ, ਗੋਬਿੰਦ ਰੂਪ ਪ੍ਰਮਾਨ। ੧੪।

ਜਾ ਕੇ ਲਖੇ ਨਰ ਲਹਤ ਮਨ ਇਛਾ ਅਪਾਰ ਪ੍ਰਧਾਨ
ਚਾਰੋਂ ਪਦਾਰਥ ਦਾਨ ਜਾ ਕੇ ਦ੍ਵਾਰ ਬੀਚ ਨਿਧਾਨ
ਸਬ ਲੋਕ ਮਯ ਰਸ ਮਯ ਸੁਧਾ ਮਯ ਧਰੇ ਤੇਜ ਅਪਾਰ
ਗੋਬਿੰਦ ਗੁਰ ਸਮ ਕੌਨ ਕੋਟ ਕਾਮ ਰੂਪ ਉਦਾਰ। ੧੫।
ਜਾਂ ਕੋ ਚਰਾ ਚਰ ਕਹੈਂ ਗੁਰ ਪੂਰਨ ਪੁਰਖ ਕਰਤਾਰ
ਸੋ ਪੰਚਨਦ ਮੈਂ ਨਾਨਕ ਹ੍ਵੈ, ਪ੍ਰਗਟ ਭਯੋ ਸੰਸਾਰ।
ਨਰ ਦੇਵ ਮੁਕਟ ਮਯੂਖ ਮੰਡਿਤਿ ਮੰਜ ਅੰਘ੍ਰਿ ਸਰੋਜ
ਗੋਬਿੰਦ ਨਾਨਕ ਕੋ ਸਬੈ ਧਯਾਵੈਂ ਜਿਨ੍ਹੈ ਜਿਤ ਓਜ। ੧੬।
ਸੋਰਠਾ— ਤਿਨੈ ਧਯਾਯ ਕੁਵਰੇਸ਼, ਏਕ ਗ੍ਰੰਥ ਬਰਨਨ ਕਰਤ
ਹੋਵੈ ਜਾਤੇ ਬੇਸ, ਸੁਕਵਿਨ ਦੂਖ ਨ ਦੈ ਸਕੈ। ੧੭।

## ਕਵਿ ਕੁਲ ਬਰਨਨ

ਦੋਹਰਾ— ਦਸ ਘਰ ਕਸ਼ਯਪ ਬੰਸ ਕੇ, ਜਾਨਤ ਦਿਜ ਸੁ ਗਯਾਨ
ਤਿਨ ਮੈਂ ਇਕ ਮਨੋਹ ਘਰ, ਕਵਿ ਕੁਵਰੇਸ਼ ਸੁਜਾਨ। ੧੮।
ਕਬਿਤ— ਜੌਨੇ ਠੌਰ ਤੇ ਕਹਤ ਨਵ ਕੋਸ ਗੰਗਾ ਜੂਕੋ
ਚਾਰ ਕੋਸ ਜਹਾਂ ਤੇ ਗਨਤ ਰਵਿ ਤਨਯਾ
ਅੱਸੀ ਕੋਸ ਆਗਰੋ ਪਚਾਸ ਕੋਸ ਹੈ ਪ੍ਰਯਾਗ
ਜਾ ਮੈਂ ਅਖਯ ਬਟਿ ਜਾਂਕੀ ਤੀਨ ਠੌਰ ਕਨਯਾ
ਜਹਾਂ ਕੇ ਨਿਵਾਸੀ ਦੇਵਤ ਈ ਹੂੰ ਤੇ ਨੇਰੇ
...... ਯਾਤੇ ਬਾਤ ਅਈ ਮਨਯਾ
ਤੌਨੇ ਠੌਰ ਕਵਿ ਕੁਵਰੇਸ਼ ਕੋ ਨਿਵਾਸੁ 'ਬਰੀ'
ਗਾਂਵ ਮੈਂ ਪ੍ਰਗਾਸ ਕੇਰਾ ਕੋ ਹੈ ਪ੍ਰਗਨਯਾ। ੧੯।
ਦੋਹਰਾ— ਸੰਬਤ ਸਤ੍ਰਹ ਸੈ ਅਧਿਕ, ਬਾਵਨ ਬੀਤੇ ਔਰ
ਤਾਂ ਮੈਂ ਯਹ ਕੁਵਰੇਸ਼ ਕਵਿ, ਕੀਯੋ ਗ੍ਰੰਥ ਕੋ ਡੌਰ। ੨੦।
ਨਿਜ ਮਤਿ ਕੇ ਅਨੁਸਾਰ ਤਿਹ, ਕੀਯੋ ਗ੍ਰੰਥ ਅਰੰਭੁ
ਗੁਰ ਕੋ ਸੀਸ ਨਿਵਾਇਕੈ, ਜਾਨ ਦੇਵਤਾ ਸੰਭੁ। ੨੧।
ਸੋਰਠਾ— ਗੁਰ ਗੋਬਿੰਦ ਕੇ ਦ੍ਵਾਰ, ਸਦਾ ਰਹੈ ਕੁਵਰੇਸ਼ ਕਵਿ
ਯਾਂਤੇ ਗ੍ਰੰਥ ਉਦਾਰ, ਕੀਅਬੇ ਕੀ ਪਾਈ ਸ਼ਕਤਿ। ੨੨।
ਇਤਿ ਪ੍ਰਥਮ ਅਧਯਾਯ!। ੧।



Digitized by Panjab Digital Library | www.panjabdigilib.org

## (੧੯) ਟਹਿਕਨ ਦਾਸ

ਟਹਿਕਨ ਕਵੀ ਜਲਾਲਪੁਰ ਜ਼ਿਲਾ ਗੁਜਰਾਤ ਵਾਲੇ ਦਾ ਰਹਿਣ ਵਾਲਾ ਚੋਪੜਾ ਖਤਰੀ ਤੇ ਰੰਗੀਲਦਾਸ ਦਾ ਪੁੱਤਰ ਸੀ । ਇਸ ਨੇ 'ਅਸ੍ਵਮੇਧ ਪਰਬ' ਦਾ ਭਾਖਾ-ਅਨੁਵਾਦ ਕੀਤਾ । ਚੰਗਾ ਪੜ੍ਹਿਆ ਲਿਖਿਆ ਤੇ ਸਾਹਿਤਕ ਸ਼ੌਕ ਰਖਣ ਵਾਲਾ ਆਦਮੀ ਸੀ ਪਰ ਜੀਵਨ ਦੀਆਂ ਲੋੜਾਂ ਨੂੰ ਮੁੱਖ ਰਖ ਕੇ ਫੌਜ ਵਿਚ ਭਰਤੀ ਹੋ ਗਿਆ । ਉਥੇ ਹੀ ਇਸ ਨੇ ਹਾੜ ਵਦੀ ਤ੍ਰੌਦਸੀ, ਦਿਨ ਬੁਧਵਾਰ 1726 ਬਿ. ਨੂੰ ਅਸ਼ਵਮੇਧ ਪਰਬ ਦਾ ਛੰਦਾਨੁਵਾਦ ਸੰਪੂਰਣ ਕੀਤਾ ।* ਇਸ ਦੇ ਕੁਲ 73 ਅਧਿਆ ਹਨ । ਇਕ ਵਾਰ ਮਹਾਰਾਜਾ ਹੀਰਾ ਸਿੰਘ ਨਾਭਾ ਦੀ ਪ੍ਰੇਰਨਾ ਤੇ ਉੱਦਮ ਨਾਲ 'ਜੈਮਨੀ ਅਸ੍ਵਮੇਧ' ਨਾਂ ਹੇਠ 1898 ਈ. ਵਿਚ ਲਿਥੋ ਪ੍ਰੈਸ ਦੁਆਰਾ ਛਾਪਿਆ ਵੀ ਗਿਆ ਸੀ, ਛਪੇ ਗ੍ਰੰਥ ਦੇ ਪੰਨੇ 984 ਹਨ ।

ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਂਭਾਰਤ ਦੇ ਅਨੁਵਾਦ ਦੀ ਯੋਜਨਾ ਬਣਾਈ ਤਾਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਕਵੀ ਦੇ ਇਸ ਅਨੁਵਾਦ ਨੂੰ ਅਪਣੀ ਵਿਉਂਤ ਵਿਚ ਸ਼ਾਮਲ ਕਰ ਲਿਆ । ਇਹ ਵੀ ਹੋ ਸਕਦਾ ਹੈ ਕਿ ਟਹਿਕਨ ਨੇ ਖੁਦ ਇਹ ਗ੍ਰੰਥ ਅਨੰਦਪੁਰ ਪੇਸ਼ ਕੀਤਾ ਹੋਵੇ । ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ (5025, 5026, 5027, ਤਿੰਨ ਜਿਲਦਾਂ ਵਿਚ ਵੰਡਿਆ) ਇਕ ਗ੍ਰੰਥ ਪਿਆ ਹੈ ਜੋ ਕਿ ਗੁਰੂ ਜੀ ਦੇ ਦਰਬਾਰੀ ਲਿਖਾਰੀ ਬਾਲਗੋਬਿੰਦ ਫਤਹਿ ਚੰਦ ਦਾ 1753 ਬਿਕ੍ਰਮੀ ਦਾ ਲਿਖਿਆ ਹੋਇਆ ਹੈ । ਇਸ ਵਿਚ ਹਨੂਮਾਨ ਨਾਟਕ, ਸਾਮੁਦ੍ਰਿਕ ਭਾਖਾ (5025), ਟਹਿਕਨ ਕ੍ਰਿਤ ਅਸ੍ਵਮੇਧ ਪਰਬ (ਨੰ: 5026) ਤੇ ਸੂਰ ਸਾਗਰ (ਨੰ 5027) ਸ਼ਾਮਿਲ ਹੈ । ਲਿਖਤ ਟਕਸਾਲੀ ਤੇ ਬਹੁਤ ਹੀ ਸੁੰਦਰ ਹੈ । ਚੂੰਕਿ 1753 ਬਿ. ਵਿਚ ਗੁਰੂ ਸਾਹਿਬ ਦੂਜੇ ਪਰਬਾਂ ਦਾ ਅਨੁਵਾਦ ਵੀ ਲਗਭਗ ਮੁਕੰਮਲ ਕਰਾ ਚੁਕੇ ਸਨ ਤੇ ਇਸੇ ਸਮੇਂ ਟਹਿਕਨ ਵਾਲੇ ਪਰਬ ਦਾ ਉਤਾਰਾ ਕਰਾਇਆ ਗਿਆ ।

---

*ਸੰਮਤਸਰ ਦਸ ਸਪਤ ਸ਼ਤਿ, ਅਧਿਕ ਬਰਖ ਖਟ ਬੀਸ
ਥਿਤਿ ਤਰੌਦਸਿ ਅਸਾਢ ਵਦਿ, ਬੁਧਿ ਬਾਸਰ ਸ਼ੁਭ ਦੀਸ । ੨੦ ।

... ... ... ...

ਟਹਿਕਨ ਕਵਿ ਜਲਾਲਪੁਰ ਵਾਸੀ । ਛਤ੍ਰਿ ਧਰਮ ਨੰਦ ਲਾਲ ਉਪਾਸੀ
ਪਿਤਾ ਰੰਗੀਲ ਦਾਸ ਜਿਹ ਨਾਮਾ । ਗਿਆਤ ਚੋਪਰਾ ਕੁਲ ਅਭਿਰਾਮਾ । ੧੧੪ ।
ਸਮੈ ਪਾਇ ਕਵਿ ਗਯੋ ਸਿਪਾਹੀ, ਹੈ ਕ੍ਰਿਤ ਭਾਖਾ ਕਰੀ ਤਹਾਂ ਹੀ
ਪ੍ਰਿਥਮ ਸੰਸਕ੍ਰਿਤ ਸੋ ਸੁਨ ਲੀਨੀ, ਤਾਂ ਪਾਛੇ ਭਾਖਾ ਬਰ ਕੀਨੀ । ੧੧੫ [ਅਸ੍ਵਮੇਧ



Digitized by Panjab Digital Library | www.panjabdigilib.org

ਜੈਸਾ ਕਿ ਅਸੀਂ ਪਹਿਲੇ ਕਹਿ ਚੁਕੇ ਹਾਂ ਕਿ ਇਹ ਗ੍ਰੰਥ 1726 ਬਿ. ਵਿਚ ਰਚਿਆ ਗਿਆ ਸੀ, ਇਸ ਕਰਕੇ ਇਸ ਵਿਚ ਗੁਰੂ ਸਾਹਿਬ ਦੀ ਪ੍ਰੇਰਨਾ ਯਾ ਉਸਤਤਿ ਦਾ ਸੰਕੇਤ ਨਹੀਂ। ਹਾਂ, ਦਰਬਾਰੀ ਕਵੀਆਂ ਦੀ ਸੂਚੀ ਵਿਚ ਇਸ ਕਵੀ ਦਾ ਨਾਮ ਜ਼ਰੂਰ ਮਿਲਦਾ ਹੈ। ਸੰਭਵ ਹੈ, ਵੱਡੀ ਉਮਰ ਵਿਚ ਇਹ ਗੁਰੂ ਸਾਹਿਬ ਪਾਸ ਰਿਹਾ ਹੋਵੇ ਤੇ ਇਸ ਆਪਣਾ ਗ੍ਰੰਥ ਭੇਟ ਕੀਤਾ ਹੋਵੇ।

ਟਹਿਕਨ ਦੀ ਇਕ ਹੋਰ ਰਚਨਾ 'ਰਤਨਦਾਮ' ਹੈ ਜੋ ਕਿ ਅਮਰ ਕੋਸ਼ ਦਾ ਭਾਖਾਨੁਵਾਦ ਹੈ। ਇਸ ਦੇ 28 ਅਠਾਈ ਪ੍ਰਭਾਵ ਤੇ 1426 ਛੰਦ ਹਨ। ਇਕ ਖਰੜੇ ਵਿਚ 1420 ਛੰਦ ਹਨ। ਇਸ ਕੋਸ਼ ਵਿਚ ਇਕ ਦੋ ਥਾਂ ਗੁਰੂ ਕ੍ਰਿਪਾਲਤਾ ਦੇ ਸੰਕੇਤ ਹਨ, ਜਿਵੇਂ ਕਿ —

ਬੰਦਨ ਰਕਤੰ ਕਹਤ ਹੈਂ, ਸੇਂਧੁਰ ਕੋ ਕਵਿ ਰਾਇ
ਟਹਿਕਨ ਸ੍ਰੀ ਗੁਰ ਕ੍ਰਿਪਾ ਤੇ, ਬਰਨਤ ਹੌਂ ਯੁਗ ਪਾਇ। ੯੫੪।
ਯਾ ਭੋਜਨ ਯਗਨ ਅਹਾਰ ਫੁਨ, ਜੇਮਨ ਲੇਪ ਸੁਭਾਇ
ਟਹਿਕਨ ਸ੍ਰੀ ਗੁਰਮ ਯਾ ਤੇ, ਵਰਨਤ ਹੌਂ ਸੁਖ ਪਾਇ।' ੧੦੭੬।

ਪਰ ਇਸ ਤੋਂ ਪੱਕਾ ਨਿਸਚਾ ਨਹੀਂ ਕੀਤਾ ਜਾ ਸਕਦਾ ਕਿ ਇਹ ਸੰਕੇਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲ ਹੀ ਹਨ।

ਕੋਸ਼ ਦੇ ਅਰੰਭ ਵਿਚ ਕਵੀ ਲਿਖਦਾ ਹੈ :—

ਜਗਜੀਵਨ ਤ੍ਰੈ ਲੋਕ ਪਤਿ, ਭਵਨ ਚਤੁਰ ਦਸ ਈਸ
'ਟਹਿਕਨ' ਦੀਜੈ ਭਗਤਿ ਵਰ, ਚਰਨ ਕਮਲ ਰਜ ਸੀਸ। ੪।

ਅਤਿ ਅਗਾਧ ਗੁਨ ਨਿਧ ਕਠਿਨ, ਅਰਥ ਸੁ ਅਗਮ ਅਪਾਰ
'ਅਮਰ ਕੋਸ਼' ਭਾਖਾ ਕਰੋਂ, ਪੂਰਨ ਕਰਿ ਕਰਤਾਰ। ੫।

ਨਮੋ ਕਾਲਿਕਾ ਸਰਸ੍ਵਤੀ, ਰਸਨਾ ਕਰਹੁ ਨਿਵਾਸ
ਰਚੋਂ ਗ੍ਰੰਥ ਤੁਮ ਕ੍ਰਿਪਾ ਤੇ, ਕਵਿ ਨ ਕਰਹਿਂ ਉਪਹਾਸ। ੬।

ਜੋ ਬਿਦ੍ਵਾਨ ਕਹੀ ਪ੍ਰਿਥਮ, ਸੁਨੀ ਕਛੂਕ ਦੈ ਕਾਨ
ਅਲਪ ਬੁਧਿ ਟਹਿਕਨ ਕਰੀ, 'ਰਤਨ ਦਾਮ' ਰੁਚਿ ਮਾਨ। ੭।

ਸੁਰਭਾਖਾ ਨਹਿਂ ਕਹਿ ਸਕਤ, ਸਮਝਿਓ ਚਾਹਤ ਨਾਮ
ਤਿਨ ਕੇ ਹਿਤ ਟਹਿਕਨ ਸੁਕਬਿ, ਰਚਿ ਬਾਨੀ ਅਭਿਰਾਮ। ੮।

ਇਸੇ ਤਰ੍ਹਾਂ ਅੰਤ ਵਿਚ ਲਿਖਿਆ ਹੈ—

ਉਚਰਹੁ ਜਥਾ ਬੁਧਿ ਅਨੁਸਰੀ, ਰਤਨਦਾਮ ਪੋਥੀ ਸ਼ੁਭ ਕਰੀ
ਬੀਨ ਬੀਨ ਗ੍ਰੰਥਨ ਤੇ ਕਾਢੀ, ਪੜ੍ਹਤ ਸੁਨਤ ਚਿਤ ਮਹਿ ਰੁਚਿ ਬਾਢੀ।



Digitized by Panjab Digital Library | www.panjabdigilib.org

ਅਰਥ ਅਨੇਕ ਭਾਂਤ ਦਿਖਰਾਯੋ, ਸ੍ਰੁਤਿ ਸ਼ਾਸਤ੍ਰ ਕੋ ਮਤ ਠਹਿਰਾਯੋ
ਜਿ ਕਿਛੁ ਪ੍ਰਗਟ ਤ੍ਰਿਲੋਕ ਮਾਂਹਿ ਸਬ, ਕਹਯੋ ਨਾਮ ਜਹਿ ਲੈ ਜਾਨਯੋ ਕਵਿ
ਜੋਤਿਕ, ਵੈਦਯਕ, ਸ਼ਾਸਤ੍ਰ, ਸਿਮ੍ਰਿਤਿ, ਟਹਿਕਨ ਵਰਨਨ ਕਿਯੋ ਯਥਾਮਤਿ
।੧੪੧੭।

ਦੋਹਰਾ—'ਰਤਨਦਾਮ' ਗ੍ਰਨਿ ਜਨ ਪਢਹੁ, ਸਕਲ ਅਰਥ ਕੋ ਧਾਮ
ਟਹਿਕਨ ਕੰਠ ਕਰਹੁ ਸੁਕਵਿ, ਗੁਣ ਨਿਧਿ ਮਤਿ ਅਭਿਰਾਮ ।੧੪੧੮।

ਅਮਰ ਕੋਸ਼ ਸੰਸਕ੍ਰਿਤ ਦਾ ਵੱਡਾ ਕੋਸ਼ ਹੈ, ਕਵੀ ਨੇ ਇਸ ਨੂੰ ਹਿੰਦੀ ਵਿਚ ਅਨੁਵਾਦ ਕੇ ਸੰਸਕ੍ਰਿਤ ਨ ਜਾਣਨ ਵਾਲਿਆਂ ਲਈ ਇਕ ਅਤਿਅੰਤ ਲਾਹੇ ਦਾ ਕੰਮ ਕੀਤਾ। ਭਾਈ ਸੰਤੋਖ ਸਿੰਘ ਜੀ ਨੇ ਵੀ 1821 ਈ: ਵਿਚ ਬੂੜੀਏ ਰਹਿੰਦਿਆਂ ਇਸ ਦਾ ਤਰਜਮਾ ਕੀਤਾ ਸੀ, ਇਕ ਗੋਕੁਲ ਨਾਥ ਕਵੀ ਦਾ ਰਚਿਆ (1813 ਈ,) 'ਅਮਰ ਕੋਸ਼ ਭਾਖ਼ਾ' ਵੀ ਮਿਲਦਾ ਹੈ ਪਰ ਇਹ ਪਿਛੋਂ ਦੀਆਂ ਰਚਨਾਵਾਂ ਹਨ। ਕਵੀ ਦੀ ਨਿੰਮ੍ਰਤਾ ਦੇਖੋ —

ਜੈਸੇ ਕੋਊ ਅੰਭ ਬੀਚ ਦੇਖ ਸੀਸ ਪ੍ਰਤਿਬਿੰਬ
ਨੀਚੇ ਕਰੇ ਕਰ ਮੂਢ ਤਾਂ ਕੇ ਪਕਰਨ ਕੋ
ਜੈਸੇ ਕੋਊ ਪਿੰਗੁ ਨਰ ਤੁੰਗ ਗਿਰਿ ਚਢਬੇ ਕੋ
ਉਦਿਤ ਭਯੋ ਹੈ ਮਨ, ਆਨੰਦ ਕਰਨ ਕੋ

ਜੈਸੇ ਕੋਊ ਬਾਰਧਿ ਭੁਜਨ ਬਲ ਪੈ ਕੋ ਚਾਹੈ
ਜੈਸੇ ਮਹਾਂ ਮੂੜ੍ਹ ਪਢਿਓ ਚਾਹੈ ਵਿਆਕਰਨ ਕੋ
'ਟਹਿਕਨ' ਅਲਪ ਮਤਿ, ਅਮਰ ਕੀ ਭਾਖਾ ਠਟੀ
ਕੀਜੈ ਕ੍ਰਿਪਾ ਕਾਲੀ, ਮਤਿਮੰਦ ਕੇ ਬਰਨ ਕੋ।੯।

ਇਹ ਕੋਸ਼ ਅਜੇ ਤਕ ਪ੍ਰਕਾਸ਼ਤ ਨਹੀਂ ਹੋਇਆ। ਇਸ ਦਾ ਖਰੜਾ ਸੈਂਟ੍ਰਲ ਪਬਲਿਕ ਲਾਇਬਰੇਰੀ ਪਟਿਆਲਾ ਵਿਚ 2421 ਨੰ: ਤੇ ਸੁਰੱਖਿਅਤ ਹੈ। ਇਸ ਤੋਂ ਬਿਨਾਂ ਹੋਰ ਵੀ ਨਕਲਾਂ ਮਿਲਦੀਆਂ ਹਨ।

**ਫੁਟਕਲ ਛੰਦ —**

ਦੀਨਬੰਧੁ ਦਯਾਸਿੰਧੁ ਆਰਤ ਹਰਤ ਭਾਰੀ
ਦ੍ਰੋਪਦੀ ਉਬਾਰੀ ਤੈਸੇ ਮੋਹੁ ਕੋ ਉਬਾਰ ਲੈ।
ਗਨਿਕਾ ਉਧਾਰੀ ਗਜ ਸੰਕਟ ਨਿਵਾਰੀ
ਪ੍ਰਹਿਲਾਦ ਹਿਤਕਾਰੀ ਭਵ ਸਾਗਰ ਉਤਾਰ ਲੈ।

ਗੋਤਮ ਤੀਆ ਤਾਰੀ ਚਰਣਾਂਬੁਜ ਰਜ ਧਾਰੀ
ਗੋ ਬ੍ਰਾਹਮਣ ਹਿਤਕਾਰੀ ਦੁਖ ਦਾਰਿਦ ਨਿਵਾਰ ਲੈ।



Digitized by Panjab Digital Library | www.panjabdigilib.org

'ਟਹਿਕਨ' ਪ੍ਰਭੁ ਨੰਦ ਲਾਲ ਦੀਨਦਯਾਲ ਭਗਤ ਪਾਲ
ਕਰਣ ਕ੍ਰਿਪਾਲ ਲਾਲ ਬਿਰਦ ਕੋ ਸਮਾਰ ਲੈ । ੧ ।

ਕੈਸੇ ਤੁਮ ਗਨਿਕਾ ਕੇ ਗੁਨ ਨ ਬਿਚਾਰੇ ਨਾਥ
ਕੈਸੇ ਤੁਮ ਭੀਲਨੀ ਕੇ ਜੂਠੇ ਫਲ ਖਾਏ ਹੈਂ
ਕੈਸੇ ਦੁਆਰਕਾ ਮਹਿ ਟੇਰ ਸੁਨੀ ਤੁਮ ਦ੍ਰੋਪਦੀ ਕੀ
ਕੈਸੇ ਤੁਮ ਹਾਥੀ ਕਾਜ ਨਾਂਗੇ ਪਾਉਂ ਧਾਇ ਹੈਂ

ਕੈਸੇ ਤੁਮ ਪੈਦਲ ਪੈ ਪ੍ਰਣ ਰਾਖਿਓ ਭੀਖਮ ਕੋ
ਕੈਸੇ ਤੁਮ ਸਭੈ ਰਾਜਾ ਬੰਦਿ ਤੇ ਛੁਡਾਏ ਹੈਂ

ਮੇਰੀ ਬੇਰ ਕੌਨ ਦੇਰ ਕੌਨ ਬਿਧਿ ਬੈਠ ਰਹੇ
ਦੀਨਬੰਧੁ ਦੀਨਾਨਾਥ ਕਾਹੇ ਤੇ ਕਹਾਏ ਹੈਂ । ੨ ।

**ਪੰਜਾਬੀ—** ਰਾਗ ਤਿਲੰਗ ਕਾਫ਼ੀ ।

ਇਕੋ ਵਿਹੜਾ ਇਕੋ ਰਾਹੁ, ਮਿਲਨੇ ਦਾ ਲਗੇ ਨਹੀਂ ਦਾਉ
ਨੇੜੇ ਦਾ ਸਨੇਹਾ ਮੈਨੂੰ ਸੋਨੇ ਵਾਂਗੂ ਗਾਲਦਾ । ੧ । ਰਹਾਉ

ਮੰਦੀਆਂ ਗਵਾਂਢਣੀ ਕੋਈ ਆਵਹਿ ਨਹੀਂ ਗਾਂਢਣੀ
ਆਖ ਕੇ ਸੁਣਾਈ ਕੈਨੂੰ ਭੇਤੀ ਨਹੀਂ ਹਾਲ ਦਾ
ਟਹਿਕਨ ਬਿਹਾਰੀ ਹਾਰੀ, ਜਿੰਦ ਜਾਨ ਮੈਂ ਤੈਥੋਂ ਵਾਰੀ
ਘਿੰਨਕੇ ਗਇਆ ਸੀ ਕੋਈ ਖਿਆਲੁ ਪਿਆਰੇ ਲਾਲ ਦਾ ।

ਰਾਗ ਜੈਜਾਵੰਤੀ ।

ਲੂੰ ਲੂੰ ਵਿਚ ਵਸਦੀ ਹੈ ਅੱਖੀਂ ਨਾਹੀਂ ਦਿਸਦੀ ਹੈ
ਚੁਖ ਨ ਦਿਖਾਲੀ ਨੀ ਮੈਂ ਅੰਗ ਅੰਗ ਸੀਤੀ ਹੈ । ਰਹਾਉ । ੧ ।

ਪੁਛਣ ਸਹੇਲੀਆਂ ਨੀ ਹੋਇਕੈ ਇਕੇਲੀਆਂ
ਆਖਿ ਦੇਖਾਂ ਵੇਦਨ ਤੈਨੂੰ ਬਣੀ ਹੈ ਕਿ ਬੀਤੀ ਹੈ ।

ਆਖਾਂ ਕੀ ਸਹੇਲੀਹੋ ਨੀ ਆਖਣ ਦੀ ਗੱਲ ਤੈਨੂੰ
ਬੈਣਾਂ ਵਿਚ ਆਵਹਿ ਨਾਹੀਂ, ਨੈਣਾਂ ਲਖ ਲੀਤੀ ਹੈ ।

'ਟਹਿਕਨ' ਬਿਹਾਰੀ ਆਵੈ, ਵਿਛੋੜੇ ਦੀ ਪੀੜ ਪਾਵੈ
ਨੇਹੁ ਦੀ ਅਨੋਖੀ ਗਾਲ, ਜਾਣੈ ਜੈ ਸਹੀਤੀ ਹੈ ।



Digitized by Panjab Digital Library | www.panjabdigilib.org

### ਰਾਗ ਬਿਲਾਵਲ।

ਸੁਨਿ ਰੀ ਸਹੇਲੀ ਗਲ ਹੋਇਕੇ ਇਕੇਲੀ
ਮੇਰਾ ਗੋਕੁਲ ਦਾ ਬੇਲੀ ਤੇਰਾ ਮੇਲੀ ਕਰ ਦੇਨੀ ਹਾਂ
ਜੈਨੂੰ ਬ੍ਰਿਜ ਨਾਰੀਆਂ ਝਾਕਦੀਆਂ ਨੀ ਵਾਰੋ ਵਾਰੀ
ਤੇਰੇ ਕਾਰਣ ਰਾਤ੍ਰਿ ਦਿਹੇਂ ਮਿੰਨਤ ਕਰੇਨੀ ਹਾਂ
ਦੋਵੇਂ ਤੁਸੀਂ ਹੋ ਸਿਆਣੇ, ਲੋੜਹੁ ਮਨ ਦੇ ਭਾਣੇ
ਮਾਣਾ ਤੂੰ ਮਾਣੇਨੀ ਵਿਚ ਤਾਣਾ ਮੈਂ ਤਣੇਨੀ ਹਾਂ
'ਟਹਿਕਨ' ਬਿਹਾਰੀ ਲਾਲ ਜੋਬਨ ਗੁਮਾਨ ਭਰਿਓ,
ਭਿਜਣ ਦਾ ਨਾਹੀਂ ਕਿਤੈ ਭਾਵੇ ਨਾਲ ਭੇਂਨੀ ਹਾਂ। [ਤੁਤਦ ਸਲੋਕ ਵਿਚੋਂ

## (੨੦) ਚੰਦ

ਚੰਦ ਸੁਰਣਕਾਰ, ਦਰਬਾਰੀ ਕਵੀ ਸੀ ਜਿਸ ਪਹਿਲੇ ਕਰਣ ਪਰਬ ਤੇ ਫਿਰ ਉਦਯੋਗ ਪਰਵ ਦਾ ਭਾਖਾਨੁਵਾਦ ਕੀਤਾ। ਕਰਣ ਦਾ ਤਰਜਮਾ ਹੰਸਰਾਮ ਨੇ ਵੀ ਕੀਤਾ ਸੀ, ਸੰਭਵ ਹੈ ਉਹ ਚੰਦ ਨਾਲੋਂ ਚੰਗੇਰਾ ਹੋਵੇ, ਇਸ ਕਰ ਕੇ ਉਹੋ ਸ਼ਾਮਲ ਕੀਤਾ ਗਿਆ ਤੇ ਚੰਦ ਦਾ ਉਦਮ ਪਰਬ ਪਰਵਾਨ ਕੀਤਾ ਗਿਆ। ਇਸ ਦਾ ਖਰੜਾ ਮੋਤੀਬਾਗ ਲਇਬ੍ਰੇਰੀ ਵਿਚ ਪਿਆ ਹੈ।

ਕਵੀ ਲਿਖਦਾ ਹੈ —

'ਪ੍ਰਿਥਮ ਕਰਣ ਕੀ ਸੰਸਕ੍ਰਿਤ, ਗੁਰਮੁਖਿ ਹਿਤ ਚਿਤ ਲਾਇ
ਤਿੰਹ ਪਾਛੇ ਉਦਮ ਪਰਬ, ਰਖਯੋ ਸੁ ਚੰਦ ਬਨਾਇ। ੧੦।

ਇਕ ਚੰਦ ਕਵੀ ਦਿਲੀ ਦਾ ਰਹਿਣ ਵਾਲਾ ਕਪੂਰ ਚੰਦ ਤ੍ਰਿਖਾ ਬ੍ਰਾਹਮਣ ਸੀ ਜਿਸ 1703 ਬਿ. ਵਿਚ 'ਰਾਮਾਇਣ ਨਾਟਕ' ਲਿਖਿਆ। ਪਰ ਇਹ ਚੰਦ ਕਵੀ ਸੁਨਿਆਰ ਸੀ। ਇਸ ਦੇ ਗੁਰਮਹਿਮਾ ਦੇ ਫੁਟਕਲ ਛੰਦ ਮਿਲਦੇ ਹਨ ਤੇ ਇਨ੍ਹਾਂ ਤੋਂ ਬਿਨਾਂ ਇਸ ਦੋ ਚੀਜ਼ਾਂ ਹੋਰ ਲਿਖੀਆਂ — ਪ੍ਰੀਛਾ ਗੁਰੂ ਗੋਬਿੰਦ ਸਿੰਘ ਤੇ ਤ੍ਰਿਜਾ ਚਰਿਤ੍ਰ।

ਗੁਰੂ-ਮਹਿਮਾ ਦੇ ਛੰਦ ਵੱਖੋ ਵੱਖ ਹੱਥਲਿਖ਼ਤਾਂ ਵਿਚੋਂ ਲਏ ਗਏ ਹਨ, ਜੋ ਇਸ ਪਰਕਾਰ ਹਨ —

ਕਬਿੱਤ—ਕਲਿ ਮੇਂ ਹੈ ਏਕੁ ਮਰਦ ਨਾਨਕ ਹੈ ਨਾਮ ਜਾਂਕੋ
ਤਾਂਤੇ ਭਏ ਆਠ ਮਹਿਲ ਨਾਵਾਂ ਕਹਾਇਓ ਹੈ
ਤਾਂਤੇ ਗੁਰ ਗੋਬਿੰਦ ਸਿੰਘ ਕਾਲਕਾ ਮਨਾਈ ਜੋਈ
ਕਾਲ ਗਾਈ ਮਹਲ ਦਸਵਾਂ ਕਹਾਇਓ ਹੈ



Digitized by Panjab Digital Library | www.panjabdigilib.org

ਅਠੱਤ੍ਰਨ ਮੈਂ ਜਨਮਿਓ ਪੁਨ ਬੀਤਿਓ ਸਤਾਵਨ ਮੈਂ
ਖੜਗ ਬਾਂਧਿ ਉਠਿਓ ਜਾਇ ਪਾਉਂਟਾ ਬਸਾਇਓ ਹੈ
ਸਤਿਗੁਰ ਬਚਨ ਹੈ ਸਾਰੁ ਮਰਦ ਚੇਲੇ ਕਉ ਵਿਚਾਰ
ਗੋਬਿੰਦ ਕ੍ਰਿਪਾ ਤੇ ਦਾਸ 'ਚੰਦ ਕਹਿ ਸੁਨਾਇਓ ਹੈ ।

**ਛਪੈ ਛੰਦ**— ਗੁਰ ਨਾਨਕ ਅੰਗਦ ਅਮਰ ਰਾਮਦਾਸ ਗੁਰ ਅਰਜਨ ਧਾਰਿਓ
ਗੁਰ ਹਰਿਗੋਬਿੰਦ ਹਰਿਰਾਇ, ਗੁਰੂ ਹਰਿਕ੍ਰਿਸ਼ਨ ਬੀਚਾਰਿਓ
ਗੁਰੂ ਤੇਗ ਬਹਾਦਰ ਭਇਓ, ਨਾਮ ਜਿਨ ਇਕ ਮਨ ਲੀਨੋ
ਸ਼ਬਦ ਗੁਰੂ ਉਪਦੇਸ, ਦਾਨ ਸੰਗਤਿ ਕਉ ਦੀਨੋ ।
ਕਲਾ ਧਾਰਿ ਗੁਰ ਗੁਬਿੰਦ ਸਿੰਘ, ਪਰਗਟ ਭਈ ਕਲਿ ਮੈਂ ਸਿੱਖੀ
ਜੈਕਾਰ ਭਇਓ ਤ੍ਰੈਇ ਲੋਕ ਮੈਂ, ਬਿਰਦ ਪੈਜ ਸਤਿਗੁਰ ਰੱਖੀ ।

[ਸ਼ਬਦ ਸਲੋਕ ਵਿਚੋਂ

## ਅਨੰਗ ਸ਼ੇਖਰ ਛੰਦ

ਬਜੇ ਨਿਸ਼ਾਨ ਜੰਗ ਕੇ ਭਜੇ ਸੁ ਭੂਪ ਲੋਕ ਕੇ
ਹਨੂ ਦੁਜਾਟਿ ਅੰਤ੍ਰ ਕੇ ਧਰੇ ਨ ਧੀਰ ਇੰਦ ਜੀ
ਮਹੀ ਚਲੀ ਤਲਾ ਤਲੈ ਸੁਮੇਰੁ ਪਾਤ ਸੇ ਹਲੈ
ਬਰਾਹ ਦਾੜ੍ਹ ਕੋ ਮਲੈ ਭਗਜੇ ਫਿਰੇ ਫਨਿੰਦ ਜੀ
ਤਜੈ ਮਹੇਸ਼ ਧਯਾਨ ਕੋ ਨ ਤੇਜ ਸੂਰ ਭਾਨ ਕੋ
ਨ ਰੰਗ ਅਸਮਾਨ ਕੋ ਦਸੋ ਦਿਸ਼ਾ ਗਇੰਦ ਜੀ
ਪਰੈ ਪੁਕਾਰ ਆਨ ਕੈ ਚਲੈ ਚਮੂੰ ਸਮਾਨ ਕੈ
ਬਚੇ ਸੁ ਕੌਨ ਠਾਨ ਕੈ ਚਢਹਿ ਗੁਰੂ ਗੋਬਿੰਦ ਜੀ ।

ਨਿਸ਼ਾਨ ਜੰਗ ਬਾਜਹੀ ਗੁਰੂ ਗੋਬਿੰਦ ਸਾਜ ਹੀ
ਸੁਨਹਿ ਗਨੀਮ ਭਾਜ ਹੀ ਪੜੈ ਪੁਕਾਰ ਹਿੰਦ ਜੀ
ਮਹੇਸ਼ ਧਯਾਨ ਚੂਕਈ ਦਿਨੇਸ਼ ਤੇਜ ਸੂਕਈ
ਪਯਾਲ ਸ਼ੇਸ਼ ਲੂਕਈ ਧਰੇ ਨ ਧੀਰ ਇੰਦ ਜੀ
ਚਮੂੰ ਗਨੀਮ ਕੀ ਨਸੈ ਮਹੀ ਪਯਾਲ ਕੋ ਧਸੈ
ਸੁ ਦੇਖ ਕਾਲਕਾ ਹਸੈ ਹਨ ਦੁਰਇ ਜਿੰਦ ਜੀ
ਨਿਰੀਖਕੈ ਨਿਦਾਨ ਕੋ ਗਹੇ ਕਮਾਨ ਬਾਨ ਕੋ
ਧਰੈ ਨ ਧੀਰ ਆਨ ਕੋ ਚਢਹਿ ਗੁਰੂ ਗੋਬਿੰਦ ਜੀ ।

**ਕਬਿੱਤ**—ਰਾਘਵ ਦਯਾ ਤੇ ਦੇਖੋ ਪਾਈ ਹੈ ਬਡਾਈ ਭ੍ਰਾਤ
ਲਛਮਨ ਕਸਤੇ ਕੋ ਜਤ ਕੀ ਲੰਗੋਟੀ ਹੈ



Digitized by Panjab Digital Library | www.panjabdigilib.org

ਸੀਤਾ ਜੀ ਕੇ ਕਸਬੇ ਕੋ ਅਗਨਿ ਕੁੰਡ ਕਿਯੋ ਰਾਮ
ਹਨੂਮਾਨ ਕਸਬੇ ਕੋ ਕਟਿ ਕੀ ਕਛੋਟੀ ਹੈ
ਬਾਮ੍ਹਨ ਕੇ ਕਸਬੇ ਕੋ ਤੰਦੁਲ ਚਬਾਏ ਸ਼ਯਾਮ
ਦਾਰਿਦ ਮਿਟਾਯੋ ਸਭ ਕੀਨੀ ਦਸ਼ਾ ਮੋਟੀ ਹੈ
ਸਤਿਗੁਰੁ ਗੁਬਿੰਦ ! 'ਚੰਦ' ਦੇਖਤ ਬਜਾਇ ਲੋਕ
ਸਿਖਨ ਕੇ ਕਸਬੇ ਕੋ, ਆਯਸੁ ਕਸਉਟੀ ਹੈ ।

**ਪਦੇ**— ਆਪੇ ਮੇਲਿ ਲਈ ਜੀ ਸੁੰਦਰ ਸੋਭਾਵੰਤੀ ਨਾਰੀ
ਕਰਿ ਕ੍ਰਿਪਾ ਸਤਿਗੁਰੂ ਮਨਾਇਆ, ਲਾਗੀ ਸਹੁ ਨੂੰ ਪਯਾਰੀ
ਕੂੜਾ ਕੂੜ ਗਿਆ ਸਭ ਤਨ ਤੇ, ਫੂਲ ਰਹੀ ਫੁਲਵਾਰੀ
ਅੰਤਰਿ ਸਾਚ ਨਿਵਾਸ ਕੀਆ, ਗੁਰ ਸਤਿਗੁਰ ਨਦਰਿ ਨਿਹਾਰੀ
ਸ਼ਬਦ ਗੁਰੂ ਕੇ ਕੰਚਨ ਕਾਯਾ, ਹਉਮੈ ਦੁਬਿਧਾ ਮਾਰੀ
ਗੁਣ ਕਾਮਣ ਕਰਿ ਕੰਤੁ ਰੀਝਾਯਾ, ਸੇਵਾ ਸੁਰਤਿ ਬੀਚਾਰੀ
ਦਯਾ ਧਾਰਿ ਗੁਰ ਖੋਲ੍ਹ ਦਿਖਾਈ, ਸਬਦ ਸੁਰਤਿ ਕੀ ਬਾਰੀ
ਗਯਾਨ ਰਾਉ ਨਿਤ ਭੋਗ ਕਮਾਵੈ, ਕਾਇਆ ਸੇਜ ਸਵਾਰੀ
ਭਟਕ ਮਿਟੀ ਗੁਰਸਬਦੀ ਲਾਗੇ, ਲੀਨੋ ਆਪਿ ਉਬਾਰੀ
ਦਾਸ ਚੰਦ ਗੁਰ ਗੋਬਿੰਦ ਪਾਇਆ, ਚਿੰਤਾ ਸਗਲਿ ਬਿਸਾਰੀ ।

ਸੱਜਣ ! ਝਾਤ ਝਰੋਖੇ ਪਾਈਂ
ਮੈਂ ਬੰਦੀ ਬਿਨ ਦਾਮ ਤੁਸਾਡੀ, ਤੂ ਸੱਜਣ ਤੂ ਸਾਂਈਂ
ਦਰ ਤੇਰੇ ਵਲ ਝਾਕ ਅਸਾਡੀ, ਭੋਰੀ ਦਰਸੁ ਦਿਖਾਈਂ
ਤੂ ਦਿਲ ਮਹਿਰਮ ਸਭ ਕਿਛ ਜਾਣੈਂ, ਕੈਨੂੰ ਕੂਕ ਸੁਣਾਈਂ
ਤਿਨ੍ਹਾਂ ਨਾਲਿ ਬਰਾਬਰਿ ਕੇਹੀ, ਜੋ ਤੇਰੇ ਮਨ ਭਾਈਂ
ਥੀਵਾਂ ਰੇਣੁ ਤਿਨਾ ਬਲਹਾਰੀ, ਨਿਵ ਨਿਵ ਲਾਗਾਂ ਪਾਈਂ
ਜਹਿੰ ਜਹਿੰ ਦੇਖਾਂ ਸਭ ਠਾਂ ਤੂੰ ਹੈਂ, ਤੂੰ ਰਵਿਆ ਸਭ ਠਾਈਂ
ਭੋਰੀ ਨਦਰਿ ਨਿਹਾਲ ਪਿਆਰੇ, ਸਿਕਦੀ ਨੂੰ ਗਲਿ ਲਾਈਂ
ਪਲ ਪਲ ਦੇਖਾਂ ਮੁਖ ਤੁਸਾਡਾ, 'ਚੰਦ' ਚਕੋਰ ਨਿਆਈਂ
ਗੋਬਿੰਦ ! ਦਯਾ ਕਰਹੁ ਜਨ ਊਪਰਿ, ਵਾਰਿ ਵਾਰਿ ਬਲਿ ਜਾਈਂ ।

'ਪ੍ਰੀਛਿਆ ਗੁਰੂ ਗੋਬਿੰਦ ਸਿੰਘ' ਛੋਟੀ ਜੇਹੀ ਰਚਨਾ ਹੈ ਜੋ ਕਿ ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ ਦੇ ਖਰੜਾ ਨੰਬਰ 135 ਵਿਚ ਸੁਰੱਖਿਅਤ ਹੈ। ਕੁਝ ਛੰਦ ਇਸ



Digitized by Panjab Digital Library | www.panjabdigilib.org

ਪ੍ਰਕਾਰ ਹਨ—

ਵਾਹਿਗੁਰੂ ਗੁਰਮੰਤ ਹੈ, ਸਦਾ ਸਿਮਰਹਿ ਮੀਤ
ਦਾਸ ਚੰਦ ਗੋਬਿੰਦ ਗੁਰ, ਧਾਰਿ ਹੀਏ ਪ੍ਰਤੀਤ । ੧ ।

ਵਾਹਿਗੁਰੂ ਕੀ ਪ੍ਰੀਛਿਆ, ਬਖਸ਼ੀਸ ਗੁਰੂ ਗੋਬਿੰਦ
ਭਾਲ ਲਗਾਈ ਕਾਲਕਾ, ਚੰਦ' ਮਿਟਾਈ ਚਿੰਦ ।

... ... ... ...

ਯਹ ਕਾਰਜ ਹੈ ਭਾਰੀ, ਹੋਇ ਨ ਆਵਹੀ
ਜੈਸੇ ਨਾਉ ਸਮੁੰਦਰ ਪਾਰ ਨ ਪਾਵਹੀ

ਸਿਧ ਹੋਇ ਹੈ ਕਾਰਜ, ਕਿਉ ਪਚਿ ਹਾਰੀਐ
ਹੋ ਤਾਂ ਤੇ ਇਕ ਮਨ ਹੋ, ਗੋਬਿੰਦ ਸਮਾਰੀਐ ।

ਸਤਿਗੁਰ ਸਰਨੀ ਆਉ, ਜੋ ਤੂ ਚਾਹਤ ਕਾਜ ਕਉ
ਗੋਬਿੰਦ ਮੰਤ ਕਮਾਉ, ਹੁਇ ਹੈ ਕਾਰਜ ਸਹੀ ਸਤ ।

## ਤ੍ਰਿਯਾ ਚਰਿੱਤ੍ਰ

ਚੰਦ ਦੀ ਵੱਡੀ ਰਚਨਾ 'ਤ੍ਰਿਯਾਚਰਿਤ੍ਰ' ਹੈ ਜੋ ਕਿ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ 6118 ਨੰਬਰ ਤੇ ਸੰਭਾਲੀ ਹੋਈ ਹੈ । ਇਹ ਖਰੜਾ ਪੂਰਾ ਨਹੀਂ; ਪਹਿਲੇ 57 ਪੱਤਰੇ ਗੁੰਮ ਹਨ । ਪਾਠ 58 ਤੋਂ 247 ਪੱਤਰੇ ਤਕ ਚਲਦਾ ਹੈ, ਅੰਤਲਾ ਹਿਸਾ ਵੀ ਪੂਰਾ ਨਹੀਂ ਜਾਪਦਾ । ਲਿਖਤ ਤੇ ਕਾਗਜ਼ ਤੋਂ ਇਹ ਖਰੜਾ ਕਾਫੀ ਪੁਰਾਤਨ ਹੈ । ਇਸ ਵਿਚ 50 ਰਾਤਾਂ ਦੇ ਹਿਸਾਬ ਨਾਲ ਪੰਜਾਹ 'ਤ੍ਰਿਯਾਚਰਿਤ੍ਰ ਦੀਆਂ ਕਹਾਣੀਆਂ ਸੁਣਾਈਆਂ ਗਈਆਂ ਹਨ, ਪਹਿਲੀਆਂ 7, 8 ਹੈ ਨਹੀਂ । ਹਰ ਕਥਾ ਦੇ ਅਰੰਭ ਵਿਚ ਕਵੀ ਨੇ ਇਕ ਕੁੰਡਲੀਏ ਵਿਚ ਕਹਾਣੀ ਦਾ ਸਾਰ ਦਿਤਾ ਹੈ ਅਤੇ ਇਹ ਅੜਿੱਲ ਲਗਭਗ ਹਰੇਕ ਕਥਾ ਦੇ ਅੰਤ ਦੁਹਰਾਇਆ ਹੈ —

'ਚੰਦ' ਚਾਹਿ ਤੀਆ ਮਿਲੇ, ਆਜ ਅਧਰਾਤਿ ਕਉ
ਖੂਬੀ ਕੀ ਜੋ ਖਾਨ, ਭਾਨ ਪ੍ਰਭਾਤ ਕਉ

ਚਮਤਕਾਰ ਹੁਇ ਆਇਓ, ਮਿਟੀ ਅੰਧੇਰ ਕਾ
ਹੋ ਆਸ਼ਕ ਕਾ ਹੈ ਵੈਰੀ, ਮੁਰਗ਼ ਸਵੇਰ ਕਾ ।

ਆਪਣੇ ਵਿਸ਼ੇ ਅਨੁਸਾਰ ਥਾਂ ਥਾਂ ਕਵੀ ਨੇ ਚਲਾਕ ਇਸਤਰੀਆਂ ਦੀ ਭੰਡੀ ਕੀਤੀ ਹੈ । ਕਿਤੇ ਉਨ੍ਹਾਂ ਦੀ ਚਤੁਰਾਈ ਤੇ ਚੋਟ ਹੈ ਤੇ ਕਿਤੇ ਦੁਰਾਚਾਰ ਤੇ ।



Digitized by Panjab Digital Library | www.panjabdigilib.org

ਚੰਦ ਤੀਅਨ ਕੀ ਜਾਤਿ ਚਲਿਤ੍ਰਨ ਹੈ ਭਰੀ
ਤਾਹਿ ਨ ਪਾਇਓ ਭੇਦ, ਜਾਹਿ ਪੈਦਾ ਕਰੀ
ਨਖ ਸ਼ਿਖ ਲਉ ਬਿਖ ਭਰੀ, ਸੁ ਬਿਸੀਅਰ ਨਾਗ ਜਿਉਂ
ਹੋ ਤਾਂ ਕੋ ਡਸਿਓ ਨ ਬਚਹਿ, ਪ੍ਰਲੈ ਕੀ ਆਗ ਜਿਉਂ । ੧੦ ।
[ਅੱਠਵਾਂ ਚਰਿਤ੍ਰ

ਖੈਰ, ਕੁਝ ਵੀ ਹੋਵੇ, ਹੁਣ ਤਕ ਪ੍ਰਾਪਤ ਹਿੰਦੀ ਸਾਹਿਤ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਰਚਿਤ 'ਚਰਿਤ੍ਰੋਪਯਾਨ' ਦੀਆਂ 404 ਕਹਾਣੀਆਂ ਦਾ ਸੰਗ੍ਰਹਿ ਮਿਲਦਾ ਸੀ ਪਰ ਚੰਦ ਕਵੀ ਦੇ ਤ੍ਰਿਯਾ ਚਰਿਤ੍ਰਾਂ ਤੋਂ ਪਤਾ ਲਗਦਾ ਹੈ ਕਿ ਮੁਗਲ ਜ਼ਮਾਨੇ ਵੇਸ਼ਵਾ ਪ੍ਰਣਾਲੀ ਆਮ ਪ੍ਰਚਲਤ ਸੀ ਤੇ ਚਤੁਰ ਔਰਤਾਂ ਆਪਣੇ ਛਲ ਫਰੇਬ ਯਾ ਦਾਅ ਪੇਚ ਨਾਲ ਹੀ ਮਨੁਖ ਨੂੰ ਆਚਰਣ ਤੋਂ ਡੇਗ ਲੈਂਦੀਆਂ ਸਨ; ਇਸ ਲਈ ਸਮਾਜ ਨੂੰ ਇਸ ਖਤਰੇ ਤੋਂ ਸਾਵਧਾਨ ਕਰਨਾ ਜ਼ਰੂਰੀ ਸੀ। ਇਸੇ ਲਈ ਸਿਆਣੇ ਕਵੀਆਂ ਅਜੇਹੀਆਂ ਕਹਾਣੀਆਂ ਕਲਮਬੰਦ ਕੀਤੀਆਂ ।

ਗੁਰੂ ਸਾਹਿਬ ਦੇ 'ਚਰਿਤ੍ਰੋਪਖਯਾਨ' ਦਾ ਅਧਿਐਨ ਕਰਨ ਸਮੇਂ, ਚੰਦ ਦੇ 'ਤ੍ਰਿਯਾਚਰਿਤ੍ਰ' ਵਿਚ ਆਈ ਇਹ ਸਮੱਗਰੀ ਸਹਾਇਕ ਸਿੱਧ ਹੋਣ ਵਾਲੀ ਹੈ ਤੇ ਇਸ ਦੁਆਰਾ ਅਸੀਂ ਉਸ ਸਮੇਂ ਦੇ ਯਥਾਰਥਵਾਦੀ ਝੁਕਾਵਾਂ ਤੇ ਸਮਾਜਕ ਦਸ਼ਾ ਦਾ ਅਨੁਮਾਨ ਲਾ ਸਕਦੇ ਹਾਂ।

ਵੰਨਗੀ ਵਜੋਂ ਇਕ ਚਰਿਤ੍ਰ ਦਾ ਥੋੜਾ ਜੇਹਾ ਹਿਸਾ ਦਿਤਾ ਜਾਂਦਾ ਹੈ। ਇਹ ਚਰਿਤ੍ਰ ਇਕ ਲਿਖਾਰੀ ਨਾਲ ਵਾਪਰਿਆ ਦੱਸਿਆ ਹੈ; ਲਿਖਾਰੀ ਵੀ ਉਹ ਜੋ ਤ੍ਰਿਯਾਚਰਿਤ੍ਰਾਂ ਦੀ ਕਿਤਾਬ ਲਿਖ ਰਿਹਾ ਸੀ। ਇਸਤਰੀ ਇਹ ਚਲਿਤਰ ਕਰਕੇ ਲੇਖਕ ਤੋਂ ਪੁਛਦੀ ਹੈ ਕਿ ਕੀ ਉਸ ਨੇ ਅਗੇ ਅਜੇਹਾ ਚਰਿਤ੍ਰ ਕੋਈ ਦਰਜ ਕੀਤਾ ਹੈ ? ਤਾਂ ਇਸ ਦਾ ਜਵਾਬ 'ਨਾਂਹ' ਵਿਚ ਮਿਲਦਾ ਹੈ।

ਸੋਰਠਾ—ਮਰਦ ਚਲਿਓ ਉਠਿ ਕਾਮ, 'ਚਲਿਤ-ਲਿਖਾਰੀ' ਸੌਂਪ ਤੀਆ
ਤਾਂਹਿ ਪੂਛਤੀ ਭਾਮ, 'ਤੈਂ ਸੰਦੂਕ ਕਾ ਸਿਉਂ ਭਰੇ । ੧੦੭ ।

ਚਉਪਈ— ਸਾਚ ਕਹੋਂ ਮੈਂ ਸੁਨਹੁ ਨਿਰੰਤਰ, ਤੀਆ ਚਲਿਤ੍ਰ ਲਿਖੇ ਇਹ ਅੰਤਰ
ਕਹਤ ਨਾਰਿ ਤੀਅ ਜੀਅ ਜੋ ਹੋਈ, ਯਾ ਦਫਤਰ ਮੈਂ ਹੁਇ ਹੈ ਸੋਈ । ੧੦੮ ।

ਤੀਆ ਚਲਿਤ੍ਰ ਲਿਖੇ ਜਿੰਹ ਆਈ, ਕਹਿਓ ਸਭੈ ਇਹ ਦਫਤਰ ਮਾਂਹੀ
ਸੁਨਤ ਤੀਆ ਤਿਹੁੰ ਪਕਰਿ ਉਠਾਇਓ ਕੋਨੇ ਲੇ ਗਈ ਭੋਗ ਕਮਾਇਓ
। ੧੦੯ ।

ਕਰਿ ਸੰਜੋਗ ਭਏ ਜਬ ਨਿਆਰੇ, ਧਾੜਿ ਧਾੜਿ ਕਰ ਲਰਿ ਪੁਕਾਰੇ
ਸੁਨਤ ਲੋਗ ਸਗਰੇ ਮਿਲ ਆਏ, ਭੂਲੀ ਸੁਰਤਿ ਚਰਿਤ੍ਰ ਬਿਸਰਾਏ । ੧੧੦ ।



Digitized by Panjab Digital Library | www.panjabdigilib.org

ਪੂਛਤ ਭਏ ਲੋਗ ਤਿਹੰ ਤੀਅ ਕਉ, ਕਹਾਂ ਭਯੋ ਹੈ ਯਾਂ ਕੇ ਜੀਉ ਕਉ
ਤੀਆ ਕਹਿਓ, 'ਮੁਹ ਪੀਅ ਕੀ ਇਹ ਗਤਿ, ਏਕੁ ਫਕੀਰੁ ਲਿਆਵਤ ਨਿਤ ਪ੍ਰਤਿ
। ੧੧੧ ।

ਆਜੁ ਯਾਹਿ ਨਿਜ ਸੰਗਿ ਲਿਆਯੋ, ਛੋਡ ਧਾਮ ਨਿਜ ਕਾਮ ਸਿਧਾਇਓ
ਪਾਕਸ਼ਾਲ ਭੋਜਨ ਮੈਂ ਕਰਿਓ, ਥਾਲ ਪਾਇ ਇਨ ਆਗੇ ਧਰਿਓ । ੧੧੨ ।

ਏਕ ਗਿਰਾਸ ਲੀਓ ਇਕ ਮੁਖ ਮੈਂ, ਫਾਸਿਓ ਗਲੈ ਭਇਓ ਦੁਖ ਸੁਖ ਮੈਂ
ਯਾਂਕੀ ਯਹ ਬਿਧਿ ਦੇਖਤ ਟੇਰੀ, ਸਭ ਤੁਮ ਦੇਖ ਰਖਹੁ ਪਤਿ ਮੇਰੀ । ੧੧੩ ।

ਯਾਂਕੈ ਮੁਖ ਪਾਨੀ ਤੁਮ ਦੈ ਹੋ, ਬਹੁਰ ਸਭੈ ਅਪਨੇ ਗ੍ਰਿਹ ਜੈ ਹੋ
ਮੈਂ ਕੈਸੇ ਨਿਜ ਹਾਥ ਲਗਾਊਂ, ਮਰਦ ਬਿਗਾਨੇ ਨਿਕਟ ਨ ਜਾਊਂ । ੧੧੪ ।

ਸੋਰਠਾ— ਅਬ ਯਹ ਭਯੋ ਸੁਚੇਤ, ਉਲਟ ਜਾਹੁ ਤੁਮ ਨਿਜ ਘਰਨ
ਮੈਂ ਟੇਰੀ ਇਹ ਹੇਤੁ, ਭਲੋ ਭਯੋ ਜੀਵਤ ਬਚਯੋ । ੧੧੫ ।

ਚਉਪਈ— ਲੋਗਨ ਤੀਆ ਬਿਦਾ ਕਰ ਦੀਨੋ, ਮਕਰੀ ਬੋਲਿਓ ਯਹ ਕਯਾ ਕੀਨੋ
ਤੀਆ ਕਹਿਓ ਦੇਖਹੁ ਦਫਤਰ ਮਹਿੰ, ਯਹ ਚਲਿਤ੍ਰ ਤੁਮ ਲਿਖਿਓ
ਕਿਧੋ ਨਹਿੰ । ੧੧੬ ।

ਜੋ ਮੈਂ ਅਬ ਕਰ ਤੋਹਿ ਦਿਖਾਯੋ, ਆਗੈ ਤੈ ਕਹੂੰ ਸੁਨਿਓ ਸੁਨਾਇਓ
ਚਲਿਤ-ਲਿਖਾਰੀ ਬੋਲਯੋ ਤਬਹੀ, ਆਗੇ ਸੁਨਿਓ ਨ ਦੇਖਿਓ ਕਬਹੀ । ੧੧੭ ।

ਦਫਤਰ ਲਿਖਿਆ ਹੁਤੋ ਸੁ ਜਰਾਇਓ, ਤੀਅ ਪਾਇਨ ਪਰ ਸੀਸ ਨਿਵਾਇਓ
ਚਲਿਓ ਤੀਅ ਕਉ ਨਮਸਕਾਰ ਕਰਿ, ਲਿਖਨ ਚਲਿਤ੍ਰਨ ਤਜਿ ਬੈਠੋ ਘਰਿ
। ੧੧੮ ।

ਅੜਿਲ— 'ਚੰਦ' ਚਲਿਤ੍ਰਨ ਤੀਅ, ਨ ਪਾਰਾਵਾਰ ਹੈ
ਜਿਹੰ ਬਸ ਕੀਨੇ ਅਵਤਾਰ, ਨਾਰਿ ਸਿਰਦਾਰ ਹੈ
ਜੇ ਕੋ ਤ੍ਰਿਆ ਚਰਿਤ੍ਰਨ ਕੌ ਲਿਖਿਓ ਚਹੈ
ਹੋ ਚੰਡੀ ਜੂ ਕੀ ਸੇਵਾ, ਮੋ ਨਿਸ ਦਿਨ ਰਹੈ । ੧੧੯ ।

[ਪੱਤਰਾ 59-60

ਅੰਤ, ਕਵੀ ਨਾਰੀ ਦੀ ਸਰਦਾਰੀ ਮੰਨਦਾ ਹੋਇਆ ਇਹ ਕਹਿੰਦਾ ਹੈ ਕਿ ਜੇ ਕੋਈ ਕਵੀ ਚਰਿਤ੍ਰ ਲਿਖਣ ਦੀ ਇਛਾ ਰਖਦਾ ਵੀ ਹੋਵੇ ਤਾਂ ਉਸ ਨੂੰ ਚੰਡੀ ਦੀ ਅਰਾਧਨਾ ਕਰ ਕੇ ਸ਼ਕਤੀਵਾਨ ਹੋਣਾ ਚਾਹੀਦਾ ਹੈ ।

ਚੰਦ ਪ੍ਰੌਢ ਕਵੀ ਸੀ ਤੇ ਉਸ ਦੀ ਭਾਸ਼ਾ ਦੀ ਖੂਬੀ ਇਹ ਹੈ ਕਿ ਉਸ ਵਿਚ ਫਾਰਸੀ ਦਾ ਵੀ ਚੰਗਾ ਚੋਖਾ ਰੰਗ ਮਿਲਦਾ ਹੈ ।



Digitized by Panjab Digital Library | www.panjabdigilib.org

ਚਰਿਤ੍ਰਾਂ ਵਿਚੋਂ ਕੁਝ ਕੁ ਛੰਦ ਹੋਰ ਦੇ ਰਹੇ ਹਾਂ, ਜਿਸ ਤੋਂ ਕਵੀ ਦੀ ਕਾਵਿ ਪ੍ਰਤਿਭਾ ਤੇ ਭਾਸ਼ਾ-ਪ੍ਰਬੀਨਤਾ ਦਾ ਪਤਾ ਲਗੇਗਾ।

'ਚੰਦ ਨਾਰ ਬਦਕਾਰ ਮਾਰਨੀ ਕਹੀ ਹੈ
ਜੋ ਮਾਰਤ ਨਾਰਿ ਛਿਨਾਰ, ਮਰਦ ਸੋ ਸਹੀ ਹੈ
ਬਦਕਾਰਾਂ ਤੀਅ ਮਾਰ, ਸੋਚ ਨਹੀਂ ਕੀਜੀਐ
ਹੋ ਦੇਖਹੁ ਨਾਰਿ ਛਿਨਾਰ, ਕਾਟਿ ਸਿਰ ਦੀਜੀਐ। [ਪੱਤਰਾ ੬੩

ਜੀਵਨ ਕੋ ਫਲ 'ਚੰਦ', ਰਹਹੁ ਆਨੰਦ ਮੈਂ
ਕਾਹੂ ਸੋ ਤ ਨ ਹੂਜੈ, ਪਰ ਵਸਿ ਬੰਦ ਮੈਂ
ਸਭੈ ਜਗਤ ਮੈਂ ਚਾਹਤ, ਅਪਨੋ ਜੀਵਨਾ
ਹੋ ਸਫਲ ਜੀਵਨ ਗੁਰਸੇਵਾ, ਹਰਿ ਰਸ ਪੀਵਨਾ। ਪੱਤਰਾ ੬੫

ਚੰਦ ਪਿਆਰੋ ਮਿਤ੍ਰ, ਕਹਹੁ ਕਿਉਂ ਪਾਈਐ
ਕਰਹੁ ਸੇਵ ਤਿਹੰ ਨਿਤ, ਨ ਚਿਤਹਿ ਭੁਲਾਈਐ
ਗੁਨਿ ਜਨ ਕਹਿਤ ਪੁਕਾਰ, ਭਲੋ ਯਾ ਜੀਵਨੋ
ਹੋ ਬਿਨ ਪ੍ਰੀਤਮ ਕਿਹ ਕਾਮ, ਅੰਮ੍ਰਿਤ ਕਤ੍ਰੈ ਪੀਵਨੋ। ਪੱਤਰਾ ੬੬

ਅੰਤਰਿ ਬਾਹਰਿ ਚੰਦ, ਏਕ ਸਾ ਹੋਈਐ
ਮੋਤੀ ਪਾਥਰ ਏਕ, ਠਉਰ ਨਹਿੰ ਪਾਈਐ
ਹੀਐ ਖੋਟੁ ਤਨ ਪਹਰ, ਲਿਬਾਸ ਦਿਖਾਈਐ
ਹੋ ਪਰਗਟ ਹੋਇ ਨਿਦਾਨ, ਅੰਤ ਪਛੁਤਾਈਐ। ਪੱਤਰਾ ੭੦

ਜਬ ਤੇ ਲਾਗੋ ਨੇਹੁ, 'ਚੰਦ' ਬਦਨਾਮ ਹੈ
ਆਂਸੂ ਨੈਨ ਚੁਚਾਤ, ਆਠੁ ਹੀ ਜਾਮ ਹੈ
ਜਗਤ ਮਾਂਹਿ ਜੇ ਬੁਧਿਵਾਨ ਸਭ ਕਹਤ ਹੈ
ਹੋ ਨੇਹੀ ਸਕਲੇ ਸੰਗ ਨਾਮ ਤੇ ਰਹਿਤ ਹੈ। ਪੱਤਰਾ ੭੬

ਸਭ ਗੁਨ ਜੋ ਪ੍ਰਬੀਨ, ਚੰਦ ਗੁਨਵੰਤੁ ਹੈ
ਬਿਨ ਗੁਨ ਸਭ ਅਧੀਨ, ਸੁ ਮੂਰਖ ਜੰਤੁ ਹੈ
ਸਭਹੁ ਨਰਨ ਮੈਂ ਤਾਕੁ, ਹੋਇ ਜੋ ਯਾ ਸਮੈਂ
ਹੋ ਹੁਨਰਮੰਦ ਜੋ ਹੋਇ, ਸਮੈ ਸੁਖ ਸਿਉਂ ਰਮੈਂ। ਪੱਤਰਾ ੮੭

ਚੰਦ ਗਰਜ਼ ਬਿਨ ਕੋ ਸੰਸਾਰ ਨ ਦੇਖੀਐ
ਬਗਰਜ਼ੀ ਅਮੋਲ ਰਤਨ ਚਖ ਪੇਖੀਐ



Digitized by Panjab Digital Library | www.panjabdigilib.org

ਰੰਕ ਰਾਉ ਜੋ ਦੀਸਤ, ਹੈ ਸੰਸਾਰ ਮੈਂ
ਹੋ ਨਾਹਿ ਗਰਜ਼ ਬਿਨ ਕੋਊ, ਕੀਤਿ ਬੀਚਾਰ ਮੈਂ। ਪੱਤਰਾ ੯੨

ਚੰਦ ਰਾਗ ਧੁਨਿ ਦੂਤੀ ਪ੍ਰੇਮੀ ਕੀ ਕਹੈਂ
ਨੇਮੀ ਧੁਨ ਸਨ ਬਕਤ, ਅਚੰਭੇ ਹੋਇ ਰਹੈ
ਬਜਤ ਪ੍ਰੇਮ ਧੁਨਿ ਤਾਰ, ਅਕਲ ਕਉ ਲੂਟਹੈ
ਹੋ ਸ੍ਰਵਨ ਮੱਧ ਹੋਇ ਪੈਠਤ, ਕਬਹੂ ਨ ਛੂਟ ਹੈ।

ਚੰਦ ਪ੍ਰੇਮ ਕੀ ਬਾਤ, ਨ ਕਾਹੂ ਪੈ ਕਹੋ
ਅਤਲਸ ਖਰ ਪਹਿਰਾਇ, ਕਉਨ ਖੂਬੀ ਚਹੋਂ

ਬੁਧਿਵਾਨ ਤਿਹਂ ਜਾਨ, ਭੇਦ ਨਿਜ ਰਾਖਈ
ਹੋ ਦੇਵੈ ਸੀਸ ਉਤਾਰਿ, ਸਿਰਰੁ ਨਹਿਂ ਭਾਖਈ।

ਚੰਦ ਮਾਲ ਅਰ ਮੁਲਖ, ਜਾਂਹਿ ਪ੍ਰਭੁ ਦੀਤਿ ਹੈ
ਅਪਨੋ ਦੀਓ ਬਹੁਤ, ਤਾਂਹਿ ਪ੍ਰਭੁ ਲੀਓ ਹੈ
ਰੋਸ ਕਰਤ ਅਗਿਆਨੀ, ਮਨ ਕਾ ਅੰਧ ਹੈ
ਹੋ ਅਮਰ ਨਾਮ ਗੋਬਿੰਦ, ਅਵਰੁ ਸਭ ਧੰਧ ਹੈ। ੧੩। [੨੧ ਚ.

ਚੰਦ ਜਗਤ ਮੇ ਕਾਮ ਸਭਨ ਕੋ ਕੀਜੀਐ
ਕੈਸੇ ਅੰਬਰ ਬੋਇ, ਖਸਨ ਸਿਉ ਲੀਜੀਐ
ਸੋਊ ਮਰਦ ਜੁ ਕਰੈ ਮਰਦ ਕੇ ਕਾਮ ਕਉ
ਹੋ ਤਨ ਮਨ ਧਨ ਸਭ ਸਉਪੇ, ਅਪਨੇ ਰਾਮ ਕਉ। ੬। [੨੩ ਚ.

ਚੰਦ ਪਿਆਰਿਨ ਸੰਗਿ ਪਿਆਰ ਬਢਾਈਐ
ਸਦਾ ਹੋਤ ਆਨੰਦ ਰਾਮ ਗੁਨ ਗਾਈਐ
ਐਸੋ ਸੁਖ ਦੁਨੀਆ ਮੈਂ, ਅਵਰ ਨ ਪੇਖੀਐ
ਹੋ ਮਿਲਿ ਪਿਆਰਨ ਕੈ ਸੰਗਿ, ਰੰਗ ਜੋ ਦੇਖੀਐ। ੬੪। [੪੭ ਚ.

ਚੰਦ ਨਸੀਹਤ ਸੁਨੀਐ, ਕਰਨੈਹਾਰ ਕੀ
ਦੀਨ ਹੋਇ ਖੁਸ਼ ਰਾਖੋ, ਖਾਤਰ ਯਾਰ ਕੀ
ਮਾਰਤ ਪਾਇ ਕੁਹਾੜਾ, ਸਖਤੀ ਜੋ ਕਰੈ
ਹੋ ਨਰਮਾਈ ਕੀ ਬਾਤ, ਸਭਨ ਤਨ ਸੰਚਰੈ। ੧੭। [੪੭ ਚ.

ਚੰਦ ਕਹਿਤ ਹੈ ਕਾਮ ਚੇਸ਼ਟਾ ਅਤਿ ਬੁਰੀ
ਸ਼ਹਤ ਦਿਖਾਈ ਦੇਤ, ਹਲਾਹਲ ਕੀ ਛੁਰੀ



Digitized by Panjab Digital Library | www.panjabdigilib.org

ਜਿਹੰ ਨਰ ਅੰਤਰਿ ਕਾਮ, ਚੇਸ਼ਟਾ ਅਤਿ ਘਨੀ
ਹੋ ਹੁਇ ਹੈ ਅੰਤਿ ਖੁਆਰੁ, ਬਡੋ ਜੋ ਹੁਇ ਧਨੀ । ੧੦ । [੪੮ ਚ.

ਚੰਦ ਦੋਊ ਜ਼ੁਲਫੰ ਕਾ, ਆਸ਼ਕ ਏਕ ਹੈ
ਜਾਂਹਿ ਦੀਓ ਗੁਰ ਗਿਆਂਨ, ਸੁਬੁਧਿ ਬਿਬੇਕ ਹੈ
ਸਭ ਕੋਊ ਚਾਹਤ ਦਰਸ, ਪਿਆਰੇ ਲਾਲ ਕਉ
ਹੋ ਆਸ਼ਕ ਹੈ ਮੁਸ਼ਤਾਕ, ਜੁਲਫ ਕੇ ਵਾਲ ਕਉ । ੩੦ । [੪੮ ਚ.

ਚੰਦ ਪਿਆਰੇ ਮਿਲਤ ਹੋਤ ਆਨੰਦ ਜੀ
ਸਭ ਕਾਹੂ ਕੋ ਮੀਠੋ, ਸ਼ਰਬਤ ਕੰਦ ਜੀ
ਸਦਾ ਪਿਆਰੇ ਸੰਗਿ, ਵਿਛੋੜਾ ਨਾਹਿ ਜਿਸ
ਹੋ ਮਿਲੇ ਮੀਤ ਜਿਉਂ ਮੀਤ, ਏਹ ਸੁਖ ਕਹੇ ਕਿਸ । ੫੦ [੪੮ ਚ.

ਚੰਦ ਕਹਤ ਹੈ ਠਉਰ, ਨਹੀਂ ਹੈ ਚਿਤ ਜਿੰਹ
ਨਿਸ ਦਿਨ ਅਠਹੁ ਜਾਮ, ਭ੍ਰਮਤ ਹੈ ਚਿਤ ਜਿੰਹੰ
ਜੋ ਕਛੁ ਸਾਹਿਬ ਭਾਵੈ, ਸੋਈ ਕਰਤ ਹੈ
ਹੋ ਲਾਖ ਕਰੰਤੀ ਜਤਨ, ਕੀਏ ਨਹੀਂ ਟਰਤ ਹੈ । [੪੯ ਚ.

## (੨੧) ਅਣੀਰਾਇ

ਇਹ ਸ਼ਾਇਦ ਪਹਿਲਾ ਦਰਬਾਰੀ ਕਵੀ ਹੈ ਜਿਸ ਨੇ ਗੁਰੂ ਸਾਹਿਬ ਦੀ ਅਨੰਦਪੁਰ ਵਿਚ ਸ਼ਾਹੀ ਫੌਜਾਂ ਨਾਲ ਹੋਈ ਟੱਕਰ ਨੂੰ 'ਜੰਗਨਾਮਾ ਗੁਰੂ ਗੋਬਿੰਦ ਸਿੰਘ' ਵਿਚ ਅੰਕਿਤ ਕੀਤਾ ।

ਬਾਦਸ਼ਾਹ ਔਰੰਗਜ਼ੇਬ ਦੇ ਭੇਜਣ ਤੇ ਅਜ਼ੀਮ ਖਾਂ ਲਾਉ ਲਸ਼ਕਰ ਲੈ ਕੇ ਅਨੰਦਪੁਰ ਤੇ ਚੜ੍ਹਾਈ ਕਰਦਾ ਹੈ, ਤੇ ਗੁਰੂ ਸਾਹਿਬ ਦੇ ਸੂਰਮੇ ਭਾ. ਬਚਿਤ੍ਰ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ; ਭਾ. ਦਲੇਲ ਸਿੰਘ ਆਦਿ ਡਟਕੇ ਟਾਕਰਾ ਕਰਦੇ ਹਨ । ਇਸੇ ਗਹਿਗੱਚ ਘਮਸਾਣ ਵਿਚ ਗੁਰੂ ਸਾਹਿਬ ਖੁਦ ਸ਼ਾਹੀ ਲਸ਼ਕਰ ਦੇ ਸੈਨਾਪਤਿ ਅਜ਼ੀਮ ਖ਼ਾਂ ਨੂੰ ਵੰਗਾਰਦੇ ਤੇ ਥਾਂ ਮਾਰ ਦਿੰਦੇ ਹਨ, ਜਿਸ ਕਰਕੇ ਸਿਖ ਸੈਨਾ ਦੀ ਜੈਜੈਕਾਰ ਹੋ ਜਾਂਦੀ ਤੇ ਵੈਰੀ ਮੈਦਾਨੋਂ ਭੱਜ ਜਾਂਦੇ ਹਨ ।

ਇਹ ਸਿਖ ਬੀਰਤਾ ਦੀ ਪਹਿਲੀ ਤਸਵੀਰ ਹੈ ਜੋ ਕਿਸੇ ਸਮਕਾਲੀ ਦਰਬਾਰੀ ਕਵੀ ਨੇ ਬੀਰਤਾ ਦਾ ਰੰਗ ਭਰ ਕੇ ਉਲੀਕੀ ਹੈ, ਸ਼ਾਇਦ ਇਸ ਵਿਚ ਉਤਨੀ ਇਤਿਹਾਸਕ ਸਮੱਗਰੀ ਨਹੀਂ, ਜਿਤਨਾ ਬੀਰ ਝਾਕੀਆਂ ਦਿਤ੍ਰਣ ਵਿਚ ਕਮਾਲ ਦਿਖਾਇਆ ਹੈ । ਚੌਂਹਾਂ



Digitized by Panjab Digital Library | www.panjabdigilib.org

ਪਾਸਿਆਂ ਵਲੋਂ ਲੜਨ ਵਾਲੇ ਵਿਅਕਤੀਆਂ ਦੇ ਆਏ ਨਾਂ ਤਾਰੀਖੀ ਅਹਿਮੀਅਤ ਰਖਦੇ ਹਨ ਜੋ ਸ਼ਾਇਦ ਹੋਰ ਆਮ ਇਤਿਹਾਸਾਂ ਵਿਚ ਨਹੀਂ ਮਿਲਦੇ। ਅਣੀ ਰਾਇ ਦਾ ਨਾਮ ਗੁਰੂ ਹਰਿਕ੍ਰਿਸ਼ਨ ਤੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਮਿਲਦਾ ਹੈ। ਇਹ ਗੁਰੂ ਘਰ ਦਾ ਪੁਰਾਣਾ ਲਿਖਾਰੀ ਸੀ ਤੇ ਗੁਰੂ ਸਾਹਿਬ ਵੀ ਇਸ ਨਾਲ ਚੰਗਾ ਸਨੇਹ ਰਖਦੇ ਸਨ। ਇਕ ਵਾਰ ਉਨ੍ਹਾਂ ਪ੍ਰਸੰਨ ਹੋ ਕੇ ਨਗ ਜੜਤ ਸੋਨੇ ਦੇ ਭੂਸ਼ਣ ਤੇ ਇਕ ਹੁਕਮਨਾਮਾ ਅਣੀਰਾਇ ਨੂੰ ਪ੍ਰਦਾਨ ਕੀਤਾ। ਇਸ ਦਾ ਵਰਣਨ ਖੁਦ ਕਵੀ ਨੇ ਜੰਗਨਾਮੇ ਦੇ ਮੁੱਢ ਵਿਚ ਕੀਤਾ ਹੈ। ਅਣੀ ਰਾਇ ਕਹਿੰਦਾ ਹੈ—

ਅਣੀ ਰਾਇ ਗੁਰੂ ਸੇ ਮਿਲੇ, ਦੀਨੀ ਤਾਂਹਿ ਅਸੀਸ
'ਆਉ' ਕਹਿਓ ਮੁਖ ਅਪਨੇ, ਬਹੁਰ ਕਰੀ ਬਖ਼ਸ਼ੀਸ। ੧।

ਨਗ, ਕੰਚਨ-ਭੂਖਣ ਬਹੁਰ, ਦੀਨੇ, ਸਤਿਗੁਰ ਏਹ
'ਨਾਮਾ ਹੁਕਮ' ਲਿਖਾਇਕੈ, ਕੀਨੋ ਸਰਸ ਸਨੇਹ। ੨।

ਇਸ ਜੰਗਨਾਮੇ ਦਾ ਇਕੋ ਇਕ ਖਰੜਾ ਮੋਤੀ ਬਾਗ ਲਾਇਬਰੇਰੀ ਪਟਿਆਲਾ ਵਿਚ ਸੁਰੱਖਿਅਤ ਹੈ। ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪ੍ਰਾਚੀਨ ਜੰਗਨਾਮੇ' ਵਿਚ ਪ੍ਰਕਾਸ਼ਤ ਕੀਤਾ ਹੈ ਤੇ ਮੇਰੀ ਹਿੰਦੀ ਪੁਸਤਕ 'ਪੰਚ ਨਦ' ਵਿਚ ਭਾਸ਼ਾ ਵਿਭਾਗ ਨੇ ਛਾਪਿਆ ਹੈ। ਇਸ ਦੇ ਕੁਲ ੭੦ ਕੁ ਛੰਦ ਹਨ ਜਿਸ ਵਿਚ ਕਬਿੱਤ, ਸਵਈਏ, ਛਪਯ, ਭੁਯੰਗ ਪ੍ਰਯਾਤ, ਗੀਆ, ਦਾਸਾ, ਤੋਟਕ, ਦੋਹਰੇ, ਸੋਰਠੇ ਆਦਿ ਕਈ ਪਰਕਾਰ ਦੇ ਬਹਰ ਵਰਤੇ ਗਏ ਹਨ, ਚੂੰ ਕਿ ਕਵੀ ਪੰਜਾਬੀ ਸੀ ਇਸ ਲਈ ਉਸ ਜੰਗੀ ਟੱਕਰ ਬਿਆਨ ਕਰਦਿਆਂ 8-10 ਪਉੜੀਆਂ ਵੀ ਲਿਖੀਆਂ ਹਨ। ਇਸ ਰਚਨਾ ਤੋਂ ਕਵੀ ਦੀ ਕਾਵਿ ਸ਼ਕਤੀ ਤੇ ਪ੍ਰੌਢ ਕਲਾ ਦਾ ਪ੍ਰਮਾਣ ਮਿਲਦਾ ਹੈ।

ਵੰਨਗੀ ਵਜੋਂ ਕੁਝ ਛੰਦ ਦਿੰਦੇ ਹਨ—

### ਕਬਿੱਤ

ਜੀਤੇ ਜਿਨ ਦੱਛਨ ਬਿਚੱਛਨ ਬਨੰਤ ਬਾਂਕੇ
ਨਾਦਰ ਨਿਪਟ ਅਤਿ ਆਦਰ ਸਿਪਾਹੀ ਕੇ
ਜਾਂ ਕੇ ਤ੍ਰਾਸ ਵੈਰੀ ਬਨਵਾਸ ਉਪਵਾਸ ਲੇਤ
ਛਾਡੇ ਸੁਖ ਆਸ ਉਪਹਾਸ ਜਾਂਹੀ ਤਾਂਹੀ ਕੇ
ਜੋਧਾ ਗੁਰੂ ਗੋਬਿੰਦ ਉਦਾਰ ਆਯੋ 'ਰਾਇ' ਕਵਿ
ਗਾਹਤ ਨ ਬਾਰ ਕੋਈ ਬਾਰ ਅਵਗਾਹੀ ਕੇ
ਏਕ ਫੌਜੈਂ ਫੇਰ, ਏਕ ਓਰ ਏਹ ਜੋਰ ਕਰੈਂ
ਤੇਰੀ ਤਰਵਾਰ ਹੈ ਬਿਰੰਚਿ ਪਾਤਸ਼ਾਹੀ ਕੇ।



Digitized by Panjab Digital Library | www.panjabdigilib.org

ਪਾਯੋ ਜੈਤ ਪੱਤਰ ਸ਼ਤ੍ਰ ਪੱਤ੍ਰ ਜਯੋਂ ਪੁਰਾਨੇ ਭਏ
ਏਕ ਉਡ ਗਏ ਏਕ ਪਵਨ ਉਡਾਤ ਹੈ
ਚਲੇ ਸੁਖ ਫੂਲ ਸੂਲ ਉਠੇ ਉਰ ਅਰਿਨ ਕੇ
ਚਾਹਤ ਅਰਿਨ ਸੋਂ ਅਰਿਨ ਬਿਲਲਾਤ ਹੈ
ਪਾਯੋ ਫਲ ਪ੍ਰਗਟ ਪ੍ਰਤਾਪ ਪਾਤਸ਼ਾਹੀ ਕੋ ਸੁ
ਜੋਧਾ ਗੁਰ ਗੁਬਿੰਦ ਰਸ ਕੀਰਤਿ ਚੁਚਾਤ ਹੈ
ਸੂਰਨ ਕੀ ਲਾਜ ਮੁਖ ਪਾਨਪ ਸਮਾਜ ਆਜ
ਤੇਰੀ ਤਰਵਾਰ : ਰਿਤੁਰਾਜ ਜਯੋਂ ਬਖਯਾਤ ਹੈ ।

ਤੁਰੰਗ ਫੌਜ ਤੋਰ ਕੈ ਮਤੰਗ ਮਾਨ ਮੋਰ ਕੇ
ਲਰੈਂ ਕਰੈਂ ਅਧੀਰ ਸ਼ਤਰੂ ਜਤ ਪਤ੍ਰ ਪਾਨ ਕੋ
ਜਿਤੇ ਸਮੀਪ ਕੋ ਗਨੈ, ਕ੍ਰਿਸਾਨ ਕੋਮ ਜਯੋਂ ਹਨੈਂ
ਪ੍ਰਚੰਡ ਖੰਡ ਕਿਤ ਮੁੰਡ ਤੇਜ ਪੁੰਜ ਭਾਨ ਕੋ

ਘਟਾ ਛਟਾ ਖਿਦਾਰਨੀ ਧਨੀ ਧਰਾ ਪ੍ਰਹਾਰਨੀ ਕਿ
ਕਾਲ ਬਿਆਲ ਕਾਲਕੂਟ, ਗੂੜ੍ਹ ਤ੍ਰਾਨ ਕੋ
ਪ੍ਰਸਿਧ ਦੀਪ ਦੇਸ ਮੈਂ, ਪੁਰੀ ਗਣੇਸ਼ ਸ਼ੇਸ਼ ਮੈਂ
ਗੁਰੂ ਗੋਬਿੰਦ ਸਿੰਘ ਕੀ ਕ੍ਰਿਪਾਨ ਕੇ ਸਮਾਨ ਕੋ ।

ਸ੍ਵੈਯਾ—ਤੇਗ ਬਲੀ ਸ੍ਰੀ ਗੋਬਿੰਦ ਸਿੰਘ, ਚੜ੍ਹੈ ਰਨ ਕੋ ਮਨ ਕੋ ਜੁ ਹੁਲਾਸਾ
'ਰਾਇ' ਕਹੈ ਠਹਿਰਾਇ ਸੁ ਕੋ ਨਰ, ਲਾਖਨ ਮੈਂ ਭੁਜ ਕੋ ਭਰਵਾਸਾ

ਲੋਹ ਕੇ ਤੇਜ਼ ਤੈ ਕੋਦ ਮਜੇਜ਼ ਤੈ, ਧਾਇ ਪਰੈ ਅਰਿ ਕੋ ਮਘਵਾਸਾ
ਸੂਕਤ ਯੋਂ ਮੁਖ ਸੂਰਨ ਕੇ ਘਨਘੋਰ ਕੋ ਸ਼ੋਰ ਸੁਨੇ ਜੁ ਜਵਾਸਾ ।

ਬਲਾਇ ਸਾਨ ਬੀਨ ਤੈ, ਕਨੀ ਅਨੀ ਨਵੀਨ ਕੈ
ਗਢੈ ਬਢੈ ਸੁ ਲੋਹ ਕੋਹ ਸਦ ਨਦ ਕੀਰ ਮੈਂ

ਰਟਯੋ ਨ ਤੇਹ ਦੇਹ ਮੈਂ ਲੁਟੇ ਕਿਤੇ ਜੁ ਖੇਹ ਮੈਂ
ਗੁਰੂ ਗੋਬਿੰਦ ਸਿੰਘ ਕੇ ਛੁਟੇ ਜੁ ਤੀਰ ਬੀਰ ਸੈਂ ।

ਸ੍ਵੈਯਾ— ਲਾਗਿ ਜੰਜਾਇਲ ਸਾਇਲ ਜਯੋਂ ਤਰਫੈਂ ਤਨ ਤਾਇਲ ਘਾਇਲ ਘੂਮੈਂ
ਸੂਰ ਝੁਕੇ ਕਰਵਾਰਨ ਸੋਂ, ਕਰ ਵਾਰਨ ਸੋਂ ਬਹੁ ਲੋਟਤ ਭੂਮੈਂ
ਗੁਰੂ ਗੋਬਿੰਦ ਕੀ ਲਾਜ ਕੇ ਕਾਜ, ਭਜੈ ਨ ਮਹਾਂ ਰਣ ਮੇਂ ਝੁਕ ਝੂਮੈਂ
ਫੂਲ ਕੇ ਹਾਰਨ ਮਾਂਗ ਸੰਧੂਰ ਦੈ, ਹੂਰ ਕਿਤੀ ਮਿਲਿ ਪਾਇੰਨ ਚੂਮੈਂ ।



Digitized by Panjab Digital Library | www.panjabdigilib.org

## ਰਾਸ ਛੰਦ

ਚੜ੍ਹ ਚਲਯੋ ਜੁ ਸਿੰਘ ਗੁਬਿੰਦ, ਸੰਗ ਸੈਨਾ ਸਬਲ਼
ਜਨੁ ਪੱਛਮ ਘਨਘੋਰ, ਉਠਯੋ ਪਾਵਸ ਪ੍ਰਬਲ
ਮੱਤ ਮਤੰਗ ਉਤੰਗ ਧੁਜਾ ਫਰਹਰਹਿ ਇਵ
ਧੁਰਵਾ ਧਾਵਤ ਲੀਏ ਇੰਦ੍ਰ ਕੋ ਧਨੁਖ ਸ਼ਿਵ
ਫਿਰ ਧੁਰਵਾ ਸੇ ਧਰ ਧਾਏ ਧੀਰਜ ਧਰਾ ਧਰ
ਕੋਰ ਬਾਂਧ ਗਿਰ ਜਾਇ ਕੀਨੇ ਬਰਾ ਬਰ
ਬਗ ਪੰਤ ਦੰਤ ਦਰਸ ਏ ਬਾਦਲ ਮੋਹ ਕੇ
ਚੁਏ ਗੰਡ ਮਦ ਪਾਨੀ ਭਾਰੀ ਦੇਹ ਕੇ।......
ਹਿੰਦੂ ਪਤਿ ਗੁਰ ਆਪ, ਸਿੰਘ ਗੋਬਿੰਦ ਹੈਂ
ਜਨ ਮਘਵਾ ਚੜ੍ਹਯੋ ਗੁਰਾਕ, ਸੂਰ ਸੰਗ ਬ੍ਰਿੰਦ ਹੈਂ।

## ਛਪੈ ਛੰਦ

ਸਮੈ ਪਹੁਟੀ ਆਇ, ਸੁ ਤੋ ਕਰਿ ਕਯੋਂ ਕਰ ਹੁੱਟੈ
ਡੋਰ ਕਹਾਂ ਲੈ ਚਲੈ, ਗੁੱਡੀ ਜੋ ਪਵਨ ਨ ਛੁੱਟੈ
ਨਾਰਿ ਕਹਾਂ ਸੋ ਹਿਯੇ ਬਿਨਾ ਭਰਤਾਰ ਸ਼ਿੰਗਾਰੈ
ਸਟਕ ਕਹਾਂ ਲੈ ਚਲੈ, ਜਹਾਂ ਧੋਰੀ ਬਲ਼ਹਾਰੈ
ਜਿਨ ਖੇਵਟ ਨਾਵ ਨਿਬਾਹ ਕਿਤ, ਬਿਨ ਗੁਨਵਾਨ ਚਲੰਤ ਨਹਿੰ
ਇਹ ਪ੍ਰਗਟ ਬਾਤ ਸੰਸਾਰ ਮਹਿੰ, ਬਿਨ ਠਾਕੁਰ ਦਲ ਲੜਤ ਨਹਿੰ।

### ਪਉੜੀ

**ਪੰਜਾਬੀ**— ਸਤਿਗੁਰ ਸੇਵਾ ਹੋਈਐ, ਤਨ ਤਾਨ ਸਤਾਨੇ
ਦੁਖ ਨਸੇ ਸੁਖ ਉਪਜੇ, ਭਾਵਨ ਮਨ ਭਾਨੇ
ਤੇਗ ਬਲੀ ਗੋਬਿੰਦ ਸਿੰਘ, ਸਾਚੇ ਬਲਵਾਨੇ
ਕਲਜੁਗ ਸਾਚੋ ਸੂਰ ਤੂ, ਨੌਂ ਖੰਡੀਂ ਜਾਨੇ।੧।
ਖੰਡਾ ਦਾਨ ਸੰਭਾਰਿਆ, ਕੁਲ ਦਿਤੀ ਓਪ
ਭੇੜ ਭਜਾਏ ਸੂਰਮੇ, ਕਟਿ ਬਖਤ੍ਰ ਟੋਪ
ਤਰਵਾਰੀਂ ਤੇ ਕੈਬਰਾਂ, ਜਿਤੇ ਰਣ ਰੋਪ
ਸ੍ਰੀ ਗੁਰ ਗੋਬਿੰਦ ਸਿੰਘ ਦਾ, ਕੌਣ ਝੱਲੇ ਕੋਪ।੨।
ਘੋਰ ਦਮਾਮੀ ਸੰਚਰੇ, ਤੀਰੇ ਝਰਲਾਵਨ
ਖੰਡਾ ਵਿਚ ਚਮਕਦੀ, ਵੈਰੀ ਤਨ ਤਾਵਨ



Digitized by Panjab Digital Library | www.panjabdigilib.org

ਬੱਦਲ ਮਾਰੂ ਬਰ ਤੁਰੇ, ਭਰ ਜੋਸ਼ੀਂ ਧਾਵਨ
ਕੜਕਣ ਗੋਲੇ ਸ਼ੁਤਰ ਨਾਲਿ, ਕਾਇਰ ਕੰਪਾਵਨ
ਅਰਿ ਘਰ ਕਾਲ ਪਰਖੀਏ, ਘਰਨੀ ਬਿਰਲਾਵਨ
ਚੜ੍ਹਿਆ ਗੁਰੂ ਗੋਬਿੰਦ ਸਿੰਘ, ਸਾਰ ਸੰਦਾ ਸਾਵਨ । ੩ ॥

ਸੱਤੇ ਧਾਰਾਂ ਆਈਆਂ, ਚੜ੍ਹਿ ਬਡੇ ਰਾਜੇ
ਖੇਤ ਮਚਾਇਆ ਸੂਰਮੇ, ਦਲ ਮਾਰੂ ਬਾਜੇ
ਝੰਡੇ ਨੇਜੇ ਬੈਰਕਾਂ, ਤਨ ਪੱਖਰ ਸਾਜੇ
ਨਾਰਦ ਦੁੰਦ ਮਚਾਇਆ, ਫੀਰ ਤੱਕਣ ਖਾਜੇ
ਕਲ ਨੱਚੀ ਮੁਹ ਜੁੱਟਿਆ, ਸੁਣ ਕਾਇਰ ਭਾਜੇ
ਤੇਗ ਸਰਾਹੀ ਸਿੰਘ ਦੀ, ਜਿਨ ਸਭੇ ਰਾਜੇ
ਸਉਹੇ ਹੋਇਆ ਖਾਲਸਾ, ਜਿਨ ਗੈਵਰ ਗਾਜੇ
ਫਤੇ ਕਰੀ ਸ੍ਰੀ ਸਾਹਿਬਾਂ, ਜਗ ਮੈਂ ਜਸ ਛਾਜੇ । ੪ ॥

ਖੋਟੀ ਮਸਲਤਿ ਧੋਹ ਦਿਲ, ਚੜ੍ਹ ਚਲੇ ਪਠਾਣ
ਧਾਏ ਨਾਮ ਲਿਖਾਇਕੈ, ਸਜਿ ਵਡੈ ਮਾਣ
ਤੀਰਾਂ ਤੇਗਾਂ ਗੋਲੀਆਂ, ਜੁੱਟੇ ਘਮਸਾਣ
ਅੱਗੇ ਗੁਰੂ ਗੋਬਿੰਦ ਸਿੰਘ, ਬਲ ਭੀਮ ਸਮਾਨ
ਮਾਰੇ ਖੇਤ ਖਰਾਬ ਕਰ, ਘਾਇਲ ਘਬਰਾਨ
ਲਗੇ ਕੈਬਰ ਕਹਰ ਦੇ, ਚੁਗ ਗਏ ਚਵਾਨ
ਖੋਹਨ ਵਾਲ ਚੁੜੇਲੀਆਂ, ਮਹਿਲੀਂ ਕੁਰਲਾਣ
ਢੂੰਡੇ ਹੱਥ ਨ ਆਉਂਦੇ, ਰਣ ਰੁੜ੍ਹੇ ਪਠਾਣ । ੫ ॥

ਖੰਡੇ ਧੂਹੇ ਮਿਆਨ ਤੇ, ਵੈਰੀ ਬਿਲਖਾਨੇ
ਜੁੱਟੇ ਦੁਹੂੰ ਮੁਕਾਬਲੇ, ਬਿੱਜੂ ਝਰਲਾਨੇ
ਵਾਹਣ ਮੁਣਸਾਂ ਘੋੜਿਆਂ, ਘਾਇਲ ਘੁੰਮਾਨੇ
ਜੂਝਨ ਸਉਹੇ ਸਾਰ ਦੇ, ਦਰਗਹਿ ਪਰਵਾਨੇ
ਮੁੰਡ ਮੁੰਡਕਨ ਮੇਦਨੀ, ਏਹੀ ਨੈਸਾਨੇ
ਜਣੂ ਮਾਲੀ ਸਿਟੇ ਬਾੜਿਆਂ, ਖਰਬੂਜੇ ਕਾਣੇ । ੬ ॥

—o—



Digitized by Panjab Digital Library | www.panjabdigilib.org

## (੨੨) ਸੁਖਦੇਵ

ਪੰਡਿਤ ਸੁਖਦੇਵ, ਗੁਰੂ ਸਾਹਿਬ ਦੇ ਦਰਬਾਰੀ ਕਵੀ ਸਨ ਜਿਨ੍ਹਾਂ 1755 ਬਿ. ਵਿਚ ਵੇਦਾਂਤ ਦੀ ਪ੍ਰਸਿਧ ਰਚਨਾ 'ਅਧਿਆਤਮ ਪ੍ਰਕਾਸ਼' ਰਚੀ। ਆਪ ਕਪਿਲਾ ਨਗਰ ਦੇ ਜੰਮ ਪਲ ਕਾਨ ਕੁਬਜ ਬ੍ਰਾਹਮਣ ਤੇ ਪਿਛੋਂ ਦੌਲਤ ਪੁਰ (ਜ਼ਿ. ਰਾਇ ਬਰੇਲੀ) ਆ ਵਸੇ ਸਨ। ਅਧਿਐਨ ਲਈ ਬਨਾਰਸ ਗਏ ਤੇ ਫਿਰ ਆਪਣੇ ਇਲਾਕੇ ਦੇ ਨਵਾਬਾਂ, ਰਾਜਿਆਂ, ਰਾਣਿਆਂ ਤੇ ਤਅੱਲੁਕੇਦਾਰਾਂ ਪਾਸ ਰਹਿੰਦੇ ਰਹੇ।

ਜ਼ਿਲਾ ਫਤਿਹਪੁਰ ਦੇ ਅਸੋਥਰ ਨਾਮੀ ਕਸਬੇ ਦੇ ਰਾਜਾ ਭਗਵੰਤ ਰਾਇ ਖੀਚੀ ਨੇ ਆਪ ਨੂੰ ਆਪਣੇ ਪਾਸ ਰੱਖਿਆ, ਫਿਰ ਦੌਲਤਪੁਰ ਦੇ ਨੇੜੇ ਡੌਂਡੀਆ ਖੈਰਾ ਨਗਰ ਦੇ ਰਾਉ ਮਰਦਨ ਸਿੰਘ ਨੇ ਸਨਮਾਨ ਦਿਤਾ। ਇਸ ਤੋਂ ਪਿਛੋਂ ਅਮੇਠੀ ਦੇ ਰਾਜਾ ਹਿੰਮਤ ਸਿੰਘ ਪਾਸ ਚਲੇ ਗਏ, ਫਿਰ ਮੁਰਾਰੀ ਮਊ ਦੇ ਰਾਜਾ ਦੇਵੀ ਸਿੰਘ ਪਾਸ ਰਹਿਣ ਦਾ ਵੀ ਪਤਾ ਚਲਦਾ ਹੈ, ਉਸ ਨੇ ਆਪ ਨੂੰ ਦੌਲਤਪੁਰ ਪਿੰਡ ਇਨਾਮ ਦਿਤਾ। ਪੰਡਿਤ ਜੀ ਦੇ ਦੋ ਸਪੁੱਤਰ ਸਨ, ਜਗਨ ਨਾਥ ਤੇ ਬੁਲਾਕੀ ਰਾਮ, ਇਨ੍ਹਾਂ ਦੀ ਸੰਤਾਨ ਅਜ ਕਲ ਦੌਲਤ ਪੁਰ ਵਸਦੀ ਹੈ।*

ਇਸ ਤਰ੍ਹਾਂ ਆਪ ਨੂੰ ਰਾਜਿਆਂ ਰਾਵਾਂ ਪਾਸ ਰਹਿੰਦਿਆਂ ਅਮੀਰੀ ਜੀਵਨ ਬਸਰ ਕਰਨ ਦਾ ਸ਼ੌਕ ਲਗ ਗਿਆ ਤੇ ਕਿਸੇ ਸਮੇਂ ਆਪ ਔਰੰਗਜ਼ੇਬ ਦੇ ਵਜ਼ੀਰ ਨਵਾਬ ਫਾਜ਼ਿਲ ਅਲੀ ਖ਼ਾਂ ਪਾਸ ਆ ਗਏ। ਇਕ ਦਿਨ ਦਰਬਾਰ ਵਿਚ ਬੈਠੇ ਸੀ, ਬਾਹਰੋਂ ਨਗਾਰਾ ਵਜਣ ਦੀ ਅਵਾਜ਼ ਆਈ। ਨਵਾਬ ਸਾਹਿਬ ਨੇ ਹੱਸਦਿਆ ਪੁਛਿਆ 'ਪੰਡਤ ਜੀ! ਇਹ ਕੀ ਕਹਿ ਰਿਹਾ ਹੈ?' ਆਪ ਨੇ ਫ਼ੌਰਨ ਦੋਹਰਾ ਸੁਣਾਇਆ—

ਦ੍ਵਾਰ ਦਮਾਮੇ ਨ ਬਜਤ, ਕਹਤ ਪੁਕਾਰ ਪੁਕਾਰ
ਹਰਿ ਨ ਭਜੇ ਤਤੇ ਪਸੂ ਭਏ, ਪਰਤ ਚਾਮ ਪਰ ਮਾਰ।

ਨਵਾਬ ਪਾਸ ਆਪ ਕਿਤਨਾ ਚਿਰ ਰਹੇ, ਇਹ ਦੱਸਣਾ ਮੁਸ਼ਕਿਲ ਹੈ। ਹਾਂ, ਇਸ ਗੱਲ ਤੋਂ ਅਸੀਂ ਜਾਣੂ ਹਾਂ ਕਿ ਪੰਡਤ ਜੀ ਨੇ ਨਵਾਬ ਸਾਹਿਬ ਦੇ ਨਾਮ ਤੇ 1733 ਬਿਕ੍ਰਮੀ ਵਿਚ 'ਫਾਜ਼ਲ ਅਲੀ ਪ੍ਰਕਾਸ਼' ਗ੍ਰੰਥ ਲਿਖਿਆ ਜਿਸ ਵਿਚ ਰਸ, ਛੰਦ, ਅਲੰਕਾਰ, ਨਾਇਕ ਨਾਇਕਾ ਭੇਦ ਆਦਿ ਦਾ ਵਰਣਨ ਹੈ ਤੇ ਥਾਂ ਥਾਂ ਨਵਾਬ ਸਾਹਿਬ ਦੀ ਉਸਤਤਿ ਕੀਤੀ ਹੈ। ਇਸੇ ਪੁਸਤਕ ਵਿਚ ਕਵੀ ਨੇ ਆਪਣੇ ਬਾਰੇ ਇਉਂ ਜਾਣਕਾਰੀ ਦਿਤੀ ਹੈ —

---

*ਪ੍ਰਾਚੀਨ ਪੰਡਿਤ ਔਰ ਕਵੀ (ਮਹਾਂਬੀਰ ਪ੍ਰਸਾਦ ਦ੍ਵਿਵੇਦੀ) 1918 ਈ.



Digitized by Panjab Digital Library | www.panjabdigilib.org

ਰਚੀ ਕਪਿਲ ਮੁਨਿ ਕੰਪਲਾ, ਵਸਹਿ ਸੁਰਸਰੀ ਤੀਰ
ਨਿਸ ਦਿਨ ਜਾ ਮਹਿੰ ਪੇਖੀਏ, ਕਵਿ ਕੋਵਿਦ ਕੀ ਭੀਰ । ੩੪ ।

ਵਸਤ ਤਹਾਂ ਨਿਜ ਧਰਮ ਰਤ, ਚਾਰ ਬਰਣ ਅਨੁਰੂਪ
ਨਾਹੀ ਨਰ ਜਹਿੰ ਦੇਖੀਏ, ਦੇਵੀ ਦੇਵ ਸੁਰੂਪ । ੩੫ ।

ਵਸਤ ਤਹਾਂ ਖਟ ਕੁਲ ਬੜੇ,ਸਕਲ ਅਵਨਿ ਕੇ ਦੇਵ
ਜਿਨ ਕੇ ਕੁਲ ਮਹਿੰ ਅਵਤਰੇ, ਸੁਮਤਿ ਮਿਸ੍ਰ ਸੁਖਦੇਵ । ੩੬ ।

ਅਲਹ ਯਾਰ ਖ਼ਾਂ ਭੁਜ ਬਲੀ, ਸੁਮਤਿ ਸੂਰ ਜਿਰਤਾਜ
ਜਿਨਹਿ ਦਯੋ 'ਕਵਿਰਾਜ' ਪਦ, ਬੜੇ ਗਰੀਬ ਨਿਵਾਜ਼ । ੩੭ ।

ਪਾਵਤ ਪਾਰ ਨ ਬੇਦ ਜਹਿੰ, ਕਵਿਤਾ ਨਿਪਟ ਅਗਾਧ
ਭਰਤ ਮਤੇ ਕਛੂ ਕਹਤ ਹੋਂ, ਛਿਮਯਹੁ ਕਵਿੰ ਅਪਰਾਧ । ੩੮ ।

ਭੂਖਨ ਯੁਤ ਦੂਖਨ ਰਹਤ, ਸਕਲ ਰਸਨ ਕੇ ਵਾਸ
ਗ੍ਰੰਥ ਰਚਉਂ ਕਵਿਰਾਜ ਯਹ, ਫਾਜ਼ਿਲ ਅਲੀ ਪ੍ਰਕਾਸ਼ । ੩੯ ।

ਸਤ੍ਰਹ ਸੈ ਤੇਤੀਸ ਯਹ, ਸੰਬਤ ਬਰਨੋਂ ਚਾਰੁ
ਸਾਵਨ ਸੁਦਿ ਤਿਥਿ ਪੰਚਮੀ, ਭਇਓ ਗ੍ਰੰਥ ਅਵਤਾਰ । ੪੦ ।

[ਭਾਸ਼ਾ ਵਿਭਾਗ ਲਾਇਬ੍ਰੇਰੀ,ਖਰੜਾ ਨੰ: 129

ਇਹ ਸ਼ੰਕਾ ਹੋਣਾ ਸੁਭਾਵਕ ਹੈ ਕਿ ਅਜੇਹੇ ਨਵਾਬਾਂ ਦੇ ਰਾਜ ਦਰਬਾਰਾਂ ਵਿਚ ਰਹਿਣ ਵਾਲਾ ਤੇ ਉਨ੍ਹਾਂ ਦੇ ਗੁਣ ਗਾਉਣ ਵਾਲਾ ਪੰਡਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੇਹੇ ਮੁਗਲ ਸਾਮਰਾਜ ਵਿਰੋਧੀ ਕ੍ਰਾਂਤੀਕਾਰੀ ਗੁਰੂ ਪਾਸ ਕਿਵੇਂ ਆ ਗਿਆ । ਇਸ ਦਾ ਨਿਸਚਿਤ ਜਵਾਬ ਤਾਂ ਦੇਣਾ ਔਖਾ ਹੈ ਪਰ ਇਹ ਅਨੁਮਾਨ ਕਰਨਾ ਭੁੱਲ ਨਹੀਂ, ਕਿ ਨਵਾਬੀ ਚਾਕਰੀ ਸਮੇਂ ਕਿਸੇ ਗੱਲੋਂ ਦਿਲ ਉਚਾਟ ਹੋ ਗਿਆ ਹੋਵੇ ਤੇ ਇਹ ਦਿਲੀ ਛਡ ਤੁਰੇ ਹੋਣ ਤੇ ਗੁਰੂ ਸਾਹਿਬ ਪਾਸ ਆ ਗਏ ਹੋਣ ।

ਪੰਡਿਤ ਜੀ ਦੀ ਰਚਨਾ 'ਛੰਦ ਵਿਚਾਰ ਪਿੰਗਲ' ਦਾ ਖਰੜਾ ਖਾਲਸਾ ਕਾਲਜ ਲਾਇਬਰੇਰੀ ਪਟਿਆਲਾ ਵਿਚ 168 ਨੰਬਰ ਤੇ ਪਿਆ ਹੈ. ਉਸ ਦੇ ਅੰਤ ਤੇ ਦਰਜ ਹੈ—

ਪਿੰਗਲ ਮਤ ਪ੍ਰਸਤਾਰ ਸਹ, ਆਯੋ ਦੇਸ ਪੰਜਾਬ
ਗੁਰ ਗੋਬਿੰਦ ਕੀ ਸਭਾ ਮਹਿੰ, ਪਢਤ ਹੋਇ ਬਰ ਕਾਵਿ ।
ਸਤ੍ਰਹ ਸੈ ਚੌਤਾਲੀਆ, ਸੰਮਤ ਬਿਕ੍ਰਮ ਰਾਇ
ਸੁਖਦੇਵ ਸੁ ਮਿਸ੍ਰ ਕਿਰਤ ਹੈ, ਗੁਰ ਤੇ ਬਹੁ ਧਨ ਪਾਇ ।'

ਇਸ ਤੋਂ ਪਤਾ ਲਗਦਾ ਹੈ ਕਿ 1744 ਬਿ. ਵਿਚ ਆਪ ਗੁਰੂ ਸਾਹਿਬ ਪਾਸ ਪਾਉਂਟੇ ਪਹੁੰਚੇ ਸਨ ।



Digitized by Panjab Digital Library | www.panjabdigilib.org

1755 ਬਿ. ਵਿਚ ਉਨ੍ਹਾਂ ਆਪਣਾ ਗ੍ਰੰਥ 'ਅਧਯਾਤਮ ਪ੍ਰਕਾਸ਼' ਸੰਪੂਰਣ ਕੀਤਾ—

'ਵੇਦ ਬਚਨ ਸਿੰਮ੍ਰਿਤਿ ਬਚਨ, ਕਹਿ 'ਸੁਖਦੇਵ' ਵਿਲਾਸ
ਅਧਯਾਤਮ ਪ੍ਰਕਾਸ਼ ਤੇ. ਅਧਯਾਤਮ ਪ੍ਰਕਾਸ਼।
ਸੰਬਤ ਸਤ੍ਰਹ ਸੈ ਬਰਖ, ਪਚਪਨ ਅਸ੍ਵਨ ਮਾਨ
ਏਕਾਦਸ਼ਿ ਬੁਧ ਗ੍ਰੰਥ ਭਵ, ਸ਼ੁਕਲ ਪੱਖਯ ਸੁਭ ਜਾਨ।'

ਇਹ ਗੱਲ ਧਿਆਨ ਗੋਚਰੀ ਹੈ ਕਿ ਜੋ ਕਵੀ ਰਾਜਿਆਂ ਨਵਾਬਾਂ ਪਾਸ ਰਹਿ ਕੇ ਉਮਰ ਭਰ ਬਿਲਾਸੀ ਸਹਿਤ ਰਚਦਾ ਰਿਹਾ ਤੇ ਉਨ੍ਹਾਂ ਦੇ ਗੁਣ ਗਾਉਂਦਾ ਰਿਹਾ, ਉਹ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੁਹ ਦਾ ਸਦਕਾ ਬ੍ਰਹਿਮ ਗਿਆਨੀ ਹੋ ਗਿਆ ਤੇ ਉਸ ਨੇ ਬੜੇ ਸਰਲ ਤਰੀਕੇ ਨਾਲ ਵੇਦਾਂਤ ਸਿਧਾਂਤ ਦਾ ਸਾਰ ਨਿਰੂਪਣ ਕਰਦਿਆਂ ਇਸ ਗਿਆਨ-ਗ੍ਰੰਥ ਦੀ ਰਚਨਾ ਕੀਤੀ।

ਪੰਡਿਤ ਸੁਖਦੇਵ ਚੰਗਾ ਤਕੜਾ ਵਿਦਵਾਨ ਸੀ। ਇਸ ਦੇ ਚੇਲੇ ਵੀ ਅੱਛੇ ਕਵੀ ਹੋਏ† ਤੇ ਇਸ ਆਪ ਵੀ ਕਈ ਰਚਨਾਵਾਂ ਰਚੀਆਂ —

| | | |
|---|---|---|
| 1 | ਛੰਦ ਵਿਚਾਰ ਪਿੰਗਲ | (1728 ਬਿ.) |
| 2 | ਰਸਾਰਣਵ | (1730 ਬਿ.) |
| 3 | ਫਾਜ਼ਿਲ ਅਲੀ ਪ੍ਰਕਾਸ਼ | (1733 ਬਿ.) |
| 4 | ਸ੍ਰਿੰਗਾਰ ਲਤਾ | |

---

† ਚਰਨਦਾਸ ਰਣਜੀਤ ਸੁਖਦੇਵ ਦਾ ਚੇਲਾ ਸੀ, ਇਸ ਨੇ 'ਗਿਆਨ ਸੁਰੋਦੈ', ਗਿਆਨ ਸਮੁੰਦਰ ਤੇ ਜੋਗ ਸਾਰ ਆਦਿ ਪੁਸਤਕਾਂ ਰਚੀਆਂ। 'ਗਿਆਨ ਸੁਰੋਦੈ' ਦੇ ਅੰਤ ਵਿਚ ਲਿਖਿਆ ਹੈ —

ਡਹਿਰੇ ਮਹਿਮੇ ਜਨਮ, ਨਾਂਵ ਰਣਜੀਤ ਬਖਾਨੋ
ਮੁਰਲੀ ਕੋ ਸੁਤ ਜਾਨ, ਜਾਤ ਢੂਸਰ ਪਹਿਚਾਨੋ
ਬਾਲ ਅਵਸਥਾ ਮਾਹਿ, ਬਹੁਰ ਦਿਲੀ ਮਹਿੰ ਆਯੋ
ਰਮਤ ਮਿਲੇ ਸੁਖਦੇਵ, ਨਾਉਂ ਚਰਨਦਾਸ ਧਰਾਯੋ।
ਜੋਗ ਜੁਗਤਿ ਹਰਿ ਭਗਤਿ ਕਰ,ਬ੍ਰਹਿਮ ਗਿਆਨ ਦ੍ਰਿਢ ਕਰ ਗਹਯੋ
ਆਤਮ ਤਤ ਬਿਚਾਰ ਕੈ, ਅਜਪਾ ਮੈਂ ਸਨਮੁਖਿ ਰਹਯੋ। ੨੫੦।

ਅਸੋਥਿਰ ਨਿਵਾਸੀ ਸ਼ੰਭੂ ਨਾਥ ਮਿਸ਼ਰ ਵੀ ਸੁਖਦੇਵ ਦਾ ਹੀ ਸ਼ਿਸ਼ ਸੀ, ਜਿਸ ਨੇ 'ਰਸ ਕਲੋਲ' ਤੇ 'ਅਲੰਕਾਰ ਦੀਪਕ' ਰਚੇ।

'ਸ੍ਰੀ ਗੁਰ ਕਵਿ ਸੁਖਦੇਵ ਕੇ, ਚਰਨ ਚਾਰੂ ਫਲ ਦਾਨ
ਮੋਰੇ ਹੀਏ ਮੇਂ ਰਹਿਤ, ਕਰਤ ਰਹਿਤ ਕਬਿਤਾਨ।'



Digitized by Panjab Digital Library | www.panjabdigilib.org

5 ਸਾਮਦ੍ਰਿਕ ਭਾਖਾ
6 ਦਸ਼ਰਥ ਰਾਇ
7 ਅਧਿਆਤਮ ਪ੍ਰਕਾਸ਼ (1755 ਬਿ.)

ਕਵੀ ਨੇ ਰਾਜਾ ਹਿੰਮਤ ਸਿੰਘ ਅਮੇਠੀ ਵਾਲਿਆਂ ਲਈ 'ਛੰਦ ਵਿਚਾਰ' ਰਾਵ ਮਰਦਨ ਸਿੰਘ ਖਾਤਰ 'ਰਸਾਰਣਵ', ਰਾਜਾ ਦੇਵੀ ਸਿੰਹ ਦੇ ਕਹਿਣ ਤੇ ਸ਼੍ਰਿੰਗਾਰ ਲਤਾ' ਤੇ ਨਵਾਬ ਫ਼ਜ਼ਿਲ ਅਲੀ ਨੂੰ ਪ੍ਰਸੰਨ ਕਰਨ ਵਾਸਤੇ 'ਫ਼ਾਜ਼ਿਲ ਅਲੀ ਪ੍ਰਕਾਸ਼' ਦੀ ਰਚਨਾ ਕੀਤੀ ਸੀ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਪਾਸ ਰਹਿੰਦਿਆਂ ਕਵੀ ਦਾ ਜੀਵਨ ਦ੍ਰਿਸ਼ਟੀਕੋਣ ਬਦਲ ਗਿਆ ਤੇ ਉਹ ਬਿਲਾਸੀ ਪੰਡਿਤ ਦੀ ਥਾਂ ਆਤਮ ਪ੍ਰਕਾਸ਼ੀ ਨਿਰਮਲ ਸਾਧੂ ਯਾ ਉੱਤਮ ਤੱਤ-ਗਿਆਨੀ ਬਣ ਗਿਆ, ਜਿਸਦਾ ਪਰਿਦਰਸ਼ਨ ਅਧਿਆਤਮ ਪ੍ਰਕਾਸ਼' ਵਿਚੋਂ ਮਿਲਦਾ ਹੈ।

ਕਵੀ ਨੇ ਪਹਿਲਾ ਸਵਾਲ ਹੀ ਇਹ ਉਠਾਇਆ ਹੈ ਕਿ ਗਿਆਨ ਕਿਸ ਨੂੰ ਕਹਿੰਦੇ ਹਨ ਜਿਸ ਦੀ ਪ੍ਰਾਪਤੀ ਮਾਤਰ ਤੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਗਿਆਨ ਹੈ ਆਪਣੇ ਆਪੇ ਦੀ ਪਛਾਣ। ਪਰੰਤੂ ਇਸ ਗਿਆਨ ਦੀ ਪ੍ਰਾਪਤੀ ਲਈ ਵੈਰਾਗਜ, ਵਿਵੇਕ, ਖਟ ਸੰਪਤਿ (ਸਮ, ਦਮ, ਉਪਰਤਿ, ਤਿਤਿੱਛਾ, ਸ਼ਰਧਾ, ਸਮਾਧਾਨ) ਤੇ ਮੁਮੂਕਸ਼ੂ (ਮੁਕਤੀ ਦੀ ਤੀਬਰ ਭਾਵਨਾ) ਆਦਿ ਚਾਰ ਸਾਧਨਾਂ ਦਾ ਹੋਣਾ ਜ਼ਰੂਰੀ ਹੈ। ਇਸ ਉਪਰੰਤ ਗੁਰੂ, ਗਿਆਨ ਦੀ ਬਖਸ਼ਸ਼ ਕਰਦੇ ਤੇ ਸਮਝਾਉਂਦੇ ਹਨ ਕਿ ਤੂੰ ਬ੍ਰਹਿਮ ਰੂਪ ਹੀ ਹੈਂ, ਹੋਰ ਕੁਝ ਨਹੀਂ। ਹੋਰ ਕੁਝ ਸਮਝਣਾ ਭੁਲੇਖਾ ਹੈ, ਭਰਮ ਹੈ, ਇਸੇ ਵਿਚਾਰ-ਲੜੀ ਵਿਚ ਵਿਦਵਾਨ ਕਵੀ ਨੇ ਅੱਗੇ ਵੇਦਾਂਤ ਦਾ ਸਾਰ ਨਿਰੂਪਣ ਕੀਤਾ ਹੈ।

ਵੰਨਗੀ—'ਤਤ' ਪਦ ਮਾਨਹੁ ਸਿੰਧੁ ਹੈ, 'ਤ੍ਵੰ' ਪਦ ਬੂੰਦ ਸਮਾਨ
ਅਸਿ ਪਦ ਪਾਨੀ ਦੁਹਨ ਮਹਿ, ਤਾਹਿ ਏਕ ਕਰਿ ਜਾਨ।
ਗੰਧ੍ਰਵ ਨਗਰਿ ਜੈਸੇ ਬਾਦਰ ਮਹਿ ਦੇਖਿਅਤ
ਨੀਲਤਾ ਅਕਾਸ਼ ਮਝ ਖਾਲੀ ਕੋ ਧਰਮ ਹੈ
ਜੈਸੇ ਸੁਖੋ ਦੁਖ ਆਗੇ ਪੁਰਸ਼ ਸੋ ਨਿਸ ਲਾਗੈ
ਜੇਵਰੀ ਅੰਧੇਰੇ ਮਾਂਝ ਸਾਂਪ ਜਿਉਂ ਨਿਰਮ ਹੈ
ਕਹਹਿ ਸੁਖਦੇਵ' ਜੈਸੇ, ਹੀਰਾ ਕੋ ਫਟਕ ਜਾਨਹਿਂ
ਲਾਲ ਕੋ ਅੰਗਾਰ ਮਾਨਹਿ ਲਾਗਤ ਗਰਮ ਹੈ
ਰੂਪੋ ਸੀਪ ਸੇਤਨ ਮੈਂ ਨੀਰ ਲਖਹਿ ਰੇਤਨ ਮੈਂ
ਐਸੇ ਬ੍ਰਹਮ ਚੇਤਨ ਮੈਂ ਜਗਕੋ ਭਰਮ ਹੈ। ।੨੯੦।
ਸਿਰ ਹੈ ਅਕਾਸ ਸਾਸ ਨਸਿਕਾ ਪਵਨ ਵਸ
ਸੂਰ ਸਸਿ ਨੈਨ ਮੁਖ ਅਨਲ ਕੋ ਕਰ ਹੈ



Digitized by Panjab Digital Library | www.panjabdigilib.org

ਹਰ ਹਰਿ ਭੁਜਾ ਦੋਊ, ਹਿਯ ਚਤੁਰਾਨਨ ਹੈ
ਉਦਰ ਸਕਲ ਲੋਕ ਬਾਣੀ ਵੇਦ ਰਰ ਹੈ
ਪਰਬਤ ਅਸਥ ਰੋਮ, ਸਕਲ ਬਨਸਪਤਿ
ਮੇਘ ਮਾਲ ਬੀਰਜ ਪਤਾਲ ਪਾਂਵ ਤਰ ਹੈ
ਅਲਖ ਅਰੂਪ ਜਾਂਕੀ ਮਹਿਮਾ ਅਨੂਪ ਦੇਖਹੁ
ਵਹੈ ਵਿਸ਼ਵ ਰੂਪ ਵਹੈ ਵਿਸ਼ਵ ਰੂਪ ਧਰਿ ਹੈ । ੩੬ ।

ਰਵਿ ਕੋ ਪ੍ਰਕਾਸ਼ ਪਾਇ ਲੋਚਨ ਬਿਲੋਕਹਿ ਰੂਪ
ਤੈਸੇ ਰਵਿ ਬ੍ਰਹਿਮ ਕੋ ਪ੍ਰਕਾਸ਼ ਸਬ ਦਾਤ ਮੈਂ
ਜੈਸੇ ਏਕ ਸੂਤ ਮਾਝ ਮਨਿ ਗਣ ਪੋਈਯਤ
ਤੈਸੇ ਏਕ ਚੇਤਨ ਹੈ ਬੁਧਿਨ ਕੇ ਗਾਤ ਮੈਂ
ਸਭ ਹੀ ਮੈਂ ਏਕ ਵਹੈ ਸਭਨ ਤੇ ਨਯਾਰੋ ਰਹੈ
ਗਗਨ ਸਮਾਨ ਨ ਮਿਲਤ ਕਾਹੂ ਬਾਤ ਮੈਂ
ਅਜ, ਅਬਿਨਾਸ਼ੀ, ਪਰਿਪੂਰਣ ਪ੍ਰਕਾਸ਼ੀ
'ਸੁਖਦੇਵ' ਸੁਖ ਵਾਸੀ ਐਸੋ ਨਿਤ ਗਨ ਆਤਮੈਂ । ੧੩੨ ।

ਮੁਖ ਕੋ ਅਭਾਸ ਜੈਸੋ ਦਰਪਨ ਮੇਂ ਦੇਖਯਤ
ਮੁਖ ਤੇ ਨ ਨਯਾਰੋ ਤਾਂਹਿ ਗਨਿਯਤ ਗਾਤ ਮੈਂ
ਤੈਸੇ ਬ੍ਰਹਿਮ ਚੇਤਨ ਕੋ ਬੁਧਿ ਮੈਂ ਅਭਾਸ ਪਰਿਓ
ਤਾਂ ਹੀ ਸੋ ਕਹਤ ਜੀਵ ਬਹੁ ਬਿਧਿ ਬਾਤ ਮੈਂ
ਦਰਪਨ ਕੇ ਟਾਰੇ ਪ੍ਰਤਿਬਿੰਬ ਮਿਟ ਜਾਤ ਜੈਸੇ
ਬ੍ਰਹਿਮ ਕੇ ਵਿਚਾਰੇ ਦੇਖਿਓ ਜੀਵ ਮਿਟ ਜਾਤ ਮੈਂ
ਅਜ ਅਬਿਨਸ਼ੀ ਪਰਿਪੂਰਣ ਪ੍ਰਕਾਸ਼ੀ
'ਸੁਖਦੇਵ' ਸੁਖਰਾਸੀ ਐਸੋ ਨਿਤ ਗਨ ਆਤਮੈ । ੧੩੧ ।

ਔਰ ਵਸਤੁ ਚਾਹੀਏ ਤੋ ਦੀਪਕ ਪ੍ਰਕਾਸ਼ਤ ਹੈ
ਦੀਪਕ ਕੇ ਚਾਹਬੇ ਕੋ ਦੀਪਕ ਨ ਚਾਹੀਏ
ਔਰ ਸਭ ਦੇਖਬੇ ਕੋ ਆਂਖ 'ਸੁਖਦੇਵ' ਜੈਸੇ
ਆਂਖਨ ਕੇ ਦੇਖਬੇ ਕੋ ਕੌਨ ਅਵਗਾਹੀਏ
ਰਵਿ ਕੇ ਪ੍ਰਕਾਸ਼ ਪਾਇ ਸਭ ਕੋ ਪ੍ਰਕਾਸ਼ ਹੋਤ
ਰਵਿ ਮੈਂ ਪ੍ਰਕਾਸ਼ ਜੈਸੇ ਸੂਤੇ ਹੀ ਸਰਾਹੀਏ
ਅਗਨਿ ਮੈਂ ਦਾਹਕ ਸ਼ਕਤਿ ਜੈਸੇ ਆਪ ਹੀ ਤੇ
ਤੈਸੇ ਸ੍ਵਯ ਪ੍ਰਕਾਸ਼ ਏਕ ਆਤਮਾ ਬਤਾਈਏ ।



Digitized by Panjab Digital Library | www.panjabdigilib.org

ਪਾਪ ਅਰੁ ਪੁੰਨ ਦੋਊ ਪਟੀਆ ਪ੍ਰਬਲ ਜਾਂਕੈ
ਲੋਕ ਅਰ ਵੇਦ ਰੀਤਿ, ਵਾਸਨਾ ਕੀ ਵਾਰ ਕੈ

ਕਾਮ, ਕ੍ਰੋਧ, ਲੋਭ, ਮੋਹ, ਕੀਲਨ ਸੋਂ ਰਾਖੇ ਜਰ
ਕਹੈ 'ਸੁਖਦੇਵ' ਚਕ੍ਰ ਕਰਮਨ ਬਿਚਾਰ ਕੈ
ਆਸ੍ਰਮ, ਵਰਣ ਅਭਿਮਾਨ ਕੀ ਜੰਜ਼ੀਰ ਜਾਨ
ਸੁਖ ਅਰ ਦੁਖ ਕੈ ਕਿਵਾਰ ਤੋਰ ਤਾਰਿ ਕੈ

ਭ੍ਰਮ ਕੋ ਨਿਵਾਰ ਰੂਪ ਅਪਨੋ ਸੰਭਾਰ ਸਿੰਘ
ਨਿਕਸਯੋ ਪ੍ਰਬੋਧ ਜਗ, ਪਿੰਜਰ ਕੋ ਫਾਰ ਕੈ। ੧੪੨।

ਦੋਹਰਾ

ਸਤ ਚਿਤ ਜਾਨਤ ਬ੍ਰਹਿਮ ਕਉ, ਤਉ ਲਉ ਕਹਿਯਤ 'ਗਿਆਨ'
ਬ੍ਰਹਿਮ ਆਪ ਹੀ ਕਉ ਲਖਹੁ, ਸੋ 'ਵਿਗਿਆਨ' ਵਿਧਾਨ। ੨੦੮।

ਨਰ ਸੋ ਨ ਜਨਮ ਨ ਧਰਮ ਵੇਦ ਸ਼ਾਸਨਾ ਸੋਂ
ਬਿਪ੍ਰ ਸੋਂ ਵਰਣ ਨ ਆਸ੍ਰਮ ਨ ਗੇਹੀ ਸੋ
ਕਰਮ ਸੋ ਅਮਲ ਨ ਮਲਿਨ ਵਿਸ਼ਯ ਲੰਪਟ ਸੋ
ਜਗ ਸੋ ਨ ਭਰਮ ਨ ਭੁਲੈਯਾ ਔਰ ਨੇਹੀ ਸੋ

ਗੁਰੂ ਸੋ ਨ ਵੈਦ ਉਪਚਾਰ ਨ ਵਿਚਾਰ ਜੈਸੇ
ਅਗਯ ਸੋ ਨ ਰੋਗੀ ਔ ਅਸੰਜਮੀ ਨ ਏਹੀ ਸੋ

ਮਨ ਸੋ ਉਪਾਸਕ ਸੁਬੁਧਿ ਸੋਂ ਨ ਸੰਗੀ ਔਰ
ਦੇਹਿ ਸੋ ਨ ਦੇਹੁਰਾ, ਨ ਦੇਵ ਔਰ ਦੇਹੀ ਸੋ। ੨੧੫। [ਅਧਯਾਤਮ ਪ੍ਰਕਾਸ਼

## (੨੩) ਬ੍ਰਿੰਦ

ਜਿਸ ਤਰ੍ਹਾਂ ਪੰਡਿਤ ਸੁਖਦੇਵ ਮੁਗਲ ਸਰਪ੍ਰਸਤੀ ਵਿਚ ਪਲਿਆ ਕਵੀਰਾਜ ਸੀ, ਇਸੇ ਤਰ੍ਹਾਂ ਬ੍ਰਿੰਦ ਵੀ ਅਜੇਹੇ ਪ੍ਰਤਿਸ਼ਟਤ ਕਵੀਆਂ ਵਿਚੋਂ ਸੀ ਜਿਨ੍ਹਾਂ ਨੂੰ ਮੁਗਲ ਦਰਬਾਰ ਵਿਚ ਉਚਾ ਸਨਮਾਨ ਪ੍ਰਾਪਤ ਸੀ ਪਰੰਤੂ ਅਨੰਦਪੁਰ ਦਾ ਸੁਤੰਤਰ ਤੇ ਸ੍ਵੈਮਾਨ ਵਾਲਾ ਵਾਤਾਵਰਣ ਹਰ ਵਿਦਵਾਨ ਨੂੰ ਆਪਣੇ ਵਲ ਆਕਰਸ਼ਿਤ ਕਰ ਰਿਹਾ ਸੀ ਤੇ ਬ੍ਰਿੰਦ ਵੀ ਸਾਰੇ ਸ਼ਾਹੀ ਸਨਮਾਨਾਂ ਨੂੰ ਤਿਆਗ ਕੇ ਸਤਿਗੁਰਾਂ ਦੀ ਸ਼ਰਣ ਆਇਆ। 'ਬ੍ਰਿੰਦ ਸਤਸਈ' ਦੇ ਮੁਢ ਵਿਚ ਤੇ ਅੰਤ ਵਿਚ ਉਹ ਗੁਰੂ ਸਾਹਿਬ ਨੂੰ ਸੁਆਮੀ ਤੇ 'ਨਾਥ' ਕਹਿ ਕੇ ਯਾਦ ਕਰਦਾ ਹੈ —



Digitized by Panjab Digital Library | www.panjabdigilib.org

ਸ੍ਰੀ ਗੁਰ ਨਾਥ ਪ੍ਰਭਾਵ ਤੇ, ਹੋਤ ਮਨੋਰਥ ਸਿਧ
ਘਨ ਤੇ ਜਿਉਂ ਤਰੁ ਵੇਲ ਦਲ, ਫੂਲ ਫਲਨ ਕੀ ਬ੍ਰਿਧ । ੧ ।

ਅੰਤ ਤੇ —

ਪੁਨਿ ਅਨੰਦ ਸਤਿਗੁਰ ਪੁਰੀ, ਵਸਤ ਨਾਥ ਦਿਨ ਰਾਤ
ਜੋ ਦਰਸਹਿ ਪਾਤਕ ਟਰਹਿ, ਵਸਹਿ ਤਾਂਹਿ ਸੁਖ ਸ਼ਾਂਤਿ । ੭੦੩ ।

ਬ੍ਰਿੰਦ (ਜਨਮ 1700 ਬਿ.) ਸੇਵਕ ਜਾਤੀ ਦਾ ਬ੍ਰਾਹਮਣ ਮੇੜਤਾ ਰਿਆਸਤ ਜੋਧਪੁਰ ਦਾ ਵਸਨੀਕ ਸੀ ਤੇ ਇਸ ਦਾ ਪਿਤਾ ਵੀ ਅੱਛਾ ਕਵੀ ਸੀ। ਪਹਿਲੇ ਇਸ ਕਾਂਸ਼ੀ ਵਿਚ ਵਿਦਿਆ ਪ੍ਰਾਪਤ ਕੀਤੀ ਫਿਰ ਮਹਾਰਾਜਾ ਜਸਵੰਤ ਸਿੰਘ (1736 ਬਿ. ਦੇਹਾਂਤ) ਪਾਸ ਜੋਧਪੁਰ ਆ ਗਿਆ। ਨਵਾਬ ਮੁਹੰਮਦ ਸ਼ਾਹ ਦੀ ਮਾਰਫਤ ਇਸ ਦੀ ਜਾਣ ਪਛਾਣ ਔਰੰਗਜ਼ੇਬ ਨਾਲ ਹੋਈ ਤਾਂ ਉਸ ਨੇ ਵਿਦਵਾਨ ਜਾਣਕੇ ਦਰਬਾਰ ਵਲੋਂ ਦਸ ਰੁਪਏ ਰੋਜ਼ੀਨਾ ਲਾ ਦਿਤਾ। ਫਿਰ ਇਸ ਨੂੰ ਆਪਣੇ ਪੋਤੇ ਅਜ਼ੀਮੁੱਸ਼ਾਨ ਨਾਲ ਲਗਾ ਦਿਤਾ। 1742 ਬਿ. ਵਿਚ ਮਹਾਰਾਜਾ ਮਾਨ ਸਿੰਘ ਇਨ੍ਹਾਂ ਨੂੰ ਕ੍ਰਿਸ਼ਣ ਗੜ੍ਹ ਲੈ ਆਏ ਤੇ ਆਪਣੇ ਸਪੁਤਰ ਰਾਜ ਕੁਮਾਰ ਰਾਜ ਸਿੰਘ ਦੀ ਵਿਦਿਆ ਦਾ ਕੰਮ ਸੌਂਪਿਆ। ਕੁਝ ਅਰਸਾ ਇਹ ਅਜਮੇਰ ਦੇ ਸੂਬੇਦਾਰ ਮਿਰਜ਼ਾ ਕਾਦਰੀ ਦੀ ਲੜਕੀ ਨੂੰ ਪੜ੍ਹਾਉਂਦੇ ਰਹੇ। ਦਰਅਸਲ ਇਹ ਮੁਗ਼ਲ ਦਰਬਾਰ ਦੇ ਵਿਦਵਾਨ ਰਤਨ ਸਨ ਤੇ ਲੋੜ ਅਨੁਸਾਰ ਇਧਰ ਉਧਰ ਚਲੇ ਜਾਂਦੇ ਸਨ। ਇਥੋਂ ਹੀ ਕਿਸੇ ਸਮੇਂ ਅਨੰਦਪੁਰ ਗੁਰੂ ਦਰਬਾਰ ਵਿਚ ਪਹੁੰਚੇ ਤੇ ਕੁਝ ਅਰਸਾ ਗੁਰੂ ਸਾਹਿਬ ਪਾਸ ਰਹੇ। ਇਨ੍ਹਾਂ ਦੀ ਰਚਨਾ 'ਭਾਵ ਪੰਚਾਸ਼ਿਕਾ' ਦੀ ਇਕ ਹੱਥ ਲਿਖਤ ਕਾਪੀ, ਭਾਸ਼ਾ ਵਿਭਾਗ ਲਾਇਬਰੇਰੀ ਪਟਿਆਲਾ ਵਿਚ (ਨੰ: 201) ਸੁਰੱਖਿਅਤ ਹੈ, ਇਸ ਦੇ 18ਵੇਂ ਪੱਤਰੇ ਤੇ ਲਿਖਿਆ ਹੈ—

'ਗੁਰੂ ਗੋਬਿੰਦ ਸਿੰਘ ਹਜ਼ੂਰ ਕਵਿ
ਭਾਈ ਬ੍ਰਿੰਦ ਔਰ ਕਾਵਿ ਰਚੇ ਬਹੁਤ।'

ਆਪ ਦੀਆਂ ਪ੍ਰਾਪਤ ਰਚਨਾਵਾਂ ਇਹ ਹਨ —

| | | | |
|---|---|---|---|
| 1 | ਬ੍ਰਿੰਦ ਸਤਸਈ | 4 | ਹਿਤੋਪਦੇਸ਼ ਸ਼ਟਕ |
| 2 | ਭਾਵ ਪੰਚਾਸਿਕਾ | 5 | ਪਵਨ ਪਚੀਸੀ |
| 3 | ਸ਼੍ਰਿੰਗਾਰ ਸ਼ਿਕਸਾ | 6 | ਯਮਕਾਲੰਕਾਰ |

ਬ੍ਰਿੰਦ ਸਤਸਈ ਤੇ ਭਾਵ ਪੰਚਾਸ਼ਿਕਾ ਦੇ ਗੁਰਮੁਖੀ ਹੱਥਲਿਖਤਾਂ ਵਿਚ ਆਮ ਉਤਾਰੇ ਮਿਲਦੇ ਹਨ। ਸਤਸਈ ਵਿਚ ਤਾਂ ਗੁਰੂ ਸਾਹਿਬ ਤੇ ਅਨੰਦਪੁਰ ਦਾ ਸਪਸ਼ਟ ਵਰਣਨ ਹੈ। ਇਸ ਦੇ ਅੰਤ ਵਿਚ ਸਤਸਈ ਦੀ ਸਮਾਪਤੀ ਦਾ ਸਾਲ 1761 ਬਿ. ਮਹੀਨਾ ਕੱਤਕ



Digitized by Panjab Digital Library | www.panjabdigilib.org

ਦਿਨ ਬੁਧਵਾਰ ਦਿਤਾ ਹੈ ਤੇ ਲਿਖਿਆ ਹੈ ਇਹ ਰਚਨਾ ਢਾਕੇ ਵਿਚ ਸੰਪੂਰਣ ਹੋਈ —

ਸਮੈਂ ਸਾਰ ਦੋਹਾਨ ਕੋ, ਸੁਨਤ ਹੋਤ ਮਨ ਮੋਦ
ਪ੍ਰਗਟ ਭਯੋ ਯਹ ਸਤਸਯਾ, ਭਾਖਾ ਬ੍ਰਿੰਦ ਬਿਨੋਦ ।
ਸੰਬਤ ਸਸਿ ਰਸ ਵਾਰ ਸਸਿ, ਕਾਤਿਕ ਸੁਦਿ ਸਸਿਵਾਰ
ਤਾਂਤੇ ਢਾਕੇ ਸ਼ਹਿਰ ਮੈਂ, ਉਪਜਯੋ ਪੁਹਮਿ ਪ੍ਰਚਾਰ ।

ਜੇਹਾ ਕਿ ਅਸਾਂ ਉਤੇ ਜ਼ਿਕਰ ਕੀਤਾ ਹੈ ਕਿ ਔਰੰਗੇ ਦਾ ਪੋਤਰਾ ਅਜ਼ੀਮੁੱਸ਼ਾਨ ਬ੍ਰਿਜ ਭਾਸ਼ਾ ਤੇ ਉਰਦੂ ਸ਼ਾਇਰੀ ਦਾ ਸ਼ੌਕੀਨ ਸੀ ਤੇ ਖੁਦ ਲਿਖਣ ਵਿਚ ਦਿਲਚਸਪੀ ਰੱਖਦਾ ਸੀ । * ਇਹ ਬੰਗਾਲ ਬਿਹਾਰ ਤੇ ਉੜੀਸੇ ਦਾ ਸੂਬੇਦਾਰ ਵੀ ਰਿਹਾ । ਹੋ ਸਕਦਾ ਹੈ ਜਦੋਂ ਅਨੰਦਪੁਰ ਦੀ ਸਾਹਿਤ ਭੂਮੀ ਵੈਰੀਆਂ ਦੇ ਹਮਲਿਆਂ ਕਾਰਣ ਜੁੱਧ-ਭੂਮੀ ਬਣ ਗਈ ਤਾਂ ਬ੍ਰਿੰਦ ਵੀ ਹੋਰ ਕਵੀਆਂ ਵਾਂਙ ਅਨੰਦਪੁਰੋਂ ਆ ਗਿਆ ਤੇ ਢਾਕੇ ਵਲ ਚਲਿਆ ਗਿਆ ਹੋਵੇ ਤੇ ਉਥੇ ਹੀ ਸਤਸਈ ਸੰਪੂਰਨ ਕੀਤੀ ਹੋਵੇ ।

ਦੂਸਰਾ ਅਨੁਮਾਨ ਇਹ ਵੀ ਹੈ ਕਿ ਕ੍ਰਿਸ਼ਣ ਗਢ ਦੇ ਮਹਾਰਾਜਾ ਰਾਜ ਸਿੰਘ, ਜਦ ਸ਼ਾਹੀ ਲਸ਼ਕਰ ਨਾਲ ਢਾਕੇ ਗਏ ਤਾਂ ਸ਼ਾਇਦ ਕਵੀ ਬ੍ਰਿੰਦ ਉਨ੍ਹਾਂ ਦੇ ਨਾਲ ਉਥੇ ਗਿਆ ਹੋਵੇ । ਕਵੀ ਦਾ ਦੇਹਾਂਤ 1780 ਬਿ.ਵਿਚ ਹੋਇਆਂ, ਅਜ ਕੱਲ ਆਪ ਦੀ ਔਲਾਦ ਕ੍ਰਿਸ਼ਣ ਗਢ ਵਿਚ ਮੌਜੂਦ ਹੈ । ਸਤਸਈਆਂ ਤਾਂ ਅਨੇਕਾਂ ਲਿਖੀਆਂ ਗਈਆਂ । ਹਿੰਦੀ ਸਾਹਿਤ ਵਿਚ 'ਬਿਹਾਰੀ ਸਤਸਈ' ਤੇ 'ਬ੍ਰਿੰਦ ਸਤਸਈ' ਦਾ ਬਹੁਤ ਸਨਮਾਨ ਹੈ । 'ਬਿਹਾਰੀ ਸਤਸ਼ਈ' ਸ਼ਿੰਗਾਰ ਰਸੀ ਰੰਗ ਕਰਕੇ ਤੇ 'ਬ੍ਰਿੰਦ ਸਤਸਈ' ਨੀਤੀ ਬਚਨਾਂ ਕਾਰਣ ਵਿਸ਼ੇਸ਼ ਪ੍ਰਸਿੱਧੀ ਰਖਦੀ ਹੈ ।

## 'ਬ੍ਰਿੰਦ ਸਤਸਈ' ਵਿਚੋਂ

ਜੈਸੇ ਬੰਧਨ ਪ੍ਰੇਮ ਕੋ, ਤੈਸੇ ਬੰਧ ਨ ਔਰ
ਕਾਠਹਿ ਭੇਦੈ, ਕਮਲ ਕੋ ਛੇਦ ਨ ਨਿਕਰੈ ਭੌਰ ।
ਜੋ ਜਾਂਕਉ ਪਿਆਰੀ ਲਗੈ, ਸੋ ਤਿਹਂ ਕਰਤ ਬਖਾਨ
ਜੈਸੇ ਵਿਖ ਕੋ ਵਿਖ ਭਖੀ, ਮਾਨਤ ਅਮੀ ਸਮਾਨ ।
ਪਰ ਘਰਿ ਕਬਹੂੰ ਨ ਜਾਈਏ, ਗਏ ਘਟਤ ਹੈ ਜੋਤਿ
ਰਵਿ ਮੰਡਲ ਮੇਂ ਜਾਤ ਸਸਿ, ਛੀਨ ਕਲਾ ਛਬਿ ਹੋਤ ।
ਏਕ ਦਸ਼ਾ ਨਿਬਹੈ ਨਹੀਂ, ਜਿਨ ਪਛਤਾਵਹੁ ਕੋਇ
ਰਵਿ ਹੂੰ ਕੀ ਇਕ ਦਿਵਸ ਮੈਂ, ਤੀਨ ਅਵਸਥਾ ਹੋਇ ।

---

* ਹਿੰਦੀ ਭਾਸ਼ਾ ਔਰ ਸਾਹਿਤ ਕਾ ਵਿਕਾਸ (ਅਜੁਧਿਆ ਸਿੰਘ ਉਪਾਧਿਆਇ) ਪੰਨਾ 338



Digitized by Panjab Digital Library | www.panjabdigilib.org

ਸਾਚ ਝੂਠ ਨਿਰਨੈ ਕਰੈ, ਨੀਤਿ ਨਿਪੁਨ ਜੁ ਹੋਇ
ਰਾਜਹੰਸ ਬਿਨ ਕੋ ਕਰੈ, ਛੀਰ ਨੀਰ ਕੋ ਦੋਇ।
ਸੁਧਰੀ ਬਿਗਰੈ ਬੇਗ ਹੀ, ਬਿਗਰੀ ਫਿਰ ਸੁਧਰੈ ਨ
ਦੂਧ ਫਟੈ ਕਾਂਜੀ ਪਰਹਿ, ਸੋ ਫਿਰ ਦੂਧ ਬਨੈ ਨ।
ਪ੍ਰਕ੍ਰਿਤਿ ਮਿਲੈ ਮਨ ਮਿਲਤ ਹੈ, ਅਨਮਿਲਤੇ ਨ ਮਿਲਾਹਿ
ਦੂਧ ਦਹੀਂ ਤੇ ਜਮਤ ਹੈ, ਕਾਂਜੀ ਤੇ ਫਟ ਜਾਇ।

ਭੇਖ ਬਨਾਵਹਿ ਸੂਰ ਕੋ, ਕਾਇਰ ਸੂਰ ਨ ਹੋਇ
ਖਾਲ ਉਢਾਏ ਸਿੰਘ ਕੀ, ਸਯਾਰ ਸਿੰਘ ਨਹਿੰ ਹੋਇ।
ਕਬਹੂੰ ਪ੍ਰੀਤਿ ਨ ਜੋਰੀਏ, ਜੋਰਿ ਤੋਰੀਏ ਨਾਹਿੰ
ਜਿਉਂ ਤੋਰੈ ਜੋਰੈ ਬਹੁਰ, ਗਾਂਠ ਪਰਤ ਗੁਨ ਮਾਹਿ।
ਤ੍ਰਿਨ ਹੂੰਤੇ ਅਰੁ ਤੂਲ ਤੇ, ਹਰੁਵੇ ਯਾਚਕ ਆਹਿ
ਜਾਨਤ ਹੈ ਕਛੁ ਮਾਂਗਹੈ, ਪਵਨ ਉਡਾਵਤ ਨਾਹਿ।
ਕਹੂੰ ਕਿਸੀ ਹੰਸੀਏ ਨਹੀਂ, ਹੰਸੀ ਕਲਹ ਕੋ ਮੂਲ
ਹਾਂਸੀ ਹੀ ਤੈ ਹੈਂ ਭਏ, ਕੁਲ ਪਾਂਡਵ ਨਿਰਮੂਲ।

ਏਕ ਏਕ ਅੱਛਰ ਪਢਹਿ, ਜਾਨਹਿ ਗ੍ਰੰਥ ਵਿਚਾਰ
ਪੈਂਡ ਪੈਂਡ ਹੂ ਚਲਤ ਜੋ, ਪਹੁੰਚਹਿ ਕੋਸ ਹਜ਼ਾਰ।
ਉਤਮ ਜਨ ਕੇ ਸੰਗ ਮੈਂ, ਸਹਿਜੇ ਹੀ ਸੁਖ ਭਾਸ
ਜੈਸੇ ਨ੍ਰਿਪ ਪਹਿਰੇ ਅਤਰ, ਲੇਤ ਸਭਾ ਜਨ ਵਾਸ।
ਉਦਰ ਭਰਨ ਕੇ ਕਾਰਨੇ, ਪ੍ਰਾਨੀ ਕਰੈ ਇਲਾਜ
ਨਾਚੈ, ਬਾਚੈ ਰਣ ਭਿਰੈ, ਰਚਹਿ ਕਾਜ ਅਕਾਜ।

ਭਲੇ ਬੁਰੇ ਹੂੰ ਸਿਉਂ ਕਰਤ, ਉਪਕਾਰੀ ਉਪਕਾਰ
ਤਰੁਵਰ ਛਾਇਆ ਕਰਤ ਹੈ, ਨੀਚ ਊਚ ਨ ਬਿਚਾਰ।
ਜੋ ਪਾਵਹਿ ਅਸਿ ਊਚ ਪਦ, ਤਾਂ ਕੋ ਪਤਨ ਨਿਦਾਨ
ਜਿਉਂ ਤਪਿ ਤਪਿ ਮੱਧਯਾਨ ਲੌ, ਅਸਤ ਹੋਤ ਹੈ ਭਾਨੁ।
ਚਤੁਰ ਸਭਾ ਮੇਂ ਕੂਰ ਨਰ, ਸ਼ੋਭਾ ਪਾਵਤ ਨਾਂਹਿ
ਜੈਸੇ ਬਕ ਸੋਹਤ ਨਹੀਂ, ਹੰਸ ਮੰਡਲੀ ਮਾਂਹਿ।

ਸਭ ਕੋ ਰਸ ਮੇਂ ਰਾਖੀਏ, ਅੰਤ ਲੀਜੀਏ ਨਾਂਹਿ
ਬਿਖ ਨਿਕਸਯੋ ਅਤਿ ਮਥਨ ਤੇ, ਰਤਨਾਕਰ ਹੂੰ ਮਾਂਹਿ।
ਮਾਰਹਿ ਇਕ ਰੱਛਾ ਕਰਹਿ, ਏਕਹਿ ਕੁਲ ਕੇ ਹੋਇ
ਜਿਉਂ ਕ੍ਰਿਪਾਨ ਅਰੁ ਕਵਚ ਯਹ, ਏਕ ਲੋਹ ਸੇ ਦੋਇ।



Digitized by Panjab Digital Library | www.panjabdigilib.org

ਕਰਤ ਕਰਤ ਅਭਿਆਸ ਕੇ, ਜੜ੍ਹ ਮਤਿ ਹੋਤ ਸੁਜਾਨ
ਰਸਰੀ ਆਵਨ ਜਾਨ ਤੇ, ਸਿਲ ਪਰ ਪਰਤ ਨਿਸ਼ਾਨ।
ਦੋਊ ਚਾਹਹਿੰ ਮਿਲਨ ਕੋ, ਤਉ ਮਿਲਾਪ ਨਿਰਧਾਰ
ਕਬਹੂੰ ਨਾਹਿਨ ਬਾਜਹੈ, ਏਕ ਹਾਥ ਸੇ ਤਾਰਿ।
ਦ੍ਵੈ ਹੀ ਗਤਿ ਹੈਂ ਬਡਨ ਕੀ, ਕੁਸਮ ਮਾਲਤੀ ਭਾਇ
ਕੈ ਸਭ ਕੇ ਸਿਰ ਪਰ ਰਹੈਂ, ਕੈ ਬਨ ਮਾਂਹਿ ਬਿਲਾਇ।
ਦਾਨ ਦੀਨ ਕੋ ਦੀਜੀਏ, ਮਿਟਹਿ ਦਰਦ ਕੀ ਪੀਰ
ਔਖਧਿ ਤਾਂਕੋ ਦੀਜੀਏ, ਜਾਂਕੇ ਰੋਗ ਸਰੀਰ।
ਸਬ ਸੋਂ ਆਗੇ ਹੋਇਕੈ, ਕਬਹੁੰ ਨ ਕਰੀਏ ਬਾਤ
ਸੁਧਰੈ ਕਾਜ, ਸਮਾਨ ਫਲ, ਬਿਗਰਹਿ ਗਾਰੀ ਖਾਤ।
ਉਤਮ ਵਿਦਿਆ ਲੀਜੀਏ, ਯੱਦਪਿ ਨੀਚ ਪੈ ਹੋਇ
ਪਰਯੋ ਅਪਾਵਨ ਠੌਰ ਕੋ, ਕੰਚਨ ਤਜਤ ਨ ਕੋਇ।

## (੨੪) ਗਿਰਧਰ ਲਾਲ

ਦਰਬਾਰੀ ਕਵੀਆਂ ਵਿਚ ਗਿਰਧਰ ਲਾਲ ਦਾ ਨਾਮ ਮਿਲਦਾ ਹੈ, ਜਿਸ 1745 ਬਿ. ਵਿਚ 'ਪਿੰਗਲਸਾਰ' ਦੀ ਰਚਨਾ ਕੀਤੀ ਸੀ। ਕਵੀ ਦੇ ਵਡੇਰੇ ਮੁਲਤਾਨ ਤੇ ਫਿਰ ਸਢੌਰੇ ਰਹੇ ਸਨ ਤੇ ਪਿਛੋਂ ਲਾਹੌਰ ਵਾਸੀ ਹੋ ਗਏ ਸਨ। ਆਪ ਦੇ ਬਜ਼ੁਰਗਾਂ ਵਿਚੋਂ ਅਨੰਤ ਦਾਸ ਦਾ ਪੁੱਤਰ ਦੁਆਰਕਾ ਦਾਸ ਸੀ, ਜਿਸ ਨੂੰ ਮੁਜ਼ੱਫਰ ਖ਼ਾਨ ਲਾਹੌਰੋਂ ਜਾਂਦਾ ਆਪਣੇ ਨਾਲ ਆਗਰੇ ਲੈ ਗਿਆ। ਮਾਲੂਮ ਹੁੰਦਾ ਹੈਂ ਕਿ ਇਹ ਖਤਰੀ ਘਰਾਣਾ ਮੁਨਸ਼ੀਆਂ ਮੁਸੱਦੀਆਂ ਦਾ ਸੀ ਜੋ ਮੁਗ਼ਲ ਰਾਜ ਦੀ ਨੌਕਰੀ ਵਿਚ ਰਹੇ ਸਨ। ਇਨ੍ਹਾਂ ਵਿਚੋਂ ਅਗੇ ਗਜ ਮੱਲ ਹੋਇਆ, ਜਿਸ ਦਾ ਪੁੱਤਰ ਗਿਰਧਰ ਲਾਲ ਸੀ। ਗਿਰਧਰ ਲਾਲ ਨੇ ਮਿਸ਼ਰ ਹਿਰਦੈ ਰਾਮ ਤੋਂ ਵਿਦਿਆ ਪਾ ਕੇ, ਛੰਦ ਸ਼ਾਸਤ੍ਰ ਬਾਰੇ ਇਹ ਰਚਨਾ ਕੀਤੀ; ਜਿਸ ਦਾ ਰਚਨਾਕਾਲ 1745 ਬਿ: ਮੱਘਰ ਸੁਦੀ ਦੁਆਦਸੀ, ਦਿਨ ਸੋਮਵਾਰ ਦਿਤਾ ਗਿਆ ਹੈ। ਕਵੀ ਨੇ ਇਹ ਵੀ ਲਿਖਿਆ ਹੈ ਕਿ ਮੈਂ ਇਹ ਗ੍ਰੰਥ ਆਗਰੇ ਵਿਚ ਤਿਆਰ ਕੀਤਾ। 1745 ਬਿ. ਵਿਚ ਗੁਰੂ ਗੋਬਿੰਦ ਸਿੰਘ ਪਉਂਟੇ ਸਨ, ਹੋ ਸਕਦਾ ਹੈ, ਕਵੀ ਇਹ ਆਪਣੀ ਰਚਨਾ ਨਾਲ ਲੈ ਕੇ ਇਥੇ ਆਇਆ ਹੋਵੇ ਯਾ ਫਿਰ ਅਨੰਦਪੁਰ ਆ ਕੇ ਭੇਟ ਕੀਤੀ ਹੋਵੇ। ਅੰਤ ਵਿਚ ਇਹ ਦੋਹਰਾ ਦਰਜ ਹੈ—

ਸ੍ਰੀ ਸਤਿਗੁਰ ਗੋਬਿੰਦ ਸਿੰਘ, ਮੀਰ ਪੀਰ ਸੁਖ ਮੰਡ
ਰਾਜ ਮੱਧ 'ਗਿਰਧਰ' ਕਹਯੋ, ਪਿੰਗਲ ਸਾਰ ਅਖੰਡ। ੫੩।



Digitized by Panjab Digital Library | www.panjabdigilib.org

ਕਈ ਹੱਥ ਲਿਖਤ ਉਤਾਰਿਆਂ ਵਿਚ ਇਸ ਦੀ ਪਹਿਲੀ ਤੁਕ ਦਾ ਪਾਠ 'ਇਉਂ' ਵੀ ਮਿਲਦਾ ਹੈ— 'ਬੰਸ ਚੁਗੱਤਾ ਚੱਕਵੈ, ਆਲਮਗੀਰ ਪ੍ਰਚੰਡ।'

ਅਰਥਾਤ ਚੁਗੱਤਾ ਖਾਨਦਾਨ ਦਾ ਬਾਦਸ਼ਾਹ ਆਲਮਗੀਰ ਔਰੰਗਜ਼ੇਬ। ਹੋ ਸਕਦਾ ਹੈ, ਪਹਿਲਾਂ ਇਹੋ ਤੁਕ ਹੋਵੇ ਤੇ ਪਿਛੋਂ ਕਵੀ ਨੇ ਗੁਰੂ ਸਾਹਿਬ ਅੱਗੇ ਪੇਸ਼ ਕਰਨ ਲਗਿਆਂ ਉਨ੍ਹਾਂ ਦਾ ਨਾਮ ਪਾ ਦਿਤਾ ਹੋਵੇ।

ਇਹ ਕੋਈ ਅਨੋਖੀ ਗੱਲ ਨਹੀਂ। ਕਵੀ ਇਸ ਤਰ੍ਹਾਂ ਕਰਦੇ ਰਹੇ ਹਨ। ਦੂਜਾ ਧਿਆਨ ਯੋਗ ਨੁਕਤਾ ਇਹ ਵੀ ਹੈ ਕਿ ਗਿਰਧਰ ਦੇ 'ਪਿੰਗਲਸਾਰ' ਦੇ ਉਤਾਰੇ ਗੁਰਮੁਖੀ ਹੱਥ ਲਿਖਤਾਂ ਵਿਚ ਕਈ ਥਾਂ ਮਿਲਦੇ ਹਨ। ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ ਦਾ 129 ਨੰਬਰ ਖਰੜਾ ਹੈ, ਜਿਸ ਵਿਚ ਦਰਬਾਰੀ ਕਵੀ ਅੰਮ੍ਰਿਤਰਾਇ ਦਾ ਚਿਤ੍ਰ ਬਿਲਾਸ, ਪੰਡਿਤ ਸੁਖਦੇਵ ਦਾ ਫ਼ਾਜ਼ਲ ਅਲੀ ਪ੍ਰਕਾਸ਼ ਤੇ ਗਿਰਧਰ ਦਾ 'ਪਿੰਗਲ ਸਾਰ' ਇਕੇ ਥਾਂ ਸੰਗ੍ਰਹੀਤ ਹਨ ਤੇ ਇਹ ਨੁਸਖਾ ਚੰਗੀ ਸੁੰਦਰ ਲਿਖਤ ਵਾਲਾ ਹੈ।

ਸੋ ਇਹ ਪੰਜਾਬ ਵਾਸੀ ਕਵੀ, ਭਾਵੇਂ ਰਹਿੰਦਾ ਆਗਰੇ ਸੀ ਪਰ ਜਦ ਇਸ ਨੂੰ ਸੂੰਧਕ ਮਿਲੀ ਕਿ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਤ-ਰਚਨਾ ਦਾ ਯੱਗ ਰਚਿਆ ਹੈ ਤਾਂ ਇਹ ਪਾਉਂਟੇ ਆਇਆ ਤੇ ਇਸ ਯਥਾਯੋਗ ਹਿੱਸਾ ਪਾਇਆ।

'ਸ਼ਾਇਦ 'ਨਾਇਕਾ ਭੇਦ' ਦੀ ਰਚਨਾ ਵੀ ਇਸ ਨੇ ਕੀਤੀ ਸੀ।†

## 'ਪਿੰਗਲ ਸਾਰ' ਵਿਚੋਂ

ਆਗਮ ਨਿਗਮ ਭੇਦ ਪਲ ਮੈਂ ਸੁਗਮ ਕੀਨੇ
ਪਿੰਗਲ ਕੇ ਛੰਦ ਕਾਵਯ ਕਰਤ ਬਖਾਨ ਹੈ।
ਸੁਗਨ ਵਿਚਾਰਬੇ ਕਉ ਜੁਗਤਿ ਸੁਧਾਰਬੇ ਕਉ
ਭਗਤ ਉਧਾਰਬੇ ਕਉ ਚਤੁਰ ਸਯਾਨ ਹੈ।
ਅੰਮ੍ਰਿਤ ਰਸਾਲ ਬਾਨੀ, ਜਗਤ ਮੈਂ ਜਾਨੈ ਗਯਾਨੀ
ਅੱਖਰ ਕੋ ਜੌਹਰੀ ਬਿਚਖਨ ਸੁਜਾਨ ਹੈਂ।
ਕਹੈ ਗਿਰਧਾਰੀ ਕਵਿ ਮਿਸ੍ਰ ਹ੍ਰਿਦੈ ਰਾਮ ਬਹੁ
ਗੁਨ ਕੈ ਨਿਧਾਨ ਗਣਪਤਿ ਕੇ ਸਮਾਨ ਹੈ। ੨।

ਹ੍ਰਿਦਯ ਰਾਮ ਕੌ ਸੁਮਰਕੈ, ਕਰੌਂ ਗ੍ਰੰਥ ਬਿਸਤਾਰ
ਆਸੀ ਬਿਖ ਬਾਨੀ ਅਮਰ, ਭਾਖਾ ਕਿਯ ਨਿਰਧਾਰ। ੩।

---

† ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ ਪ੍ਰਥਮ ਖੰਡ, ਪੰਨਾ 227



Digitized by Panjab Digital Library | www.panjabdigilib.org

ਆਦਿ ਭਰਤ ਹਮੀਰੇ ਪੁਨ, ਚੌਰਾਸੀ ਇਕ ਜਾਨ
ਬ੍ਰਿਤ ਰਤਨਾਕਰ ਨਾਮ ਇਕ, ਛੰਦ ਕੋਸ਼ ਪਰਮਾਨ । ੪ ।

ਬਾਨੀ ਭੂਖਨ ਆਦਿ ਦੈ, ਇਨ ਕੋ ਤਤੁ ਜੁ ਆਨਿ
ਭਾਖਾ ਪ੍ਰਿੰਗਲ ਕਰਤ ਹੌਂ, ਜੈਸੋ ਮੋ ਮੈਂ ਗਯਾਨ । ੫ ।

ਸੰਮਤ ਇਖੁ ਸੁਰਤਿ ਵਾਰ ਸਸਿ, ਮੰਘਰ ਸੁਕਲ ਸੁਢਾਰ
ਰਵਿ ਤਿਥਿ ਵਾਸਰ ਚੰਦ ਕੋ, ਉਤਪਤਿ ਪਿੰਗਲਸਾਰ । ੬ ।

## ਅਥ ਕਵਿ ਬੰਸ ਵਰਨਨੰ

ਪ੍ਰਥਮ ਬੰਸ ਅਪਨੋ ਕਹੈਂ, ਬਹੁਰ ਗਰੜ ਅਹਿ ਬਾਦ
ਸ੍ਰੀ ਪੁਖਕਰ ਕੀ ਨਾਭਿ ਤੇ, ਉਪਜੇ ਬ੍ਰਹਿਮ ਪ੍ਰਸਾਦ । ੭ ।

ਤਿਨਕੀ ਸੰਤਤਿ ਜਾਨਯੋ, ਭਰਦ੍ਵਾਜ ਪ੍ਰਮਾਨ
ਤਿਹੀ ਗੋਤ ਗਡਿਯਲ ਪ੍ਰਗਟ, ਛਤ੍ਰੀ ਗਯਾਤ ਸੁਜਾਨ । ੮ ।

ਪ੍ਰਗਟ ਪੁਰੀ ਇਹ ਖਯਾਤ ਤਿਹ, ਤੇਜਪਾਲ ਅਵਦਾਤ
ਆਸਪਾਲ ਤਿਨੇ ਭਯੋ, ਜੀਵਨ ਜੀ ਕੋ ਤਾਤ । ੯ ।

ਚਲਯੋ ਨਗਰ ਮੁਲਤਾਨ ਤੇ, ਬਸਯੋ ਸਢੌਰੇ ਗਰਾਮ
ਜੀਵਨ ਜੂ ਕੋ ਸੁਤ ਭਜੇ, ਭਾਗ ਮੱਲ ਸੁ ਨਾਮ । ੧੦ ।

ਚਾਰ ਮਾਲ ਤਿਨ ਕੇ ਭਯੋ, ਜਿਨਕੇ ਆਰਦ ਦਾਸ
ਤਿਨ ਕੇ ਸੇਵਾ ਦਾਸ ਸੁਤ, ਜਿਨ ਕਿਯ ਲਵਪੁਰਿ ਬਾਸ । ੧੧ ।

ਅਨੰਤ ਦਾਸ ਤਿਨ ਕੇ ਭਯੋ, ਸਸਿ ਸਮ ਜੋਤਿ ਪ੍ਰਕਾਸ਼
ਜਿਨ ਕੇ ਸੁਤ ਉਪਜਜੋ ਸੁਮਤਿ, ਨਾਮ ਦ੍ਵਾਰਕਾ ਦਾਸ । ੧੨ ।

ਤਿਨ ਕੋ ਗੰਧਾਰੀ ਨ੍ਰਿਪਤਿ, ਬਲੀ ਮੁਜ਼ੱਫ਼ਰ ਜਾਨ
ਲੈ ਆਯੋ ਸੰਗ ਆਗਹੇ, ਬਹੁਤ ਸੁ ਕਰਿ ਸਨਮਾਨ । ੧੩ ।

ਰੂਪ ਚੰਦ ਤਿਨ ਕੇ ਤਨਯ, ਜਿਨ ਕੇ ਸਾਂਵਲਦਾਸ
ਚਤੁਰ ਚਤੁਰ ਤਿਨਕੇ ਤਨਯ, ਜਾਨਤ ਸਕਲ ਹੁਲਾਸ । ੧੪ ।

ਬੋਹਿਥ ਬੋਹਿਥ ਬੁਧਿ ਕੋ, ਗਜ ਮੱਲ ਅਨੁਜ ਪ੍ਰਕਾਸ਼
ਤੇਰੇ ਗਿਰਧਰ ਅਨੁਜ ਹੈਂ, ਹ੍ਰਿਦੈ ਰਾਮ ਕੋ ਦਾਸ । ੧੫ ।

ਜੋ ਇਹੁ ਗ੍ਰੰਥ ਪ੍ਰਗਟ ਕਰੈ, ਜਾਨੋ ਕੋਵਿਦ ਰਾਇ
ਲੱਜ੍ਯਾਧਰ ਲੱਜਾ ਧਰੇ, ਤਿਨ ਤੇ ਅਨੁਜ ਗਿਨਾਇ । ੧੬ ।



Digitized by Panjab Digital Library | www.panjabdigilib.org

ਅੰਤ ਵਿਚ ਲਿਖਿਆ ਹੈ —

ਭਜੋ ਗ੍ਰੰਥ ਪੂਰਨ ਸਕਲ, ਛੰਦ ਤੀਨ ਸੈ ਆਠ
ਸੋਧੋ ਸੁਬੁਧਿ ਸੁਧਾਰ ਕੈ; ਜਹ ਅਸ਼ੁਧ ਕਹੂੰ ਪਾਠ। ੫੦।
ਇਹ ਬਿਨਤੀ ਮਨ ਆਨਯੋ, ਸੁਕਬਿ ਸੁ ਜਾਤਿ ਸੁਭਾਵ
ਜੋ ਢਿਠਈ ਗਿਰਧਰ ਕਰੀ ਛਮਿਯਹੁ ਪ੍ਰੇਮ ਪ੍ਰਭਾਵ। ੫੧।

ਖਟ ਗ੍ਰੰਥਨ ਕੋ ਮਤ ਸੁਨਯੋ, ਹ੍ਰਿਦਹਿ ਉਪਜਯੋ ਚਾਇ
ਨਗਰ ਆਗਰੇ ਮੈਂ ਕਹੇ, ਪ੍ਰਗਟ ਚਾਰ ਅਧਿਆਇ। ੫੨।

ਸ੍ਰੀ ਸਤਿਗੁਰ ਗੋਬਿੰਦ ਸਿੰਘ, ਮੀਰ ਪੀਰ ਸੁਖ ਮੰਡ
ਰਾਜ ਮੱਧ 'ਗਿਰਧਰ' ਕਰਯੋ, 'ਪਿੰਗਲ ਸਾਰ' ਅਖੰਡ। ੫੩।

ਜੋ ਇਸ ਪਿੰਗਲ ਸਾਰ ਕੋ, ਪੜ੍ਹਹਿ ਗੁਨਹਿ ਚਿਤ ਲਾਇ
ਛੰਦ ਗਯਾਨ ਆਵਹਿ ਸਕਲ, ਗਿਰਧਰ ਲਾਲ ਬਤਾਇ। ੫੪।

[ਭਾਸ਼ਾ ਵਿਭਾਗ ਲਾਇਬ੍ਰੇਰੀ, ਖਰੜਾ ਨੰ: 129

## (੨੫) ਆਲਮ

ਹਿੰਦੀ ਸਾਹਿਤ ਵਿਚ ਦੋ ਆਲਮ ਕਵੀਆਂ ਦਾ ਵਰਣਨ ਹੈ, ਪਹਿਲਾ ਅਕਬਰ ਦੇ ਜ਼ਮਾਨੇ ਹੋਇਆ ਜਿਸ ੯੯੧ ਹਿ. ਵਿਚ ਮਾਧਵਾਨਲ ਕਾਮਕੰਦਲਾ ਲਿਖੀ। ਮੁਢ ਵਿਚ ਹੀ ਜ਼ਿਕਰ ਹੈ —

ਦਿੱਲੀਪਤਿ ਅਕਬਰ ਸੁਲਤਾਨਾ। ਸਪਤ ਦੀਪ ਮਹਿੰ ਜਾਂਕੀ ਆਨਾ। ੩।
ਆਗੇ ਠਢੇ ਮਹਾਂ ਮਤਿ ਮੰਤ੍ਰੀ। ਨ੍ਰਿਪ ਰਾਜਾ ਟੋਡਰ ਮੱਲ ਛੱਤ੍ਰੀ
ਸੰਮਤ ਨੌ ਸੈ ਇਕਾਨਵ ਆਹੀ। ਕਰੋਂ ਕਥਾ ਅਬ ਬੋਲਉਂ ਤਾਂਹੀ। ੫।

ਕੁਝ ਵਿਦਵਾਨਾਂ ਇਸ ਨੂੰ ਸੰਮਤ ਨੌ ਸੌ ਇਕਾਵਨ ਪੜ੍ਹਨ ਦਾ ਭੁਲੇਖਾ ਖਾਧਾ ਹੈ† ਪਰ ਉਸ ਸਮੇਂ ਤਾਂ ਅਕਬਰ ਰਾਜ ਗੱਦੀ ਤੇ ਨਹੀਂ ਸੀ। ਸੋ 991 ਹਿ. ਮੁਤਾਬਿਕ 1640 ਬਿ. ਹੀ ਸਹੀ ਹੈ।

ਦੂਜਾ ਆਲਮ ਚੰਦ, ਔਰੰਗਜ਼ੇਬ ਸਮੇਂ ਹੋਇਆ ਜੋ ਕਿ ਸ਼ਹਿਜ਼ਾਦਾ ਮੁਅੱਜ਼ਮ ਪਾਸ ਰਹਿੰਦਾ ਸੀ, ਸੀ ਇਹ ਬ੍ਰਾਹਮਣ ਪਰ ਕਿਸੇ ਸ਼ੇਖ ਨਾਮੀ ਲਿਲਾਰਨ ਦੇ ਇਸ਼ਕ ਵਿਚ ਫਸ ਕੇ ਮੁਸਲਮਾਨ ਹੋ ਗਿਆ ਸੀ। ਗੱਲ ਇਤਨੀ ਹੋਈ ਕਿ ਇਸ ਕਪੜਾ ਰੰਗਣਾ ਦਿਤਾ, ਉਸ ਦੇ ਪੱਲੇ ਕਾਗਜ਼ ਬੱਧਾ ਹੋਇਆ ਸੀ ਜਿਸ ਤੇ ਕਵਿਤਾ ਦੀ ਇਕ ਸਤਰ ਲਿਖੀ ਹੋਈ ਸੀ।

† ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ (ਪ੍ਰਥਮ ਖੰਡ), ਪੰਨਾ 158



Digitized by Panjab Digital Library | www.panjabdigilib.org

ਸ਼ੇਖ ਨੇ ਦੂਜੀ ਸਤਰ ਜੋੜ ਕੇ ਉਹ ਕਾਗਜ਼ ਉਸੇ ਤਰ੍ਹਾਂ ਪਰਤਾ ਦਿਤਾ, ਜਿਸ ਨੂੰ ਪੜ੍ਹ ਕੇ ਆਲਮ ਚੱਕ੍ਰਿਤ ਰਹਿ ਗਿਆ ਤੇ ਉਸ ਨਾਲ ਵਿਆਹ ਕਰ ਲਿਆ।

ਦੋਹਰਾ ਇਹ ਸੀ— ਕਨਕ ਛਰੀ ਸੀ ਕਾਮਨੀ, ਕਾਹੇ ਕਉ ਕਟਿ ਛੀਨ
ਕਟਿ ਕੋ ਕੰਚਨ ਕਾਟ ਕੈ, ਕੁਚਨ ਮੱਧ ਧਰਿ ਦੀਨ।

ਇਤਿਹਾਸ ਵਿਚ ਇਹ ਆਇਆ ਹੈ ਕਿ ਕਿਸੇ ਰਾਜਸੀ ਸ਼ੱਕ ਕਾਰਣ ਔਰੰਗਜ਼ੇਬ ਨੇ ਆਪਣੇ ਪੁਤਰ ਮੁਅੱਜ਼ਮ ਨੂੰ ਕੈਦ ਕਰ ਦਿਤਾ ਜੋ 1744 ਬਿ. ਤੋਂ 1751 ਬਿ. ਤਕ ਕੈਦ ਰਿਹਾ। ਸ਼ਾਇਦ ਇਸੇ ਸੰਕਟ ਕਾਲ ਵਿਚ ਹੀ ਕਿਸੇ ਸਮੇਂ ਆਲਮ ਗੁਰੂ ਜੀ ਪਾਸ ਪਾਉਂਟੇ ਆਇਆ, 'ਗੁਰੂ ਕੀਆਂ ਸਾਖੀਆਂ' ਤੋਂ ਵੀ ਇਸੇ ਦੀ ਪੁਸ਼ਟੀ ਹੁੰਦੀ ਹੈ। ਇਸ ਸਮੇਂ ਦਿਲੀ ਦੇ ਹੋਰ ਕਵੀ, ਜਿਵੇਂ ਸੁਖਦੇਵ, ਗਿਰਧਰ ਆਦਿ ਵੀ ਪਾਉਂਟੇ ਪਹੁੰਚੇ ਸਨ। ਸੋ ਮੁਗਲ ਸਰਪ੍ਰਸਤੀ ਵਿਚ ਰਹਿਣ ਵਾਲੇ ਆਲਮ ਦਾ ਇਥੇ ਆਉਣਾ ਕੋਈ ਅਨੋਖੀ ਗੱਲ ਨਹੀਂ।

ਆਖਰ ਸੁਤੰਤ੍ਰਤਾ ਤੇ ਸਵੈਮਾਨ ਦੇ ਚਾਹਵਾਨ ਲਈ ਇਹ ਇਕ ਆਕਰਸ਼ਕ ਕੇਂਦਰ ਸੀ ਫਿਰ ਸਤਿਗੁਰੂ ਉਦਾਰ ਸੁਭਾ ਨਾਲ ਖੁਲ੍ਹੇ ਹੱਥੀਂ ਦਾਨ ਦੇ ਕੇ ਹਰ ਕਵੀ ਨੂੰ ਨਿਹਾਲ ਕਰ ਛਡਦੇ ਸਨ। ਇਹੋ ਕੌਤਕ ਆਲਮ ਨਾਲ ਵਾਪਰਿਆ। ਉਹ ਗੁਰੂ ਸਾਹਿਬ ਦੀ ਸਾਹਿਤਕ ਸਰਪ੍ਰਸਤੀ ਦੀ ਸ਼ਲਾਘਾ ਕਰਦਾ ਕਹਿੰਦਾ ਹੈ ਕਿ ਰਾਜਾ ਭੋਜ ਤਾਂ ਕਦੀ ਕਦੀ ਹੀ ਵਿਦਵਾਨਾਂ ਨੂੰ ਦਾਨ ਦਿੰਦਾ ਸੀ ਪਰ ਗੁਰੂ ਦਰਬਾਰ ਵਿਚ ਇਹ ਬਖਸ਼ਸ਼ਾਂ ਰੋਜ਼ਾਨਾ ਹੁੰਦੀਆਂ ਰਹਿੰਦੀਆਂ ਹਨ।

ਕਬਿੱਤ— 'ਸ਼ੋਭਾ ਹੂੰ ਕੇ ਸਾਗਰ ਨਵਲ ਨੇਹੁ ਨਾਗਰ ਹੈ,
ਬਲ ਭੀਮ ਸਮ ਸੀਲ ਕਹਾਂ ਲੌ ਗਨਾਈਏ।

ਭੂਮਿ ਕੇ ਵਿਭੂਖ਼ਨ ਜੁ ਦੂਖਨ ਕੇ ਦੂਖਨ,
ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਘਾਈਏ।
ਹਿੰਮਤ ਨਿਧਾਨ ਆਨ ਦਾਨ ਕੋ ਬਖਾਨੇ ਜਾਨ,
'ਆਲਮ' ਤਮਾਮ ਜਾਮ ਆਠਹੁ ਗੁਨ ਗਾਈਏ

ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰ ਗੋਬਿੰਦ ਜੀਉ,
ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ।

ਇਸ ਕਵੀ ਦਾ ਸਤਿਗੁਰਾਂ ਸਬੰਧੀ ਇਹੋ ਇਕੋ ਇਕ ਛੰਦ ਮਿਲਦਾ ਹੈ ਕਹਿ ਨਹੀਂ ਸਕਦੇ ਕਿ ਉਸ ਗੁਰੂ ਦਰਬਾਰ ਵਿਚ ਰਹਿ ਕੇ ਹੋਰ ਕੀ ਕੀ ਰਚਨਾ ਕੀਤੀ। ਹਿੰਦੀ ਸਾਹਿਤ ਦੇ ਖੋਜੀਆਂ ਇਸ ਦੀਆਂ ਤਿੰਨ ਰਚਨਾਵਾਂ ਦਸੀਆਂ ਹਨ, ਇਨ੍ਹਾਂ ਵਿਚੋਂ ਸ਼ਾਇਦ ਕੁਝ ਪਹਿਲੇ ਆਲਮ ਦੀਆਂ ਹੋਣ— ਸਯਾਮ ਸਨੇਹੀ, ਸੁਦਾਮਾ ਚਰਿਤਰ ਤੇ



Digitized by Panjab Digital Library | www.panjabdigilib.org

ਆਲਮ ਕੇਲਿ । 'ਆਲਮ ਕੇਲਿ' ਜ਼ਰੂਰ ਇਸੇ ਆਲਮ ਦਾ ਕਾਵਿ ਸੰਗ੍ਰਹਿ ਹੈ ਜੋ 1753 ਬਿ. ਵਿਚ ਰੂਪਮਾਨ ਹੋਇਆ । ਇਸ ਦਾ ਇਕ ਪੁਰਾਤਨ ਖਰੜਾ 1753 ਬਿ. ਦਾ ਲਿਖਿਆ ਮਹਾਰਾਜਾ ਬਨਾਰਸ ਦੀ ਲਾਇਬ੍ਰੇਰੀ ਵਿਚ ਪਿਆ ਹੈ। ਇਸ ਵਿਚ ਕਵੀ ਦੀ ਪ੍ਰੇਮਿਕਾ ਸ਼ੇਖ ਲਿਲਾਰਨ ਦੇ ਵੀ ਛੰਦ ਹਨ । 'ਸੌ ਸਾਖੀ' ਵਿਚ ਇਸ ਦਾ ਨਾਂ 'ਆਲਮ ਸ਼ਾਹ' ਦਿਤਾ ਹੈ । ਹੋ ਸਕਦਾ ਹੈ ਕਿ ਇਹ ਇਸ਼ਕ ਮਜਾਜ਼ੀ ਦਾ ਕਵੀ ਗੁਰੂ ਸਾਹਿਬ ਦੀ ਸੰਗਤ ਸਦਕਾ ਇਸ਼ਕ ਹਕੀਕੀ ਵਲ ਪ੍ਰੇਰਿਤ ਹੋ ਗਿਆ ਹੋਵੇ ਤੇ ਉਸ ਨੇ ਆਪਣੇ ਨਾਂ ਨਾਲ 'ਸ਼ਾਹ' ਲਾ ਲਿਆ ਹੋਵੇ ਕਿਉਂਕਿ ਆਮ ਤੌਰ ਤੇ ਬੇਪਰਵਾਹ ਸੂਫ਼ੀ ਫਕੀਰ ਹੀ ਆਪਣੇ ਨਾਲ 'ਸ਼ਾਹ' ਪਦ ਲਾਉਂਦੇ ਹਨ । ਦੇਹਾਂਤ 1769 ਬਿ. ਵਿਚ ਹੋਇਆ ।

**ਵੰਨਗੀ —** **ਕਬਿੱਤ**

ਦਾਨੇ ਕੀ ਨ ਪਾਨੀ ਕੀ ਨ ਆਵੈ ਸੁਧ ਖਾਨੇ ਕੀ
ਯਾ ਗਲੀ ਮਹਿਬੂਬ ਕੀ ਅਰਾਮ ਖ਼ੁਸ਼ਖ਼ਾਨਾ ਹੈ
ਰੋਜ਼ ਹੀ ਸੋ ਹੈ ਜੋ ਰਾਜ਼ੀ ਯਾਰ ਕੀ ਰਜਾਇ ਬੀਚ
ਨਾਜ਼ਕੀ ਨਜ਼ਰ ਤੇਜ਼ ਤੀਰ ਕਾ ਨਿਸ਼ਾਨਾ ਹੈ
ਸੂਰਤ ਚਰਾਗ਼ ਰੋਸ਼ਨ ਈ ਆਸ਼ਨਾਈ ਬੀਚ
ਬਾਰ ਬਾਰ ਬਰੇ ਬਲਿ ਜੈਸੇ ਪਰਵਾਨਾ ਹੈ
ਦਿਲ ਸੇ ਦਿਲਾਸਾ ਦੀਜੇ ਹਾਲ ਕੋ ਨ ਖਯਾਲ ਕੀਜੇ
ਬੇਖ਼ੁਦ ਫਕੀਰ ਵੁਹ ਆਸ਼ਿਕ ਦੀਵਾਨਾ ਹੈ ।

**ਸਵੈਯਾ**

ਜਾਂ ਥਲ ਕੀਏ ਬਿਹਾਰ ਅਨੇਕਨ, ਤਾਂ ਥਲ ਕਾਂਕਰੀ ਬੈਠਿ ਚੁਨਯੋ ਕਰੈਂ
ਜਾ ਰਸਨਾ ਸੇ ਕਰੀ ਬਹੁ ਬਾਤਨ, ਤਾਂ ਰਸਨਾ ਸੇ ਚਰਿਤ੍ਰ ਗੁਨਯੋ ਕਰੈਂ
'ਆਲਮ' ਜੌਨਸ ਕੁੰਜਨ ਮੇਂ ਕਰੀ ਕੇਲਿ ਤਹਾਂ ਅਬ ਸੀਸ ਧੁਨਯੋ ਕਰੈਂ
ਨੈਨਨ ਮੇਂ ਜੋ ਸਦਾ ਰਹਿਤੇ, ਤਿਨ ਕੀ ਅਬ ਕਾਨ ਕਹਾਨੀ ਸੁਨਯੋਂ ਕਰੈਂ

**ਰਾਗ ਜੈਜਾਵੰਤੀ ਕਾਫੀ**

ਪੰਜਾਬੀ— ਨੇਹੁ ਲਗਾ ਡਾਢੀ ਜਾਇ ਤਾਕਤ ਨਹੀਆ ਕਾਇ
ਬਿਰਹੁ ਆਇਓ ਸਿਧਾਇ ਤੈਂ ਅਸਾਂ ਤੇ ਭੱਛਿਆ । ੧ । ਰਹਾਉ ।
ਕਾਮਣ ਜੋ ਪਏ ਜਾਨੀ, ਯੂਸਫ ਸੂਰਤਿ ਨੀਸਾਨੀ
ਹੋਇਕੈ ਰਹੀ ਹੈਰਾਨੀ ਪਿਆਰਾ ਮੋ ਸੋਂ ਹੱਸਿਆ ।
ਕਿਤਨਾ ਵਲਾਇਆ ਨੀ ਮੈਂ ਘਣਾ ਦੁਰਾਇਆ ਨੀ ਮੈਂ
ਬਹੁਤ ਛਪਾਇਆ ਨੀ ਮੈਂ ਨਹੀਂ ਜਾਂਦਾ ਨੇਹੁ ਛਪਿਆ
ਸਵਣ ਨ ਦੇਦਾ ਏਹਾ 'ਆਲਮ' ਲਾਈਦਾ ਨੇਹਾ
ਬਣੀ ਅਸਾਂ ਨਾਲ ਏਹਾ, ਦਿਲ ਢੋਲਣ ਨੇ ਖੱਸਿਆ ।



Digitized by Panjab Digital Library | www.panjabdigilib.org

### ਰਾਗ ਜੈਤਸਰੀ ਕਾਫੀ

ਆ ਵੇ ਜਾਨੀ ਆ ਵੈ ਜਾਨੀ, ਮਹੀਂ ਲੁੜੀਂਦਾ ਆ ਵੇ ਜਾਨੀ । ੧ । ਰਹਾਉ

ਤੈਂ ਬਾਝਹੁ ਮੇਰਾ ਹਾਲ ਨ ਕੋਈ, ਜ਼ਾਲਣ ਜਾਲਿਆ ਖਰੀ ਨਿਮਾਣੀ । ੧ ।
ਉਠਣ ਬਹਿਣ ਆਰਾਮ ਨ ਆਵਹਿ, ਕੈਨੂੰ ਆਖਾਂ ਪ੍ਰੇਮ ਕਹਾਣੀ । ੨ ।
ਆਲਮ ਸਾਈਂ ਨ ਚਿਰ ਲਾਈਂ, ਤੈਂ ਡਿਠਿਆਂ ਮੇਰੀ ਸੁਰਤਿ ਸਮਾਣੀ । ੩ ।

## (੨੬) ਨੰਦਰਾਮ

ਨੰਦ ਰਾਮ, ਪ੍ਰਸਿਧ ਸੂਫੀ ਸੰਤ ਕਵੀ ਵਲੀ ਰਾਮ ਦਾ ਪੁੱਤਰ ਸੀ ਜਿਸ ਨੂੰ ਅੰਬਾਵਤੀ ਨਿਵਾਸੀ ਖੰਡੇਲਵਾਲ ਵੈਸ਼ ਦੱਸਿਆ ਗਿਆ ਹੈ। ਵਲੀ ਰਾਮ ਦਾਰਾ ਸ਼ਕੋਹ ਦਾ ਮੁਨਸ਼ੀ ਅਤੇ ਗੁਰੂ ਘਰ ਦਾ ਸ਼ਰਧਾਲੂ ਸੀ । ਇਸ ਨੇ ਫਾਰਸੀ, ਰੇਖਤਾ, ਹਿੰਦੀ, ਪੰਜਾਬੀ ਕਈ ਜ਼ਬਾਨਾਂ ਵਿਚ ਰਚਨਾ ਕੀਤੀ ਜਿਵੇਂ ਕਿ ਝੂਲਣੇ, ਰੇਖ਼ਤੇ, ਜਾਨ ਸੁਜਾਨੀ, ਵਿਚਾਰ ਸਰੋਵਰ, ਬਿਬੇਕ ਕਲੀ ਚਿਦ ਬਿਲਾਸ, ਵੇਦਾਂਤ ਸ਼ਾਗਰ ਤੇ ਰਾਜਾਵਲੀ। ਰਾਜਾਵਲੀ ਫ਼ਾਰਸੀ ਵਿਚ ਵੀ ਹੈ ਤੇ ਹਿੰਦੀ ਵਿਚ ਵੀ । * ਅਜੇਹੇ ਵਿਦਵਾਨ ਕਵੀ ਦਾ, ਸਪੁੱਤਰ ਕਵੀ ਹੋਣਾ ਸੁਭਾਵਕ ਗੱਲ ਹੈ । ਨੰਦ ਰਾਮ ਨੇ 1744 ਬਿ: ਵਿਚ 'ਨੰਦਰਾਮ ਪਚੀਸੀ' ਲਿਖੀ ਜਿਸ ਵਿਚ ਕਲਿਯੁਗ ਦੀ ਦਸ਼ਾ ਦਾ ਵਰਣਨ ਹੈ । †

ਗੁਰੂ ਦਰਬਾਰ ਵਿਚ ਰਹਿ ਕੇ ਇਸ ਨੇ ਕੀ ਲਿਖਿਆ, ਇਹ ਅਸੀਂ ਨਹੀਂ ਜਾਣਦੇ । ਦਰਬਾਰੀ ਕਵੀ-ਸੂਚੀ ਵਿਚ ਨੰਦ ਰਾਮ ਜਾਂ ਨੰਦ ਸਿੰਘ ਨਾਂ ਮਿਲਦਾ ਹੈ। ਗੁਰਮੁਖੀ ਹੱਥ-ਲਿਖਤਾਂ ਵਿਚ ਇਕ ਛੰਦ ਪ੍ਰਾਪਤ ਹੈ —

ਜਿਸ ਦਿਨ ਯਾਰ ਵਿਛੋੜਾ ਤੇਰਾ, ਸੋ ਦਿਨ ਅਜ਼ਲੋਂ ਭਾਰੀ
ਪਲ ਪਲ ਵਿਚ ਵਿਛੋੜਾ ਕੁੰਹਦਾ, ਅਜਲ ਕੁਹੇ ਇਕ ਵਾਰੀ
ਆਗੇ ਆਹੀ ਦਰਦਾਂ ਦੱਧੀ, ਉਤੋਂ ਇਸ਼ਕ ਤੁਸਾਡੇ ਸਾੜੀ
ਨੰਦ ਰਾਮ ਇਕ ਪਲਕ ਵਿਛੋੜਾ, ਉਪਰ ਵੰਞਾਏ ਸਾਰੀ ।

ਨੰਦ ਕਵੀ ਦੀ ਇਕ ਰਚਨਾ 'ਕੜਖਾ ਗੁਰੂ ਗੋਬਿੰਦ ਸਿੰਘ' ਮਿਲੀ ਹੈ ਜਿਸ ਵਿਚ ਸਤਿਗੁਰਾਂ ਦੇ ਭੰਗਾਣੀ ਤੋਂ ਲੈ ਕੇ ਚਮਕੌਰ ਤਕ ਜੰਗ ਇਕੋ ਥਾਂ ਬਿਆਨ ਕੀਤੇ ਗਏ ਹਨ, । ਸੋ ਇਹ ਰਚਨਾ 1762 ਬਿ. ਤੋ ਬਾਦ ਹੀ ਲਿਖੀ ਸਿੱਧ ਹੁੰਦੀ ਹੈ, ਪਰ ਸ਼ੈਲੀ ਇਸ ਦੀ ਪੁਰਾਣੀ ਹੈ। ਇਤਿਹਾਸਕ ਪੱਖ ਤੋਂ ਕਈ ਗੱਲਾਂ ਬਹੁ ਮੁੱਲੀਆਂ ਹਨ ।

---

* ਤਿਨ ਕੀ ਅਗਯਾ ਤੇ ਲਿਖਯੋ, ਦਿੱਲੀ ਪਤਿ ਵਖਿਆਨ
ਲੇਖਕ ਦਾਰਾ ਸ਼ਾਹ ਕੋ, ਵਲੀ ਰਾਮ ਸੁਰ ਗਿਆਨ । ੬ । [ਰਾਜਾਵਲੀ

† ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਪ੍ਰਥਮ ਖੰਡ, ਪੰਨਾ 467



Digitized by Panjab Digital Library | www.panjabdigilib.org

# ਕੜਖਾ ਗੋਬਿੰਦ ਸਿੰਘ ਕਾ (ਕ੍ਰਿਤ ਨੰਦ ਕਵਿ)

ਰਾਗ ਟੋਡੀ— ਹੂਓ ਪ੍ਰਗਟ ਸੰਸਾਰ, ਗੋਬਿੰਦ ਸਿੰਘ ਸਾਕੋ ਕੀਅਉ
ਹਰਖ ਹ੍ਵੈ ਭਗਵਤੀ ਆਪਿ ਹ੍ਵੈ ਦਾਹਣੇ, ਬੰਧ ਪਰਬਤਿ ਜਿਵੈਹਰੀ ਕੀਅਉ
। ੧ । ਰਹਾਉ ।

ਪ੍ਰਿਥਮ ਨਾਨਕ ਗੁਰੂ ਬਹੁਰ ਅੰਗਦ ਭਯੋ, ਤ੍ਰਿਤੀਯ ਗੁਰਅਮਰ ਹਰਿਨਾਮ ਧਿਆਯੋ
ਬਹੁਰਿ ਰਾਮਦਾਸ ਅਰਜਨ ਭਯੋ ਪਾਂਚਮੋ, ਜਿਨਹਿ ਸਭ ਪੰਥ ਦਸਤੂਰ ਲਾਯੋ
ਕੀਰਿ ਰਚ ਪਾਂਚ ਤੇ ਏਕ ਅਤ ਬਲ ਹੀ ਨਾਮ ਤ੍ਰਹੀ ਦੇਵ ਜਿੰਹ ਕੋ ਮਿਲਾਯੋ
ਮਹਲ ਰਚ ਸਪਤਮੋ ਨਾਮ ਹਰਿਰਾਇ ਧਰਿ, ਕੀਏ ਅਤਿ ਭੌ ਜਿਮ ਕਿਸਨ ਗਾਯੋ । ੧ ।

ਨਾਮ ਰਚਿ ਅਸ਼ਟਮੋ ਕਿਸਨ ਸਾ ਜਿਮ ਬਹੁਰ ਤਿਹ ਤੇ ਭਯੋ ਪੰਥ ਨਿਆਰੋ
ਬਹੁਰ ਅਵਤਾਰ ਜਿਮ ਬੋਧ ਨਵਮੋ ਧਰਯੋ, ਖਰਗੋ ਬਲੀ‡ ਗੁਰਨਾਮ ਸਾਰਯੋ
ਅੰਸੁ ਭਗਵੰਤ ਕੀ ਕੇਸੁ ਦਸ ਮਹਲ ਕੋ, ਨਾਮ ਗੋਬਿੰਦ ਸਿੰਘ ਜਿਨਿ ਧਾਰਯੋ । ੨ ।

ਸ਼ਕਤਿ ਭਗਵੰਤ ਕੀ ਆਪਿ ਭਈ ਦਾਹਣੈ, ਜਬਹਿ ਗੋਬਿੰਦ ਸਿੰਘ ਅਵਤਾਰ ਸਾਜਾ
ਧਾਇ ਇ ਸ੍ਰੀ ਭਗਵਤੀ ਤੇਗ ਕਰ ਮੈਂ ਗਹੀ, ਉਠਿਓ ਦਲ ਧਾਰਿ, ਜਿਮ ਸਿੰਘ ਗਾਜਾ
ਪ੍ਰਿਥਮ ਬਲ ਧਾਰਿ ਗਢਵਾਲ ਮੋ ਜੀਤਕੈ, ਨਾਉਂ ਸੁਣਿ ਕੰਪਹੀ ਰਾਉ ਰਾਜਾ
ਦੁਤੀਆ ਸੰਗ੍ਰਾਮ ਮਜਰੂਰ ਕੋ ਧੂਰਿ ਕਰਿ, ਲਰਿਓ ਤਬ ਬੈਠ ਕਹਿਲੂਰ ਤਾਜਾ । ੩ ।

ਕੋਪ ਰਾਜੈ ਕੀਯੋ ਚੜ੍ਹਤ ਕਰ ਗੁਰੂ ਪਰਿ, ਆਣਿ ਕਰ ਪ੍ਰਿਥਮ ਸੰਗ੍ਰਾਮ ਮਚਯੋ
ਖੱਪਰ ਕਾਲੀ ਗਹੇ ਡੌਰਾ ਸ਼ਿਵਜੀ ਗਹਯੋ, ਕੀਓ ਅਤਿ ਹਰਖ ਬੈਤਾਲ ਨਚਯੋ
ਜੁਧ ਕਿਰਯੋਰਹੀ ਰਜ ਲੋਹੇ ਹਟੇ, ਬਹੁਰ ਕਰਿ ਮੇਲਾ ਟਿਕ ਬਚਨ ਥਪਯੋ
ਲੀਓ ਤਬ ਧਰਮ ਕਹਿਲੂਰ ਕੋ ਛਡਿ ਕਰ, ਆਣਿ ਹੰਢੂਰ ਨ੍ਰਿਮੋਹ ਰਚਯੋ
ਬਹੁਰ ਕਰ ਜੋਰਿ ਪੁਰ ਫੂਕ ਕਹਿਲੂਰ ਕੇ, ਕੀਤਿ ਅਤਿ ਕੋਪ ਫਿਰਿ ਭੇੜ ਰਚਿਓ
ਫੇਰ ਬਹੁ ਕੋਪ ਕਰਿ ਫਿਰੇ ਕਹਿਲੂਰੀਏ, ਆਮ ਦੀਵਾਨ ਸੰਗਿ ਲੋਹ ਮਚਯੋ
ਸਿਰਯੋ ਦੀਵਾਨ ਅਵਸਾਨ ਗਏ ਫੌਜ ਕੇ, ਤਜਯੋ ਜਬ ਧਰਮ ਭਯੋ ਬੋਲ ਕਚਯੋ । ੪ ।

ਕੀਓ ਤਬ ਮੰਤ ਅਤਤੰਤ ਕਹਿਲੂਰੀਏ, ਮੇਲ ਕਰਿ ਕਟਕ ਅਤਿ ਕੋਪ ਧਾਏ
ਜਾਇ ਸੀਹਰੰਦ ਮੈਂ ਬੰਦ ਕਰ ਮੁਗਲ ਸੋ, ਚਾੜ੍ਹ ਲੇ ਤੁਰਕ ਨਬਾਬ ਲਾਏ
ਦੇਖ ਕਰਿ ਅਤਿ ਗਰਿਬਰਯੋ, ਸਾਥ ਸਭ ਤਯਾਗ ਨ੍ਰਿਮੋਹ ਤਬ ਦੂਣ ਆਏ
ਬਹੁਰ ਕਰ ਮੇਲ ਕਹਿਲੂਰ ਸੋਂ ਆਪ ਹੀ, ਥਾਪ ਮਟੌਰ ਤਬ ਗੜ੍ਹ ਬਨਾਏ
ਮਚਯੋ ਫਿਰ ਜੰਗ ਕਹਿਲੂਰ ਹੰਢੂਰ ਜਸਵਾਲ ਲੈ ਸੰਗਿ ਕਟੋਚ ਧਾਏ । ੫ ।

---

‡ ਤੇਗ਼ ਬਹਾਦਰ



Digitized by Panjab Digital Library | www.panjabdigilib.org

ਮਚਯੋ ਤਬ ਜੁਧ ਅਤਿ ਕਰੁੱਧ ਸੂਰੇ ਚੜ੍ਹੇ, ਭੇੜ ਅਤਿ ਪ੍ਰਬਲ ਜਬ ਹੋਣ ਲਾਗਯੋ
ਜੰਗ ਤਬ ਹੀ ਲਰਿਓ ਕੋਪ ਮਾਰੂ ਬਜਿਓ, ਸੌਰ ਕੇ ਸੁਰਤਿ ਸ਼ਿਵ ਚਮਕ ਜਾਗਯੋ
ਤਿਆਗ ਗਢ ਕੋ ਚਲੇ ਰਾਹ ਮੁਹਰੈ ਧਰੀ, ਸੁਨਤ ਯਹ ਖਬਰ ਪਿਠ ਕਟਕ ਲਾਗਯੋ
ਜੰਗ ਕਰ ਰਾਹ ਮੈਂ ਆਨ ਗਢ ਕੌ ਲੀਆ, ਭਾਗ ਮਸਕੀਨ ਕੇ ਅਧਿਕ ਜਾਗਯੋ
ਤਿਆਗ ਕੰਲੌਨ ਕੌ ਬੰਦ ਸ੍ਰੀ ਭਗਵਤੀ, ਆਨ ਚਮਕੌਰ ਮੈਂ ਦੁੰਦ ਜਾਗਯੋ । ੬ ।
ਚੜ੍ਹਤ ਹੀ ਖ੍ਵਾਜ ਪਠਾਨ ਸਗਲੇ ਚੜ੍ਹੇ ਕਟਕ, ਅਤਿ ਪ੍ਰਬਲ ਅਤਿ ਉਮਗ ਧਾਯੋ
ਸੁਨਤ ਯਹ ਖਬਰ ਅਤਿ ਜ਼ੋਰ ਫ਼ੌਜੈ ਚੜ੍ਹੀ, ਤੰੜਿ ਗਢ ਭਿਤ ਇਕ ਕਿਲਾ ਪਾਯੋ
ਬੰਦ ਸ੍ਰੀ ਭਗਵਤੀ ਰੱਛਪਾਲੀ ਤੁਹੀ ਤੁਝ ਬਿਨਾ ਮੋਹਿ ਨਹੀਂ ਅਵਰ ਧਯਾਯੋ
ਹਰਖ ਹ੍ਵੈ ਭਗਵਤੀ ਬਿਰਦ ਕੀ ਲਾਜ ਕਰਿ, ਆਪਿ ਹ੍ਵੈ ਦਾਹਣੈ ਬਲ ਦਿਖਾਯੋ । ੭ ।
ਉਠਤ ਪਠਾਣ ਯਹ ਕਹਤ ਹੀ ਖ੍ਵਾਜ ਸੌਂ, 'ਕਰੋ ਜੋ ਹੁਕਮ ਬਕੀਲ ਜਾਊਂ
ਮਿਲੈ ਜੋ ਮੇਲਿਹੋਂ, ਨਹਿ ਭੇੜ ਕਹੋਂ ਕਰੋਂ, ਕਹੋਂ ਕਮਾਨ ਸੌ ਬਾਂਧਿ ਲਿਆਊਂ
ਜਾਇ ਪਠਾਣ ਤਬ ਅਰਜ਼ ਕਰ ਗੁਰੂ ਪੈ, ਕੁਫਰ ਕੌ ਛਾਡਿ ਚਲਿ ਹੌਂ ਮਿਲਾਊਂ
ਨਾਹਿ ਹੋ ਜੰਗ ਮਜ਼ਬੂਤ ਹ੍ਵੈ ਗੋ ਸੁਨੋ, ਕਰੋ ਬਹੁ ਕਸਮ ਨਹਿੰ ਕੁਫਰ ਗਵਾਊਂ । ੮ ।
ਸੁਨੀ ਯਾ ਬਾਤ ਪਠਾਣ ਕੀ ਅਜੀਤ ਸਿੰਘ, ਕਹੋ ਪਠਾਣ ਤੁਮ ਕਹਾਂ ਜਾਨਯੋ
ਦੀਨ ਔ ਦੁਨੀ ਕੈ ਥੰਭ ਅਤਿ ਪ੍ਰਬਲ ਹੈ, ਨਾਮ ਸਭ ਕੇ ਜਗਤ ਮਾਨਯੋ
ਫਾਗ ਹਮ ਖੇਲਨੋ ਸੰਗਿ ਤੁਮਰੈ ਸੁਨੋਂ, ਖਤ੍ਰਿ ਕੋ ਧਰਮ ਅਤਿ ਸੁਧ ਠਾਨਯੋ
ਜਾਇ ਯਾ ਕਹੀ ਸਭ ਖ੍ਵਾਜ ਕੋ, ਸੁਨਤ ਯਾ ਬਾਤ ਅਤਿ ਸੋਰਿ ਸਾਨਯੋ
ਉਡ ਪਠਾਣ ਤਬ ਆਨਿ ਗਢ ਕੋ ਲਗੇ, ਲੋਹ ਸੋਂ ਫਾਗ ਅਤਿਰੰਗ ਬਾਨਯੋ । ੯ ।
ਉਮਡ ਕਰਿ ਸੂਰ ਤਬੈ ਗੋਬਿੰਦ ਸਿੰਘ ਕੇ, ਆਇ ਪਠਾਣ ਸੋਂ ਲੋਹ ਮਚਯੋ
ਮਚਯੋ ਜਬ ਲੋਹ ਅਤਿ ਕੋਹ ਮਾਰੂ ਬਜਯੋ, ਬੀਰ ਬੈਤਾਲ ਅਤਿ ਹਰਖ ਨਚਯੋ
ਮਾਰ ਹੀ ਮਾਰ ਯਹ ਸ਼ਬਦ ਸੂਰੇ ਕਰਹਿੰ, ਤੀਰ ਤਰਵਾਰ ਸੋਂ ਫਾਗ ਮਚਯੋ
ਕੀਓ ਸੰਗ੍ਰਾਮੁ ਤਬ ਆਪਨੇ ਕੀਯੋ,...ਤਬ ਧਰਮ ਸਚਯੋ । ੦ ।
ਸਿਮਰਿ ਸ੍ਰੀ ਭਗਵਤੀ ਤੇਗ ਕਰ ਮੈਂ ਗਹੀ, ਨਾਮ ਚਿਤ ਸਿਮਰ ਤਬ ਧਯਾਨ ਕੀਆ
ਆਨਿ ਤਬ ਖੇਤ ਮੈ ਮਾਰਿ ਲੋਹੈ ਮਚੀ, ਏਕਸੈ ਦੋਇ ਧੜ ਜੁਦਾ ਕੀਆ
ਭੱਗੇ ਪਠਾਣ ਅਵਸਾਣ ਤਜਿ ਖੇਤ ਮੋ, ਤਜਯੋ ਸੰਗ੍ਰਾਮ ਲੇ ਭਗੇ ਜੀਆ
ਕਹੈਂ ਪਠਾਣ ਯਹ ਪੁੱਤ੍ਰ ਹੈ ਗੁਰੂ ਕੇ, ਜੁਧ ਕੋ ਜੀਤ ਜਸ ਤਿਲਕ ਲੀਆ
ਨਾਮ ਅਜੀਤ ਸਿੰਘ ਜੀਤ ਰਣ ਮੈਂ ਕਰੀ, ਬੋਲ ਆਪਨੋ ਸਹੀ ਅਮਰੁ ਕੀਆ । ੧੧ ।
ਜੀਤ ਬੀਰ ਖੇਤ ਜਸੁ ਅਮਰ ਕਰ ਜੀਤ ਸਿੰਘ, ਜੂਝ ਹ੍ਵੈ ਅਮਰ ਸ਼ਿਵਲੋਕ ਧਾਯੋ
ਤਾਤ ਕੁਲ ਮਾਤ੍ਰ ਕੁਲ ਤਿਲਕ ਜਸ ਕੋ ਦੀਓ, ਸੀਸ ਲੈ ਭੇਟ ਦੇਵੀ ਚਢਾਯੋ
ਜੁਧ ਕਰ ਪ੍ਰਬਲ ਹੀ ਗੋਬਿੰਦ ਸਿੰਘ ਕੇ, ਜੂਝ ਹ੍ਵੈ ਅਮਰ ਸਾਕੋ ਚਲਾਯੋ
ਜੋਗਣੀ ਜੰਬੂ ਔ ਗ੍ਰਿਝ ਲੋਹੂ ਰੱਜੇ, ਦਈ ਰੁੰਡਮਾਲ ਸ਼ੰਭੂ ਰਿਝਾਯੋ



Digitized by Panjab Digital Library | www.panjabdigilib.org

ਖੇਤ ਕੌ ਜੀਤ ਬਹੁੰ ਅਰਿਨ ਸਿਰ ਫੋੜ ਕੈ, ਤਿਆਗ ਚਮਕੌਰ ਗੋਬਿੰਦ ਸਿੰਘ ਧਾਯੋ
ਸਿਮਰ ਸ੍ਰੀ ਭਗਵਤੀ, 'ਨੰਦ' ਬਿਨਤੀ ਕਰੀ, ਜਸਹਿ ਉਚਾਰਿ ਕੜਖੋ ਬਨਾਯੋ । ੧੨ ।

ਦੋਹਰਾ

ਕਾਵਯ ਸਰਨ ਬੁਧਿ ਅਲਪ ਹੌਂ, ਕੀਨੋ ਜਸਹਿ ਉਚਾਰ
ਜੋ ਕਛੁ ਯਾ ਮੈਂ ਅਲਪੁ ਹੈ, ਲੀਜਉ ਚਤੁਰ ਸੁਧਾਰ । ੧ । ੧੩ ।

[ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ
(ਖਰੜਾ ਨੰ. 3547)

## (੨੭) ਹਰਿਦਾਸ

ਭਾਈ ਹਰਿਦਾਸ, ਗੁਰੂ ਘਰ ਦਾ ਖੁਸ਼ ਨਵੀਸ ਲਿਖਾਰੀ ਸੀ ਜਿਸ ਪਹਿਲੇ ਆਦਿ ਗ੍ਰੰਥ ਦੀ ਬੀੜ ਲਿਖੀ ਤੇ ਫਿਰ ਗੁਰੂ ਸਾਹਿਬ ਵਲੋਂ ਤਿਆਰ ਕਰਾਈ ਜਾ ਰਹੀ ਦਸਮ ਗ੍ਰੰਥ ਦੀ ਪੋਥੀ ਦਾ ਕੁਝ ਭਾਗ ਨਕਲ ਕੀਤਾ । ਇਸ ਪੁਰਾਤਨ ਬੀੜ ਦੇ ਕ੍ਰਿਸ਼ਣਾਵਤਾਰ ਵਾਲੇ ਹਿਸੇ ਤੇ ਨੋਟ ਹੈ—

'ਜੁਧ ਪ੍ਰਬੰਧ ਪੂਰਾ ਹੋਇਆ, ਲਿਖਿਆ ਹਰਿ ਦਾਸ,ਸੰਮਤ 1752 ਮਿਤੀ ਚੇਤਰ 22, ਇਸੇ ਤਰ੍ਹਾਂ ਸਿਖ ਰੈਫਰੈਂਸ ਲਾਇਬਰੇਰੀ ਵਿਚ ਪਏ ਗੁਰੂ ਗਰੰਥ ਸਾਹਿਬ ਦੇ 741 ਪੱਤਰੇ ਤੇ ਲਿਖਿਆ ਹੈ— ਗਰੰਥ ਸਪੂਰਨੁ ਹੋਆ, ਲਿਖਿਆ ਹਰਿਦਾਸ ਲਿਖਾਰੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ ।'

ਮਾਲੂਮ ਹੁੰਦਾ ਹੈ ਇਹ ਪ੍ਰੇਮੀ ਲਿਖਾਰੀ ਹੌਲੀ ਹੌਲੀ ਆਪਣੇ ਸਾਹਿਤਕ ਸ਼ੌਕ ਤੇ ਘਾਲ ਮਿਹਨਤ ਕਰਕੇ ਕਾਵਿ-ਰਚਨਾ ਕਰਨ ਲਗ ਪਿਆ ਤੇ ਇਸ਼ 1750 ਬਿ. ਵਿਚ 'ਪ੍ਰੇਮ ਅੰਬੋਧਿ' ਪੁਸਤਕ ਰਚੀ ਜਿਸ ਵਿਚ ਸੰਤਾਂ ਭਗਤਾਂ ਦੀਆਂ ਪ੍ਰੇਮ ਕਥਾਵਾਂ ਦਰਜ ਹਨ, ਇਸੇ ਕਰਕੇ ਇਸ ਨੂੰ 'ਪਰਚੀਆਂ ਭਗਤਾ ਕੀਆਂ' ਕਹਿਕੇ ਵੀ ਯਾਦ ਕੀਤਾ ਜਾਂਦਾ ਹੈ । ਇਕ ਥਾਂ ਲਿਖਿਆ ਹੈ—

ਪੜ੍ਹੈ ਗੁੜੈ ਜੋ ਹਿਤ ਕਰੈ, ਮਨ ਮਹਿੰ ਕਰੇ ਬਖਿਆਨ
ਤਿਨ ਸੰਤਨ ਕੇ ਚਰਣ ਪਰ, ਹਰੀ ਦਾਸ ਕੁਰਬਾਨ । [ਪਰਚੀ ਬਧਿਕ ਕੀ

ਅੰਤ ਵਿਚ ਕਵੀ ਕਹਿੰਦਾ ਹੈ :—

ਸੰਮਤ ਸਤ੍ਰਹਿ ਸੈ ਪੰਚਾਸ । ਸੁਕਲ ਇਕਾਦਸ਼ੀ ਮਗਸਰ ਮਾਸ
ਪੋਥੀ ਪੂਰਨ ਸਤਿਗੁਰ ਕਰੀ । ਦਾਸ ਦੁਆਰੈ ਪੂਰੀ ਪਰੀ ।



Digitized by Panjab Digital Library | www.panjabdigilib.org

ਅਰਧ ਸਹਸ ਚਉਪਈ ਯਾ ਮੈਂ। ਖੋੜਸ ਅਧਿਕ ਦੋਹਰਾ ਤਾਂ ਮੈਂ
ਸੋਰਠਾ ਝੂਲਣਾ ਬਾਹਰ ਨਾਹਿੰ, ਜਿਉਂ ਪਾਤ ਫੂਲ ਤਰੁਵਰ ਮਾਹਿ
'ਪ੍ਰੇਮ ਅੰਬੋਧਿ' ਪੋਥੀ ਕਾ ਨਾਮ। ਪਢਤ ਸੁਨਤ ਲਹਹਿ ਸੁਖ ਬਿਸ੍ਰਾਮ। ੬੦।

ਦੋਹਰਾ—ਪ੍ਰੇਮ ਮਹੋਦਧਿ ਪੈਠ ਕੈ, ਜੋ ਕੋ ਗੋਤਾ ਦੇਇ
ਹਰਿਰਤਨ ਅਮੋਲਕ ਹਾਥ ਤਿਸ, ਸਹਿਜੇ ਸਤਿਗੁਰ ਦੇਇ।

ਕੁਝ ਲੋਕਾਂ ਇਸ ਨੂੰ ਗੁਰੂ ਗੋਬਿੰਦ ਸਿੰਘ ਕ੍ਰਿਤ ਦਸਿਆ ਹੈ ਪਰ ਇਹ ਠੀਕ ਨਹੀਂ। ਅੰਦਰਲੀ ਗਵਾਹੀ ਦਸਦੀ ਹੈ ਕਿ ਇਸ ਦਾ ਲਿਖਣ ਵਾਲਾ ਕੋਈ ਗੁਰੂ ਦਾ ਪ੍ਰੇਮੀ ਸਿਖ ਹੈ ਜੋ ਕਹਿੰਦਾ ਹੈ ਕਿ—'ਪੋਥੀ ਪੂਰਨ ਸਤਿਗੁਰ ਕਰੀ।'

ਤੇ ਇਹ ਲਿਖਣ ਵਾਲਾ ਭਾਈ ਹਰਿਦਾਸ ਹੈ। ਅੰਮ੍ਰਿਤ ਪਾਨ ਕਰਕੇ ਇਹੋ ਭਾਈ ਹਰਿਦਾਸ ਸਿੰਘ ਕਹਾਇਆ ਤੇ ਇਸ ਨੇ ਚਮਕੌਰ ਸਾਹਿਬ ਸ਼ਹੀਦੀ ਪਾਈ।

ਇਹ ਵੀ ਕੋਈ ਵੱਡੀ ਗੱਲ ਨਹੀਂ ਕਿ ਹਰਿਦਾਸ ਲਿਖਾਰੀ ਹੋਰ ਹੋਵੇ ਤੇ ਹਰਿਦਾਸ ਕਵੀ ਹੋਰ ਹੋਵੇ, ਜਿਸ ਇਹ 'ਪ੍ਰੇਮ ਅੰਬੋਧਿ' ਰਚੀ। ਇਹ ਕਾਫੀ ਹਦ ਤਕ ਠੀਕ ਹੈ ਕਿ ਇਹ ਪੋਥੀ ਅਨੰਦਪੁਰ ਗੁਰੂ ਦਰਬਾਰ ਵਿਚ ਹੀ ਲਿਖੀ ਗਈ ਸੀ। ਇਹ ਪੁਸਤਕ ਭਗਤਾਂ ਦੀਆਂ ਪ੍ਰੇਮ ਕਹਾਣੀਆਂ ਵਰਣਨ ਕਰਦੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਪ੍ਰਭੂ-ਪ੍ਰਾਪਤੀ ਦਾ ਸ਼ਾਹ ਰਾਹ ਇਕੋ ਇਕ ਪ੍ਰੇਮ ਮਾਰਗ ਹੈ, ਮੁਰਸ਼ਦ ਦੇ ਇਸ ਬਚਨ—'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ' ਦੀ ਵਿਆਖਿਆ ਕਰਨਾ ਹੀ ਰਚਨਾ ਦਾ ਮੁਖ ਉਦੇਸ਼ ਹੈ। ਪਹਿਲੇ ਵਿਦਵਾਨ ਕਵੀ ਨੇ ਪ੍ਰੇਮ ਦਾ ਮਹੱਤਵ ਅੰਕਿਤ ਕੀਤਾ ਤੇ ਫਿਰ ਕਬੀਰ, ਧੰਨਾ, ਤ੍ਰਿਲੋਚਨ, ਨਾਮਦੇਵ, ਜੈਦੇਵ, ਰਵਿਦਾਸ ਮੀਰਾਂ ਬਾਈ, ਕਰਮਾ ਬਾਈ, ਪੀਪਾ, ਸੈਣ, ਸਧਨਾ, ਬਾਲਮੀਕਿ, ਸੁਕਦੇਵ, ਬਧਿਕ ਧ੍ਰੂ ਤੇ ਪ੍ਰਹਿਲਾਦ—ਇਨ੍ਹਾਂ ਸੋਲਾਂ ਭਗਤਾਂ ਦੀ ਪ੍ਰੀਤ ਕਥਾ ਵੱਖ ਵੱਖ ਕਾਂਡਾਂ ਵਿਚ ਵੰਡ ਕੇ ਨਿਰੂਪਣ ਕੀਤੀ ਹੈ।

ਜਿਥੋਂ ਤਕ ਕਾਵਿ ਰਚਨਾ ਦਾ ਸਬੰਧ ਹੈ, ਇਹ ਪੁਸਤਕ ਬਹੁਤ ਹੀ ਸੁੰਦਰ ਸਰਲ ਸ਼ੈਲੀ ਵਿਚ ਲਿਖੀ ਗਈ ਹੈ ਛੰਦ ਵਧੇਰੇ ਚੌਪਈ ਵਰਤਿਆ ਹੈ ਤੇ ਕਿਤੇ ਕਿਤੇ ਦੋਹਰਾ, ਸੋਰਠਾ ਯਾ ਇਕ ਦੋ ਝੂਲਣੇ ਵੀ ਆਏ ਹਨ। 'ਪ੍ਰੇਮ ਅੰਬੋਧਿ' ਦਾ ਵਿਸ਼ਾਂ ਤਾਂ ਪ੍ਰੇਮ ਦੀ ਵਡਿਆਈ ਨੂੰ ਹਰ ਪੱਖ ਤੋਂ ਉੱਚਾ ਸਿਧ ਕਰਨਾ ਹੈ ਹੀ ਪਰ ਹੋਰ ਵੀ ਜਿਥੇ ਗਿਆਨ ਯੋਗ, ਭਗਤੀ ਯੋਗ ਤੇ ਕਰਮਯੋਗ ਆਦਿ ਦੀ ਚਰਚਾ ਆਈ ਹੈ, ਕਵੀ ਨੇ ਉਸ ਵਰਣਨ ਵਿਚ ਵਿਦਵਤਾ ਦਾ ਸਬੂਤ ਦਿਤਾ ਹੈ ਜਿਵੇਂ ਕਿ ਸਧਨੇ ਭਗਤ ਵਾਲੀ ਕਥਾ ਵਿਚ ਸਾਧੂ ਦੇ ਮੂੰਹੋਂ ਵੇਦਾਂਤ, ਯੋਗ, ਸਾਂਖ ਆਦਿ ਦੇ ਸਿਧਾਂਤ ਤੇ ਗੀਤਾ ਦਾ ਕਰਮਯੋਗ ਬੜੀ ਖ਼ੂਬਸੂਰਤੀ ਤੇ ਸੁਗਮਤਾ ਨਾਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਹ ਨਹੀਂ ਸਮਝਣਾ



Digitized by Panjab Digital Library | www.panjabdigilib.org

ਚਾਹੀਦਾ ਕਿ ਕਵੀ ਕਿਸੇ ਖਾਸ ਸ਼ਾਸਤ੍ਰ ਦੇ ਵਿਚਾਰਾਂ ਨਾਲ ਬੱਧਾ ਹੋਇਆ ਹੈ ਸਗੋਂ ਉਹ ਤਾਂ ਇਨ੍ਹਾਂ ਸਿਧਾਂਤਾਂ ਦਾ ਚਰਚਾ ਮਾਤ੍ਰ ਕਰ ਕੇ ਪ੍ਰੇਮ ਮਾਰਗ ਨੂੰ ਸਰਬੋਤਮ ਸਿੱਧ ਕਰਦਾ ਹੈ। ਸੰਪ੍ਰਦਾਇਕ ਨੁਕਤਾ ਨਿਗਾਹ ਉਸ ਨੂੰ ਪਰਵਾਣ ਨਹੀਂ। ਉਸ ਦੇ ਵਿਚਾਰ ਤਾਂ ਸੂਫੀਆਨਾ ਰੰਗ ਦੇ ਹਨ ਤੇ ਉਹ ਪ੍ਰੇਮ ਦੀ ਜੋਤਿ ਜਗਾ ਕੇ ਹਰ ਦਿਲ ਨੂੰ ਨੂਰੋ ਨੂਰ ਦੇਖਣਾ ਚਾਹੁੰਦਾਂ ਹੈ। ਇਸ ਗੱਲ ਦੀ ਸਪਸ਼ਟਤਾ ਲਈ ਅਸੀਂ ਇਸ ਪੁਸਤਕ ਦੀ ਭੂਮਿਕਾ, ਪਾਠਕਾਂ ਦੇ ਪੇਸ਼ ਕਰਦੇ ਹਾਂ, ਜਿਸ ਤੋਂ ਕਵੀ ਦੀ ਵਿਚਾਰਧਾਰਾ ਤੇ ਕਾਵਿ ਸ਼ੈਲੀ ਦੋਹਾਂ ਦਾ ਪਤਾ ਲਗ ਸਕੇਗਾ।

ੴ ਨਮੋ ਪਰਮਾਤਮਾ, ਪੂਰ ਰਹਿਓ ਸਬ ਅੰਗ
ਆਦਿ ਅੰਤ ਮੱਧ ਏਕ ਹੈ, ਤਾਂ ਮੈਂ ਜਗਤ ਤਰੰਗ।੧।

ਸੋਰਠਾ—ਪੂਰਨ ਪ੍ਰੇਮ ਪਰਮਾਤਮਾ, ਪੁਰਿ ਪੁਰਿ ਤ੍ਰਿਕੁਟੀ ਜਿਨ ਰਚੀ
ਬਹੁ ਬਿਧਿ ਰਚਨਾ ਥਾਪਿ, ਖੇਲਹਿ ਪ੍ਰੇਮੀ ਹੋਇ ਕੈ।

ਚੌਪਈ—ਪ੍ਰੇਮ ਰੂਪ ਧਰਿ ਜਗ ਮਾਹਿ ਖੇਲੈ ਧਾਰਿ ਪ੍ਰੇਮ ਪ੍ਰੇਮੀ ਕਉ ਮੇਲੈ
ਪ੍ਰੇਮ ਬਚਨ ਕਿਛੁ ਕਹਿਣ ਨ ਆਵੈ, ਉਪਜੈ ਪ੍ਰੇਮ ਤਬ ਪ੍ਰੀਤਮ ਪਾਵੈ
ਪ੍ਰਿਥਮੇ ਏਕੰਕਾਰ ਇਕੇਲਾ, ਕੀਓ ਪ੍ਰਗਾਸੁ ਪ੍ਰੇਮ ਕੀ ਬੇਲਾ
ਪੁਰਖ ਪ੍ਰਕ੍ਰਿਤਿ ਰੂਪ ਧਰਿ ਆਯੋ, ਭੀਤਰ ਸੂਤ੍ਰ ਪ੍ਰੇਮ ਕਾ ਪਾਯੋ
ਪ੍ਰੀਤਮ ਪ੍ਰੇਮੀ ਪੁਰਖ ਪ੍ਰਕ੍ਰਿਤਿ, ਪ੍ਰੇਮ ਹੀ ਤਾਂ ਮੈਂ ਸੂਤ੍ਰ ਬਰਤ।੧।

ਦੋਹਰਾ— ਪਾਰਬ੍ਰਹਿਮ ਪਰਮਾਤਮਾ, ਅਜ ਅਕ੍ਰੈ ਨਿਰਬਾਨ
ਪ੍ਰੀਤਮ ਪ੍ਰੇਮੀ ਹੋਇ ਕੈ, ਖੇਲਹਿ ਪਰਮ ਨਿਧਾਨੁ।

ਚੌਪਈ— ਮੈਂ ਚਾਹਉਂ ਲਿਖਉਂ ਪ੍ਰੇਮ ਕੀ ਬਾਤ ਆਂਸੂ ਝਰ ਕਾਗਦ ਗਰਿ ਜਾਤ
ਪ੍ਰੇਮ ਬਚਨ ਕਛੁ ਕਰਉ ਉਚਾਰੇ, ਤਰਫ ਕਰੇਜਾ ਆਹਿ ਪੁਕਾਰੇ
ਪ੍ਰੇਮ ਕੀ ਸੁਰਤਿ ਜਬੈ ਮਨ ਆਵਹਿ ਤਨ ਮਨ ਸਕਲ ਬਿਸੁਰਤ ਬਜਾਵੈ
ਪ੍ਰੇਮ ਕੀ ਬਾਤ ਕਾਨ ਜਬ ਪਰੇ, ਮਨ ਪਥਰ ਓਰਾ ਜਿਉਂ ਗਰੇ
ਪ੍ਰੇਮ ਉਚਾਰ ਰਸਨਾ ਜਬ ਆਵੈ ਗਦ ਗਦ ਹੋਇ ਕਿਛੁ ਕਹਣ ਨ ਜਾਵੈ।੨।

ਦੋਹਰਾ— ਪ੍ਰੇਮ ਅਗਨਿ ਜਾ ਤਨਿ ਲਗੈ, ਜਾਰੈ ਮਨ ਬੁਧਿ ਦੇਹ
ਸੁਲਗ ਸੁਲਗ ਕਈ ਕਲ ਮੈਂ, ਸਭ ਇੰਦ੍ਰਯ ਹੋਵਹਿ ਖੇਹ।੩।

ਚੌਪਈ— ਜਬਹਿ ਬੁਧਿ ਮਹਿ ਪ੍ਰੇਮ ਬਸਈ ਹੋਇ ਸੁਬੁਧਿ ਬੁਧਿ ਬਉਰਾਈ
ਮਨ ਮਨਸਾ ਜਬ ਪ੍ਰੇਮ ਕੀ ਧਾਰੈ, ਚੰਚਲ ਮਤਿ ਵਹ ਸਗਲ ਬਿਸਾਰੈ



Digitized by Panjab Digital Library | www.panjabdigilib.org

ਚਿਤ ਮੈਂ ਪ੍ਰੇਮ ਬਸਹਿ ਜਬ ਆਇ, ਚਿਤਵਨ ਤਾਂ ਕੀ ਸਹਿਜ ਬਿਲਾਇ
ਪ੍ਰੇਮ ਅਗਨਿ ਜਾ ਘਟਿ ਮਹਿੰ ਜਾਗੈ, ਕਾਮਾਦਿਕ ਮ੍ਰਿਗ ਤਾਂ ਤਨ ਭਾਗੈ
ਪ੍ਰਵਾਹ ਪ੍ਰੇਮ ਕੋ ਜਿਂਹ ਘਟਿ ਵਹੈ, ਅਗਿਆਨ ਫੂਸ ਤਹਿੰ ਮੂਲ ਨ ਰਹੈ । ੩ ।

ਦੋਹਰਾ— ਜੋਗ ਬੈਰਾਗ ਸੰਨਿਆਸ ਕੋ, ਕਹਾਂ ਕਰਉ ਅਵਗਾਹਿ
ਪ੍ਰੇਮ ਅਗਨਿ ਕੇ ਜਗੇ ਤੇ, ਹੋਵਤ ਸਭ ਕੋ ਦਹਿ । ੧ ।

ਚੌਪਈ— ਪ੍ਰੇਮ ਪਵਨਿ ਜਿਹਂ ਘਟਹਿੰ ਬਹਾਈ,
ਅਗਿਆਨ ਪਾਤ ਜਿਉਂ ਸਭ ਉਡ ਜਾਈ ।
ਪ੍ਰੇਮ ਭਾਨੁ ਜਿਹਂ ਘਟ ਪ੍ਰਗਾਸੈ, ਅਗਿਆਨ ਤਿਮਰ ਖਿਨ ਮਾਂਹਿ ਬਿਨਾਸੈ
ਪ੍ਰੇਮ ਪ੍ਰਤੀਤਿ ਜਬਹਿ ਮਨਿ ਆਵੈ, ਦੁਬਿਧਾ ਦੁੰਦ ਤਹਿੰ ਟਿਕਣੁ ਨ ਪਾਵੈ
ਜਿਸ ਤਨ ਪ੍ਰੇਮ ਬਸਿਓ ਹੈ ਆਇ, ਦੁਖ ਸੁਖ ਮਨ ਕੇ ਗਏ ਹਿਰਾਇ
ਪ੍ਰੇਮ ਪਿਆਲਾ ਜਿਨੁ ਮੁਖ ਲਾਇਆ, ਸਹਿਜੇ ਤਿਆਗ ਤਾਸ ਮਨਿ ਆਇਆ । ੪ ।

ਦੋਹਰਾ—ਜਾਂ ਤਨ ਪ੍ਰੇਮ ਪ੍ਰਕਾਸ਼ਈ, ਗਿਆਨ ਅਗਨਿ ਭਰਕਾਇ
ਤਨ ਮਨ ਮਨਸਾ ਜਾਰਿ ਕੈ, ਦੇਵਹਿ ਭਸਮ ਉਡਾਇ । ੧ ।

ਚੌਪਈ— ਜੋਗ ਬੈਰਾਗੁ ਪ੍ਰੇਮ ਤੇ ਨੀਕੇ, ਬਿਨਾ ਪ੍ਰੇਮ ਵੈ ਲਾਗਹਿੰ ਫੀਕੇ
ਗਿਆਨ ਬਿਗਿਆਨ ਪੰਡਿਤ ਜੋ ਕਰੈ, ਪ੍ਰੇਮ ਬਿਨਾ ਕਾਰਜ ਨਹੀਂ ਸਰੈ
ਬ੍ਰਹਿਮ ਗਿਆਨ ਸਭ ਮੈਂ ਇਕ ਦਾਤਾ, ਬਿਨਾ ਪ੍ਰੇਮ ਵਹ ਹੋਇ ਨ ਗਿਆਤਾ ।
ਭਗਤਿ ਕਰੈ ਕੋਈ ਬੈਠ ਇਕੱਲੈ, ਬਿਨਾ ਪ੍ਰੇਮ ਭਗਵਾਨ ਨ ਮਿਲੈ
ਪ੍ਰੇਮ ਕੀ ਅਕਥ ਕਥਾ ਸਭ ਜਾਨੀ, ਸਿੰਮ੍ਰਿਤਿ ਬੇਦ ਪੁਰਾਨ ਬਖਾਨੀ । ੫ ।

ਦੋਹਰਾ—ਜਿਹ ਰਵਿ ਪ੍ਰੇਮ ਪ੍ਰਕਾਸ਼ਈ, ਦੁਬਿਧਾ ਸੀਤ ਬਿਲਾਇ
ਤੀਨ ਭਵਨ ਗੁਨ ਭ੍ਰਮ ਤਿਮਰ, ਖਿਨ ਮਹਿੰ ਜਾਇ ਸਮਾਇ । ੧ ।

ਚੌਪਈ—ਸਭ ਘਟਿ ਪੂਰਨ ਹੈ ਭਗਵਾਨ, ਜਿਹਂ ਪ੍ਰਗਟਿਓ ਪ੍ਰੇਮ ਸੁ ਜਗ ਮਹਿੰ ਜਾਨ
ਜ਼ਹਾਂ ਪ੍ਰੇਮ ਕੇ ਹੈਂ ਬਿਉਹਾਰੀ, ਧੰਨ ਵਹ ਦੇਸ, ਪੁਰਖ ਵਹ ਨਾਰੀ
ਹਰਿ ਠਗ ਜਗਤ ਠਗਉਰੀ ਲਾਈ, ਸਭ ਮਹਿੰ ਪ੍ਰੇਮ ਹੋਇ ਰਹਿਓ ਸਮਾਈ
ਧੰਨ ਵਹ ਤਨਿ ਜਹਿ ਪ੍ਰੇਮ ਬਸਾਨਾ, ਧੰਨ ਵਹ ਮਨ ਜਹਿੰ ਪ੍ਰੇਮ ਰਹਾਨਾ
ਧੰਨ ਮੁਖ ਪ੍ਰੇਮ ਕੀ ਕਰੈ ਜੁ ਬਾਤਾ, ਧੰਨ ਵਹ ਬੁਧਿ ਜਿਨ ਪ੍ਰੇਮ ਪਛਾਤਾ । ੬ ।

ਦੋਹਰਾ—ਧੰਨ ਦੇਸ ਕੁਲ ਧੰਨ ਸੋ, ਧੰਨ ਮਾਤ ਪਿਤਾ ਕੇ ਭਾਗ
ਜਿਹ ਪ੍ਰੇਮੀ ਸੁਤ ਉਪਜਿਓ, ਜਨਮਤ ਪ੍ਰੀਤਮ ਲਾਗ । ੧ ।



Digitized by Panjab Digital Library | www.panjabdigilib.org

ਚੌਪਈ— ਜਾਸ ਨਗਰ ਪ੍ਰੇਮੀ ਉਪਜਾਨਾ, ਸਕਲ ਖੰਡ ਸੋਂ, ਭਇਓ ਪ੍ਰਧਾਨਾ
ਜਹਾਂ ਪ੍ਰੇਮ ਕਾ ਸਤ੍ਰੈਦਾ ਹੋਵੇ ਜੋਗ ਬੈਰਾਗ ਕਉ ਸੋ ਤਨ ਲੇਵੈ
ਲਹੈ ਪ੍ਰੇਮ ਤਨ ਮਨ ਸਭ ਦੇਹੀ, ਤਹਾਂ ਗਿਆਨ ਝੂਗੇ ਮਹਿੰ ਲੇਹੀ
ਪ੍ਰੇਮ ਪਦਾਰਥ ਜਿਨ ਜਨ ਪਾਇਆ, ਤਿਨ ਜੋਗ ਵੈਰਾਗ ਅਕਾਰਥ ਭਾਇਆ
ਪ੍ਰੇਮ ਮਗਨ ਪ੍ਰੀਤਮੁ ਮਿਲ ਗਇਆ,ਤਿਨ ਬ੍ਰਹਿਮ ਗਿਆਨ ਸੁਪਨੈ ਨਹੀਂ ਚਹਿਆ।੭
ਸੋਰਠਾ—ਭਗਤਿ ਬੈਰਾਗ ਗਿਆਨ, ਪ੍ਰੇਮ ਰਹਿਤ ਜੋ ਰਾਚਹੀ
ਤੇ ਥੋਥੇ ਸਭਿ ਜਾਨ ਪ੍ਰਾਨ ਬਿਨਾ ਹੈ ਦੇਹਿ ਜਿਉਂ ।੧।
ਚੌਪਈ—ਆਦਿ ਪੁਰਖ ਪ੍ਰੀਤਮ ਭਗਵਾਨਾ । ਪ੍ਰੇਮ ਸੁੰਨ ਮਹਿੰ ਹੁਤੇ ਸਮਾਨਾ
ਪੂਰਨ ਬ੍ਰਹਿਮ ਪ੍ਰੇਮ ਸੇ ਹੋਤਾ । ਬਿਨਾ ਪ੍ਰੇਮ ਕਛੁ ਅਉਰ ਨ ਹੋਤਾ
ਪ੍ਰੇਮ ਰੂਪ ਓਅੰਕਾਰ ਪ੍ਰਕਾਸ਼ਾ, ਤਾਂ ਤੇ ਉਪਜਿਓ ਪ੍ਰੇਮ ਅਕਾਸ਼ਾ
ਤਾ ਕੋ ਤਤੁ ਸਬਦ ਬਿਖਿਆਤਾ, ਜਾਕੈ ਪ੍ਰੇਮ ਕਰਨ ਅਨੁਰਾਤਾ
ਤੱਤ ਅਕਾਸ਼ ਤੇ ਪਵਨ ਉਪਜਾਨਾ, ਪ੍ਰੇਮ ਪ੍ਰਵਾਹ ਹੁਇ ਫਿਰਿਓ ਦੀਵਾਨਾ ।੮।
ਦੋਹਰਾ—ਤਾਂ ਕੋ ਤਤੁ ਸਪਰਸ਼ ਹੈ ਸੁਨਹੁ ਏਕਾਗਰ ਚਿਤ
ਜਾਂ ਕੇ ਪ੍ਰੇਮ ਹੈਰਾਨ ਹੈ ਤੁਚਾ ਸਭਸ ਕੀ ਮਿਤ ।੧।
ਚੌਪਈ— ਹੁਤਾਸਨ ਪਵਨ ਤੇ ਪ੍ਰੇਮ ਉਪਜਾਇਆ, ਪ੍ਰੇਮ ਕੈ ਬਸਿ ਹੋਇ ਆਪ ਜਰਾਇਆ
ਤਾਂ ਕੋ ਤਤੁ ਰੂਪ ਹੈ ਗਿਆਨੀ, ਜਾਂ ਕੈ ਪ੍ਰੇਮ ਅੱਖੀਆਂ ਦੀਵਾਨੀ
ਪ੍ਰੇਮ ਅਗਨਿ ਤੇ ਆਪੁ ਉਪਜਾਨਾ, ਤਾਂ ਰਸ ਬਸਿ ਰਸਨਾ ਪਹਿਚਾਨਾ
ਤਿਨ ਆਪੁ ਪ੍ਰੇਮ ਪ੍ਰਵਾਹ ਬਹਾਇਆ, ਪ੍ਰੇਮ ਰੂਪ ਧਰ ਧਰ ਉਪਜਾਇਆ
ਤਾਂ ਕੋ ਤਤੁ ਗੰਧ ਬਖਿਆਤਾ, ਨਾਸਕਾ ਜਾਂ ਕੈ ਪ੍ਰੇਮ ਬਿਧਾਤਾ ।੯।
ਦੋਹਰਾ—ਜੋ ਜਾਂਤੇ ਹੈ ਓਪਜਿਆ, ਤਾਂ ਕੋ ਗੁਣ ਤਿਹਂ ਮਾਹਿੰ
ਸ੍ਰੁਤਿ ਸਿੰਮ੍ਰਿਤਿ ਕੇ ਪ੍ਰੇਮ ਤੇ ਪ੍ਰਗਟ ਦੇਖਹੁ ਜਾਇ ।੧।
ਚੌਪਈ—ਪ੍ਰੇਮ ਰੂਪ ਬ੍ਰਹਿਮਾ ਉਪਜਾਨਾ, ਪ੍ਰੇਮ ਬਸ ਹੁਇ ਜਗਤ ਉਠਾਨਾ
ਪ੍ਰੇਮ ਹੀ ਬਿਸ਼ਨ ਹੋਇ ਪ੍ਰਤਿਪਾਲ, ਸੋ ਅੰਤਰਜਾਮੀ ਸਭ ਘਟ ਨਾਲਿ
ਸ਼ਿਵ ਸਰੂਪ ਸਭ ਪ੍ਰੇਮ ਨਿਹਾਰਾ, ਪ੍ਰੇਮ ਸੋਂ ਦ੍ਵੈਤ ਕਉ ਕਰੈ ਸੰਘਾਰਾ
ਸਭ ਦੇਵੀ ਦੇਵ ਪ੍ਰੇਮ ਤੇ ਭਏ ਪ੍ਰੇਮ ਪ੍ਰੀਤਿ ਕਰ ਬਸ ਹੁਇ ਗਏ ।
ਸਾਹਿਬ ਸੇਵਕ ਤਾਤ ਅਰੁ ਮਾਤਾ। ਪ੍ਰੇਮ ਕੇ ਬਾਂਧੇ ਕਰਮ ਕਮਾਤਾ ।੧੦।
ਦੋਹਰਾ—ਨਾਮ ਰੂਪ ਗੁਣ ਜਗਤ ਜੋ; ਨਾਨਾ ਭਾਂਤਿ ਦਿਖਾਹਿੰ
ਸਭਹਿ ਪ੍ਰੇਮ ਤੇ ਊਪਜਹਿ, ਪੁਨ ਤਿਹਂ ਮਾਹਿ ਸਮਾਹਿ । [ਪ੍ਰੇਮ ਅੰਬੋਧਿ



Digitized by Panjab Digital Library | www.panjabdigilib.org

## (੨੮) ਗੋਪਾਲ

ਇਹ ਨਾਂ ਕਵੀਆਂ ਦੀ ਸੂਚੀ ਵਿਚ ਪ੍ਰਾਪਤ ਹੈ ਪਰ ਹਿੰਦੀ ਸਾਹਿਤ ਵਿਚ ਗੋਪਾਲ ਦਾਸ, ਗੋਪਾਲ ਚੰਦ੍ਰ ਤੇ ਗੋਪਾਲ ਰਾਇ ਕਈ ਨਾਂ ਮਿਲਦੇ ਹਨ। ਗੋਕੁਲ ਨਿਵਾਸੀ ਗੋਪਾਲ ਭੱਟ ਗੁਰੂ ਜੀ ਦਾ ਸਮਕਾਲੀ ਬਣਦਾ ਹੈ, ਸੰਭਵ ਹੈ ਇਹੋ ਗੁਰੂ ਜੀ ਦੀ ਸ਼ਰਣ ਆਇਆ ਹੋਵੇ ਜਾਂ ਫਿਰ ਪੰਜਾਬ ਦਾ ਕੋਈ 'ਗੋਪਾਲ' ਕਵੀ ਹੋਵੇ। ਇਸ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ— ਮੋਹ ਮਰਦ ਰਾਜੇ ਕੀ ਕਥਾ ਤੇ ਅਨੁਭਉ ਉਲਾਸ। ਮੋਹ ਮਰਦ ਰਾਜੇ ਕੀ ਕਥਾ ਦਾ ਅਰੰਭ ਇਉਂ ਹੈ —

'ਗੁਰ ਗੋਬਿੰਦ ਕੀ ਆਗਿਆ ਪਾਊਂ। ਸੰਤ ਸਮਾਗਮ ਬਚਨ ਸੁਨਾਊਂ
ਸੁਣੀਏ ਏਕ ਮਹਾਂ ਪੁਰਾਨਾ। ਨਾਰਦ ਬਿਸਨੁ ਕੋ ਭਯੋ ਬਖਾਨਾ। ੧।'

ਅੰਤ ਵਿਚ ਲਿਖਿਆ ਹੈ —

ਗੁਰਗੋਬਿੰਦ ਕੀ ਆਇਆ ਪਾਈ। ਸੰਤ ਸਮਾਗਮ ਬਚਨ ਸੁਨਾਈ
ਮੋਹ ਮਰਦ ਰਾਜਾਂ ਕੀ ਗਾਥਾ। ਨਿਤਪ੍ਰਤਿ ਗਾਵਹੁ ਜਨ ਜਗੰਨਾਥਾ। ੧੧੨।

[ਸੈਂਟ੍ਰਲ ਪਬਲਿਕ ਲਾ: ਪਟਿਆਲਾ,
ਖਰੜਾ ਨੰ. 712

ਦੂਜੀ ਰਚਨਾ 'ਅਨੁਭਉ ਉਲਾਸ' ਛੋਟੀ ਜੇਹੀ ਹੈ ਪਰ ਇਸ ਤੋਂ ਇਉਂ ਪਤਾ ਲਗਦਾ ਹੈ ਕਿ ਇਹ ਵੇਦਾਂਤੀ ਰੁਚੀਆਂ ਦੇ ਸਾਧੂ ਕਵੀ, ਗੁਰੂ ਜੀ ਦੀ ਸੰਗਤ ਸਦਕਾ ਤੱਤ ਗਿਆਨੀ ਹੋ ਗਏ ਸਨ। ਇਸੇ ਰਚਨਾ ਦੇ ਅੰਤ ਲਿਖਿਆ ਹੈ —

ਗੁਰ ਗੋਬਿੰਦ ਪ੍ਰਤਾਪ ਤੇ, ਕਾਟਿ ਅਹੰ ਮਮ ਫਾਸਿ
ਜਨ 'ਗੋਪਾਲ' ਬੀਚਾਰਕੈ, ਕਹਯੋ ਅਨਭਉ ਉਲਾਸ।

'ਅਨੁਭਉ ਉਲਾਸ' ਦਾ ਖਰੜਾ ਸ. ਗੋਬਿੰਦ ਸਿੰਘ ਲਾਂਬਾ ਪਟਿਆਲਾ ਪਾਸ ਹੈ ਅਤੇ ਇਸ ਦੀ ਇਕ ਨਕਲ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ (ਨੰ. 828) ਵੀ ਪਈ ਹੈ। ਇਥੇ ਇਸ ਦਾ ਪਾਠ ਦਿੰਦੇ ਹਾਂ—

੧ਓ ਸਤਿਗੁਰੂ ਜੀ ਸਹਾਇ।

ਅਨਭਉ ਉਲਾਸ

ਨਮੋ ਸੱਚਿਦਾਨੰਦ ਅਪਨ ਪੌ ਪਰਮ ਅਨੂਪਾ
ਗੁਰ ਗੋਬਿੰਦ, ਗਣੇਸ਼, ਸਾਰਦਾ ਸਕਲ ਸਰੂਪਾ। ੧।



Digitized by Panjab Digital Library | www.panjabdigilib.org

ਡਾਲ ਫੂਲ ਪਾਤ ਸਭੇ ਪੋਖਤ ਜਰ ਪੋਖੈ
ਤੋਖਤ ਸਾਰੋ ਬਿਸੁ ਆਤਮਾ ਕੋ ਤੋਖੈ । ੨ ।

ਮੁਕਰਨ ਮਹਿਂ ਪ੍ਰਤਿਬਿੰਬ ਤਿਨਹਿ ਪੂਜੇ ਕਹਾਂ ਕੋਈ
ਨਿਜ ਮੁਖ ਪੂਜੇ ਕਿਉਂ ਨਾ ਜਾਂਹਿਂ ਪੂਜੇ ਸਬ ਸੋਈਂ । ੩ ।

ਰਹੈ ਹਿਰਦੈ ਹੇਰ ਵਿਆਪ ਦਾਰ ਮੈਂ ਪਾਵਕ ਜੈਸੇ ।
ਬਿਨਾ ਦਾਰ ਕੇ ਮਥੇ, ਅਗਨਿ ਪੈ ਪ੍ਰਗਟੇ ਕੈਸੇ । ੪ ।

ਧਰੀ ਬਸਤੁ ਘਰ ਮਾਂਹਿ ਬਿਨਾ ਦੀਪਕ ਕਿਉਂ ਚਹੀਏ
ਤਿਉ ਪ੍ਰਭੁ ਆਪਨ ਮਾਂਹਿ ਬਿਨਾ ਗੁਰ ਗਯਾਨ ਨ ਲਹੀਏ । ੫ ।

ਮੁਕਰ ਮਾਹਿਂ ਨਿਜ ਰੂਪ ਕਹੂੰ ਤੇ ਲੈਨ ਨ ਜਾਨੋ
ਮੈਲ ਮਾਂਜ ਕੇ ਦੇਖਿ ਪਰੈ ਅਬ ਹੀ ਪਹਿਚਾਨੋਂ । ੬ ।

ਪਰ ਕੋ ਜਾਨਨ ਕਠਿਨ ਸੁ ਤੋ ਤੂ ਜਾਨਤ ਹੈਂ ਸਬ
ਅਪਨੇ ਜਾਨਨ ਮਾਂਹਿ ਆਪ ਕੌ ਕੌਨ ਕਠਿਨ ਅਬ । ੭ ।
ਜਾਗ੍ਰਤ ਸੁਪਨ ਸਖੋਪਤ ਹੂੰ ਕੋ ਸਾਡੀ ਜੋਈ
ਪੁਨ ਤਿਨ ਕੀ ਗਤਿ ਅਗਤਿ ਇਕ ਰਸ ਜੋ ਕੋਈ । ੮ ।

ਦੇਹਿ ਇੰਦ੍ਰੀਅਨ ਮਨ ਪਰੇ ਸਬਨ ਕੀ ਅਵਧ ਜੁ ਹੈ ਰੇ
ਸੁਖਪਤਿ ਅਨੁਭਵ ਸਿੰਧੁ ਆਤਮਾ ਜਾਨਸੁ ਹੈ ਰੇ । ੯ ।

ਸੂਰਜ ਏਕ ਅਨੇਕ ਜਗਤ ਕੋ ਜਿਉਂ ਪ੍ਰਕਾਸ਼ਤ
ਦੇਹ ਇੰਦ੍ਰੈਗਣ ਸਬਨ ਮਾਹਿਂ ਤਿਉਂ ਆਤਮ ਭਾਸਤ । ੧੦ ।

ਜੈਸੋ ਚੁੰਬਕ ਸੰਗ ਲਗਿਓ ਲੋਹੋ ਨਿਰਤਤ ਹੈ
ਤਿਉਂ ਆਤਮ ਸਤਿਆ ਪਾਇ, ਬਲ ਇੰਦ੍ਰੀਅਨ ਵਰਤਤ ਹੈ । ੧੧ ।

ਆਤਮ ਦੀਪ ਪ੍ਰਕਾਸ਼ ਮਾਤ੍ਰ ਇੰਦ੍ਰੀਅਨ ਗੁਨ ਗਹਿਈ
ਯਥਾ ਫਟਕਮੈ ਰੰਗ ਮਣਿ ਨਿਸਾਨਿਧਿ ਤੇ ਲਹਈ । ੧੨ ।
ਨੀਰ ਛੀਰ ਵਤ ਮਿਲਿਓ, ਦੇਹਿ ਆਤਮ ਅਧਿਯਾਸੰ
ਨਿਰਵਾਰੋ ਕੋਊ ਕਰੈ ਪਰਮ ਹੰਸਾ ਸੰਨਿਆਸੰ । ੧੩ ।

ਕਾਇਆ ਪੁਰਿ ਮਨ ਮਹਿਲ, ਤਿਤ ਆਤਮਰਾਜ ਬਿਰਾਜੈ
ਸਬ ਕੋ ਮੁਜਰਾ ਲੇਤ ਹੋਤ ਜੋ ਕਾਜ ਅਕਾਜੈ । ੧੪ ।

ਦੇਖੈ ਸਬਹਨ ਸੋਇ ਨ ਦੇਖਹਿ ਤਾਂ ਕੋ ਕੋਈ
ਬਸੈ ਬਸਨ ਕੇ ਮਾਹਿਂ ਕਹੂੰ ਤੇ ਲਿਪਤ ਨ ਹੋਈ । ੧੫ ।



Digitized by Panjab Digital Library | www.panjabdigilib.org

ਜਿਉ ਤਨ ਬਸਨਨ ਮਾਹਿੰ, ਬਸਨ ਕੇ ਜਰੇ ਨ ਜਰਈ
ਤਿਉਂ ਆਤਮ ਤਨ ਮਾਹਿੰ, ਮਰੇ ਤਨ ਕੇ ਨਹਿ ਮਰਈ । ੧੬ ।

ਜਿਉ ਅਨੇਕ ਮਣਿ ਮਾਂਹਿ, ਏਕ ਗੁਨ ਬਯਾਪ ਰਹਯੋ ਹੈ
ਤਿਉਂ ਅਨੇਕ ਤਨ ਮਾਂਹਿੰ ਏਕ ਆਤਮਾ ਠਹਯੋਂ ਹੈ । ੧੭ ।

ਮੁਕਰਨ ਮੇਂ ਹੈ ਭੇਦ, ਭੇਦ ਮੁਖ ਮਾਂਹਿ ਨ ਹੇਰੇ
ਮੁਕਰਨ ਫੋਰ ਨਿਹਾਰ, ਏਕ ਤੂੰ ਤਾਂ ਪਰ ਹੇਰੈ । ੧੮ ।

ਘਟ ਮਟ ਫੂਟੇ ਰਹੈ, ਏਕ ਨਭ ਜੈਸੇ ਭਾਈ
ਜੀਵ ਈਸ ਬੁਧਿ ਮਿਟਹਿ, ਏਕ ਆਤਮ ਰਹਾਈ । ੧੯ ।
ਏਕ ਕਹਾਈ ਬੂੰਦ, ਏਕ ਬੁਦਬੁਦਾ ਕਹਾਇਓ
ਦੋਊ ਭਯੋ ਗਲ ਨੀਰ, ਦੁਂਹਨ ਤਬ ਭੇਦ ਹਿਰਾਇਓ । ੨੦ ।
ਸੂਰਜ ਤੇ ਪ੍ਰਕਾਸ਼ ਬਟਕ ਤੇ ਬੀਜ ਨਹੀਂ ਨਿਆਰੋ
ਬਟ ਤੇ ਛਾਂਹ ਨ ਭਿੰਨ, ਤਿਉਂ ਆਤਮ ਸੰਸਾਰੋ । ੨੧ ।
ਉਪਜਤ ਜਗ ਆਪ ਤੇ ਆਪ ਹੀ ਮੈਂ ਦਰਸਾਵੈ
ਅੰਤ ਆਪ ਮੈਂ ਮਿਲਤ, ਭਿੰਨ ਸੱਤਾ ਨਹੀਂ ਪਾਵੈ । ੨੨ ।

ਜਾਨੇ ਜਨ ਕੀ ਬਾਤ, ਭਲੇ ਜਨ ਕੋਊ ਜਾਨਾ ।
ਜਾਨ ਅਜਾਨ ਜੁ ਭਯੋ; ਤਾਂਹਿ ਕਿਉਂ ਜਾਨੈ ਆਨਾ । ੨੩ ।

ਸੂਝਹਿ ਬੂਝਹਿ ਸੋਇ, ਬਿਨਾ ਸੂਝਹਿ ਨਹੀਂ ਬੂਝੈ
ਹੈ ਕਛੁ ਅਦਭੁਤ ਰੀਤਿ, ਬਿਨਾ ਬੁਝਹਿ ਨਹੀਂ ਸੂਝੈ । ੨੪ ।

ਬੂਝੀ ਚਹੀਏ ਬਾਤ, ਰਹੈ ਬਨ ਮੈਂ ਯਾ ਘਰ ਮੈਂ
ਭਯੋ ਧਨੀ ਧਨ ਪਾਇ ਖਾਹੁ, ਯਾ ਗਾਡੋ ਘਰ ਮੈਂ । ੨੫ ।

ਬਨ ਕੋ ਬਨੋ ਬਨਾਵ ਰਾਜ ਕੋ ਬਾਨ ਬਨੋ ਸੌ
ਬਾਧਾ ਕੋਊ ਨਾਹਿੰ ਕੋ, ਭਰਮ ਜਾਨਯੋ ਦੁਹਨ ਕੌ । ੨੬ ।

ਹੁਤੋ ਹੁਤੈ ਸੁ ਹੈ ਜੋ ਹੋ ਸੋ ਹੋ ਰੇ
ਸਹਿਜਾਨੰਦ ਸਮਾਇ ਰਹਯੋ ਤਿੰਹ ਆਗੂ ਕੋ ਰੇ । ੨੭ ।

ਜੋ ਕਛੁ ਦੇਖੈ ਸੁਨੈ, ਸੁ ਸਬ ਜਿੰਹ ਆਤਮ ਭਾਸੈ
ਕਾਂਕੋ ਤਿਆਗੈ ਗ੍ਰਿਹੈਂ ਕੌਨ ਪੁਨ ਕੌਨੈ ਨਾਸੈ । ੨੮ ।
ਗਲਿਓ ਦੇਹ ਅਭਿਮਾਨ ਲਹਿਓ ਆਤਮ ਅਗਾਧੰ
ਉਠੰ ਬੈਠੋ ਚਲੋ ਸੋ ਸਬ ਭਾਇ ਸਮਾਧੰ । ੨੯ ।



Digitized by Panjab Digital Library | www.panjabdigilib.org

ਰੋਮ ਰੋਮ ਰਮ ਰਹਯੋ, ਆਤਮ ਸਬ ਠਾਂਗੇ
ਜਹਾਂ ਜਾਇ ਤਹਾ ਆਤਮ, ਆਤਮ ਬਿਨ ਜਾਇ ਕਹਾਂ ਗੇ । ੩੦ ।

ਦੇਹੋਹੰ ਅਹੰਕਾਰ ਜਾਢ ਜਬ ਕਾਢਿ ਬਗਾਈ
ਕਹੂੰ ਰਹਹੁ ਸੰਸਾਰ, ਸੂਪ ਕੀ ਕਹਾਂ ਬਸਾਈ । ੩੧ ।

ਜਲ ਮੈਂ ਜੈਸੇ ਕਮਲ, ਰਹਤ ਜਾਨਾ ਜਗ ਮੋ
ਜਗ ਕੋ ਪਰਸਤ ਨਾਹਿੰ, ਜਦਪਿ ਦੀਸਤ ਹੈ ਜਗ ਮੋਂ । ੩੨ ।

ਗੂੰਗੈ ਕੋ ਗੁੜ ਗਿਆਨ, ਯਾਂਹ ਚਾਖੈ ਸੁ ਜਾਨੈ
ਲਹਹਿ ਸ੍ਵਾਦ ਮਨ ਮਾਂਹਿ, ਵਾਕ ਜਿਨ ਸਕੈ ਬਖਾਨੈ । ੩੩ ।

ਮੀਠੋ ਹੈ ਗੁੜ ਯਾਹ; ਕੋਊ ਕੈਸੇ ਸਮਝਾਵੈਂ
ਮੁਖ ਸੋ ਕਹਯੋ ਨ ਜਾਇ, ਖਾਇ ਸੁ ਸ੍ਵਾਦੇ ਪਾਵੈ । ੩੪ ।

ਬਾਕ ਮਿਸਟ ਗੁੜ ਕਹਯੋ ਲਹਯੋ ਸ੍ਵਾਦ ਨ ਤਬ ਲੌਂ
ਦਾਸ ਪਠਾਇ ਮੰਗਾਇ, ਖਾਇ ਨਹਿੰ ਦੇਖੈ ਜਬ ਲੌਂ । ੩੫ ।

ਸੁਨ ਗੁੜ ਸ੍ਰੁਤਿ ਕੇ ਬਚਨ, ਬਹੁਰ ਅਨੁਭਵ ਕੀਨੀ ਜਿਨ
ਸੋ ਨ ਬਹੁਰ ਪੁਨ ਡਿਗਹਿ, ਕੋਊ ਜਤਨ ਕਰਹੁ ਕਿਨ । ੩੬ ।

ਸ੍ਰਵਣ ਸੁਣੀ ਮਧੁਰ ਖਾਂਡ, ਸੁ ਕੜਵੀ ਸੁਨ ਚਲਿ ਜਾਵੈ ।
ਚਾਖ ਚਹੀ ਧਰ ਜੀਭ, ਸੁਪਨੇ ਕੈਸੇ ਬਹਿਕਾਵੈ । ੩੭ ।

ਦੋਹਰਾ — ਗੁਰੂ ਗੋਬਿੰਦ ਪ੍ਰਤਾਪ ਤੇ, ਕਾਟਿ ਅਹੰ ਮਮ ਫਾਸਿ
ਜਨ 'ਗੋਪਾਲ' ਬੀਚਾਰ ਕੈ, ਕਹਯੋ ਅਨੁਭਵ ਉਲਾਸ । ੧ ।

ਇਤਿ ।

## (੨੯) ਧਰਮ ਸਿੰਘ

ਭਾਈ ਧਰਮ ਸਿੰਘ ਭਟਾਣਾ ਗੋਤ ਦਾ ਜ਼ਿਮੀਦਾਰ ਖ਼ੈਰਪੁਰ ਸੱਦਾਤ ਜ਼ਿਲਾ ਮੁਜ਼ੱਫਰ ਗੜ੍ਹ ਦਾ ਵਸਨੀਕ ਸੀ । ਇਸ ਦਾ ਪਿਤਾ ਛਬੀਲ ਸਿੰਘ ਗੁਰੂ ਕਾ ਸ਼ਰਧਾਲੂ ਸਿਖ ਸੀ ਤੇ ਇਸ ਦੇ ਜੇਠਾ, ਧਰਮਾ, ਸੱਦਾ ਤੇ ਗੁਰਦਾਸ ਚਾਰ ਪੁਤਰ ਸਨ, ਇਨ੍ਹਾਂ ਵਿਚੋਂ ਧਰਮਾ ਅੰਮ੍ਰਿਤ ਪਾਨ ਕਰਕੇ ਧਰਮ ਸਿੰਘ ਕਹਿਲਾਇਆ । ਚੂੰਕਿ ਭਾਈ ਮਨੀ ਸਿੰਘ ਵੀ ਇਸੇ ਇਲਾਕੇ ਦੇ ਸਨ, ਇਸ ਕਰਕੇ ਅਨੰਦਪੁਰ ਰਹਿੰਦਿਆਂ ਧਰਮ ਸਿੰਘ ਦਾ ਭਾਈ ਸਾਹਿਬ ਨਾਲ ਵਿਸ਼ੇਸ ਪ੍ਰੇਮ ਹੋ ਗਿਆ । ਇਕ ਰਵਾਇਤ ਅਨੁਸਾਰ ਧਰਮ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਵੀ ਪੜ੍ਹਾਉਂਦਾ ਰਿਹਾ । ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਪਿਛੋਂ



Digitized by Panjab Digital Library | www.panjabdigilib.org

ਜਦ ਭਾਈ ਮਨੀ ਸਿੰਘ ਜੀ ਗੁਰਦੁਆਰਾ ਨਾਨਕਸਰ ਪਿੰਡ ਬਾਗਾਂ ਵਾਲੇ (ਜ਼ਿਲਾ ਝੰਗ) ਕੁਝ ਅਰਸਾ ਠਹਿਰੇ ਤਾਂ ਆਪ ਨੇ ਸੰਗਤ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਦੇ ਬੀਰਤਾ-ਭਰੇ ਪ੍ਰਸੰਗ ਸੁਣਾਏ, ਇਸ ਸਮੇਂ ਭਾਈ ਧਰਮ ਸਿੰਘ ਨਾਲ ਸੀ ਅਤੇ ਭਾਈ ਧਰਮ ਸਿੰਘ ਦਾ ਪੁਤਰ ਭਗਤ ਸਿੰਘ ਮੁਖੀ ਸ੍ਰੋਤਿਆਂ ਵਿਚੋਂ ਸੀ।* ਭਾਈ ਧਰਮ ਸਿੰਘ ਦਾ ਪ੍ਰੇਮੀ ਕਵੀ ਸੋਹਨ ਸੀ ਜਿਸ ਇਸ ਸਾਰੀ ਪ੍ਰਸੰਗਾਵਲੀ ਨੂੰ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਨਾਮ ਹੇਠ ਛੰਦਬਧ ਕੀਤਾ। ਕਵੀ ਸੋਹਨ ਨੇ ਕ੍ਰਿਤੱਗਰਤਾ ਪ੍ਰਗਟ ਕਰਦਿਆਂ ਕਿਹਾ ਹੈ—

ਮਨੀ ਸਿੰਘ ਸੁਆਮੀ ਕਾ ਦਾਸ, ਧਰਮ ਸਿੰਘ ਜੀ ਬੁਧਿ ਪ੍ਰਗਾਸ।
ਤਾਂਕਾ ਭਯੋ ਦਾਸ ਹਉਂ ਆਇ, ਤਿਨ ਮਮ ਕੀਨੀ ਅਧਿਕ ਸਹਾਇ।

ਗੱਲ ਕੁਛ ਵੀ ਹੋਵੇ, ਭਾਈ ਧਰਮ ਸਿੰਘ ਜੀ ਦੀ ਪ੍ਰੇਰਨਾ ਦਾ ਹੀ ਸਿਟਾ ਸੀ ਕਿ ਉਸ ਦੇ ਸ਼ਿਸ ਕਵੀ ਸੋਹਨ ਨੇ 'ਗੁਰ ਬਿਲਾਸ' ਦੀ ਰਚਨਾ ਕੀਤੀ।

ਭੱਟ ਵਹੀ ਤਲਉਂਢਾ ਅਨੁਸਾਰ ਸੱਤ ਭੱਟ 9 ਕੱਤਕ 1768 ਬਿ. ਨੂੰ ਅੱਲੋਵਾਲ (ਲਾਹੌਰ) ਜ਼ਿਮੀਨ ਵਿਚ ਗੱਡ ਕੇ ਸ਼ਹੀਦ ਕੀਤੇ ਗਏ। ਖਾਨਦਾਨੀ ਰਵਾਇਤ ਅਨੁਸਾਰ ਭਾਈ ਧਰਮ ਸਿੰਘ ਵੀ ਇਨ੍ਹਾਂ ਦੇ ਨਾਲ ਹੀ ਸਨ। ਧਰਮ ਸਿੰਘ ਦੀਆਂ ਰਚਨਾਵਾਂ-ਪੰਚ ਤੰਤ੍ਰ, ਕੋਕ ਸੰਵਾਦ ਤੇ ਕਥਾ ਰਾਜੇ ਭਰਥਰੀ ਹਰੀ ਕੀ ਦੱਸੀਆਂ ਜਾਂਦੀਆਂ ਹਨ। ਕਥਾ ਦਾ ਖਰੜਾ (ਨੰ, 139) ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ ਵਿਚ ਸੁਰੱਖਿਅਤ ਹੈ ਤੇ ਇਸਦਾ ਅਰੰਭ ਇਉਂ ਹੁੰਦਾ ਹੈ—

ਜਪ ਪ੍ਰਿਥਮੈ ਸਤਿਗੁਰ ਗੁਰੂ, ਵਾਹਿਗੁਰੂ ਕੋ ਨਾਮ
ਜਿਹ ਸਿਮਰਤ ਸੰਕਟ ਮਿਟਹਿੰ, ਲਹਿਹੈ ਨਿਹਚਲ ਧਾਮ। ੧।

'ਕੋਕ ਸਾਰ' ਵਾਰਤਕ ਵਿਚ ਹੈ ਤੇ ਇਸਦੇ 14 ਅਧਿਆਇ ਹਨ। ਮੁੱਢ ਵਿਚ ਮੰਗਲਾਚਰਣ ਲਈ ਸਵਈਏ ਦੀ ਵਰਤੋਂ ਕੀਤੀ ਹੈ—

'ਹੋਇ ਕ੍ਰਿਪਾ ਤੁਮਰੀ ਹਮ ਪੈ, ਤਾਂਹੀ ਸਭੈ ਗੁਨ ਹੌਂ ਧਰਹੋਂ
ਜੀਅ ਧਾਰ ਬਿਚਾਰਤ ਬੈਤਰੁ ਬੁਧਿ, ਮਹਾਂ ਗਨ ਗੁਣ ਔਗੁਣ ਕੋ ਹਰਹੋਂ
ਬਿਨ ਚੰਡਿ ਕ੍ਰਿਪਾ ਤੁਮਰੀ ਮੁਖ ਤੇ, ਕਬਹੂੰ ਨਹੀਂ ਅੱਛਰ ਹੌਂ ਕਰਹੋਂ
ਤੁਮਰੋ ਕਰਿ ਨਾਮ ਕਿਧੌਂ ਤੁਲਹਾ, ਇਮ ਵਾਕ ਸਮੁੰਦ੍ਰ ਬਿਖੇ ਤਰਹੋਂ।'

*ਸਾਨੂੰ ਇਹ ਜਾਂਣਕਾਰੀ ਆਪ ਦੇ ਪਰਿਵਾਰ ਵਿਚੋਂ ਸ: ਕਰਤਾਰ ਸਿੰਘ ਜੀ ਨੇ ਦਿਤੀ ਹੈ, ਇਨ੍ਹਾਂ ਇਹ ਵੀ ਦਸਿਆ ਹੈ ਕਿ ਭਗਤ ਸਿੰਘ ਦਾ ਪੁਤਰ ਟੇਕ ਸਿੰਘ 1860 ਬਿ: ਵਿਚ ਖੈਰਪੁਰ ਛਡਕੇ ਬੱਧਨੀ ਤਸੀਲ ਮੋਗਾ ਵਿਚ ਆ ਵਸਿਆ ਸੀ ਜੋ ਮਿਸਲ ਭੰਗੀਆਂ ਦੇ ਸ: ਭੂਮਾ ਸਿੰਘ ਦਾ ਸਾਥੀ ਰਿਹਾ।



Digitized by Panjab Digital Library | www.panjabdigilib.org

ਭਾਈ ਕਰਤਾਰ ਸਿੰਘ ਜੀ ਨੇ ਜ਼ਬਾਨੀ ਸਾਨੂੰ ਦੱਸਿਆ ਹੈ ਕਿ ਪੰਚਤੰਤ੍ਰ ਤੇ ਗੁਰਬਿਲਾਸ ਦੇ ਹੱਥਲਿਖਤ ਖਰੜੇ ਸਾਡੇ ਘਰ ਸਨ ਪਰ ਇਹ ਕੋਈ ਸਾਧੂ ਲੈ ਗਿਆ ਜਿਸਨੇ ਵਾਪਸ ਨਹੀਂ ਪਰਤਾਏ । ਹੁਣ ਸਾਡੇ ਪਾਸ ਭਾਈ ਧਰਮ ਸਿੰਘ ਜੀ ਦੀ ਚਾਂਦੀ ਦੀ ਮੂਰਤੀ ਹੈ, ਜਿਸਨੂੰ ਅਸੀਂ ਬੜੀ ਸ਼ਰਧਾ ਨਾਲ ਪੂਜਦੇ ਹਾਂ ਤੇ ਦੀਵਾਲੀ ਵਾਲੇ ਦਿਨ ਇਸਦੀ ਵਿਸ਼ੇਸ਼ ਪੂਜਾ ਮਾਨਤਾ ਕੀਤੀ ਜਾਂਦੀ ਹੈ ।

## (੩੦) ਗੁਰਦਾਸ ਸਿੰਘ

ਗੁਰਦਾਸ ਸਿੰਘ ਪਹਿਲਾ ਕਵੀ ਹੈ ਜਿਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੱਖੀਂ ਡਿਠੇ ਕ੍ਰਾਂਤੀਕਾਰੀ ਕਾਰਨਾਮੇ ਦੀ ਵਾਰ ਲਿਖੀ ਹੈ । ਉਸ ਸਮੇਂ ਖੰਡੇਧਾਰ ਪਾਹੁਲ ਦੇ ਸਭੇ ਵਿਰੋਧੀ ਸਨ । ਬ੍ਰਾਹਮਣ, ਕਾਜ਼ੀ ਮੁੱਲਾਂ ਇਸਨੂੰ ਧਰਮ ਹੀਣ ਕਰਮ ਸਮਝਦੇ ਸਨ ਤੇ ਗੁਰੂ ਘਰ ਦੇ 'ਮਸੰਦ' ਇਸ ਬਿਖਮ ਮਾਰਗ ਤੇ ਚਲਣੋਂ ਵੈਸੇ ਕਤਰਾਉਂਦੇ ਸਨ ਅਤੇ ਦਿੱਲੀ ਸਰਕਾਰ ਨੂੰ ਇਸ ਵਿਚੋਂ ਖ਼ਤਰਿਆਂ ਦੀ ਬੋ ਆਉਂਦੀ ਹੀ ਸੀ । ਇਤਨੇ ਵਿਰੋਧ ਦੇ ਬਾਵਜੂਦ ਗੁਰੂ ਦਸਮੇਸ਼ ਨੇ ਇਹ ਮਰਦਾਂ ਵਾਲਾ ਕਾਰਨਾਮਾ ਕੀਤਾ ਤੇ ਚੇਲਿਆਂ ਨੂੰ ਗੁਰੂ ਬਣਾਕੇ ਇਕ ਦਮ ਪੁਰਾਣੀ ਸਮਾਜਕ ਤੇ ਧਾਰਮਕ ਰਹੁ ਰੀਤੀ ਨੂੰ ਬਦਲ ਦਿਤਾ । ਇਸੇ ਅਨੋਖੇ ਇਨਕਲਾਬ ਦੀ ਪ੍ਰਸੰਸਾ ਕਰਦਾ ਗੁਰਦਾਸ ਸਿੰਘ ਕਹਿੰਦਾ ਹੈ—

ਹਰਿ ਸਚੇ ਤਖਤ ਰਚਾਇਆ, ਸਤਸੰਗਤਿ ਮੇਲਾ
ਨਾਨਕ ਨਿਰਭਉ ਨਿਰੰਕਾਰ ਵਿਚ ਸਿਧਾਂ ਖੇਲਾ ।
'ਗੁਰਦਾਸ' ਮਨਾਈ ਕਾਲਕਾ, ਖੰਡੇ ਕੀ ਵੇਲਾ ।*
ਪੀਉ ਪਾਹੁਲ ਖੰਡੇ ਧਾਰ, ਹੁਇ ਜਨਮ ਸੁਹੇਲਾ ।
ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰਚੇਲਾ । ੧ ।

ਇਹ ਵਾਰ ਭਾਈ ਗੁਰਦਾਸ ਭੱਲੇ ਦੀਆਂ ਵਾਰਾਂ ਤੇ ਅੰਤ ਤੇ ਸ਼ਾਮਲ ਮਿਲਦੀ ਹੈ ਤੇ ਇਸ ਵਿਚ ਕਾਫੀ ਵਾਧੇ ਵੀ ਹੋਏ ਦਿਸਦੇ ਹਨ । ਦਰਅਸਲ ਇਹ ਪਹਿਲੇ ਚੌਦਾਂ ਪਉੜੀਆਂ ਦੀ ਵਾਰ ਸੀ ਫਿਰ ਕਿਸੇ ਕਵੀ ਨੇ ਇਸ ਨਾਲ ਹੋਰ 6 ਪਉੜੀਆਂ ਮਿਲਾ ਦਿਤੀਆਂ ਜਿਸ ਵਿਚ ਸਿਖ ਮਿਸਲਾਂ ਦੀ ਚੜ੍ਹਦੀ ਕਲ੍ਹਾਂ ਦੇ ਸਮੇਂ ਦਾ ਵਰਣਨ ਹੈ । ਇਨ੍ਹਾਂ

---

* ਇਸ ਤੁਕ ਦਾ ਪਾਠ 'ਗੁਰ ਸਿਮਰ ਮਨਾਈ ਕਾਲਕਾ' ਗਲਤ ਚਲ ਪਿਆ ਹੈ ਪਰ ਪੁਰਾਣੇ ਖਰੜਿਆਂ ਵਿਚ ਇਹੋ ਹੈ ।



Digitized by Panjab Digital Library | www.panjabdigilib.org

ਪਉੜੀਆਂ ਦਾ ਬਹਰ ਵੀ ਬਦਲਿਆ ਹੋਇਆ ਹੈ ਤੇ ਤੁਕਾਂ ਦੀ ਗਿਣਤੀ ਵੀ ਕਾਫ਼ੀ ਵਾਧੇ ਵਾਲੀ ਹੈ। ਭਾਈ ਗੁਰਦਾਸ ਸਿੰਘ ਦੀਆਂ ਪਉੜੀਆਂ ਛੇ ਤੁਕੀਆਂ ਹਨ ਪਰ ਇਹ 18, 20 ਤੁਕਾਂ ਵਾਲੀਆਂ। ਸੋ ਇਹ ਆਖੇਪਕ ਹਿਸਾ ਛਡ ਕੇ ਅਸੀਂ ਕਹਿ ਸਕਦੇ ਹਾਂ ਕਿ ਗੁਰਦਾਸ ਸਿੰਘ ਨੇ ਅੱਖੀਂ ਵੇਖ ਕੇ ਇਸ ਕੌਤਕ ਦੀ ਵਡਿਆਈ ਗਾਈ। ਇਹ ਗੁਰਦਾਸ ਸਿੰਘ ਕੌਣ ਸੀ ਇਸ ਬਾਰੇ ਵਿਚਾਰ ਜ਼ਰੂਰੀ ਹੈ।

ਨੌਵੇਂ ਪਾਤਸ਼ਾਹ ਸਮੇਂ ਭਾਈ ਪਦਮੇ ਦਾ ਪੁੱਤਰ ਭਾਈ ਦੁਰਗੂ ਇਕ ਪ੍ਰੇਮੀ ਗੁਰਸਿਖ ਹੋਇਆ ਹੈ। ਇਸ ਦੇ ਚਾਰ ਸਪੁੱਤਰ ਸਨ— ਬੀਰ ਸਿੰਘ, ਆਲਮ ਸਿੰਘ, ਚੌਪਾ ਸਿੰਘ ਤੇ ਗੁਰਦਾਸ ਸਿੰਘ। ਇਹ ਚੌਹਾਨ ਜਾਤੀ ਦੇ ਰਾਜਪੂਤ ਸਨ। ਪਹਿਲਾਂ ਇਨ੍ਹਾਂ ਦੇ ਵਡੇਰੇ ਸੋਧਰਾ ਜ਼ਿ. ਗੁਜਰਾਂ ਵਾਲੇ ਵਿਚ ਨਿਵਾਸ ਰਖਦੇ ਸਨ ਤੇ ਫਿਰ ਉਥੋਂ ਉਠ ਕੇ ਦੁਬੁਰਜੀ ਜ਼ਿਲਾ ਸਿਆਲ ਕੋਟ ਆ ਗਏ। ਭਾਈ ਆਲਮ ਸਿੰਘ ਤਾਂ ਦਸਮੇਸ਼ ਜੀ ਦਾ ਜਮਾਤੀ ਸੀ ਤੇ ਫਿਰ ਦਰਬਾਰ ਦਾ ਮੁਸਾਹਬ ਰਿਹਾ। ਅੰਤ ਚਮਕੌਰ ਵਿਚ ਸ਼ਹੀਦੀ ਪਾਈ। ਚੁਸਤ ਸਰੀਰ ਕਾਰਣ ਇਸ ਦਾ ਇਤਿਹਾਸ ਵਿਚ 'ਆਲਮ ਸਿੰਘ ਨੱਚਣਾ' ਨਾਂ ਪ੍ਰਸਿੱਧ ਹੈ। ਗੁਰਦਾਸ ਸਿੰਘ ਗਿਆਨੀ ਪੁਰਸ਼ ਸੀ ਤੇ ਪਹਿਲਾਂ ਤੋਂ ਹੀ ਸਾਹਿਤਕ ਸ਼ੌਕ ਵੀ ਰਖਦਾ ਸੀ। ਇਸ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਲਿਖੇ, ਜੋ ਛਪੇ ਨਹੀਂ। ਇਹ ਦਸਮ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਸਾਧੂ ਹੋ ਕੇ ਸ਼ਿਕਾਰਪੁਰ ਸਿੰਧ ਵਲ ਚਲਿਆ ਗਿਆ ਤੇ ਲਗਭਗ ਡੇਢ ਸੌ ਵਰ੍ਹੇ ਦੀ ਉਮਰ ਭੋਗ ਕੇ ਉਥੇ ਸਰੀਰ ਛੱਡਿਆ। ਹੁਣ ਸ਼ਿਕਾਰਪੁਰ ਵਿਚ ਖੱਟ ਵਾਲੀ ਧਰਮਸਾਲਾ ਆਪ ਦੀ ਯਾਦਗਾਰ ਹੈ ਅਤੇ ਦੁਬੁਰਜੀ ਜ਼ਿਲਾ ਸਿਆਲਕੋਟ ਵਿਚ ਵੀ ਦੇਸ ਵੰਡ ਤੋਂ ਪਹਿਲਾਂ ੨੯ ਜੇਠ ਨੂੰ ਆਪਦੀ ਬਰਸੀ ਮਨਾਈ ਜਾਂਦੀ ਰਹੀ ਹੈ।*

ਆਪ ਦੀਆਂ ਤਿੰਨ ਰਚਨਾਵਾਂ ਦੀ ਸੂਹ ਲਗਦੀ ਹੈ।

1 ਵਾਰ ਪਾਤਸ਼ਾਹੀ ਦਸਵੀਂ ਕੀ
2 ਬਾਰਾਂਮਾਹ ਸ੍ਰੀ ਰਾਮਚੰਦ੍ਰ ਜੀ ਕਾ
3 ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ

ਵਾਰ ਦਾ ਅਸੀਂ ਉਪਰ ਜ਼ਿਕਰ ਕਰ ਹੀ ਚੁਕੇ ਹਾਂ। ਸ਼ਾਇਦ ਇਹ ਅਨੰਦਪੁਰ ਵਿਚ ਹੀ ਲਿਖੀ ਗਈ ਸੀ। ਬਾਰਾਂਮਾਹ ਅਸਾਂ ਆਪਣੀ ਪੁਸਤਕ 'ਪੰਜਾਬੀ ਬਾਰਾਂਮਾਹੇ' ਵਿਚ (1959) ਪ੍ਰਕਾਸ਼ਤ ਕਰ ਦਿਤਾ ਹੈ, ਇਸ ਦੇ ਅੰਤ ਵਿਚ ਦੋਹਰਾ ਹੈ—

ਜਾਚਕ ਭਏ ਕੁਮੇਰ ਸਮ, ਰੰਕ ਨ ਰਹਿਓ ਕੋਇ
ਗੁਰਦਾਸ ਸਿਘ ਕੀ ਬਨਤੀ, ਦਰਸ ਤਿਹਾਰੋ ਹੋਇ।

ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੇ ਖਰੜਾ ਨੰ: 1191 ਵਿਚ

*ਸ਼ਹੀਦੀ ਜੀਵਨ-ਗੁਰਬਖ਼ਸ਼ ਸਿੰਘ ਸ਼ਮਸ਼ੇਰ (1938), ਪੰਨਾ 420



Digitized by Panjab Digital Library | www.panjabdigilib.org

ਗੁਰਦਾਸ ਸਿੰਘ ਦੀ ਵਾਰ ਤੇ ਬਾਰਾਂਮਾਹ ਦੋਵੇਂ ਇਕੱਠੇ ਮਿਲਦੇ ਹਨ। ਇਸ ਤੋਂ ਵੀ ਪੁਸ਼ਟੀ ਹੁੰਦੀ ਹੈ ਕਿ ਦੋਹਾਂ ਦਾ ਕਰਤਾ ਇਕੋ ਸੀ। ਸੈਂਟ੍ਰਲ ਪਬਲਿਕ ਲਾਇਬਰੇਰੀ ਪਟਿਆਲਾ ਦੇ ਖਰੜਾ ਨੰ: 2743 ਵਿਚ ਬਾਰਾਂਮਾਹੇ ਦਾ ਪਾਠ ਸਮਾਪਤ ਹੋਣ ਤੇ ਇਹ ਸਵਈਆ ਦਿਤਾ ਗਿਆ ਹੈ ਜੋ ਕਿ ਗੁਰਦਾਸ ਸਿੰਘ ਜੀ ਦੀ ਕਾਮ ਤੋਂ ਹੀ ਜਾਪਦਾ ਹੈ—

ਸਿੰਘ ਸੋਈ ਜੋ ਕੇਸਾਂ ਕੋ ਮਾਨੈ, ਨ ਕੇਸਾਂ ਕੋ ਮਾਨੇ ਤੋ ਕਾਹੇ ਕਾ ਪੂਰ
ਕਰਦ ਕਟਾਰੀ ਕਾ ਜੁੱਧ ਮਚਵਤ, ਬਰਛੀ ਢਾਲ ਉਡਾਵਤ ਤੂਰ
ਰੰਗ ਸੁਰੰਗ ਕਾ ਭੇਦ ਨ ਮਾਨਤ, ਕਿਰਿਆ ਕੈ ਕਰਮ ਕਰੇ ਚਕਚੂਰ
ਤੁਰਕ ਪਠਾਣ ਕੀ ਆਨ ਨ ਮਾਨੈ, ਸੋਈ ਸਿੰਘ ਅਕਾਲ ਕਾ ਨੂਰ।

ਬਾਰਾਂਮਾਹੇ ਦਾ ਵਿਸ਼ਾ ਸ੍ਰੀ ਰਾਮ ਚੰਦ੍ਰ ਜੀ ਦੇ ਬਨਵਾਸ ਲੈਣ ਤੇ ਭਰਤ ਦੇ ਵਿਯੋਗ ਦਾ ਨਿਰੂਪਣ ਹੈ। ਮਾਲੂਮ ਇਉਂ ਹੁੰਦਾ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਉਪਰੰਤ ਸਿਖਾਂ ਵਿਚ ਇਕ ਉਦਾਸੀ ਛਾਈ ਤੇ ਭਾਈ ਗੁਰਦਾਸ ਸਿੰਘ ਦੇ ਕਵੀ-ਮਨ ਨੇ ਇਸ ਵਿਯੋਗ ਦਾ ਭਰਤ ਦੇ ਰੂਪ ਵਿਚ ਵਿਰਲਾਪ ਕੀਤਾ।

## (੩੧) ਗੁਰਦਾਸ ਗੁਣੀ

ਸਿਖ ਸਾਹਿੱਤ ਵਿਚ ਗੁਰਦਾਸ ਨਾਂ ਦੇ ਵਿਅਕਤੀ ਇਕ ਤੋਂ ਵਧ ਮਿਲਦੇ ਹਨ। ਭਾਈ ਗੁਰਦਾਸ ਭੱਲਾ ਤੇ ਭਾਈ ਗੁਰਦਾਸ ਬਹਿਲੋ ਕਾ ਤਾਂ ਪਰਸਿਧ ਹੀ ਹਨ। ਇਕ ਗੁਰਦਾਸ ਸਿੰਘ ਉਪ੍ਰੋਕਤ ਕਵੀ ਹੋਇਆ ਜਿਸ ਦਸਮ ਪਾਤਸ਼ਾਹ ਦੇ 'ਆਪੇ ਗੁਰਚੇਲਾ' ਵਾਲੇ ਕੌਤਕ ਤੇ ਵਾਰ ਲਿਖੀ ਪਰ ਇਸ ਗੁਰਦਾਸ ਦੇ ਨਾਂ ਨਾਲ 'ਗੁਣੀ' ਉਪਨਾਮ ਲਗਾ ਹੋਇਆ ਹੈ ਸੋ ਇਹ ਵੱਖਰਾ ਕਵੀ ਹੈ। ਕਈ ਸਿਖ ਵਿਦਵਾਨਾਂ ਗੁਰਦਾਸ ਤੇ ਗੁਣੀਆ ਦੋ ਨਾਮ ਕਲਪ ਕੇ ਅੱਡ ਅੱਡ ਗਿਣਤੀ ਵੀ ਕੀਤੀ ਹੈ ਪਰ ਇਹ ਠੀਕ ਨਹੀਂ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਿਹਾ ਸੀ ਜੈਸਾ ਕਿ ਸੌ ਸਾਖੀ ਤੋਂ ਪਤਾ ਲਗਦਾ ਹੈ। ਇਸ ਨੇ ਦਰਬਾਰ ਵਿਚ ਰਹਿ ਕੇ ਕੀ ਲਿਖਿਆ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਹਾਂ, ਇਸ ਤੋਂ ਜ਼ਰਾ ਕੁ ਪਿਛੋਂ 1706 ਈ. ਵਿਚ ਕਵੀ ਨੇ 'ਹੀਰ ਦਮੋਦਰ' ਦੇ ਅਧਾਰ ਤੇ ਹਿੰਦੀ ਵਿਚ ਮਸਨਵੀ ਢੰਗ ਤੇ 'ਕਥਾ ਹੀਰ ਰਾਂਝਨ ਕੀ' ਲਿਖੀ। ਭਾਵੇਂ ਸੰਖਿਪਤ ਰੂਪ ਵਿਚ ਗੁਰੂ ਗੋਬਿੰਦ ਸਿੰਘ ਆਪਣੇ ਤਰੀਕੇ ਨਾਲ 'ਤ੍ਰਿਯਾਚਰਿਤ੍ਰ' ਵਿਚ ਇਹ ਕਥਾ ਲਿਖ ਚੁਕੇ ਸਨ ਪਰ ਪ੍ਰਬੰਧ-ਕਾਵਿ ਦੇ ਰੂਪ ਵਿਚ ਪਹਿਲ ਗੁਰਦਾਸ ਗੁਣੀ ਨੇ ਹੀ ਕੀਤੀ, ਇਸਦੇ ਖਰੜੇ ਆਮ ਪ੍ਰਾਪਤ ਹਨ, ਹਿੰਦੀ ਵਿਚ ਹੁਣ ਛਪ ਵੀ ਚੁਕੀ ਹੈ।

ਇਸ ਰਚਨਾ ਤੋਂ ਪਤਾ ਲਗਦਾ ਹੈ ਕਿ ਅਨੰਦਪੁਰ ਤਿਆਗ ਬਾਦ ਗੁਰਦਾਸ



Digitized by Panjab Digital Library | www.panjabdigilib.org

ਗੁਣੀ, ਲਾਹੌਰ ਸਰਕਾਰੀ ਮੁਨਸ਼ੀ ਦੇ ਅਹੁਦੇ ਤੇ ਆ ਲੱਗਾ ਸੀ, ਇਥੇ ਹੀ ਇਸ ਨੇ 'ਹੀਰ' ਲਿਖੀ ।

ਭਾਵੇਂ ਇਸਨੇ ਸਰਕਾਰੀ ਮੁਲਾਜ਼ਮ ਹੁੰਦਿਆਂ ਔਰੰਗਜ਼ੇਬ ਦੀ ਖਾਸੀ ਬੇਲੋੜੀ ਸਿਫਤ ਕੀਤੀ ਹੈ ਕਿ ਉਸਦੇ ਰਾਜ ਵਿਚ ਸ਼ੇਰ ਬੱਕਰੀ ਇਕੋ ਥਾਂ ਪਾਣੀ ਪੀਂਦੇ ਹਨ ਤੇ ਇਹ ਧਰਮ ਦਾ ਰਾਜ ਹੈ । ਕਵੀ ਦੇ ਖਿਆਲ ਵਿਚ ਔਰੰਗੇ ਦਾ ਜਸ ਚਾਰੇ ਦਿਸ਼ਾਵਾਂ ਵਿਚ ਫੈਲ ਰਿਹਾ ਹੈ । ਪਤਾ ਨਹੀਂ ਗੁਰਦਾਸ ਦੇ ਖਿਆਲ ਵਿਚ ਉਹ ਕੇਹੜਾ ਜਸ ਸੀ, ਜੇਹਾ ਕਿ ਇਤਿਹਾਸ ਦਸਦਾ ਹੈ, ਉਸਦੇ ਜਬਰ ਜ਼ੁਲਮ ਕਾਰਣ ਅਪਜਸ ਜ਼ਰੂਰ ਫੈਲ ਰਿਹਾ ਸੀ ਤੇ ਹਰ ਕੋਈ ਭਲਾ ਮਾਣਸ ਗ਼ੈਰ ਮੁਸਲਿਮ ਔਖ ਅਨੁਭਵ ਕਰ ਰਿਹਾ ਸੀ । ਖ਼ੈਰ, ਕਵੀ, ਆਪਣੇ ਚਾਕਰੀ ਬੰਧਨਾਂ ਵਿਚ ਫਸਿਆ ਹੋਰ ਆਖ ਵੀ ਕੀ ਸਕਦਾ ਸੀ ।

ਕਵੀ ਅੰਦਰ ਅਨੰਦਪੁਰ ਤੋਂ ਪ੍ਰਾਪਤ ਗੁਣ ਵੀ ਕੁਝ ਬਾਕੀ ਸਨ, ਮਿਸਾਲ ਲਈ ਉਹ ਦੇਵੀ ਦੇਵਤੇ ਨੂੰ ਅਰਾਧਣ ਦੀ ਥਾਂ ਸਭ ਤੋਂ ਪਹਿਲੇ ਅਕਾਲ ਪੁਰਖ ਤੇ ਫਿਰ ਗੁਰੂ ਨੂੰ ਨਮਸਕਾਰ ਕਰਦਾ ਹੈ ।

'ਹੀਰ' ਤੋਂ ਬਿਨਾਂ ਗਰਦਾਸ ਦੀ 'ਸਾਖੀ ਹੀਰਾ ਘਾਟ ਦੱਖਨ ਕੀ' ਨਾਂ ਹੇਠ ਛੋਟੀ ਜੇਹੀ ਰਚਨਾ ਮਿਲਦੀ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਦੀ ਵਿਚ ਹੀਰਾ ਸੁੱਟਣ ਦਾ ਪ੍ਰਸੰਗ ਹੈ । ਇਹ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲੇ ਦੀ ਹਥਲਿਖੀ ਨੰ. 2709 ਵਿਚ ਹੀਰ ਦੀ ਕਥਾ ਦੇ ਨਾਲ ਹੀ ਮਿਲਦੀ ਹੈ । ਵੰਨਗੀ ਹਾਜ਼ਰ ਹੈ ।

## 'ਕਥਾ ਹੀਰ ਰਾਂਝਨ ਕੀ' ਵਿਚੋਂ

ਨਮਸਕਾਰ ਤਿਹ ਪੁਰਖ ਕੋ, ਜਾਂਕੈ ਰੂਪ ਨ ਰੇਖ
ਮਾਇਆ ਜਾਂ ਕੀ ਅਤਿ ਪ੍ਰਬਲ, ਘਟ ਘਟ ਵਸਹਿ ਲੇਖ । ੨ ।

ਨਮਸ਼ਕਾਰ ਤਿਹ ਪੁਰਖਹਿ ਮੇਰੀ, ਮਾਇਆ ਜਿਹ ਕੀ ਦਰ ਪਰ ਚੇਰੀ
ਤਾਂਕੇ ਰੰਗ ਨ ਰੂਪ ਨ ਰੇਖਾ, ਘਟ ਘਟ ਵਸਹਿ ਅਭੇਦ ਅਲੇਖਾ
ਘਟਿ ਘਟਿ ਵਸੈ ਸਭ ਹੂੰ ਪ੍ਰਿਤਪਾਲੇ, ਲਖ ਚੌਰਾਸੀ ਆਪ ਸੰਭਾਲੇ
ਭਾਉ ਭਗਤਿ ਕਰ ਜੋ ਤਿਸ ਧਿਆਵਹਿ, ਮੁਕਤ ਹੋਇ ਤਹਿੰ ਮਾਹਿ ਸਮਾਵਹਿ
ਭਗਤਉਂ ਹੇਤ ਲੀਨ ਅਵਤਾਰਾ, ਸਭ ਸੰਤਨ ਕੋ ਦੂਖ ਨਿਵਾਰਾ
ਐਸੋ ਠਾਕੁਰ ਸਦਾ ਧਿਆਈਏ, ਬਾਰ ਬਾਰ ਤਾਂ ਪਰ ਬਲਿ ਜਾਈਏ
ਨਮੋ ਨਮੋ ਗੁਰਦੇਵ ਦਿਆਲਾ, ਗਿਆਨ ਦੀਓ ਜਿੰਹ ਨਿਪਟ ਉਜਾਲਾ
ਜੋ ਕਿਛੁ ਚਾਹੈ ਹੈ ਮਨ ਮੇਰੋ, ਗਿਆਨ ਸਬਦ ਤੇ ਮਿਟਹਿ ਅੰਧੇਰੋ
ਭਗਤਿ ਭਾਵ ਕੋ ਰਾਹ ਬਤਾਯੋ, ਅਤਿ ਸੰਤੋਖ ਮੇਰੇ ਮਨ ਆਇਓ
ਐਸੇ ਗੁਰ ਕਉ ਸਦ ਬਲਹਾਰੀ, ਕ੍ਰਿਪਾ ਦ੍ਰਿਸਟਿ ਦਾਸ ਪਰ ਧਾਰੀ ।



Digitized by Panjab Digital Library | www.panjabdigilib.org

ਦੇਵੀ ਨਮੋਂ ਸਰਸੁਤੀ, ਬਾਣੀ ਗਾਵਣਹਾਰ
ਕ੍ਰਿਪਾ ਕਰਹੁ ਨਿਜ ਦਾਸ ਪਰ, ਅੰਮ੍ਰਿਤ ਦ੍ਰਿਸਟਿ ਨਿਹਾਰ । ੩ ।

ਦੋਹਰਾ—ਬਰਨੋਂ ਜਸ ਪਤਸ਼ਾਹ ਕੋ, ਔਰੰਗਜ਼ੇਬ ਜਿਹੰ ਨਾਉਂ
ਚਾਰੋ ਦਿਸ ਇਵ ਬਸ ਕਰੀ, ਜਿਉਂ ਕੀਜਹਿ ਇਕ ਗਾਉਂ । ੪ ।

ਪਾਤਸਾਹ ਕੇ ਜਸ ਕੋ ਬਰਨੋਂ, ਅੱਖੀਂ ਦੇਖਯੋ, ਸੁਨਯੋ ਨ ਕਰਨੋਂ
ਅਉਰੰਗਜ਼ੇਬ ਛਤ੍ਰਪਤਿ ਪੂਰੋ, ਚਹੁੰ ਦਿਸ ਜਾਂਕੋ ਜਸ ਭਰਪੂਰੋ
ਜੋ ਪ੍ਰਿਥਵੀ ਕਿਨਹੋਂ ਦੇਖੀ ਨ ਥੀ; ਤੇ ਸਭ ਅਪਨੇ ਬਲ ਬੁਧਿ ਮਥੀ
ਨਿਆਇ ਰੀਤਿ ਤਾਂ ਕੀ ਅਤਿਅ ਕਰੀ, ਏਕ ਠੌਰ ਹੈ ਬਾਘ ਅਰੁ ਬੱਕਰੀ
ਸਮੁੰਦ ਜਾਇ ਖਾਂਡਯੋ ਪਖਾਰੋ, ਭਉ ਤਾਂਕੋ ਸਭ ਜਗ ਮਹਿੰ ਭਾਰੋ
ਬਹੁਤ ਬਰਖ ਜੀਅਹੁ ਜਗ ਮਾਂਹੀ, ਬਿਨਾਂ ਧਰਮ ਬਾਂਛਤ ਕਿਛੁ ਨਾਹੀ
ਪਾਤਸ਼ਾਹ ਕੇ ਸੰਨ ਪੰਚਾਸੇ, ਇਵ ਆਇਓ ਹਿਰਦੈ ਗੁਰਦਾਸੈ
ਕਥਾ ਹੀਰ ਰਾਂਝੇ ਕੀ ਕਹੂੰ, ਦਾਸ ਭਾਵ ਪਗ ਨਿਤ ਹੀ ਗਹੂੰ
ਭੂਲ ਚੂਕ ਜੋ ਮੇਰੀ ਦੇਖਹਿੰ, ਦਾਸ ਜਾਨ ਬਿਨ ਦਇਆ ਨ ਪੇਖਹਿੰ ।
ਕ੍ਰਿਪਾ ਦ੍ਰਿਸਟਿ ਜਬ ਤਿਨ ਕੀ ਪਾਈ, ਜੋਰ ਚੌਪਈ ਕਥਾ ਬਨਾਈ
ਕਰਉਂ ਕਥਾ ਜੋ ਪਾਛੇ ਸੁਨੀ, ਜਿਉਂ ਵਰਨੀ 'ਦਾਮੋਦਰ' ਗੁਨੀ
ਸਾਚ ਪ੍ਰੀਤਿ ਕੋ ਉਪਜਯੋ ਪ੍ਰੇਮਾ, ਕਹੂੰ ਕਥਾ ਹ੍ਰਿਦਯ ਧਰਿ ਨੇਮਾ
ਸੁਨੋ ਪ੍ਰੀਤਿ ਮੋ ਮਨ ਧਰਿ ਧਯਾਨਾ, ਸਤਿ ਪ੍ਰੀਤਿ ਕਉ ਕਰਉਂ ਬਖਾਨਾ ।'

ਅਥ

## ਸਾਖੀ ਹੀਰਾ ਘਾਟ ਦੱਖਣ ਕੀ

ਚੌਪਈ— ਦੱਛਨ ਦੇਸ ਬਿਚਛਨ ਜਹਾਂ, ਸ਼ਹਿਰ ਨਦੇਰ ਬਸਤ ਵਰ ਤਹਾਂ
ਅਪ੍ਰਮਾਨ ਜਾਂਕੀ ਛਬਿ ਸੋਹੈ, ਸੁਰਨਰ ਜੱਛ ਭੁਜੰਗਨ ਮੋਹੈ । ੧ ।

ਨਦੀ ਗੁਦਾਵਰਿ ਤੀਰ ਸੁ ਵਹੈ, ਕਿਲ ਬਿਖ ਕੋਟਿ ਜਨਮ ਕੇ ਦਹੈ
ਅਬਚਲ ਨਗਰ ਸੁ ਨਾਮ ਭਣੀਜੈ, ਨੇਤਿ ਨੇਤਿ ਕਰ ਨੇਤਿ ਗਣੀਜੈ । ੨ ।

ਤਵਨ ਨਗਰ ਸੁਭ ਅਲਖ ਅਭੇਵਾ, ਸਦਾ ਬਿਰਾਜਤ ਸ੍ਰੀ ਗੁਰਦੇਵਾ
ਏਕ ਦਿਵਸ ਸਤਿਗੁਰ ਕਰਤਾਰਾ, ਤਾਂ ਤੇ ਖੇਲਨ ਚੜ੍ਹੇ ਸ਼ਿਕਾਰਾ । ੩ ।
ਸ੍ਵਾਨ ਸਿਚਾਨੇ ਲੈ ਨਿਜ ਸੰਗਾ, ਤਾਂ ਬਨ ਭੀਤਰ ਧਸੇ ਨਿਸੰਗਾ
ਖੇਲ ਅਖੇਟਕ ਆਨ ਪੁਕਾਰਾ, ਉਤਰੇ ਆਨਿ ਸੁ ਨਦੀ ਕਿਨਾਰਾ । ੪ ।
ਊਪਰਿ ਗਿਰਵਨ ਅਧਿਕ ਬਿਰਾਜੈਂ, ਤਲੈ ਗੁਦਾਵਰਿ ਨਦੀ ਸੁ ਛਾਜੈ
ਅਮਲ ਨੀਰ ਜਾਂਕੋ ਸਦ ਰਹੈ, ਬੇਦ ਪੁਰਾਨ ਜਾਸ ਛਬਿ ਕਹੈ । ੫ ।



Digitized by Panjab Digital Library | www.panjabdigilib.org

ਉਤਰੇ ਆਨ ਪ੍ਰਭੂ ਤਿਹ' ਤੀਰਾ, ਲਏ ਸਿੰਘ ਅਤਿ ਬਲਿ ਰਣ ਧੀਰਾ
ਤਹਾਂ ਬਿਰਾਜਤ ਕ੍ਰਿਪਾ ਨਿਧਾਨਾ, ਆਨੰਦ ਕੈ ਜਿਯ ਮੈਂ ਬਿਧਿ ਨਾਨਾ । ੬ ।

ਏਕ ਸਿਖ ਪਹੁੰਚਯੋ ਤਹਿ' ਆਈ, ਸੁੰਦਰ ਧਨੀ ਚਤੁਰ ਅਧਿਕਾਈ
ਸੋ ਦਰਸ਼ਨ ਸਤਿਗੁਰ ਕੇ ਆਇਓ, ਹੀਰਾ ਆਨਿ ਸੁ ਭੇਟ ਚੜ੍ਹਾਇਓ । ੭ ।

ਸੋ ਹੀਰਾ ਸਾਹਿਬ ਲੈ ਹਾਥਾ; ਨਿਰਖਤ ਭਏ ਤਾਸ ਜਗੰਨਾਥਾ
ਪੁਨ ਹਜ਼ੂਰ ਕੇ ਮਨ ਯੌਂ ਆਈ, ਸਰਿਤਾ ਮੈ ਨਗ ਦੀਨ ਬਹਾਈ । ੮ ।

ਪਰਜੋ ਜਾਇ ਜਲ ਮੈਂ ਜਬ ਹੀਰਾ, ਬਿਸਮੈ ਭਯੋ ਨਿਰਖ ਬਰ ਬੀਰਾ
ਚਿੰਤਾਤੁਰ ਤਾਂ ਕੋ ਲਖ ਪਾਈ; ਦਯਾਸਿੰਧੁ ਕਹਿ ਤਾਂਹਿ ਸੁਨਾਈ । ੯ ।

ਕਿਉਂ ਚਿੰਤਾ ਮਨ ਮਹਿਂ ਤਵ ਕੀਨੀ, ਸ੍ਰੀ ਮੁਖ ਵਾਕ ਤਾਸ ਕਹਿ ਦੀਨੀ
ਹਾਥ ਜੋਰਿ ਬੋਲਯੋ ਵਡਭਾਗੀ, ਦਯਾ ਸਿੰਧੁ ਪਗ ਤਰੁ ਅਨੁਰਾਗੀ । ੧੦ ।

ਮੈਂ ਚਿੰਤਾ ਯਾਂਤੇ ਜਿਯ ਧਾਰੀ, ਜਬ ਯਾ ਅਦਭੁਤ ਬਾਤ ਨਿਹਾਰੀ
ਯਾ ਨਗ ਥਾ ਸੁ ਅਧਿਕ ਅਮੋਲਕ, ਅਸ ਨਹਿ' ਹੋਇ ਸ਼ਾਹ ਕੀ ਗੋਲਕ । ੧੧ ।

ਤੁਮ ਤਾਂਕੀ ਕੀਮਤ ਨਹਿ' ਜਾਨੀ, ਦੀਨੋ ਡਾਰ ਬੀਚ ਨਦਿ ਪਾਨੀ
ਸਤਿਗੁਰ ਕੇ ਕਾਰਜ ਨਹਿ' ਅਯੋ, ਹਮਰੇ ਹੂੰ ਕਰ ਤੇ ਵਹ ਗਯੋ । ੧੨ ।

ਕਲਗੀ ਜਿਗਾ ਨ ਬੀਚ ਜੜਾਯੋ, ਕਹਾਂ ਆਪ ਕੇ ਮਨ ਮਹਿਂ ਆਯੋ
ਸੁਨਤ ਪ੍ਰਭੂ ਤਾਂ ਕੀ ਇਮ ਬਾਨੀ, ਸਭਨ ਸੁਨਤ ਤਿੰਹ ਸਾਥ ਬਖਾਨੀ । ੧੩ ।

ਤੈਂ ਅਬ ਜਾਇ ਨਦੀ ਮੱਧ ਨੀਰਾ, ਲਿਆਓ ਨਿਕਾਸ ਵਹੈ ਲੈ ਹੀਰਾ
ਜਿਉਂ ਜਿਉਂ ਪ੍ਰਭੁ ਤਿਹ' ਸਾਥ ਬਖਾਨਤ, ਜਾਨੈ ਸਿਖ ਹਾਸ ਮਹਿਂ ਠਾਨਤ । ੧੪ ।

ਤੀਨ ਬੇਰ ਸਤਿਗੁਰ ਜਬ ਆਖਿਓ, ਬਹੁਰਿ ਖਾਲਸੇ ਜੂ ਤਟਿ ਭਾਖਯੋ
ਤੈਂ ਸੁਨਿ ਕੈ ਤਿਨ ਬਚਨ ਉਚਾਰਾ, ਸਰਿਤਾ ਬਿਖੈ ਟੁਬਕੀ ਯਹ ਮਾਰਾ । ੧੫ ।

ਤਹਾਂ ਜਾਇ ਜਬ ਨੈਨ ਪਸਾਰੇ, ਲਖੇ ਜਵਾਹਰ ਕੋਟ ਪ੍ਰਕਾਰੇ
ਹੀਰੇ ਪਰੇ ਅਨੇਕ ਬਿਰਾਜਹਿਂ, ਸੂਰਜ ਸੋਮ ਜਾਸ ਲਖ ਲਾਜਹਿਂ । ੧੬ ।

ਕਾਹਿ ਤਜੋਂ ਕਾਂਕੋ ਲੈ ਜਾਉਂ, ਪਰੇ ਜਵਾਹਰ ਕੋਟਿ ਲਖਾਉਂ
ਅੰਜੁਲਿ ਭਰ ਤਾਂਤੇ ਤਿਨ ਲਯੋ, ਪੁਨ ਸਰਿਤਾ ਕੇ ਬਾਹਰ ਅਯੋ । ੧੭ ।

ਚਰਨ ਕਮਲ ਪਰ ਪਰਯ ਸੁ ਆਈ, ਉਪਮਾ ਅਧਿਕ ਪ੍ਰਭੂ ਕੀ ਗਾਈ
ਧੰਨ ਧੰਨ ਮੁਖ ਬਚਨ ਬਖਾਨੈਂ, ਤੋਰ ਚਰਿਤ੍ਰ ਤੋਹੀ ਪ੍ਰਭੁ ਜਾਨੈ । ੧੮ ।

ਮੈਂ ਜਬ ਨਦਿ ਮੈਂ ਕੀਨ ਪਯਾਨਾ, ਨਿਰਖੇ ਤੁਮਰੇ ਅਧਿਕ ਖਜ਼ਾਨਾ
ਬਿਸਮੈ ਭਯੋ ਤਹਾਂ ਮੈਂ ਜਾਈ, ਚਿੰਤਾ ਮੋਰ ਸੁ ਸਕਲ ਬਿਲਾਈ । ੧੯ ।



Digitized by Panjab Digital Library | www.panjabdigilib.org

ਜਿਤਨੇ ਮੁਰ ਕਰ ਬੀਚ ਸਮਾਨੇ, ਤਿਤਨੇ ਆਪ ਹਜ਼ੂਰ ਸੁ ਆਨੇ
ਪੁਨ ਪ੍ਰਭੁ ਤਾਂਤੇ ਤਾਹੀਂ ਡਰਾਏ, ਭਰਮ ਦਾਸ ਕੇ ਦੂਰ ਕਰਾਏ । ੨੦ ।

ਉਪਮਾ ਗੁਰ ਕੀ ਕਰੇ ਅਪਾਰਾ, ਗਯੋ ਆਪਨੇ ਦੇਸ ਪਿਆਰਾ
ਤਾਂ ਦਿਨ ਤੇ ਜਾਨਤ ਸਭ ਕੋਈ, 'ਹੀਰਾ ਘਾਟ' ਨਾਮ ਇਹ ਹੋਈ । ੨੧ ।
ਸ੍ਰੀ ਮੁਖ ਆਪ ਕਹਯੋ ਭਗਵਾਨਾ, ਜੋ ਇਹ ਥਾਂ ਕਰਹੈ ਇਸਨਾਨਾ
ਜਨਮ ਮਰਨ ਕੇ ਬੀਚ ਨ ਐਹੈ ਚਰਣ ਕਮਲ ਮੈਂ ਸਦਾ ਸਮੈ ਹੈ । ੨੨ ।
ਜੋ ਯਾ ਕਥਾ ਸੁਨੈ ਮੁਖ ਭਾਖਹਿ, ਕੈ ਸੁ ਲਿਖਾਇ ਸੀਸ ਮੈਂ ਰਾਖਹਿ
ਸਰਬਕਲਾ ਰੱਛਾ ਤਿਹਂ ਹੋਈ, ਸ੍ਰੀ ਮੁਖ ਆਪ ਕਹਯੋ ਤਬ ਸੋਈ । ੨੩ ।

ਸ੍ਵੈਯਾ

ਇਤਿ ਸ੍ਰੀ ਗੁਰ ਚਰਿਤ੍ਰ ਸਮਾਪਤਹਿ ।

ਦੁੰਦਭਿ ਨਾਦ ਮ੍ਰਿਦੰਗ ਅਨੂਪਮ, ਨੀਤ ਬਜੈ ਪ੍ਰਭੁ ਕੇ ਦਰਬਾਰਾ
ਪੋਥੀਂ ਗ੍ਰਿੰਥ ਪੁਰਾਨਨ ਕਉ, ਸ਼ੁਭ ਹੋਵਤ ਹੈ ਦਿਨ ਰੈਨ ਉਚਾਰਾ
ਬੀਰ ਅਮੀਰ ਸੁ ਧੀਰ ਬਧੇ, ਤਿਹਂ ਰਾਜਤ ਹੈ ਅਗਨੰਤ ਅਪਾਰਾ
ਭਾਟ ਕਲਾਵਤ ਔਰ ਗੁਨੀ ਧਨ, ਪਾਵਤ ਹੈ ਮੁਖ ਸੋਭਨ ਸਾਰਾ । ੧ ।
ਰਸਨਾ ਬੂਟੀ ਰਾਮ ਕੀ, ਜੋ ਕੋਈ ਸਕੈ ਨਿਚੋਰ
ਕੰਚਨ ਕਾਇਆ ਹੋਤ ਹੈ, ਯਾ ਬੂਟੀ ਕੈ ਜੋਰ । ੧ । ੨ ।

[ਸੈਂਟ੍ਰਲ ਪਬਲਿਕ ਲਾਇਬਰੇਰੀ ਪਟਿਆਲਾ, (ਖਰੜਾ ਨੰ: 2709)

# (੩੨) ਭਾਈ ਫੇਰੂ

ਉਦਾਸੀ ਸਾਧੂਆਂ ਦੇ ਚਾਰ ਧੂੰਏ ਤੇ ਛੇ ਬਖ਼ਸ਼ਸ਼ਾਂ ਪ੍ਰਸਿੱਧ ਹਨ । ਇਨ੍ਹਾਂ ਵਿਚੋਂ ਇਕ ਬਖਸ਼ਸ ਸੰਗਤ ਸਾਹਿਬ ਦੀ ਹੈ, ਜਿਸ ਦੇ ਮੋਢੀ ਭਾਈ ਫੇਰੂ ਜੀ ਹੋਏ । ਇਨ੍ਹਾਂ ਦਾ ਜਨਮ ਲੰਮੇ ਦੇਸ ਦੇ ਪਰਗਣੇ ਮੀਏਂ ਕੇ ਮੌੜ, ਪਿੰਡ ਅੰਬਮਾੜੀ ਵਿਚ ਉਪਲ ਖਤ੍ਰੀਆਂ ਦੇ ਘਰ 1691 ਬਿ. ਵਿਚ ਹੋਇਆ ਤੇ ਦੇਹਾਂਤ 1763 ਬਿ. ਚੇਤਰ ਦੀ ਪੂਰਨਮਾਸ਼ੀ ਨੂੰ । ਦੱਸਿਆ ਜਾਂਦਾ ਹੈ ਆਪਣੇ ਕਾਰਵਿਹਾਰ ਦੇ ਸਿਲਸਿਲੇ ਵਿਚ ਆਪ ਮਾਲਵੇ ਵਲ ਲੱਖੀ ਜੰਗਲ ਦੇ ਇਲਾਕੇ ਵਿਚ ਘੁੰਮ ਫਿਰ ਰਹੇ ਸਨ ਤਾਂ ਭਾਈ ਭਗਤੂ ਨਾਲ ਮੇਲ ਹੋ ਗਿਆ; ਉਨ੍ਹਾਂ ਗੁਰੂ ਹਰਿਰਾਇ ਜੀ ਦੀ ਸ਼ਰਨੀਂ ਲਿਆਂਦਾ ਤੇ ਗੁਰੂ ਸਾਹਿਬ ਨੇ ਆਪ ਨੂੰ ਸਿਖੀ ਦਾਨ ਬਖਸ਼ਿਆ । * ਭਾਈ ਫੇਰੂ ਪ੍ਰੇਮ ਨਾਲ ਸੇਵਾ ਕਰਦੇ ਰਹੇ ਤੇ ਇਸ ਸੇਵਾ ਤੇ ਪ੍ਰਸੰਨ ਹੋ ਕੇ

---

* ਲੱਖੀ ਜੰਗਲ ਦੇਸ ਮੇਂ, ਭਾਈ ਭਗਤੂ ਸਿਖ
ਭਾਈ ਫੇਰੂ ਕੋ ਮਿਲਾਪ ਸੇ, ਭਈ ਗੁਰਭਗਤਿ ਭਵਿਖ । [ਮਹਿਮਾ ਪ੍ਰਕਾਸ਼ ਸਾਖੀ 175



Digitized by Panjab Digital Library | www.panjabdigilib.org

ਸਤਿਗੁਰਾਂ ਇਸ ਨੂੰ ਲੰਮੇ ਦੇਸ ਦਾ ਮਸੰਦ ਨੀਯਤ ਕੀਤਾ । ਇਨ੍ਹਾਂ ਮੀਏਂ ਕੇ ਮੌੜ ਡੇਰਾ ਲਾ ਲਿਆ ਤੇ ਹੁਣ ਇਸ ਥਾਂ ਦਾ ਨਾਂ 'ਭਾਈ ਫੇਰੂ' ਕਰਕੇ ਮਸ਼ਹੂਰ ਹੈ, ਜੋ ਤਸੀਲ ਚੂਣੀਆਂ ਜ਼ਿਲਾ ਲਾਹੌਰ ਵਿਚ ਹੈ ।

ਭਾਈ ਫੇਰੂ ਅੱਠਵੇਂ, ਨੌਂਵੇ ਤੇ ਦਸਵੇਂ ਗੁਰਾਂ ਸਮੇਂ ਵੀ ਪ੍ਰਚਾਰ ਦੀ ਸੇਵਾ ਕਰਦੇ ਰਹੇ । ਜਦੋਂ 1754 ਬਿ. ਵਿਚ ਮਹਾਰਾਜ ਨੇ ਮਸੰਦਾਂ ਦੀ ਪਰਖ-ਪੜਤਾਲ ਕੀਤੀ ਤਾਂ ਭਾਈ ਸਾਹਿਬ ਨੂੰ ਵੀ ਅਨੰਦਪੁਰ ਲਿਆਂਦਾ ਗਿਆ । ਹੁਕਮ ਸੀ ਕਿ ਜੋ ਮਸੰਦ ਹਾਜ਼ਰ ਨਹੀਂ ਹੋਏ, ਉਨ੍ਹਾਂ ਦੀਆਂ ਮੁਸ਼ਕਾਂ ਕਸ ਕੇ ਤੇ ਉਨ੍ਹਾਂ ਨੂੰ ਦਾੜ੍ਹੀਓਂ ਫੜ ਕੇ ਪੇਸ਼ ਕੀਤਾ ਜਾਵੇ । ਭਾਈ ਫੇਰੂ ਨੂੰ ਲੈਣ ਗਏ ਸਿਖਾ ਜਦੋਂ ਆਪ ਦੀ ਰਹਿਣੀ ਬਹਿਣੀ ਤੇ ਨਿਰਮਲ ਆਚਾਰ ਦੇਖਿਆ ਤਾ ਉਹ ਅਜੇਹਾ ਕਰਨ ਤੋਂ ਝਿਜਕ ਗਏ । ਭਾਈ ਸਾਹਿਬ ਨੇ ਕਿਹਾ 'ਸਤਿਗੁਰਾਂ ਦਾ ਜਿਵੇਂ ਹੁਕਮ ਹੈ, ਉਸਦੀ ਪਾਲਣਾ ਕਰੋ ।' ਸਿਖ ਤਾਂ ਨ ਮੰਨੇ ਪਰ ਭਾਈ ਫੇਰੂ ਜੀ ਆਪਣੇ ਦੋਵੇਂ ਹੱਥ ਪਿੱਠ ਪਿਛੇ ਕਰਕੇ ਸਿਖਾਂ ਦੇ ਨਾਲ ਟੁਰ ਪਏ । ਜਦ ਅਨੰਦਪੁਰ ਦਾੜ੍ਹੀ ਫੜਕੇ ਦਰਬਾਰ ਵਿਚ ਪੁਜੇ ਤਾਂ ਗੁਰੂ ਕਲਗੀਧਰ ਨੇ ਸਾਰੇ ਹਾਲਾਤ ਜਾਣਕੇ ਆਪ ਨੂੰ 'ਸੱਚੀ ਦਾੜ੍ਹੀ' ਤੇ 'ਸੰਗਤ ਸਾਹਿਬ' ਦਾ ਖਿਤਾਬ ਦਿਤਾ ਤੇ ਆਪਣੀ ਅੱਧੀ ਦਸਤਾਰ ਬਖਸ਼ੀ*, ਆਪ ਮੁੜ ਆਪਣੇ ਅਸਥਾਨ ਤੇ ਆ ਕੇ ਲਾਹੌਰ ਦੇ ਇਲਾਕੇ ਵਿਚ ਪ੍ਰਚਾਰ ਸੇਵਾ ਨਿਭਾਂਦੇ ਰਹੇ ।

ਇਹ ਸੰਤ ਕਵੀ ਸਨ, ਇਨ੍ਹਾਂ ਵੈਰਾਗ ਤੇ ਗਿਆਨ ਦੇ ਭਜਨ ਲਿਖੇ ਹਨ ।

## ਰਾਗ ਸੂਹੀ ਲਲਿਤ

ਸ਼ਹੁ ਦੀ ਮੰਨ ਰਜਾਈਂ ਵੇ ਅੜਿਆ
ਦਰਦਵੰਦਾਂ ਦੇ ਦਰ ਤੇ ਧੂੰਏ, ਧੁਖਣ ਸੰਝ ਸਬਾਹੀਂ ਵੇ ਅੜਿਆ
ਡਰਦਾ ਰਹੇਂ ਤੂੰ ਜਬ ਲਗ ਜੀਵੇਂ, ਉਹ ਭਾਣੇ ਦਾ ਸਾਈਂ ਵੇ ਅੜਿਆ
ਯਾਦ ਕਰੀਂ ਇਕ ਪਲ ਨ ਵਿਸਾਰੀਂ, ਕਦੀ ਨ ਕੰਡ ਵਲਾਈਂ ਵੇ ਅੜਿਆ
'ਫੇਰੂ' ਹਾਸਲ ਕੀਆ ਲੋੜੇਂ, ਤ ਮੂਲ ਨ ਕੱਢੇਂ ਆਹੀਂ ਵੇ ਅੜਿਆ ।

---

* ਗਹੇ ਹਾਥ ਦਾੜ੍ਹੀ ਬਧੀ, ਭੁਜਾ ਕੀਓ ਦੀਦਾਰ
ਦੂਰਹਿ ਤੇ ਪਗ ਪਰ ਪਰਯੋ, ਫੇਰੂ ਸਾਧੁ ਅਪਾਰ । ੭ ।

ਮਹਾਰਾਜ ਹੇਰਤ ਹਸੇ, ਕਰੁਣਾਨਿਧਿ ਨਰਰਾਇ
'ਯਹ ਮਸੰਦ ਨਹਿਂ, ਸਾਧ ਹੈ, 'ਸੰਗਤ ਸਾਹਿਬ' ਭਾਇ' । ੮ ।
(ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਬਾਬਾ ਸੁਮੇਰ ਸਿੰਘ)



Digitized by Panjab Digital Library | www.panjabdigilib.org

### ਰਾਗ ਸ਼ਾਮ ਕਲਿਆਣ

ਸਾਡੇ ਸੱਜਨਾ ਜੀ ! ਸਾਨੂੰ ਤੇਰੀ ਮਣੀ
ਨਿਮਾਣਿਆਂ ਦਾ ਮਾਣ ਸੁਣੀਵੇਂ, ਅਸਾਂ ਏਹ ਤਾਂਘ ਤਣੀ
ਤੈਂ ਜੇਹਾ ਸਾਨੂੰ ਹੋਰ ਨ ਕੋਈ, ਅਸੀਂ ਢੂੰਢੀ ਵਣੀਂ ਵਣੀਂ
'ਫੇਰੂ' ਜਾਨ ਜਾਨੀ ਤੋਂ ਵਾਰੀ, ਵਾਰੀ ਤਾਂ ਭਲੀ ਬਣੀ।

### ਰਾਗ ਕਾਨੜਾ

ਮਾਏ ਨੀ ਮਾਏ ! ਮੇਰਾ ਕਉਣ, ਕੱਤੇ ਹੁਣ ਪੂਣੀਆਂ
ਸੁਧ ਬਿਸਰੀ ਮੇਰੀ ਮਤਿ ਬਉਰਾਨੀ, ਪ੍ਰੀਤਮ ਪ੍ਰੇਮ ਝੰਜੂਣੀਆਂ ।੧। ਰਹਾਉ
ਨੇਹੁੰ ਲਗਾ ਲਗਿ ਟੁਟਦਾ ਨਾਹੀਂ, ਸ਼ਹੁ ਬਾਝਹੁੰ ਗੱਲਾਂ ਊਣੀਆਂ
'ਫੇਰੂ' ਜੀਉਂਦਿਆਂ ਨਿਹੁੰ ਵਿਸਰੈ ਨਾਹੀ, ਮੁਇਆਂ ਭਿ ਦੂਣ ਚਉਣੀਆਂ।

### ਰਾਗ ਟੋਡੀ

ਆਖਿ ਵੇਖਾਂ ਘਰ ਕਿਹੜਾ ਈ ।੧। ਏਹੁ ਜੁ ਦਿਸਦਾ ਖੇੜਾ ਈ ।੨।
ਸਾਧਾਂ ਦਾ ਸੰਗਿ ਮੂਲ ਨ ਛੋਡੇਂ, ਇਹੋ ਤਰਣੇ ਦਾ ਬੇੜਾ ਈ ।੩।
'ਫੇਰੂ' ਨਿਜ ਘਰ ਚੇਤਿ ਸਵੇਰੇ, ਮਾਇਆ ਕੂੜਾ ਝੇੜਾ ਈ ।੪।

## (੩੩) ਬ੍ਰਹਿਮ ਭੱਟ

ਕਰਤਾ 'ਮਹਿਮਾ ਪ੍ਰਕਾਸ਼' ਨੇ ਦਰਬਾਰੀ ਕਵੀਆਂ ਦੇ ਨਾਮ ਗਿਣਦਿਆਂ ਲਿਖਿਆ ਹੈ—

ਨਨੂਆ ਵੈਰਾਗੀ ਸਿਆਮ ਕਵਿ, ਬ੍ਰਹਮ ਭਾਟ ਜੋ ਆਹਿ
ਭਾਈ ਨਿਹਚਲ ਫਕੀਰ ਗੁਰ, ਬਡੋ ਗੁਨਗਯ ਗੁਨਿ ਤਾਹਿ।

[ਮਹਿਮਾ ਪ੍ਰਕਾਸ਼, ਪੱਤਰਾ 412

ਲੇਕਿਨ ਹੋਰ ਕਿਸੇ ਵੀ ਇਤਿਹਾਸਕਾਰ ਨੇ ਇਹ ਨਾਮ ਨਹੀਂ ਦਿਤਾ ਤੇ ਨਾ ਹੀ ਬ੍ਰਹਮ ਭੱਟ ਦੀ ਹੋਰ ਰਚਨਾ ਬਾਰੇ ਸਾਨੂੰ ਕੋਈ ਗਿਆਨ ਹੈ। ਗੁਰੂ-ਮਹਿਮਾ ਦੇ ਜੋ ਛੰਦ ਹੱਥ-ਲਿਖਤਾਂ ਵਿਚੋਂ ਮਿਲੇ, ਉਹ ਇਸ ਪਰਕਾਰ ਹਨ—

ਸਤਿਜੁਗ ਪ੍ਰਬਲ ਪ੍ਰਗਟ ਪਰਸਰਾਮ ਹ੍ਵੈ ਕੈ
ਛੇਕ ਛਾਂਡੇ ਛਤ੍ਰੀ ਕਰਿ ਕਾਹੂ ਅਤ੍ਰ ਨ ਧਰਯੋ
ਤ੍ਰੇਤੇ ਰਘੁਨਾਥ ਹ੍ਵੈ ਕੈ ਰਾਵਨ ਸਨਾਥ ਕੀਨੇ
ਗੀਧਨ ਖਵਾਯੋ ਮਾਸ ਲੰਕਪਤਿ ਜੋ ਲਰਯੋ



Digitized by Panjab Digital Library | www.panjabdigilib.org

ਦ੍ਵਾਪੁਰ ਕਨ੍ਹਾਈ ਬਨ ਬਾਂਸਰੀ ਬਜਾਈ ਧੁਨਿ
ਸੁਰਿ ਨਰ ਮੁਨਿ ਕਾਹੂ ਧੀਰ ਨ ਤਬੈ ਕਰਯੋ
ਕਲਿਜੁਗ ਤਾਰਬੇ ਕੌ ਸਾਧਨ ਉਧਾਰਬੇ ਕੌ
ਸੁੰਦਰ ਸ੍ਰੂਪ ਗੁਰੂ ਗੋਬਿੰਦ ਹ੍ਵੈ ਔਤਰਯੋ । ੧ ।

ਮਹਾਂਬਾਹੁ ਬਿਰਚਿ ਬਨੈਤ ਗੁਰੂ ਗੋਬਿੰਦ ਜੀ
ਅਰਿ ਗਜ ਮਾਰ ਡਾਰੇ ਮਾਨੋਂ ਦਰਖਤ ਹੈਂ
ਭੈਰੋਂ ਔ ਬੈਤਾਲ ਭੂਤ ਕਰਤ ਬਿਹਾਰ ਤਹਾਂ
ਹਾਰ ਕਰਬੇ ਕੋਂ ਕੌਮੁ ਪੰਚ ਪਰਖਤ ਹੈ
ਲੋਹੂ ਕੀਚ ਭਰੇ ਗਜ ਮੋਤੀ ਲੈ ਗਗਨ ਗੀਧ
ਗਰਜੇ ਅਗਨਿ ਦੇਖੈਂ ਹਰ ਹਰਖਤ ਹੈਂ
ਧੋਖੇ ਨ ਭਖਤ ਛਟਿ ਧਰਨਿ ਲਖਤ ਮਾਨੋਂ
ਬਿਥੁਰੇ ਹ੍ਵੈ ਬਾਦਰਨਖਤ ਬਰਖਤ ਹੈਂ । ੨ ।

ਮਹਾਂ ਬਾਹੁ ਬੀਰ ਗੁਰੂ ਗੋਬਿੰਦ ! ਤਿਹਾਰੇ ਤ੍ਰਾਸ
ਬੈਰਿਨ ਕੀ ਸੈਨਾ ਬਨ ਬਨ ਬਿਚਰਤ ਹੈ
ਕਰਿ ਕਰਵਾਰ ਕਾਢਿ ਕਾਟ ਕੈ ਦੁੱਜਨ ਦਲ
ਜੋਗੁ ਜੁਰੇ ਜੋਗਨਿ ਜਮਾਤ ਬਿਹਰਤ ਹੈ
ਸੋਹਥਨਿ ਹਨੇ ਰਿਪੁ ਹਾਥਿਨ ਕੇ ਘਾਇਨ ਤੇ
ਰੁਧਰ ਕੀ ਧਾਰ ਐਸੇ, ਆਸਨ ਧਰਤ ਹੈ
ਆਗ ਲਾਗੇ ਧੂਮ ਭਈ ਘਰਨਿ ਅਕਾਰ ਸਮ
ਮਾਨਹੋਂ ਝਰੋਖਨਿ ਝਰਪਨਿ ਕਰਤ ਹੈ । ੩ ।

ਰਾਵਨ ਤੇ ਛੀਨਿ ਦਈ ਬਖਸ਼ ਬਿਭੀਛਨ ਕੌ
ਬਾਵਨ ਹ੍ਵੈ ਬਾਂਧਯੋ ਬਲਿ ਜਬ ਤੁਮ ਚਾਹੀ ਹੈ
ਕਵਿ ਚਾਰ ਮੁਖ ਰਚਯੋ ਥੰਭ ਬੀਚ ਨਰ ਸਿੰਘ
ਪ੍ਰਿਹਿਲਾਦ ਜੂ ਕੀ ਪੈਜ ਪੂਰਨ ਨਿਬਾਹੀ ਹੈ
ਗੁਰੂ ਜੀ ਗੋਬਿੰਦ ਸਿੰਘ ! ਚਾਹੈਂ ਤੁਮ ਸੋਈ ਕਰੋਂ
ਬੂਝ ਦੇਖਯੋ ਬੇਦ ਇਸ ਬਾਤ ਕੌ ਉਗਾਹੀ ਹੈ
ਔਰ ਪਾਤਸ਼ਾਹੀ ਸਭ ਲੋਗਨ ਕੌ ਪਾਤਸਾਹੁ
ਪਾਤਸ਼ਾਹੁ ਪਰ ਸਾਚੀ ਤੇਰੀ ਪਾਤਸ਼ਾਹੀ ਹੈ । ੪ ।



Digitized by Panjab Digital Library | www.panjabdigilib.org

## (੩੪) ਹੀਰ ਭੱਟ

ਹੀਰ, ਕੜਾਕੇਦਾਰ ਭੱਟ ਕਵੀ ਸੀ, ਜਿਸ ਬਾਰੇ ਹੋਰ ਜਾਣਕਾਰੀ ਨਹੀਂ ਮਿਲਦੀ। ਜਦ ਇਹ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਆਗਿਆ ਅਨੁਸਾਰ ਸਮਾ ਮਿਲਣ ਤੇ ਕਵਿਤਾ ਪੜ੍ਹੇ ਬਿਨਾਂ ਹੀ ਖੜਾ ਖੜਾ ਲੜ ਰਹੇ ਸੂਰਮੇ ਵਾਂਙ ਹੱਥ ਪੈਰ ਮਾਰਨ ਲਗਾ। ਇਉਂ ਲਗਦਾ ਸੀ ਜਿਵੇਂ ਇਹ ਕਿਸੇ ਨਾਲ ਸਚੀ ਮੁੱਚੀਂ ਘੁਲ ਰਿਹਾ ਹੋਵੇ। ਇਹ ਵੇਖ ਕੇ ਸਭਾ ਵਿਚ ਹਾਸਾ ਮੱਚ ਗਿਆ ਤੇ ਸਾਰੇ ਇਸ ਨਵੇਂ ਆਏ ਕਵੀ ਵੱਲ ਤੱਕਣ ਲਗੇ।

ਗੁਰੂ ਸਾਹਿਬ ਨੇ ਕਿਹਾ ਕਿ ਭਾਈ! ਇਹ ਕੀ ਕਰ ਰਿਹਾ ਹੈਂ ? ਤਾਂ ਅੱਗੋਂ ਹੀਰ ਨੇ ਆਖਿਆ 'ਮਹਾਰਾਜ : ਇਕ ਬਲੀ ਬੀਰ ਚੰਬੜਿਆ ਹੋਇਆ ਹੈ, ਜੋ ਮੈਨੂੰ ਕਵਿਤਾ ਪੜ੍ਹਨ ਨਹੀਂ ਦਿੰਦਾ, ਤਾਂ ਸਤਿਗੁਰਾਂ ਕਿਹਾ 'ਤੁਸੀਂ ਕਬਿੱਤ ਤਾਂ ਸੁਣਾਓ। ਤਾਂ ਕਵੀ ਨੇ ਇਹ ਕਬਿੱਤ ਸੁਣਾਇਆ ਜਿਸ ਵਿਚ ਕਿਹਾ ਗਿਆ ਹੈ ਹੇ ਦਰਿਦਰ ! ਤੂੰ ਹੁਣ ਦੌੜ ਜਾ, ਤੇਰੀ ਮੌਤ ਆ ਗਈ ਹੈ, ਜੇ ਤੂੰ ਨਹੀਂ ਜਾਵੇਂਗਾ ਤਾਂ ਮਹਾਨਦਾਨੀ ਗੁਰੂ ਗੋਬਿੰਦ ਸਿੰਘ ਦਾਨ ਦੇ ਤੀਰਾਂ ਨਾਲ ਤੇਰੀ ਛਾਤੀ ਛਾਨਣੀ ਛਾਨਣੀ ਕਰ ਸੁਟਣਗੇ।'

ਪਾਸ ਠਾਢੋ ਝਗਰਤ, ਝੁਕਤ ਦਰੇਰੈ ਮੋਹਿ
ਬਾਤ ਨ ਕਰਨ ਪਾਊਂ ਮਹਾਂ ਬਲੀ ਬੀਰ ਸੋਂ
ਐਸੋ ਅਰਿ ਬਿਕਟ ਨਿਕਟ ਬਸੈ ਨਿਸਦਿਨ
ਨਿਪਟ ਨਿਸ਼ੰਕ ਸਠ ਘੇਰੈ ਫ਼ੇਰ ਭੀਰ ਸੋਂ

ਦਾਰਿਦ ਕੁਪੂਤ ! ਤੇਰੋ ਮਰਨ ਬਨਯੋ ਹੈ ਆਜ
ਕਰਕੈ ਸਲਾਮ ਵਿਦਾ ਹੂਜੈ ਕਵਿ 'ਹੀਰ' ਸੋਂ
ਨਾਤੁਰ ਗੋਬਿੰਦ ਸਿੰਘ ਵਿਕੁਲ ਕਰੈਂਗੇ ਤੋਹਿ
ਟੂਕ ਟੂਕ ਹ੍ਵੈ ਹੈਂ ਗਾਢੇ ਦਾਨਨ ਕੇ ਤੀਰ ਸੋਂ। ੧।

ਜੈਸੇ ਪ੍ਰਹਿਲਾਦ ਸੁਰਪਤਿ ਕੀਨੋ ਪਤਿ ਦੈ ਕੈ
ਯਾਹੂ ਪਤ ਕਾ ਜੋ ਨੈਕ ਚਿਤ ਦੈ ਸਮਾਰੀਏ
ਜੈਸੇ ਬਲਿ ਬਾਂਧਯੋ ਧਰ ਬਾਵਨ ਸਰੂਪ 'ਹੀਰ'
ਟੂਕ ਟੂਕ ਕਰੋ ਚਾਢਿ ਆਂਖਿਨ ਪਛਾਰੀਏ

ਛਾਡਤ ਨ ਸੰਗ ਜੁਰਯੋ ਰਹੈ ਆਠੋ ਜਾਮ ਮੇਰੇ
ਤੇਰੇ ਦਾਨ ਨਾਮ ਤੇ ਪਰੇਤ ਮੇਰੋ ਝਾਰੀਏ



Digitized by Panjab Digital Library | www.panjabdigilib.org

ਏਕੈ ਗੁਰੂ ਗੋਬਿੰਦ, ਗਰੁਰ ਜਾਂਕੋ ਬਾਹਨ ਹੈ
ਜੈਸੇ ਮੁਰ ਮਾਰਯੋ ਤੈਸੇ ਮੇਰੋ ਅਰਿ ਮਾਰੀਏ । ੨ ।

ਕਮਠ ਸੋਂ ਸ਼ੇਸ ਮੁਰੈ ਬੈਲ ਸੋਂ ਮਹੇਸ਼ ਮੁਰੈ
ਸ਼ੰਭੁ ਸੋਂ ਗਨੇਸ਼ ਮੁਰੈ ਮੁਰੈ ਤੀਅ ਅਨੰਗ ਤੈ
ਮੁਰ ਚਲੈ ਸਰਿਤਾ ਮਤੰਗਨ ਕੋ ਮਦ ਮੁਰੈ
ਭੀਮ ਮੁਰੈ ਭਾਰਥ ਪਾਰਥ ਮੁਰੈ ਸੰਗ ਤੇ
ਗੋਬਿੰਦ ਮੁਰੈ ਨ, ਪਰਸਰਾਮ ਸੋਂ ਸਮੱਥ ਮੁਰੈ
ਸੀਅ ਸਤ ਮੁਰੈ, ਰੂਪ ਮੂਰਤ ਅਨੰਗ ਤੇ
ਭੂਪ ਮੁਰੈ ਲੰਕ ਕੋ ਅਤੰਕ ਹਨੂਮਾਨ 'ਹੀਰ'
ਮੇਰੁ ਮੁਰੈ ਮਸਕ ਮੁਰੈ, ਮੁਰਹਿ ਨ ਗੁਰੂ ਜੰਗ ਤੇ । ੩ ।

ਏਤੀ ਅਨੀ ਬਨੀ ਜੋ ਗਨੀ ਨ ਜਾਤ ਕਾਹੂੰ ਬਿਧਿ
ਮਨੀ ਨ ਰਹਿਤ 'ਹੀਰ' ਤੀਰ ਬੂੰਦੈਂ ਝਰੀ ਹੈਂ
ਤਹਾਂ ਗੁਰੂ ਗੋਬਿੰਦ ਤਮਕ ਮਾਰੇ ਅਰੀ ਤਬ
ਤੂਟ ਤੂਟ ਜਾਤ ਬਖਤਰਨ ਕੀ ਕਰੀ ਹੈਂ
ਗੀਧ ਚੋਂਚੇ ਲੋਥਨ ਕਰਾਲ ਉਡੈਂ ਖੋਪਰੀ ਲੈ
ਲਾਲ ਜੋਗਨੀ ਜਮਾਤ ਬਿਖ ਸਾਥ ਭਰੀ ਹੈਂ
ਐਸੀ ਲਾਗੀ ਬਰਛੀ ਗਇੰਦਨ ਕੇ ਸੀਸ ਪਰ
ਮਾਨੋ ਕਹੂੰ ਭੂਧਰ ਮਸਾਲੈਂ ਬਾਲ ਧਰੀ ਹੈਂ । ੪ ।

ਕਲ ਨਹਿੰ ਪਰਤ ਬਿਕਲ ਦੇਸ ਬੰਗਸ ਕੇ
ਪਲਕ ਨ ਲਾਗੈ ਪਲ ਰੂਮ ਸ਼ਾਮ ਸਾਮਨੀ
ਗੋਲ ਕੁੰਡਾ ਕੰਪਤ ਨਗਾਰਨ ਕੀ ਧੁਨਿ ਸੁਨ
ਬੀਜਾਪੁਰ ਬੰਦਰ ਬਸਤ ਬਨ ਜਾਮਨੀ
ਆਸਮਾਨ ਦਹਲ ਹਹਲ ਗਿਰਯੋ ਲੰਕ 'ਹੀਰ'
ਦਰੀ ਮੈਂ ਦਬਤ ਫਿਰੈ ਦਸਨ ਜਿਉਂ ਦਾਮਨੀ
ਤੇਰੇ ਡਰ ਗੋਬਿੰਦ ਮ੍ਰਿਗਿੰਦ ਗੁਰੂ ! ਅਰਿਨ ਕੀ
ਟੋਲਾ ਟੋਲ ਜਾਇ ਸੋ ਖਟੋਲਾ ਮਾਂਗੈ ਭਾਮਨੀ । ੫ ।

ਭਭਰਯੋ ਭਭੀਖਨ ਭਵਨ ਤਜਿ ਭਟਕਤ
ਢਹੇ ਪੌਰ ਲੰਕ ਕੀ ਨਿਸ਼ਾਨਨ ਕੇ ਬਾਜੇ ਤੇ
ਪਾਪਰ ਸੇ ਫੂਟਤ ਧਰਾਧਰ ਸੁ ਚੂਰ ਹੋਤ
ਸਿੰਧੁ ਅਕੁਲਾਤ ਗਜਰਾਜਨ ਕੇ ਗਾਜੇ ਤੇ



Digitized by Panjab Digital Library | www.panjabdigilib.org

ਬਰਨਤ 'ਹੀਰ' ਗੁਰੂ ਗੋਬਿੰਦ ਤਿਹਾਰੇ ਤ੍ਰਾਸ
ਦਬਤ ਫਿਰਤ ਅਰਿ ਕੰਦਰਨ ਭਾਜੇ ਤੇ
ਚੂਰ ਹੋਤ ਕਮਠ, ਦਰਾਰੇ ਦਾਢ ਅਟਕਤ
ਫਟੇ ਫਨ ਸਹਸ ਪ੍ਰਬਲ ਦਲ ਸਾਜੇ ਤੇ । ੬ ।

ਤੇਰੇ ਮਾਰੇ ਖਲ ਦਲ ਘੂਮਤ ਘੁਸਤ ਮਹਿ
ਛਾਤੀ ਛੋਰ ਜੋਰ ਸੋ ਸਹੇਂ ਬਨ ਕੀ ਚਭਕੈ
ਕਹੂ ਲੋਥ ਚੋਂਚ ਸੇ ਸਮੇਟ ਡਾਰੇ ਗੀਧ ਗਣ
ਖੇਲਤ ਧਿਙਾਣੇ ਧ੍ਰਿਗਜ ਮੁਖ ਕੀ ਹਭਕੇਂ

ਸ੍ਰੀ ਗੁਬਿੰਦ ਸਿੰਘ ਰਣਭੂਮਿ ਕੋ ਮਚੱਯਾ 'ਹੀਰ'
ਲੋਹੂ ਕੀ ਲਲਕ ਘਾਟ ਘਾਟਨ ਕੀ ਡਭਕੇਂ
ਭੌਰੈ ਫਿਰੈ ਭੂਤ ਲੈ ਭਭੀਖ ਨਾਚੈ ਦ੍ਵਾਰਪਾਰ
ਭਭਕ ਭਭਕ ਬੋਲੈਂ ਘਾਇਨ ਕੀ ਭਭਕੈਂ । ੭ ।

ਪਾਰਬ ਕੇ ਬਾਨ ਕੋ ਕ੍ਰਿਪਾਨ ਸਿੰਘ ਗੋਬਿੰਦ ਕੋ
ਸਿੰਘ ਨ ਬਚਤ ਬਨ ਮਾਰੇ ਝਾਰ ਝਾਰ ਕੈ
ਕੇਤੇ ਭਟ ਸੁਭਟ ਭਜਾਏ 'ਹੀਰ' ਕਈ ਓਰ
ਕਈ ਬੇਰ ਕਾਲੀ ਸ੍ਰੋਨ ਪੀਵਤ ਅਹੋਰ ਕੈ
ਤੇਰੇ ਦਲ ਚਲਤ ਦਲਤ ਦਲ ਅਰਿਨ ਕੋ
ਕੇਹੂੰ ਨ ਸੰਭਾਰੇ ਤਨ ਹਾਂਕਤ ਪਹਾਰ ਕੈ
ਗਾਂਸੀ ਕੇ ਲਗੇ ਤੇ ਪੀਲਵਾਨ ਗਿਰਯੋ ਪੀਲ ਹੂੰ ਤੇ
ਮਾਨੋ ਗਿਰਯੋ ਬਾਦਰ ਪਹਾਰ ਫਾਂਧ ਮਾਰ ਕੇ । ੮ ।

ਫੋਰਤ ਪਹਾਰਨ ਚੁਵਤ ਮਦ ਧਾਰਨ ਜੇ
ਗਦਨ ਉਦਾਰਨ ਲਖੇ ਤੇ ਬੜੀ ਗਤ ਕੇ
ਧੂਰਿ ਭਰੇ ਧੂਸਰੇ ਧਰਨਿ ਧਸਕਤ ਪਗ
ਕੱਜਲ ਸੇ ਕਾਰੇ ਵੇ ਦਤਾਰੇ ਮਹਾਂਗਤਿ ਕੈ
ਗਾਜੇ ਰਣ ਸਾਜੇ ਗਜ ਐਸੇ ਪੀਲਵਾਨ ਬਨੇ
ਬਰਨਤ 'ਹੀਰ' ਮਹਾਂ ਬੀਰ ਰਤਿ ਪਤਿ ਕੇ
ਮਹਾਂ ਅੰਗ ਭਾਰੇ ਤੇ ਬਿਦਾਰੇ ਸ੍ਰੀ ਗੁਬਿੰਦ ਸਿੰਘ
ਡੀਲਨ ਡਰਾਰੇ ਹਨੇ ਹਿੰਦਵਾਨ ਪਤਿ ਕੋ । ੯ ।



Digitized by Panjab Digital Library | www.panjabdigilib.org

ਅਚਲ ਚਲਤ ਚਾਲ ਪਾਲ ਸੇ ਹਲਤ ਹਾਲ
ਸਰ ਰਨ ਮਸਤ ਮਲ ਗਯੋ ਦੇਸ ਹਰਿ ਕੋ
ਅਹਿ ਫਣ ਫਟਤ ਘਟਤ ਸਿੰਧੁ ਪਲਕ ਮੈਂ
ਦ੍ਵਾਰ ਭਯੋ ਗਰਦ ਬਿਭੀਖਨ ਕੇ ਘਰ ਕੋ

ਐਲ ਪਰੀ ਬਲਖ ਫਿਰੰਗ ਦੇਸ ਖੈਲ ਭੈਲ
ਗੈਲ ਕੋਊ ਪਾਵਹਿਂ ਨਾਹਿ ਬਲ ਛੂਟਯੋ ਕਰ ਕੋ
ਸ੍ਰੀ ਗੁਬਿੰਦ ਸਿੰਘ ਗੁਰ ਦਲ ਕੇ ਚਲਤ 'ਹੀਰ'
ਪਤਿ ਨ ਸੰਭਾਰੇ ਨਾਰਿ ਐਸੇ ਹਾਲ ਡਰ ਕੇ । ੧੦ ।

ਨਾਹਰ ਸਮਾਨ ਝੁਕ ਝਰਿ ਪਰੇ ਗੋਬਿੰਦ ਸਿੰਘ
ਖਗ ਗਹਿ ਖੰਡ ਕੀਨੀ ਖਲਨ ਕੀ ਖਪਰੀ
ਹਨੇ ਘਨੇ ਘੇਰ ਘਮਸਾਨ ਕੇ ਘਮੰਡ ਕੀਨੋ
ਘਾਇਨ ਘੁਮਤ ਘਾਇਲਨ ਕੀ ਧਰਾ ਧਰੀ

ਰੁਧਰ ਕੇ ਕੁੰਡ ਤੇ ਨਿਕਸ ਕਾਲੀ ਕੁਲ ਠਾਂਢੀ
ਉਪਮਾ ਬਢੀ ਹੈ 'ਹੀਰ' ਅਭਿਮਤਿ ਤੇ ਖਰੀ
ਦਲ ਦਸਮਾਥ ਰਘੁਨਾਥ ਕੋ ਮਨਾਇ ਮਨ
ਮਾਨੋ ਸੀਅ ਸੌਂਹ ਦੈ ਹੁਤਾਸਨ ਤੇ ਨਿਸਰੀ । ੧੧ ।

ਕਸ ਤਰਕਸ਼ ਧਰਕਸ ਬਰਕਸ ਧਰ
ਐਸੋ ਸਰ ਕਸ ਹਿਤ ਚਿਤ ਬਿਤ ਗਾਢੋ ਹੈ
ਕੀਨੇ ਘਮਸਾਨ ਰੰਗ ਭੂਮਿ ਕੇ ਮੈਦਾਨ 'ਹੀਰ'
ਬਾਜਤ ਨਿਸ਼ਾਨ ਲੈ ਹਥਯਾਰ ਹਥ ਬਾਢੋ ਹੈ
ਸ੍ਰੀ ਗੁਬਿੰਦ ਸਿੰਘ ਕੀ ਕਮਾਨ ਤੇ ਚਲੇ ਹੈਂ ਤੀਰ
ਉਰਵਾਰ ਹੋਤ ਪਾਰਾਵਾਰ ਪਾਰ ਠਾਂਢੋ ਹੈ
ਬਖਤਰ ਬੇਹ, ਬਖਤਰੀ ਬੇਹ ਬਾਂਕੇ ਬੇਹ
ਬਾਨਨ ਸੋ ਬੇਹ ਕੈ ਬਰਾ ਸੋ ਬੇਹ ਕਾਢੋ ਹੈ । ੧੨ ।

## ਸਵਈਆ

ਸ੍ਰੀ ਗੁਰ ਗੋਬਿੰਦ ਸਿੰਘ ਬਲੀ ਕਰ ਖੱਗ ਗਹੇ ਅਰਿ ਕੇ ਪਰ ਧਾਯੋ ।
ਰੰਭਕ ਸੁੰਡ ਅਨੇਕ ਗਿਰੇ ਰਣ ਧੂਮ ਕਰੀ ਧਰ ਧੀਂਗ ਨਚਾਯੋ ।
ਐਸੋ ਦਯੋ ਧਰ ਕੁੰਭ ਕੇ ਛੋਰ ਸੁ ਬੀਰ ਲਖੇ ਜਸ 'ਹੀਰ' ਜੁ ਗਾਯੋ ।
ਸੁੰਡ ਬਿਨਾ ਗਜਰਾਜ ਚਲਯੋ ਭਜਿ ਸੁੰਡ ਮਨੋ ਘਰ ਹੀ ਧਰਿ ਆਯੋ । ੧੩ ।



Digitized by Panjab Digital Library | www.panjabdigilib.org

### ਛਪਯ ਛੰਦ

ਉਡਤ ਗਰਦ ਡਰ ਭਾਨ ਮਾਨ, ਸੁਰਪਤਿ ਨ ਗਹਤ ਮਨ
ਨੀਰ ਛੀਰ ਭਏ ਇਕ, ਕਰਕ ਟੁਟਤ ਉਪਬਨ ਬਨ
ਮਥਨ ਕਹਤ ਫਿਰ ਸਿੰਧੁ ਬਿੰਧ ਦਹਿਲਤ ਚਲਤ ਡਰ
ਸਿਮਟ ਸੁਕੁਚ ਰਹਯੋ ਨਾਗ, ਕਮਠ ਕੋ ਚਭਕ ਬਿਕਚ ਡਰ
ਭਨ 'ਹੀਰ' ਚਢਤ ਹਿੰਦਵਾਨ ਹਦ, ਦਿਗਪਾਲ ਕੰਪ ਧਰਨੀ ਹਲਤ
ਗੋਬਿੰਦ ਸਿੰਘ ਦਲ ਚਢਤ ਜਬ, ਅਤਲ ਬਿਤਲ ਸੁਤਲ ਤਲਤ । ੧੪ ।

## (੩੫) ਸੁੰਦਰ

ਹਿੰਦੀ ਸਾਹਿੱਤ ਦੇ ਇਤਿਹਾਸ ਵਿਚ 'ਸੁੰਦਰ' ਨਾਮ ਦੇ ਕਈ ਕਵੀ ਮਿਲਦੇ ਹਨ । ਇਕ ਸੁੰਦਰਦਾਸ (1653-1746 ਬਿ.) ਦਾਦੂ ਜੀ ਦੇ ਚੇਲੇ ਸਨ, ਜਿਨ੍ਹਾਂ ਦੀ ਰਚਨਾ ਦਰਜਨਾਂ ਦੀ ਗਿਣਤੀ ਵਿਚ ਮਿਲਦੀ ਹੈ, ਇਹ ਦਯੋਸਾ ਰਿਆਸਤ ਜੈਪੁਰ ਦੇ ਵਸਨੀਕ ਸਨ । ਦੂਸਰੇ ਸੁੰਦਰਦਾਸ ਇਸੇ ਹੀ ਸਮੇਂ ਹੋਏ, ਇਹ ਗੁਆਲੀਅਰ ਦੇ ਬ੍ਰਾਹਮਣ ਸਨ ਤੇ ਸ਼ਾਹ ਜਹਾਂ ਅਤੇ ਔਰੰਗਜ਼ੇਬ ਵਲੋਂ ਇਨ੍ਹਾਂ ਨੂੰ ਚੰਗਾ ਮਾਣ ਆਦਰ ਪ੍ਰਾਪਤ ਸੀ, ਇਨ੍ਹਾਂ ਦੀ ਪੁਸਤਕ 'ਸੁੰਦਰ ਸ਼ਿੰਗਾਰ' ਕਾਫ਼ੀ ਪ੍ਰਸਿਧ ਹੈ ਤੇ ਪੰਜਾਬੀ ਹੱਥ-ਲਿਖਤਾਂ ਵਿਚ ਵੀ ਇਸ ਦੇ ਉਤਾਰੇ ਮਿਲਦੇ ਹਨ । ਵੱਡੀ ਗੱਲ ਨਹੀਂ ਜਿਸ ਤਰ੍ਹਾਂ ਬ੍ਰਿੰਦ, ਸੁਖਦੇਵ ਵਰਗੇ ਕਵੀ ਪਹਿਲੇ ਔਰੰਗਜ਼ੇਬ ਦੇ ਮੁਗਲ ਦਰਬਾਰ ਦਾ ਸ਼ਿੰਗਾਰ ਸਨ ਤੇ ਪਿਛੋਂ ਗੁਰੂ ਗੋਬਿਦ ਸਿੰਘ ਜੀ ਦੇ ਹਜ਼ੂਰੀ ਕਵੀ ਆ ਬਣੇ ਸਨ, ਇਸੇ ਤਰ੍ਹਾਂ ਸੁੰਦਰਦਾਸ ਵੀ ਕਿਤੇ ਅਨੰਦਪੁਰ ਦਾ ਆਨੰਦ ਮਾਣਨ ਆਇਆ ਹੋਵੇ ।

ਇਸ ਕਵੀ ਦੀ ਗੁਰੂ-ਦਰਬਾਰ ਵਿਚ ਰਚੀ ਰਚਨਾ ਦਾ ਕੋਈ ਵੇਰਵਾ ਤਾਂ ਨਹੀਂ ਮਿਲਦਾ, ਕੇਵਲ ਦੋ ਤਿੰਨ ਕਬਿੱਤ ਮਿਲੇ ਹਨ ਜੋ ਇਹ ਦੱਸਣ ਲਈ ਕਾਫ਼ੀ ਹਨ ਕਿ ਇਸ ਕਵੀ ਨੇ ਗੁਰੂ-ਸੰਗਤ ਦਾ ਅਨੰਦ ਮਾਣਿਆ ਸੀ ਤੇ ਸਤਿਗੁਰੂ ਦੀ ਸਰਬਪੱਖੀ ਸ਼ਖਸ਼ੀਅਤ ਨੂੰ ਤੱਕ ਕੇ ਇਸ ਤਰ੍ਹਾਂ ਇਹ ਛੰਦ ਗੁਣਗੁਣਾਏ ਸਨ —

ਸਾਧਨ ਕੋ ਸਿਧ ਸਰਣਾਗਤ ਸਮਰ ਸਿੰਧੁ
ਸੁਧਾਧਰ 'ਸੁੰਦਰ' ਸਰਸ ਪਦ ਪਾਯੋ ਹੈ
ਕੁਲ ਕੋ ਕਲਸ ਕਵਿ ਕਾਮਨਾ ਕੋ ਕਾਮਤਰੁ
ਕੋਪ ਕੀਏ ਕਾਲ, ਕਵਿਯਨ ਗੁਨ ਗਾਯੋ ਹੈ
ਦੇਵਨ ਮੈਂ ਦਾਨਵ ਮੈਂ ਮਾਨਵ ਮੁਨਿਨ ਹੂੰ ਮੈਂ
ਜਾਂ ਕੋ ਜਸ ਜ਼ਾਹਿਰ ਜਹਾਨ ਚਲ ਆਯੋ ਹੈ



Digitized by Panjab Digital Library | www.panjabdigilib.org

ਤੇਗ ਸਾਚੋ, ਦੇਗ ਸਾਚੋ, ਸੂਰਮਾ ਸ਼ਰਣ ਸਾਚੋ
ਸਾਚੋ ਪਾਤਸ਼ਾਹੁ ਗੁਰੂ ਗੋਬਿੰਦ ਕਹਾਯੋ ਹੈ । ੧ ।

ਬੇਦਨ ਮਹਿੰ ਸਾਮ ਸੁਨੋ ਸਿੰਧੁ ਮਿਰਜਾਦਾ ਮੇਰੁ
ਮੰਡਲ ਮਹੀ ਮੈ ਗੁਰਿਆਈ ਗੁਨ ਗਾਏ ਹੋ ।
ਸ਼ਰਮ ਕੇ ਸਾਗਰ ਸਪੂਤਨ ਕੇ ਸਿਰਮੌਰ
'ਸੁੰਦਰ' ਸੁਧਾਧਰ ਸੇ ਸੁੰਦਰ ਗਨਾਏ ਹੋਂ ।
ਰਚਨ ਮੇਂ ਦਾਨ ਬਾਨਿ ਬਾਨੀ ਹਰੀਚੰਦ ਕੀ ਸੀ
ਬਿਦਤ ਬਿਨਯ ਬਡੋ ਬੰਸ ਚਲਿ ਆਯੋ ਹੋਂ
ਤੇਜ ਕੋ ਤਰਨ, ਤਰਵਾਰ ਕੋ ਪਰਸੁਰਾਮ
ਗੁਰਨ ਮਹਿੰ ਐਸੇ ਗੁਰੂ ਗੋਬਿੰਦ ਕਹਾਏ ਹੋਂ । ੨ ।

'ਸੁੰਦਰ' ਅਨੰਗ ਕਿਧੋਂ ਚਪਲ ਕੁਰੰਗ ਸਮ
ਗਰੁਰ ਕੇ ਸੰਗ ਚਲਿ ਆਗੇ ਹੀ ਕੋ ਚੇਤ ਹੈਂ
ਪਵਨ ਕੋ ਪਾਛੇ ਕਰਿ, ਮਨ ਕੋ ਗਵਨ ਹਰਿ
ਦੌਰ ਮੈਂ ਪਲਕ ਮਾਂਹਿ ਫਾਧ ਜਾਂਹਿ ਸੇਤ ਹੈਂ
ਰਵਿ ਰਥ ਚਢਤ ਉਤਰ ਜਾਤ ਯਾਂਹੀ ਲੀਏ
ਮੇਰੇ ਏਕ ਏ ਅਨੇਕ ਸਾਜਨ ਸਮੇਤ ਹੈਂ
ਐਸੇ ਬਾਜੀ ਦੇਖੀਐ ਨਾ ਕਹੂੰ ਤੀਨ ਭਵਨ ਮੈਂ
ਕਵਿਨ ਕੋ ਜੈਸੇ ਗੁਰੁ ਗੋਬਿੰਦ ਜੀ ਦੇਤ ਹੈਂ । ੩ ।

## (੩੬) ਸ਼ਾਰਦਾ

ਸ਼ਾਰਦਾ ਕਵੀ ਬਾਰੇ ਸਾਡੀ ਜਾਣਕਾਰੀ ਬਹੁਤੀ ਨਹੀਂ । ਪ੍ਰਾਪਤ ਛੰਦਾਂ ਤੋਂ ਇਹ ਅਨੁਮਾਨ ਲਗਦਾ ਹੈ ਕਿ ਇਹ ਸਤਿਗੁਰਾਂ ਦਾ ਚੰਗਾ ਸ਼ਰਧਾਲੂ ਤੇ ਵਿਦਵਾਨ ਸੀ ।

ਦਿਸ਼ ਦਿਸ਼ ਦੇਸ ਦੇਸ ਏਸ ਦਿਗਪਾਲ ਕੇਤੇ
ਆਜ ਕਰੇ ਕਾਲ ਕੇਤੇ ਗੁਨਹਿ ਗਹਤ ਹੈ
ਪ੍ਰਬਲ ਪ੍ਰਤਾਪੀ ਪਾਤਸ਼ਾਹ ਸਾਚੇ ਸੁਨੀਯਤ
ਤੇਰੇ ਸਿਰ ਭਾਰ ਭੂ ਕੋ 'ਸ਼ਾਰਦਾ' ਕਹਿਤ ਹੈ
ਓਜਨ ਕੇ ਸੂਰ ਮਹਾਂ ਮੌਜਨ ਸੋਂ ਘੇਰ ਮਾਰ
ਔਰ ਨ ਬਿਚਾਰ ਕੀਜੈ ਦਾਰਿਦ ਦਹਤ ਹੈ



Digitized by Panjab Digital Library | www.panjabdigilib.org

ਹਰਿ ਮਾਂਗੇ ਬਰ ਦੇਤ, ਮਾਂਗ ਗੁਰੂ ਗੋਬਿੰਦ ਕੋ
ਕਰਤਾਰ ਮਾਂਗੇ ਕਰਤਾਰ ਦੇ ਰਹਿਤ ਹੈਂ ।੧।

ਮੰਗਲ ਨੇ ਗੁਰੂ ਜੀ ਦੀ ਛਟੀ ਦੀ ਤਾਰੀਫ ਕੀਤੀ ਸੀ। ਇਥੇ ਸ਼ਾਰਦਾ ਨੇ ਇਸ ਨੂੰ ਕਾਨ੍ਹ ਦੀ ਬੰਸਰੀ ਨਾਲ ਉਪਮਾਇਆ ਹੈ—

ਕੁੰਜ ਕੁੰਜ ਗਲਿਨ ਬਜਾਈ ਬਨ ਬਾਂਸਰੀ ਸੀ
ਉਨਹੀ ਕੇ ਸੰਗ ਸਈ 'ਸ਼ਾਰਦਾ' ਕਹਤ ਹੈ
ਜਮਨਾ ਕੇ ਤਟ ਬੰਸੀ ਬਟ ਕੈ ਨਿਕਟ ਸੋਈ
ਤਟ ਸ਼ਤਦ੍ਰਵ ਆਨ ਸਾਹਿਬੀ ਕਰਤ ਹੈ
ਦੇਖੋ ਭੂਪ ਭੂਪਨ ਕੇ, ਭੂਮਿ ਕੇ ਭਗਤ ਲੋਗਹੁ
ਭਾਗ ਯਾ ਛਰੀ ਕੇ ਮੋਸੋ ਕਹਿਬੇ ਬਨਤ ਹੈਂ
ਕਾਨ੍ਹ ਹ੍ਵੈ ਕੈ ਅੰਤਰਯੋ ਤੇ ਮੁਖ ਹੀ ਰਹਿਤ ਲਾਗੀ
ਗੋਬਿੰਦ ਹ੍ਵੈ ਅੰਤਰਯੋ ਤੇ ਹਥ ਹੀ ਰਹਤ ਹੈ।੨।

## (੩੭) ਸੁਦਾਮਾ

ਸੁਦਾਮਾ ਇਕ ਗਰੀਬ ਕਵੀ ਸੀ ਜੋ ਗੁਰੂ ਸਾਹਿਬ ਨੂੰ ਗਰੀਬਨਿਵਾਜ਼ ਸਮਝਕੇ ਅਨੰਦਪੁਰ ਆਇਆ। ਉਸ ਅਪਣੇ ਨਾਮ ਨੂੰ ਸਾਮ੍ਹਣੇ ਰੱਖ ਕੇ ਇਹ ਕਬਿੱਤ ਰਚਿਆ ਕਿ ਜੇਕਰ ਮੈਂ ਗਰੀਬ ਸੁਦਾਮਾ ਹਾਂ, ਤਾਂ ਤੁਸੀਂ ਵੀ ਉਹੋ ਗੋਬਿੰਦ (ਕ੍ਰਿਸ਼ਣ) ਰੂਪ ਹੋ।

ਏਕ ਸੰਗ ਪਢੇ ਅਵੰਤਿਕਾ ਸੰਦੀਪਨ ਕੈ
ਸੋਈ ਸੁਧ ਆਈ ਤੋ ਬੂਲ ਇ ਬੂਝੀ ਬਾਮਾ ਮੈਂ
ਪੂੰਗੀ ਫ਼ਲ ਹੋਤ ਤੋ ਅਸੀਸ ਦੇਤੇ ਨਾਥ ਜੀ ਕੋ
ਤੰਦੁਲ ਲੇ ਦੀਜੈ ਬਾਂਧ ਲੀਜੋ ਫਟੇ ਜਾਮਾ ਮੈਂ
ਦੀਨ ਦੁਆਰ ਸੁਨ ਕੈ ਦਯਾਲ ਦਰਬਾਰ ਮਿਲੇ
ਏਤੋ ਕੁਛ ਦੀਨੋ ਪਈ ਅਗਨਤ ਸਾਮਾ ਮੈਂ
ਪ੍ਰੀਤਿ ਕਰ ਜਾਨੇ ਗੁਰ ਗੋਬਿੰਦ ਕੇ ਮਾਨੇ ਤਾਂ ਤੇ
ਵਹੈ ਤੂ ਗੋਬਿੰਦ ਵਹੈ ਬਾਮਨ ਸੁਦਾਮਾ ਮੈਂ।

## (੩੮) ਹੁਸੈਨ ਅਲੀ

ਹੁਸੈਨੀ ਜਾਂ ਅਲੀ ਹੁਸੈਨ ਨਾਮ, ਦਰਬਾਰੀ ਕਵੀ-ਸੂਚੀ ਵਿਚ ਪ੍ਰਾਪਤ ਹੈ। ਇਸ ਦਾ ਗੁਰੂ ਨਾਨਕ ਸਾਹਿਬ ਦੀ ਰਬਾਬ ਬਾਰੇ ਲਿਖਿਆ ਇਕ ਕਬਿੱਤ ਵੀ ਦਸਿਆ ਜਾਂਦਾ ਹੈ।



Digitized by Panjab Digital Library | www.panjabdigilib.org

ਸੁਰਗਵਾਸੀ ਜਥੇਦਾਰ ਸ਼ਰਮ ਸਿੰਘ ਜੀ ਨੇ ਕਿਸੇ ਪੁਰਾਤਨ ਪੋਥੀ ਵਿਚੋਂ ਹੁਸੈਨ ਦੇ ਕੁਝ ਸ਼ਿਅਰ ਨੋਟ ਕਰ ਕੇ ਯਾਦ ਕੀਤੇ ਸਨ ਤੇ ਉਨ੍ਹਾਂ ਮੈਨੂੰ ਅਨੰਦਪੁਰ ਸੁਣਾਏ ਸਨ। ਭਾਵੇਂ ਜ਼ਬਾਨ ਦੇ ਨੁਕਤੇ ਤੋਂ ਇਨ੍ਹਾਂ ਦਾ ਰੂਪ ਆਧੁਨਿਕਤਾ ਵਾਲਾ ਹੈ ਪਰ ਫਿਰ ਵੀ ਪਾਠਕਾਂ ਦੀ ਦਿਲਚਸਪੀ ਲਈ ਇਹ ਸਤਰਾਂ ਦਿੰਦਾ ਹਾਂ —

ਤਜੱਲਾ ਤਿਰੀ ਜ਼ਾਤ ਕਾ ਸੂ ਬਸੂ ਹੈ। ਜਿਧਰ ਦੇਖਤਾ ਹੂੰ ਉਧਰ ਤੂ ਹੀ ਤੂ ਹੈ
ਨਹੀਂ ਗਰਜ਼ ਮੁਝਕੋ ਦੈਰੋ ਹਰਮ ਸੋ, ਮਗਰ ਤੇਰੇ ਦੀਦਾਰ ਦੀ ਆਰਜ਼ੂ ਹੈ
ਦੀਦਾਰਿ ਖ਼ੁਦਾ ਗਰ ਨਹੀਂ ਤੁਮ ਨੇ ਦੇਖਾ, ਗੋਬਿੰਦ ਕੋ ਦੇਖੋ ਵੁਹੀ ਹੂ ਬਹੂ ਹੈ
ਦਰ ਮਸਤੀਨ 'ਹੁਸੈਨ' ਕਿਉਂ ਛੋੜੇ, ਤਰੀਕੇ ਗੁਲਾਮੀ ਜੁ ਤੋਂਕਿ ਗਲੂ ਹੈ।

## (੩੯) ਚੰਦਨ

ਚੰਦਨ ਬਾਰੇ ਇਹ ਗੱਲ ਪ੍ਰਸਿੱਧ ਹੈ ਕਿ ਇਹ ਕਵੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਪਾਸ ਹਾਜ਼ਰ ਹੋਇਆ ਤਾਂ ਇਸ ਨੂੰ ਮਾਣ ਸੀ ਕਿ ਮੇਰੇ ਰਚੇ ਛੰਦ ਦੇ ਅਰਥ ਸ਼ਾਇਦ ਇਸ ਦਰਬਾਰ ਵਿਚ ਹੋਰ ਕੋਈ ਨਹੀਂ ਕਰ ਸਕੇਗਾ। ਉਸ ਨੇ ਗੁਰੂ ਸਾਹਿਬ ਦੀ ਆਗਿਆ ਨਾਲ ਇਹ ਸਵਈਆ ਪੜ੍ਹਕੇ ਸੁਣਾਇਆ—

ਨਵਸਾਤ ਤਿਯੇ ਨਵਸਾਤ ਕਿਯੇ, ਨਵਸਾਤ ਪਿਯੇ ਨਵਸਾਤ ਪਿਯਾਏ।
ਨਵਸਾਤ ਰਚੇ ਨਵਸਾਤ ਬਦੇ, ਨਵਸਾਤ ਪਿਯਾ ਪਹਿ ਦਾਯਕ ਪਾਏ।
ਜੀਤ ਕਲਾ ਨਵ ਸਾਤਨ ਕੀ, ਨਵਸਾਤਨ ਕੇ ਮੁਖ ਅੰਚਰ ਛਾਏ।
ਮਾਨਹੁ ਮੇਘ ਕੇ ਮੰਡਲ ਮੈਂ ਕਵਿ, 'ਚੰਦਨ' ਚੰਦ ਕਲੇਵਰ ਛਾਏ।

ਗੁਰੂ ਸਾਹਿਬ ਨੇ ਕਵਿਤਾ ਦੀ ਦਾਦ ਦਿਤੀ ਤੇ ਨਾਲ ਹੀ ਇਹ ਵੀ ਕਿਹਾ ਕਿ ਇਹ ਕੋਈ ਔਖੀ ਚੀਜ਼ ਨਹੀਂ, ਇਸ ਦੇ ਅਰਥ ਇਸ ਦਰਬਾਰ ਦੇ ਸੇਵਕ ਵੀ ਕਰ ਸਕਦੇ ਹਨ। ਭਾਈ ਧੰਨਾ ਸਿੰਘ ਨੇ ਗੁਰੂ ਜੀ ਦਾ ਇਸ਼ਾਰਾ ਪਾ ਕੇ ਇਸ ਦੇ ਅਰਥ ਇਉਂ ਕੀਤੇ—

'ਸੋਲਾਂ ਸਾਲ ਦੀ ਮੁਟਿਆਰ ਨੇ ਸੋਲਾਂ ਸ਼ਿੰਗਾਰ ਕੀਤੇ, ਉਸ ਦਾ ਸੋਲਾਂ ਵਰ੍ਹਿਆਂ ਦਾ ਗੱਭਰੂ ਕੰਤ ਸੋਲਾਂ ਮਹੀਨਿਆਂ ਪਿਛੋਂ ਘਰ ਆਇਆ। ਸੋਲਾਂ ਘਰਾਂ ਵਾਲੇ ਚੌਪੜ ਦੀ ਬਾਜ਼ੀ ਖੇਡੀ ਗਈ, ਸੋਲਾਂ ਦਾਉ ਲਾਏ ਗਏ ਤੇ ਸੋਲ੍ਹਵੀਂ ਵਾਰੀ ਪਤ੍ਰੀ ਨੇ ਬਾਜ਼ੀ ਜਿੱਤ ਲਈ। ਇਹ ਦੇਖਕੇ ਸੋਲਾਂ ਕਲਾਂ ਵਾਲੇ ਚੰਦ ਵਰਗੇ ਚੇਹਰੇ ਵਾਲੀ ਸੁੰਦਰੀ ਨੇ ਘੁੰਡ ਨਾਲ ਆਪਣਾ ਮੂੰਹ ਛੁਪਾ ਲਿਆ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਚੰਦ ਬੇਚਾਰਾ ਮੇਘ ਮੰਡਲ ਦੇ ਚੱਕਰ ਵਿਚ ਆ ਗਿਆ ਹੋਵੇ।



Digitized by Panjab Digital Library | www.panjabdigilib.org

ਇਹ ਸੁਣਕੇ ਚੰਦਨ ਨੂੰ ਬਹੁਤ ਹੈਰਾਨੀ ਹੋਈ ਕਿ ਇਥੋਂ ਦੇ ਮਾਮੂਲੀ ਆਦਮੀ ਵੀ ਮੇਰੀ ਗ਼ੈਰਮਾਮੂਲੀ ਕਥਨੀ ਨੂੰ ਸੌਖਿਆਂ ਸਮਝ ਸਕਦੇ ਹਨ। ਚੰਦਨ ਦਾ ਮਾਣ ਟੁਟ ਗਿਆ ਤੇ ਉਹ ਗੁਰੂ ਦਰਬਾਰ ਦਾ ਸ਼ਰਧਾਲੂ ਬਣਿਆ।

ਚੰਦਨ ਦਾ ਇਕ ਕਬਿਤ ਹੋਰ ਇਸ ਪਰਕਾਰ ਹੈ —

**ਜਲ** ਹਿਮ ਮਾਹਿੰ ਦੇਖੀ ਆਗ ਕੀ ਲਪਟ ਕਹਾਂ
ਸਾਧੂ ਕੇ ਕਪਟ ਕਹਾਂ, ਭਯ ਕਹਾਂ ਬੀਰ ਕੇ
ਖਲਨ ਕੇ ਗਯਾਨ ਚਿਤ, ਚਪਲ ਕੇ ਧਯਾਨ ਕਹਾਂ
ਆਤੁਰੀ ਸਿੰਘਾਨ ਕਹਾਂ, ਬਚਨ ਅਧੀਰ ਕੇ
'ਚੰਦਨ' ਕਹਿਤ ਧਨ ਕਾਜ ਲਾਜ ਛੋਡ ਹਿਏ
ਲਾਲਚ ਸਮਾਤ ਕਹਾਂ ਕਾਹੂੰ ਮਤਿ ਧੀਰ ਕੇ
ਮੂਢਤਾ ਮੇਂ ਰਸ ਕਹਾਂ, ਸੂਮਤਾ ਮੇਂ ਜਸ ਕਹਾਂ
ਜੋਗੀ ਬਾਮ ਬਸ ਕਹਾਂ, ਫਿਕਰ ਫਕੀਰ ਕੇ।

ਭਾਈ ਕੇਸਰ ਸਿੰਘ ਛਿੱਬਰ ਨੇ ਚਮਕੌਰ ਦੀ ਜੰਗ ਵਿਚ 'ਚੰਦਨ ਰਾਉ' ਦੀ ਮੌਤ ਦਾ ਜ਼ਿਕਰ ਕੀਤਾ ਹੈ —

ਚੰਦਨ ਰਾਉ ਸਿਖ ਗੁਰੂ ਕਾ, ਕਰਿ ਜੁੱਧ ਸੋ ਮਾਰਿਆ
ਹੋਆ ਮੁਕਤ, ਸੁਰਗ ਸਿਧਾਰਿਆ। ੫੬੩।

[ਬੰਸਾਵਲੀਨਾਮਾ

ਵੱਡੀ ਗੱਲ ਨਹੀ, ਸ਼ਾਇਦ ਇਹੋ ਚੰਦਨ ਰਾਉ, ਚੰਦਨ ਕਵੀ ਹੋਵੇ।

## (੪੦) ਧੰਨਾ ਸਿੰਘ

ਭਾਈ ਧੰਨਾ ਸਿੰਘ ਦੀ ਕਾਵਿ-ਸੋਝੀ ਦਾ ਇਥੋਂ ਪਤਾ ਲਗਦਾ ਹੈ ਕਿ ਉਸ ਚੰਦਨ ਦੇ ਕਠਿਨ ਸਵਈਏ ਦੇ ਅਰਥ ਫ਼ੌਰਨ ਕਰ ਦਿਤੇ। ਪਰ ਗੱਲ ਇਥੇ ਮੁੱਕਣ ਵਾਲੀ ਨਹੀਂ ਸੀ। ਧੰਨਾ ਸਿੰਘ ਨੂੰ ਜੋਸ਼ ਆ ਗਿਆ ਕਿ ਆਖਿਰ ਇਕ ਪਰਦੇਸੀ ਕਵੀ ਸਾਨੂੰ ਸਾਰਿਆਂ ਨੂੰ ਕਿਉਂ ਵੰਗਾਰੇ, ਗੁਰੂ ਦਾ ਦਰਬਾਰ ਹੈ, ਸੋ ਇਸ ਕਰਕੇ ਇਸ ਗੁਮਾਨੀ ਕਵੀ ਦੀ ਵਿਦਵਤਾ ਦਾ ਵੀ ਹਾੜਾ ਲੈਣਾ ਚਾਹੀਦਾ ਹੈ। ਭਾ, ਧੰਨਾ ਸਿੰਘ ਨੇ ਕਿਹਾ 'ਪੰਡਿਤ ਜੀ! ਮੈਂ ਤਾਂ ਤੁਹਾਡੇ ਸਵਈਏ ਦੇ ਅਰਥ ਕਰ ਦਿਤੇ, ਹੁਣ ਤੁਸੀਂ ਮੇਰੇ ਸਵਈਏ ਦੇ ਅਰਥ ਕਰਕੇ ਸੁਣਾਓ। ਇਹ ਕਹਿਕੇ ਭਾਈ ਸਾਹਿਬ ਨੇ ਹੇਠ ਲਿਖੇ ਛੰਦ ਪੜ੍ਹੇ —



Digitized by Panjab Digital Library | www.panjabdigilib.org

ਮੀਨ ਮਰੇ ਜਲ ਕੇ ਪਰਸੇ, ਕਬਹੂੰ ਨ ਮਰੇ ਪਰ ਪਾਵਕ ਪਾਏ ।
ਹਾਥਿ ਮਰੇ ਮਦ ਕੇ ਪਰਸੇ, ਕਬਹੂੰ ਨ ਮਰੇ ਤਨ ਤਾਪ ਕੇ ਆਏ ।
ਤੀਯ ਮਰੇ ਪਤਿ ਕੇ ਪਰਸੇ, ਕਬਹੂ ਨ ਮਰੈ ਪਰਦੇਸ ਸਿਧਾਏ ।
ਗੂਢ ਮੈਂ ਬਾਤ ਕਹੀ ਦ੍ਵਿਜਰਾਜ ! ਬਿਚਾਰ ਸਕੈ ਨ ਬਿਨ ਚਿਤ ਲਾਏ ।

ਕੌਲ ਮਰੈ ਰਵਿ ਕੇ ਪਰਸੇ, ਕਬਹੂੰ ਨਾ ਮਰੈ ਸਸਿ ਕੀ ਛਬਿ ਪਾਏ
ਮਿਤ੍ਰ ਮਰੈ ਮਿਤ ਕੋ ਮਿਲ ਕੈ, ਕਬਹੂ ਨ ਮਰੈ ਜਬ ਦੂਰ ਸਿਧਾਏ
ਸਿੰਘ ਮਰੈ ਜਬ ਮਾਸ ਮਿਲੈ, ਕਬਹੂੰ ਨ ਮਰੈ ਜਬ ਹਾਥ ਨ ਆਏ
ਗੂਢ ਮੈਂ ਬਾਤ ਕਹੀ ਦ੍ਵਿਜਰਾਜ ! ਬਿਚਾਰ ਸਕੈ ਨ ਬਿਨਾ ਚਿਤ ਲਾਏ ।

ਚੰਦਨ ਕਾਫੀ ਚਿਰ ਇਨ੍ਹਾਂ ਸਵਈਆਂ ਦੇ ਅਰਥ ਸੋਚਦਾ ਰਿਹਾ ਪਰ ਉਸ ਨੂੰ ਕੁਝ ਨਾ ਸੁੱਝੀ । ਆਖਰ ਹਾਰ ਕੇ ਉਸ ਨੇ ਭਾਈ ਧੰਨਾ ਸਿੰਘ ਜੀ ਨੂੰ ਹੀ ਬੇਨਤੀ ਕੀਤੀ ਕਿ ਤੁਸੀਂ ਹੀ ਦੱਸੋ, ਮੈਨੂੰ ਤਾਂ ਸਮਝ ਨਹੀਂ ਪਈ । ਜੋ ਛੰਦ ਦਾ ਢਾਂਚਾ ਹੈ, ਉਸ ਅਨੁਸਾਰ ਜੇ ਅਰਥ ਲਾਈਏ ਤਾਂ ਗੱਲ ਬਣਦੀ ਨਹੀਂ, ਸੋ ਕ੍ਰਿਪਾ ਕਰ ਕੇ ਮੈਨੂੰ ਇਸ ਦਾ ਭੇਦ ਸਮਝਾਓ । ਬ੍ਰਹਮਣ ਵਿਦਵਾਨ ਦਾ ਮਾਣ ਟੁੱਟਾ ਵੇਖ ਕੇ ਭਾਈ ਸਾਹਿਬ ਨੇ ਸਵਈਏ ਦੇ ਅਰਥਾਂ ਦੀ ਕੁੰਜੀ ਦੱਸੀ ਕਿ ਜੇਕਰ ਤੁਕ ਦਾ ਪਾਠ ਕਰਨ ਲੱਗਿਆਂ 'ਕਬਹੂੰ ਨ' ਨੂੰ ਪਹਿਲੇ ਅੱਧ ਨਾਲ ਹੀ ਲਾ ਕੇ ਪੜ੍ਹਿਆ ਜਾਵੇ ਤਾਂ ਅਰਥ ਆਪਣੇ ਆਪ ਸਪਸ਼ਟ ਹੋ ਜਾਂਦਾ ਹੈ । ਭਾਈ ਧੰਨਾ ਸਿੰਘ ਨੇ ਮੁਕਤਸਰ ਦੀ ਜੰਗ ਵਿਚ ਜੂਝ ਕੇ ਸ਼ਹੀਦੀ ਪਾਈ ।

## (੪੧) ਰਾਮਦਾਸ

ਰਾਮਦਾਸ ਹਜ਼ੂਰੀਆ ਕਰਕੇ ਆਪ ਦਾ ਨਾਂ ਪ੍ਰਸਿਧ ਹੈ । ਬਾਬਾ ਸੁਮੇਰ ਸਿੰਘ ਤੇ ਗਿ. ਗਿਆਨ ਸਿੰਘ ਜੀ ਨੇ ਆਪ ਨੂੰ ਕਵੀ-ਸੂਚੀ ਵਿਚ ਗਿਣਿਆ ਹੈ । ਇਹ ਲਾਲ ਦਾਸ ਦਰਿਆਈ ਦੀ ਜਮਾਤ ਨਾਲ, ਗੁਰੂ ਗੋਬਿੰਦ ਸਿੰਘ ਸੰਗ ਦੱਖਣ ਗਿਆ ਸੀ । ਇਹ ਦੱਸਣਾ ਕਠਿਨ ਹੈ ਆਪ ਨੇ ਕੀ ਕੁਝ ਲਿਖਿਆ । ਵੰਨਗੀ ਵਜੋਂ ਇਕ ਕਾਫੀ ਦਿੰਦੇ ਹਾਂ—

### ਰਾਗ ਸੂਹੀ ਕਾਫੀ

ਨੀ ਛਲਿ ਦੇਖ ਜਾਂਦਾ ਬਾਲਾ ਜੋਬਨ, ਫੇਰ ਫਟੇਸੇਂ ਤਲੀਆਂ
ਜਿਨ੍ਹਾਂ ਹਰਿ ਦਾ ਨਾਮ ਨ ਚੇਤਿਆ, ਸੇ ਅਧਵਾਟੇ ਖਲੀਆਂ । ੧ । ਰਹਾਉ
ਉਚੜੀ ਮਾੜੀ ਤੂੰ ਕਢਿ ਕਸੀਦਾ, ਛਾਡਿ ਵਤਨ ਦੀਆਂ ਗਲੀਆਂ । ੧ ।
ਇਕਨੀ ਛੈਲੀਂ ਜੋਬਨ ਛਲਿਆ, ਇਕ ਜੋਬਨ ਦੀਆਂ ਛਲੀਆਂ । ੨ ।
ਝਿਲ ਮਿਲਿ ਝਿਲ ਮਿਲਿ ਝਿਲਮਿਲ ਝਿਲਕੇ, ਜਿਉਂ ਚੰਬੇ ਦੀਆਂ ਕਲੀਆਂ ।੩।
'ਰਾਮਦਾਸ' ਧੰਨ ਭਾਗ ਤਿਨ੍ਹਾਂ ਦੇ, ਜੋ ਹਰਿ ਸੇਤੀ ਰਲੀਆਂ । ੪ ।



Digitized by Panjab Digital Library | www.panjabdigilib.org

## (੪੨) ਬ੍ਰਿਜ ਲਾਲ

'ਸੌ ਸਾਖੀ' ਅਨੁਸਾਰ ਬ੍ਰਿਜ ਲਾਲ ਪਾਂਡਾ ਸੀ। ਭਾਈ ਸੰਤੋਖ ਸਿੰਘ ਜੀ ਨੇ ਵੀ ਇਸ ਨੂੰ ਪੰਡਿਤ ਲਿਖਿਆ ਹੈ। *ਇਕ ਵਾਰ ਦਸਮੇਸ਼ ਜੀ ਨੇ ਸਿਖਾਂ ਨੂੰ ਜਪੁ ਜੀ ਦਾ ਮਹਾਤਮ ਬਿਆਨ ਕਰਦਿਆਂ ਕਿਹਾ ਕਿ ਇਹ ਅੰਮ੍ਰਿਤ ਫਲ ਦੇ ਭੁੰਚਣ ਵਾਂਙ ਸਰੀਰਕ ਤ੍ਰਿਪਤੀ ਵੀ ਦੇਂਦਾ ਹੈ ਤੇ ਮੁਕਤੀ ਵੀ। ਉਸ ਸਮੇਂ ਪੰਡਿਤ ਬ੍ਰਿਜ ਲਾਲ ਨੇ ਆਪਣੀ ਹੱਡ ਬੀਤੀ ਸੁਣਾਈ ਕਿ ਮਹਾਰਾਜ! ਮੈਨੂੰ ਇਕ ਵਾਰ ਸੁਪਨੇ ਵਿਚ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋਏ ਤੇ ਮੈਂ ਸਤਿਗੁਰਾਂ ਅੱਗੇ ਇਸ ਸਲੋਕ ਰਾਹੀਂ ਪ੍ਰਾਰਥਨਾ ਕੀਤੀ—

ਹਰ ਸ਼ਤ੍ਰੂਨ ਮਮ ਗ੍ਰਿਹੇ ਦਿਵਾ ਰਾਤ੍ਰੌ ਹਿ ਦੁਖ ਦਾਨ
ਤ੍ਰਾਹਿ ਮਾਂ ਦਰਸ਼ਯ ਗੁਰੋ ਸ੍ਵਪਨ ਸਲੋਕੋ ਕਤਿਰੁਕਤਵਾਨ।

ਗੁਰੂ ਜੀ! ਮੇਰੇ ਘਰ ਵਿਚੋਂ ਰਾਤ ਦਿਨ ਦੁਖ ਦੇਣ ਵਾਲੇ ਵੈਰੀਆਂ ਨੂੰ ਹਟਾਕੇ, ਮੇਰੀ ਰੱਖਿਆ ਕਰੋ ਤੇ ਮੈਨੂੰ ਆਪਣਾ ਦਰਸ਼ਨ ਦਿਖਾਓ।

ਸਤਿਗੁਰਾਂ ਦਾ ਉਤਰ ਇਹ ਸੀ—

ਮੋਕਸ਼ੇ ਚ ਪ੍ਰਾਣੇ ਗੁਣ ਦ੍ਰਵਯ ਲਾਭੇ ਧਰਮ ਵਿਰਕਤੇ ਸੁਰ ਸੇਵਨੇ ਵਾ
ਯੋਖਿਤ ਸੁਦਾਸੇ, ਸਤਪੁਤ੍ਰਯਾਨੇ ਸੰਗ੍ਰਹਿ ਸ੍ਵਭਾਵੇ ਅਰਿਸ਼ਟੇ ਪ੍ਰਮੋਦੇ
ਮਨੋ ਨਿਰੋਧੇ, ਯੁਧਜਸਤ, ਪ੍ਰਗ੍ਰਹੇ, ਧਰਮੇ ਚ ਨੀਤੌ, ਦਾਨੇ, ਗੁਣਾਕਰੇ
ਏਸ਼ੇਖੁ ਕੁਰਯਤ ਸਤਜਨਾਮ ਬਾਣੀ ਮੋਕਾਰ ਮਾਧੌ ਕਲਿ ਸੰਦਧਾਨ:।

ਅਰਥ— ਮੁਕਤੀ ਵਿਚ, ਪ੍ਰਾਣਾਂ (ਦੀ ਰੱਖਿਆ) ਵਿਚ ਗੁਣ ਤੇ ਧਨ ਦੇ ਲਾਭ ਵਿਚ, ਉਦਾਸੀ ਵਿਚ, ਦੇਵ ਪੂਜਨ ਵਿਚ, ਆਗਿਆਕਾਰ ਸ੍ਰੇਸ਼ਟ ਇਸਤ੍ਰੀ ਵਿਚ, ਸ੍ਰੇਸ਼ਟ ਪੁੱਤਰ ਦੇ ਪ੍ਰਾਪਤ ਕਰਨ ਵਿਚ, ਸਫਰ ਵਿਚ, ਸ੍ਰੇਸ਼ਟ ਸੁਭਾਵ ਦੇ ਗ੍ਰਹਿਣ ਕਰਨ ਵਿਚ, ਦੁਖੀ ਕਰਨ ਵਾਲਿਆਂ ਨੂੰ ਪ੍ਰਸੰਨ ਕਰਨ ਵਿਚ, ਮਨ ਰੋਕਣ ਵਿਚ, ਯੁਧ ਸਮੇ ਅਸਤ੍ਰ ਗ੍ਰਹਿਣ ਕਰਨ ਵਿਚ, ਵਸੀਕਾਰ ਕਰਨ ਵਿਚ, ਧਰਮ, ਨੀਤੀ ਵਿਚ, ਦਾਨ ਵਿਚ, ਗੁਣ ਇਕੱਠੇ ਕਰਨ ਵਿਚ, ਸਭ ਦੀ ਸਫਲਤਾ ਲਈ 'ਸਤਿਨਾਮ ਬਾਣੀ' ਜਿਸ ਦੇ ਆਦਿ ਓਅੰਕਾਰ ਹ, ਕਲਿਯੁਗ ਵਿਚ ਧਾਰਨ ਕਰੇ।

ਪੰਡਿਤ ਬ੍ਰਿਜ ਲਾਲ ਦੇ ਇਹੋ ਸੰਸਕ੍ਰਿਤ ਸਲੋਕ ਮਿਲਦੇ ਹਨ, ਜੋ ਭਾਈ ਸੰਤੋਖ ਸਿੰਘ ਨੇ ਦਿਤੇ ਹਨ। ਸ਼ਾਇਦ ਕੋਈ ਹਿੰਦੀ ਰਚਨਾ ਵੀ ਹੋਵੇ।

---

*ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ 5, ਅੰਸੂ 27



Digitized by Panjab Digital Library | www.panjabdigilib.org

# (੪੩) ਮੀਰ ਛਬੀਲਾ

ਗੁਰੂ ਸਾਹਿਬ ਦੇ ਦਰਬਾਰ ਵਿਚ ਕੇਵਲ ਵਿਦਵਾਨ ਕਵੀ ਹੀ ਨਹੀਂ ਸਨ, ਬਲਕਿ ਲੋਕ ਕਲਾਕਾਰ ਵੀ ਆਪਣਾ ਜੌਹਰ ਦਿਖਾਉਂਦੇ ਸਨ । ਭਾਈ ਸੱਦੂ ਤੇ ਭਾਈ ਮੱਦੂ ਵਰਗੇ ਰਬਾਬੀ ‡ ਵੀ ਸਨਤੇ ਮੀਰ ਮੁਸ਼ਕੀ ਤੇ ਛਬੀਲਾ ਵਰਗੇ ਢਾਡੀ ਵੀ । ਜੰਗਾ ਜੁੱਧਾਂ ਦਾ ਵਾਤਾਵਰਣ ਹੋਣ ਕਾਰਣ ਢਾਡੀਆਂ ਦੀ ਪੁੱਛ-ਦੱਸ ਕੁਝ ਵਧੇਰੇ ਹੀ ਸੀ । ਇਨ੍ਹਾਂ ਢਾਡੀਆਂ ਨੇ ਕਿਤਨੀਆਂ ਵਾਰਾਂ ਲਿਖੀਆਂ, ਇਹ ਦੱਸਣਾ ਮੁਸ਼ਕਲ ਹੈ† ਛਬੀਲੇ ਢਾਡੀ ਦੀਆਂ ਕੁਝ ਪਉੜੀਆਂ ਦਿੰਦੇ ਹਾਂ ਜਿਨ੍ਹਾਂ ਵਿਚ ਭੰਗਾਣੀ ਦੇ ਜੁੱਧ ਦਾ ਵਰਣਨ ਹੈ ।

ਤੂ ਸਾਢ ਤਿਹੱਥੀ ਮੇਦਨੀ, ਸਭ ਧੰਦੇ ਲਾਈ
ਤੂ ਵੱਡਾ ਪੁਰਖ ਮਹਾਂ ਬਲੀ, ਧੁਰ ਅਜ਼ਮਤ ਪਾਈ
ਤੂ ਜਗ ਆਇਓਂ ਬਲਰਾਜ ਹੋਇ, ਤੂੰ ਦੇਹਿ ਵਧਾਈ
ਤੈਨੂੰ ਜਨਕ ਧਰੇ ਸਿਰ ਸਿਹਰੇ, ਸੀਤਾ ਪਰਣਾਈ
ਤੂੰ ਨਾਮੇ ਉਤੇ ਬਹੁੜਿਓਂ, ਮੋਈ ਗਊ ਜਿਵਾਈ
ਤੂੰ ਦਰੋਪਤਾਂ ਦੀ ਪੈਜ ਰਾਖੀਆ, ਕਾਇਆ ਕਜਵਾਈ
ਤੂੰ ਮੱਛ ਆਕਾਸ਼ੋਂ ਲਾਹਿਆ, ਸਰ ਧਨੁਖ ਚਲਾਈ
ਨਾਨਕ ਅੰਗਦ ਅਮਰਦਾਸ, ਰਲਿ ਭਗਤਿ ਕਮਾਈ
ਤੂ ਚਹੁੰ ਜੁਗਾਂ ਵਿਚ ਪੜ੍ਹੀਦਾ, ਚਾਰ ਵੇਦ ਉਗਾਹੀ
ਤੇਗ ਬੱਧੀ ਗੁਰੂ ਗੋਬਿੰਦ ਸਿੰਘ, ਦਸਵੀਂ ਪਾਤਸ਼ਾਹੀ । ੧ ।

ਨ੍ਹਾਉਣ ਰਚਿਆ ਗੁਰੂ ਨੇ ਨੀਰ ਗਰਮ ਕਰਾਇਆ
ਹੀਰੇ ਮੋਤੀ ਜੜਿਤ ਕਰਿ, ਚੌਂਕੀ ਉਸਤਾਕਾਰ ਲਿਆਇਆ
ਗੁਰੂ ਨ੍ਹਾਤਾ ਧੀਰਜ ਬੰਨ੍ਹ ਕੇ ਮਨਿ ਨਾਨਕ ਪੁਰਖ ਧਿਆਇਆ

---

‡ ਇਨ ਪਸ਼ਚਾਤੀ ਆਇ ਸ਼ਿਤਾਬੀ । ਸੱਦੂ ਮੱਦੂ ਦੋਨੁ ਰਬਾਬੀ
ਕੀਰਤਨ ਕਰਨ ਲਗੇ ਤਬਿ ਆਏ, ਥਿਰ ਚਿਤ ਜਬਹਿ ਥਿਰੇ ਸਮੁਦਾਏ । ੧੧ ।
[ਗੁਰਪ੍ਰਤਾਪ ਸੂਰਯ, ਰੁਤ ੫, ਅੰਸੂ ੨੭

† 'ਵਾਰ ਪਾਤਸ਼ਾਹੀ ਦਸਵੀਂ ਕੀ' ਜੋ ਰੁਸਤਮ ਖ਼ਾਂ ਨਾਲ ਹੋਈ ਟੱਕਰ ਦੀ ਵਾਰਤਾ ਦਸਦੀ ਹੈ, ਸ਼ਇਦ ਕਿਸੇ ਦਰਬਾਰੀ ਕਵੀ ਦੀ ਹੀ ਰਚਨਾ ਹੈ (ਦੇਖੋ ਮੇਰੀ ਪੁਸਤਕ 'ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ (੧੯੬੭)



Digitized by Panjab Digital Library | www.panjabdigilib.org

ਹੋਇਆ ਹੁਕਮ ਅਗਾੜਿਆਂ, ਤਾਜੀ ਮੰਗਵਾਇਆ
ਥਾਨੋਂ ਖੁਲ੍ਹਾ ਵਰਤਮਾਨ, ਢੋਰ ਨੱਚਦਾ ਆਇਆ
ਉਹ ਦੇ ਮੂੰਹ ਲਿਆਇ ਕੈ, ਮੜਕੀਂ ਸਾਰ ਚਬਾਇਆ
ਉਪਰਿ ਵਰਤਾਇਆ ਖਰਖਰਾ, ਝਾੜ ਮੋਟੇ ਲੂੰਅ ਉਠਾਇਆ
ਉਹਦੇ ਉਪਰਿ ਕੜਾ ਖਿਚਾਇਆ, ਕੜਾ ਖਿਚ ਕੇ ਤੰਗ ਉਠਾਇਆ
ਉਹਦੇ ਉਪਰਿ ਗੰਢੀਂ ਦਿਤੀਆਂ, ਜਿਉਂ ਹੱਟ ਬਜਾਜ਼ ਖੁਲ੍ਹਾਇਆ
ਅਰਾਕੀ ਦੇਖਹੁ ਵਾਹ ਗੁਰੂ ਦਾ, ਰਥਵਾਹਨ ਆਇਆ
ਕਾਨ੍ਹ ਭਗਤ ਜਿਹਨੂੰ ਸਲਾਹਿਆ, 'ਖਾੜੇ ਗੋਬਿੰਦ ਸਿੰਘ ਆਇਆ। ੨।

ਸੇਲ੍ਹ ਪੱਕੇ ਵੱਟੇ ਦਸ ਸੇਰ, ਲੋਹਾਰਾਂ ਆਂਦੀ ਢਾਲ ਕੇ
ਸੇਲ ਨਹੀਂ ਇਹ ਸ਼ੀਹਣੀ, ਮਾਣਸ ਖਾਂਦੀ ਲਹਿੰਦੀ ਭਾਲ ਕੇ
ਗੁਰੂ ਵਾਹੀ ਰਾ ਜਸਵਾਲੀਏ, ਕਰ ਡੱਕਰੇ ਧਸੀ ਪਤਾਲ ਕੇ
ਰਣ ਬਿੱਜੁ ਪਈ ਭੂਚਾਲ ਕੇ। ੩।
ਹਰੀ ਚੰਦ ਵੰਗਾਰਿਆ, ਰਣ ਨਾਚੇ ਘੋੜੇ
ਬਾਣ ਚਲਿੱਤਾ ਸੋਧ ਕੇ, ਤੀਰ ਤਾਜਾ ਜੋੜੇ
ਜਾਣ ਧਤੀਰਾ ਬਾਰ ਵਿਚ, ਚੁਖ ਚਿੰਜੂ ਬੋੜੇ
ਆਖ 'ਛਬੀਲੇ' ਢਾਡੀਆ, ਕਿਤ ਵੰਞ ਮਰੋੜੇ। ੪।

ਕਰੀ ਚੜ੍ਹਾਈ ਸੋਢੀਆਂ, ਗਹਿਰੀ ਸੱਟ ਪਈ ਜਮਧਾਣੀ
ਲੱਡੂ ਖ਼ੁਰਮੇ ਸਾਰ ਦੇ, ਰਾਜੇ ਮਿਹਮਾਣੀ
ਕੋਟੀਂ ਰੋਵਣ ਰਾਣੀਆਂ, ਢੁਕਣ ਮੁਕਾਣੀ
ਫਤ੍ਹੇ ਪਾਈ ਗੋਬਿੰਦ ਸਿੰਘ, ਜਿੱਤਿਆ ਭੰਗਾਣੀ। ੫।

## (੪੪) ਮੀਰ ਮੁਸ਼ਕੀ

ਮੁਸ਼ਕੀ, ਛਬੀਲੇ ਢਾਡੀ ਦਾ ਜੋੜੀਦਾਰ ਸੀ। ਇਸ ਦੀ ਵੱਖਰੀ ਵਾਰ ਤਾਂ ਨਹੀਂ ਮਿਲਦੀ, ਹੋ ਸਕਦਾ ਹੈ, ਇਹ ਰਲ ਕੇ ਹੀ ਰਚਨਾ ਕਰਦੇ ਤੇ ਰਲਕੇ ਦੋਵੇਂ ਗਾਉਂਦੇ ਹੋਣ। ਹਾਂ, ਮੁਸ਼ਕੀ ਦੇ ਨਾਂ ਤੇ ਇਕ ਕੜਖਾ ਮਿਲਦਾ ਹੈ। ਕੜਖਾ ਇਕ ਮਾਤ੍ਰਿਕ ਛੰਦ ਹੈ ਜਿਸ ਦੇ ਚਾਰ ਚਰਣ ਤੇ ਪ੍ਰਤਿਚਰਣ 37 ਮਾਤ੍ਰਾ ਹੁੰਦੀਆਂ ਹਨ। ਪਹਿਲਾ ਵਿਸਰਾਮ 8, ਦੂਜਾ 12, ਤੀਜਾ ਅੱਠ, ਚੌਥਾ ਨੌਂ ਮਾਤ੍ਰਾ ਤੇ ਅਤੇ ਅੰਤ ਯਗਣ ਹੁੰਦਾ ਹੈ। ਆਮ ਤੌਰ ਤੇ ਇਹ ਛੰਦ ਜੁੱਧ ਝਾਕੀ ਵਰਣਨ ਲਈ ਵਰਤਿਆ ਜਾਂਦਾ ਹੈ। ਢਾਡੀ ਲੋਕ ਵਾਰਾਂ ਵਿਚ ਵੀ ਇਸ ਨੂੰ ਜੋੜ



Digitized by Panjab Digital Library | www.panjabdigilib.org

ਲੈਂਦੇ ਹਨ। ਇਸ ਪਰੰਪਰਾ ਦਾ ਜ਼ਿਕਰ ਗੁਰੂ ਸਾਹਿਬ ਨੇ ਅਖੀਰਲੇ ਚਰਿਤ੍ਰ ਵਿਚ ਕੀਤਾ ਹੈ —

ਢਾਢਿ ਸੈਨ ਢਾਡੀ ਭਵ ਲਯੋ। ਕਰਖਾ ਵਾਰ ਉਚਾਰਤ ਭਯੋ।

ਕੜਖਾ [ਚਰਿਤ੍ਰੋਪਖਯਾਨ, 405

ਬਾਣ ਬੰਦੂਕ ਹਥ ਨਾਲਿ ਗੋਲਾ ਛੁੱਟੈ, ਮਹਾਂ ਭਯ ਭੀਮ ਕੀਨੋ ਕੜਾਕਾ
ਸੂਰ ਸਾਮੁਹਿ ਭਿੜੇ ਦੇਵ ਦਾਨਵ ਡਰੇ, ਲੰਕਪਤਿ ਲਰਜ਼ਯੋ ਖਾ ਧੜਾਕਾ
ਹੂਰ ਬੀਰਨ ਬਰੀ ਰੱਤ ਜੋਗਨਿ ਤਰੀ, ਖੋਪਰੀ ਦੰਤ ਕਾਲੀ ਜੜਾਕਾ
ਹੰਡੂਰ ਕਹਿਲੂਰ ਜਸਵਾਲ ਡਢਵਾਲ ਲੈਂ, ਧਾਰ ਬਾਈ ਭੱਜੀ ਹ੍ਵੈ ਭੜਾਕਾ
ਕਰਿ ਦਾਹਿਨੇ ਸਦਾ ਸ੍ਰੀ ਭਗਉਤੀ ਰੱਖਿਆ ਕਰੇ
ਮੀਰ ਮੁਸ਼ਕੀ ਗਾਵਹਿ ਜਸ ਬਾਂਕਾ।

ਕਬਿੱਤ— ਬਜੈ ਨਿਸ਼ਾਨ ਡੰਕ ਕੌ ਭਜੈ ਤੁ ਭੂਪ ਲੰਕ ਕੇ,
ਹਨੂ ਦੁਰਾਇ ਅੰਕ ਕੌ ਨ ਧੀਰ ਧਰੈ ਇੰਦ ਜੀ
ਮਹੀ ਚਲੈ ਤਲਾ ਤਲੈ ਸੁਮੇਰੁ ਪਾਤ ਜਯੋਂ ਹਲੈ
ਬਰਾਹ ਦਾਢ ਕੌ ਦਲੈ, ਡਰੈ ਫਰੈ ਫਨਿੰਦ ਜੀ
ਤਜਯੋ ਮਹੇਸ਼ ਧਯਾਨ ਕੋ ਨ ਰੰਗ ਭਾਸਮਾਨ ਕੌ
ਪਰਯੋ ਜੁ ਕੰਮ ਪ੍ਰਾਨ ਕੋ ਦਸੋਂ ਦਿਸੈ ਗਜਿੰਦ ਜੀ
ਪਰੀ ਪੁਕਾਰ ਆਨ ਕੇ ਚਲਯੋ ਸੁਠਾਠ ਠਾਨ ਕੈ
ਸਨਧਬਧ ਜ੍ਵਾਨ ਕੈ ਚਢਯੋ ਗੁਰੂ ਗੁਬਿੰਦ ਜੀ।

## (੪੫) ਕੇਸੋ ਸਿੰਘ ਭੱਟ

ਕੇਸੋ ਸਿੰਘ ਭੱਟ, ਉਸੇ ਭੱਟ ਬੰਸਾਵਲੀ ਦਾ ਰਤਨ ਸੀ ਜਿਸ ਘਰਾਣੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਵਈਏ ਲਿਖਣ ਵਾਲੇ ਭੱਟ ਹੋਏ ਹਨ। ਇਹ ਬੋਹਥ ਦਾ ਪੁਤਰ, ਕੀਰਤ ਦਾ ਪੋਤਾ ਤੇ ਭਿਖੇ ਭੱਟ ਦਾ ਪੜਪੋਤਾ ਸੀ। ਕੇਸੋ ਸਿੰਘ, ਦੇਸਾ ਸਿੰਘ ਤੇ ਹਰੀ ਸਿੰਘ ਤਿੰਨ ਭਾਈ ਸਨ ਤੇ ਭਾਈ ਮਨੀ ਸਿੰਘ ਦੇ ਰਾਜਪੂਤ ਬੰਸ ਦੇ ਇਹ ਖਾਨਦਾਨੀ ਭੱਟ ਸਨ ਤੇ ਅਨੰਦਪੁਰ ਆਉਂਦੇ ਜਾਂਦੇ ਰਹਿੰਦੇ ਸਨ। ਇਹ ਹੋ ਨਹੀਂ ਸਕਦਾ ਕਿ ਇਹ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਨ ਹੁੰਦੇ ਹੋਣ। ਭਾਈ ਲੱਖੀ ਰਾਇ ਵਣਜਾਰਾ ਚੰਗਾ ਤਕੜਾ ਅਮੀਰ ਵਪਾਰੀ ਸੀ ਤੇ ਇਸੇ ਦੀ ਧੀ ਸੀਤੋ ਬਾਈ ਭਾਈ ਮਨੀ ਸਿੰਘ ਜੀ ਨੂੰ ਵਿਆਹੀ ਹੋਈ ਸੀ।



Digitized by Panjab Digital Library | www.panjabdigilib.org

ਜਦੋਂ ਭਾਈ ਲੱਖੀ ਰਾਇ 30 ਜੇਠ 1737 ਬਿ. ਨੂੰ ਰਾਇ ਸੀਨੇ ਪਿੰਡ (ਰਕਾਬ ਗੰਜ) ਦੇਹਾਂਤ ਪਾ ਗਿਆ ਤਾਂ ਉਸ ਦੇ ਪੁੱਤਰਾਂ ਬੜਾ ਭਾਰਾ ਸ਼ੋਕ ਸਮਾਗਮ ਕੀਤਾ। ਉਸ ਸਮੇਂ ਕੇਸੋ ਭੱਟ ਨੇ ਕੁਝ ਦੋਹਰੇ ਪਉੜੀਆਂ ਕਹੀਆਂ ਜੋ 'ਭੱਟ ਵਹੀ ਜਾਦੋਬੰਸੀ ਬੜ੍ਹਤੀਆਂ ਕੀ' ਵਿਚ ਇਸ ਪਰਕਾਰ ਮਿਲਦੀਆਂ ਹਨ—

ਸਿਮਰਿ ਭੱਟ ਤਉ ਸਤਿਗੁਰ ਅਪਨਾ, ਧੰਨ ਧਉਲਾ ਗਢ ਧਾਰਾ
ਹੁਕਮ ਹੂਆ ਸੱਚੇ ਸਾਹਿਬ ਕਾ, ਲੱਖੀ ਬੜ੍ਹਤੀਆ ਸੁਰਗ ਸਿਧਾਰਾ

ਆਠਹੁੰ ਬੇਟੇ ਹੋਏ ਇਕੱਠੇ, ਕਾਜ ਕਰਨ ਦੀ ਬਾਰਾ
ਨਗਾਹੀਆ ਹੇਮਾ. ਹਾੜੀ ਆਏ, ਆਇਆ ਸੀਤੂ ਤੇ ਪੁੰਡਾਰਾ

ਬਖਸ਼ੀ, ਬਾਲਾ, ਜਵਾਹਰ ਆਏ, ਬੰਧੇ ਬਰਛੀ ਕਮਰ ਕਟਾਰਾ
ਮਹਿੰਗੇ ਮੋਲ ਊਠ ਮੰਗਾਏ, ਚੜ੍ਹਨੇ ਕੋ ਘੋੜੇ ਕਾਨੋਂ ਮੇ ਬਾਰਾ

ਨਗਾਹੀਏ ਕੇ ਸਿਰ ਪਾਗ ਬੰਧਾਈ, ਬੰਸ ਠਾਕੁਰ ਕਾ ਭਯੋ ਉਜਯਾਰਾ
ਜਸੁ ਜੋੜਿ ਕੇਸੋ ਭਟ ਭਣਿਆ, ਸਾਲ ਸਤ੍ਹਾਂ ਸੈ ਸੈਂਤੀਆ ਹੋਈ ਜੈਜੈਕਾਰਾ। ੧।

ਸਿਮਰੁ ਸੁਲਤਾਨ ਹਿਰਦੇ ਦੇ ਗਿਆਨ, ਸਾਹਿਬ ਕੋ ਕਰੂੰ ਯਾਦ ਸਤਿਗੁਰ ਕਰੋ ਸਹਾਇ
ਨਗਾਹੀਏ ! ਤਉ ਲੱਖੀ ਕੇ ਜਨਮ ਲੀਆ ਰਉਤ ਰਾਣੇ ਵਾਏ
ਰਣੇ ਛੋਰਾ ਨਹੀਂ ਦਾਣਾ ਜਾਲਾਪੁਰ ਕੇ ਆਂਬ ਕਟਾਇ

ਧੰਨ ਪਾਰਾਂ ਦੇਈ ਗ੍ਰਾਂਬਨੀ ਪੂਤ ਜਨਮਿਆ ਨਗਾਹੀਆ ਪਾਂਚ ਸੈ ਹੇੜੀ ਮਾਰ ਭਗਾਇ
ਗੁਰੂ ਕੀ ਲੋਥ ਉਠਾਇ ਲਿਆਨੀ ਜਸ ਜਗ ਮੇਂ ਪਾਇਆ,ਪਿਤਾ ਪੂਤ ਰੋਸ਼ਨ ਭਏ ਆਇ।

ਜਸ ਗਾਊਂ ਤਉ ਲਖੀਏ ਗੋਧੂ ਠਾਕੁਰ ਕਾ,
ਤਾਜੀ ਬੰਧੇ ਬਾਰ, ਊਠੋਂ ਬੈਲੋਂ ਕੀ ਸੋਹੇ ਲਾਰ

ਬ੍ਰਾਹਮਣ ਭੱਟੋਂ ਕੋ ਦੀਆ ਦਾਨ, ਬੇਲ ਤੇਰੀ ਕੋ ਗੁਰੂ ਵਧਾਇ
ਜਸੁ ਜੋੜਿ ਕੇਸੋ ਭੱਟ ਭਨਿਆ, ਸਾਲ ਸਤ੍ਹਾਂ ਸੈ ਅਠੱਤੀਆ
ਰਕਾਬ ਗੰਜ ਕੇ ਮਲ੍ਹਾਨ, ਕੰਗਨੈਂ ਕੀ ਜੋੜੀ ਮੁਹਰੈਂ ਕੀ ਮਾਲਾ,ਭੱਟੈਂ ਕੀ ਪਹਿਨਾਇ। ੪।

ਪਰਗਟ ਹੈ ਕਿ ਇਹ ਭੱਟ ਗੁਰੂ ਦੇ ਸ਼ਰਧਾਲੂ ਸਨ ਸਮਕਾਲੀ ਹੋਣ ਦੇ ਨਾਤੇ ਇਨ੍ਹਾਂ ਦੀਆਂ ਰਚੀਆਂ ਗੁਰੂ ਜਸ ਦੀਆਂ ਪਉੜੀਆਂ ਵੀ ਮਿਲਣੀਆਂ ਚਾਹੀਦੀਆਂ, ਲੋੜ ਕੇਵਲ ਖੋਜ ਦੀ ਹੈ।

ਭਾਈ ਕੇਸੋ ਸਿੰਘ ਨੂੰ 1768 ਬਿ. 9 ਕੱਤਕ (11 ਅਕਤੂਬਰ 1711 ਈ.) ਲਾਹੌਰ ਪਰਗਣੇ ਦੇ ਪਿੰਡ ਅਲੋਵਾਲ ਲਾਗੇ ਬਾਦਸ਼ਾਹ ਬਹਾਦਰ ਸ਼ਾਹ ਦੇ ਹੁਕਮ ਨਾਲ 6



Digitized by Panjab Digital Library | www.panjabdigilib.org

ਸਾਥੀ ਭੱਟਾਂ ਸਮੇਤ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿਤਾ ਗਿਆ ਸੀ ।†

## (੪੬) ਦੇਸਾ ਸਿੰਘ ਭੱਟ

ਦੇਸੂ ਭੱਟ, ਕੇਸੋ ਸਿੰਘ ਦਾ ਭਾਈ ਤੇ ਬੋਹਥ ਦਾ ਪੁੱਤਰ ਸੀ । ਕੇਸੋ ਤੇ ਦੇਸੂ ਦੋਵੇਂ ਅਨੰਦਪੁਰ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ ਤੇ ਤਾਂਹੀ ਦੇਸੂ ਦਾ ਨਾਮ ਦੇਸਾ ਸਿੰਘ ਹੋਇਆ ।

ਭਾਈ ਮਨੀ ਸਿੰਘ ਜੀ ਜਦੋਂ ਕਿ ਉਹ ਅਨੰਦਪੁਰ ਗੁਰੂ ਦਰਬਾਰ ਦੇ ਦੀਵਾਨ ਸਨ, ਤਾਂ ਉਨ੍ਹਾਂ ਇਥੇ ਹੀ 1750 ਬਿ, ਵਿਚ ਚੇਤ ਵਦੀ ਏਕਮ ਨੂੰ ਆਪਣੇ ਸਪੁਤਰਾਂ ਭਾ. ਚਿਤ੍ਰ ਸਿੰਘ, ਬਚਿਤ੍ਰ ਸਿੰਘ ਤੇ ਉਦੇ ਸਿੰਘ ਦੀਆਂ ਸ਼ਾਦੀਆਂ ਕੀਤੀਆਂ । ਇਸ ਵਿਆਹ ਦੇ ਉਤਸਵ ਸਮੇਂ ਦੇਸਾ ਸਿੰਘ ਭੱਟ ਨੇ ਉਸਤਤਿ ਦੀਆਂ ਪਉੜੀਆਂ ਗਾਈਆਂ ਜੋ ਇਸ ਪਰਕਾਰ ਹਨ—

ਸਿਮਰਿ ਭੱਟ ਤਉ ਸਤਿਗਰ ਅਪਣਾ, ਗਿਆਨ ਬਤਾਵਹਿ ਸੱਚਾ
ਤਉ ਬੇਖਾ ਪੰਵਾਰ ਬੀਂਝੇ ਕਾ ਅਧਰਾਕ, ਨ ਤਉ ਬੇਖਾ ਰਜਪੂਤੀ ਕਾ ਨੱਕਾ
ਦਿਲੀ ਲਗ ਧਾਂਕ ਸੁਨੀ ਤੇਰੀ ਬੱਲੂ, ਤਉ ਜਾਨੇ ਸ਼ਾਹ ਚੁਗੱਤਾ
ਸਪੂਤ ਪੋਤਾ ਤਉ ਗਾਊਂ ਮਨੀ ਰਾਮ, ਰੌਸ਼ਨ ਬੰਸ ਜਲ੍ਹੇ ਕਾ ਕਿੱਤਾ
ਪੈਲ੍ਹਾਂ ਹੇਠ ਭੰਗ਼ਾਣੀ ਮਾਰੀ, ਰਾਣਾ ਘਾਲ ਕੀਆ ਰਣ ਜਿੱਤਾ
ਸਾਕਾ ਕੀਆ ਨਦਾਵਣ ਤੈਂ ਨੇ, ਘਾਲਿਆ ਰਾਣਾ ਬੀਚ ਪਰਬਤਾ
ਘੋੜੇ ਬੀਸ ਪਚਾਸ ਗਿਣਤੀ ਕੇ ਆਏ, ਪੈਦਲ ਆਏ ਬਹੁ ਰਜਪੁੱਤਾ
ਧੰਨ ਮਾਤਾ ਮਧਰੀ ਬਾਈ, ਤਉ ਜਾਇਆ ਮਨੀਰਾਮ ਪੂਤ ਸਪੁੱਤਾ
ਸੁਪੂਤ ਬੇਟਾ ਤਉ ਗਾਊਂ ਦਿਆਲ ਦਾਸ, ਜੀਤੇ ਜੀ ਦੇਗੇ ਉਬਲਿੱਤਾ
ਜਸ ਜੋੜਿ ਦੇਸੂ ਭੱਟ ਭਣਿਆ
ਅਨੰਦਪੁਰ ਕੇ ਮਲ੍ਹਾਨ ਰੁਪਇਊਂ ਸੇ ਮੂੰਡ ਭੱਟੋਂ ਕਾ ਭਰ ਦਿਤਾ
ਕੀ ਬਧਾਈ ਬੇਟੇ ਚਿਤ੍ਰ, ਬਚਿਤ੍ਰ ਉਦੇ ਬਿਆਹ ਕੀ

---

† ਕੇਸੋ ਸਿੰਘ ਬੋਹਥ ਕਾ, ਹਰੀ ਸਿੰਘ ਬੋਹਥ ਕਾ, ਦੇਸਾ ਸਿੰਘ ਬੋਹਥ ਕਾ, ਪੋਤੇ ਕੀਰਤ ਕੇ, ਪੜਪੋਤੇ ਭਿਖਾ ਕੇ ਨਰਬਦ ਸਿੰਘ ਕੇਸੋ ਸਿੰਘ ਕਾ, ਤਾਰਾ ਸਿੰਘ ਹਰੀ ਸਿੰਘ ਕਾ, ਸੇਵਾ ਸਿੰਘ ਹਰੀ ਸਿੰਘ ਕਾ, ਦੇਵਾ ਸਿੰਘ ਹਰੀ ਸਿੰਘ ਕਾ ਕੋਸ਼ਿਸ਼ ਗੋਤ੍ਰੇ, ਸ਼ਾਹੀ ਹੁਕਮ ਗੈਲ ਸਾਤੋਂ ਭਾਟ ਕੱਤਕ ਪਰਬਿਸ਼ਟੇ 9 ਸੰਬਤ 1768 ਕੋ ਅਲੋਵਾਲ ਕੇ ਮਲਹਾਨ ਪਰਗਣਾ ਲਾਹੌਰ, ਭੂਮੀ ਮੇਂ ਗਾਡ ਕਰ ਮਾਰ ਦੀਏ ।

[ਭੱਟ ਵਹੀ, ਤਲਉਂਢਾ—ਸ਼ਹੀਦ ਬਿਲਾਸ- ਗਿ: ਗਰਜਾ ਸਿੰਘ



Digitized by Panjab Digital Library | www.panjabdigilib.org

ਸਾਲ ਸਤ੍ਰਾਂ ਸੈ ਪਚ ਸ ਸੀ ਬਿਤਾ
ਮੈਂਹਗੇ ਮੋਲ ਕਰਹੇ ਹੈਂ ਦੀਏ, ਮੁਰਕੀ ਬੱਚ ਕੰਨੀ ਔ ਬਾਲਿਤਾ।

ਇਸ ਪਉੜੀ ਵਿਚ ਦੇਸੂ ਨਾਮ ਹੈ ਪਰ ਜਦ 1763 ਬਿ. ਜੇਠ ਸੁਦੀ ਚੌਥ ਅੰਮ੍ਰਿਤਸਰ ਭਾ. ਮਨੀ ਸਿੰਘ ਦੇ ਪੋਤਰੇ ਭਾਗੂ ਸਿੰਘ ਦੀ ਵਧਾਈ ਦੇਣ ਲਈ ਦੇਸਾ ਸਿੰਘ ਨੇ ਪਉੜੀ ਲਾਈ, ਉਸ ਵਿਚ ਨਾਮ ਦੇਸਾ ਸਿੰਘ ਮਿਲਦਾ ਹੈ—

ਜਲਹਾਨੇ ਪੰਵਾਰ ਬਾਂਕੇ ਅਲੀਪੁਰ ਕੇ ਬੰਝਰਉਤੰ, ਤਉ ਸੇ ਕਉਨ ਅਰੈ
ਜਸਵਾਰੀ ਗਾਮ ਕਾ ਮਾਰਿਆ ਕੇਸਰੀ, ਹਾਥੀ ਗੈਲ ਲਰੈ
ਬਚਿਤ੍ਰ ਸਿੰਘ ਤੇਰੀ ਬਰਛੀ ਰੋਸ਼ਨ, ਤੇਰੀ ਸਾਂਗ ਝਰਮਲ ਕਰੈ
ਤੇਰੇ ਨਾਮ ਥੀ ਰਿਪੁ ਥਰਥਰ ਕਾਂਪੈ, ਤੇਰੀ ਪਰਬਤੀਂ ਹਲਕ ਪਰੈ
ਧੰਨ ਮਾਤਾ ਤਉ ਸੀਤੋਬ ਈ, ਤੇਰੇ ਪਾਂਚ ਸਪੂਤ ਰਨੈ ਲਰ ਮਰੇ
ਬੀਰ ਮਨੀ ਸਿੰਘ ਜਸ ਤਉ ਕਾ ਗਾਊਂ, ਤੇਰਾ ਨਾਮ ਚਹੁੰ ਕੁੰਟੀ ਮੁਖ ਪਰੇ
ਧੰਨ ਧੰਨ ਦਿਆਲ ਦਾਸ ਜਸ ਤਉ ਕਾ, ਖੰਡ ਬ੍ਰਹਿਮੰਡ ਮੂੰਡ ਸਬ ਉਚਰੈ
ਚਾਰ ਬਰਨ ਖਟ ਦਰਸ਼ਨ ਸਾਰੇ, ਰਟਤ ਨਾਮ ਨਿਸ ਬਾਸਰ ਘਰੇ
ਜਸ ਜੋੜਿ ਦੇਸਾ ਸਿੰਘ ਭੱਟ ਭਣਿਆ ਸਾਲ ਸਤ੍ਰਾਂ ਸੈ ਤ੍ਰਸੱਠੇ
ਉੱਨਲ ਦਾਨ ਦੀਓ ਗਲ ਜੋਟ ਕਰਰੇ
ਕੀ ਵਧਾਈ ਪੋਤੇ ਭਗੂ ਸਿੰਘ ਕੀ ਗੁਰੂ ਚੱਕ ਕੇ ਮਲਹਾਨ
ਜੇਠ ਚਾਨਣਾ ਚਉਥ ਰੁਪਇਉਂ ਸੇ ਮੂੰਡ ਭੱਟੋਂ ਕਾ ਭਰੈ।

ਦੇਸਾ ਸਿੰਘ ਭੱਟ ਦੇ ਪੁਤਰ ਭੀਮ ਸਿੰਘ ਤੇ ਅਮਰ ਸਿੰਘ ਵੀ ਚੰਗੇ ਕਵੀ ਸਨ। ਇਨ੍ਹਾਂ ਪਉੜੀਆਂ ਤੋਂ ਪਰਗਟ ਹੈ ਕਿ ਇਸ ਭੱਟ ਨੇ ਅਨੰਦਪੁਰ ਦਰਬਾਰ ਵਿਚ ਆ ਕੇ ਵੀ ਗੁਰੂ ਉਸਤਤਿ ਦੇ ਛੰਦ ਗਾਏ ਹੋਣਗੇ, ਲੋੜ ਲੱਭਣ ਦੀ ਹੈ।

ਦੇਸਾ ਸਿੰਘ ਦੀ ਸ਼ਹੀਦੀ 9 ਕੱਤਕ 1768 ਬਿ. ਮੁਤਾਬਿਕ 11 ਅਕਤੂਬਰ 1711 ਈ. ਨੂੰ ਅਲੋਵਾਲ ਲਾਗੇ (ਪ੍ਰਗਣਾ ਲਾਹੌਰ) ਹੋਈ। ਜਦੋਂ ਸ਼ਾਹੀ ਹੁਕਮ ਨਾਲ 7 ਭੱਟਾਂ ਨੂੰ ਧਰਤੀ ਵਿਚ ਗੱਡ ਕੇ ਮਾਰ ਦਿਤਾ ਗਿਆ ਸੀ।

## (੪੭) ਨਰਬਦ ਸਿੰਘ ਭੱਟ

ਕੇਸੋ ਸਿੰਘ ਭੱਟ ਦਾ ਪੁਤਰ ਨਰਬਦ ਸਿੰਘ ਭੱਟ, ਦਸਮੇਸ਼ ਜੀ ਦੇ ਡੇਰੇ ਨਾਲ ਨਦੇੜ ਗਿਆ ਸੀ। ਜਿਵੇਂ ਨੱਥ ਮੱਲ ਦੇ ਪੁਤਰ ਪੋਤਰਿਆਂ ਵਿਚੋਂ ਇਕ ਦੋ ਢਾਡੀ ਗਾਹੀਆ ਆਦਿ ਗੁਰੂ ਜੀ ਨਾਲ ਗਏ ਤਿਵੇਂ ਭੱਟਾਂ ਵਿਚੋਂ ਵੀ ਕੁਝ ਦੱਖਣ-ਯਾਤਰਾ ਦੇ ਸਾਥੀ ਬਣੇ ਸਨ।



Digitized by Panjab Digital Library | www.panjabdigilib.org

ਜਦੋਂ ਕਤਕ ਸੁਦੀ ਏਕਮ (1765 ਬਿ.) ਨੂੰ ਗੁਰੂ ਜੀ ਨੇ ਬੰਦਾ ਸਿੰਘ ਨੂੰ ਪੰਜਾਬ ਵਲ ਤੋਰਿਆ ਤਾਂ ਭਾਈ ਬਾਜ਼ ਸਿੰਘ ਤੇ ਕੌਰ ਸਿੰਘ ਆਦਿ ਮੁਖੀਏ ਸਿੰਘ ਵੀ ਨਾਲ ਘਲੇ ਸਨ ਤੇ ਇਹ ਸਾਰੇ ਭਾਈ ਮਨੀ ਸਿੰਘ ਦੇ ਪੋਤੇ ਭਗਵੰਤ ਸਿੰਘ ਨਾਇਕ (ਭਾਗੂ ਵਣਜਾਰਾ) ਦੇ ਟਾਂਡੇ ਨਾਲ ਲੁਕ ਛਿਪ ਕੇ ਆਏ ਸਨ। ਉਸੇ ਦਿਨ ਬਾਣ ਗੰਗਾ ਦੇ ਕੰਢੇ ਖਲੋ ਕੇ ਨਰਬਦ ਸਿੰਘ ਭੱਟ ਨੇ ਇਨ੍ਹਾਂ ਬੀਰਾਂ ਦੀ ਹਿੰਮਤ ਤੇ ਉਤਸ਼ਾਹ ਨੂੰ ਹੁਲਾਰਾ ਦੇਣ ਲਈ ਇਹ ਛੰਦ ਕਹੇ ਸਨ —

ਸਿਮਰੂੰ ਸਾਰਦ ਮਾਤਾ ਦੇਵੀ, ਸਤਿਗੁਰ ਸੱਚੇ ਗਿਆਨ ਬਤਾਇਆ
ਰਦਉਤ ਜਲਹਾਨੇਂ ਸਾਤੋਂ ਭੁਜਾ ਤੁਮ੍ਹਾਰੀ, ਸਾਤੋਂ ਕਾ ਜਸ ਚਹੁੰ ਕੁੰਟੀਂ ਛਾਇਆ
ਹੁਕਮ ਭਇਆ ਸੱਚੇ ਸਾਹਿਬ ਕਾ, ਭਗਵੰਤ ਨਾਇਕ ਕੋ ਗੁਰੂ ਵਧਾਇਆ
ਅਜਬ ਕੀਆ ਏ ਤੁੰਗ ਚੀਨ ਬਣਾਕੇ, ਖੀਂਚ ਸਾਂਗ ਤਉ ਮੂੰਡ ਭਬਾਇਆ
ਕਾਮਲ ਖਾਨ ਕੇ ਲਾਈ ਬਰਛੀ, ਪਾਂਚ ਹਜ਼ਾਰੀ ਕਾ ਮਨਸਬ ਤਉ ਪਾਇਆ
ਸੋਲ੍ਹਾਂ ਜਾਤੀਆਂ ਮੇਂ ਉਜਲ ਹੋਆ, ਬੰਸ ਜੱਲ੍ਹੇ ਕਾ ਨਾਮ ਬਢਾਇਆ
ਕਰਮਾ ਬਾਈ ਜਸ ਤਉ ਕਾ ਗਾਉਂ,ਮਨਸਬ ਜਿਨਕਾ ਸੀ ਦੂਣ ਸਵਾਇਆ
ਜਸ ਗਾਉਂ ਤਉ ਨਠੀਏ ਰੂਪੀ ਬੱਲੂ ਕਾ, ਜਿਂਹ ਕੀ ਬੰਸ ਗੁਰ ਹੁਕਮ ਬਜਾਇਆ
ਦਾਨ ਦੀਆ ਭੱਟੋਂ ਕੋ ਥਾਲ ਮੋਹਰੋਂ ਕਾ, ਭਗਵੰਤ ਸਿੰਘ ਭਰਿ ਲਿਆਇਆ
ਸਾਲ ਸੱਤਰਾਂ ਸੈ ਪੈਸਠ ਆਹਾ, 'ਨਰਬਦ' ਦੋਹਾ ਜੋੜਿ ਸੁਣਾਇਆ
ਬਾਣ ਗੰਗਾ ਦੀ ਘਾਟੀ ਤੇ ਖੜਿ, ਬੀਰ ਜਲਹਾਨੇ ਕਾ ਜਸ ਗਾਇਆ।

ਭਾਈ ਨਰਬਦ ਸਿੰਘ ਨੂੰ ਆਪਣੇ ਪਿਤਾ ਕੇਸੋ ਸਿੰਘ ਤੇ ਹੋਰ ਸਬੰਧੀਆਂ ਸਣੇ ਸ਼ਾਹੀ ਹੁਕਮ ਨਾਲ 9 ਕੱਤਕ 1768 ਬਿ. ਨੂੰ ਆਲੋਵਾਲ ਲਾਗੇ (ਪਰਗਣਾ ਲਾਹੌਰ) ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਇਸ ਭੱਟ ਦੇ ਵੀ ਗੁਰੂ ਮਹਿਮਾ ਦੇ ਛੰਦ ਖੋਜਣ ਦੀ ਲੋੜ ਹੈ।

## (੪੮) ਕੀਰਤ ਸਿੰਘ

ਕੀਰਤ ਸਿੰਘ, ਸ਼ਾਇਦ ਗੁਰੂ ਦਰਬਾਰ ਦਾ ਪਹਿਲਾ ਵਿਦਵਾਨ ਲੇਖਕ ਹੈ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਲਿਖੇ। ਗੁਰਦਾਸ ਸਿੰਘ ਦੇ ਪ੍ਰਯਾਯ ਇਸ ਤੋਂ ਪਿਛੋਂ ਦੀ ਰਚਨਾ ਹੈ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਦੀ ਰੀਤਿ ਚਲਾਈ ਤਾਂ ਭਾਈ ਮਨੀ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ,ਨਿਸ਼ਾਨ ਸਾਹਿਬ ਤੇ ਪੰਜ ਸਿੰਘ ਨਾਲ ਦੇ ਕੇ ਅੰਮ੍ਰਿਤਸਰ ਭੇਜਿਆ ਤਾਂ ਕਿ ਸਿਖੀ ਦੇ ਪੁਰਾਣੇ ਕੇਂਦਰ ਵਿਚ ਵੀ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ ਜਾਵੇ। ਇਨ੍ਹਾਂ ਪੰਜਾਂ ਸਿੰਘ ਵਿਚ ਭਾਈ ਕੀਰਤ ਸਿੰਘ ਵੀ ਸੀ। ਭਾਈ ਮਨੀ ਸਿੰਘ ਜਿਥੇ



Digitized by Panjab Digital Library | www.panjabdigilib.org

ਜਾਂਦੇ, ਗੁਰਬਾਣੀ ਦੀ ਕਥਾ ਕਰਦੇ ਤੇ ਗੁਰ ਇਤਿਹਾਸ ਸੁਣਾਉਂਦੇ। ਇਸੇ ਅਰਥ-ਬੋਧ ਦੇ ਅਧਾਰ ਤੇ ਭਾਈ ਕੀਰਤ ਸਿੰਘ* ਨੇ ਪ੍ਰਯਾਯ ਲਿਖਣ ਦਾ ਕਾਰਜ ਕੀਤਾ।

## ੪੯ ਨਿਹਚਲ ਫਕੀਰ

ਨਿਹਚਲ ਫਕੀਰ ਦਾ ਨਾਮ ਸਭ ਤੋਂ ਪਹਿਲਾ 'ਮਹਿਮਾ ਪ੍ਰਕਾਸ਼' ਵਿਚ ਆਇਆ ਹੈ ਤੇ ਫਿਰ ਬਾਬਾ ਸੁਮੇਰ ਸਿੰਘ ਜੀ ਨੇ ਦਿਤਾ ਹੈ। ਇਉਂ ਜਾਪਦਾ ਹੈ ਜਿਵੇਂ ਇਹ ਕੋਈ ਸੰਤ-ਬਿਰਤੀ ਦਾ ਕਵੀ ਸੀ। ਕੁਝ ਕੁ ਲੇਖਕਾਂ ਇਸੇ ਦਾ ਨਾਮ 'ਅਚਲ ਦਾਸ' ਲਿਖਿਆ ਹੈ, ਜੋ ਸਹੀ ਨਹੀਂ। ਕੁਝ ਕੁ ਵਿਦਵਾਨ ਇਸ ਭੁਲੇਖੇ ਦਾ ਸ਼ਿਕਾਰ ਵੀ ਹੋਏ ਹਨ ਕਿ ਸਾਧੂ ਨਿਸ਼ਚਲ ਦਾਸ (1792-1862 ਈ.) ਕਰਤਾ 'ਵਿਚਾਰ ਸਾਗਰ' ਤੇ 'ਬ੍ਰਿਤੀ ਪ੍ਰਭਾਕਰ', ਇਹੋ ਕਵੀ ਸੀ ਪਰ ਇਹ ਵੀ ਠੀਕ ਨਹੀਂ ਕਿਉਂਕਿ ਇਹ ਵੇਦਾਂਤੀ ਸਾਧੂ ਭਾਵੇਂ ਪੰਜਾਬ ਦੇ ਹੀ ਸਨ ਪਰ ਇਨ੍ਹਾਂ ਦਾ ਸਮਾਂ ਉੱਨੀਵੀ ਸਦੀ ਹੈ, ਅਠਾਰ੍ਹਵੀਂ ਨਹੀਂ।

ਸੋ ਨਿਹਚਲ ਫਕੀਰ ਸਬੰਧੀ ਹੋਰ ਜਾਣਕਾਰੀ ਮਿਲਦੀ ਨਹੀਂ, ਹਾਂ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਹੁਕਮਨਾਮਿਆਂ ਵਿਚ ਇਕ ਭਾਈ ਨਿਹਚਲ ਦਾ ਨਾਮ ਆਉਂਦਾ ਹੈ,ਸ਼ਾਇਦ ਇਹੋ ਨਿਹਚਲ ਫਕੀਰ, ਕਵੀ ਹੋਵੇ।

## ੫੦ ਪਿੰਡੀਲਾਲ

ਪਿੰਡੀ ਲਾਲ ਜਾਤੀ ਦਾ ਬ੍ਰਾਹਮਣ ਸੀ, ਇਸ ਨੂੰ ਗੁਰੂ ਸਾਹਿਬ ਨੇ ਜਪੁਜੀ ਦਾ ਭਾਵਾਰਥ ਖੁਦ ਸਮਝਾਇਆ ਸੀ। ਭਾਈ ਸੰਤੋਖ ਸਿੰਘ ਜੀ ਨੇ ਇਸ ਦਾ ਜ਼ਿਕਰ ਕਵੀ-ਸੂਚੀ ਵਿਚ ਇਉਂ ਕੀਤਾ ਹੈ —

'ਇਸ ਬਿਧਿ ਪੰਡਤ ਪਿੰਡੀ ਲਾਲ, ਬਿਧੀ ਚੰਦ, ਨੰਦ ਲਾਲ, ਗੁਪਾਲ।
ਖਾਨ ਚੰਦ ਅਰ ਆਲਮ ਸ਼ਾਹੂ ਸਾਧੂ ਮਦਨ ਗਿਰਿ ਸੁਨਤ ਉਮਾਹੂ। ੩੧।
[ਗੁਰ ਪ੍ਰਤਾਪ ਸੂਰਯ, ਰੁਤ ੫, ਅੰਸੂ ੨੮

## ੫੧ ਨੰਦ ਲਾਲ

ਪੰਡਿਤ ਪਿੰਡੀ ਲਾਲ ਦਾ ਭਰਾਤਾ ਜੋ ਕਿ ਚੰਗਾ ਕਵੀ ਸੀ, ਪਰ ਇਹ ਫ਼ਾਰਸੀ ਦੇ ਪ੍ਰਸਿੱਧ ਸ਼ਾਇਰ ਭਾਈ ਨੰਦ ਲਾਲ ਗੋਯਾ ਤੋਂ ਵੱਖਰਾ ਸੀ। ਨਮੂਨਾ ਇਹ ਹੈ—

'ਇਕ ਦਿਹਾੜੇ ਸਤਿਗੁਰ ਪਾਸੋਂ, ਅਸਾਂ ਪ੍ਰੇਮ ਸੁਰਾਹੀ ਪੀਤੀ
ਭਾਇ ਅਸਾਡੇ ਲਿਖੀ ਫਕੀਰੀ, ਸੋ ਮਸਤਕ ਧਰਿ ਲੀਤੀ

---

* ਪੰਚ ਸਿਖ ਗੈਲ ਕੀਏ ਤਿਆਰ। ਭੂਪਤਿ ਸਿੰਘ ਔ ਸਿੰਘ ਗੁਲਜ਼ਾਰ
ਚੰਦੂ ਕੁਇਰ ਸਿੰਘ, ਸਿੰਘ ਦਾਨ। ਪੰਚਮ ਕੀਰਤ ਸਿੰਘ ਸੁਜਾਨ।
[ਸ਼ਹੀਦ ਬਿਲਾਸ—ਸੇਵਾ ਸਿੰਘ, ਪੰਨਾ 70



Digitized by Panjab Digital Library | www.panjabdigilib.org

ਪਿਛਲੀ ਉਮਰ ਗੁਨਾਹੀਂ ਬੀਤੀ, ਹਰਿ ਕੀ ਭਗਤਿ ਨ ਕੀਤੀ
ਆਗੇ ਸਮਝਿ ਚਲਹੁ ਨੰਦ ਲਾਲਾ, ਜੋ ਬੀਤੀ ਸੋ ਬੀਤੀ ।'

## ੫੨ ਮੱਲੂ

ਮੱਲ ਭੱਟ ਲਾਹੌਰ ਦਾ ਨਿਵਾਸੀ ਸੀ, ਇਸਦਾ ਨਾਂ ਸੂਚੀ ਵਿਚ 'ਮੱਲੂ' ਕਰਕੇ ਆਉਂਦਾ ਹੈ । ਸ਼ਾਇਦ ਅੰਮ੍ਰਿਤ ਪਾਨ ਕਰਨ ਬਾਦ ਇਹੋ 'ਮਾਲਾ ਸਿੰਘ' ਅਖਵਾਇਆ ਹੋਵੇ । ਹਿੰਦੀ ਹੱਥਲਿਖਤਾਂ ਵਿਚ ਇਕ ਮੱਲ ਕਵੀ ਹੈ ਜੋ ਕਿ ਨੂਰ ਪੁਰ ਕਾਂਗੜੇ ਦਾ ਵਸਨੀਕ ਸੀ, ਇਸਨੇ 'ਦੇਵੀ ਮਹਾਤਮ' ਲਿਖਿਆ ਸੀ । ਸੰਭਵ ਹੈ, ਇਹੋ ਲਾਹੌਰ ਆ ਗਿਆ ਹੋਵੇ ।

ਲਾਹੌਰ ਵਾਸੀ ਕੇਸ਼ਵਦਾਸ ਕਵੀ ਨੇ 1748 ਬਿ. ਵਿਚ ਸੰਗੀਤ ਬਾਰੇ ਇਕ ਪੁਸਤਕ ਲਿਖੀ ਸੀ—'ਬੁਧਿ ਪ੍ਰਕਾਸ਼ ਦਰਪਣ', ਇਸ ਵਿਚ ਕਵੀ, ਮੱਲ ਭੱਟ ਨੂੰ ਸਲਾਹੁੰਦਾ ਸ਼ਰਧਾ ਸਹਿਤ ਨਮਸਕਾਰ ਕਰਦਾ ਹੈ ।

ਸੰਮਤ ਦਸ ਅਰ ਸਾਤ ਸੈ, ਅਠਤਾਲੀ ਸੰਗ ਤਾਸ
ਬੁਧਿ ਪ੍ਰਕਾਸ਼ ਦਰਪਨ ਸੁਨਹੁ, ਗੁਨਿ ਜਨ ਕਰੌਂ ਪ੍ਰਕਾਸ । ੮ ।
ਸ਼ਾਸਤ੍ਰ ਸਕਲ ਸਕੇਲ ਕੈ, ਤਾਂਕੋ ਸਭ ਰਸ ਲੀਨ
ਮੱਲ ਭਾਟ ਚਰਨਨ ਲਗੌਂ, ਬਾਂਧਯੋ ਗ੍ਰੰਥ ਪ੍ਰਬੀਨ । ੧੧ ।
[ਸੈਂਟ੍ਰਲ ਪਬਲਿਕ ਲਾ. ਪਟਿਆਲਾ (ਨੰ 2209)

ਉਪਰੋਕਤ ਲਾਇਬ੍ਰੇਰੀ ਵਿਚ ਹੀ 2232 ਨੰ. ਤੇ ਹੋਰ ਖਰੜਾ ਹੈ, ਉਸ ਵਿਚ ਪਾਠ ਇਉਂ ਹੈ :—

ਸ਼ਾਸਤ੍ਰ ਸਕਲ ਸਕੇਲਕੈ, ਤਾਂਕੋ ਸਭ ਰਸ ਲੀਨ
ਮੱਲ ਭਾਟ ਸਾਸ਼ਨ ਕਹਯੋ, 'ਬਾਂਧਹੁ ਗ੍ਰੰਥ ਪ੍ਰਬੀਨ' । ੧੧ ।
ਲੱਛੀ ਰਾਮ ਮਸਨਦ ਨ੍ਰਿਪਤਿ, ਪ੍ਰਿਥਮਹਿ ਜ੍ਵਾਲਾ ਨਾਥ
ਮੱਲ ਭਾਟ ਚਰਨਨ ਗਹਯੋ, ਭਾਲ ਧਰਯੋ ਤਿਹਂ ਹਾਥ । ੧੨ ।

ਸੋ ਜਿਸ ਮੱਲ ਭੱਟ ਨੂੰ ਕੇਸਵ ਦਾਸ ਵਰਗਾ ਵਿਦਵਾਨ ਕਵੀ ਸਲਾਹੁੰਦਾ ਨਹੀਂ ਰੱਜਦਾ, ਉਹ ਜ਼ਰੂਰ ਚੰਗਾ ਗੁਣੀ ਹੋਵੇਗਾ । ਪਰ ਰਚਨਾ ਮਿਲਦੀ ਨਹੀਂ ।

## ੫੩ ਕਲ੍ਹਆ

ਗੁਰੂ ਘਰ ਦੇ ਸਰਧਾਲੂ ਭੱਟਾਂ ਵਿਚੋਂ ਸੁਲਤਾਨਪੁਰ ਵਾਸੀ ਭਿਖੇ ਦਾ ਨਾਂ ਕਾਫੀ ਪ੍ਰਸਿੱਧ ਹੈ, ਇਸ ਦੇ ਪੰਜ ਭਰਾ-ਸੇਖਾ, ਤੋਖਾ, ਗੋਖਾ, ਤੇ ਟੋਡਾ ਸਨ । ਇਨ੍ਹਾਂ ਵਿਚੋਂ ਤੋਖੇ ਦੇ ਚਾਰ ਪੁੱਤਰ ਸਨ—ਦਾਸ, ਕਲ੍ਹਆ, ਗੰਗ ਤੇ ਬੱਲ । ਗੰਗ ਭੱਟ ਨੇ 10 ਕਬਿੱਤਾਂ ਵਿਚ 'ਝਗੜਾ ਹੀਰ ਰਾਂਝੇ ਕਾ' ਲਿਖਿਆ ।



Digitized by Panjab Digital Library | www.panjabdigilib.org

ਸ਼ਾਇਦ ਇਹੋ ਕਲੂਆ ਦਸਮੇਸ਼ ਜੀ ਦਾ ਦਰਬਾਰੀ ਕਵੀ ਸੀ, ਇਸ ਦਾ ਨਾਂ ਕਈ ਥਾਂ ਕੱਲੂ ਵੀ ਆਉਂਦਾ ਹੈ। ਰਚਨਾ ਪ੍ਰਾਪਤ ਨਹੀਂ।

## ੫੪ ਬੱਲੂ

ਭੱਟ ਘਰਾਣੇ ਵਿਚੋਂ ਸ਼ਾਇਦ ਤੋਖੇ ਦਾ ਪੁਤਰ ਬੱਲ ਕਵੀ ਹੋਵੇ ਤੇ ਇਸੇ ਨੂੰ ਬੱਲੂ ਕਹਿੰਦੇ ਹੋਣ। ਇਸ ਸਬੰਧੀ ਹੋਰ ਜਾਣਕਾਰੀ ਨਹੀਂ ਮਿਲਦੀ। ਸੂਰਜ ਪ੍ਰਕਾਸ਼ ਵਿਚ ਇਸ ਦਾ ਸੰਕੇਤ ਇਉਂ ਮਿਲਦਾ ਹੈ:—

ਬੱਲੂ ਬਿਸ਼ਨ ਫਕੀਰ ਕੀ, ਬੋਲੀ ਸੁਨਹਿ ਨ ਕੋਇ
ਤਯੋਂ ਈਸੂਰ ਅਰ ਜੀਵ ਕੀ, ਦੁਬਿਧਾ ਜੀਅ ਮੈਂ ਹੋਇ। ੧੧।
[ਰੁਤ ੫, ਅੰਸੂ ੧੦

## ੫੫ ਬੱਲਭ

ਅਨੰਦ ਪੁਰ ਤੋਂ ਪ੍ਰਾਪਤ ਇਕ ਹੱਥ-ਲਿਖਤ ਵਿਚ ਦਿਤੇ ਨੋਟ ਅਨੁਸਾਰ ਬੱਲਭ ਲਘੂ ਤੇ ਬੱਲਭ ਬ੍ਰਿਹਤ ਅਰਥਾਤ ਛੋਟਾ ਤੇ ਵੱਡਾ--ਦੋ ਵੱਲਭ ਕਵੀ ਦਸੇ ਗਏ ਹਨ। ਸ਼ਾਇਦ ਛੋਟੇ ਨੂੰ 'ਬੱਲੂ' ਕਿਹਾ ਜਾਂਦਾ ਹੋਵੇ ਤੇ ਵੱਡਾ 'ਬੱਲਭ' ਕਹਿਕੇ ਪੁਕਾਰਿਆ ਜਾਂਦਾ ਹੋਵੇ।

ਇਕ ਹਰਿਵੱਲਭ ਨਾਂ ਦੇ ਬ੍ਰਾਹਮਣ ਵਿਦਵਾਨ ਹੋਏ ਹਨ ਜਿਨ੍ਹਾਂ ਦਾ ਸਮਾ 1771 ਬਿ. ਦੱਸਿਆ ਗਿਆ ਹੈ। ਇਨ੍ਹਾਂ ਭਾਗਵਤ ਗੀਤਾ ਦਾ ਗੱਦ ਅਨੁਵਾਦ ਕੀਤਾ ਸੀ ਤੇ ਸੰਗੀਤ ਦਰਪਣ ਗ੍ਰੰਥ ਲਿਖਿਆ ਸੀ।*

ਇਸ ਤੋਂ ਇਲਾਵਾ ਇਕ ਹਰਿਵਲਭ ਭੱਟ ਵੀ ਹੋਇਆ ਹੈ, ਜੋ ਕੁਮਾਰਮਣੀ ਦਾ ਪਿਤਾ, ਗੋਕੁਲ (ਮਥਰਾ) ਦਾ ਰਹਿਣ ਵਾਲਾ ਸੀ। ਇਸ ਦਾ ਸਮਾ ਗੁਰੂ ਸਾਹਿਬ ਵਾਲਾ ਹੈ। ਸੋ ਇਨ੍ਹਾਂ ਵਿਅਕਤੀਆਂ ਵਿਚੋਂ ਹੀ ਕੋਈ ਇਕ ਸਤਿਗੁਰਾਂ ਦਾ ਦਰਬਾਰੀ ਕਵੀ ਹੋਵੇਗਾ। ਹਰਿਵੱਲਭ ਬ੍ਰਾਹਮਣ ਦੀ ਗੀਤਾ 'ਭਾਖਾ ਗੀਤਾ ਗਿਆਨ' ਨਾਮ ਹੇਠ, ਗੁਰਮੁਖੀ ਲਿਪੀ ਵਿਚ ਵੀ ਲਿਖੀ ਮਿਲਦੀ ਹੈ।

## ੫੬ ਅੱਲੂ

ਇਹ ਨਾਮ ਹਰ ਇਤਿਹਾਸਕਾਰ ਨੇ ਦਿਤਾ ਹੈ, ਪਰ ਇਸ ਬਾਰੇ ਕੋਈ ਜਾਣਕਾਰੀ

---

*ਹਸਤ ਲਿਖਿਤ ਹਿੰਦੀ ਗ੍ਰੰਥੋਂ ਕਾ ਸੰਖਿਪਤ ਵਿਵਰਣ, ਖੰਡ ਦ੍ਵਿਤੀਯ, ਪੰਨਾ 632

‡ ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਦ੍ਵਿਤੀਯਖੰਡ ਪੰਨਾ 127
[ਪ੍ਰਥਮਖੰਡ ਪੰਨਾ 462



Digitized by Panjab Digital Library | www.panjabdigilib.org

ਨਹੀਂ ਮਿਲੀ ਤੇ ਨਾ ਹੀ ਕੋਈ ਕਾਵਿ-ਵੰਨਗੀ ਪ੍ਰਾਪਤ ਹੈ। ਹੋ ਸਕਦਾ ਹੈ, ਇਹ ਵੀ ਕੋਈ ਭੱਟ ਸ਼੍ਰੇਣੀ ਵਿਚੋਂ ਹੋਵੇ। ਪੰ. ਕ੍ਰਿਪਾ ਰਾਮ ਕਸ਼ਮੀਰੀ ਦਾ ਪਿਤਾ ਅੜੂ ਯਾ ਅੱਲੂ ਨਾਮ ਦਾ ਸੀ, ਇਹੋ ਅੰਮ੍ਰਿਤ ਪਾਨ ਕਰ ਕੇ ਗੁਰਮੁਖ ਸਿੰਘ ਕਹਿਲਾਇਆ। ਸ਼ਾਇਦ ਇਹ ਬਜ਼ੁਰਗ ਲੇਖਕ ਹੋਵੇ।

## ੫੭ ਮਧੂ

ਹਿੰਦੀ ਹੱਥ-ਲਿਖਤਾਂ ਦੀ ਸੂਚੀ ਵਿਚ ਇਕ ਮਧੁਕਰਦਾਸ ਨਾਮ ਦਾ ਕਵੀ ਮਿਲਦਾ ਹੈ, ਜਿਸ 1782 ਬਿ. ਵਿਚ 'ਧ੍ਰਵ ਚਰਿਤਰ' ਰਚਨਾ ਰਚੀ।‡

ਦਰਬਾਰੀ ਕਵੀਆਂ ਦੀ ਨਾਮਾਵਲੀ ਵਿਚ ਸਭ ਨੇ 'ਮਧੂ' ਨਾਮ ਹੀ ਦਿਤਾ ਹੈ, ਇਹ ਮਧੁਕਰ ਦਾ ਸੰਖਿਪਤ ਵੀ ਹੋ ਸਕਦਾ ਹੈ ਤੇ ਇਹ ਵੀ ਸੰਭਵ ਹੈ ਕਿ ਕੋਈ ਇਸ ਨਾਮ ਵਾਲਾ ਹੋਰ ਕਵੀ ਹੋਵੇ।

## ੫੮ ਉਦੈ ਰਾਇ

ਉਦਯਰਾਮ ਯਾ ਉਦਯਨਾਥ ਨਾਂ ਦੇ ਕਈ ਕਵੀ ਮਿਲਦੇ ਹਨ। ਇਕ ਉਦਯ ਕਵੀ ਨੇ 1725 ਬਿ. ਵਿਚ ਕਕਾਵਲੀ ਤੇ 1739 ਬਿ. ਵਿਚ 'ਗਿਆਨ ਬਤੀਸੀ' ਲਿਖੀ ਸੀ।‡ ਦੂਸਰੇ ਉਦਯਨਾਥ ਕਵਿੰਦਰ ਬ੍ਰਾਹਮਣ, ਬਾਨਪੁਰਾ (ਦੁਆਬੇ) ਦੇ ਵਾਸੀ ਸਨ ਤੇ ਇਨ੍ਹਾਂ ਦਾ ਪੁਤ੍ਰ ਦੂਲਹ ਵੀ ਚੰਗਾ ਪ੍ਰਸਿੱਧ ਕਵੀ ਸੀ। ਇਹ ਅਮੇਠੀ ਦੇ ਰਾਜਾ ਗੁਰਦਿਤ ਸਿੰਘ ਪਾਸ ਰਹੇ ਸਨ। ਇਨ੍ਹਾਂ ਦੀਆਂ ਰਚਨਾਵਾਂ 'ਰਸ ਚੰਦ੍ਰੋਦਯ' ਤੇ 'ਛੰਦ ਪਚੀਸੀ' ਆਦਿ ਹਨ।† ਇਹ ਦੋਵੇਂ ਹੀ ਗੁਰੂ ਸਾਹਿਬ ਦੇ ਸਮਕਾਲੀ ਸਨ ਪਰੰਤੂ ਇਹ ਕਹਿਣਾ ਕਠਿਨ ਹੈ ਕਿ ਇਨ੍ਹਾਂ ਵਿਚੋਂ ਕਿਹੜਾ ਕਵੀ ਗੁਰੂ ਜੀ ਦਾ ਦਰਬਾਰੀ ਸੀ। ਇਹ ਵੀ ਸੰਭਵ ਹੈ ਕਿ ਉਦੈਰਾਇ ਦਰਬਾਰੀ ਕਵੀ ਇਨ੍ਹਾਂ ਤੋਂ ਕੋਈ ਭਿੰਨ ਹੀ ਹੋਵੇ ਕਿਉਂਕਿ ਸਾਡੇ ਵਿਦਵਾਨਾਂ ਨਾਮ 'ਉਦੈਰਾਇ' ਹੀ ਲਿਖਿਆ ਹੈ, ਉਦੈ ਰਾਮ ਯਾ ਉਦਯਨਾਥ ਨਹੀਂ।

## ੫੯ ਠਾਕੁਰ

ਹਿੰਦੀ ਹੱਥਲਿਖਤਾਂ ਦੀ ਸੂਚੀ ਵਿਚ ਠਾਕਰ ਨਾਂ ਦੇ ਦੋ ਤਿੰਨ ਕਵੀ ਮਿਲਦੇ ਹਨ। ਇਕ ਠਾਕਰ ਦਾਸ ਗੋਂਸਪੁਰ ਜ਼ਿਲਾ ਆਜ਼ਮਗੜ੍ਹ ਦਾ ਰਹਿਣ ਵਾਲਾ ਸੀ, ਇਸਦੀਆਂ ਰਚਨਾਵਾਂ 'ਗਿਆਨ ਗੀਤਾ' ਤੇ 'ਸ਼ਬਦ ਸਤਿਗੁਰੂ ਕੇ' ਆਦਿ ਹਨ।* ਦੂਜੇ ਠਾਕੁਰ ਕਵੀ ਨੇ

---

†ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਤ ਵਿਵਰਣ, ਪ੍ਰਥਮ ਖੰਡ, ਪੰਨਾ 84-85

* ਹਸਤ ਲਿਖਿਤ ਹਿੰਦੀ ਗ੍ਰੰਥੋਂ ਕਾ ਸੰਖਿਪਤ ਵਿਵਰਣ, ਪ੍ਰਥਮ ਖੰਡ, ਪੰਨਾ 380



Digitized by Panjab Digital Library | www.panjabdigilib.org

ਮਹਾਂਭਾਰਤ ਦਾ 'ਕਰਣ ਅਰਜਨ ਯੁੱਧ' ਛੰਦਬੱਧ ਕੀਤਾ ਸੀ। ਪਰ ਨਿਰਣਾ ਕਰਨ ਲਈ ਸਾਡੇ ਪਾਸ ਕੋਈ ਪ੍ਰਮਾਣ ਨਹੀਂ ਕਿ ਇਨ੍ਹਾਂ ਵਿਚੋਂ ਗੁਰੂ ਜੀ ਦਾ ਦਰਬਾਰੀ ਕਵੀ ਕੌਣ ਸੀ।

## ੬੦ ਮਾਨਦਾਸ ਵੈਰਾਗੀ

ਮਹਾਰਾਜਾ ਜੋਧਪੁਰ ਦੀ ਲਾਇਬਰੇਰੀ ਵਿਚ ਇਕ ਪੁਸਤਕ 'ਖਿਆਲ ਟੱਪਾ' ਪਈ ਹੈ ਜਿਸ ਵਿਚ 56 ਕਵੀਆਂ ਦੀ ਬਾਣੀ ਹੈ, ਇਸ ਵਿਚ ਇਕ ਨਾਂ ਮਾਨ ਦਾਸ ਵੀ ਹੈ। ਇਕ ਮੁਨੀ ਮਾਨ, ਬੀਕਾਨੇਰ ਦੇ ਰਹਿਣ ਵਾਲਾ ਜੈਨੀ ਸਾਧੂ ਸੀ, ਜਿਸ ਦੀ ਲਿਖੀ 'ਕਵੀ ਪ੍ਰਮੋਦ ਰਸ' (1746 ਬਿ.) ਤੇ 'ਕਵੀ ਬਿਨੋਦ' (1745 ਬਿ.) ਰਚਨਾ ਮਿਲਦੀ ਹੈ। ਇਕ ਹੋਰ ਮਾਨ ਕਵੀ ਪੰਡਿਤ ਸੁਖਦੇਵ ਦਾ ਚੇਲਾ ਸੀ, ਜੋ ਹਰਿਹਰਪੁਰ (ਬਹਰਾਇਚ) ਦੇ ਰਾਜਾ ਰੂਪ ਸਿੰਘ ਪਾਸ ਰਿਹਾ ਸੀ।

ਸੋ ਇਨ੍ਹਾਂ ਵਿਚੋਂ ਕੋਈ ਯਾ ਹੋਰ ਕਵੀ ਗੁਰੂ ਸਾਹਿਬ ਦਾ ਦਰਬਾਰੀ ਰਿਹਾ ਹੋਵੇਗਾ। ਕਈਆਂ ਸੂਚੀਆਂ ਵਿਚ ਮਾਨਦਾਸ ਤੇ ਕੁਝ ਕੁ ਵਿਚ ਮਾਨਚੰਦ ਨਾਮ ਵੀ ਲਿਖਿਆ ਹੈ।†

## ੬੧ ਈਸ਼ਰ ਦਾਸ

ਈਸ਼ਰ ਦਾਸ, ਜਾਤ ਦਾ ਸਕਸੇਨਾ ਕਾਯਸਥ ਤੇ ਆਗਰੇ ਦੇ ਰਹਿਣ ਵਾਲਾ ਸੀ, ਇਸ ਨੇ ਮਹਾਂ ਭਾਰਤ ਦਾ 'ਸੁਰਗਾਰੋਹਣ ਪਰਬ' ਅਨੁਵਾਦ ਕੀਤਾ। 1756 ਬਿ. ਵਿਚ ਇਸੇ 'ਗ੍ਰਿਹਫਲ ਵਿਚਾਰ' ਪੁਸਤਕ ਸ਼ਹਿਦ ਗੁਆਲੀਅਰ ਬਹਿ ਕੇ ਲਿਖਿਆ ਸੀ, ਜਿਸ ਨੂੰ ਕਵੀ 'ਗੋਪਾਚਲ' ਕਹਿਕੇ ਯਾਦ ਕਰਦਾ ਹੈ।†

ਸਾਡੇ ਲਈ ਇਹ ਦਾਅਵਾ ਕਰਨ ਦਾ ਕੋਈ ਪ੍ਰਮਾਣ ਨਹੀਂ ਕਿ ਇਹੋ ਕਵੀ ਗੁਰੂ ਸਾਹਿਬ ਦਾ ਦਰਬਾਰੀ ਸੀ। ਸੰਭਵ ਹੈ ਕੋਈ ਹੋਰ ਹੋਵੇ ਜਾਂ ਇਹੋ ਅਨੰਦਪੁਰ ਤੋਂ ਆ ਕੇ ਗੁਆਲੀਅਰ ਰਿਹਾ ਹੋਵੇ।*

## ੬੨ ਮਥਰਾ ਦਾਸ

ਮਥਰਾ ਨਾਂ ਦੇ ਕਵੀ ਕਈ ਹੋਏ ਹਨ। ਇਕ ਮਥਰਾ ਦਾਸ ਦੀ ਰਚਨਾ 'ਨੀਤਿ ਬਿਲਾਸ' ਮਿਲਦੀ ਹੈ, ਇਕ ਮਥਰਾ ਭੱਟ ਬ੍ਰਾਹਮਣ ਨੇ 1791 ਬਿ. ਦੇ ਲਾਗੇਚਾਗੇ ਸ੍ਰੀ ਕ੍ਰਿਸ਼ਣ, ਚੂਨੀ ਲਾਲ ਤੇ ਰਾਮ ਰਾਇ ਨਾਲ ਮਿਲਕੇ 'ਰਾਧਾ ਗੋਵਿੰਦ ਸੰਗੀਤਸਾਰ' ਨਾਮੀ ਗੱਦ ਪਦ

†ਹਸਤਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਦ੍ਵਿਤੀਯ ਖੰਡ, ਪੰਨਾ 161-62
ਪ੍ਰਥਮਖੰਡ, ਪੰਨਾ 205

*ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਪ੍ਰਥਮ ਖੰਡ ਪੰਨਾ 77



Digitized by Panjab Digital Library | www.panjabdigilib.org

ਮਿਲੀ ਰਚਨਾ ਤਿਆਰ ਕੀਤੀ । ਇਹ ਕਵੀ ਜੈਪੁਰ ਦੇ ਮਹਾਰਾਜਾ ਸਵਾਈ ਪ੍ਰਤਾਪ ਸਿੰਘ ਦੇ ਆਸਰੇ ਰਿਹਾ ਸੀ ।* ਤੀਸਰਾ ਮਥਰਾ ਦਾਸ ਕਾਇਸਥ, ਹੋਰ ਹੈ, ਜਿਸ 1727 ਬਿ. ਵਿਚ 'ਵੈਦਿਕ ਸਾਰ ਸੰਗ੍ਰਿਹਿ' ਗੱਦ ਗ੍ਰੰਥ ਲਿਖਿਆ ਸੀ ।

ਹੁਣ ਇਹ ਕਹਿਣਾ ਔਖਾ ਹੈ ਕਿ ਕਿਹੜਾ ਮਥਰਾ ਗੁਰੂ ਸਾਹਿਬ ਦਾ ਦਰਬਾਰੀ ਕਵੀ ਸੀ ।

## ੬੩ ਰਾਮਚੰਦ੍ਰ

ਇਹ ਨਾਂ ਕਵੀ-ਸੂਚੀ ਵਿਚ ਮੌਜੂਦ ਹੈ । ਇਕ ਰਾਮਚੰਦ ਕਵੀ ਨੇ ਰਾਮ ਬਿਨੋਦ, ਤੇ ਵੈਦਯ ਬਿਨੋਦ ਪੁਸਤਕਾਂ ਲਿਖੀਆਂ ਪਰ ਇਹ ਗੁਰੂ ਸਾਹਿਬ ਦੇ ਸਮੇਂ ਤੋਂ ਜ਼ਰਾ ਪਹਿਲੇ ਹੋਇਆ ਹੈ ।

ਛੇਵੇਂ ਪਾਤਸ਼ਾਹ ਦਾ ਕਸ਼ਮੀਰੀ ਸਿਖ ਕਾਲੀ ਜਾਤੀ ਦਾ ਬ੍ਰਾਹਮਣ ਦੁਨੀ ਚੰਦ ਸੀ, ਇਸ ਦਾ ਪੁੱਤਰ ਰਾਮਚੰਦ, ਪੰਡਿਤ ਕ੍ਰਿਪਾ ਰਾਮ ਮਟਨ ਨਾਲ 1732 ਬਿ. ਵਿਚ ਅਨੰਦਪੁਰ ਆਇਆ ਸੀ । ਹੋ ਸਕਦਾ ਹੈ, ਇਹ ਕਵੀ ਹੋਵੇ ਤੇ ਦਸਮੇਸ਼ ਦਰਬਾਰ ਵਿਚ ਰਿਹਾ ਹੋਵੇ ।

## ੬੪ ਮਦਨ ਗਿਰਿ

ਗੁਰੂ ਦਾ ਦਰਬਾਰ ਗੁਣੀ ਗਿਆਨੀਆਂ ਦਾ ਸੰਗਮ ਸੀ । ਗ੍ਰਿਸਤੀ ਸਿਖ ਤਾਂ ਆਉਂਦੇ ਹੀ ਸਨ, ਤਿਆਗੀ ਵੈਰਾਗੀ ਸਾਧੂ ਵੀ ਮਹੀਨਿਆਂ-ਬੱਧੀ ਰਹਿਕੇ ਆਤਮਕ ਅਨੰਦ ਮਾਣਦੇ ਸਨ । ਮਦਨ ਗਿਰਿ ਇਕ ਅਜੇਹਾ ਹੀ ਸੰਨਿਆਸੀ ਮਹਾਤਮਾ ਸੀ, ਜੋ ਧਾਰਮਕ ਵਿਚਾਰ ਚਰਚਾ ਵਿਚ ਵਧੇਰੇ ਦਿਲਚਸਪੀ ਰੱਖਦਾ ਸੀ,ਪੜ੍ਹਿਆ ਤਾਂ ਸੀ ਹੀ ਹੌਲੀ ਹੌਲੀ ਕਾਵਿ ਰਚਨਾ ਦਾ ਵੀ ਅਭਿਆਸੀ ਹੋ ਗਿਆ । ਕਵਿਤਾ ਦਾ ਨਮੂਨਾ ਮਿਲਿਆ ਨਹੀਂ ।

ਇਕ ਜੋਗੀਆਂ ਦੀ ਜਮਾਤ ਦਾ ਮਹੰਤ ਮਦਨਨਾਥ ਗੁਰੂ ਜੀ ਨੂੰ ਥਾਨੇਸਰ ਮਿਲਿਆ ਸੀ, ਉਹ ਇਸ ਤੋਂ ਭਿੰਨ ਹੈ ।

## ੬੫ ਰਾਇ ਸਿੰਘ

ਭਾਈ ਰਾਇ ਸਿੰਘ ਭਾਈ ਮਨੀ ਸਿੰਘ ਦਾ ਛੋਟਾ ਭਾਈ ਤੇ ਨਾਇਕ ਮਾਈਦਾਸ ਦਾ ਪੁੱਤਰ ਸੀ, ਇਹ ਰਾਜਪੂਤ ਘਰਾਣਾ ਸਾਰੇ ਦਾ ਸਾਰਾ ਹੀ ਗੁਰੂ ਘਰ ਦਾ ਸੇਵਕ ਸੀ। ਕੁਝ ਤੇਗ ਵਾਹੁਣ ਵਾਲੇ ਬੀਰ ਪੁਰਸ਼ ਸਨ ਤੇ ਕੁਝ ਕਲਮ ਵਾਹੁਣ ਵਾਲੇ ਵਿਦਵਾਨ । ਰਾਇ ਸਿੰਘ ਫਾਰਸੀ ਦਾ ਆਲਿਮ ਫਾਜ਼ਿਲ ਆਦਮੀ ਸੀ ਤੇ ਗੁਰੂ ਦਰਬਾਰ ਦਾ ਰਤਨ ਸੀ । ਜਦੋਂ

*ਹਸਤ ਲਿਖਿਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ, ਪੰਨਾ 125 (ਦ੍ਵਿਤੀਯ ਖੰਡ)



Digitized by Panjab Digital Library | www.panjabdigilib.org

ਸਤਿਗੁਰਾਂ, ਪਹਾੜੀ ਰਾਜਿਆਂ ਤੇ ਮੁਗਲ ਸਰਕਾਰ ਦੀ ਬਦਨੀਤ ਦੇਖੀ ਕਿ ਉਹ ਕਿਸੇ ਤਰ੍ਹਾਂ ਅਨੰਦਪੁਰ ਤੇ ਹਮਲਾ ਕਰਨ ਤੋਂ ਬਾਜ਼ ਨਹੀ ਆਉਂਦੇ ਤਾਂ ਆਪ ਨੇ ਸਾਰੇ ਵਿਦਵਾਨਾਂ, ਕਵੀਆਂ, ਲੇਖਕਾਂ ਨੂੰ ਪੂਰੇ ਮਾਣ ਅ ਦਰ ਨਾਲ ਵਿਦਾ ਕਰ ਦਿਤਾ ਤਾਂ ਕਿ ਦੇਸ ਦੇ ਇਹ ਅਮੋਲਕ ਰਤਨ ਇਸ ਜੰਗ ਜੁੱਧ ਦਾ ਸ਼ਿਕਾਰ ਨ ਹੋਣ।

ਭਾਈ ਚਉਪਾ ਸਿੰਘ ਲਿਖਦੇ ਹਨ—

'ਇਕ ਸਮੇਂ—ਸੰਮਤ 1759—ਮੇਲਾ ਵਿਸਾਖੀ ਦਾ ਹੋਇ ਬੀਤਿਆ, ਬਚਨ ਹੋਇਆ ਨਕੀਬ ਨੂੰ— 'ਅਵਾਜ਼ ਕਰੁ ਸੰਗਤਾਂ ਘਰਾਂ ਨੂੰ ਟੁਰ ਜਾਣ।' ਸੋ ਨਕੀਬ ਉਚੇ ਚੜ੍ਹ ਕੇ ਬੋਲਿਆ—

'ਬਚਨ ਹੈ ਸਤਿਗੁਰੂ ਜੀ ਦਾ ਜੁ ਸੰਗਤਾਂ ਘਰੋ ਘਰੀਂ ਟੁਰ ਜਾਣ।'

ਸੋ ਬਚਨ ਸੁਣਕੇ ਸਰਬਤ ਸੰਗਤਾਂ ਟੁਰ ਗਈਆਂ। ਨਕੀਬ ਨੇ ਖਬਰ ਲਈ: ਸੰਗਤਿ ਸਾਰੀ ਟੁਰ ਗਈ, ਇਕ ਰਾਇ ਸਿੰਘ ਹੀ ਰਹਿਆ ਸੰਗਤਿ ਵਿਚੋਂ। ਤਿਸ ਨੂੰ ਬਚਨ ਹੋਆ, 'ਸਿਖਾ! ਜੇ ਸਿਖੀ ਰੱਖਣੀ ਹੈ ਤਾਂ ਘਰਿ ਜਾਹੁ।' ਤਿਨ ਕਹਿਆ ਜੀ ਸੱਚੇ ਪਾਤਸਾਹੁ! ਮੈਂ ਘਰ ਦੀ ਸਾਰੀ ਆਸਾ ਚੁਕਾਇਕੇ ਆਇ ਰਹਿਆ ਹਾਂ। ਘਰਿ ਕੀਕੂੰ ਸਿਖੀ ਰਹਿਣੀ ਹੈ।' ਬਚਨ ਹੋਆ—ਤੇਰੀ ਸਿਖੀ ਘਰਿ ਹੀ ਰਹਿਸੀ ਇਥੇ ਨ ਰਹਿਸੀ, ਤੂ ਹੈਂ ਪੜ੍ਹਿਆ ਹੋਇਆ ਫ਼ਾਰਸੀ, ਅਤੇ ਅਸਾਂ ਕਰਨੇ ਹਨ ਜੁੱਧ, ਲੋਕਾਂ ਦੇ ਸਲਾਹ ਤੇ ਮਨਸੂਬੇ, ਅਸਾਡਾ ਰਉਲਾ। ਤੁਧ ਰਉਲਾ ਦੇਖਕੇ ਆਖਣਾ ਹੈ, ਤਤਵੰਜ਼ਾ ਕਰਕੇ 'ਜੁ ਇਹੁ ਕੰਮੁ ਨਹੀਂ ਸੀ ਕਰਨਾ, ਇਥੋਂ ਸਾਰਿਬ ਚੁਕ ਗਏ ਹੈਨਿ। ੫੭। [ਰਹਿਤਨਾਮਾ ਹਜ਼ੂਰੀ

ਭਾਇ ਰਾਇ ਸਿੰਘ ਹੁਕਮ ਦਾ ਬੱਧਾ ਘਰ ਆ ਤਾਂ ਗਿਆ ਪਰ ਉਸ ਦਾ ਦਿਲ ਚੈਨ ਨਾਲ ਨ ਟਿਕਿਆ। ਇਸ ਸਮੇਂ ਇਹ ਪਰਗਣਾ ਲਾਹੌਰ ਦੇ ਪਿੰਡ ਮਰੁਲ ਮਾੜੀ ਵਿਚ ਨਿਵਾਸ ਰੱਖਦਾ ਸੀ। ਅਖੀਰ ਇਹ ਆਪਣੇ ਪੁੱਤਰ-ਮਹਾਂ ਸਿੰਘ ਤੇ ਸੀਤਲ ਸਿੰਘ ਸਮੇਤ ਖਿਦਰਾਣੇ ਢਾਬ ਤੇ ਮੁਕਤਸਰ ਜੁੱਧ ਵਿਚ 30 ਪੋਹ 1762 ਬਿ. ਨੂੰ ਸ਼ਹੀਦੀ ਪਾ ਗਿਆ।

## ੬੬ ਸੁਖਾ ਸਿੰਘ

ਦਰਬਾਰੀ ਕਵੀ-ਸੂਚੀ ਵਿਚ ਸੁੱਖੂ, ਸੁਖੀਆ ਤੇ ਸੁਖਾ ਸਿੰਘ ਤਿੰਨ ਨਾਂ ਮਿਲਦੇ ਹਨ। ਦਰ ਅਸਲ ਇਹ ਇਕੋ ਸੀ। ਭਾਈ ਰਾਇ ਸਿੰਘ ਦੇ ਚਾਰ ਪੁਤਰ ਸਨ—ਬਾਘ ਸਿੰਘ ਸੁਖਾ ਸਿੰਘ ਸੀਤਲ ਸਿੰਘ ਤੇ ਮਹਾਂ ਸਿੰਘ। ਇਹ ਚਾਰੇ ਹੀ ਲਿਖਣ ਪੜ੍ਹਨ ਦਾ ਕੰਮ ਕਰਨ ਵਾਲੇ ਸਨ, ਸੁਖਾ ਸਿੰਘ ਚੰਗਾ ਕਵੀ ਸੀ ਪਰ ਇਸ ਦੀ ਰਚਨਾ ਨਹੀਂ ਮਿਲਦੀ। ਇਹ 1 ਅੱਸੂ 1757 ਬਿ. ਦੀ ਲੋਹਗੜ੍ਹ (ਅਨੰਦਪੁਰ) ਜੰਗ ਵਿਚ ਸ਼ਹੀਦ ਹੋ ਗਿਆ ਸੀ।



Digitized by Panjab Digital Library | www.panjabdigilib.org

## ੬੭ ਮਹਾਂ ਸਿੰਘ

ਇਹ ਭਾਈ ਰਾਇ ਸਿੰਘ ਦਾ ਪੁੱਤਰ ਤੇ ਭਾਈ ਮਨੀ ਸਿੰਘ ਦੀਵਾਨ ਦਾ ਭਤੀਜਾ ਲਗਦਾ ਸੀ, ਜਿਸ ਦੇ ਸਿਰ ਤੇ ਇਤਿਹਾਸ ਨੇ ਟੁੱਟੀ ਗੰਢਣ ਦਾ ਸਿਹਰਾ ਬੰਨ੍ਹਿਆ ਹੈ। ਇਹ ਵੀ ਅਨੰਦਪੁਰ ਵਿਚ ਲਿਖਣ ਪੜ੍ਹਨ ਦੇ ਕੰਮ ਤੇ ਸੀ। ਜਦ ਗੁਰੂ ਸਾਹਿਬ ਮਾਲਵੇ ਵਿਚ ਸਨ ਤਾਂ ਇਹ ਪ੍ਰੇਮੀ, ਕੁਝ ਸੂਰਬੀਰ ਸਾਥੀਆਂ ਨੂੰ ਲੈ ਕੇ ਖਿਦਰਾਣੇ ਦੀ ਢਾਬ ਤੇ ਪੁਜਾ ਤੇ ਸਤਿਗੁਰਾਂ ਖਾਤਰ ਵੈਰੀਆਂ ਨਾਲ ਜੂਝਦਾ ਹੋਇਆ 30 ਪੋਹ 1762 ਬਿ. ਨੂੰ ਸ਼ਹੀਦੀ ਪਾ ਗਿਆ।

ਮਹਾਂ ਸਿੰਘ ਦੇ ਨਾਂ ਦਾ ਇਕ ਛੰਦ ਮਿਲਿਆ ਹੈ—

ਸਿਆਮ ਬਿਨ ਊਧੋ ! ਐਸੀ ਭਈ, ਜਿਉਂ ਮਛਲੀ ਬਿਨ ਪਾਣੀ
ਤੱਤੇ ਰੇਤੇ ਪਈ ਤੜਫਾਂ, ਬੇਦਨ ਕਿਸੈ ਨ ਜਾਣੀ
ਕੁੱਠੀ ਦਰਦ ਫਿਰਾਕਤ ਵਾਲੀ, ਦੇਹੀ ਦਰਦ ਰੰਜਾਣੀ
ਮਹਾਂ ਸਿੰਘ ਸਾਡਾ ਜੀਵਨ ਤਾਂਹੀ, ਮਿਲਸੀ ਸਾਰੰਗਪਾਣੀ।

## ੬੮ ਹਰਿਜਸ ਰਾਇ ਹਜ਼ੂਰੀ

ਮੁਨਸ਼ੀ ਹਰਿਜਸਰਾਇ, ਛਿੱਬਰ ਘਰਾਣੇ ਵਿਚੋਂ ਛੋਟੇ ਮੱਲ ਦਾ ਪੁੱਤਰ ਤੇ ਭਾਈ ਸਤੀ ਦਾਸ ਤੇ ਮਤੀ ਦਾਸ ਦਾ ਭਤੀਜਾ ਸੀ ਜੋ ਗੁਰੂ ਦਸਮੇਸ਼ ਜੀ ਨੂੰ ਬਚਪਨ ਵਿਚ ਗੁਰਮੁਖੀ ਪੜ੍ਹਾਇਆ ਕਰਦਾ ਸੀ। ਇਹ ਸੰਸਕ੍ਰਿਤ ਤੇ ਫਾਰਸੀ ਦੋਹਾਂ ਦਾ ਗਿਆਤਾ ਸੀ। ਭਾਈ ਕੇਸਰ ਸਿੰਘ ਲਿਖਦਾ ਹੈ :—

ਹਰਿਜਸਰਾਇ, ਸਿੱਖ ਇਕ ਬ੍ਰਹਿਮਨ
ਗੁਰਮੁਖੀ, ਫਾਰਸੀ, ਸ਼ਾਸਤ੍ਰੀ ਪੜ੍ਹਿਆ ਜੈ ਮਨ। ੬।

ਸਤੀਦਾਸ ਮਤੀਦਾਸ ਦਾ ਭਤੀਜਾ ਅਖਾਏ
ਫਾਰਸੀ ਪੜ੍ਹਿਆ ਮੁਨਸ਼ੀ ਸਦਾਏ।
ਤਿਸ ਪਾਸਹੁੰ ਸਾਹਿਬ ਗੁਰਮੁਖੀ ਅੱਖਰ ਸਿਖੇ
ਸੋ ਪ੍ਰੀਤਿ ਨਾਲਿ ਦੱਸੇ, ਸਿਖਾਏ, ਦੇਵੇ ਪੱਟੀ ਲਿਖੇ। ੭।

[ਬੰਸਾਵਲੀਨਾਮਾ,

ਇਸ ਵਿਦਵਾਨ ਦੀ ਕੋਈ ਰਚਨਾ ਦਾ ਪਤਾ ਨਹੀਂ ਲਗਦਾ। ਹਰਿ ਜਸ ਮਿਸ਼ਰ ਅਨੁਵਾਦਿਤ (ਗੱਦਰੂਪ) 'ਬਿਸ਼ਨੁ ਪੁਰਾਣ' ਦਾ ਖਰੜਾ ਭਾਸ਼ਾ ਵਿਭਾਗ ਲਾਇਬਰੇਰੀ ਪਟਿਆਲਾ ਵਿਚ 21 ਨੰਬਰ ਤੇ ਸੁਰੱਖਿਅਤ ਹੈ। ਸੰਭਵ ਹੈ, ਇਹ ਇਸ ਦੀ ਮਿਹਨਤ ਦਾ ਫਲ ਹੋਵੇ। ਪਰ ਪੰਜਾਬੀ ਬ੍ਰਾਹਮਣ ਮਿਸ਼ਰ ਨਹੀਂ ਕਹੇ ਜਾਂਦੇ।



Digitized by Panjab Digital Library | www.panjabdigilib.org

## ੬੯ ਪੰਡਿਤ ਰਘੂਨਾਥ

ਸਿਖ ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਸਤਿਗੁਰਾਂ ਕੁਝ ਸਿਖ ਨੌਜੁਆਨਾਂ ਨੂੰ ਪਾਉਂਟੇ ਸਾਹਿਬ ਪੰਡਿਤ ਰਘੂਨਾਥ ਪਾਸ ਪੜ੍ਹਨੇ ਪਾਇਆ। ਪੰਡਿਤ ਜੀ ਨੇ ਸਿਖਾਂਨੂੰ ਜਾਤਿ ਵਰਣ ਪੁਛੀ। ਆਮ ਤੌਰ ਤੇ ਵਧੇਰੇ ਸਿਖ ਮਿਹਨਤ ਮਜੂਰੀ ਕਰਨ ਵਾਲੀਆਂ ਗਰੀਬ ਜਾਤੀਆਂ ਵਿਚੋਂ ਸਨ ਤੇ ਪੰਡਿਤ ਜੀ ਦੇ ਸ਼ਾਸਤ੍ਰਾਂ ਅਨੁਸਾਰ ਇਹ ਸ਼ੂਦਰ ਵਰਣ ਹੋਣ ਕਰਕੇ ਵਿਦਿਆ ਦਾ ਅਧਿਕਾਰ ਨਹੀਂ ਸੀ ਰੱਖਦੇ। ਇਸ ਲਈ ਆਪ ਨੇ ਗੁਰੂ ਸਾਹਿਬ ਨੂੰ ਸਾਫ ਜਵਾਬ ਦੇ ਦਿਤਾ ਕਿ ਸੰਸਕ੍ਰਿਤ ਜੈਸੀ ਦੇਵ ਬਾਣੀ ਇਨ੍ਹਾਂ ਸ਼ੂਦਰਾਂ ਨੂੰ ਪੜ੍ਹਾਈ ਨਹੀਂ ਜਾ ਸਕਦੀ।' ਸਤਿਗੁਰੂ ਜੀ ਨੇ ਪੰਜ ਵਿਦਯਾਰਥੀ ਕਾਂਸ਼ੀ ਭੇਜੇ ਜੋ ਉਥੋਂ ਹਰ ਤਰ੍ਹਾਂ ਨਿਪੁਣ ਹੋਕੇ ਵਾਪਸ ਆਏ ਤੇ ਨਿਰਮਲਾ ਸੰਪ੍ਰਦਾਇ ਦੇ ਮੋਹਰੀ ਬਣੇ।

ਕਈ ਇਤਿਹਾਸਕ ਗ੍ਰੰਥਾਂ ਵਿਚ ਇਸ ਪੰਡਿਤ ਦਾ ਨਾਂ ਕੇਸੋਦਾਸ ਲਿਖਿਆ ਹੈ। ਪਰ ਕੇਸੋਦਾਸ ਪੰਡਿਤ ਨੂੰ ਯੱਗ ਆਦਿ ਲਈ ਬੁਲਾਇਆ ਗਿਆ ਸੀ ਜੋ ਦਾਅਵਾ ਕਰਦਾ ਸੀ ਕਿ ਮੈਂ ਮੰਤ੍ਰ ਸ਼ਕਤੀ ਦੁਆਰਾ ਦੇਵਤਾ ਪਰਗਟ ਕਰ ਸਕਦਾ ਹਾਂ ਪਰ ਇਸ ਵਿਚ ਉਸ ਨੂੰ ਸਫਲਤਾ ਨਹੀਂ ਮਿਲੀ। ਸੋ ਪੰਡਿਤ ਰਘੂਨਾਥ ਭਾਵੇਂ ਵਿਦਵਾਨ ਪੁਰਸ਼ ਸੀ ਤੇ ਦਰਬਾਰ ਵਿਚ ਕਦੀ ਕਦਾਈਂ ਕਥਾ ਵੀ ਕਰਦਾ ਰਹਿੰਦਾ ਸੀ ਪਰ ਰੂੜੀਵਾਦ ਦੇ ਜਾਲ ਵਿਚੋਂ ਨਾ ਨਿਕਲ ਸਕਿਆ।

## ੭੦ ਪੰਡਿਤ ਮਿੱਠੂ

ਕਵੀ ਕਾਂਸ਼ੀ ਰਾਮ ਨੇ 1747 ਬਿ. ਵਿਚ ਸਤਿਗੁਰਾਂ ਦੇ ਹਜ਼ੂਰ 'ਪਾਂਡਵ ਗੀਤਾ' ਸੰਪੂਰਣ ਕਰਦਿਆਂ ਇਹ ਲਿਖਿਆ ਸੀ ਕਿ 'ਪਾਂਡਵ ਗੀਤਾਂ' ਦੇ ਅਰਥ ਸਮਝਣ ਸਮਝਾਉਣ ਵਿਚ ਸ੍ਰੀ ਗੁਰੂ ਗੋਬਿੰਦ ਰਾਇ ਜੀ ਦੇ ਪੰਡਿਤ ਮਿੱਠੂ ਨੇ ਮੇਰੀ ਬੜੀ ਸਹਾਇਤਾ ਕੀਤੀ ਹੈ। ਕਵੀ ਦਾ ਕਥਨ ਇਸ ਪਰਕਾਰ ਹੈ—

ਕਥਾ ਸੰਪੂਰਨ ਭਈ, ਸੁਣੀਓ ਤ੍ਰੈ ਲੋਈ
ਭੈ ਪਾਪ ਸਿਧਾਵਣ ਦੁਖ ਜੋ, ਸ਼ੁਧ ਹੀਆ ਹੋਈ
ਮੁਕਤਿ ਪਦਾਰਥ ਸੋ ਲਹੈ, ਇਹ ਪੜ੍ਹੈ ਜੋਈ
ਉਤਮ ਉਸਤਤਿ ਬ੍ਰਿਸਨੁ ਕੀ, ਕਹੀ ਉਤਮ ਸੋਈ
ਮਿੱਠੂ ਦਿਜ, ਗੋਬਿੰਦਰਾਇ, ਅਰਥ ਦੱਸ ਦਿਤੋਈ
'ਕਾਂਸ਼ੀ' ਕਹੀ ਜੈਸੀ ਬੁਧਿ ਥੀ, ਦੋਸ਼ ਦੇਹੁ ਨ ਕੋਈ। ੭੮।

ਭਾਈ ਕੇਸਰ ਸਿੰਘ ਛਿਬਰ ਨੇ ਆਪਣੇ ਬੰਸਾਵਲੀਨਾਮੇ ਵਿਚ ਪੰਡਿਤ ਕ੍ਰਿਪਾ ਰਾਮ, ਪੰਡਤ ਦੇਵੀ ਦਿਤਾ ਤੋਂ ਇਲਾਵਾ ਹਰਿਦਾਸ, ਹਰਿਭਗਵਾਨ, ਲੱਛਮੀ ਰਾਮ,



Digitized by Panjab Digital Library | www.panjabdigilib.org

ਢਾਲਕਾਦਾਸ (ਗੁਜਰਾਤ), ਵਿਸ਼ਨੁਪਾਲ (ਕਾਂਸ਼ੀ), ਸ਼ਿਵ ਬੱਤੂ (ਕਸ਼ਮੀਰ) ਆਦਿ ਬ੍ਰਾਹਮਣਾਂ ਦਾ ਵੀ ਜ਼ਿਕਰ ਕੀਤਾ ਹੈ ਪਰ ਪੰਡਿਤ ਮਿਠੂ ਦਾ ਕਿਤੇ ਸੰਕੇਤ ਨਹੀਂ ਮਿਲਦਾ। ਹੋ ਸਕਦਾ ਹੈ ਕਿ ਕਿਸੇ ਪੰਡਤ ਦੇ ਮਧੁਰ ਸੁਭਾ ਕਾਰਣ ਉਸ ਦੀ ਇਹ ਅੱਲ ਪੈ ਗਈ ਹੋਵੇ ਯਾ ਕੋਈ ਹੋਰ ਪੰਜਾਬ ਵਾਸੀ ਬ੍ਰਾਹਮਣ ਇਸੇ ਨਾਮ ਦਾ ਵੱਖਰਾ ਹੋਵੇ।

## ੭੧ ਮਦਨ ਸਿੰਘ

ਇਹ ਪਛੜੀਆਂ ਸ਼ਰੇਣੀਆਂ ਵਿਚੋਂ ਚਮਾਰ ਜਾਤੀ ਦਾ ਸੀ ਤੇ ਪਹਿਲੇ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕਰਦਾ ਸੀ। ਗੁਰੂ ਦਰਬਾਰ ਦੀ ਛੁਹ ਸਦਕਾ ਸਾਹਿਤਕ ਲਗਨ ਲਗ ਗਈ ਤੇ ਕਾਵਿ-ਰਚਨਾ ਕਰਨ ਲਗਾ ਪਰ ਨਮੂਨਾ ਮਿਲਦਾ ਨਹੀਂ।

## ੭੨ ਧਿਆਨ ਸਿੰਘ

ਚਮਕੌਰ ਲਾਗੇ ਮਾਜਰੀ ਪਿੰਡ ਦੇ ਰਹਿਣ ਵਾਲਾ ਸਿਦਕੀ ਸਿਖ ਸੀ। ਇਸ ਨੇ ਪੰ: ਬਿਸ਼ੰਭਰ ਦਾਸ ਦੇ ਪੁੱਤਰ ਹਰਿਗੋਪਾਲ ਨੂੰ ਮੰਗੀ ਰਕਮ ਦੇ ਕੇ 'ਗੁਰੂ ਦੀ ਬਖਸ਼ਿਸ਼' ਦਾ ਵਰ ਲੈ ਲਿਆ ਸੀ ਜਿਸ ਦੀ ਹਰਿਗੋਪਾਲ ਨੂੰ ਸਮਝ ਨਹੀਂ ਸੀ। ਅੰਤ ਇਹ ਚਮਕੌਰ ਵਿਚ ਜੂਝ ਕੇ ਸ਼ਹੀਦ ਹੋਇਆ।

## ੭੩ ਮਾਲਾ ਸਿੰਘ

ਮੱਲ ਭੱਟ ਤੋਂ ਵੱਖਰਾ ਇਸ ਦਾ ਨਾਮ,ਸੂਚੀ ਵਿਚ ਦਰਜ ਮਿਲਦਾ ਹੈ। ਇਸ ਨੇ ਲਾਹੌਰਾ ਸਿੰਘ ਨੂੰ ਕੁਝ ਪੈਸੇ ਉਧਾਰ ਦਿਤੇ ਸਨ ਪਰ ਉਹ ਮੋੜਦਾ ਨਹੀਂ ਸੀ, ਜਦ ਮੰਗਦਾ ਤਾਂ ਕਹਿ ਦਿੰਦਾ—'ਲੇਖਾ ਕੋਇ ਨ ਪੁਛਈ, ਸਤਿਗੁਰ ਬਖਸ਼ੰਦਾ।' ਸਤਿਗੁਰਾਂ ਲਾਹੌਰਾ ਸਿੰਘ ਨੂੰ ਘੂਰਿਆ ਤੇ ਕਿਹਾ 'ਹੱਕੁ ਪਰਾਇਆ ਨਾਨਕਾ ਉਸ ਸੂਅਰੁ ਉਸ ਗਾਇ' ਵੀ ਬਾਣੀ ਵਿਚ ਆਇਆ ਹੈ, ਇਸ ਦੀ ਰਕਮ ਮੋੜੋ।' ਸ਼ਰਮਿੰਦਆਂ ਹੋ ਕੇ ਲਾਹੌਰਾ ਸਿੰਘ ਨੇ ਕਰਜ਼ਾ ਮੋੜ ਦਿਤਾ। ਰਚਨਾ ਦਾ ਪਤਾ ਨਹੀਂ।

## ੭੪ ਬਿਧੀ ਚੰਦ

ਦਰਬਾਰੀ ਕਵੀ-ਸੂਚੀ, ਵਿਚ ਇਸ ਦਾ ਨਾਮ ਹੈ, ਪਰ ਇਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ।

## ੭੫ ਖਾਨ ਚੰਦ

ਇਕ ਮੁਸਲਮ ਕਵੀ ਖ਼ਾਨ ਜ਼ਮਾਨ ਹੋਇਆ ਹੈ, ਇਹ ਖਾਨ ਚੰਦ ਉਸ ਤੋਂ ਵੱਖਰਾ



Digitized by Panjab Digital Library | www.panjabdigilib.org

ਹੈ, ਪਰ ਇਸ ਬਾਰੇ ਹੋਰ ਜਾਣਕਾਰੀ ਨਹੀਂ ਮਿਲਦੀ।

## ੧੬ ਬ੍ਰਿਖਾ

ਦਰਬਾਰੀ ਕਵੀ-ਸੂਚੀ ਵਿਚ ਨਾਮ ਹੈ। 'ਸੌ ਸਾਖੀ' ਦੀ 88 ਨੰਬਰ ਸਾਖੀ ਵਿਚ ਆਇਆ ਹੈ—

'ਇਤਨੇ ਪ੍ਰਸਤਾਵ ਮਹਿਂ ਗੁਰੂ ਕੇ ਹਜ਼ੂਰ ਬ੍ਰਿਜ ਲਾਲ ਪਾਂਡਾ, ਨਿਹਾਲ ਚੰਦ, ਬਿਧੀ ਚੰਦ, ਖਾਨ ਚੰਦ, ਸੁਖਦੇਵ ਪੰਡਿਤ, ਮਾਨ ਦਾਸ ਬੈਰਾਗੀ, ਮਦਨ ਗਿਰਿ, ਆਲਮ ਸ਼ਾਹ, ਹੁਸੈਨ ਅਲੀ, ਬ੍ਰਿਖਾ, ਸੁੱਖਾ, ਗੁਣੀਆ, ਗੁਣਿ ਗੁਰੂ ਜੀ ਕੇ ਪਰਚਣੀਏ ਆਇ ਪਹੁੰਚੇ।'

## ੧੭ ਰਾਵਲ

ਇਸ ਬਾਰੇ ਹੋਰ ਜਾਣਕਾਰੀ ਨਹੀਂ ਮਿਲਦੀ। ਜਦੋਂ ਗੁਰੂ ਦਰਬਾਰ ਵਿਚ ਮੌਤ ਬਾਰੇ ਚਰਚਾ ਹੋ ਰਹੀ ਸੀ ਤਾਂ ਇਸ ਨੇ ਇਹ ਜਵਾਬ ਦਿਤਾ ਸੀ—

'ਰਾਵਲ ਬੋਲਹਿ ਜੀਵ ਕੋ, ਈਸ਼ਰ ਅੰਸ਼ ਨਿਹਾਰ
ਨਹੀਂ ਦੰਡ ਆਪਣੀ ਸੁਰਤਿ,, ਬਿਚਰੈ ਲੋਭ ਪਸਾਰੁ। ੬। [ਸੌ ਸਾਖੀ

## ੧੮ ਸ਼ੇਖ਼

ਆਲਮਸ਼ਾਹ ਦੀ ਪ੍ਰੇਮਿਕਾ, ਜੋ ਚੰਗੀ ਕਵਿਤ੍ਰੀ ਸੀ ਇਸ ਦੇ ਛੰਦ 'ਆਲਮ ਕੇਲਿ' ਵਿਚ ਮਿਲਦੇ ਹਨ। (ਦੇਖੋ 25 ਨੰ: ਆਲਮ)

## ੧੯ ਸਾਹਿਬ ਚੰਦ

ਇਹ ਛਿੱਬਰ ਬ੍ਰਾਹਮਣ ਭਾਈ ਮਤੀ ਦਾਸ ਦਾ ਪੁੱਤਰ ਸੀ। ਜਦੋਂ ਦਸਮ ਗੁਰੂ ਗੱਦੀ ਉਤੇ ਬੈਠੇ ਤਾਂ ਉਨ੍ਹਾਂ ਦਰਬਾਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਦੇ ਕੇ ਇਸ ਨੂੰ ਦੀਵਾਨ ਬਣਾਇਆ —

'ਸਾਹਿਬ ਚੰਦ ਅਤੇ ਧਰਮ ਚੰਦ ਦੁਇ ਆਏ।
ਬਚਨ ਕੀਤਾ ਗੁਰੂ ਕਾ ਕੰਮ ਲੇਹੁ ਉਠਾਏ।
ਤਿਨ੍ਹਾਂ ਬੇਨਤੀ ਅਪਨੀ ਸਭ ਕਹੀ ਉਚਾਰੀ।
'ਜੀ ਅਸੀਂ ਹਾਂ ਦਾਸ ਕੰਮ ਗੁਰੂ ਕਾ ਭਾਰੀ।'

ਬਚਨ ਕੀਤਾ—'ਤੁਹਾਡੇ ਵੱਡੇ ਹਮੇਸ਼ਾ ਕੰਮ ਗੁਰੂ ਕੇ ਵਿਚ ਰਹੇ।
ਤੁਸੀਂ ਆਦਿ ਕਦੀਮੀ ਸਿਖ ਅਸਾਡੇ ਘਰ ਵਿਚ ਅਹੇ।'



Digitized by Panjab Digital Library | www.panjabdigilib.org

ਦਰਬਾਰ ਦਾ ਦੀਵਾਨ ਸਾਹਿਬ ਚੰਦ ਕੀਤਾ
ਖਜ਼ਾਨਾ ਤੋਸ਼ੇਖ਼ਾਨਾ ਕਹਿਆ, ਧਰਮ ਚੰਦ ਸੋ ਉਸ ਨੇ ਲੀਤਾ।
[ਬੰਸਾਵਲੀ ਨਾਮਾ

ਇਹ ਦੀਵਾਨ ਸਾਹਿਬ ਸਿੰਘ 7 ਕੱਤਕ 1757 ਬਿ: ਨੂੰ ਨਿਰਮੋਹ ਗੜ੍ਹ ਤੋਪ ਦਾ ਗੋਲਾ ਲਗਣ ਤੇ ਸ਼ਹੀਦੀ ਪਾ ਗਿਆ ਸੀ। ਮਾਤਾ ਸਾਹਿਬ ਦੇਵਾਂ ਦਾ ਭਾਈ, ਸਾਹਿਬ ਸਿੰਘ ਇਸ ਤੋਂ ਵੱਖਰਾ ਸੀ।

## ੮੦ ਧਰਮ ਚੰਦ

ਇਹ ਦੀਵਾਨ ਦਰਗਹ ਮੱਲ ਛਿੱਬਰ ਦਾ ਪੁੱਤਰ ਸੀ ਜਿਸ ਨੂੰ ਗੁਰੂ ਸਾਹਿਬ ਨੇ ਖਜ਼ਾਨੇ ਦਾ ਕੰਮ ਸੌਂਪਿਆ। ਸਾਹਿਬ ਚੰਦ ਦਰਬਾਰੀ ਦੀਵਾਨ ਸੀ ਤੇ ਇਹ ਘਰਬਾਰੀ ਦੀਵਾਨ। ਇਸ ਦਾ ਪੁੱਤਰ ਗੁਰਬਖਸ਼ ਸਿੰਘ ਅੰਮ੍ਰਿਤਸਰ ਦਾ ਦਰੋਗਾ ਰਿਹਾ ਤੇ ਇਸ ਦਾ ਪੋਤਰਾ ਕੇਸਰ ਸਿੰਘ ਸੀ ਜਿਸ ਨੇ 'ਬੰਸਾਵਲੀਨਾਮਾ (1826 ਬਿ.) ਲਿਖਿਆ।

## ੮੧ ਆਲਮ ਸਿੰਘ

ਇਹ ਗੁਰੂ ਜੀ ਦਾ ਨਿਕਟਵਰਤੀ ਮੁਸਾਹਬ ਬਿਲਾਸੀ ਪੁਰਸ਼ ਸੀ ਜੋ ਕਿ ਦਬੁਰਜੀ ਉਦੋਕਰਨ ਜ਼ਿਲਾ ਸਿਆਲ ਕੋਟ ਦੇ ਭਾਈ ਦੁਰਗੂ ਦਾ ਪੁੱਤਰ ਸੀ। ਇਸ ਦੇ ਹੋਰ ਭਰਾਤਾ-ਗੁਰਦਾਸ ਸਿੰਘ ਤੇ ਵੀਰ ਸਿੰਘ ਸਿੰਘ ਵੀ ਗੁਰੂ ਦੀ ਸੇਵਾ ਵਿਚ ਰਹਿੰਦੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਇਸੇ ਸ਼ਸਤ੍ਰ ਵਿਦਿਆ ਸਿਖਾਈ। ਇਸ ਨੇ ਚਮਕੌਰ ਵਿਚ ਸ਼ਹੀਦੀ ਪਾਈ।*

## ੮੨ ਨਾਨੂ ਰਾਇ

ਇਹ ਦਿਲਵਾਲੀ ਮਹੱਲੇ ਦਿਲੀ ਦਾ ਰਹਿਣ ਵਾਲਾ ਦਰਜ਼ੀ ਸਿਖ ਸੀ ਜੋ ਕਿ ਭਾਈ ਬਾਘੇ ਦਾ ਪੁੱਤਰ ਸੀ। ਇਸਦਾ ਵਡੇਰਾ ਭਾਈ ਕਲਿਆਣਾ ਹੋਇਆ ਜਿਸਦੇ ਨਾਂ ਤੇ 'ਭਾਈ ਕਲਿਆਣੇ ਦੀ ਧਰਮਸਾਲਾ' ਦਿਲੀ ਬਣੀ ਹੋਈ ਸੀ ਤੇ ਜਿਥੇ ਗੁਰੂ ਤੇਗ ਬਹਾਦਰ ਆਉਂਦੇ ਜਾਂਦੇ ਟਿਕਦੇ ਸਨ। ਭਾਈ ਨਾਨੂ ਨੌਂਵੇ ਸਤਿਗੁਰਾਂ ਦਾ ਸੀਸ ਚਾਂਦਨੀ ਚੌਕ ਤੋਂ ਉਠਾਕੇ ਲਿਆਇਆ ਤੇ ਫਿਰ ਭਾਈ ਜੈਤੇ ਤੇ ਊਦੇ ਨੂੰ ਨਾਲ ਲੈ ਕੇ ਸੀਸ ਅਨੰਦਪੁਰ ਪਹੁੰਚਾਇਆ। ਇਸ ਪਿਛੋਂ ਇਹ ਗੁਰੂ ਦਰਬਾਰ ਵਿਚ ਹੀ ਰਿਹਾ। ਇਸਦੇ ਪੁੱਤਰ ਘਰਬਾਰਾ

*ਆਲਮ ਸਿੰਘ ਧਰੇ ਸਭ ਆਯੁਧ, ਜਾਤ ਜਿਸੈ ਰਜਪੂਤ ਭਲੇਰੀ
ਖਾਸ ਮੁਸਾਹਬ ਦਾਸ ਗੁਰੂ ਕੋ, ਪਾਸ ਰਹੈ ਨਿਤ ਸ੍ਰੀ ਮੁਖ ਹੇਰੀ
ਬੋਲਣ ਕੇਰ ਬਿਲਾਸ ਕਰੇ, ਜਹਿੰ ਸੰਗ ਸਖਾ ਕਰੁਣਾ ਬਹੁਤੇਰੀ।
[ਗੁਰ ਪ੍ਰਤਾਪ ਸੂਰਯ



Digitized by Panjab Digital Library | www.panjabdigilib.org

ਸਿੰਘ ਤੇ ਦਰਬਾਰਾ ਸਿੰਘ ਸਨ । ਘਰਬਾਰਾ ਸਿੰਘ 31 ਭਾਦੋਂ 1757 ਬਿ. ਨੂੰ ਅਗਮਪੁਰੇ ਪਹਾੜੀ ਰਾਜਿਆਂ ਨਾਲ ਜੂਝਦਾ ਸ਼ਹੀਦੀ ਪਾ ਗਿਆ ਸੀ ਤੇ ਦਰਬਾਰਾ ਸਿੰਘ ਬੰਦਾ ਬਹਾਦਰ ਤੋਂ ਪਿਛੋਂ, ਨਵਾਬ ਕਪੂਰ ਸਿੰਘ ਤੋਂ ਪਹਿਲਾਂ ਖਾਲਸਾ ਪੰਥ ਦੀ ਜਥੇਦਾਰੀ ਕਰਦਾ ਰਿਹਾ, ਇਸਨੂੰ ਇਤਿਹਾਸ ਵਿਚ 'ਦੀਵਾਨ ਦਰਬਾਰਾ ਸਿੰਘ' ਕਰਕੇ ਲਿਖਿਆ ਹੈ ।

ਭਾਈ ਨਾਨੂ ਸਿੰਘ ਨੇ ਚਮਕੌਰ ਵਿਚ ਸ਼ਹੀਦੀ ਪਾਈ ।

ਇਸ ਦਾ ਵੱਡਾ ਭਰਾਤਾ ਗੁਰਬਖਸ਼ ਰਾਇ, ਰਾਮਰਾਇ ਦੀ ਥਾਂ ਗੱਦੀਦਾਰ ਬਣਿਆ ਤੇ ਇਸ ਦੇ ਛੋਟੇ ਭਰਾਤਾ ਸੈਣਾ ਸਿੰਘ ਨੇ 'ਸ੍ਰੀ ਗੁਰ ਸ਼ੋਭਾ' ਗ੍ਰੰਥ ਲਿਖਿਆ ।

## ੮੩ ਨੰਦ ਚੰਦ

ਇਹ ਡਰੋਲੀ ਨਿਵਾਸੀ ਉਮਰਸ਼ਾਹ ਦਾ ਪੋਤਾ ਸੀ ਤੇ ਕਿਸੇ ਸਮੇਂ ਗੁਰੂ ਸਾਹਿਬ ਦਾ ਦੀਵਾਨ ਵੀ ਰਿਹਾ ਸੀ । ਜੁੱਧ ਕਲਾ ਵਿਚ ਵੀ ਚੰਗੀ ਮੁਹਾਰਤ ਰਖਦਾ ਸੀ, ਭੰਗਾਣੀ ਦੇ ਜੰਗ ਵਿਚ ਇਸ ਚੰਗੇ ਜੌਹਰ ਦਿਖਾਏ ਸਨ । ਕਈ ਵਾਰ ਇਹ ਪਹਾੜੀ ਰਾਜਿਆਂ ਨਾਲ ਗੱਲ ਬਾਤ ਕਰਨ ਲਈ ਗੁਰੂ ਜੀ ਦਾ ਦੂਤ ਬਣਕੇ ਜਾਂਦਾ ਰਿਹਾ ।

## ੮੪ ਦਯਾਰਾਮ ਪਰੋਹਤ

ਇਹ ਗੁਰੂ ਘਰ ਦਾ ਖਾਨਦਾਨੀ ਪਰੋਹਤ ਸੀ ਤੇ ਇਸਦਾ ਪਿਤਾ ਜਾਤੀ ਮਲਕ ਵੀ ਗੁਰੂ ਹਰਿਗੋਬਿੰਦ ਜੀ ਦੀ ਸੇਵਾ ਵਿਚ ਰਿਹਾ ਸੀ । ਭੰਗਾਣੀ ਦੀ ਜੰਗ ਵਿਚ ਇਹ ਮੋਹਰੇ ਹੋ ਕੇ ਲੜਿਆ । ਇਹ ਦਾਨਾ ਪੁਰਸ਼ ਗੁਰੂ ਦਰਬਾਰ ਦੀ ਨੀਤੀ ਵਿਚ ਸਮੇਂ ਸਮੇਂ ਯੋਗ ਹਿੱਸਾ ਪਾਉਂਦਾ ਰਿਹਾ ।

## ੮੫-੮੯ ਪੰਜ ਨਿਰਮਲੇ ਵਿਦਵਾਨ

ਸਿਖਾਂ ਦੀ ਨਿਰਮਲਾ ਸੰਪ੍ਰਦਾਇ ਦੀ ਰਵਾਇਤ ਅਨੁਸਾਰ ਜਦੋਂ ਪੰ: ਰਘੁਨਾਥ ਨੇ ਗਰੀਬ ਕਿਰਤੀ ਸਿਖਾਂ ਨੂੰ ਸ਼ੂਦ੍ਰ ਕਹਿਕੇ ਸੰਸਕ੍ਰਿਤ ਪੜ੍ਹਾਉਣੋਂ ਇਨਕਾਰ ਕਰ ਦਿਤਾ ਤਾਂ ਗੁਰੂ ਜੀ ਨੇ ਪੰਜ ਚੋਣਵੇਂ ਨੌਜੁਆਨ—ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਤੇ ਸ਼ੋਭਾ ਸਿੰਘ (ਜਾਂ ਸੈਣਾ ਸਿੰਘ) ਨੂੰ 1743 ਬਿ: ਵਿਚ ਪਾਉਂਟੇ ਤੋਂ ਕਾਂਸ਼ੀ ਪੜ੍ਹਨ ਭੇਜਿਆ । ਇਹ ਭੁਜੰਗੀ ਪੰ: ਸਦਾਨੰਦ ਤੋਂ ਵਿਦਿਆ ਪੜ੍ਹਦੇ ਰਹੇ । ਇਹ ਚੂੰਕਿ ਭਗਵਾ ਨਹੀਂ ਸੀ ਪਹਿਨਦੇ, ਸਫੈਦ ਬਸਤ੍ਰਧਾਰੀ ਵਿਦਿਆਰਥੀ ਸਨ ਇਸ ਕਰਕੇ ਇਨ੍ਹਾਂ ਦੀ ਸੰਗਿਆ 'ਨਿਰਮਲੇ' ਹੋ ਗਈ । ਖਾਲਸਾ ਪਦ ਦਾ ਪ੍ਰਯਾਯਵਾਚੀ ਸੰਸਕ੍ਰਿਤ ਪਦ 'ਨਿਰਮਲ' ਹੀ ਹੈ, ਸ਼ਾਇਦ ਇਸ ਕਰਕੇ ਵੀ ਇਹ ਨਾਂ ਪਿਆ । ਜਦੋਂ ਇਹ ਵਿਦਵਾਨ ਪੜ੍ਹਕੇ ਵਾਪਸ ਪਰਤੇ ਤਾਂ ਇਨ੍ਹਾਂ ਦੇ ਕਰਮ ਖੇਤਰ ਦਾ ਕੋਈ ਵੇਰਵਾ ਨਹੀਂ ਮਿਲਦਾ ਤੇ ਨਾ ਹੀ ਇਨ੍ਹਾਂ ਦੀ ਰਚੀ ਕਿਸੇ ਪੁਸਤਕ ਦਾ ਪਤਾ ਚਲਦਾ ਹੈ । ਕਰਮ ਸਿੰਘ ਬਾਰੇ ਪ੍ਰਸਿਧ ਹੈ ਕਿ ਇਹ ਗੁਰੂ ਦਰਬਾਰ ਵਿਚ ਉਪਨਿਸ਼ਧਾਂ ਦੀ ਕਥਾ ਕਰਿਆ ਕਰਦਾ ਸੀ ਤੇ



Digitized by Panjab Digital Library | www.panjabdigilib.org

ਨਦੇੜ ਤਕ ਗੁਰੂ ਸਾਹਿਬ ਨਾਲ ਗਿਆ ਸੀ। ਇਹ ਬਰਨਾਲੇ ਵਾਲੀ ਸੰਪ੍ਰਦਾ ਦਾ ਮੋਢੀ ਦੱਸਿਆ ਜਾਂਦਾ ਹੈ ਤੇ ਸ਼ੋਭਾ ਸਿੰਘ, ਖਾਰਾ ਮਾਂਗਟ ਵਾਲੀ ਗੱਦੀ ਦੇ ਸੰਚਾਲਕ ਸਨ । ਭਾਈ ਵੀਰ ਸਿੰਘ, ਭਾਈ ਗੁਰਦਾਸ ਅਤੇ ਭਾਈ ਆਲਮ ਸਿੰਘ ਨੱਚਣਾ ਦੇ ਵੱਡੇ ਭਾਈ ਸਨ, ਇਹ ਚਮਕੌਰ ਦੀ ਰਣ ਭੂਮੀ ਵਿਚ ਸ਼ਹੀਦ ਹੋ ਗਏ ਸਨ । ਰਾਮ ਸਿੰਘ ਬੁਘੇਆਣੇ ਦਾ ਸੀ ਤੇ ਪੰਜ ਮੁਕਤਿਆਂ ਵਿਚ ਵੀ ਸ਼ਾਮਲ ਸੀ ।

## ਪੰਜ ਪਿਆਰੇ

ਇਹ ਉਹ ਪੰਜ ਸਿਖ ਸਨ ਜਿਨ੍ਹਾਂ ਗੁਰੂ ਜੀ ਦੀ ਮੰਗ ਤੇ 1756 ਬਿ: ਦੀ ਵਿਸਾਖੀ ਨੂੰ ਅਪਣੇ ਸੀਸ ਭੇਟ ਕਰਕੇ ਅੰਮ੍ਰਿਤ ਪਾਨ ਕੀਤਾ ਅਤੇ ਫਿਰ ਇਨ੍ਹਾਂ ਪੰਜਾਂ ਤੋਂ ਗੁਰੂ ਸਾਹਿਬ ਨੇ ਪਾਹੁਲ ਲਈ । ਇਹ ਪੰਜ ਸਨ—ਭਾ. ਦਯਾ ਸਿੰਘ, ਭਾ. ਧਰਮ ਸਿੰਘ, ਭਾ.ਹਿੰਮਤ ਸਿੰਘ, ਭਾ. ਮੁਹਕਮ ਸਿੰਘ ਤੇ ਭਾ. ਸਾਹਿਬ ਸਿੰਘ । ਇਨ੍ਹਾਂ ਪੰਜ ਪਿਆਰਿਆਂ ਦਾ ਗੁਰੂ ਦਰਬਾਰ ਵਿਚ ਬੜਾ ਆਦਰ ਸੀ, ਭਾ. ਦਯਾ ਸਿੰਘ ਜੀ ਦਾ ਅਸੀਂ ਵੱਖ (ਨੰ: ੪) ਜ਼ਿਕਰ ਕਰ ਹੀ ਚੁਕੇ ਹਾਂ । ਭਾ. ਧਰਮ ਸਿੰਘ ਹਸਤਨਾ ਪੁਰ ਨਿਵਾਸੀ ਜੱਟ ਸਨ, ਦੇਹਾਂਤ ਨਦੇੜ ਹੋਇਆ । ਹਿੰਮਤ ਸਿੰਘ (ਜਾਤਿ ਝੀਂਵਰ). ਮੁਹਕਮ ਸਿੰਘ (ਜਾਤਿ ਛੀਂਬਾ) ਤੇ ਸਾਹਿਬ ਸਿੰਘ (ਜਾਤਿ ਨਾਈ) ਤਿੰਨਾਂ ਚਮਕੌਰ ਸ਼ਹੀਦੀ ਪਾਈ ।

## ਪੰਜ ਮੁਕਤੇ

ਪੰਜ ਪਿਆਰਿਆਂ ਪਿਛੋਂ ਅੰਮ੍ਰਿਤ ਪਾਨ ਕਰਨ ਵਾਲੇ ਬੁਧਿਮਾਨ ਬਿਬੇਕੀ ਸਿਖ -ਰਾਮ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਤੇ ਫਤਿਹ ਸਿੰਘ – 'ਪੰਜ ਮੁਕਤੇ' ਕਹਾਉਂਦੇ ਹਨ । ਦਰਅਸਲ ਇਹ ਖਾਲਸਾ-ਵਿਧਾਨ ਤਿਆਰ ਕਰਨ ਵਾਲੀ ਬਿਬੇਕੀਆਂ ਦੀ ਕੌਂਸਲ ਸੀ, ਇਨ੍ਹਾਂ ਦੇ ਸਲਾਹ ਮਸ਼ਵਰੇ ਨਾਲ ਹੀ ਭਾਈ ਚੌਪਾ ਸਿੰਘ ਜੀ ਨੇ ਪਹਿਲਾ ਰਹਿਤਨਾਮਾ ਤਿਆਰ ਕੀਤਾ ਸੀ। ਜਦ ਵੀ ਕੋਈ ਧਾਰਮਿਕ ਸਿਧਾਂਤ ਦੀ ਗੱਲ ਛਿੜਦੀ ਤਾਂ ਗੁਰੂ ਸਾਹਿਬ ਇਨ੍ਹਾਂ ਨੂੰ ਸੌਂਪਦੇ, ਸਤਿਗੁਰਾਂ ਦਾ ਮੁਹਾਵਰਾ ਸੀ—'ਮੁਕਤੇ ਮੇਰੇ ਪ੍ਰਾਨ, ਜੋ ਕਰਨ ਸੋ ਪਰਵਾਨ ।'ਭਾਈ ਕੇਸਰ ਸਿੰਘ ਛਿੱਬਰ ਨੇ ਚੌਦਾਂ ਮੁਕਤੇ ਲਿਖੇ ਹਨ,ਭਾਈ ਕੁਇਰ ਸਿੰਘ ਕਲਾਲ ਨੇ ਪੰਝੀ । ਜਾਪਦਾ ਹੈ ਕਿ ਇਹ ਗਿਣਤੀ ਵਧ ਘਟ ਹੁੰਦੀ ਰਹੀ ਹੈ ਪਰ ਮੁਖ ਪੰਜ ਹੀ ਸਨ ।*

ਰਹਿਤਨਾਮਾ ਭਾ. ਪ੍ਰਹਿਲਾਦ ਸਿੰਘ ਦੇ ਇਕ ਹੱਥ-ਲਿਖਤ ਖਰੜੇ ਵਿਚ ਲਿਖਿਆ ਹੈ ਕਿ ਰਾਮ ਸਿੰਘ ਤੇ ਦੇਵਾ ਸਿੰਘ ਬੁਘੇਆਣੇ ਦੇ ਸਨ, ਟਹਿਲ ਸਿੰਘ ਤੇ ਈਸ਼ਰ ਸਿੰਘ ਡੱਲਵਾਂ ਦੇ ਅਤੇ ਫਤਿਹ ਸਿੰਘ ਖੁਰਦ ਪੁਰ ਮਾਂਗਟ ਦਾ ਵਸਨੀਕ ਸੀ ।

---

* ਮਹਾਨ ਕੋਸ਼, ਪੰਨਾ 2133

† ਦੇਵਾ ਸਿੰਘ ਰਾਮ ਸਿੰਘ ਧੀਰ । ਟਹਿਲ ਸਿੰਘ ਈਸ਼ਰ ਸਿੰਘ ਬੀਰ ।
ਫਤੇ ਸਿੰਘ ਪਾਂਚੋ ਇਹ ਭਏ । ਮੁਕਤੇ ਨਾਮ ਗੁਰੂ ਕਹਿ ਦਏ । [ਗੁ. ਪ੍ਰ. ਸੂ. ਰੁਤ 3, ਅੰਸੂ 20



Digitized by Panjab Digital Library | www.panjabdigilib.org

ਦੂਜਾ ਭਾਗ

# ਲੱਖੀ ਜੰਗਲ ਦਾ ਕਵੀ ਦਰਬਾਰ

ਅਨੰਦਪੁਰ-ਤਿਆਗ ਬਾਦ ਜੋ ਕੀਰਤਨ ਦੀਆਂ ਗੁੰਜਾਰਾਂ, ਢਾਡੀਆਂ ਦੀਆਂ ਵਾਰਾਂ ਤੇ ਕਵੀਆਂ ਦੀ ਕਾਵਿ ਫੁਹਾਰਾਂ ਪਈਆਂ ਤਾਂ ਇਹ ਮਾਲਵੇ ਦਾ ਲੱਖੀ ਜੰਗਲ ਸੀ। ਗੁਰੂ ਸਾਹਿਬ ਨੇ ਇਥੇ ਹੀ ਉਚੀ 'ਸੱਦ' ਉਚਾਰੀ —

'ਸੁਣ ਕੈ ਸੱਦੁ ਮਾਹੀ ਦਾ ਮੇਹੀਂ, ਪਾਣੀ ਘਾਹੁ ਮੁਤੋ ਨੇ
ਕਿਸੈ ਨਾਲਿ ਨ ਰਲੀਆ ਕਾਈ, ਕੋਹੋ ਸ਼ਉਕ ਪਯੋ ਨੇ
ਗਇਆ ਫਿਰਾਕੁ ਮਿਲਿਆ ਮਿਤ ਮਾਹੀ, ਤਾਂਹੀ ਸ਼ੁਕਰ ਕੀਤੋ ਨੇ।'*

ਇਸ ਤੋਂ ਬਾਦ ਕਈ ਕਵੀਆਂ ਮਾਝਾਂ ਸੁਣਾਈਆਂ ਜਿਨ੍ਹਾਂ ਵਿਚੋਂ ਕੁਝ ਕੁ ਦਾ ਬਿਉਰਾ ਅੱਗੇ ਦਿਤਾ ਜਾ ਰਿਹਾ ਹੈ।

* ਲੱਖੀ ਜੰਗਲ ਖਾਲਸਾ ਦੀਦਾਰੁ ਆਨਿ ਲਗਾ, ਤਬ ਉਚਾਰ ਹੋਇਆ।

Digitized by Panjab Digital Library | www.panjabdigilib.org

## ੯੯ ਬਿਹਾਰੀ

ਬਿਹਾਰੀ, ਉਦਾਸੀਆਂ ਦੀ ਦੀਵਾਨਾ ਸੰਪ੍ਰਦਾ ਦਾ ਮੁਖੀਆ ਸਾਧੂ ਸੀ। ਇਹ ਜੰਮ ਪਲ ਤਾਂ ਭਾਗੀ ਬਾਂਦਰ ਦਾ ਸੀ ਪਰ ਮਹੰਤ ਸੀ ਕੋਟਪੀਰ ਯਾ ਕੋਟ ਸ਼ਮੀਰ ਦੀ ਗੱਦੀ ਦਾ ਅਜ ਤੋਂ ਸੌ ਸਾਲ ਪਹਿਲਾਂ 'ਤਹਿਕੀਕਾਤਿ ਚਿਸ਼ਤੀ' ਦੇ ਲੇਖਕ ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਆਪਣੀ ਕਿਤਾਬ ਵਿਚ ਉਸ ਸਮੇਂ ਧਰਮ ਸ਼ਾਲਾ ਸ੍ਰੀ ਚੰਦ (ਟਾਹਲੀ ਸਾਹਿਬ) ਲਾਹੌਰ ਦੇ ਮਹੰਤ ਪਾਸੋਂ ਪੁਛ ਕੇ ਉਦਾਸੀ ਸੰਪ੍ਰਦਾ ਦੀ ਪੀੜ੍ਹੀ ਲਿਖੀ ਸੀ। ਉਸ ਵਿਚ ਦਸਿਆ ਹੈ ਕਿ ਸ਼ਿਰੀ ਚੰਦ ਦਾ ਚੇਲਾ ਨਾਰਾਇਣ ਦਾਸ ਤੇ ਅੱਗੋਂ ਉਸ ਦੇ ਬਾਵਾ ਸੀਤਾ ਤੇ ਬਾਬਕ ਰਾਮ ਦੋ ਚੇਲੇ ਹੋਏ। ਇਸ ਤੋਂ ਬਾਦ ਬਾਵਾ ਸੀਤਾ ਦੇ ਤਿੰਨ ਚੇਲੇ ਸਨ—ਭਾਈ ਭਾਈ ਬੂੜਾ, ਅਮਰ ਦਾਸ ਤੇ ਦੀਵਾਨਾ ਰਾਮ ਬਿਹਾਰੀ।

ਸੋ ਜਾਪਦਾ ਹੈ ਰਾਮ ਬਿਹਾਰੀ ਹੀ ਇਹ ਕਵੀ ਹੈ ਜਿਸ ਦੇ ਨਾਮ ਨਾਲ ਦੀਵਾਨਾ ਅੱਲ ਜੁੜ ਗਈ ਸੀ। ਮਾਲੂਮ ਹੁੰਦਾ ਹੈ ਇਹ ਪਹਿਲੇ ਲਾਹੌਰ ਵਲ ਰਿਹਾ ਤੇ ਫਿਰ ਮਾਲਵੇ ਵਿਚ ਦੀਵਾਨਾ ਸੰਪ੍ਰਦਾ ਦਾ ਮੋਹਰੀ ਹੋਕੇ ਵਿਚਰਦਾ ਰਿਹਾ।

ਅਸਾਂ ਇਕ ਗੁਰਮੁਖੀ ਦੀ ਹਥ ਲਿਖਤ ਪੋਥੀ ਤੱਕੀ ਹੈ ਜਿਸ ਤੇ ਬਿਹਾਰੀ ਦੀਆਂ ਮਾਝਾਂ ਨਕਲ ਕਰਕੇ ਸੰਮਤ 1748 ਬਿ. ਪਿਆ ਹੋਇਆ ਹੈ। ਇਸ ਤੋਂ ਸਪਸ਼ਟ ਹੈ ਕਿ ਬਿਹਾਰੀ ਪੁਰਾਣਾ ਕਵੀ ਸੀ ਜੋ 1762 ਬਿ. ਵਿਚ ਗੁਰੂ ਸਾਹਿਬ ਨੂੰ ਲੱਖੀ ਜੰਗਲ ਵਿਚ ਮਿਲਿਆ।

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਲੱਖੀ ਜੰਗਲ' ਵਿਚ ਆਏ ਤਾਂ ਬਿਹਾਰੀ ਆਪਣੀ ਸਾਧੂ ਮੰਡਲੀ ਨਾਲ ਗੁਰਚਰਨਾਂ ਵਿਚ ਹਾਜ਼ਰ ਹੋਇਆ ਸੀ। ਦਰਸ਼ਨ ਪਰਸਨ ਨਾਲ ਇਸ ਦੇ ਜੀਵਨ ਵਿਚ ਅਜੇਹਾ ਪਲਟਾ ਆਇਆ ਕਿ ਇਹ ਦੀਵਾਨਾ, ਕੇਵਲ ਗੁਰੂ ਕਾ ਦੀਵਾਨਾ ਹੋ ਗਿਆ। ਜੈਸਾ ਕਿ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਇਸ ਗੁਰੂ ਦੇ ਇਸ਼ਕ ਵਿਚ ਰੰਗੀਆਂ ਮਾਝਾਂ ਵੀ ਸੁਣਾਈਆਂ। ਇਹ ਲੱਖੀ ਜੰਗਲ ਦੇ ਕਵੀ ਦਰਬਾਰ ਦਾ ਸ਼ਿਰੋਮਣੀ ਕਵੀ ਸੀ। ਇਸ ਦੀਆਂ ਮਾਝਾਂ ਮਿਲਦੀਆਂ ਹਨ। ਕਈ ਹਥਲਿਖਤਾਂ ਵਿਚ ਇਨ੍ਹਾਂ ਦਾ ਸਿਰਲੇਖ ਹੀ 'ਮਾਝਾਂ ਗੁਰੂ ਗੋਬਿੰਦ ਸਿੰਘ ਕੀਆਂ' ਹੈ।

ਮਾਝਾਂ—ਲਟਕ ਤੁਸਾਡੀ ਮੈਂ ਲੋਟਨ ਕੀਤੀ, ਫਿਰਾਂ ਲੁਟੀਂਦੀ ਰਾਹੀਂ
ਤਾਗਤਿ ਕਢਿ ਖੜੀ ਵਿਛੋੜੇ, ਮੈਂ ਕੱਤਾਂ ਕੈਂ ਦੀ ਬਾਹੀਂ

ਜਾਂ ਸਵਾਂ ਤਾਂ ਤੂੰ ਨਾਲੇ ਸਵੇਂ, ਜਾਂ ਚਲਨਾਂ ਉਠਿ ਰਾਹੀਂ
ਗੁਰੂ ਗੋਬਿੰਦ! ਜਬ ਭੀਤਰ ਦੇਖਾਂ, ਤੂੰ ਹੈ ਹੈਂ ਮੈਂ ਨਾਹੀਂ।



Digitized by Panjab Digital Library | www.panjabdigilib.org

ਦਰਦ ਪਿਆਰੇ ਦੇ ਘਾਇਲ ਕੀਤੀ, ਮਨ ਤਨ ਹੀ ਨਿਤ ਜਾਂਦੀ
ਕਰਿ ਕਰਿ ਰਹੀ ਇਲਾਜ ਘਨੇਰੇ, ਨਿਤ ਪੀੜ ਕਲੇਜਾ ਖਾਂਦੀ
ਪੀੜ ਕਲੇਜਿਓਂ ਨਿਕਲਿ ਵੈਂਦੀ, ਗੁੱਝੀ ਰਹੈ ਨੈਣਾਂ ਦੀ
ਗੋਬਿੰਦ ਸਿੰਘ ਪਿਆਰੇ, ਸੋ ਸਾਲਾਹੀਂ, ਜਿ ਲਹਿੰਦੇ ਖਬਰ ਦਿਲਾਂ ਦੀ ।

ਆਸ਼ਕ ਨਾਲਿ ਬਰੋਬਰਿ ਕੇਹੀ, ਜਿਸ ਧੜ ਹੈ ਸਿਰੁ ਨਾਹੀਂ
ਉਹ ਰਹਿਣ ਪਲਕਾਂ ਦੇ ਮਾਰੂ, ਜਿਉਂ ਸੂਰੇ ਰਣ ਮਾਂਹੀ
ਗਲੀਆਂ ਵਿਚ ਫਿਰੈਂ ਚੁਪ ਕੀਤੇ, ਤਲੀਆਂ ਭੜਕਨ ਭਾਹੀਂ
ਨਵੀਂ ਖੰਡੀਂ ਥਰਥਲ ਬਿਹਾਰੀ, ਜਾਂ ਆਸ਼ਕ ਕੱਢਣ ਆਹੀਂ ।

ਤੀਰਾਂ ਕੋਲੋਂ ਤਿਖੀਆਂ ਪਲਕਾਂ, ਜ਼ਾਲਮ ਕਰਨ ਤਕਬੀਰਾਂ
ਕਾਮਣਹਾਰੀ ਕਾਮਨ ਪਾਏ, ਏਹੁ ਤਨੁ ਕੀਤਾ ਲੀਰਾਂ
ਮਹਿਬੂਬਾਂ ਦੀ ਏਹਾ ਵਹਿਦਤ, ਲੂੰ ਲੂੰ ਦੇਂਦੀ ਸੀਰਾਂ
ਮਹਿਬੂਬਾਂ ਦੇ ਘਾਉ ਬਿਹਾਰੀ, ਸਹਿਣੇ ਪਏ ਫਕੀਰਾਂ ।

ਜਿਨਾਂ ਬਾਝਹੁੰ ਘੜੀ ਨ ਜੀਵਾਂ, ਹੁਣ ਉਨ ਕਉ ਭਏ ਮਹੀਨੇ
ਛਿਕ ਮਹਿਬੂਬਾਂ ਕੈਬਰ ਲਾਇਆ, ਗਰਕ ਗਇਆ ਵਿਚ ਸੀਨੇ
ਆਹੀਂ ਨਾਲਿ ਨ ਨਿਕਲਿ ਵੈਂਦਾਂ, ਸੁੰਞੇ ਜੀਅ ਕਮੀਨੇ
ਤਨ ਦੀਆਂ ਤਪਤਾਂ ਮਿਟਨ ਬਿਹਾਰੀ, ਜਾਂ ਮਿਲਸਨ ਯਾਰ ਨਗੀਨੇ ।

ਸਾਰ ਸਮਾਲ ਸਵਾਂ, ਗੁਣ ਤੈਂਡੇ, ਮੈਂਨੂੰ ਸੁੱਤਿਆਂ ਸਵਣ ਨ ਦੇਂਦੇ
ਲੋਕ ਜਾਣੈ ਏਹੁ ਦੁਵੈਂ ਜੁੜੀਆਂ, ਮੈਂਨੂੰ ਤੱਤੇ ਤਾਇ ਤਵੈਂਦੇ
ਸਿੰਨ੍ਹਿਆਂ ਹੋਇਆ ਕੱਖਾਂ ਵਾਂਗੂ ਧੁਖ ਧੁਖਿ ਢਾਂਢਿ ਬਲੇਂਦੇ
ਕਹੁ ਗੋਬਿੰਦ ਸਿੰਘ ! ਨੈਣਾਂ ਦੀ ਗੱਲ, ਰੋਇ ਦੇਂਦੇ ਪਰ ਨਾਲਿ ਨ ਵੈਂਦੇ ।

ਜਾਂ ਹੱਸੇ ਤਾਂ ਮਿਠਾ ਲਗੈ, ਰੁਸੈ ਤਾਂ ਖਰਾ ਪਿਆਰਾ
ਜਿਉਂ ਜਿਉ ਬੂੰਦ ਪੀਵਤ ਹੈ ਚਾਤ੍ਰਿਕ, ਸੀਤਲ ਹੋਇ ਮੰਝਾਰਾ
ਜਾਂ ਦਿਸੇ ਤ ਚਾਨਣ, ਥੀਵਹਿ, ਬਿਨੁ ਡਿਠਿਆਂ ਅੰਧਿਆਰਾ
ਅੱਖੀਂ ਕਣ ਨ ਸਹਿਨ ਬਿਹਾਰੀ, ਵਿਚਿ ਮਿਤ੍ਰੁ ਸਮਾਵੈ ਸਾਰਾ ।

ਖੜੀ ਨਿਹਾਲੀਂ ਵਾਟ ਮਿਤ੍ਰਾਂ ਦੀ, ਜੋ ਕੋਈ ਆਖੈ ਆਵੈ
ਸਾਰਾ ਦਿਹੁ ਨਿਹਾਰਦੇ ਗੁਜ਼ਰੇ, ਮੈਕੂੰ ਦੁਖੀਂ ਰੈਣਿ ਬਿਹਾਵੈ
ਜਿਸ ਕੰਮ ਨੂੰ ਮੈਂ ਹਥ ਲਗਾਈ ; ਓ ਕੰਮ ਖਾਵਣ ਧਾਵੈ
ਸ਼ਾਂਤਿ ਮਿਲਨ ਸੁ ਲੁੜੀਂਦੇ ਸੱਜਣ, ਸਾਡੀ ਤਾਂ ਦਿਲਗੀਰੀ ਜਾਵੈ ।



Digitized by Panjab Digital Library | www.panjabdigilib.org

ਦਿਤੀ ਕੰਡ ਨ ਜਾਹੁ ਪਿਆਰਿਆ, ਮੈਂ ਤੇਰੇ ਦਰਦ ਰੰਵਾਣੀ
ਘੰਡਾ ਹੇੜੇ ਦੀ ਹਰਨੀ ਵਾਂਗੂ, ਬਾਣ ਗਰਕ ਗਇਆ ਸਣ ਕਾਨੀ
ਤਾਗਤਿ ਕੱਢਿ ਖੜੀ ਵਿਛੋੜੇ, ਮੈਂ ਤੁਟੀ ਫਿਰਾਂ ਪਰਾਣੀ
ਗਲ ਵਿਚ ਪੱਲੂ ਸਤਿਗੁਰ ਵਾਲਾ, ਮੈਂ ਅਰਦ ਬਾਜ਼ਾਰ ਵਿਕਾਣੀ ।

ਯਾਰ ਯਾਰਾਂ ਕੋਲੋਂ ਵਿਦਿਆ ਮੰਗਦੇ, ਆਖ ਦਿਖਾ ਕਿਆ ਕਰੀਐ
ਸਿਰ ਨੂੰ ਕਟਿ ਰਿਸਾਲੁ ਬਣਾਈਐ ਪੇਸ਼ ਮਿਤ੍ਰਾਂ ਦੀ ਧਰੀਐ
ਜੇ ਸਿਰ ਦਿਤੇ ਰਾਜ਼ੀ ਥੀਵਨ, ਸਿਰ ਦੇਂਦਿਆਂ ਕਿਉਂ ਡਰੀਐ
ਸਿਰ ਸਦਕੇ ਕੁਰਬਾਣ ਬਿਹਾਰੀ, ਜੇ ਵਿਚ ਨਿਗਾਹ ਦੇ ਮਰੀਐ ।

ਮਨ ਮਹਿਤਾਬੁ ਜੋਤਿ ਤਿਨ੍ਹਾਂ ਨੂੰ, ਅੱਖੀਂ ਬਲਨ ਮਸਾਲਾਂ
ਜਿਨ੍ਹਾਂ ਸਾਡਾ ਮਨੁ ਤਨੁ ਲੀਤਾ, ਬਾਝੁ ਤਿਨਾਂ ਕਿਉਂ ਜਾਲਾਂ
ਲਗੀ ਮੁਹੱਬਤਿ ਪਿਆ ਵਿਛੋੜਾ, ਪਲ ਪਲ ਤੂੰਹੀ ਸਮਾਲਾਂ
ਆਹੀਂ ਦੇ ਲਿਖ ਲੇਖ ਬਿਹਾਰੀ, ਦਰਗਹਿ ਜਾਇ ਦਿਖਾਲਾਂ ।

ਨਿਕੜਿਆਂ ਹੋਦਿਆਂ ਦੀ ਪਈ ਮੁਹੱਬਤਿ, ਹੋਈ ਬੰਦ ਦਿਲਾਂ ਨੂੰ
ਸਿੱਕਨ ਅੱਖੀਂ ਤੇ ਮਨ ਝੂਰੇ, ਮਿਤਰਾਂ ਵਿਛੁੜਿਆਂ ਨੂੰ
ਰਤਿਆਂ ਹੋਇਆਂ ਦਿਲਾਂ ਵਿਛੋੜਨ, ਪਉਸੀ ਸਬਰ ਤਿਨ੍ਹਾਂ ਨੂੰ
ਜੀਵਦਿਆਂ ਨ ਮਿਲਨ ਬਿਹਾਰੀ, ਕੀ ਕਰਸਨ ਯਾਦ ਮੁਇਆਂ ਨੂੰ ।

ਆਸ਼ਕ ਮਾਣੂੰ ਰਹੈ ਨ ਗੁੱਝਾ, ਜੇ ਸਤਰ ਮੈਲਾ ਹੋਵੈ
ਮਾਰਿਆ ਗਰਜ਼ ਫਿਰੈ ਡੁਗਲਾਂਦਾ, ਤਨ ਝੂਰੈ ਮਨ ਰੋਵੈ
ਜਿਥੇ ਨਜ਼ਰ ਚੰਗੇਰੀ ਹੋਵੈ, ਉਥੇ ਜਾਇ ਖੜੋਵੈ
ਉਸ ਆਸ਼ਕ ਨੂੰ ਮੈਲ ਨ ਲਗੈ, ਜੁ ਹੱਡ ਪਲੀਤ ਨ ਹੋਵੈ ।

ਤੂ ਲਿਖਕੈ ਪਤੀਆ ਲੈ ਆਇਓਂ (ਊਧੋ !) ਅਸੀਂ ਪ੍ਰੇਮ ਦਰਦ ਦੀਆਂ ਭਰੀਆਂ
ਤੂ ਬਿਦਰਦੁ ਤੈਨੂੰ ਦਰਦ ਨ ਕੋਈ, ਅਸੀਂ ਕਵਨੁ ਵਖਤੁ ਦੀਆਂ ਖੜੀਆਂ
ਮੁਰਲੀ ਵਾਲੇ ਵਸ ਕਰਿ ਲੀਤੀਆਂ, ਸਿਰ ਪਾਇ ਪ੍ਰੇਮ ਕੀਆ ਜੜੀਆਂ
ਸੇ ਕਿਉ ਮਲਨ ਬਿਭੂਤ ਬਿਹਾਰੀ, ਜਿਨਿ ਸਿਰ ਸੁਹਾਗ ਦੀਆਂ ਧੜੀਆਂ ।

ਪੀਰਾਂ ਬਾਝੁ ਮੁਰੀਦ ਨ ਸੋਹਨ, ਥੰਮਾਂ ਬਾਝੁ ਨ ਕੜੀਆਂ
ਪੁਤ੍ਰਾਂ ਬਾਝੁ ਨ ਸੋਹਨ ਮਾਵਾਂ, ਲਖ ਹੀਰੇ ਮੋਤੀ ਜੜੀਆਂ
ਕੰਤਾਂ ਬਾਝੁ ਨ ਸੋਹਨ ਨਾਰੀ, ਤੋੜੇ ਹੋਵਨਿ ਹੂਰਾਂ ਪਰੀਆਂ
ਸੇ ਕਿਉਂ ਮਲਨ ਬਿਭੂਤਿ ਬਿਹਾਰੀ,ਜਿਨਿ ਸਿਰ ਸੁਹਾਗ ਦੀਆਂ ਧੜੀਆਂ ।



Digitized by Panjab Digital Library | www.panjabdigilib.org

ਜਿਉਂ ਜਿਉਂ ਜਾਨੀ ਮੈਨੂੰ ਚਲਣੁ ਸੁਣਏ, ਤਿਉਂ ਤਿਉਂ ਸੋਗ ਭਰੀਵਾਂ
ਇਸੇ ਸੋਗ ਤੁਸਾਡੇ ਕੋਲਹੁੰ, ਨ ਮੈ ਮਰਾਂ ਨ ਜੀਵਾਂ
ਅੰਦਰਿ ਪਾਟਿ ਥੀਆ ਟਵੀਰਾ, ਟੁਕ ਟੁਕ ਕੇਹੜਾ ਸੀਵਾਂ
ਮੈਨੂੰ ਲੈ ਚਲ ਨਾਲਿ ਬਿਹਾਰੀ, ਤੇਡੇ ਖ਼ਿਦਮਤਦਾਰ ਸਦੀਵਾਂ ।

ਖਾਸੇ ਬਾਝੁ ਨ ਰਹਿਣ ਦਲਿਦ੍ਰੀ, ਜਿਉਂ ਸੂਮ ਨ ਰੱਜਦਾ ਮਾਲੋਂ
ਪਾਣੀ ਬਾਝੁ ਦਰਿਆਉ ਨ ਰੱਜਣ, ਜਿਉਂ ਦੂਖਤ ਨ ਰੱਜਦਾ ਟਾਲੋਂ
ਰਯਤਿ ਬਾਝੁ ਪਾਤਸ਼ਾਹ ਨ ਰੱਜਣ, ਜਿਉਂ ਫਿਕਰ ਨ ਰੱਜਦਾ ਹਾਲੋਂ
ਇਸ ਭਤਿ ਨਵਾਂ ਸਨੇਹੁ ਬਿਹਾਰੀ, ਨੈਣ ਨ ਰੱਜਣ ਭਾਲੋਂ ।

ਭੁਖ ਜੇਡ ਜ਼ਹਮਤਿ ਨਹੀਂ ਕੋਈ, ਅੰਨ ਜੇਡੁ ਨਹੀਂ ਦਾਰੂ
ਕਾਮ ਜੇਡੁ ਕਮਲਾ ਨਹੀਂ ਕੋਈ, ਅੱਗੁ ਜੇਡੁ ਨਹੀ ਚਾਰੂ
ਪਉਣ ਜੇਡੁ ਕੋਈ ਧਾਵਾ ਨਾਹੀ, ਕਾਲ ਜੇਡੁ ਨਹੀਂ ਮਾਰੂ
ਪਾਪ ਜੇਡੁ ਕੋਈ ਡੂੰਘਾ ਨਾਹੀ, ਧਰਮ ਜੇਡੁ ਨਹੀਂ ਤਾਰੂ ।

ਆਸ਼ਕ ਆਸ਼ਕ ਸਭ ਕੋਈ ਆਖੇ, ਸਿਰ ਟੇਢੀ ਪਗੜੀ ਧਰ ਕੇ
ਸਿਰ ਥੇ ਪਰੇ ਸਿਦਕ ਕਾ ਡੇਰਾ, ਸਭ ਮੁੜ ਆਇਨਿ ਡਰ ਕੇ
ਮਾਣ ਮਣੀ ਤੇ ਖ਼ੁਦੀ ਤਕੱਬਰ, ਕੋਇ ਨ ਰਹਿਓ ਜਰ ਕੇ
ਸੱਜਣਾਂ ਦੇ ਉਚ ਮਹਿਲ ਬਿਹਾਰੀ, ਕੋਈ ਆਸ਼ਕ ਪਹੁਤਾ ਮਰ ਕੇ ।

ਮਿਹਨਤ ਕੀਤੀ ਸਫਲੀ ਸਾਈ, ਜੋ ਰਹੇ ਸਦਾ ਜੀ ਸੰਗੇ
ਜੋ ਪਦ ਪਾਇਨ ਅਸਥਿਰ ਹੋਵੇ ਸੋ ਕਿਉਂ ਫਿਰ ਫਿਰ ਮੰਗੇ
ਸਭ ਆਸਾਂ ਸਭ ਕਾਮਨਾ ਤਜ ਕਰਿ, ਆਤਮ ਹਰਿ ਰੰਗ ਰੰਗੇ
ਸੋਈ ਸਾਧ ਸੋ ਸੰਤ ਬਿਹਾਰੀ ਜਿਸ ਮਾਇਆ ਮੋਹ ਨ ਡੰਗੇ ।

ਜਿਨ੍ਹਾਂ ਅਦਲ ਮਨ ਉਪਰਿ ਕੀਤਾ, ਤਿਨ ਕਾ ਅਦਲ ਜਗ ਮੰਨੇ
ਜਿਸ ਕਾ ਮਨ ਆਪਣਾ ਹੈ ਮੂਰਖੁ ਤਿਸ ਸਿਖ ਕੋਈ ਨ ਘਿੰਨੇ
ਆਪ ਖਾਇ ਜੋ ਸਾਗ ਅਲੋਣਾ, ਸੋ ਦਾਨ ਕਿ ਦਏ ਸੁਵੰਨੇ
ਜੱਗੁ ਅਸੁਮੇਧੁ ਕਿਉਂ ਕਰੇ ਬਿਹਾਰੀ, ਜੋ ਆਪਿ ਦਰੇ ਦਰਿ ਪਿੰਨੇ ।

ਇਹ ਭਿ ਸਹਲ ਜਤਨ ਵਿਚਿ ਆਵੈ, ਪੜ੍ਹਿ ਵਿਦਿਆ ਲੋਕ ਰੀਝਾਵਣ
ਇਹ ਭਿ ਸਹਲ ਕਿਤਾਬਾਂ ਪੜ੍ਹਨਾ, ਪੜ੍ਹਿ ਫਾਜ਼ਲ ਨਾਉਂ ਧਰਾਵਣ
ਇਹ ਭਿ ਸਹਲ ਹੋਇ ਲੱਖ ਚੇਲੇ, ਪਿਛੇ ਆਪਣੇ ਲਾਵਣ
ਏਹਾ ਮੁਸ਼ਕਲ ਬਾਤ ਬਿਹਾਰੀ, ਪਾਪ ਛਡਿ ਸਾਈਂ ਵਲਿ ਆਵਣ ।



Digitized by Panjab Digital Library | www.panjabdigilib.org

ਉਠ ਉਦਮ ਤੈਥੋਂ ਸੋਈ ਥੀਸੀ, ਜੁ ਹੋਸੀ ਹੋਵਣਹਾਰੀ
ਅਣਹੋਣੀ ਨੂੰ ਕਰ ਕਰ ਥੱਕੇ, ਲੱਖੀ ਤੇ ਹਜ਼ਾਰੀ
ਜੇ ਤਾਂ ਤੈਨੂੰ ਧੰਨੀ ਲਿਖੀ, ਹੁਣ ਕਿਉਂ ਮੰਗਨਾ ਹੈਂ ਸਾਰੀ
ਹਉਮੈ ਛਡਿਹਿੰ ਤੇ ਹੋਣੀ ਪਕੜਹਿੰ, ਤਾਂ ਪ੍ਰਭੂ ਮਿਲੇ ਬਿਹਾਰੀ।

ਇਕ ਹੋਰ ਹਥ ਲਿਖਤ ਤੋਂ ਪ੍ਰਾਪਤ ਇਹ ਮਾਝਾਂ, ਬਿਨਾ ਨਾਮ ਦੇ ਹਨ, ਪਰ ਜਾਪਦੀਆਂ ਬਿਹਾਰੀ ਦੀਆਂ ਹੀ ਹਨ। ਇਨ੍ਹਾਂ ਵਿਚ ਦੇਖੋ, ਗੁਰੂ-ਪਿਆਰ ਕਿਵੇਂ ਡੁਲ੍ਹ ਡੁਲ੍ਹ ਪੈਂਦਾ ਹੈ—

ਜਿਨ੍ਹਾਂ ਪ੍ਰੇਮ ਤਿਨਾਹਾ ਚਾਨਣ, ਗ਼ਾਫਲ ਨੂੰ ਅੰਨ੍ਹੇਰਾ
ਚਾਨਣ ਬਾਝਹੁ ਸੁਰਤਿ ਨ ਪਉਂਦੀ, ਏ ਮਨ ਅੰਧਾ ਮੇਰਾ
ਜਿਥੇ ਅਣਮੁੱਲੇ ਲਾਲ ਵੰਡੀਦੇ, ਉਥੇ ਜਾਇ ਨ ਕੀਤੋ ਫੇਰਾ
ਤ੍ਰੈ ਸੈ ਸੱਠ ਜਵਾਬ ਮੰਗੇਸਨ, ਡੇਸੇਂ ਕੇਹੜਾ ਕੇਹੜਾ।

ਜਿਨ੍ਹੀ ਰਾਹੀਂ ਅਹਿਦੀਏ ਮੁੱਠੇ, ਅਸਾ ਰਾਹ ਤਿਤੇ ਵਲਿ ਜਾਣਾ
ਅਗੇ ਭਉਜਲ ਠਾਠੀਂ ਦੇਂਦਾ, ਮੇਰਾ ਸਤਿਗੁਰ ਹੋਗੁ ਮੁਹਾਣਾ
ਅਮਲਾਂ ਬਾਝਹੁੰ ਪਾਰ ਨ ਪਉਸੀ, ਹੋਸੀ ਜੀਉ ਨਿਮਾਣਾ
ਮਸਲਤਿ ਗੁਰ ਗੋਬਿੰਦ ਅਸਾਡਾ, ਜਿਨ ਕੀਤਾ ਮਨ ਦਾ ਭਾਣਾ।

ਚਾਦਰ ਮੈਲੀ ਤੇ ਸਾਬੁਣ ਥੋਰਾ, ਜਦ ਦੇਖਾਂ ਤਦ ਰੋਵਾਂ
ਬਹੁਤੇ ਦਾਗ ਲਗੇ ਤਨ ਮੇਰੇ, ਕੇਹੜਾ ਕੇਹੜਾ ਧੋਵਾਂ
ਦਾਗਾਂ ਦੀ ਕੋਈ ਕੀਮਤ ਨਾਹੀਂ, ਮੈਂ ਕਿਉਂ ਕਰ ਹੱਛੀ ਹੋਵਾਂ
ਸ੍ਰੀ ਸਾਹਿਬ ਮੈਨੂੰ ਦਰਸ਼ਨ ਦੇਵੇ, ਮੈਂ ਸੱਚੇ ਸਾਬੁਣ ਧੋਵਾਂ।

ਕਿਸਟਵਾੜ* ਦਾ ਕੇਸਰ ਹੋਆਂ, ਮੈਂ ਫੁਲਾਂ ਵਾਂਙੁ ਚੁਣੀਵਾਂ
ਭਉਰ ਪਸਾਰੀ ਦੇ ਡੱਬੇ ਪਉਸਾਂ, ਮੈਂ ਕੰਡੇ ਤੋਲ ਤੁਲੀਵਾਂ
ਹੇਠ ਉਰਸਾਂ ਉਪਰ ਚਰਣਾਠੀ, ਮੈਂ ਨਿਕਾ ਘੋਟਿ ਪਿਸੀਵਾਂ
ਜਾਇ ਲਗਾਂ ਸਤਿਗੁਰ ਦੇ ਮੱਥੇ, ਮੈਂ ਸ਼ੀਸੇ ਵਿਚਿ ਦਿਸੀਵਾਂ।

ਥੀਵਾਂ ਪਾਨ ਤੰਬੋਲੀ ਸੰਦਾ, ਮੈਂ ਕਤਰਿ ਕੁਤਰਿ ਬੰਨ੍ਹੀਵਾਂ
ਕੱਥ ਚੂਨਾ ਤੇ ਨਾਲਿ ਸੁਪਾਰੀ, ਮੈਂ ਬੀੜਾ ਨਾਉਂ ਸਦੀਵਾਂ
ਜਿਥੇ ਮੇਰਾ ਸਤਿਗੁਰ ਬੈਠਾ, ਮੈਂ ਤਿਥੈ ਜਾਇ ਵਿਕੀਵਾਂ
ਖੋਲ੍ਹਿ ਸਤਿਗੁਰਾਂ ਦੀ ਰਸਨੀਂ ਚਾੜ੍ਹੇ ਮੈਂ ਲਾਲੋ ਲਾਲ ਦਿਸੀਵਾਂ।

ਸ੍ਰੀ ਸਾਹਿਬ ਦੇ ਦੇਖਣ ਕਾਰਣ, ਮੈਂ ਸਦਾ ਸਦਾ ਫਲ ਥੀਵਾਂ
ਜਿਸ ਦਿਨ ਮੇਰੀ ਅਉਧ ਤ ਪੁੰਨੀ, ਮੈਂ ਤਿਤ ਦਿਨ ਤੋੜ ਖੜੀਵਾਂ

---

* ਕਸ਼ਮੀਰ ਵਿਚ ਕਿਸ਼ਤਵਾੜ, ਦਾ ਇਲਾਕਾ, ਜਿਥੇ ਕੇਸਰ ਵਧੇਰੇ ਹੁੰਦਾ ਹੈ



Digitized by Panjab Digital Library | www.panjabdigilib.org

ਆਣਨ ਛੁਰੀਆਂ ਬੈਠ ਬਣਾਵਣ, ਮੈਂ ਫਾਂਕ ਫਾਂਕ ਚਿਰੀਵਾਂ
ਲੈ ਕੇ ਸਤਿਗੁਰ ਰਸਨੀਂ ਚਾੜ੍ਹੇ, ਉਹ ਖਾਵਨ ਮੈਂ ਜੀਵਾਂ ।

## ੧੦੦ ਲਾਲਦਾਸ ਖਿਆਲੀ

ਇਹ ਉਦਾਸੀ ਸਾਧੂਆਂ ਦੀ ਜਮਾਤ ਦੇ ਮਹੰਤ ਸਨ ਜੋ ਗੁਰੂ ਜੀ ਨਾਲ ਦੱਖਣ ਗਏ । ਇਨ੍ਹਾਂ ਦੇ ਨਾਂ ਨਾਲ 'ਦਰਿਆਈ' ਯਾ 'ਖਿਆਲੀ' ਪਦ ਲਗਿਆ ਮਿਲਦਾ ਹੈ । ਖਿਆਲੀ ਤੋਂ ਇਹ ਅਨੁਮਾਨ ਲਗਦਾ ਹੈ ਕਿ ਸ਼ਾਇਦ ਇਹ ਜਾਤਿ ਦੇ ਸੁਨਿਆਰ ਤੇ ਜ਼ਿਲਾ ਲੁਧਿਆਣਾ ਦੇ ਪਿੰਡ ਖਿਆਲੀ ਦੇ ਜੰਮਪਲ ਸਨ ।

ਇਹ ਲੱਖੀ ਜੰਗਲ ਵਾਲੇ ਕਵੀ ਦਰਬਾਰ ਵਿਚ ਸ਼ਾਮਿਲ ਹੋਏ ਤੇ ਇਸ ਤੋਂ ਬਾਦ ਅੰਤ ਤਕ ਗੁਰੂ ਸਾਹਿਬ ਨਾਲ ਰਹੇ । ਆਪ ਦੀ ਕਵਿਤਾ ਉਚੇ ਪ੍ਰੇਮ-ਰੰਗਾਂ ਦਾ ਨਿਰੂਪਣ ਕਰਦੀ ਵਿਸ਼ੈ-ਵਸਤੂ ਦੀ ਹੀ ਉੱਚਤਾ ਨਹੀਂ ਦਰਸਾਂਦੀ ਬਲਕਿ ਕਾਵਿ ਕਲਾ ਦੀਆਂ ਸਿਖਰਾਂ ਨੂੰ ਵੀ ਛੋਂਹਦੀ ਹੈ ।

ਮਹਿਬੂਬਾਂ ਦੇ ਦਰਸ਼ਨ ਕਾਰਣ ਕੱਖ ਗਲੀ ਦਾ ਥੀਵਾਂ
ਵਗੇ ਵਾਉ ਪੁਰੇ ਦੀ ਜਿਉਂ ਜਿਉਂ, ਦਰ ਤੇ ਜਾਇ ਸੁਟੀਵਾਂ
ਆਂਦੇ ਜਾਂਦੇ ਦਾ ਦਰਸ਼ਨ ਪਾਵਾਂ, ਚਰਨੀਂ ਕਦੀ ਛੁਹੀਵਾਂ
ਚਰਨ ਧੂੜਿ ਬਣ ਸਤਿਗੁਰ ਵਾਲੀ, ਮਰ ਮਰ ਕੇ ਮੈਂ ਜੀਵਾਂ । ੧ ।

ਮਹਿਬੂਬਾਂ ਦੇ ਵੇਖਣਿ ਕਾਰਣਿ ਸੁਰਮਾ ਆਪ ਪਿਹਾਇਆ
ਦੇ ਦੇ ਧਮਕਾ ਨਿੱਕਾ ਕੀਤਾ, ਪੱਥਰ ਜ਼ੋਰਿ ਸਹਾਇਆ
ਜਿਉਂ ਜਿਉਂ ਘਸੈ ਤਿਉਂ ਤਿਉਂ ਰਸੈ, ਚੜ੍ਹਦਾ ਰੂਪ ਸਵਾਇਆ
ਲਾਲ ਖਿਆਲਿ ਮੁਆ ਫਿਰ ਜੀਵੈ ਪਰ ਚਸ਼ਮਾਂ ਦਾਖਲ ਆਇਆ । ੨ ।

ਬਿਨ ਮੁਹੱਬਤਿ ਕੋਈ ਪਾਰ ਨ ਪਉਸੀ, ਕਿਆ ਸ਼ੇਖ ਮਸਾਇਕ ਕਾਜ਼ੀ
ਤੀਹੇ ਰੱਖਣ ਤੇ ਪੰਜ ਗੁਜ਼ਾਰਨ, ਅੱਠੇ ਪਹਿਰ ਨਿਮਾਜ਼ੀ
ਜੇ ਸਉ ਵਾਰੀ ਮੱਕੇ ਜਾਂਦੇ, ਹੱਜ ਗੁਜ਼ਾਰਨ ਹਾਜੀ
ਲਾਲ ਖਿਆਲਿ ਸਾ ਬਾਤ ਨਿਰਾਲੀ, ਜਿਤ ਸ਼ਹੁ ਥੀਵਹਿ ਰਾਜ਼ੀ । ੩ ।

ਦਾਇਮ ਇਸ਼ਕ ਨ ਥੀਵੇ ਮੈਲਾ, ਸੂਲ ਕਦੇ ਨ ਹੋਣ ਪੁਰਾਣੇ
ਨੈਣਾਂ ਨਾਗਾਂ ਦੀ ਵਹਦਤਿ ਮੰਦੀ, ਕਦੇ ਨ ਹੋਣ ਸਿਆਣੇ
ਡੰਗ ਮਰੀਂਦੇ ਜ਼ਹਿਰ ਘੁਲੀਂਦੇ, ਕੈਂਦੇ ਸਬਰ ਰੰਞਾਣੇ
ਭਾਵੇਂ ਜਾਣ ਨ ਜਾਣ ਸਜਾਮਾ, ਅਸੀਂ ਤੈਂਡੇ ਦਸਤਿ ਵਿਕਾਣੇ । ੪ ।



Digitized by Panjab Digital Library | www.panjabdigilib.org

ਭਾਵੇਂ ਜਾਣ ਨ ਜਾਣ ਪਿਆਰਿਆ ਅਸੀ ਤੁਸਾਡੇ ਆਹੇ
ਲਖ ਲਖ ਬਦੀਆਂ ਤੇ ਲਖ ਲਖ ਖੁਦੀਆਂ, ਸਿਰ ਪਰ ਖੜੇ ਝਲਾਂਹੇ
ਨਦਰਿ ਤੁਸਾਡੀ ਕੀਤੀ ਜੀਵਾਂ, ਬਿਨ ਡਿਠੇ ਮਰ ਜਾਂਹੇ
ਖਿਆਲੀ ਕੁਈ ਕਿਵੈਂ ਕਹਿ ਆਖਹੁ, ਅਸੀਂ ਵੇਖਣ ਨ ਛੱਡਸਾਂਹੇ। ੫।

ਮਾਇਲ ਕਰਕੈ ਘਾਇਲ ਕੀਤੀ ਵਾਹੁ ! ਮੁਹੱਬਤਿ ਤੇਰੀ
ਮਿਟੀ ਚਾਟ ਚਟਾਇ ਕਰਕੈ, ਖਬਰਿ ਨ ਲੱਧੀ ਮੇਰੀ
ਜਿਤ ਵਲ ਵੰਞਾਂ ਤਿਤ ਵਲਿ ਤੂੰਹੇਂ, ਘੁਲੀ ਪ੍ਰੇਮ ਅੰਧੇਰੀ
ਲੋਹੇ ਦੀਆਂ ਜੰਜ਼ੀਰਾਂ ਕੋਲਹੁੰ, ਨੈਣਾਂ ਦੀ ਬੰਦਿ ਡਢੇਰੀ। ੬।

ਜਿਤ ਦਿਨ ਆਵੈ ਇਸ਼ਕ ਦੀ ਚਉਕੀ, ਪਹਿਲਾਂ ਅਕਲ ਰੰਞਾਣੈ
ਗੁੰਗੇ ਦੇ ਗੁੜ ਖਾਧੇ ਵਾਂਙੂ, ਕ੍ਰਿਆ ਕੋਈ ਆਖਿ ਵਖਾਣੈ
ਲਖ ਚਤੁਰਾਈਆਂ ਐਂਵੇ ਜਾਸਨ, ਉਡਣ ਵਾਂਗੁ ਟਿਨਾਣੈ
ਲਾਲ ਖਿਆਲਿ, ਪ੍ਰੇਮ ਦੀਆਂ ਝੋਕਾਂ, ਕੁਇਲ ਹੋਇ ਸੁ ਜਾਣੈ। ੭।

ਮੁਸ਼ਕਲ ਮਿਲਣ ਮਾਹੀ ਨੂੰ ਹੀਰੇ, ਲਖ ਔਝੜ ਝੰਗ ਬਲਾਈਂ
ਕਰਿ ਕਰਿ ਸ਼ੇਰ ਜਮਾਤੀਂ ਬੈਠੇ ਨਾਗ ਕੁੰਡਲ ਵਲ ਪਾਈਂ
ਪੰਧ ਮੁਹਾਲ ਨ ਦੇਂਦੇ ਜਾਵਣ, ਪੱਲ ਡਾਕੇ ਬਹਿਣ ਸਰਾਈਂ
ਅਗੇ ਬੇਪ੍ਰਵਾਹੁ ਰੰਝੇਟਾ, ਭਾਵੈ ਮਿਲਣ ਰਜਾਈਂ। ੮।

ਘਲਿ ਕੇ ਕਾਜ਼ੀ ਮਤਾ ਪਕਾਇਆ, ਹੀਰ ਪੈਰ ਪਿਆਂਦੀ ਆਂਦੀ
ਸੱਚ ਨਸੀਹਤਿ ਦੇਵਣ ਲਗੇ, 'ਤੂੰ ਖੇੜਿਆਂ ਦੀ ਬਾਂਦੀ'
ਅਸਾਂ ਤੇ ਖੇੜਿਆਂ ਦੇ ਦਿਲ ਅੰਦਰਿ, ਸੈ ਕੋਹਾਂ ਦੀ ਕਾਂਜੀ
ਮਿਤੁ ਰਾਂਝਣ ਦੇ ਭੁਲਾਵੇ ਭੁੱਲੀ, ਨਹੀਂ ਆਵੇ ਕੈਂ ਦੀ ਆਂਦੀ। ੯।
ਰਹੁ ਵੇ ਕਾਜ਼ੀ ! ਮੈਂਡੀ ਜਾਨ ਨ ਰਾਜ਼ੀ ਮੈਂ ਜੇਹੀਆਂ ਤੁਧ ਧੀਆਂ
ਮਿਤੁ ਰਾਂਝਣ ਪੋਸਤ ਮੈਂਡੀ ਹੱਡੀ ਰਵਿਆ, ਪੀਤੇ ਬਾਝੁ ਨਾ ਜੀਵਾਂ
ਅਕੇ ਤ ਰਾਂਝਣ ਆਣਿ ਮਿਲਾਵਹੁ, ਅਕੈ ਮੈਂ ਬੈਰਾਗਣਿ ਥੀਵਾਂ। ੧੦।

ਜਾਂ ਜਾਂ ਇਸ਼ਕ ਇਲਾਹੀ ਅੰਦਰਿ, ਗ਼ਫਲਤਿ ਛੋਡਿ ਸਿਆਲੀ
ਦੂਜੀ ਛੋਡਿ ਸਭਾ ਦਿਲ ਪਕੜੇ, ਥੀਵਹਿ ਰਾਂਝਣ ਵਾਲੀ
ਦਮ ਦਮ ਨਾਲਿ ਸਮਾਲੇ ਸ਼ਹੁ ਨੂੰ, ਕੋ ਦਮ ਜਾਇ ਨ ਖਾਲੀ
ਆਖ ਦਿਖਾ ਰਤ-ਰੁੰਨਿਆਂ ਬਾਝਹੁ, ਕੇਹੜੀ ਕੰਤ ਸਮਾਲੀ। ੧੧।

ਜ਼ੋਰੀਂ ਦਸਤ ਬਧੇ ਨੇ ਗਾਨਾ, ਕਰਿ ਰਾਂਝਣ ਦਾ ਹੀਲਾ
ਜਿਉਂ ਜਿਉਂ ਜੰਞ ਖੇੜਿਆਂ ਦੀ ਆਵੈ, ਰੰਗ ਹੀਰ ਦਾ ਪੀਲਾ



Digitized by Panjab Digital Library | www.panjabdigilib.org

ਦਿਲ ਦਾ ਮਹਿਰਮ ਕੋਈ ਨ ਮਿਲਿਆ, ਘੱਤਾਂ ਵਿਚ ਵਸੀਲਾ
ਲਾਲ ਖਿਆਲਿ ਇਕ ਰਾਂਝੇ ਬਾਝਹੁੰ, ਮੈਂਡਾ ਦੁਸ਼ਮਣ ਸਭ ਕਬੀਲਾ । ੧੨।

ਮਾਹੀਅੜਾ ਕੂਕੇਂਦੀ ਵਤਾਂ, ਰਾਂਝਣ ਸੁਣਦਾ ਨਾ ਹੀ
ਹਟ ਪਟਣ ਦਰਵ ਜੇ ਚਾੜ੍ਹੋ, ਦਾਰੂ ਲਗਦਾ ਨਾਹੀ
ਚੂੜਾ ਭੰਨਾਂ ਪੱਥਰ ਸੇਤੀ, ਸਿਰਹੁ ਪਰਾਂਦਾ ਲਾਹੀਂ
ਵੇਖਹੁ ਲੋਕਾ ! ਭਾਇ ਤੱਤੀ ਦੇ, ਰਾਤ ਪਈ ਦਿਨ ਮਾਹੀ । ੧੩ ।

ਵਖਤ ਪਏ ਰੰਝੇਟਾ ਟੁਰਿਆ, ਰੱਬ ਦੇਸ ਅਸਾਡੇ ਆਂਦਾ
ਸਾਈ ਕਾਈ ਜਾਹੁ ਮਨਾਵਣ, ਆਵਹਿ ਜੈਂ ਦਾ ਆਂਦਾ
ਜੋ ਦਿਨ ਰਾਂਝੇ ਬਾਝਹੁ ਗੁਜ਼ਰੇ, ਪਛੋਤਾਉ ਤਿਨ੍ਹਾਂ ਦਾ । ੧੪ ।

ਸੁਪਨੇ ਅੰਦਰਿ ਭਇਓ ਸੁਦਾਗਰ, ਸੁਪਨੇ ਲੀਤੇ ਰੇਜ਼ੇ
ਸੁਪਨੇ ਅੰਦਰ ਖੇਪ ਚਲਾਏ, ਸੁਪਨੇ ਹੁੰਡੀ ਭੇਜੇ
ਸੁਪਨੇ ਅੰਦਰਿ ਨਾਰਿ ਉਪਾਇਉ, ਸੁਪਨੈ ਸੁਤੇ ਸੇਜੇ
ਲਾਲ ਖਿਆਲਿ ਸਭ ਸੁਪਨੋ ਸੁਪਨਾ, ਢਾਹਿ ਚਲੀ ਸਭ ਨੇਜੇ । ੧੫ ।

ਸਭ ਕੁਟੰਬ ਪ੍ਰੋਜਨ ਦਾ ਪ੍ਰੀਤਮ, ਕਿਸੈ ਹਰਿ ਕੀ ਭਗਤਿ ਨ ਭਾਂਦੀ
ਭਾਈ ਬਾਪੁ ਕੁਟੰਬ ਕਬੀਲਾ, ਸਭ ਮੰਗਤਿ ਅਪਣੇ ਸੁਖਾਂ ਦੀ
ਜਾਂ ਸੁਖ ਵੇਖਣ ਤਾਂ ਸਭ ਮਿਲ ਬੈਠਣ ਦੁਖ ਦੇਖਿ ਸਭਾ ਭਜ ਜਾਂਦੀ
ਲਾਲ ਖਿਆਲਿ ਇਹ ਠੱਗ ਬਜ਼ਾਰੀ, ਲੈ ਜਾਸਨ ਮਾਲ ਸਿਰ੍ਹਾਂਦੀ । ੧੬ ।

ਕਰ ਪੁਰਖਾਰਥ ਸਿਮਰ ਨਰਾਇਣ, ਵੈਂਦੀ ਅਉਧ ਵਿਹਾਂਦੀ
ਇਹ ਜਨਮੁ ਅਮੋਲਕ ਦਿਤਾ ਠਾਕੁਰ, ਮੁੱਲ ਨ ਲੱਖ ਮਣ ਚਾਂਦੀ
ਸਿਮਰਨ ਕਰਕੈ ਪ੍ਰਗਟ ਹੋਵਹਿ, ਮਿਤ ਨ ਕਛੂ ਸੁਖਾਂਦੀ
ਲਾਲ ਖਿਆਲਿ ਗਲ ਸਿਮਰਨ ਵਾਲੀ, ਆਪਿ ਪ੍ਰਭੂ ਕਉ ਭਾਂਦੀ । ੧੭ ।

ਇਕ ਦਮ ਕੂਚ ਮਕਾਨ ਹੋਊ ਕੁਲ, ਆਲਮ ਆਮ ਡਿਸੀਂਦਾ
ਲਡਿ ਲਡੇ ਸਾਥ ਸਥੋਈ ਵੈਂਦੇ, ਤੈਨੂੰ ਨਾਹਿ ਤਦੋਂ ਸੁਣੀਂਦਾ
ਸੁਣਿ ਸੁਣਿ ਗੱਲਾਂ ਕੁਝ ਨ ਕੀਤਾ , ਅਉਸਰ ਬਣੀ ਕਿ ਥੀਂਦਾ ?
ਪ੍ਰਭ ਕਾ ਸਿਮਰਨ ਕਰਹੁ ਖਿਆਲੀ, ਮਤਾਂ ਅੱਜ ਕੱਲ ਸਾਥ ਲਡੀਂਦਾ । ੧੮ ।

ਚਿਤ ਚਾਹੇ ਪ੍ਰਭੁ ਕ੍ਰਿਪਾ ਤੁਮ੍ਹਾਰੀ, ਰਹਿੰਦਾ ਸਦਾ ਸੁਆਲੀ
ਨਿਸ ਦਿਨ ਤਕ ਥੱਕਾਂ ਚ ਤ੍ਰਿਕ ਜਿਉਂ, ਮੰਗਾਂ ਮੇਘ ਵਸਾਲੀ
ਸੋਈ ਕਰਾਏ ਜਿਉਂ ਕਰ ਤਉ ਭਾਵਾਂ, ਚਲਾਂ ਸਾਧਾਂ ਦੀ ਚਾਲੀ
ਸਭਸੈ ਦੇ ਮਨ ਦੀਆਂ ਮੰਨਦਾ, ਇਕ ਮੈਂਡੀ ਭਿ ਮੰਨਿ ਖਿਆਲੀ । ੧੯ ।



Digitized by Panjab Digital Library | www.panjabdigilib.org

ਸਲੋਕ—ਅੱਖੀਂ ਥੀਵਨਿ ਅੰਨ੍ਹੀਆਂ, ਜੋ ਦੂਜੀ ਦ੍ਰਿਸ਼ਟਿ ਪਿਖੰਨਿ
ਜਿਤ ਵਲਿ ਦੇਖਾਂ ਖਿਆਲੀਆ, ਤਿਤ ਵਲਿ ਪਿਰੀ ਦਿਸੰਨਿ ।

### ਹਿੰਡੋਲ ਕਾਫੀ

ਸਾਨੂੰ ਮਾਹੋਮਾਹੀ ਦੇਹਿ, ਦਿਲਾਂ ਦਿਆ ਭਾਗੀ ਭਰਿਆ ਵੇ । ੧ । ਰਹਾਉ
ਖਾਲੀ ਛਡਣ ਮੁਨਾਸਬ ਨਾਹੀ, ਅਸਾਂ ਤੇਰਾ ਲੜ ਫੜਿਆ ਵੇ । ੧ ।
ਪਾਰ ਭਉਜਲ ਦੇ ਸੋਈ ਲੰਘਦੇ, ਨਾਮ ਤੇਰਾ ਜਿਨ੍ਹਾਂ ਪੜ੍ਹਿਆ ਵੇ । ੨ ।
ਸਾਰੀ ਖਲਕਤਿ ਮੰਗਣਹਾਰੀ, ਸਭ ਜਗ ਲੈ ਲੈ ਤੈਥੋਂ ਤਰਿਆ ਵੇ । ੩ ।
ਜੋ ਤੂੰ ਦੇਇ ਸੋ ਲਏ ਖਿਆਲੀ, ਡਾਢੇ ਨਾਲਿ ਨ ਜਾਂਦਾ ਅੜਿਆ ਵੇ । ੪ ।

### ਰਾਗ ਰਾਮਕਲੀ

ਬਾਬਾ ਹਮਰੀ ਜਾਤ ਸੁਨਾਰ ਰੇ ! ਹਮਰਾ ਚੋਰੀ ਸਿਉਂ ਬਿਉਹਾਰ ਰੇ ।
ਹਰਿ ਰਸ ਲੂਟ ਸਰਬ ਸੁਖ ਪਾਇਆ, ਸਤਿਗੁਰ ਦੀਆ ਕਰਾਰ ਰੇ । ਰਹਾਉ । ੧ ।
ਸੰਨ੍ਹੀ ਸ਼ਾਂਤਿ ਧਰੀ ਰਿਦ ਅੰਤਰਿ, ਗੁਰ ਕਾ ਸਬਦੁ ਹਥਉੜਾ ਰੇ
ਪੰਚ ਦੂਤ ਭੂਤ ਮਤਵਾਰੇ, ਭਾਂਤ ਭਾਂਤ ਕਰਿ ਤੋੜਾ ਰੇ ।
ਨਾਲਿ ਨਾਮ ਹਰਿ ਨਿਸ ਦਿਨ ਜਪੀਐ, ਦੁਬਿਧਾ ਫੂਕ ਉਡਾਈ ਰੇ
ਸਤਿਗੁਰ ਦਿਆਲ ਭਏ ਹਮ ਊਪਰਿ, ਸਮ ਕਰ ਸਫਾ ਵਿਛਾਈ ਰੇ । ੨ ।
ਲੇਤ ਚੁਰਾਵਹਿ ਦੇਤ ਚੁਰਾਵਹਿ, ਚੁਰਾਵਹਿ ਤੋਲ ਤੁਲਾਰਾ ਰੇ
ਪੂਰਾ ਕਰ ਖਸਮਹਿੰ ਪਹੁੰਚਾਵਹਿ, ਤਉ ਭੇਟਹਿ ਕਰਤਾਰਾ ਰੇ । ੩ ।
ਗਗਨ ਮੰਡਲ ਮਹਿੰ ਵਾਸ ਹਮਾਰਾ, ਤਹਾਂ ਜਨ ਕੀਆ ਪਹਾਰਾ ਰੇ
ਗਿਆਨ ਧਿਆਨ ਦੁਇ ਗਹਿਣੇ ਪਹਿਰੈ, ਲਾਲ ਖਿਆਲਿ ਸੁਨਿਆਰਾ ਰੇ । ੪ ।

## ੧੦੧ ਆਢਾ

ਸਾਡੇ ਸਾਹਿਤ ਵਿਚ ਆਢਾ ਤੇ ਆਡਤ ਦੋ ਨਾਂ ਮਿਲਦੇ ਹਨ, ਆੜਤ ਕਿਰਤ 'ਮਾਝਾਂ ਸੱਸੀ ਦੀਆਂ' ਵੀ ਪ੍ਰਾਪਤ ਹਨ । ਸੰਭਵ ਹੈ ਇਹ ਇਕੋ ਕਵੀ ਹੋਵੇ । ਆਢਾ ਲੱਖੀ ਜੰਗਲ ਦਰਬਾਰ ਵਿਚ ਸ਼ਾਮਿਲ ਸੀ, ਤੇ ਦਸਮ ਪਾਤਸ਼ਾਹ ਨਾਲ ਦੱਖਣ ਗਿਆ ਸੀ । ਇਸ ਨੇ ਜੋ ਗੁਰੂ ਜੀ ਦੀ ਹਜ਼ੂਰੀ ਵਿਚ ਛੰਦ ਸੁਣਾਏ, ਉਹ ਇਸ ਪਰਕਾਰ ਹਨ—

ਗੋਬਿੰਦ ਸਿੰਘ ਗੁਰਾਂ ਗੁਰ ਸੂਰੇ, ਮਿਹਰ ਆਪਣੀ ਕੀਤੀ
ਜਿਤ ਵਲ ਨਜ਼ਰ ਉਤੇ ਵਲਿ ਮੇਹਰ, ਮਿਹਰ ਅਸਾਂ ਲੈ ਲੀਤੀ
ਕਾਹਦੇ ਇਸ਼ਕ ਤੇ ਸਿਦਕ ਅਸਾਡੇ, ਸਾਡੀ ਭੱਲ ਪ੍ਰੀਤੀ
ਨਾਮ, ਦਾਨ, ਇਸਨਾਨ ਦਾਤ ਦੇ, ਕਮੀ ਨ ਕੋਈ ਕੀਤੀ । ੧ ।



Digitized by Panjab Digital Library | www.panjabdigilib.org

ਗੁਰੂ ਗੋਬਿੰਦ ਜਿਨ੍ਹਾਂ ਦੇ ਸਿਰ ਤੇ, ਤਿਨ੍ਹਾਂ ਕਮੀ ਨ ਕਾਈ
ਕਰਨ ਅਰਦਾਸਿ ਸੰਗਤਿ ਕੈ ਆਗੈ, ਸਤਿਗੁਰ ਹੋਇ ਸਹਾਈ
ਆਢਾ ਮੈਂ ਕੁਰਬਾਨ ਤਿਨਾਂ ਨੋ, ਜਿਨ੍ਹਾਂ ਮਨ ਪ੍ਰਤੀਤਿ ਵਸਾਈ । ੨ ।

ਮਨ ਪ੍ਰਤੀਤਿ ਜਿਨ੍ਹਾਂ ਦੇ ਵੁੱਠੀ, ਕੰਮ ਉਨ੍ਹਾਂ ਦੇ ਹੋਏ
ਜਿਨ੍ਹਾਂ ਗੁਰੂ ਗੋਬਿੰਦ ਕਾ ਦਰਸ਼ਨ ਕੀਤਾ, ਸੇ ਮੁਕਤ ਪ੍ਰਾਪਤਿ ਹੋਏ ।

ਸਲੋਕ

ਆਢਾ ਸਤਿਗੁਰ ਬਾਹਰਾ, ਭਜਨ ਸੁਨਿ ਖਣੀਅੰਮੁ
ਰਤਨ ਜੁ ਲੱਧਾ ਬਾਂਦਰਾਂ, ਸੋ ਆਇਆ ਕਿਤੈ ਨ ਕੰਮੁ । ੧ ।

ਰਤਨ ਜੁ ਲੱਧਾ ਬਾਂਦਰਾ, ਸੋ ਲੱਧਾ ਭੀ ਗਇਓਮੁ
ਅੰਧਾ ਵੜਿਆ ਚਿਤ੍ਰਸ਼ਾਲ, ਉਸ ਕੀ ਸੁਖ ਡਿਠਿਓਮੁ । ੨ ।

ਆਢਾ ਲੋੜੈ ਸਿਂਪਰੀ, ਤਬ ਸਰਫੇ ਦਿਲ ਗੱਡ
ਅਣਡਿਠੇ ਮਹਿਬੂਬ ਦੀ, ਪਈ ਮੁਹੱਬਤਿ ਹੱਡਿ । ੩ ।

ਅਣਡਿਠਾ ਮਹਿਬੂਬ, ਅਸਾਂ ਕਰਿ ਜਾਤਾ ਸਾਹਿਬੋ
ਸੂਰਤਿ ਕਹੀਐ ਖੂਬ, ਵੇਖਣ ਕੋ ਮਨ ਸਿੱਕਦਾ । ੪ ।

(ਆਢਾ) ਇਹ ਦਿਲ ਅਜਬ ਕਿਤਾਬ, ਜਿਥੇ ਹਰਫ ਨ ਦੂਜਾ ਲਿਖੀਐ
ਸੋ ਦਮ ਕਿਤ ਹਿਸਾਬੁ, ਜੈ ਦਮੁ ਸਾਂਈ ਵਿਸਰਹਿ । ੫ ।

ਆਢਾ ਸਿਕ ਪਿਰੰਨ ਕੀ, ਜੋ ਦਿਲ ਘੇਰੇ ਆਇ
ਪੜ੍ਹਿਆ ਸੁਣਿਆ ਸਿਖਿਆ, ਸਭਹੁ ਵਿਸਰਿ ਜਾਇ । ੬ ।

ਮਨਿ ਮੁਹਬਤਿ ਉਗਵਹਿ, ਭੁਲਨ ਸਭੇ ਥੋਕ
ਆਢਾ ਵਾਂਸਲ ਨ ਥੀਵਨ, ਗਾਲੀ ਵਾਲੇ ਲੋਕ । ੭ ।

ਗੱਲਾਂ ਕਰਨ ਬਣਾਇ, ਇਸ਼ਕ ਹਕੀਕਤਿ ਸੰਦੀਆਂ
ਆਢਾ ਤਿਖਾ ਨ ਜਾਇ, ਪਾਣੀ ਪੀਤਿਆਂ ਬਾਹਰੇ । ੮ ।

ਤਬ ਲਗ ਚੇਰੋ ਜਗਤ ਕਉ, ਚਾਹ ਤਲੇ ਹੈ ਮਿਤ
ਆਢਾ ਗਈ ਗੁਲਾਮੀ ਤਾਂ, ਭਇਓ ਅਚਾਹੀ ਚਿਤੁ । ੯ ।

ਕਥਨਾ ਬਕਨਾ ਚਾਤੁਰੀ, ਆਢਾ ਸਭਿ ਅਭਿਮਾਨ
ਜਿਉਂ ਦਾੜ੍ਹੀ ਮੁਖ ਤ੍ਰਿਸ਼ਾ ਕੈ, ਤਿਉਂ ਵਿਸ਼ਯਨ ਕੋ ਜਾਨ । ੧੦ ।

ਸਾਚੀ ਘਟਿ ਉਪਜੀ ਨਹੀਂ, ਮੁਖ ਸਿਉਂ ਕਥਹਿ ਗਿਆਨ
ਆਢਾ ਕਿਆ ਹਾਸਲ ਸੇਵਤੇ, ਸਤਰੰਜ਼ ਕੇ ਸੁਲਤਾਨ । ੧੧ ।



Digitized by Panjab Digital Library | www.panjabdigilib.org

ਜੇ ਸਿਰ ਵਟਹੁੰ ਪਾਈਐ, ਘਿੰਨ ਨ ਵੰਞੇ ਭੁੱਲਿ
ਆਢਾ ਨੇਹੁ ਪਿਰੰਨ ਦਾ, ਸਿਰ ਦੇ ਸਸਤੇ ਮੁੱਲਿ । ੧੨ ।

ਇਕ ਸੰਤਾਂ ਸੰਗਿ ਵਸੰਨਿ, ਅਰੁ ਮਨ ਮਹਿ ਵਿੰਗਰੀਆਂ
ਆਢਾ ਉਹ ਕਦੇ ਨ ਮਿਲੰਨਿ, ਪਾਰ ਸਮੁੰਦ੍ਰ ਵਸਨੇ । ੧੩ ।

ਇਕ ਪਾਰ ਸਮੁੰਦਰੋਂ ਵਸਨੇ, ਮਨ ਮਹਿ ਬਈ ਨ ਕਾਇ
ਆਢਾ ਉਹ ਸਦਹੀ ਸੰਗਿ ਹੈ, ਨਿਤ ਮਿਲੰਦੇ ਆਇ । ੧੪ ।

## ੧੦੨ ਜਾਦੋ ਰਾਇ

ਜਾਦੋ ਰਾਇ ਉਦਾਸੀ ਸਾਧੂ ਬਾਲੂ ਹਸਨੇ (ਦੇਹਾਂਤ 1717ਬਿ.) ਦਾ ਚੇਲਾ ਸੀ । ਇਹ ਲੱਖੀ ਜੰਗਲ ਦੇ ਸਮਾਗਮ ਵਿਚ ਸ਼ਾਮਿਲ ਹੋਇਆ ਤੇ ਮੰਡਲੀ ਸਮੇਤ ਗੁਰੂ ਜੀ ਨਾਲ ਦੱਖਣ ਗਿਆ । ਇਹ ਪ੍ਰੇਮੀ ਸਾਧੂ, ਗੁਰੂ ਸਾਹਿਬ ਦਾ ਵਿਛੋੜਾ ਨਹੀਂ ਸੀ ਝੱਲ ਸਕਦਾ । ਮਾਝ ਵਿਚ ਇਹੋ ਵੇਦਨ ਹੂਕਦੀ ਹੈ—

ਜ਼ਰਾ ਨ ਡਰਾਂ ਜੇ ਸਿਟਿ ਘਤੀਵਾਂ, ਕੋਈ ਹਾਂ ਹੂ ਦੋਜ਼ਕ ਤਪੇ
ਜ਼ਰਾ ਨ ਡਰਾਂ ਜੇ ਸਿਟਿ ਘਤੀਵਾਂ, ਕੋਈ ਮਾਤੇ ਹਾਥੀ ਅਗੈ
ਜ਼ਰਾ ਨ ਡਰਾਂ ਬਿਧਾਤਾ ਕੋਲਹੁੰ, ਜਿਨਿ ਸੱਚੇ ਅੱਖਰ ਲਿਖੇ
'ਜਾਦੋ' ਡਰਾਂ ਵਿਛੋੜੇ ਕੰਨਹੁੰ, ਮਤ ਰੱਬ ਵਿਛੋੜਾ ਘੱਤੇ ।

### ਰਾਗ ਕਲਿਆਣ

ਭਗਤ ਭਗਤ ਨਾਮ ਪਰਿਓ, ਰਾਖਹੁ ਲਾਜ ਮੋਰੀ
ਪਤਿਤ ਪਾਵਨ ਪ੍ਰਾਨ ਨਾਥ, ਚਰਨ ਸਰਣ ਤੋਰੀ । ੧ । ਰਹਾਉ ।

ਜਬ ਕਾ ਜਨਮ ਲੀਓ, ਸੁਕ੍ਰਿਤ ਨ ਕਛੂ ਕੀਓ ਮਾਨਸ ਦੇਹਿ ਧਾਰੀ
ਤਬ ਤੇ ਪਾਪ ਅਘ ਕੀਏ, ਕਛੂ ਸੁਰਤਿ ਨ ਸੰਮਾਰੀ । ੧ ।

ਬਾਲ ਬੁਧਿ ਬਾਲ ਖੋਇਓ, ਅਬ ਚਢਿਓ ਜੁਆਨੀ
ਜਬ ਕਿਛੂ ਪ੍ਰਤਾਪ ਬਢਿਓ, ਤਬ ਭਏ ਅਭਿਮਾਨੀ ।

ਕਾਮ ਕ੍ਰੋਧ ਲੋਭ ਮੋਹ ਅਹੰਕਾਰ ਕੀਨਾ
ਸੇਵਾ ਤੁਮਰੀ ਕਰ ਨ ਸਾਕਉਂ, ਨਿਪਟ ਭਗਤਿ ਹੀਨਾ । ੩ ।

ਕ੍ਰਿਪਾ ਕੀਜੈ ਦਰਸ ਦੀਜੈ, ਗਿਰਵਰ ਗਿਰਧਾਰੀ
ਜਾਦੋ ਜਨ ਦੁਆਰ ਠਾਂਢੇ, ਨਾਮ ਕੇ ਭਿਖਾਰੀ । ੪ ।



Digitized by Panjab Digital Library | www.panjabdigilib.org

## ੧੦੩ ਫੱਤਮੱਲ

ਪ੍ਰਾਚੀਨ ਹੱਥ-ਲਿਖਤਾਂ ਵਿਚ ਜਿਥੇ ਲੱਖੀ ਜੰਗਲ ਦੇ ਕਵੀਆਂ ਦੀ ਕਵਿਤਾ ਦਿਤੀ ਹੈ, ਉਥੇ ਫੱਤ ਮੱਲ ਦੇ ਵੀ ਕੁਝ ਛੰਦ ਮਿਲਦੇ ਹਨ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਉਸ ਕਵੀ ਦਰਬਾਰ ਵਿਚ ਹਾਜ਼ਰ ਸੀ ਤੇ ਇਸਨੇ ਗੁਰੂ-ਪ੍ਰੇਮ-ਭਿੱਜੀਆਂ ਕੁਝ ਮਾਝਾਂ ਕਹੀਆਂ ਸਨ।

ਨਾਮ ਤੁਮ੍ਹਾਰਾ ਜਪਿ ਜਪਿ ਜੀਵਾਂ, ਸੁਰਤਿ ਕਰੀਂ ਜਪਮਾਲੀ
ਨਿਸ ਬਾਸਰ ਹੀਅਰੇ ਮਹਿ ਜਪਦਾ, ਸੂਰਤਿ ਸਤਿਗੁਰ ਵਾਲੀ
ਗੁਰਮੁਖਿ ਅੰਮ੍ਰਿਤ ਪੀਇ ਆਘਾਣੇ, ਨਿੰਦਕ ਦਾ ਘਟ ਖਾਲੀ
ਸਿਰਿ ਫੱਤਾ ਜਿਨ੍ਹਾਂ ਗੁਰੂ ਪਛਾਤਾ, ਤਿਨ੍ਹਾਂ ਹਰਦਮ ਸਦ ਖੁਸ਼ਹਾਲੀ। ੧।
ਆਲੇ ਆਲੇ ਆਲੇ, ਮੇਰਾ ਸਤਿਗੁਰ ਨਾਮ ਸੰਮਾਲੇ
ਜਿਨ੍ਹਾਂ ਨੂੰ ਰਟ ਨ ਕਾਈਆ, ਰੱਬੁ ਤਿਨਾਂ ਨੋ ਪਾਲੇ
ਇਕ ਬੁਰਿਆਈ ਮੇਰਾ ਮਾਇ ਪਿਉ ਵੇਖੇ, ਦੇਂਦਾ ਸਹਸ ਨਿਕਾਲੇ
ਲੱਖ ਬੁਰਿਆਈ ਮੈਂਡਾ ਸਤਿਗੁਰ ਵੇਖੈ, ਅਜੇ ਬਰਾਤ ਨ ਟਾਲੇ ।੨।
ਅਸਾਨੂੰ ਇਸ਼ਕ ਤਦੋਂਕਾ ਆਹਾ. ਜਦ ਆਹੀ ਦੁਧਿ ਨ ਵਾਤੀਂ
ਆਵਨਿ ਸਹੀਆਂ ਘੁਟੀ ਦੇਵਨ, ਬੇਦਨ ਕਿਨੈ ਨ ਜਾਤੀ
ਵਿਚਿ ਪਿੰਘੂੜੇ ਦੇ ਪਈ ਤੜਫਾਂ, ਲਗੀ ਇਸ਼ਕ ਦੀ ਕਾਤੀ
ਸਉ ਵਰ੍ਹਿਆਂ ਦੀ ਰੰਜਸ਼ ਜਾਸੀ, ਮੀਆਂ ਫੱਤਾ, ਇਕਸੁ ਰਾਂਝੇ ਦੀ ਝਾਤੀ। ੩।

ਸੀਨੇ ਦੇ ਵਿਚਿ ਸਬਜ਼ ਕਿਆਰੀ, ਜੈਂਦਾ ਇਸ਼ਕ ਅਰਾਈਂ
ਬੀਜਦਿਆਂ ਪਰਦੇਸ ਸਿਧਾਣੇ, ਮੈਂ ਕਿਚਰਕੁ ਪਾਣੀ ਪਾਈਂ
ਤੁਹਿ ਜੇਹਾ ਕਿਰਸਾਣ ਨ ਕੋਈ, ਮੈਂ ਢੂੰਢਿ ਰਹੀ ਸਭ ਜਾਈਂ
ਫੱਤ ਮੱਲ ਹੀਰ ਪਈ ਵਿਚ ਹੁਜਰੇ, ਕੂਕੇ ਮਾਹੀ ਮਾਹੀ। ੪।
ਗੋਕੁਲ ਗਲੀਆਂ ਫਿਰਉਂ ਢੂੰਡੇਂਦੀ,'ਹਰਿ ਦਰਸ਼ਨ ਦੀ ਪਿਆਸੀ
ਤੂੰ ਜਾ ਰੱਤੋਂ ਕੁਬਜਾ ਸੇਤੀ, ਹੋਇਓਂ ਮਥਰਾ ਵਾਸੀ
ਬੈਠੀ ਨੋ ਮੈਨੋ ਬਹਨਿ ਨ ਆਵੇ, ਸਿਕਦੇ ਨੈਣ ਉਦਾਸੀ
ਗਿਰਧਾਰੀ ਦੇ ਕਾਰਣ ਫੱਤ ਮੱਲ, ਲੈਸਾਂ ਕਰਵਤੁ ਕਾਂਸ਼ੀ। ੫।

ਅਜਰਾਈਲ ਰੁੱਖਾਂ ਦਾ ਘਾੜੂ, ਹੈ ਪੈਦਾ ਕੀਤਾ ਨਾਲੇ
ਦੇਖਿ ਸਰੀਰ ਤਦੇ ਕੁਰਲਾਂਦਾ, ਜਾਂ ਫਿਰੇ ਕੁਹਾੜਿਆਂ ਵਾਲੇ
ਜਿਹਬਾ ਹੋਇ ਤਾਂ ਕੂਕ ਸੁਣਾਏ, ਨਹੀਂ ਪੀੜ ਹੱਡਾਂ ਵਿਚ ਜਾਲੇ
ਬੱਧੀ ਤੇਰੀ ਜਾਣੇ ਫੱਤ ਮੱਲ, ਜੋ ਕਲਮ ਰੱਬਾਣੀ ਟਾਲੇ। ੬।



Digitized by Panjab Digital Library | www.panjabdigilib.org

## ਸਿਰੀ ਰਾਗ

ਸੁੰਦਰ ਸਿਆਮ ਦਾ ਜੋੜਾ । ਮੋਹਨ ਲਾਲ ਦਾ ਜੋੜਾ । ੧ । ਰਹਾਉ ।

ਧੰਨੇ ਨਰਮਾ ਬੀਜਿਆ, ਜਮਨ ਕਿਨਾਰੇ ਆਇ
ਜਮੁਨਾ ਜਲ ਸਿਉਂ ਸਿੰਚਿਆ, ਪ੍ਰੀਤਿ ਸੋ ਹਿਤ ਚਿਤ ਲਾਇ । ੧ ।

ਚੁਣ ਲਿਆਈਆਂ ਸਭ ਗੋਪੀਆਂ, ਉਨ ਵੇਲਿਆ ਸਹਿਜ ਸੁਭਾਇ
ਫਿਰ ਦਾਦੂ ਪੇਂਜਾਰੇ ਨੂੰ ਸਉਂਪਿਆ, ਉਸ ਲੀਤਾ ਧੁਣਖ ਚਢਾਇ । ੨ ।

ਉਸ ਨਿਕਾ ਕਰਕੈ ਸੋਧਿਆ, ਸਗਲਾ ਤਾਣੁ ਲਗਾਇ
ਗੋੜ੍ਹੇ ਫੁਲ ਗੁਲਾਬ ਦੇ, ਲਿਆਇਆ ਹੱਛੇ ਬਨਾਇ । ੩ ।

ਰਾਧੇ ਰੁਕਮਣਿ ਆਈਆ, ਸਭ ਸਖੀਆਂ ਲਈਆਂ ਬੁਲਾਇ
ਵੰਡਿ ਵੰਡਿ ਲਈਆਂ ਉਨ ਪੂਣੀਆਂ; ਉਨ ਲਇਆ ਪੜੋਟੇ ਪਾਇ । ੪ ।

ਉਨ ਨਿੱਕਾ ਕਰਿ ਕਰਿ ਕੱਤਿਆ, ਹਸਿ ਹਸਿ ਬਾਂਹ ਲੁਡਾਇ
ਫਿਰ ਦਾਸ ਕੰਬੀਰੇ ਨੂੰ ਸਉਂਪਿਆ, ਸ਼ਿਤਾਬੀ ਨਲੀ ਵਹਾਇ । ੫ ।

ਕਮਾਲੀ ਨਲੀਆਂ ਵੱਟੀਆਂ, ਪੂਤ ਕਮਾਲ ਪੀਆਇ
ਤਣਿਆ ਲੋਈ ਭਗਤਣੀ, ਵੁਣਿਆ ਕੰਬੀਰੈ ਚਾਇ । ੬ ।

ਫਿਰ ਨਾਮੇ ਛੀਪੇ ਨੂੰ ਸਉਂਪਿਆ, ਝਬਿ ਝਬਿ ਖੁੰਬ ਚੜ੍ਹਾਇ
ਉਸ ਗੰਗਾ ਜਲ ਸਿਉਂ ਝੱਲਿਆ, ਲੈ ਆਇਆ ਤਾਂਹਿ ਬਣਾਇ । ੭ ।

ਭਲਾ ਮਹੂਰਤਿ ਦੇਖ ਕੈ, ਜੋੜਾ ਲਇਆ ਵਿਉਂਤਾਇ
ਸੂਈ ਆਂਦੀ ਸਾਰ ਦੀ, ਪਟ ਧਾਗੇ ਰੇਸ਼ਮ ਲਾਇ । ੮ ।

ਹੱਛਾ ਜੋੜਾ ਬਨਿ ਰਹਿਆ, ਹਰਖ ਜਸੋਧੇ ਮਾਇ
ਪਹਿਰਾਇਆ ਪ੍ਰਭੁ ਪ੍ਰੀਤਿ ਸਿਉ, ਜਨ ਕਹਤੇ 'ਫਤਮੱਲ' ਰਾਇ । ੯ ।

## ਰਾਗ ਮਾਝ

ਹਰਿ ਚੇਤਿਓ ਕਿਉਂ ਨਹੀਂ ਬਉਰੀ
ਮਾਇਆ ਲਗਿ ਤੈਂ ਜਨਮ ਗਵਾਇਆ,ਧਨ ਸ਼ਹਿਜ਼ਾਦੀ ਗੋਰੀ । ੧ ।

ਸੱਠਿ ਪੰਜਾਹ ਤੇਰਾ ਪਸਾਰਾ, ਓੜਕ ਸੱਤਰ ਅੱਸੀ
ਵਾਦ੍ਹਾ ਦੇ ਕਰ ਜਿਥਹੁੰ ਆਈਐ, ਫੇਰ ਉਨਾਹਾ ਖੱਸੀ । ੧ ।

ਛਤ੍ਰੀ ਭੋਜਨ ਤੇਰੇ ਕਾਰਣ, ਪਹਿਨਣ ਮਲ ਮਲ ਖਾਸਾ
ਨਉਂ ਦਰਵਾਜ਼ੇ ਤੇਰੇ ਮੁੰਦੇ, ਦਸਵੇਂ ਘਰਿ ਵਿਚ ਵਾਸਾ । ੨ ।



Digitized by Panjab Digital Library | www.panjabdigilib.org

ਬਾਗ ਬਗੀਚੇ ਤੇਰੇ ਕਾਰਣ, ਠੰਢਾ ਅੰਮ੍ਰਿਤ ਪਾਣੀ
ਤਿਸ ਸ਼ਹੁ ਦੀ ਤੈਂ ਸਾਰ ਨ ਲੱਧੀ, ਸੁਤਿਆਂ ਰੈਣਿ ਵਿਹਾਣੀ । ੩ ।

ਸੇ ਫਲ ਤੈਨੂੰ ਪ੍ਰਾਪਤ ਹੋਸਨ, ਜੋ ਹੈਂ ਕਰਮ ਕਮਾਏ
ਫੱਤਮੱਲ ਦਾਸ ਉਡੀਕ ਜਿਨ੍ਹਾਂ ਦੀ, ਸੇ ਮੁਕਲਾਊ ਆਏ ।੪।

## ੧੦੪ ਕੇਸੋ ਗੁਣੀ

ਮਾਝਾਂ ਦੇ ਹਰ ਸੰਕਲਨ ਵਿਚ ਕੇਸੋ ਦੀਆਂ ਮਾਝਾਂ ਮਿਲਦੀਆਂ ਹਨ । ਇਨ੍ਹਾਂ ਦੀ ਸ਼ੈਲੀ ਤੇ ਬੋਲੀ ਬੜੀ ਹੀ ਸਿੱਕੇਬੰਦ ਹੈ ਇਸ ਦਾ ਬਾਰਾਂਮਾਹ ਵੀ ਕਮਾਲ ਦਾ ਹੈ, ਇਹ ਗੁਰੂ ਜੀ ਦਾ ਪ੍ਰੇਮੀ ਦੀਵਾਨਾ ਸੀ ਤੇ ਇਸ ਨੇ ਇਸੇ ਰੰਗ ਵਿਚ ਮਾਝਾਂ ਗਾਈਆਂ ।

ਜਿਥੇ ਥਾਨ ਮੁਕਾਮ ਇਸ਼ਕ ਦਾ, ਤਿਥੈ ਜਾਇ ਨ ਪਹੁਤਾ ਕੋਈ
ਬੇ ਮਸਲਤਿ ਉਥੇ ਜਾਣਾ ਆਹਾ, ਮਸਲਤਿ ਲਹੈ ਨ ਢੋਈ
ਕੈ ਥੀਂ ਪੁਛਾਂ ਸੁਖ ਸਨੇਹਾ, ਗਈ ਸੁ ਘਾਇਲ ਹੋਈ
ਕੇਸੋ ਮਤ ਕੋਈ ਸਿਰ ਦਾ ਦੂਾਵਾ ਬੰਨ੍ਹੇ, ਉਥੇ ਬਿਨੁ ਸਿਰੁ ਲੱਖ ਖਲੋਈ । ੧ ।

ਸੀਨੇ ਉਤੇ ਦਾਗ ਮਿਤ੍ਰਾਂ ਦਾ ਮੈਂ ਕਿਉਂਕਰਿ ਮਲਿ ਮਲਿ ਧੋਵਾਂ
ਵਿਛੁੜ ਯਾਰ ਗਏ ਦੁਰਾਡੇ, ਮੈਂ ਸੰਮਲਿ ਸੰਮਲਿ ਰੋਵਾਂ
ਜਿਉਂ ਜਿਉਂ ਦੇਖਾਂ ਦਾਗ ਮਿਤ੍ਰਾਂ ਦਾ ਪੁਛਾਂ ਵਾਟ ਖੜੋਵਾਂ
ਮੁੜੇ ਵੇ ਯਾਰ ! ਮੈਂ ਬੰਦੀ ਤੇਰੀ, ਜਗ ਸੁਹਾਗਣਿ ਹੋਵਾਂ । ੨ ।

ਇਕ ਸਨੇਹਾ ਮੇਰੇ ਮੁਰਸ਼ਦ ਵਾਲਾ, ਸੀਨੇ ਅੰਦਰਿ ਪੜਿਆ
ਹੁਣ ਤਾਂ ਮੁੜਿਆਂ ਬਣਦੀ ਨਾਹੀ ਸਨਮੁਖ ਮੱਥਾ ਜੁੜਿਆ
ਭੰਨੀ ਭੰਨੀ ਪੱਤਣਿ ਵੰਞਾਂ, ਅੱਗਹੁੰ ਬੇੜਾ ਰੁੜ੍ਹਿਆ
ਤਿਨ੍ਹਾਂ ਨਾਲਹੁੰ ਤੁੱਟੀ ਚੰਗੀ, ਸਿਦਕੁ ਜਿਨ੍ਹਾਂ ਦਾ ਮੁੜਿਆ । ੩ ।

ਤੈਂਡੀ ਸੂਰਤਿ ਮੈਂਡੇ ਮਿਤ੍ਰ ਪਿਆਰਿਆ, ਦਿਲੋਂ ਤਉ ਲਹਿੰਦੀ ਨਾਹੀਂ
ਏਕ ਘੜੀ ਪਲ ਨਜ਼ਰ ਨ ਆਵੇ ਮੈਂਡੇ ਸੀਨੇ ਭੜਕਨਿ ਭਾਹੀਂ
ਵਿਛੁੜਿ ਯਾਰ ਗਏ ਦੁਰੇਡੇ ਤਾਂ ਮਾਰੀਐ ਕਿਉਂ ਕਰਿ ਨਾਹੀ
ਕੇਸੋ ਯਾਰ ਮਿਲਿਆਂ ਦਿਲ ਸ਼ਾਦੀ ਮਿਟਨਿ ਦਰਦ ਦੀਆਂ ਆਹੀਂ । ੪ ।

ਡੇਖਣ ਗਏ ਸਿ ਆਪ ਵਿਕਾਣੇ ਨ ਕੋਈ ਸੁਧਿ ਸਨੇਹਾ
ਦਿਲਬਰ ਮੁਲ ਘਿੱਧਾ ਮਾਸ਼ਕਾਂ ਫਿਰਿ ਆਵਨਿ ਉਹ ਕੇਹਾ
ਅੱਖੀਂ ਜਾਇ ਮਿਲੀ ਵਿਚ ਅੱਖੀ ਘੁਲਿ ਗਈ ਸਭ ਦੇਹਾ
ਕੇਸੋ ਸੁਖਨ ਗੁੰਜ਼ਾਇਸ਼ ਨਾਹੀਂ, ਇਸ਼ਕ ਨਸੀਹਤਿ ਏਹਾ । ੫ ।



Digitized by Panjab Digital Library | www.panjabdigilib.org

ਇਸ਼ਕ ਨਗੀਨਾ ਸੋਈ ਜਾਣਨ, ਜੋ ਹੋਵਣ ਆਪ ਨਗੀਨੇ
ਇਸ਼ਕ ਮੁਸ਼ਕ ਦੀ ਸਾਰ ਨ ਜਾਣਨ, ਕਾਇਰ ਲੋਕ ਕਮੀਨੇ
ਇਸ਼ਕ ਨਾਹੀ ਕੋਈ ਤਿੱਖੀਆਂ ਛੁਰੀਆਂ, ਘਾਉ ਕਰਨ ਵਿਚ ਸੀਨੇ
ਬੁਧ ਨੈਣਾਂ ਦੇ ਦੇਖਣ ਕਾਰਣ, 'ਕੇਸੋ' ਚਾਕਰ ਬਾਝੁ ਮਹੀਨੇ । ੬ ।

## ੧੦੫. ਭਗਤੂ

ਸਿਖ ਇਤਿਹਾਸ ਵਿਚ ਕਈ ਭਗਤੂ ਹੋਏ ਹਨ, ਇਕ ਭਾਈ ਭਗਤੂ ਗੁਰੂ ਅਰਜਨ ਦੇਵ ਜੀ ਦਾ ਪਰਸਿੱਧ ਸਿਖ ਸੀ ਜਿਸਦੇ ਖਾਨਦਾਨ ਵਿਚੋਂ ਕੈਂਥਲ ਵਾਲੇ ਰਾਜੇ ਭਾਈ ਉਦੈ ਸਿੰਘ ਸਨ। ਦੂਜਾ ਭਾਈ ਭਗਤੂ, ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਜਿਸ ਲੱਖੀ ਜੰਗਲ ਦੇ ਕਵੀ ਦਰਬਾਰ ਵਿਚ ਆਪਣੀ ਕਵਿਤਾ ਸੁਣਾਈ।

ਬੇਫਿਕਰਾਂ ਨੂੰ ਫਿਕਰ ਨ ਕੋਈ, ਸਦਾ ਰਹਹਿੰ ਮਤਵਾਲੇ
ਅਠੇ ਪਹਿਰ ਰਹਿਣ ਵਿਚ ਗਿਣਤੀ, ਬਹੁਤੀ ਮਾਇਆ ਵਾਲੇ
ਇਸ ਮਾਇਆ ਤੇ ਦੂਰ ਖੜੋਤੇ; ਕੋਈ ਵਿਰਲੇ ਸਾਧ ਸੁਖਾਲੇ
ਕੰਮ ਸੁਖਾਲਾ ਤੇ ਬੇੜੇ ਭਗਤੂ, ਮੈਂਡਾ ਸਤਿਗੁਰ ਆਪਿ ਸਮਾਲੇ । ੧ ।

ਸਤਿਜੁਗ, ਤ੍ਰੇਤਾ, ਦੁਆਪੁਰ ਵਰਤੇ, ਵਰਤਣਗੇ ਜੁਗ ਚਾਰੇ
ਦਇਆ ਬਰਾਬਰਿ ਤੀਰਥ ਨਾਹੀ, ਬ੍ਰਹਿਮਾ ਬਿਸਨੁ ਪੁਕਾਰੇ
ਤੀਰਥ ਨ੍ਹਾਤਿਆਂ ਇਕੁ ਫਲ ਪਾਇਆ, ਸਾਧ ਮਿਲਿਆਂ ਫਲ ਚਾਰੇ
ਸਤਿਗੁਰ ਮਿਲਿਆਂ ਪੂਰਾ ਨ੍ਹਾਵਣ, ਨਦਰਿ ਕਰੇ ਨਿਸਤਾਰੇ । ੨ ।

ਸੰਜੋਗੀ ਮਿਲਿਆ, ਏਹ ਮਾਤ ਪਿਤਾ ਸੁਤ ਭਾਈ
ਕਿਥਹੁ ਆਇਆ ਕਿਥੈ ਜਾਸੀ, ਕਹਿਣਾ ਕਛੂ ਨ ਜਾਈ
ਰੋਵਣ ਪਿੱਟਣ ਛਾਰ ਉਡਾਵਣ, ਏਹੁ ਮੂਰਖ ਦੀ ਮੂਰਖਾਈ । ੩ ।

ਪੈਂਡੇ ਉਪਰਿ ਪਵਨਿ ਬਟਾਊ, ਕੋਈ ਬੰਨ੍ਹ ਨ ਬੈਠੇ ਢੇਰੀ
ਆਇਆ ਹਰਖ ਨ ਗਇਆਂ ਦਿਲਗੀਰੀ, ਏਹਾ ਗੱਲ ਚੰਗੇਰੀ
ਰਾਤਿ ਅੰਧੇਰੀ ਹਾਕਮ ਕਰੜਾ, ਗਾਫਲ ਚੇਤੁ ਸਵੇਰੀ
ਕੂਚ ਨਗਾਰਾ ਥੀਆ ਭਗਤੂ, ਵਤਿ ਨ ਆਵਣ ਵੇਰੀ । ੪ ।

—o—



Digitized by Panjab Digital Library | www.panjabdigilib.org

ਤੀਜਾ ਭਾਗ

# ਮੁਨਸ਼ੀ ਮੁਸੱਦੀ ਤੇ ਲਿਖਾਰੀ

Digitized by Panjab Digital Library | www.panjabdigilib.org

# ਮੁਨਸ਼ੀ ਮੁਸੱਦੀ ਤੇ ਲਿਖਾਰੀ

ਗੁਰੂ ਗੋਬਿੰਦ ਸਿੰਘ ਜੀ ਨੇ ਵਿਦਵਾਨ ਸਾਹਿਤਕਾਰਾਂ, ਪੰਡਿਤਾਂ ਤੇ ਪ੍ਰਬੀਨ ਪ੍ਰਬੰਧਕਾਂ ਤੋਂ ਇਲਾਵਾ ਅਨੰਦਪੁਰ ਲਿਖਤ ਪੜ੍ਹਤ ਦਾ ਕੰਮ ਨਜਿੱਠਣ ਲਈ ਕਈ ਮੁਨਸ਼ੀ ਤੇ ਲਿਖਾਰੀ ਵੀ ਰੱਖੇ ਹੋਏ ਸਨ। ਇਨ੍ਹਾਂ ਦਾ ਕੰਮ ਸੀ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਲਿਖਾਈ, ਗੁਟਕੇ ਪੋਥੀਆਂ ਦੀ ਲਿਖਾਈ, ਗੁਰੂ ਸਾਹਿਬ ਦੀਆਂ ਸ੍ਵੈਰਚਿਤ ਕਿਰਤਾਂ ਦੇ ਉਤਾਰੇ ਅਤੇ ਦਫ਼ਤਰੀ ਚਿਠੀਆਂ 'ਹੁਕਮਨਾਮੇ' ਆਦਿ। ਅਨੰਦਪੁਰ ਦਾ ਮੁਨਸ਼ੀਖਾਨਾ ਜਾਂ ਸਕੱਤ੍ਰੇਤ ਤਕੜਾ ਵੱਡਾ ਸੀ, ਇਥੋਂ ਦਰਜਨਾਂ ਚਿਠੀਆਂ ਰੋਜ਼ਾਨਾ ਸੰਗਤਾਂ ਦੇ ਨਾਂ ਦੇਸ ਬਿਦੇਸ ਜਾਂਦੀਆਂ ਅਤੇ ਕਵੀਆਂ ਦੀਆਂ ਕਈ ਰਚਨਾਵਾਂ ਦੇ ਸੁੰਦਰ ਉਤਾਰੇ ਲਿਖਾਰੀ ਕਰਦੇ ਰਹਿੰਦੇ ਸਨ। ਉਸ ਸਮੇਂ ਪ੍ਰੈਸ ਜਾਂ ਟਾਇਪ ਰਾਇਟਰ ਆਦਿ ਸਾਧਨ ਤਾਂ ਕੋਈ ਨਹੀਂ ਸੀ, ਇਹੋ ਖ਼ੁਸ਼ਨਵੀਸ ਲਿਖਾਰੀ ਹੀ ਸਨ, ਜੋ ਰਾਤ ਦਿਨ ਇਹ ਜ਼ੁੰਮੇਵਾਰੀ ਨਿਭਾਉਂਦੇ ਸਨ। ਖਾਸ ਕਿਸਮ ਦੀ ਸਿਆਹੀ ਤਿਆਰ ਕਰਨਾ; ਕਾਗਜ਼ ਤੇ ਬਿਨਾ ਨਿਸ਼ਾਨ ਲਾਏ ਲੀਕਾਂ ਪਾਉਣੀਆਂ, ਫਿਰ ਸਵਾਰ ਸਵਾਰ ਕੇ ਇਕੋ ਜੇਹਾ ਅੱਖਰ ਲਿਖਣਾ, ਲੋੜ ਅਨੁਸਾਰ ਸੁਰਖੀਆਂ ਲਈ ਲਾਲ ਸਿਆਹੀ ਦੀ ਵਰਤੋਂ ਕਰਨੀ, ਗਲਤ ਪੈ ਗਏ ਅੱਖਰ ਨੂੰ ਮੇਟ ਕੇ ਮੁੜ ਨਵਾਂ ਲਿਖਣਾ—ਇਹ ਕੰਮ ਇਕ ਲੰਮੇ ਅਭਿਆਸ ਦੀ ਮੰਗ ਕਰਦੇ ਸਨ ਤੇ ਇਸ ਤਕਨੀਕ ਤੋਂ ਅਣਜਾਣ ਆਦਮੀ, ਇਸ ਬਾਰੀਕ ਕੰਮ ਨੂੰ ਨਿਭਾ ਨਹੀਂ ਸੀ ਸਕਦਾ।

ਗੁਰੂ ਘਰ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਲਿਖਾਰੀ ਰੱਖਣ ਦਾ ਰਿਵਾਜ ਸੀ। ਭਾਈ ਮਨਸੁਖ, ਸ਼ੀਹਾਂ ਛੀਂਬਾ, ਹੱਸੂ ਲੁਹਾਰ, ਸੈਦੋ ਘੇਉ, ਭਗੀਰਥ ਆਦਿ ਗੁਰੂ ਨਾਨਕ ਸਾਹਿਬ ਪਾਸ ਬਾਣੀ ਲਿਖਣ ਦਾ ਕੰਮ ਕਰਦੇ ਸਨ। ਗੁਰੂ ਅੰਗਦ ਜੀ ਪਾਸ ਭਾਈ ਪੈੜਾ ਮੋਖਾ ਇਹ ਕੰਮ ਕਰਦਾ ਰਿਹਾ। ਗੁਰੂ ਅਮਰਦਾਸ ਦੇ ਪੁੱਤਰ ਪੋਤਰੇ ਸਾਰੇ ਇਸ ਕੰਮ ਵਿਚ ਤਾਕ ਸਨ ਤੇ ਗੁਰੂ ਰਾਮਦਾਸ ਖੁਦ ਬਾਣੀ ਲਿਖਣ ਦੇ ਅਭਿਆਸੀ ਸਨ। ਇਨ੍ਹਾਂ ਦੇ ਲਿਖੇ ਜਪੁ ਤੋਂ ਹੀ ਗੁਰੂ ਅਰਜਨ ਸਾਹਿਬ ਜੀ ਨੇ ਇਸ ਬਾਣੀ ਦਾ ਉਤਾਰਾ ਕੀਤਾ ਸੀ। ਪੰਚਮ ਸਤਿਗੁਰੂ ਪਾਸ—ਭਾਈ ਹਰੀਆ, ਸੁੱਖਾ, ਸੰਤ ਰਾਮ ਤੇ ਮਨਸਾਰਾਮ ਚਾਰ ਲਿਖਾਰੀ ਰਖੇ ਹੋਏ ਸਨ ਜੋ ਭਾਈ ਗੁਰਦਾਸ ਦੀ ਅਗਵਾਈ ਵਿਚ ਬਾਣੀ ਲਿਖਣ ਦਾ ਕੰਮ ਨਿਭਾਉਂਦੇ ਸਨ। ਡੱਲੋ ਵਾਸੀ ਪਾਂਧੇ ਬੂਲੇ ਦਾ ਜ਼ਿਕਰ ਖੁਦ ਭਾਈ ਗੁਰਦਾਸ ਨੇ ਕੀਤਾ ਹੈ।*

---

*ਪਾਧਾਂ ਬੂਲਾ ਜਾਣੀਐ, ਗੁਰਬਾਣੀ ਗਾਇਣ ਲੇਖਾਰੀ।

[ਵਾਰਾਂ ਭਾਈ ਗੁਰਦਾਸ



Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੂੰਕਿ ਬਾਣੀ ਤੋਂ ਇਲਾਵਾ ਪ੍ਰਚਾਰ ਲਈ ਹੋਰ ਬਹੁਤ ਸਾਰਾ ਸਾਹਿਤ ਵੀ ਲਿਖਵਾਇਆ ਤੇ ਭਾਰਤੀ ਸਾਹਿਤ ਵਿਚੋਂ ਕਈ ਚੀਜ਼ਾਂ ਦਾ ਗੁਰਮੁਖੀ ਲਿਪਿਅੰਤਰ ਵੀ ਕਰਵਾਇਆ, ਇਸ ਕਰਕੇ ਉਨ੍ਹਾਂ ਨੂੰ ਵਧੇਰੇ ਲਿਖਾਰੀਆਂ ਦੀ ਲੋੜ ਸੀ। ਇਤਿਹਾਸ ਅਨੁਸਾਰ ਉਨ੍ਹਾਂ 36 ਲਿਖਾਰੀ ਆਪਣੇ ਪਾਸ ਰੱਖੇ ਹੋਏ ਸਨ ਜਿਨ੍ਹਾਂ ਵਿਚ ਚਾਰ ਗੁਰੂ ਸਾਹਿਬ ਦੇ ਨਿਜੀ ਲਿਖਾਰੀ ਸਨ ਜੋ ਸਤਿਗੁਰਾਂ ਦੀ ਕਾਵਿ-ਰਚਨਾ ਦੇ ਸੁੰਦਰ ਖਰੜੇ ਤਿਆਰ ਕਰਦੇ ਰਹਿੰਦੇ ਸਨ। ਹੁਣੇ ਹੁਣੇ ਇਕ ਪ੍ਰਾਚੀਨ ਦਸਮ ਗ੍ਰੰਥ ਮੇਰੇ ਦੇਖਣ ਵਿਚ ਆਇਆ ਹੈ, ਜਿਸ ਦੇ ਵਖੋ ਵਖ ਭਾਗਾਂ ਦੇ ਖਰੜਿਆਂ ਉਤੇ ਨਿਹਾਲਾ, ਬਾਲਾ, ਹਰਿਦਾਸ, ਦਰਬਾਰੀ ਸਿੰਘ ਛੋਟਾ ਆਦਿ ਦੇ ਦਸਖਤ ਪਏ ਹੋਏ ਹਨ।

ਗੁਰੂ ਸਾਹਿਬ ਪਾਸ ਰਹਿੰਦੇ 36 ਲਿਖਾਰੀਆਂ ਦੀ ਸੂਚੀ ਸਾਡੇ ਪਾਸ ਨਹੀਂ, ਜੋ ਨਾਮ ਮਿਲ ਸਕੇ, ਉਨ੍ਹਾਂ ਦੀਆਂ ਸੰਖੇਪ ਜਾਣਕਾਰੀ ਦਿਤੀ ਜਾਂਦੀ ਹੈ।

## ੧੦੬ ਆਸਾ ਸਿੰਘ ਮੁਸੱਦੀ

ਅਰਬੀ ਵਿਚ ਮੁਤਸੱਦੀ, ਕਾਗਜ਼ ਪੇਸ਼ ਕਰਨ ਵਾਲੇ ਬਾਬੂ ਨੂੰ ਕਹਿੰਦੇ ਹਨ ਤੇ ਇਸੇ ਦਾ ਪੰਜਾਬੀ ਰੂਪ ਮੁਸੱਦੀ ਹੈ। ਆਸਾ ਸਿੰਘ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਨਿਭਾਉਣ ਵਾਲਾ ਈਮਾਨਦਾਰ ਆਦਮੀ ਸੀ। ਇਕ ਵਾਰ ਕਿਸੇ ਗਰੀਬ ਸਿਖ ਨੇ ਆਪਣੀ ਲੜਕੀ ਦੀ ਸ਼ਾਦੀ ਲਈ ਗੁਰੂ ਦਾ ਵਾਸਤਾ ਪ ਕੇ ਪੈਸੇ ਦੀ ਮੰਗ ਕੀਤੀ। ਤਾਂ ਇਸ ਉਸ ਨੂੰ ਪੰਜ ਸੌ ਦੀ ਹੁੰਡੀ ਲਿਖ ਕੇ ਦੇ ਦਿਤੀ। ਜਦੋਂ ਹੁੰਡੀ ਤਾਰਨ ਵਾਲੇ ਸਿਖ ਨੇ ਉਹ ਟੁੰਬੂ ਲਿਆ ਕੇ ਗੁਰੂ ਸਾਹਿਬ ਦੇ ਪੇਸ਼ ਕੀਤਾ ਤਾਂ ਇਹ ਦੇਖ ਕੇ ਸਤਿਗੁਰੂ ਹੈਰਾਨ ਹੋਏ ਕਿ ਅਸਾਂ ਤਾਂ ਕੋਈ ਰੁਪਈਆ ਦੇਣ ਲਈ ਨਹੀਂ ਸੀ ਆਖਿਆ ਤੇ ਇਹ ਕਿਸ ਬਿਨਾਂ ਪੁਛੇ ਹੁੰਡੀ ਜਾਰੀ ਕੀਤੀ। ਗੱਲ ਸੱਚੀ ਸੀ, ਭਾਈ ਆਸਾ ਸਿੰਘ ਨੇ ਪਰਉਪਕਾਰ ਦੀ ਭਾਵਨਾ ਹੇਠ ਗੁਰੂ ਸਾਹਿਬ ਨੂੰ ਬਿਨਾਂ ਪੁਛੇ ਹੀ ਇਹ ਕੰਮ ਕੀਤਾ ਸੀ ਜੋ ਕਿ ਦਫਤਰੀ ਨੇਮਾਂ ਅਨੁਸਾਰ ਠੀਕ ਨਹੀਂ ਸੀ। ਇਸ ਗ਼ਲਤੀ ਦਾ ਭਾਈ ਆਸਾ ਸਿੰਘ ਨੂੰ ਵੀ ਅਹਿਸਾਸ ਹੋਇਆ ਤੇ ਉਹ ਕਈ ਦਿਨ ਹਾਜ਼ਰ ਨਹੀਂ ਹੋਇਆ। ਅਖੀਰ ਉਸ ਨੂੰ ਖਿਆਲ ਆਇਆ ਕਿ ਮੈਂ ਬੇਈਮਾਨੀ ਤਾਂ ਨਹੀਂ ਕੀਤੀ, ਕੇਵਲ ਗਰੀਬ ਸਿਖ ਦੀ ਮੱਦਦ ਲਈ ਅਜੇਹਾ ਕੀਤਾ ਹੈ। ਆਸਾ ਸਿੰਘ ਨੇ ਇਹ ਦੋਹਰਾ

---

*ਸਵਾ ਪਹਿਰ ਦਿਨ ਚਢਤ ਲਗ, ਇਕ ਜਾ ਬੈਠ ਇਕਾਂਤ
ਬਾਨੀ ਕਰਤ ਉਚਾਰ ਸਬ, ਅੰਮ੍ਰਿਤ ਸ੍ਰੀ ਅਵਿਦਾਂਤ। ੧੧।

ਲੇਖਕ ਗੁਨੀ ਛੱਤੀਸ ਬਰ, ਕ੍ਰਿਪਾ ਸਿੰਧੁ ਕੇ ਪਾਸ
ਜੋ ਆਗਿਆ ਗੁਰ ਕਰਤ ਹੈਂ, ਲਿਖਵਣ ਬੁਧਿ ਬਿਲਾਸ। ੧੨।

ਤਿਨ ਮਹਿੰ ਚਾਰ, ਚਾਰੁ ਮਤਿ ਧੀਰਾ। ਨਿਸ ਦਿਨ ਸਦਾ ਬਸਹਿੰ ਗੁਰ ਤੀਰਾ।
[ਗੁਰ ਬਿਲਾਸ, ਅਧਿਆ ੧੭, ਸੁਖਾ ਸਿੰਘ



Digitized by Panjab Digital Library | www.panjabdigilib.org

ਲਿਖ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਘੱਲਿਆ —

**ਕਲਮੋਵਾਚ**

ਦੋਹਰਾ— ਮੁਖ ਕਾਰਾ ਮੇਰੋ ਕਰੈਂ, ਕਰਤ ਨ ਪਰਉਪਕਾਰ
ਤਿਸ ਕੋ ਮੈਂ ਫਿਰ ਕਰਉਂਗੀ, ਪਲਟਾ ਇਹੁ ਦਰਬਾਰਿ । ੧ ।

ਫਟ ਛਾਤੀ ਦੋ ਟੂਕ ਭਈ, ਰੁਦਨ ਕਰਤ ਲਿਖ ਜਾਤ
ਪਰਸ੍ਵਾਰਥ ਉਪਕਾਰ ਬਿਨ, ਮੋਹਿ ਨ ਉਪਜਤ ਸ਼ਾਂਤਿ । ੨ ।

ਗੁਰੂ ਸਾਹਿਬ ਨੇ ਸਾਰੀ ਗੱਲ ਜਾਣ ਕੇ ਉਸ ਨੂੰ ਮਾਫ ਕਰ ਦਿਤਾ ਤੇ ਉਸ ਦਾ ਰੁਤਬਾ ਹੋਰ ਮੁਨਸ਼ੀਆਂ ਨਾਲੋਂ ਵਧਾ ਦਿਤਾ ।

## ੧੦੭ ਸੈਣਾ ਸਿੰਘ

ਸਿਖ ਇਤਿਹਾਸ ਵਿਚ ਚਾਰ ਸੈਣਾ ਸਿੰਘ ਹੋਏ ਹਨ—

ਚੰਦ੍ਰ ਸੈਨ ਸੈਨਾਪਤਿ ਨੂੰ 'ਸੈਣਾ ਜੱਟ' ਲਿਖਿਆ ਮਿਲਦਾ ਹੈ ਜੋ ਕਿ ਕਵੀ ਸੀ । ਇਕ ਸੈਣਾ ਸਿੰਘ, ਨਾਨੂ ਰਾਇ ਦਿਲੀ ਵਾਲੇ ਦਾ ਛੋਟਾ ਭਾਈ ਸੀ ਜਿਸ 'ਸ੍ਰੀ ਗੁਰ ਸ਼ੋਭਾ' ਗ੍ਰੰਥ ਲਿਖਿਆ । ਤੀਜਾ ਸੈਣਾ ਸਿੰਘ ਭਾਈ ਮਨੀ ਸਿੰਘ ਦਾ ਪੋਤਾ ਤੇ ਭਾਈ ਚਿਤ੍ਰ ਸਿੰਘ ਦਾ ਪੁੱਤਰ ਸੀ ਜੋ 22 ਜੂਨ 1713 ਨੂੰ ਸਢੌਰੇ ਸ਼ਹੀਦ ਹੋਇਆ । ਚੌਥਾ ਸੈਣਾ, ਮਾਲਵੇ ਦੇ ਮਸੰਦ ਦੇਸ ਰਾਜ ਦਾ ਛੋਟਾ ਭਾਈ ਸੀ । ਸ਼ਾਇਦ ਇਹੋ ਗੁਰੂ ਦਰਬਾਰ ਦਾ ਮੁਨਸ਼ੀ ਸੀ । ਇਹ ਆਏ ਗਏ ਧਨ ਪਦਾਰਥ ਤੇ ਸਮੱਗਰੀ ਦੀ ਸੰਭਾਲ ਕਰਦਾ ਅਤੇ ਚਿਠੀ-ਪੱਤਰ ਦਾ ਕੰਮ ਵੀ ਨਿਭਾਉਂਦਾ ਸੀ । ਗੁਰੂ ਸਾਹਿਬ ਦੇ ਸਮੇਂ ਲਿਖੀ ਗਈ ਇਕ ਪ੍ਰਾਚੀਨ ਵਾਰ ਵਿਚ ਸੰਕੇਤ ਹੈ—

ਭਾਈ ਸੈਣਾ ਸੱਦਿਆ, ਅਰਦਾਸਿ ਧਰੀ ਲਿਖਵਾਇਕੈ । ੭ ।

ਇਹ ਗੱਲ ਸ਼ਾਇਦ 1753 ਬਿਕ੍ਰਮੀ ਦੀ ਹੈ, ਜਦੋਂ ਲਾਲਾ ਵਲੀ ਰਾਮ ਕਾਬਲ ਵਿਚ ਦੇਹਾਂਤ ਪਾ ਗਿਆ ਤਾਂ ਉਸ ਦੀ ਘਰ ਵਾਲੀ ਨੇ ਗੁਰੂ ਨਮਿਤ ਕਾਫੀ ਮਾਇਆ ਤੇ ਹੋਰ ਕੀਮਤੀ ਸਮੱਗਰੀ ਚੇਤੋ ਮਸੰਦ ਰਾਹੀਂ ਅਨੰਦਪੁਰ ਭਿਜਵਾਈ। ਚੇਤੋ ਈਮਾਨਦਾਰ ਨਹੀਂ ਸੀ, ਉਸ ਨੇ ਸਭ ਮਾਲ ਦੌਲਤ ਆਪਣੇ ਪਾਸ ਰੱਖ ਲਿਆ ਤੇ ਥੋੜਾ ਬਹੁਤਾ ਦੇ ਦਿਵਾ ਕੇ ਭਾਈ ਸੈਣੇ ਪਾਸੋਂ ਝੂਠੀ ਰਸੀਦ ਲਿਖਵਾ ਲਈ । ਜਦ ਲਾਲਾ ਵਲੀ ਰਾਮ ਦੇ ਘਰ ਵਾਲੀ ਵਿਸਾਖੀ ਦੇ ਮੇਲੇ ਤੇ ਖੁਦ ਸਤਿਗੁਰੂ ਦੀ ਹਜ਼ੂਰੀ ਵਿਚ ਪਹੁੰਚੀ ਤਾਂ ਉਸ ਨੇ ਸਾਰੀ ਗੱਲ ਦੱਸੀ ਕਿ ਮਹਾਰਾਜ ! ਇਸ ਤਰ੍ਹਾਂ ਦਾ ਸਾਮਾਨ ਤੇ ਮਾਇਆ ਆਪ ਪਾਸ ਭੇਜੀ ਗਈ ਸੀ ਤੇ ਇਹ ਰਸੀਦ ਹੈ । ਗੁਰੂ ਸਾਹਿਬ ਝੂਠੀ ਰਸੀਦ ਦੇਖ ਕੇ ਆਖਣ ਲਗੇ ਕਿ ਇਹ ਕਿਸ ਅੰਨ੍ਹੇ ਨੇ ਲਿਖੀ ਹੈ । ਸੈਣਾ ਇਸ ਸਮੇਂ ਆਪਣੇ ਘਰ ਸੀ, ਕਹਿੰਦੇ ਨੇ ਉਹ ਤਾਂ ਉਥੇ ਹੀ ਅੰਨ੍ਹਾ



Digitized by Panjab Digital Library | www.panjabdigilib.org

ਹੋ ਗਿਆ । †

ਜਦ ਕੁਝ ਸਮਾਂ ਲੰਘ ਗਿਆ ਤਾਂ ਸੈਣੇ ਦੇ ਮਨ ਵਿਚ ਪਛਤਾਵਾ ਹੋਇਆ ਤੇ ਉਧਰ ਸਤਿਗੁਰੂ ਵੀ ਉਸ ਦੀ ਸੁੰਦਰ ਲਿਖਾਈ ਨੂੰ ਯਾਦ ਕਰਦੇ ਤੇ ਉਸ ਦੇ ਨਾ ਆਉਣ ਬਾਰੇ ਪੁਛ ਪੜਤਾਲ ਕਰਦੇ । ਆਖਿਰ ਇਸ ਮਾਮਲੇ ਵਿਚ ਸਾਰੀ ਗਲਤੀ ਚੇਤੋ ਮਸੰਦ ਦੀ ਸੀ ਜਿਸ ਦੀ ਉਸ ਨੂੰ ਛੇਤੀ ਸਜ਼ਾ ਮਿਲ ਗਈ । ਭਾਈ ਸੈਣੇ ਨੇ ਪਿੰਡ ਆਪਣੀ ਖੇਤੀ ਵਾੜੀ ਦੀ ਕਾਰ ਅਰੰਭ ਦਿਤੀ ਪਰ ਅਨੰਦਪੁਰ ਦਾ ਅਨੰਦ ਕਿਵੇਂ ਮਿਲ ਸਕਦਾ ਸੀ । ਅਖੀਰ ਸੋਚ ਵਿਚਾਰ ਕੇ ਮਾਫੀ ਲਈ ਸਤਿਗੁਰਾਂ ਦੇ ਨਾਮ ਇਹ ਦੋਹਰਾ ਲਿਖ ਕੇ ਘੱਲਿਆ —

'ਜਬ ਕੇ ਪ੍ਰਭੁ ਤੇ ਬੀਛੁਰੇ, ਕੀਯੋ ਕ੍ਰਿਖੀ ਕੋ ਠਾਟ
ਬ੍ਰਿਖਭਨ ਸੰਗਤਿ ਹਮ ਕਰੀ, ਭਏ ਜਾਟ ਕੇ ਜਾਟ ।'

ਭਾਵ ਇਹ 'ਮਹਾਰਾਜ ! ਜਦ ਤੋਂ ਆਪ ਤੋਂ ਵਿਛੜ ਕੇ ਅਨੰਦਪੁਰੋਂ ਆ ਗਏ ਹਾਂ ਉਦੋਂ ਤੋਂ ਖੇਤੀ ਵਾੜੀ ਦਾ ਕੰਮ ਕਰ ਲਿਆ ਹੈ ਤੇ ਅਜ ਕੱਲ ਅਸੀਂ ਬੈਲਾਂ ਦੀ ਸੰਗਤ ਕਰਦੇ ਹਾਂ ।'

ਲਿਖਾਰੀ ਦਾ ਭਾਵ ਇਹ ਸੀ ਕਿ ਆਪ ਦੀ ਹਜ਼ੂਰੀ ਵਿਚ ਵੱਡਾ ਸਨਮਾਨ ਤੇ ਅਨੰਦ ਪ੍ਰਾਪਤ ਸੀ ਪਰ ਹੁਣ ਉਹ ਗੱਲ ਨਹੀਂ । ਗੁਰੂ ਸਾਹਿਬ ਨੇ ਉਸ ਨੂੰ ਮਾਫ ਕਰ ਦਿਤਾ ਤੇ ਆਪਣੇ ਪਾਸ ਬੁਲਾ ਲਿਆ ।

## ੧੦੮ ਮਨੀ ਸਿੰਘ ਮੁਸੱਦੀ

ਭਾਈ ਮਨੀ ਸਿੰਘ ਨਾਮ ਦੇ ਦੋ ਵਿਅਕਤੀ ਹੋਏ ਹਨ । ਇਕ ਭਾਈ ਮਨੀ ਸਿੰਘ ਪੰਵਾਰ ਰਾਜਪੂਤ ਅਲੀਪੁਰ (ਮੁਲਤਾਨ) ਦੇ ਰਹਿਣ ਵਾਲੇ ਸਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨ ਸਨ । ਦੂਜੇ ਮਨੀ ਸਿੰਘ ਮੁਸੱਦੀ, ਕੰਬੋ ਜਾਤੀ ਦੇ ਤੇ ਇਹ ਗਿਆਨੀ ਗਿਆਨ

---

†ਕਾਬਲ ਵਿਚ ਲਾਲਾ ਵਲੀ ਰਾਮ ਆਹਾ ਮੁਸੱਦੀ
ਸੋ ਗਿਆ ਸੁਅਰਗਿ, ਪਿਛੇ ਨ ਉਲਾਦ ਨ ਜੱਦੀ । ੩੩੨ ।

ਮਾਇਆ ਆਹੀ ਬਹੁਤ ਤਿਨ ਗੁਰੂ ਕੇ ਤੇਜਣੀ ਲਾਈ
ਸੱਦਿਆ ਚੇਤੋ ਮਸੰਦ, ਕੁਛ ਦਿਤੀ ਗੁਰੂ ਕੇ ਭਿਜਵਾਈ । ੩੩੩ ।

ਸੋ ਚੇਤੋਂ ਲੈ ਕੇ ਰੱਖੀ ਘਰਿ ਅਤੇ ਸੈਣੇ ਪਾਸੋਂ ਝੂਠੀ ਰਸੀਦ ਲਿਖਾਈ ।
'ਬਚਨ ਕੀਤਾ—ਇਹ ਰਸੀਦਾਂ ਕਿਸ ਅੰਧੇ ਹੈਨਿ ਲਿਖੀਆਂ ।
ਜੋ ਵਸਤੁ, ਏਹੁ ਮਾਇਆ ਹੈ ਕਹਿੰਦੀ, ਸੋ ਅਸਾਂ ਅੱਖੀਂ ਨਹੀਂ ਦਿਖੀਆ' । ੩੩੭ ।

ਸੈਣਾ ਲਿਖਾਰੀ ਘਰਿ ਬੈਠਿਆਂ ਅੰਧਾ ਹੋਇ ਗਇਆ
ਬਚਨ ਖਾਂਵੰਦ ਦਾ ਜੋ ਕ੍ਰੋਧ ਨਾਲ ਭਇਆ । [ਬੰਸਾਵਲੀਨਾਮਾ



Digitized by Panjab Digital Library | www.panjabdigilib.org

ਸਿੰਘ ਜੀ ਦੇ ਲਿਖਣ ਅਨੁਸਾਰ ਮਨੀਕਰਣ ਦੇ ਵਸਨੀਕ ਸਨ ।* ਇਹ ਗੁਰੂ ਦਰਬਾਰ ਦੇ ਮੁਨਸ਼ੀਖਾਨੇ ਵਿਚ ਕੰਮ ਕਰਦੇ ਤੇ ਲਿਖਣ ਪੜ੍ਹਨ ਵਿਚ ਵਧੇਰੇ ਦਿਲਚਸਪੀ ਰਖਦੇ ਸਨ । ਗੁਰੂ ਸਾਹਿਬ ਦੇ ਦੇਹਾਂਤ ਪਿਛੋਂ ਇਹ ਮਾਤਾ ਸੁੰਦਰੀ ਜੀ ਪਾਸ ਕਾਫੀ ਅਰਸਾ ਦਿਲੀ ਰਹੇ । ਮਾਤਾ ਜੀ ਦੀ ਪ੍ਰੇਰਨਾ ਤੇ ਹੀ ਇਨ੍ਹਾਂ ਥਾਂ ਥਾਂ ਤੋਂ ਹੱਥ-ਲਿਖਤ ਖਰੜੇ ਇਕੱਤਰ ਕਰ ਕੇ ਦਸਮੇਸ਼-ਰਚਨਾ ਨੂੰ ਮੁੜ ਸੰਕਲਿਤ ਕਰਨ ਦਾ ਉੱਦਮ ਕੀਤਾ ।

ਵੱਡੇ, ਭਾਈ ਮਨੀ ਸਿੰਘ ਇਨ੍ਹੀਂ ਦਿਨੀਂ ਅੰਮ੍ਰਿਤਸਰ ਸਨ, ਉਨ੍ਹਾਂ ਨੇ ਵੀ ਯਥਾਯੋਗ ਸਹਾਇਤਾ ਕੀਤੀ ।

ਅਖੀਰ ਮਨੀ ਸਿੰਘ ਮੁਸੱਦੀ ਨੇ ਸਾਰਾ ਮਸਾਲਾ ਇਕੱਤਰ ਹੋ ਜਾਣ ਬਾਦ ਆਪਣੀ ਬੁਧਿ ਅਨੁਸਾਰ ਗੁਰੂ ਗ੍ਰੰਥ ਤੇ ਦਸਮ ਗ੍ਰੰਥ ਦੋਹਾਂ ਨੂੰ ਇਕੱਠਾ ਕਰ ਕੇ ਇਕ ਵੱਡੀ ਬੀੜ ਬਣਾਈ ਜਿਸ ਵਿਚ ਗੁਰੂ ਵਿਅਕਤੀ ਅਨੁਸਾਰ ਸਾਰੀ ਬਾਣੀ ਤਰਤੀਬੀ ਗਈ ਸੀ । ਇਸ ਗੱਲ ਨੂੰ ਸਿਖਾਂ ਪਸੰਦ ਨਹੀਂ ਕੀਤਾ । ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ—

ਇਹ ਗ੍ਰੰਥ ਅਉਤਾਰ ਲੀਲ੍ਹਾ ਦਾ ਜੋ ਹੈਸੀ
ਸੋ ਭਾਈ ਮਨੀ ਸਿੰਘ ਮੁਸੱਦੀ ਜਾਤਿ ਕੰਬੋਉ ਹੋਰਾਂ ਇਕੱਠਾ ਕਰਵਾਇਆ
ਸੰਮਤ ਸਤਾਰਾਂ ਸੈ ਬਿਆਸੀ ਜਬ ਗਏ
ਤਬ ਭਾਈ ਮਨੀ ਸਿੰਘ ਜੀ, ਦੂਜੇ ਅੰਮ੍ਰਿਤਸਰ ਆਵਤ ਭਏ । ੩੮੧ ।

ਦੂਜਾ ਅੰਮ੍ਰਿਤਸਰ ਜੀ, ਚੋਲੇ ਬਾਗ ਵਿਚਿ ਹੈ ਬਣਿਆ
ਭਾਈ ਮਨੀ ਸਿੰਘ ਮੁਸੱਦੀ, ਸਿਖ ਸਿਖਾਂ ਵਿਚ ਗਣਿਆ
ਸੋ ਸਿਖ ਬਹੁਤ ਹੀ ਮਾਇਆ ਲੈ ਕੇ ਹੈਸੀ ਆਇਆ
ਸਿਖਾਂ ਨੂੰ ਖਰਚ ਰੁਪਏ ਦੇਇ, ਬਾਣੀ ਢੂੰਢਾਇਆ । ੩੮੨ ।

ਖਾਸ ਦਸਖਤੀ ਪੱਤਰੇ ਲਿਖੇ ਹਥਿ ਆਏ
ਉਨ੍ਹਾਂ ਪੱਤ੍ਰਿਆਂ ਦੇ ਬਰੋਬਰ ਨਾਲਿ ਸਭ, ਬਾਣੀ ਹੋਰ ਲਈ ਲਿਖਾਏ

ਇਤਨੀ ਵਧੀਕ ਗੱਲ ਉਸ ਪਾਸਹੁੰ ਸੀ ਹੋਈ
ਜੋ ਭਗਤ ਬਾਣੀ ਆਦਿ ਗ੍ਰੰਥ ਦੀ, ਜੁਦਾ ਕਰਿ ਲਿਖੀ ਸੋਈ । ੩੮੩ ।

---

* ਮਨੀ ਸਿੰਘ ਭੀ ਦੋਇ ਭਏ ਹੈਂ । ਬਹੁ ਨਿਰਨੇ ਕਰਿ ਜਾਨ ਲਏ ਹੈਂ
ਇਕ ਮਨੀ ਸਿੰਘ ਜਾਤ ਕੰਬੋਇ । ਸਾਕਨ ਮਨੀਕਰਣ ਭਾ ਸੋਇ । ੩੨ ।

ਅੰਮ੍ਰਿਤਸਰ ਮੈਂ ਔਰ ਲਾਹੌਰ । ਹੈ ਸੰਤਤ ਤਾਂਕੀ ਜੁਗ ਠੌਰ
ਵਸਤੀ ਰਾਮ ਦਾਬ ਕੇ ਤੀਰੇ । ਹਮ ਨਿਜ ਨੈਨਨ ਪਿਖੀ ਸਧੀਰੇ । ੩੩ ।

[ਪੰਥ ਪ੍ਰਕਾਸ਼, ੪੩ ਵਿਸ਼੍ਰਾਮ



Digitized by Panjab Digital Library | www.panjabdigilib.org

ਆਦਿ ਗ੍ਰੰਥ ਤੇ ਦਸਵੀਂ ਪਾਤਸ਼ਾਹੀ ਦਾ ਦੋਵੇਂ ਗ੍ਰੰਥ ਕਰਾਇਆ
ਤਿਸ ਆਦਿ ਵਿਚੋਂ ਭਗਤ ਬਾਣੀ ਜੁਦਾ ਕਰਿ ਲਿਖਾਇਆ
ਦੋਹਾਂ ਗ੍ਰੰਥਾਂ ਦੀ ਬੀੜ ਇਕ ਕਰਿ ਬੰਧਾਈ । ੩੮੪ ।

ਦਸਮ ਗ੍ਰੰਥ ਦਾ ਸੰਪਾਦਨ ਤੇ ਫ਼ਿਰ ਇਹ ਦੋਹਾਂ ਬੀੜਾਂ ਦਾ ਇਕ ਥਾਂ ਸੰਕਲਨ ਭਾ: ਮਨੀ ਸਿੰਘ ਦੀਵਾਨ ਨੇ ਕੀਤਾ ਜਾਂ ਮਨੀ ਸਿੰਘ ਮੁਸੱਦੀ ਨੇ, ਇਹ ਗੱਲ ਵਿਚਾਰ ਯੋਗ ਹੈ । ਸੰਭਵ ਹੈ, ਦੋਵੇਂ ਇਸ ਕੰਮ ਲਈ ਪ੍ਰਯਤਨਸ਼ੀਲ ਰਹੇ ਹੋਣ । ਇਹ ਵੀ ਵੱਡੀ ਗੱਲ ਨਹੀਂ ਕਿ ਦੋਹਾਂ ਨੂੰ ਹੀ ਸ਼ਹਾਦਤ ਦਾ ਜਾਮ ਪੀਣਾ ਪਿਆ ਹੋਵੇ । ਸਮੇਂ ਤੇ ਨਾਮ ਦੀ ਸਾਂਝ ਕਰ ਕੇ ਕਈ ਘਟਨਾਵਾਂ ਰਲਗੱਡ ਹੋ ਗਈਆਂ,ਜਿਨ੍ਹਾਂ ਦਾ ਅੱਜ ਨਿਖੇੜਾ ਕਰਨਾ ਔਖਾ ਹੈ ।

## ੧੦੯ ਬਾਲ ਗੋਬਿੰਦ

ਬਾਲ ਗੋਬਿੰਦ ਤੇ ਫਤਿਹ ਚੰਦ ਦਾ ਨਾਮ ਨੌਵੇਂ ਪਾਤਸ਼ਾਹ ਦੇ ਹੁਕਮਨਾਮਿਆਂ ਵਿਚ ਮਿਲਦਾ ਹੈ । ਇਨ੍ਹਾਂ ਦੋਹਾਂ ਲਿਖਾਰੀਆਂ ਦਾ 1753 ਬਿ. ਦਾ ਲਿਖਿਆ ਵੱਡਾ ਗ੍ਰੰਥ ਜਿਸ ਵਿਚ ਹਨੂਮਾਨ ਨਾਟਕ, ਸਾਮੁਦ੍ਰਿਕ ਭਾਖਾ (ਕੁਵਰੇਸ਼), ਅਸ਼ਵਮੇਧ ਪਰਬ (ਟਹਿਕਨ) ਤੇ ਸੂਰ ਸਾਗਰ ਸ਼ਾਮਲ ਹਨ, ਸਿਖ ਰੈਫ੍ਰੈਂਸ ਲਾਇਬ੍ਰੇਰੀ ਵਿਚ (5025, 2026, 5027 ਨੰ:) ਸੁਰੱਖਿਅਤ ਹੈ । ਇਸ ਦੇ ਅੰਤ ਤੇ ਲਿਖਾਰੀਆਂ ਦੇ ਦਸਤਖ਼ਤ ਹਨ ।

## ੧੧੦ ਫਤਿਹ ਚੰਦ

1748 ਬਿ. ਦੀ ਲਿਖੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਖਤ ਪਟਨੇ ਸਾਹਿਬ ਪਈ ਹੈ, ਇਹ ਫਤਿਹ ਚੰਦ ਦੀ ਲਿਖੀ ਹੋਈ ਹੈ । 1749 ਬਿ. ਵਿਚ ਭਾਈ ਰਾਮਰਾਇ ਲਿਖਾਰੀ ਨੇ ਇਸੇ ਬੀੜ ਤੋਂ ਇਕ ਹੋਰ ਬੀੜ ਨਕਲ ਕੀਤੀ ਸੀ, ਇਹ ਵੀ ਸੁਭਾਗ ਨਾਲ ਉਥੇ ਸਾਂਭੀ ਹੋਈ ਹੈ ।

## ੧੧੧ ਨਿਹਾਲਾ

ਇਸ ਦਾ ਨਾਂ ਨਿਹਾਲ ਚੰਦ ਯਾ ਨਿਹਾਲ ਸਿੰਘ ਮਿਲਦਾ ਹੈ । ਆਮ ਤੌਰ ਤੇ ਇਸ ਨੂੰ ਕਵੀ-ਸੂਚੀ ਵਿਚ ਗਿਣਿਆ ਗਿਆ ਹੈ ਲੇਕਿਨ ਇਹ ਲਿਖਾਰੀ ਸੀ, ਇਸ ਨੇ ਦਸਮ ਗ੍ਰੰਥ ਦਾ ਚਰਿਤ੍ਰੋਪਖਯਾਨ ਵਾਲਾ ਕਾਫੀ ਹਿੱਸਾ ਹੱਥੀਂ ਲਿਖਿਆ ਸੀ, ਉਹ ਪ੍ਰਾਪਤ ਹੈ । ਭਾਈ ਨਿਹਾਲ ਸਿੰਘ ਚਮਕੌਰ ਵਿਚ ਸ਼ਹੀਦ ਹੋਇਆ ।

## ੧੧੨ ਬਾਲਾ

ਇਹ ਵੀ ਲਿਖਾਰੀ ਸੀ, ਇਸ ਨੇ 'ਚਰਿਤ੍ਰੋਪਖਯਾਨ' ਵਾਲਾ ਕੁਝ ਭਾਗ ਲਿਖਿਆ ।



Digitized by Panjab Digital Library | www.panjabdigilib.org

## ੧੧੩ ਦਰਬਾਰੀ ਛੋਟਾ

ਦਰਬਾਰੀ ਦੋ ਸਨ, ਇਕ ਛੋਟਾ, ਇਕ ਵੱਡਾ। ਦਰਬਾਰੀ ਸਿੰਘ ਛੋਟੇ ਨੇ ਦਸਮ ਗ੍ਰੰਥ ਦਾ ਕੁਝ ਭਾਗ ਜਾਪੁ, ਵਾਰ ਦੁਰਗਾ ਕੀ ਆਦਿ ਲਿਖਿਆ ਸੀ, ਜੋ ਕਿ ਪ੍ਰਾਪਤ ਹੈ।

## ੧੧੪;੧੧੫ ਘਰਬਾਰੀ ਸਿੰਘ ਤੇ ਦਰਬਾਰੀ ਸਿੰਘ

ਇਹ ਦੋਵੇਂ ਭੱਲਾ ਖਾਨਦਾਨ ਵਿਚੋਂ ਬਾਬਾ ਮੋਹਰੀ ਤੋਂ ਸੱਤਵੀਂ ਪੀੜ੍ਹੀ ਖੁਸ਼ਹਾਲ ਸਿੰਘ ਦੇ ਪੁੱਤਰ ਸਨ। ਇਹ ਘਰਾਣਾ ਗੁਰਬਾਣੀ ਲਿਖਣ ਦਾ ਪੁਰਾਣਾ ਅਭਿਆਸੀ ਸੀ। ਸੋ ਇਹ ਦੋਵੇਂ ਘਰਬਾਰੀ ਤੇ ਦਰਬਾਰੀ, ਦਸਮੇਸ਼ ਦੇ ਦਰਬਾਰ ਵਿਚ ਲਿਖਣ ਦੀ ਸੇਵਾ ਕਰਦੇ ਰਹੇ। ਸ਼ਾਇਦ ਇਹ ਦਰਬਾਰੀ, ਵੱਡਾ ਕਿਹਾ ਜਾਂਦਾ ਹੋਵੇ। ਜਦੋਂ ਗੁਰੂ ਜੀ ਅਨੰਦਪੁਰੋਂ ਜਾਣ ਲਗੇ ਤਾਂ ਇਹ ਡਰ ਗਏ ਤੇ ਗੁਰੂ ਜੀ ਨੂੰ ਬਿਨਾਂ ਦੱਸੇ ਹੀ ਆ ਗਏ। ਪਰ ਪਿਛੋਂ ਪਿਤਾ ਸਮੇਤ ਮੁਕਤਸਰ ਜਾ ਸ਼ਹੀਦ ਹੋਏ।

## ੧੧੬ ਹਰਿਦਾਸ

ਭਾਈ ਹਰਿਦਾਸ ਗੁਰੂ ਸਾਹਿਬ ਦਾ ਹਜ਼ੂਰੀ ਲਿਖਾਰੀ ਸੀ ਤੇ ਸ਼ਾਇਦ ਬ੍ਰਾਹਮਣ ਸੀ। ਇਸ ਦੀ ਲਿਖੀ ਇਕ ਬੀੜ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਪਈ ਹੈ, ਇਸ ਦੇ 741 ਪੱਤਰੇ ਉਤੇ ਨੋਟ ਹੈ —'ਗਿਰੰਥ ਸਪੂਰਨੁ ਹੋਆ ਲਿਖਿਆ ਹਰਿਦਾਸ ਲਿਖਾਰੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ। ਭੂਲ ਚੂਕ ਹੋਵੈ ਸੋ ਸੋਧਣਾ ਗੁਲਾਮੁ ਪਤਿਤੁ ਅਘ ਪਤਿਤੁ ਮਹਾ ਪਤਿਤੁ। ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ', ਦਸਮ ਗ੍ਰੰਥ ਦਾ ਕੁਝ ਭਾਗ ਜੁੱਧ ਪ੍ਰਬੰਧ ਆਦਿ ਵੀ ਇਸ ਨੇ ਲਿਖਿਆ ਹੈ, ਉਹ ਵੀ ਪ੍ਰਾਪਤ ਹੈ। ਅਸਾਂ ਕਵੀ ਸੂਚੀ ਵਿਚ ਪਿਛੇ ਹਰੀਦਾਸ ਦਾ ਜ਼ਿਕਰ ਕੀਤਾ ਸੀ, ਸੰਭਵ ਹੈ ਕਵੀ ਵੱਖ ਹੋਵੇ ਤੇ ਇਹ ਲਿਖਾਰੀ ਵੱਖਰਾ ਹੋਵੇ।

## ੧੧੭ ਰਾਮਰਾਇ

ਨੌਵੇਂ ਪਾਤਸ਼ਾਹ ਦੇ ਹੁਕਮਨਾਮਿਆਂ ਵਿਚ ਇਸ ਦਾ ਨਾਂ ਕਈ ਥਾਂ ਹੈ। ਭਾਈ ਰਾਮਰਾਇ ਤੇ ਦਾਈ ਲਾਡੋ ਦੇ ਨਾਮ ਦਸਵੇਂ ਪਾਤਸ਼ਾਹ ਦਾ ਹੁਕਮਨਾਮਾ ਵੀ ਹੈ। ਇਹ ਪਟਨੇ ਦਾ ਮਸੰਦ ਸੀ ਤੇ ਉਤਮ ਚੰਦ ਸੁਨਿਆਰ ਦਾ ਸਪੁੱਤਰ ਸੀ ਜੋ ਕਿ ਵਧੀਆ ਲਿਖਾਰੀ ਸੀ। ਇਸ ਦੇ ਹੱਥ ਦੀ 1749 ਬਿ, ਦੀ ਲਿਖੀ ਬੀੜ, ਪਟਨੇ ਸਾਹਿਬ ਦੇ ਤਖਤ ਤੇ ਸੰਭਾਲੀ ਪਈ ਹੈ। ਬੀੜ ਦੇ ਅੰਤ ਵਿਚ ਨੋਟ ਹੈ—

'ਲਿਖਤੰ ਗੁਲਾਮ ਖਾਨੇਜ਼ਾਦ ਸੰਗਤ ਕਾ ਕੀਟ ਜੰਤੂ ਉਤਮ ਚੰਦ ਸੁਨਿਆਰ ਕਾ ਬੇਟਾ।
ਰਾਮਰਾਇ ਸਿਖੁ ਫਕੀਰ, ਗੁਰ ਪੂਰੇ ਕਾ. ਭੁਲੇ ਚੁਕੇ ਬਖਸਣਾ, ਸੰਗਤਿ ਗੁਰੂ ਕਾ ਸਦਕਾ।'

'੧ੳ ਏਹੁ ਗਿਰੰਥ ਫਤੇਚੰਦ ਕੇ ਗਿਰੰਥ ਕਾ ਨਕਲੁ,ਫਤੇ ਚੰਦ ਕਾ ਗਰੰਥ ਪੁਹਕਰ ਕੇ ਗਿਰੰਥ ਕਾ



Digitized by Panjab Digital Library | www.panjabdigilib.org

ਨਕਲੁ, ਪੁਹਕਰ ਕਾ ਗਿਰੰਥ ਵਡੇ ਗਿਰੰਥ ਨਾਲ ਸੋਧਿਆ ਹੈ। ਪੰਜਵੇ ਮਹਲ ਗੁਰਦਾਸ ਭਲੇ ਪਾਸਹੁ ਲਿਖਵਾਇਆ ਸੀ। ਜੋ ਓਸ ਗਿਰੰਥ ਨਾਲਿ ਸੋਧੈ ਸੋ ਗਿਰੰਥ ਸੁਧ ਹੋਵੈ। ਜੇ ਫੇਰਿ ਗਿਰੰਥ ਸੋਧਿਆ ਲੋੜੀਐ ਤ ਜਗਨੇ ਬ੍ਰਾਹਮਣ ਦੇ ਗ੍ਰਿੰਥ ਨਾਲਿ ਸੁਧ ਕਰਿ ਲੈਇਓ। ਹੋਰਨਾਂ ਗਿਰੰਥਾਂ ਨਾਲਹੁ ਜਗਨੇ ਬ੍ਰਾਹਮਣ ਦਾ ਗਿਰੰਥ ਸੁਧ ਕੀਤਾ, ਪੁਹਕਰ ਦਾ ਗਿਰੰਥ ਜਗਨੇ ਦੇ ਗਿਰੰਥ ਨਾਲਿ ਸੁਧੁ ਕੀਆ ਹੈ।'

## ੧੧੮ ਸੀਤਲ ਸਿੰਘ ਬਹੁਰੂਪੀਆ

ਭਾਈ ਚੌਪਾ ਸਿੰਘ ਨੇ ਜਿਸ ਸਮੇਂ ਮੁਕਤੇ ਸਿਖਾਂ ਦੀ ਮੱਦਦ ਨਾਲ ਪਹਿਲਾ 'ਰਹਿਤਨਾਮਾ' ਤਿਆਰ ਕੀਤਾ ਤਾਂ ਭਾਈ ਸੀਤਲ ਸਿੰਘ ਬਹੁਰੂਪੀਏ ਨੇ ਇਸ ਦਾ ਸੁੰਦਰ ਉਤਾਰਾ ਕਰਕੇ ਗੁਰੂ ਸਾਹਿਬ ਪਾਸੋਂ 7 ਜੇਠ 1757 ਬਿ. ਨੂੰ ਸਹੀ ਪਵਾਈ ਸੀ,ਇਸਦਾ, ਖੁਦ ਚੌਪਾ ਸਿੰਘ ਨੇ ਜ਼ਿਕਰ ਕੀਤਾ ਹੈ। ਇਹ ਭਾਈ ਸੀਤਲ ਸਿੰਘ,ਭਾਈ ਰਾਇ ਸਿੰਘ ਦਾ ਸਪੁੱਤਰ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਸੀ। ਭਾਈ ਮਹਾਂ ਸਿੰਘ, ਜਿਸ ਦਾ ਨਾਂ ਮੁਕਤਸਰ ਦੇ ਯੁੱਧ ਵਿਚ ਵਧੇਰੇ ਪ੍ਰਸਿੱਧ ਹੈ, ਇਹ ਵੀ ਸੀਤਲ ਸਿੰਘ ਦਾ ਸਕਾ ਭਾਈ ਸੀ। ਸੋ ਇਹ ਤਿੰਨੇ ਪਿਉ ਪੁੱਤਰ—ਭਾਈ ਰਾਇ ਸਿੰਘ, ਭਾਈ ਮਹਾਂ ਸਿੰਘ ਤੇ ਭਾਈ ਸੀਤਲ ਸਿੰਘ ਬਾਕੀ ਸਿੰਘਾਂ ਸਮੇਤ ਮੁਕਤਸਰ ਦੇ ਮੁਕਾਮ ਤੇ 30 ਪੋਹ 1762 ਬਿ. ਨੂੰ ਸ਼ਹੀਦੀ ਪਾ ਗਏ ਸਨ।

## ੧੧੯ ਰੌਸ਼ਨ ਸਿੰਘ

ਕਰਤਾ 'ਗੁਰ ਬਿਲਾਸ' ਨੇ ਰੌਸ਼ਨ ਸਿੰਘ ਦੀ ਇਹ ਕਹਾਣੀ ਲਿਖੀ ਹੈ ਕਿ ਇਸ਼ ਨੂੰ ਸਤਿਗੁਰਾਂ ਕੁਝ ਰਚਨਾ ਨਕਲ ਕਰਨ ਲਈ ਦਿਤੀ ਤੇ ਨਕਲ ਕਰਦਿਆਂ ਇਸ ਨੂੰ ਖਿਆਲ ਆਇਆ ਕਿ ਜੇਕਰ ਕੁਝ ਛੰਦ ਆਪਣੇ ਪਾਸ ਲਿਖ ਲਈਏ ਤੇ ਆਪਣਾ ਤਖੱਲਸ ਪਾਕੇ ਸੁਣਾ ਦੇਈਏ ਸ਼ਾਇਦ ਮਹਾਂ ਕਵੀਆਂ ਵਿਚ ਸ਼ੁਮਾਰ ਹੋ ਜਾਈਏ। ਇਹ ਸੋਚਕੇ ਇਸ ਨੇ ਇਕ ਦੋ ਛੰਦ ਅਪਣੇ ਪੱਟਾਂ ਤੇ ਲਿਖ ਲਏ ਕਿ ਘਰ ਜਾ ਕੇ ਉਤਾਰਾ ਕਰ ਲਵਾਂਗਾ। ਇਸੇ ਸਮੇਂ ਸਤਿਗੁਰਾਂ ਹੁਕਮ ਦੇ ਦਿਤਾ ਕਿ ਸਾਰੇ ਲਿਖਾਰੀ ਤੇ ਕਵੀ ਇਸ਼ਨਾਨ ਕਰਕੇ ਹਾਜ਼ਰ ਹੋਣ। ਨਤੀਜਾ ਇਹ ਹੋਇਆ ਕਿ ਰੌਸ਼ਨ ਸਿੰਘ ਦੇ ਪੱਟ ਤੇ ਲਿਖੇ ਛੰਦ ਸਭ ਧੋਤੇ ਗਏ, ਤੇ ਉਸ ਨੂੰ ਮਨ ਵਿਚ ਬਹੁਤ ਸ਼ਰਮਿੰਦਗੀ ਹੋਈ। ਸਭਾ ਦੀ ਇਕੱਤ੍ਰਤਾ ਹੋ ਚੁਕੀ ਤਾਂ ਬਾਦ ਵਿਚ ਇਕੱਲੇ ਰੌਸ਼ਨ ਸਿੰਘ ਨੂੰ ਸੰਬੋਧਨ ਕਰਕੇ ਸਤਿਗੁਰਾਂ ਪੁੱਛਿਆ, 'ਰੂਸ਼ਨੀ ਕਿ ਰੁਸ਼ਨਾਈ, ਚਾਨਣਾ ਕਿ ਸਿਆਹੀ' ਭਾਵ ਇਹ ਸੀ ਕਿ ਤੇਰਾ ਨਾਂ ਤਾਂ ਚਾਨਣ ਵਾਲਾ ਸੀ ਪਰ ਗੱਲ ਤੂੰ ਕਾਲੀ ਸਿਆਹੀ ਵਾਲੀ ਕੀਤੀ। ਰੌਸ਼ਨ ਸਿੰਘ ਨੇ ਮਾਫੀ ਮੰਗੀ ਤੇ ਸਤਿਗੁਰਾਂ ਬਖਸ਼ ਦਿਤਾ।

## ੧੨੦ ਪਾਖਰ ਮੱਲ

ਇਹ ਚੁਭਾਲ ਵਾਲੇ ਚੌਧਰੀ ਲੰਗਾਹ ਦਾ ਪੋਤਰਾ ਸੀ। ਇਸ ਨੇ 1745 ਬਿ.



Digitized by Panjab Digital Library | www.panjabdigilib.org

ਵਿਚ ਅ ਦਿ ਗ੍ਰੰਥ ਦੀ ਬੀੜ ਲਿਖੀ ਸੀ । ਇਸ ਉਤੇ ਨੋਟ ਹੈ —

੧ਓ ਸੰਮਤ 1745 ਮਾਘ ਸੁਦੀ...ਗ੍ਰੰਥ ਜੀ ਲਿਖਿਆ ਪੂਰਨ ਹੋਆ । ਲਿਖਾਰੀ ਪਾਖਰ ਮੱਲ ਢਿਲੋਂ, ਵਾਸੀ ਚੰਭਾਲ, ਪੋਤ੍ਰਾ ਚੌਧਰੀ ਲੰਗਾਹ ਕਾ । ਵਾਹ ਗੁਰੂ ।'

## ੧੨੧ ਭਾਈ ਸ਼ੀਂਹਾਂ ਸਿੰਘ

ਭਾਈ ਸ਼ੀਂਹਾਂ ਸਿੰਘ ਲਿਖਾਰੀ ਅਨੰਦਪੁਰ ਤਿਆਗ ਤੋਂ ਬਾਦ ਮਾਤਾ ਸੁੰਦਰੀ ਜੀ ਪਾਸ ਦਿੱਲੀ ਰਹਿੰਦਾ ਸੀ । ਜਦੋਂ ਮਾਤਾ ਜੀ ਨੇ ਗੁਰੂ ਸਾਹਿਬ ਦੀਆਂ ਗੁੰਮ ਹੋ ਰਹੀਆਂ ਰਚਨਾਵਾਂ ਨੂੰ ਇਕੱਤਰ ਕਰਨ ਦਾ ਬੀੜਾ ਉਠਾਇਆ ਤੇ ਭਾਈ ਮਨੀ ਸਿੰਘ ਮੁਸੱਦੀ ਨੂੰ ਅੰਮ੍ਰਿਤਸਰ ਭੇਜਿਆ ਤਾਂ ਭਾਈ ਸ਼ੀਂਹਾਂ ਸਿੰਘ, ਇਸ ਸਾਰੇ ਮਸਾਲੇ ਨੂੰ ਸੰਗ੍ਰਹਿ ਕਰ ਕੇ ਤਿਆਰ ਕਰਨ ਵਾਲੇ ਮੋਹਰੀ ਲਿਖਾਰੀਆਂ ਵਿਚੋਂ ਇਕ ਸੀ । ਭਾ: ਮਨੀ ਸਿੰਘ ਜੀ ਦੀ ਚਿਠੀ ਵਿਚ ਸੰਕੇਤ ਹੈ —

'ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀ; ਉਨ੍ਹਾਂ ਵਿਚਿ ਸਾਹਿਬਾਂ ਦੇ '303 ਚਰਿਤਰ ਉਪਖਿਆਨ' ਦੀ ਪੋਥੀ ਜੋ ਹੈ, ਸੋ ਸ਼ੀਂਹਾਂ ਸਿੰਘ ਨੂੰ ਮਹਲ ਵਿਚਿ ਦੇਣਾ ਜੀ ।'

## ੧੨੨ ਰਾਮ ਸਿੰਘ

ਰਾਮ ਸਿੰਘ ਜਾਤਿ ਦਾ ਚਮਾਰ ਸੀ ਪਰ ਪਰਮੇਸ਼ਰ ਨੇ ਇਸ ਨੂੰ ਸੁੰਦਰ ਲਿਖਾਈ ਦੀ ਕਲਾ ਦਿਤੀ ਸੀ । ਇਹ ਗੁਰੂ ਸਾਹਿਬ ਪਾਸ ਰਿਹਾ ਤੇ ਕਈ ਸੁੰਦਰ ਬੀੜਾਂ ਲਿਖੀਆਂ ।

## ੧੨੩ ਛਉਨਾ ਸਿੰਘ

ਇਹ ਵੀ ਗੁਰੂ ਕਾ ਮੁਨਸ਼ੀ ਸੀ ।

## ੧੨੪ ਬੁਲਾਕਾ ਸਿੰਘ

ਇਹ ਲਿਖਾਰੀ ਸੀ, ਜਿਸ ਰਹਤਨਾਮੇ ਦਾ ਖਰੜਾ ਲਿਖਿਆ ਸੀ ।

## ੧੨੫ ਸਾਹਿਬ ਸਿੰਘ

'ਸੌ ਸਾਖੀ' ਵਿਚ ਸਾਹਿਬ ਸਿੰਘ ਲਿਖਾਰੀ ਦਾ ਨਾਮ ਬਾਰ ਬਾਰ ਆਉਂਦਾ ਹੈ । ਇਹ ਗੁਰੂ ਦਰਬਾਰ ਵਿਚ ਰਿਹਾ ਤੇ ਫਿਰ ਭਾ. ਰਾਮ ਕੁਇਰ ਜੀ ਪਾਸ ।

ਸਾਹਿਬ ਸਿੰਘ ਪਦ ਸਰਨ ਤੁਹਿ, ਲਿਖੇ ਲਿਖਾਰੀ ਗ੍ਰੰਥ
ਗੁਰ ਅਨੁਚਰ ਬੁੱਢੇ ਕੁਲਨ, ਰਾਮ ਕੁੰਵਰ ਸੁਭ ਪੰਥ । ੩ ।
ਰਹਹਿ ਹਜ਼ੂਰ ਦਸਵੇਂ ਗੁਰੂ, ਕਰੈ ਉਕਤਿ ਜੋ ਵਾਕ
ਗੁਰ ਰਤਨ ਮਾਲ ਪੋਥੀ ਲਿਖੇ, ਜਿਤੇ ਗੁਰ ਕੀਨੇ ਵਾਕ । ੪ । [ਸੌ ਸਾਖੀ

—o—



Digitized by Panjab Digital Library | www.panjabdigilib.org

# ਅਗਿਆਤ ਕਵੀਆਂ ਦੇ ਫੁਟਕਲ ਛੰਦ

ਜਿਨ੍ਹਾਂ ਛੰਦਾਂ ਵਿਚ ਕਵੀਆਂ ਦੇ ਨਾਮ ਆਉਂਦੇ ਹਨ, ਉਹ ਤਾਂ ਅਸਾਂ ਪਿਛੇ ਦੇ ਹੀ ਦਿਤੇ, ਜਿਨ੍ਹਾਂ ਵਿਚ ਕਵੀ-ਛਾਪ ਨਹੀਂ, ਉਹ ਇਥੇ ਦੇ ਰਹੇ ਹਾਂ।*

ਸ਼ਿਕਾਰ ਵਰਨਣ—ਬੇਸ਼ ਬੇਸਰਾ ਹੈ ਗੁਰੂ ਗੋਬਿੰਦ ਕੀ ਸਰਕਾਰ

ਜਾਂ ਕੀ ਦਹਿਸ਼ਤ ਗਿਰੇ ਕੁਹਨ ਕੇ ਘਰ ਹੈਂ
ਜਾਂ ਕੀ ਦਹਿਸ਼ਤ ਬਰ ਬਾਜ਼ਨ ਬਰ ਨ ਧਰੈਂ
ਜਾਂ ਕੀ ਦਹਿਸ਼ਤ ਛੁਟੇ ਬਹਰੀ ਕੇ ਬਰ ਹੈਂ।
ਜਾਂ ਕੀ ਦਹਿਸ਼ਤ ਚਾਰਾ ਚੁਗਤਿ ਨ ਚੱਕ੍ਰਵਾਕ
ਜਾਂ ਕੀ ਦਹਿਸ਼ਤ ਛੂਟੇ ਸ਼ਾਰਦੂਲ ਸਰ ਹੈਂ
ਸਿਗਰੇ ਜਹਾਨ ਕੇ ਬਿਹੰਗ ਜਿਨ ਭੰਗ ਕੀਨੇ
ਕੋਪ ਸੁਨਿ ਆਵਤ ਕੁਲੰਗ ਪਾਇ ਤਰ ਹੈਂ।
ਗਰੂਰ ਗ਼ਰੂਰ ਤਜਯੋ ਬਾਜ਼ ਸਭ ਬਾਜ਼ ਆਏ
ਜ਼ੋਰਾਵਰ ਜੁਰਰਾ ਜਾਨਿ ਜ਼ੋਰ ਆਨ ਹੈਂ ਭਏ
ਹਾਥ ਗੁਰੂ ਗੋਬਿੰਦ ਕੇ ਬੇਸਰਾ ਸਿਧਾਯੋ ਨਾਨ੍ਹੋ
ਛੂਟਯੋ ਲਖਿ ਲਾਖਨ ਬਿਹੰਗ ਲੀਨ ਹ੍ਵੈ ਗਏ
ਚਰਨ ਚਪੇਟ ਚਿੰਚ ਚੋਭਤੇ ਚਿਮਟ ਚਪਿ
ਮਾਰਯੋ ਕੁਲ ਮੁਰਗ ਕਲੋਲ ਜੀਅ ਮੈਂ ਭਏ
ਤਾਂਹੀ ਖਿਨ ਤੀਖੇ ਤੇਜ਼ ਤਰਲ ਤੁਰੰਗ ਕੇਤੇ
ਮੌਜ ਸੋਂ ਮੰਗਾਇ ਮੋਲ ਮਹਾਂ ਬਾਹੁ ! ਤੈਂ ਦਏ।
ਉਦਧਿ ਸਿਮਟ ਜਾਇ ਊਚੇ ਨ ਲਹਰ ਉਠੈ
ਭੈ ਤੇ ਬਿਭੀਖਨ ਦੇਤ ਲੰਕਾ ਕੇ ਕਿਵਾਰ ਕੋ
ਮੇਰੁ ਸੁਕਚਾਨੋ ਦੇਖ ਮਘਵਾ ਭੁਲਾਨੋ ਗਜ
ਬਲ ਛਾਡਿ ਬਲਿ ਜਾਇ ਦੁਰਯੋ ਹੈ ਪਤਾਰ ਕੋ
ਮਹੀ ਪਰ ਜੇਤੇ ਸੁ ਮਹੀਪਤਿ ਬਸਤ ਨਾਥ
ਪਰਤ ਭਗਾਨੋ ਨ ਸੰਭਾਰੇਂ ਨਰ ਨਾਰਿ ਕੋ

* ਬਾਹਠ ਪੱਤ੍ਰੇ ਤੇ ਰਹੇ, ਮਿਲੇ ਅਨੰਦਪੁਰ ਮਾਹਿ
ਤਿਨ ਤੇ ਲਿਖੇ ਕਬਿਤ ਇਹ, ਗੁਰ ਜਸ ਵਰਨਯੋ ਜਾਹਿ।
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ-ਰੁਤ 5, ਅੰਸੂ (ਪੰਨਾ 5712-34)



Digitized by Panjab Digital Library | www.panjabdigilib.org

ਗੁਰੂ ਸ੍ਰੀ ਗੁਬਿੰਦ ਸਿੰਘ ਬਾਂਧਿ ਕਰਵਾਰ ਹੂੰ ਕੋ
ਪਾਇਰੈ ਦੇ ਪਾਇਂ ਜਬ ਚਢਤ ਸ਼ਿਕਾਰ ਕੋ ।

ਸੈਲਹਿ ਦਬਤ ਐਲ ਪਰਤ ਅਤੰਕ ਪਰਿ
ਖੈਲ ਭੈਲ ਖਲਕ ਖਲਨ ਘਰ ਬਾਰ ਹੈ
ਕਾਨਨ ਕੁਰੰਗ, ਬਾਚੇ ਮਦ ਕੇ ਪਤੰਗ ਕਹੂੰ
ਬਾਘਨ, ਬਿਹੰਗ, ਬ੍ਰਿਕ ਬਾਨਰ ਕਹਾ ਰਹੈਂ
ਝਾਂਖ, ਰੋਝ, ਰੀਝ ਘਰ ਝਾਖਰ ਬਰਾਹਨ ਕੇ
ਦਾਹਨਿ ਦਰਨ ਦੇਵਿ-ਬਾਹਨ ਸੁ ਮਾਰ ਹੈਂ
ਪਰਨ ਪੁਕਾਰ ਅਰਿ ਛੋੜੈਂ ਘਰ ਬਾਰ ਭਾਜੇ
ਸੋ ਤੋਂ ਗੁਰ ਗੋਬਿੰਦ ਕੇ ਸਹਿਜ ਸ਼ਿਕਾਰ ਹੈਂ ।

ਅਰਬ ਅਰਾਕੀ ਬੈਜ ਨਾਥ ਦ੍ਵਾਰਕਾ, ਬਬਾਰੇ
ਬਾਰੇ ਬਜੇ ਡੀਲ ਪੀਲ ਸੈਨਕ ਹੈਂ ਕੂਤ ਕੇ
ਚਪਲਾ ਸੇ ਚਪਲ ਚਲਾਕ ਚਹੂੰ ਪਾਇ ਪੂਰੇ
ਪੌਨ ਗੌਨ ਪਲ ਕੌ ਸੜੈ ਨ ਦਿਨ ਦੂਤ ਕੇ
ਮਨ ਕੇ ਹਰਨ ਮਨ ਮੀਨ ਕੇ ਦਰਨ ਜਿਨੈ
ਚਾਹਨ ਕੀ ਚਾਹ ਪਾਤਸ਼ਾਹਨ ਕੇ ਪੂਤ ਕੇ
ਬਖਸ਼ੇ ਤਿਹਾਰੇ ਗੁਰ ਗੋਬਿੰਦ ਜੀ ! ਐਸੇ ਹਯ
ਥਿਰ ਹੈਂ, ਨ ਜਾਇ ਪਾਇ ਗਹੈਂ ਪੁਰਹੂਤ ਕੇ ।

ਜੌਨੈ ਦੇਸ ਜਯਤਿ ਨਰੇਸ਼ਨ ਕੇ ਪਾਸ ਤਹਾਂ
ਠੌਰ ਠੌਰ ਤੁਮਰੋ ਹੀਂ ਜਸ ਗਾਈਯਤ ਹੈ
ਪਾਇ ਗਹੇ ਤੇਰੇ ਪਾਇ ਗਹੇ ਪਾਈਯਤ
ਕਹੂੰ ਔਰ ਜਾਇ ਗਰਜਾਇ ਗਰੌ ਪਾਈਅਤ ਹੈ
ਐਸੇ ਗੁਰ ਗੋਬਿੰਦ ਕੀ ਸੁਕਬਿ ਸਰਨ ਤਾਂਕੋ
ਪੂਰਨ ਪ੍ਰਤਾਪ ਜਾਂਕੋ ਜਗ ਛਾਈਅਤ ਹੈ
ਰਾਜ਼ੀ ਹੁਜੀਯਤ ਗਾਜੀਯਤ ਜਾਂ ਕੇ ਦਰਬਾਰ
ਘਰ ਬਾਜੀ ਬਾਂਧ ਬਾਜੀ ਲੈਨਿ ਆਈਅਤ ਹੈ ।

ਮਹਾਂ ਬਾਹੁ ਬਿਰਚ ਬਨੈਤ ਗੁਰ ਗੋਬਿੰਦ ਜੀ !
ਅਰਿ ਗਜ ਮਾਰਿ ਡਾਰੇ ਮਾਨੋ ਦਰਖਤ ਹੈਂ



Digitized by Panjab Digital Library | www.panjabdigilib.org

ਭੈਰੋਂ ਔ ਬਿਤਾਲ ਭੂਤ ਕਰਤ ਬਿਹਾਰ ਤਹਾਂ
ਹਾਰ ਕਰਬੇ ਕੋ ਮੁਖੀ ਪੰਚ ਪਰਖਤ ਹੈਂ
ਲਹੂ ਕੀਚ ਭਰੇ ਗਜ ਮੋਤੀ ਲੈ ਗਗਨ ਗੀਧ
ਗਰਜੇ ਅਗਨ ਦੇਖੇ ਹਰ ਹਰਖਤਿ ਹੈ
ਧੋਖੇ ਨ ਭਖਤਿ, ਛੂਟਿ ਧਰਨ ਲਖਤਿ ਮਨੋ
ਬਿਥਰੇ ਹ੍ਵੈ ਬਾਦਰ ਨਖਤ ਬਰਖਤ ਹੈਂ ।

ਆਵਤ ਨ ਤੀਰ ਤੀਰ, ਮਾਨ ਨ ਕਮਾਨ ਕਰੇ
ਗੋਲਨ ਕੀ ਗੂੰਦ ਦੂੰਦ ਬੂੰਦ ਮਨੋ ਬਾਰ ਹੈ
ਛੀਨ ਬਰਛੀਨ ਲੇਯ ਸੈਹਥੀ ਹੈ ਕੋਟਿਕ
ਕਟਾਰਨ ਕੋ ਬੀਰ ਅਤਿ ਬੇਤੀ ਬਰਦਾਰ ਹੈ
ਛਰੀ ਨ ਛੁਹਤ, ਗੁਰ ਜਨ ਹੂੰਕੀ ਗੁਰਜ ਨ
ਬਰ ਤਬਰਨ ਕੋ ਨਿਵਾਰਤ ਨਿਹਾਰ ਹੈ
ਸੈਨਾ ਅਰਿ ਘਾਇ ਕੀਏ ਕਹਾਂ ਕਹੂੰ ਸੂਰਾ ਕੀ
ਗੁਰੂ ਗੋਬਿੰਦ ਕੇ ਕਰ ਐਸੀ ਬਾਂਕੀ ਤਰਵਾਰ ਹੈ ।

ਦਿਜੱਨ ਕੇ ਦਲ, ਜੋਗੀ ਜੰਗਮ ਜਮਾਤ ਦ੍ਵਾਰ
ਬੰਦੀਜਨ ਕਿਤਕ ਹੈਂ, ਜਗਤ ਮੈਂ ਜਾਂਹਿ ਕੀ
ਸੁਭਾਸੁਭ ਲੇਤ ਦੇਤ ਲੱਛਨ ਕੋ ਲੱਛ ਰੋਜ਼
ਦੇਖਿ ਦੇਖਿ ਸੁਧਿ ਭੂਲ ਜਾਤ ਨਰ ਨਾਹਿ ਕੀ
ਗੋਬਿੰਦ ਗੁਰੂ ਕੋ ਦਾਨ ਮਾਲੂਮ ਜਹਾਨ ਭਯੋ
ਭਿੱਛਕ ਕੀਏ ਹੈਂ ਭੂਪ ਪ੍ਰਵਾਹ ਨ ਕਾਹਿ ਕੀ
ਬਲਿ, ਬੇਨੁ, ਬਿਕ੍ਰਮ ਨ ਭੋਜ ਹੂੰ ਮੈਂ ਮੌਜ ਐਸੀ
ਜਾਂ ਕੀ ਏਕ ਮੌਜ ਨਵਰੋਜ਼ ਪਾਤਸ਼ਾਹ ਕੀ ।

ਚਢਤ ਹੀ ਬਾਜੀ ਚਢਯੋ ਗਾਢੇ ਗਢ ਢਾਹਬੇ ਕੋ
ਦਾਹਬੇ ਕੋ ਦੁਖ ਰੀਝੈ ਬਰ ਜਯੋਂ ਭਵਾਨੀ ਕੋ
ਆਵਤ ਹੀ ਦਾਢੀ ਛਾਤੀ ਦਾਢੀ ਛਿਤਪਾਲਨ ਕੀ
ਰਜ ਕੇ ਕਰੱਯਾ ਉਨ ਹੀ ਕੀ ਰਜਧਾਨੀ ਕੋ
ਮਹਾਂ ਬਾਹੁ ਗੁਰੂ ਜੀ ਗੋਬਿੰਦ ਸਿੰਘ ਪਾਰਥ ਜਿਉਂ
ਭਾਰਥ ਕੋ ਜੀਤ ਲੇਤਿ ਬਸੁਧਾ ਬਿਰਾਨੀ ਕੋ



Digitized by Panjab Digital Library | www.panjabdigilib.org

ਪਾਗ ਹੂੰਕੋ ਬਾਂਧਬੋ ਕਛੁਕ ਦਿਨ ਪਾਛੇ ਸੀਖਯੋ
ਪਹਿਲੇ ਹੀ ਸੇ ਸੀਖਯੋ ਸਿੰਘ ਬਾਂਧਿਬੋ ਕ੍ਰਿਪਾਨੀ ਕੋਂ।

ਤੋ ਸੋਂ ਬੈਰ ਬਾਂਧਿ ਬੈਰੀ ਧੀਰ ਨ ਧਰਤ ਕਹੂੰ
ਧੌਂਸਾ ਕੀ ਧੁੰਕਾਰ ਧਰਾਧਰ ਧਸਕਤ ਹੈ
ਦਲ ਕੇ ਚਲਤ ਮਹਿ ਹਾਲਤ ਹਲਤ ਕੋਲ
ਕੂਰਮ ਕਹਲ ਫਨੀ ਫਨਿ ਨ ਸ਼ਕਤ ਹੈ
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਜੀ!
ਤੇਰੇ ਭਯਭੀਤ ਭਾਰੀ ਭੂਪ ਸਸਕਤ ਹੈਂ
ਹੋਤਿ ਭੂਮਿ ਚਾਲ, ਦਿਗਪਾਲ ਪਾਇਮਾਲ ਹੋਤ
ਹਲਕੇ ਹਹੱਲ ਹਾਥੀ ਮਾਥੇ ਮਸਕੱਤ ਹੈਂ।

ਮਹਾਂ ਬਾਹੁ ਬੀਰ ਗੁਰ ਗੋਬਿੰਦ! ਤਿਹਾਰੇ ਰੋਸ
ਬੈਰਨਿ ਕੀ ਬਧੂ ਬਨ ਬਨ ਬਿਲਖਾਨੀ ਹੈਂ
ਕਰਨ ਗਵਨ ਭੂਲ ਭਵਨ ਕੇ ਭੀਤਰ ਤੇ
ਚਢਤੀ ਪਹਾਰ ਨਿਰਾਧਾਰ ਅਕੁਲਾਨੀ ਹੈਂ
ਸੁੰਦਰ ਸਰੋਜਮੁਖੀ ਦੁਖੀ ਭਈ ਭੂਖ ਪਯਾਸ
ਪਤਿਨਿ ਸੋਂ ਖੀਝਹਿਂ ਕਹੈਂ ਮੋਤਿਨ ਮਹਿਂ ਪਾਨੀ ਹੈ
ਚੰਦ ਸੀ ਚਕੋਰ ਜਾਨੈ, ਬਿੰਬ ਸੇ ਸੂਆ ਕੋ ਮਾਨੈ
ਕੋਕਿਲ ਸੀ ਕਾਕ ਨਾਗ ਮੋਰਨ ਕੀ ਮਾਨੀ ਹੈਂ।

ਬਾਜਤ ਨਿਸ਼ਾਨ ਕੇ ਦਿਸ਼ਾਨ ਭੂਪ ਭਹਿਰਾਤਿ
ਹਾਲਾਡੋਲ ਪਰਤ ਕੁਬੇਰ ਹੂੰ ਕੇ ਘਰ ਮੈਂ
ਹੋਤ ਹੈ ਅਤੰਕ ਸ਼ੰਕ ਲੰਕ ਹੂੰ ਮੈਂ ਮਾਨੀਯਤ
ਰੰਕ ਹ੍ਵੈ ਵਿਭੀਖਨ ਸੋ ਡੋਲਤ ਡਹਰ ਮੈਂ
ਭੂਮੈਂ ਗੁਰ ਗੋਬਿੰਦ ਸੋਂ ਭੂਪਤਿ ਕਹਤ ਠਾਂਢੇ
ਭੂ ਮੈਂ ਹਮੈਂ ਰਾਖ ਜੋ ਤੁਹਾਰੇ ਆਵੈ ਧਰ ਮੈਂ।
ਅਰਿਨ ਕੀ ਰਾਨੀ ਬਿਲਲਾਨੀ ਚਹੈਂ ਪਾਨੀ ਤੇਵੈ
ਮੋਤਿਨ ਕੀ ਮਾਲ ਲੈ ਨਿਚੋਵਤੀ ਅਧਰ ਮੈਂ।

ਸ਼ੀਲ ਰਸ ਸਾਇਰ ਰਸੀਲੋ ਰਣ ਰੰਗ ਧੀਰ
ਜੰਗ ਜੁਰੇ ਜੈਤਵਾਰ ਕਰਨੀ ਕੁਬੇਰ ਕੀ



Digitized by Panjab Digital Library | www.panjabdigilib.org

ਕਹੈ ਕਬਿ ਕੌਨ, ਤੇਜ ਤਰਨਿ ਲੌ ਤਪੇ ਤੁਅ
ਪਾਰਾਵ੍ਹਾਰ ਲਗਿ ਫੈਲੀ ਜੀਤ ਸ਼ਮਸ਼ੇਰ ਕੀ
ਕਰ ਰਣ ਰੋਸ ਖਲ ਖੰਡਨਿ ਕਟਕ ਕੂਟ
ਦੁੱਜਨ ਦਰੇਰ ਜਗ ਜੀਤ ਜ਼ਿਮੀ ਜ਼ੇਰ ਕੀ
ਤੇਗ ਤ੍ਰਾਸ ਸਾਚੋ ਗੁਰ ਗੋਵਿੰਦ ਜੂ ਤੇਰੋ ਜਸ
ਜਗਰ ਮਗਰ ਭਯੋ ਸ਼ੋਭਾ ਗਈ ਮੇਰੁ ਕੀ ।

ਪਾਰਥ ਸਮਾਨ ਮਹਾਂ ਭਾਰਥ ਮਚਾਯੋ ਤਹਾਂ
ਖਾਯੋ ਮਾਸਾਹਾਰਨੀ ਅਹਾਰ ਜੇਤੋ ਖਾਇ ਗੋ
ਮੰਦਰ ਸੇ ਮੋਕਲ ਗਇੰਦਨ ਕੀ ਗਰਜਨਿ
ਧੌਂਸਾ ਕੀ ਧੁੰਕਾਰ ਧਰਾ ਸੀਸ ਅਕੁਲਾਇ ਗੋ
ਐਸੋ ਕੀਨੋ ਸਮਰ ਅਮਰ ਲੋਕ ਸੁਨਿਯਤ
ਤੇਰੋ ਹੀ ਬਖਾਨ ਖਾਨ ਪਾਨ ਸੋ ਭੁਲਾਇ ਗੋ
ਮਾਰਿ ਕੈ ਮਦਾਨ ਅਰਿ ਡਾਰੇ ਗੁਰ ਗੋਬਿੰਦ ਕੇ
ਕਾਲ ਕਲਾ ਫੇਰ ਕੋਊ ਕਾਲਹਿ ਸੁਹਾਇ ਗੋ ।

ਸ੍ਵੈਯਾ— ਹੂਰਨ ਕੋ ਨਰ ਸੂਰ ਮਿਲੇ ਬਰ, ਚੌਂਸਠ ਜੋਗਨਿ ਸੈਨ ਅਘਾਈ
ਦੇਤ ਅਸੀਸ ਸਬਹਿ ਮਿਲ ਜੰਬੁਕ, ਗੀਧਨ ਤੇ ਰਣ ਭੂਮਿ ਸੁਹਾਈ
ਛਾਡਿ ਸੁਹਾਗ ਲੀਏ ਬਿਧਵਾ, ਇਕ ਵੈਰਿਨ ਕੀ ਤਿਯ ਕੋ ਦੁਖਤਾਈ
ਖੱਗ ਗਹੇ ਗੁਰ ਗੋਬਿੰਦ ਕੇਹਰਿ, ਨਾਰਦ ਕੈ ਘਰਿ ਹੋਤ ਵਧਾਈ ।

ਸ੍ਵੈਯਾ— ਸ੍ਰੀ ਗੁਰ ਗੋਬਿੰਦ ਖੱਗ ਗਹਯੋ, ਅਰਿ ਫੌਜਨ ਕੇ ਇਭ ਸੈਲ ਬਿਭੇਲਹਿਂ
ਸਾਂਗ ਸੰਭਾਰ ਦਈ ਗਜ ਸੀਸ, ਅਸੀਸ ਦਈ ਹਰਿ ਘੂਮਤ ਗੈਲਹਿਂ
ਘਾਇਨ ਤੇ ਭਬਕੈ ਨਿਜ ਸ੍ਰੋਨ, ਫੁਹਾਰਨ ਲੇ ਉਪਮਾ ਛਬਿ ਫੈਲਹਿਂ
ਦੋ ਭੁਜ ਹੇਲ ਮਨੋ ਹਨੂਮਾਨ, ਹਿਲਾਵਤ ਜਾਨ ਸੰਜੀਵਨਿ ਸੈਲਹਿਂ ।

ਸ੍ਵੈਯਾ— ਗੌਰਿ ਦੁਰਾਵਤ ਗੋਦ ਗਣੇਸ਼ਹਿ, ਅੰਗ ਬਿਭੂਤਿ ਮਹੇਸ਼ ਮਲੈ ਨਿਤ
ਸ਼ੋਰ ਪਰੈ ਦਿਗਪਾਲਨ ਕੇ ਭੁਵਪਾਲਨ ਕੇ ਮਨ ਮਾਂਹਿ ਨਹੀਂ ਥਿਤ
ਦ੍ਵਾਰ ਮੁੰਦੇ ਪੁਰਿ ਸ਼ਤ੍ਰਨ ਕੇ ਗੁਰ ਗੋਬਿੰਦ ਖਜਾਲ ਹੀ ਖਗ ਗਹੇ ਇਤਿ ।
ਹਾਥੀ ਨ ਸਾਥੀ ਸੰਭਾਰ ਸਕੈ, ਕੋਊ ਚਾਲ ਪਰੇ ਚਤੁਰੰਗ ਚਮੂੰ ਚਿਤ ।

ਸ੍ਵੈਯਾ— ਸਾਜਿ ਸ਼ਿੰਗਾਰ ਚਢੇ ਗੁਰ ਗੋਬਿੰਦ, ਪੱਬਯਨ ਸ਼੍ਰਿੰਗ ਪਿਸਾਨ ਭਏ ਨਿਤ
ਲੰਕ ਅਤੰਕ ਪੁਕਾਰ ਪਰੀ, ਪੁਰਿ ਸ਼ੰਕ ਬਿਭੀਖਨ ਰੰਕ ਭਯੋ ਕਿਤ



Digitized by Panjab Digital Library | www.panjabdigilib.org

ਟੂਟ ਫਣੀ ਫਣ ਫੂਟ ਗੇ ਦਿੱਗਜ, ਧੀਰਜ ਧੌਲ ਕੀ ਜਾਇ ਰਹੀ ਕਿਤ
ਕੱਛਪ ਕੋਲ ਬਿਹਾਲ ਭਏ ਸਭ, ਚਾਲ ਪਰੇ ਚਤੁਰੰਗ ਚਮੂੰ ਚਿਤ ।

### ਛਪਯ

ਬਨ ਟੁੱਟਤ ਗਿਰ ਫਟਤ, ਛੁਟਤ ਧੀਰਜ ਸੁ ਧਰਨਿ ਤਨ
ਦਿਗੱਜ ਦਿਗ ਕਲਮਲਤ, ਹਲਤ ਤਲ ਸ਼ੇਖਨਾਗ ਮਨ
ਉਡਿਯ ਰੇਨੁ ਹਯ ਖੁਰਨ ਸੂਰ ਬਰ ਕਹੂੰ ਲੁਕ ਗਿਯ
ਬਿਭੀਛਨ ਭਹਿਰਾਤਿ ਮੂੰਦਿ, ਗੜ੍ਹ ਦ੍ਵਾਰ ਦੁਰਤਿ ਭਯ
ਕਰ ਗਹਿ ਕ੍ਰਿਪਾਣ ਗੋਬਿੰਦ ਗੁਰ, ਜਬ ਸਲੋਹ ਪੱਖਰ ਸਜਤ
ਕਲਮਲਤ ਹਰਤਿ ਪੁਰਿ ਚੱਕਵੈ, ਸੁ ਘਰਨ ਛਾਡਿ ਘਰ ਤੇ ਭਜਤ ।

ਅੱਗੇ ਕਵੀ, ਗੁਰੂ ਸਾਹਿਬ ਦੀ ਸ਼ੋਭਾ ਤੇ ਚੰਦ ਦਾ ਮੁਕਾਬਲਾ ਕਰਦਾ ਹੈ—

ਕਬਿੱਤ— ਪੂੰਨਯਾਈ ਹੂੰ ਸਰਸਾਤ ਦੂਜ ਜਾਤ ਅਵਿਦਾਤ
ਕਲਾਕਰ ਨਾਮ ਭ੍ਰਾਂਤ ਅੰਮ੍ਰਿਤ ਬਨਾਏਂ ਹੈਂ
ਗ੍ਰਹਿ ਗ੍ਰਹਿ ਬਾਸੀ ਤਮ ਨਾਸੀ ਸ੍ਰੀ ਪ੍ਰਕਾਸ਼ੀ
ਅਬਿਨਾਸ਼ੀ ਪਦ ਪਾਇ ਲੋਕਾ ਲੋਕਨ ਮੇਂ ਗਾਏ ਹੈਂ
ਦੋਊ ਪਰਮਾਨੰਦ ਸੋਂ ਕੀਰਤਿ ਕੇ ਉਜੀਆਰੇ
ਪੂਜਿ ਪੂਜਿ ਉਮਾਪਤਿ ਭਲੇ ਲੈ ਚਢਾਏ ਹੈਂ
ਸਸਿ ਬੇਖੀ ਭਯੋ ਇੰਦ, ਸੁਨਿਐ ਗੁਰੂ ਗੋਬਿੰਦ !
ਕੁਹੂ ਕੇ ਅਨਿੰਦ, ਸਸਿ ਨਿੰਦਤ ਕਹਾਏ ਹੈਂ ।

ਗੁਨਿਨ ਮੈਂ ਗੁਨੀ ਕਹੈਂ ਗਯਾਨ ਨਿਧਿ ਮੁਨੀ ਕਹੈਂ
ਦਾਤਾ ਸਭ ਦੁਨੀ ਕਹੈਂ ਦਾਰਿਦ ਨਸਾਈਏ
ਏਕ ਕਹੈਂ ਦੱਛਨ ਕੇ ਲੱਛਨ ਪ੍ਰਤੱਛ ਯਾ ਮੈਂ
ਏਕ ਕਹੈਂ ਛਬਿ ਕੇ ਬਿਤਾਨ ਛਿਤ ਛਾਈਏ
ਏਕ ਬੀਰ ਭਾਰੀ ਕਹੈਂ, ਏਕ ਉਪਕਾਰੀ ਕਹੈਂ
ਏਕ ਧਰਮਧਾਰੀ ਕਹੈਂ, ਲੋਕਾ ਲੋਕ ਗਾਈਏ
ਲਾਜ ਕੇ ਜਹਾਜ਼ ਗੁਰੂ ਗੋਬਿੰਦ ਬਿਰਾਜੈਂ ਆਜ
ਜਗ ਕੇ ਸਮਾਜ ਸਭ ਰਾਉਰੇ ਮੈਂ ਪਾਈਏ ।*

---

* ਇਹ ਅੰਤਲੇ ਦੋ ਕਬਿੱਤ 'ਗੁਰ ਪਦ ਪ੍ਰੇਮ ਪ੍ਰਕਾਸ਼' ਕ੍ਰਿਤ ਬਾਵਾ ਸਮੇਰ ਸਿੰਘ ਵਿਚ ਦਰਜ ਹਨ ।



Digitized by Panjab Digital Library | www.panjabdigilib.org

## — (੧) ਸਹਾਇਕ ਪੁਸਤਕ-ਸੂਚੀ —

1 ਸ੍ਰੀ ਦਸਮ ਗ੍ਰੰਥ— ਸ੍ਰੀ ਗੁਰੂ ਗੋਬਿੰਦ ਸਿੰਘ 1698
2 ਹੁਕਮਨਾਮੇ— ਨਵਮ ਤੇ ਦਸਮ ਗੁਰੂ ਜੀ ਕੇ 1665-1705
3 ਰਹਿਤਨਾਮਾ ਹਜ਼ੂਰੀ— ਚਉਪਾ ਸਿੰਘ 1700
4 ਸ੍ਰੀ ਗੁਰਸ਼ੋਭਾ— ਸੈਣਾ ਸਿੰਘ ਦਿੱਲੀ 1741
5 ਪਰਚੀਆਂ ਸੇਵਾਦਾਸ — ਸੇਵਾ ਦਾਸ ਉਦਾਸੀ 1741
6 ਸ੍ਰੀ ਗੁਰ ਬਿਲਾਸ— ਕੁਇਰ ਸਿੰਘ ਕਲਾਲ 1751
7 ਬੰਸਾਵਲੀਨਾਮਾ— ਕੇਸਰ ਸਿੰਘ ਛਿੱਬਰ 1769
8 ਸ੍ਰੀ ਗੁਰ ਮਹਿਮਾ ਪ੍ਰਕਾਸ਼— ਸ੍ਵਰੂਪ ਚੰਦ ਭੱਲਾ 1776
9 ਗੁਰੂ ਕੀਆਂ ਸਾਖੀਆਂ— ਸ੍ਵਰੂਪ ਸਿੰਘ ਕੌਸ਼ਿਸ਼ 1790
10 ਸੌ ਸਾਖੀ— ਭਾਈ ਰਾਮ ਕੁਇਰ
11 ਗੁਰਬਿਲਾਸ— ਸੁੱਖਾ ਸਿੰਘ 1797
12 ਗੁਰਬਿਲਾਸ ਪਾਤਸ਼ਾਹੀ ਛੇਵੀਂ— ਸੋਹਨ 1800
13 ਸ਼ਹੀਦ ਬਿਲਾਸ— ਸੇਵਾ ਸਿੰਘ
14 ਸਿੰਘ ਸਾਗਰ— ਬੀਰ ਸਿੰਘ ਬੱਲ 1827
15 ਮਾਲਵਾ ਦੇਸ ਰਟਨ ਦੀ ਸਾਖੀ ਪੋਥੀ— ਦਯਾਲ ਦਾਸ
16 ਪੰਥ ਪ੍ਰਕਾਸ਼— ਰਤਨ ਸਿੰਘ ਭੰਗੂ 1841
17 ਗੁਰਪ੍ਰਤਾਪ ਸੂਰਜ ਗ੍ਰੰਥ— ਸੰਤੋਖ ਸਿੰਘ 1843
18 ਉਜਬਿਲਾਸ— ਲਾਲ ਸਿੰਘ 1853
19 ਗੁਰਮਤਿ ਨਿਰਣਯ ਸਾਗਰ— ਪੰ: ਤਾਰਾ ਸਿੰਘ ਨਰੋਤਮ 1877
20 ਗੁਰਤੀਰਥ ਸੰਗ੍ਰਹਿ— ,, 1883
21 ਸ੍ਰੀ ਗੁਰੂ ਪੰਥ ਪ੍ਰਕਾਸ਼— ਗਿ. ਗਿਆਨ ਸਿੰਘ 1878
22 ਤ੍ਵਾਰੀਖ ਗੁਰੂ ਖਾਲਸਾ— ,, 1892
23 ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼— ਬਾਵਾ ਸੁਮੇਰ ਸਿੰਘ 1882
24 ਪੋਥੀ ਆਸਾਵਰੀਆਂ-ਸਹਿਜ ਰਾਮ 25 ਸੰਤ ਰਤਨਮਾਲ-ਲਾਲ ਚੰਦ
26 ਸ਼ਬਦ ਸਲੋਕ 1900
27 ਗੁਰਸ਼ਬਦ ਰਤਨਾਕਰ (ਮਹਾਨ ਕੋਸ਼)— ਕਾਨ੍ਹ ਸਿੰਘ ਨਾਭਾ 1930
28 ਕਲਗੀਧਰ ਚਮਤਕਾਰ— ਵੀਰ ਸਿੰਘ
29 ਇਤਿਹਾਸ ਨਿਰਮਲ ਭੇਖ— ਗਣੇਸ਼ਾ ਸਿੰਘ 1937



Digitized by Panjab Digital Library | www.panjabdigilib.org

30 ਪ੍ਰਾਚੀਨ ਬੀੜਾਂ— ਜੀ. ਬੀ. ਸਿੰਘ 1944

31 ਪ੍ਰਾਚੀਨ ਜੰਗਨਾਮੇ— ਸ਼ਮਸ਼ੇਰ ਸਿੰਘ ਅਸ਼ੋਕ 1950

32 ਉਦਾਸੀ ਸਿਖਾਂ ਦੀ ਵਿਥਿਆ— ਰਣਧੀਰ ਸਿੰਘ 1959

33 ਸ਼ੁੱਧ ਸਰੂਪ— ਡਾ: ਬਲਬੀਰ ਸਿੰਘ 1966

34 ਭਾ. ਨੰਦ ਲਾਲ ਗ੍ਰੰਥਾਵਲੀ— ਡਾ. ਗੰਡਾ ਸਿੰਘ 1968

35 ਅਮਰਨਾਮਾ— ਗਿ. ਗੁਰਦਿਤ ਸਿੰਘ (ਸੰਪਾਦਕ)

36 ਪੰਜਾਬੀ ਸਾਹਿਤ ਦਾ ਇਤਿਹਾਸ— ਭਾਸ਼ਾ ਵਿਭਾਗ ਪੰਜਾਬ

37 ਪੰਜਾਬੀ ਹੱਥ-ਲਿਖਤਾਂ ਦੀ ਸੂਚੀ— (ਦੋ ਭਾਗ) ਭਾਸ਼ਾ ਵਿਭਾਗ ਪੰਜਾਬ

38 ਸਾਡਾ ਹਥ-ਲਿਖਿਤ ਪੰਜਾਬੀ ਸਾਹਿਤ— ਸਿਖ ਇਤਿਹਾਸ ਰਿਸਰਚ ਬੋਰਡ

ਹਿੰਦੀ— 39 ਸ਼ਿਵ ਸਿੰਘ ਸਰੋਜ— ਸ਼ਿਵ ਸਿੰਘ (1877 ਈ.)

40 ਹਸਤ ਲਿਖਤ ਹਿੰਦੀ ਪੁਸਤਕੋਂ ਕਾ ਸੰਖਿਪਤ ਵਿਵਰਣ—(ਦੋ ਖੰਡ) ਨਾਗਰੀ ਪ੍ਰਚਾਰਿਣੀ ਸਭਾ ਬਨਾਰਸ

41 ਹਿੰਦੀ ਸਾਹਿਤ ਕਾ ਬ੍ਰਿਹਦ ਇਤਿਹਾਸ— ਖਸ਼ਟਮ ਭਾਗ ”

42 ਹਿੰਦੀ ਭਾਸ਼ਾ ਤਥਾ ਸਾਹਿੱਤ ਕਾ ਵਿਕਾਸ — ਪੰ: ਅਜੁਧਿਆ ਸਿੰਹ ਉਪਾਧਿਆਇ

## (੨) ਸਹਾਇਕ ਪੁਸਤਕਾਲਯ-ਸੂਚੀ

(ਕੇਵਲ ਹੱਥਲਿਖਤਾਂ ਲਈ)

1 ਸੈਂਟ੍ਰਲ ਸਟੇਟ ਪਬਲਿਕ ਲਾਇਬ੍ਰੇਰੀ ਪਟਿਆਲਾ

2 ਮੋਤੀ ਬਾਗ ਪੈਲੇਸ ਲਾਇਬ੍ਰੇਰੀ ਪਟਿਆਲਾ

3 ਭਾਸ਼ਾ ਵਿਭਾਗ ਰੈਫ੍ਰੈਂਸ ਲਾਇਬ੍ਰੇਰੀ ਪਟਿਆਲਾ

4 ਪੰਜਾਬ ਸਟੇਟ ਆਰਕਾਇਵਜ਼ ਲਾਇਬ੍ਰੇਰੀ ਪਟਿਆਲਾ

5 ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ

6 ਗੁਰੂ ਰਾਮਦਾਸ ਲਾਇਬ੍ਰੇਰੀ ਅੰਮ੍ਰਿਤਸਰ

7 ਖਾਲਸਾ ਕਾਲਜ ਲਾਇਬ੍ਰੇਰੀ ਅੰਮ੍ਰਿਤਸਰ

8 ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ

9 ਲਾਇਬ੍ਰੇਰੀ ਭਾਈ ਸਾਹਿਬ ਕਾਨ੍ਹ ਸਿੰਘ ਨਾਭਾ

10 ਲਾਇਬ੍ਰੇਰੀ ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆਂ

11 ਲਾਇਬ੍ਰੇਰੀ ਡਾ. ਬਲਬੀਰ ਸਿੰਘ, ਪੰਚਵਟੀ ਡੇਹਰਾਦੂਨ

12 ਲਾਇਬ੍ਰੇਰੀ ਨਾਗਰੀ ਪ੍ਰਚਾਰਿਣੀ ਸਭਾ ਬਨਾਰਸ

13 ਤੋਸ਼ੇਖਾਨਾ ਤਖਤ ਪਟਨਾ ਸਾਹਿਬ (ਬਿਹਾਰ)

14 ਲਾਇਬ੍ਰੇਰੀ ਗੁਰਦੁਆਰਾ ਧਮਧਾਣ ਸਾਹਿਬ

15 ਮੇਰੀ ਆਪਣੀ ਲਾਇਬ੍ਰੇਰੀ, ਕਲਮ ਮੰਦਿਰ ਪਟਿਆਲਾ

16 ਭੱਟ ਵਹੀਆਂ ਦੀਆਂ ਟੂਕਾਂ, ਰਾਹੀਂ ਗਿ. ਗਰਜਾ ਸਿੰਘ ਖਿਰਾਜਪੁਰ

—o—



Digitized by Panjab Digital Library | www.panjabdigilib.org

ਅੰਤਿਕਾ —ਕੁਰਸੀਨਾਮੇ —

## ੧ ਭਾ. ਮਨੀ ਸਿੰਘ ਘਰਾਣਾ

ਬੱਲੂ (15 ਅਪ੍ਰੈਲ 1634 ਸ਼ਹੀਦੀ)
|
ਮਾਈਦਾਸ
|

| | | | | |
|---|---|---|---|---|
| 1 ਜੇਠਾ ਸਿੰਘ | 2 ਦਿਆਲ ਦਾਸ | 3 ਮਨੀ ਸਿੰਘ | 4 ਦਾਨ ਸਿੰਘ | 5 ਮਾਨ ਸਿੰਘ |
| 11 ਅਕਤੂ. | 11 ਨਵੰ. | 24 ਜੂਨ | 7 ਦਸੰ. | 3 ਅਪ੍ਰੈਲ |
| 1711 | 1675 | 1734 | 1705 | 1708 |
| ਅਲੋਵਾਲ | ਦਿਲੀ | ਲਾਹੌਰ | ਚਮਕੌਰ | ਚਿਤੌੜ |
| 6 ਅਮਰ ਚੰਦ | 7 ਰੂਪ ਸਿੰਘ | 8 ਜਗਤ ਸਿੰਘ | 9 ਸੋਹਣ ਚੰਦ | 10 ਲਹਿਣਾ ਸਿੰਘ |
| 1658 | 11 ਅਕਤੂ. | 24 ਜੂਨ | 20 ਮਾਰਚ | 20 ਫ਼ਰਵਰੀ |
| ਕਸਾਈ ਹੱਥੋਂ | 1711 | 1734 | 1691 | 1696 |
| ਕਤਲ | ਅਲੋਵਾਲ | ਲਾਹੌਰ | ਨਾਦੌਣ | ਗੁਲੇਰ |

11 ਰਾਇ ਸਿੰਘ- 30 ਦਸੰ.1705 ਮੁਕਤਸਰ, 12 ਹਠੀਚੰਦ-18 ਸਤੰ. 1688 ਭੰਗਾਣੀ

### ਮਨੀ ਸਿੰਘ ਦੀਵਾਨ
|

| | | | | |
|---|---|---|---|---|
| ਚਿਤ੍ਰ ਸਿੰਘ | ਬਚਿਤ੍ਰ ਸਿੰਘ | ਉਦੈ ਸਿੰਘ | ਅਨਿਕ ਸਿੰਘ | ਅਜਬ ਸਿੰਘ |
| 24 ਜੂਨ | 8 ਦਸੰਬਰ | 6 ਦਸੰਬਰ | 7 ਦਸੰਬਰ | 7 ਦਸੰਬਰ |
| 1734 ਲਾਹੌਰ | 1705 | 1705 ਸ਼ਾਹੀਟਿਬੀ | 1705 ਚਮਕੌਰ | 1705 ਚਮਕੌਰ |
| ਅਜਾਇਬ ਸਿੰਘ | ਗੁਰਬਖਸ਼ ਸਿੰਘ | ਭਗਵਾਨ ਸਿੰਘ | ਬਲਰਾਮ ਸਿੰਘ | ਦੇਸਾ ਸਿੰਘ |
| 7 ਦਸੰ. 1705 | 24 ਜੂਨ 1734 | — | — | — |
| ਚਮਕੌਰ | ਲਾਹੌਰ | | | |

1 ਚਿਤ੍ਰ ਸਿੰਘ
|

| | | | |
|---|---|---|---|
| ਕੇਸੋ ਸਿੰਘ | ਸੈਣਾ ਸਿੰਘ | ਗਰਜਾ ਸਿੰਘ | ਹਾਠੂ ਸਿੰਘ |
| 28 ਦਸੰ. | 22 ਜੂਨ | | 27 ਮਾਰਚ |
| 1711 | 1713 | | 1758 |
| ਬਿਲਾਸਪੁਰ | ਸਢੌਰਾ | | ਸਰਹੰਦ |

2 ਬਚਿਤ੍ਰ ਸਿੰਘ
|

| | |
|---|---|
| ਸੰਗ੍ਰਾਮ ਸਿੰਘ | ਰਾਮ ਸਿੰਘ |
| 13 ਮਈ | 9 ਜੂਨ |
| 1710 | 1716 |
| ਚਪੜਚਿੜੀ | ਦਿਲੀ |

3 ਉਦੇ ਸਿੰਘ– ਮਹਿਬੂਬਸਿੰਘ ਅਜੂਬਸਿੰਘ ਫਤੇਸਿੰਘ ਅਲਬੇਲਸਿੰਘ ਮੋਹਰਸਿੰਘ ਬਾਘਸਿੰਘ
13ਮਈ 1710 ਤੇ 13ਮਈ 22ਜੂਨ 1713 22ਜੂਨ 28ਦਸੰ.1711
ਚਪੜਚਿੜੀ ਅਨੋਖ ਸਿੰਘ 1710 ਚਪੜ ਸਢੌਰਾ ਸਢੌਰਾ ਬਿਲਾਸਪੁਰ



Digitized by Panjab Digital Library | www.panjabdigilib.org

## ੨ ਛਿੱਬਰ ਘਰਾਣਾ

ਗੌਤਮ (ਰਾਮਦਾਸ)

ਪੇਰਾ ——— ਪ੍ਰਾਗਾ——— ਸਰਸੁਤੀ (ਪੰਡਿਤ ਕ੍ਰਿਪਾਰਾਮ ਮਟਨ ਦੀ ਮਾਤਾ)

ਛੁੱਟੇਮੱਲ—ਚੌਪਾਸਿੰਘ—ਕਬੂਲਾ

ਦਵਾਰਕਾਦਾਸ

ਗਵਾਲਦਾਸ ਹਰਦਯਾਲ ਦਰਗਹਮੱਲ——— ਹੀਰਾਮੱਲ

ਹਰਿਜਸਰਾਇ

ਧਰਮਚੰਦ

ਦੇਵੀਦਾਸ

ਮਤੀਦਾਸ ਸਤੀਦਾਸ ਜਤੀਦਾਸ

ਗੁਰਬਖਸ਼ ਸਿੰਘ

ਸਾਹਿਬਚੰਦ, ਮੁਕੰਦ ਸਿੰਘ, ਚਰਨ ਸਿੰਘ

ਕੇਸਰਸਿੰਘ (ਲੇਖਕ 'ਬੰਸਾਵਲੀਨਾਮਾ')

ਸੇਵਾ ਸਿੰਘ

---

## ੩ ਰੰਧਾਵਾ ਘਰਾਣਾ—ਸੁੱਘਾ ਰੰਧਾਵਾ

ਬਾਬਾ ਬੁੱਢਾ

ਸੁਧਾਰੀ—ਭਿਖਾਰੀ—ਮਹਿਮੂ—ਭਾਨਾ

ਸਾਵਣ— —ਜਲਾਲ

ਗੁਰਦਿਤਾ (1625-1675 ਈ.)

ਰਾਮ ਕੁਇਰ (1672-1761 ਈ.)

ਮੋਹਰ ਸਿੰਘ

ਸਜਾਮ ਸਿੰਘ

## ੪ ਦੱਤ ਘਰਾਣਾ— ਮਟਨ

ਠਾਕਰਦਾਸ

ਬ੍ਰਹਿਮਦਾਸ

ਨਾਰਾਇਣ ਦਾਸ

ਅੜੂ ਰਾਮ

ਕ੍ਰਿਪਾ ਰਾਮ, ਸ਼ਿਵਦਾਸ, ਸਨਮੁਖ ਤੇ ਚੇਲਾਰਾਮ ਚਾਰ ਭਾਈ ਸਨ,



Digitized by Panjab Digital Library | www.panjabdigilib.org

**੫ ਘਰਾਣਾ ਭਾ. ਨਾਨੂ ਸਿੰਘ** ਬਿੱਨਾ ਛੀਂਪਾ
ਦਿਲਵਾਲੀ ਮਹੱਲਾ, ਦਿੱਲੀ

ਕਲਿਆਣਾ

ਉਮੈਦਾਂ——————ਜੈਦਾ

ਬਾਘਾ - ਈਸ਼ਰ - ਕੀਰਤ

ਗੁਰਬਖਸ਼ਰਾਇ – ਤੁਲਸੀ ਰਾਇ -- ਨਾਨੂ ਰਾਇ -- ਸੈਣਾ ਸਿੰਘ
(ਕਰਤਾ ਸ੍ਰੀ ਗੁਰਸ਼ੋਭਾ)

ਦੀਵਾਨ ਦਰਬਾਰਾ ਸਿੰਘ ਘਰਬਾਰਾ ਸਿੰਘ

---

**੬ ਘਰਾਣਾ ਭਾ. ਆਲਮ ਸਿੰਘ**
ਸਿਆਲਕੋਟ

ਹਾਜਲ

ਹਰਿਦਾਸ (ਰਾਮਦਾਸ) – ਉਦੈ ਕਰਨ

ਅੰਬਾ - ਰਾਜਾ

ਕੌਲਾ

ਪਦਮਾ

ਖਾਨੂ ਹੇਮਾ ਚਤਰਾ ਸੁਖਨਾ ਜੱਗੂ ਦੁਰਗੂ ਹਸਨਾ

ਸੰਗਤੀਆ ਸਿੰਘ, ਹਨੂਮੰਤ ਸਿੰਘ, ਡੋਗਰ, ਹੀਰਾ, ਮੂਸੀਆ

ਗੁਲੇਰ ਸ਼ਹੀਦ ਵੀਰ ਸਿੰਘ, ਆਲਮ ਸਿੰਘ, ਚੋਪਾ ਸਿੰਘ ਗੁਰਦਾਸ ਸਿੰਘ

---

**੭ ਭੱਲਾ ਘਰਾਣਾ**

ਗੁਰੂ ਅਮਰਦਾਸ

ਮੋਹਨ————ਮੋਹਰੀ

ਅਰਥਮੱਲ—ਅਨੰਦ—ਅਰਜਾਨੀ

ਸੀਤਲਦਾਸ

ਮਾਹੀਮੱਲ ਬਾਘ ਮੱਲ

ਬਿਹਾਰੀ, ਮਥਰਾ, ਸੁੰਦਰ, ਦੁਆਰਕਾਦਾਸ, ਦਿਆਲਦਾਸ

ਖੁਸ਼ਹਾਲ ਸਿੰਘ

ਚੌਥੀਪੀੜ੍ਹੀ ਜਾ ਕੇ, ਨੌਬਤਰਾਇ, ਬਾਹੜਮੱਲ,

ਘਰਬਾਰੀ ਸਿੰਘ--ਦਰਬਾਰੀ ਸਿੰਘ
(ਲੇਖਕ)

ਸਰੂਪਚੰਦ ਭੱਲਾ
ਕਰਤਾ ਮਹਿਮਾ ਪ੍ਰਕਾਸ਼



Digitized by Panjab Digital Library | www.panjabdigilib.org

# ਗੁਰੂ ਗੋਬਿੰਦ ਸਿੰਘ--ਜੀਵਨ-ਘਟਨਾਵਲੀ

1718 ਬਿ. ਪੋਹ ਸੁਦੀ ਸੱਤਵੀ—ਜਨਮ ਪਟਨਾ ਸਾਹਿਬ (18 ਦਸੰਬਰ, 1661 ਈ.)
1732 ਬਿ. ਮੱਘਰਸੁਦੀ ਪੰਚਮੀ—ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਦਿੱਲੀ
1736 ਬਿ. ਦਮਦਮਾ ਸਾਹਿਬ (ਚੱਕ ਨਾਨਕੀ) ਬੀੜਾਂ ਦੀ ਲਿਖਾਈ ਸ਼ੁਰੂ
1737 ਬਿ. ਸ੍ਰੀ ਜੀਤੋ ਜੀ ਨਾਲ ਸ਼ਾਦੀ। 1741 ਬਿ. ਸ੍ਰੀ ਸੁੰਦ੍ਰੀ ਜੀ ਨਾਲ ਸ਼ਾਦੀ
1742 ਬਿ. 17 ਵਿਸਾਖ— ਚੱਕ ਨਾਨਕੀ ਤੋਂ ਪਾਉਂਟੇ ਗਏ
1745 ਬਿ. 18 ਅੱਸੂ— ਰਾਜਾ ਫਤੇਸ਼ਾਹ ਨਾਲ ਭੰਗਾਣੀ ਜੁੱਧ
1745 ਬਿ. 28 ਕੱਤਕ— ਪਾਉਂਟੇ ਤੋਂ ਕਪਾਲਮੋਚਨ, ਵਾਪਸ ਚੱਕ ਨਾਨਕੀ
1745 ਬਿ. ਮੱਘਰ—ਰਾਜਾ ਭੀਮ ਚੰਦ ਨੇ ਅਗੰਮਪੁਰ, ਤਾਰਾਪੁਰ ਵਾਲੀ ਭੋਂ ਭੇਟ ਕੀਤੀ
1746 ਬਿ. ਪ੍ਰਿਹਿਲਾਦ ਰਾਇ ਤੋਂ 50 ਉਪਨਿਸ਼ਧਾਂ ਦਾ ਤਰਜਮਾ ਸ਼ੁਰੂ ਕਰਾਇਆ
1747 ਬਿ. ਕਾਂਸ਼ੀਰਾਮ ਤੋਂ ਪਾਂਡਵ ਗੀਤਾ ਦਾ ਤਰਜਮਾ, 22 ਚੇਤਰ-ਨਦੌਣ ਜੰਗ
1749 ਬਿ. ਵਿਸਾਖੀ ਰਵਾਲਸਰ ਪਹਾੜੀ ਰਾਜਿਆਂ ਨੂੰ ਮੇਲਜੋਲ ਦੀ ਪ੍ਰੇਰਨਾ
ਪੁਰਮੰਡਲ (ਜੰਮੂ) ਰਾਜਾ ਗਜੈ ਸਿੰਘ ਨਾਲ ਮੁਲਾਕਾਤ ਕੀਤੀ
1750 ਬਿ. ਸ਼ਸਤ੍ਰ ਧਾਰਨ, ਜਟਾਜੂਟ ਰਹਿਣ ਤੇ ਤਮਾਕੂ ਨ ਵਰਤਣ ਦੇ ਹੁਕਮ ਜਾਰੀ
1751 ਬਿ. 2 ਚੇਤ -ਹਰਿਦੁਆਰ ਗਏ, ਮੁਖੀ ਪੰਡਿਤਾਂ ਨਾਲ ਵਿਚਾਰ ਕੀਤਾ
1752 ਬਿ. ਵਿਸਾਖੀ— ਚਰਣ ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦੀ ਰੀਤਿ ਚਲਾਈ
1752 ਬਿ. 23 ਫੱਗਣ— ਗੁਲੇਰ ਦੀ ਜੰਗ
1752-53 ਬਿ.—ਮਹਾਂ ਭਾਰਤ ਦੇ ਪਰਬਾਂ ਦੇ ਅਨੁਵਾਦ ਕਵੀਆਂ ਤੋਂ ਕਰਾਏ
1753 ਬਿ. ਭਾਦੋਂ ਸੁਦੀ 6 — 'ਚਰਿਤ੍ਰੋਪਖਯਾਨ' ਗ੍ਰੰਥ ਸੰਪੂਰਣ ਕੀਤਾ
1755 ਬਿ. ਹਾੜ ਵਦੀ 5— 'ਬਚਿਤ੍ਰ ਨਾਟਕ' ਗ੍ਰੰਥ ਨੂੰ ਅੰਤਮ ਰੂਪ ਦਿਤਾ
ਵਿਦਿਆ ਸਾਗਰ ਦੀ ਵਿਉਂਤਬੰਦੀ
1756 ਬਿ. ਵਿਸਾਖੀ— ਪੰਜ ਪਿਆਰਿਆਂ ਦੀ ਚੋਣ, ਵੱਡੇ ਪੈਮਾਨੇ ਤੇ ਪਾਹੁਲ (ਅੰਮ੍ਰਿਤ)
1756 ਬਿ. ਅਜ਼ੀਮ ਖ਼ਾਂ ਆਨੰਦਪੁਰ ਤੇ ਹਮਲਾਵਰ,ਪੈਂਦੇ ਖ਼ਾਂ ਤੇ ਅਦੀਨਾਬੇਗ ਚੜ੍ਹ ਕੇ ਆਏ
1757 ਬਿ, 30 ਭਾਦੋਂ—20 ਕੱਤਕ ਤਕ—ਅਨੰਦਪੁਰ ਘਮਸਾਣ ਦੀ ਜੰਗ
1759 ਬਿ.— ਜੰਗੀ ਖ਼ਤਰੇ ਕਾਰਣ ਕਵੀਆਂ ਨੂੰ ਵਿਦਾ ਕੀਤਾ ਗਿਆ
1762 ਬਿ. ਅੱਸੂ 8— ਹਾਕਮ ਲਾਹੌਰ ਤੇ ਫੌਜਦਾਰ ਸਰਹੰਦ ਦਾ ਅਨੰਦਪੁਰ ਤੇ ਧਾਵਾ
6 ਪੋਹ-ਅਨੰਦਪੁਰ ਤਿਆਗ,8 ਪੋਹ ਜੰਗ ਚਮਕੌਰ,30ਪੋਹ ਜੰਗ ਮੁਕਤਸਰ,ਦਮਦਮੇ ਪੁਜੇ
1763 ਬਿ. ਕੱਤਕ 29—ਦਮਦਮੇ ਤੋਂ ਮਾਰਵਾੜ ਦੇ ਰਸਤੇ ਦੱਖਣ ਵਲ ਕੂਚ
1764 ਬਿ. ਸਾਵਣ 23—ਆਗਰੇ ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ
1765 ਬਿ. ਹਾੜ—ਬੰਦਾ ਬਹਾਦਰ ਨੂੰ ਪਾਹੁਲ, 19 ਸਾਵਣ-ਨਦੇੜ ਮੁਕਾਮ
1765 ਬਿ. ਕੱਤਕ 6–ਗੋਦਾਵਰੀ ਕੰਢੇ ਜੋਤੀ ਜੋਤਿ ਸਮਾਏ। (7 ਅਕਤੂਬਰ, 1708 ਈ.)

'ਨਿਊ ਪਟਿਆਲਾ ਪ੍ਰਿੰਟਰਜ਼' ਗੁਰੂ ਨਾਨਕ ਨਗਰ, ਪਟਿਆਲਾ।



Digitized by Panjab Digital Library | www.panjabdigilib.org

B-1256

Digitized by Panjab Digital Library | www.panjabdigilib.org

Digitized by Panjab Digital Library | www.panjabdigilib.org